# ਰਚਨਾਤਮਕ ਲੇਖਣ

DPBI625


Edited By:
Dr. Harjot Kaur



LOVELY PROFESSIONAL UNIVERSITY

LOVELY PROFESSIONAL UNIVERSITY

# ਰਚਨਾਤਮਕ ਲੇਖਣ

**Edited By**
**Dr. Harjot Kaur**

Course Name: ਰਚਨਾਤਮਕ ਲੇਖਣ

ਤਤਕਰਾ


| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ 1 | ਰਚਨਾਤਮਕ ਲੇਖਣ:ਅਰਥ,ਸਰੂਪ ਅਤੇ ਸਿੱਧਾਂਤ | ਡਾ.ਹਰਜੋਤ ਕੌਰ | 1-10 |
| ਅਧਿਆਇ 2 | ਕਵਿਤਾ ਲੇਖਣ:ਗੀਤ ਅਤੇ ਖੁੱਲੀ ਕਵਿਤਾ ਦਾ ਸਿੱਧਾਂਤਕ ਪਰਿਪੇਖ | ਡਾ.ਹਰਜੋਤ ਕੌਰ | 11-25 |
| ਅਧਿਆਇ 3 | ਗ਼ਜ਼ਲ ਅਰਥ,ਕਿਸਮਾਂ ਤੇ ਪੰਜਾਬੀ ਗ਼ਜ਼ਲ ਸਿਰਜਣਾ | ਡਾ.ਹਰਜੋਤ ਕੌਰ | 26-46 |
| ਅਧਿਆਇ 4 | ਕਹਾਣੀ ਲੇਖਣ: ਸਿੱਧਾਂਤ ਤੇ ਸਰੂਪ | ਡਾ.ਹਰਜੋਤ ਕੌਰ | 47-56 |
| ਅਧਿਆਇ 5 | ਕਹਾਣੀ ਤੇ ਨਿੱਕੀ ਕਹਾਣੀ ਦਾ ਸਿੱਧਾਂਤਕ ਪਰਿਪੇਖ | ਡਾ.ਹਰਜੋਤ ਕੌਰ | 57-76 |
| ਅਧਿਆਇ 6 | ਆਧੁਨਿਕ ਪੰਜਾਬੀ ਨਾਵਲ ਦਾ ਇਤਿਹਾਸ | ਡਾ.ਹਰਜੋਤ ਕੌਰ | 77-88 |
| ਅਧਿਆਇ 7 | ਨਾਵਲ ਲੇਖਣ:ਲੰਮੇ ਨਾਵਲ,ਲਘੂ ਨਾਵਲ ਦਾ ਸਿੱਧਾਂਤਕ ਪਰਿਪੇਖ | ਡਾ.ਹਰਜੋਤ ਕੌਰ | 89-100 |
| ਅਧਿਆਇ 8 | ਨਾਟਕ ਦਾ ਆਰੰਭ,ਵਿਕਾਸ ਅਤੇ ਰੂਪ | ਡਾ.ਹਰਜੋਤ ਕੌਰ | 101-110 |
| ਅਧਿਆਇ 9 | ਨਾਟਕ ਅਤੇ ਲਘੂ ਨਾਟਕ ਦਾ ਸਿੱਧਾਂਤ ਅਤੇ ਸਿਰਜਣਾ | ਡਾ.ਹਰਜੋਤ ਕੌਰ | 111-128 |
| ਅਧਿਆਇ 10 | ਵਾਰਤਕ ਅਰਥ ਅਤੇ ਵਾਰਤਕ ਦਾ ਇਤਿਹਾਸ | ਡਾ.ਹਰਜੋਤ ਕੌਰ | 129-142 |
| ਅਧਿਆਇ 11 | ਆਧੁਨਿਕ ਵਾਰਤਕ ਰੂਪ: ਸਿੱਧਾਂਤਕ ਪਰਿਪੇਖ | ਡਾ.ਹਰਜੋਤ ਕੌਰ | 143-154 |
| ਅਧਿਆਇ 12 | ਵਾਰਤਕ ਲੇਖਣ ਭਾਗ-2: ਸਿੱਧਾਂਤਕ ਪਰਿਪੇਖ | ਡਾ.ਹਰਜੋਤ ਕੌਰ | 155-166 |
| ਅਧਿਆਇ 13 | ਪੱਤਰਕਾਰੀ ਲੇਖਣ ਅਤੇ ਅਨੁਵਾਦ ਲੇਖਣ | ਡਾ.ਹਰਜੋਤ ਕੌਰ | 167-186 |
| ਅਧਿਆਇ 14 | ਆਲੋਚਨਾ,ਅਸਾਇਨਮੈਂਟ,ਖੋਜ ਪੱਤਰ ਅਤੇ ਭਾਸ਼ਣ ਕਲਾ ਦੀਆਂ ਵਿਸ਼ੇਸ਼ਤਾਵਾਂ | ਡਾ.ਹਰਜੋਤ ਕੌਰ | 187-198 |

# ਅਧਿਆਇ–1. ਰਚਨਾਤਮਕ ਲੇਖਣ: ਅਰਥ, ਸਰੂਪ ਅਤੇ ਸਿੱਧਾਂਤ

*Harjot Kaur, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ:

- ਸਾਹਿਤ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਰਚਨਾਤਮਕ ਲੇਖਣ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਸਾਹਿਤ ਰੂਪਾਂ ਦੀ ਸਿਰਜਣਾ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਵਿਚ ਵਰਤਮਾਨ ਸਮੱਸਿਆਵਾਂ ਦੀ ਪੇਸ਼ਕਾਰੀ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਇਸ ਪਾਠ ਦਾ ਮਕਸਦ ਵਿਦਿਆਰਥੀਆਂ ਵਿਚ ਵਿਸ਼ਵੀਕਰਨ ਦੇ ਯੁੱਗ ਵਿਚ ਰਚਨਾਤਮਕ ਲੇਖਣ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਰਚਨਾਤਮਕ ਲੇਖਣ ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੇ ਸਰੂਪ ਨੂੰ ਨਿਰਧਾਰਿਤ ਕੀਤਾ ਜਾਵੇਗਾ। ਰਚਨਾਤਮਕ ਲੇਖਣ ਰਾਹੀ ਵਿਦਿਆਰਥੀਆਂ ਨੂੰ ਸਾਹਿਤ ਦੀ ਹਰ ਵਿਧਾਂ ਦਾ ਸਿਧਾਂਤਕ ਸਰੂਪ ਸਮਝ ਆਵੇਂਗਾ, ਜਿਸ ਰਾਹੀ ਉਹ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ।

## ਵਿਸ਼ਾ ਵਸਤੂ:

ਸਾਹਿਤ

ਕਵਿਤਾ ਵਾਰਤਕ

| ਕਵਿਤਾ ਦੇ ਰੂਪ | ਸਾਹਿਤ ਦੇ ਰੂਪ |
|---|---|
| ਗੀਤ | ਗਲਪ : ਕਹਾਣੀ/ਨਾਵਲ |
| ਗਜ਼ਲ | ਨਾਟਕ/ਇਕਾਂਗੀ |
| ਨਜ਼ਮ | ਜੀਵਨੀ/ਸਵੈ ਜੀਵਨੀ |
| ਰੁਬਾਈ | ਸਫਰਨਾਮਾ |
| ਖੁੱਲੀ ਕਵਿਤਾ | ਨਿਬੰਧ |
| | ਰੇਖਾ ਚਿੱਤਰ /ਡਾਇਰੀ |

## ਸਾਹਿਤ:

ਸਾਹਿਤ (Literature ) ਇਕ ਕੋਮਲ ਕਲਾ ਹੈ ।ਇਸ ਦੇ ਮਾਧਿਅਮ ਭਾਸ਼ਾ ਹੈ । ਸਾਹਿਤ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆਂ ਹੈ: ਸਾ+ਹਿੱਤ= ਜਿਸ ਵਿਚ ਸਾਰਿਆਂ ਦਾ ਹਿੱਤ ਹੋਵੇ। ਉਰਦੂ/ਫਾਰਸੀ ਵਿਚ ਸਾਹਿਤ ਨੂੰ ਅਦਬ ਕਿਹਾ ਜਾਂਦਾ ਹੈ,ਜਿਸ ਤੋਂ ਭਾਵ ਹੈ ਸਲੀਕਾ/ਢੰਗ।ਅੰਗਰੇਜੀ ਵਿਚ ਇਸਨੂੰ Lierature ਕਿਹਾਂ ਜਾਂਦਾ ਹੈ।ਇਸਦਾ ਅਰਥ ਹੈ ਭਾਵਾਂ ਜਾਂ ਵਿਚਾਰਾਂ ਨੂੰ ਅੱਖਰਾਂ ਰਾਹੀ ਅਭਿਵਿਅਕਤ ਕਰਨਾ।

## ਪਰਿਭਾਸ਼ਾ:

ਸਾਹਿਤ ਸੰਬੰਧੀ ਵੱਖ-ਵੱਖ ਵਿਦਵਾਨਾਂ ਦੁਆਰਾ ਦਿੱਤੇ ਗਏ ਵਿਚਾਰ ਇਸ ਪ੍ਰਕਾਰ ਹਨ:

**ਮੈਥੀਊ ਆਰਨਾਲਡ ਦੀ ਧਾਰਣਾ ਅਨੁਸਾਰ,**

" ਸੰਸਾਰ ਦੇ ਗਿਆਨ ਤੇ ਵਿਚਾਰ ਦਾ ਉਤਮ ਸਰੂਪ ਸਾਹਿਤ ਹੈ।"

**According to W.H.Hudson ,**

" Literature deals with the great Drama of Human Life and Action."

**According to Gorky,**


" Literature is Heart of the World."

ਸਾਹਿਤ ਭਾਸ਼ਾ ਦੇ ਮਾਧਿਅਮ ਰਾਹੀ ਜੀਵਨ ਦੀ ਇਕ ਅਜਿਹੀ ਅਭਿਵਿਅਕਤੀ ਹੈ,ਜਿਸ ਵਿਚ ਜੀਵਨ ਦੇ ਅਨੁਭਵ ਭਾਵ ਕਲਾਤਮਕ ਢੰਗ ਨਾਲ ਪ੍ਰਗਟਾਇਆ ਜਾਂਦਾ ਹੈ।ਇਹ ਅਭਿਵਿਅਕਤੀ ਜ਼ਿੰਦਗੀ ਦੇ ਸੱਚ ਦੀ ਧਾਰਣੀ ਹੋਣੀ ਚਾਹੀਦੀ ਹੈ।ਇਸਨੂੰ ਜ਼ਿੰਦਗੀ ਲਈ ਕਲਿਆਣਕਾਰੀ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਸੁੰਦਰਤਾ ਦਾ ਪ੍ਰਕਾਸ਼ ਕਰਨਾ ਚਾਹੀਦਾ ਹੈ।

- *ਸੱਤਯਮ ਸ਼ਿਵਮ ਸੁੰਦਰਮ"*
- ਸੱਚ ਹੈ

- ਕਲਿਆਣਕਾਰੀ ਹੈ
- ਸੁੰਦਰ ਹੈ

ਪੰਜਾਬੀ ਸਾਹਿਤ ਨੂੰ 3 ਭਾਗਾਂ ਵਿਚ ਵੰਡਿਆਂ ਜਾਂਦਾ ਹੈ:



ਆਦਿ-ਕਾਲ ਮੱਧਕਾਲ ਆਧੁਨਿਕ ਕਾਲ

- **ਸਾਹਿਤ ਕੋਮਲ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੈ**
- **ਕਲਾਤਮਕ ਅਭਿਵਿਅਕਤ ਸ਼ਾਮਲ ਹਨ**
- **ਮਨੁੱਖ ਨੂੰ ਸੁਹਜ ਸਵਾਦ ਦਿੰਦਾ**
- **ਜੀਵਨ ਦੀ ਅਗਵਾਈ ਕਰਦਾ ਹੈ**

## ਸਾਹਿਤ ਦੇ ਤੱਤ:



**ਭਾਵ ਤੱਤ ਬੁੱਧੀ ਤੱਤ ਕਲਪਨਾ ਤੱਤ ਸ਼ੈਲੀ ਤੱਤ**

ਸਾਹਿਤ ਦੇ ਵੱਖ ਵੱਖ ਰੂਪਾਂ ਦੇ ਆਪਣੇ ਵੱਖਰੇ ਤੱਤ ਹੁੰਦੇ ਹਨ ਪਰ ਇਨ੍ਹਾਂ ਦੇ ਕੁਝ ਤੱਤ ਆਪਣ ਵਿਚ ਸਾਂਝੇ ਵੀ ਪਾਏ ਜਾਂਦੇ ਹਨ।ਉਹਨਾਂ ਨੂੰ ਸਾਹਿਤ ਦੇ ਤੱਤ ਕਿਹਾ ਜਾਂਦਾ ਹੈ।ਉਤਮ ਰਚਨਾ ਵਿਚ ਇਨ੍ਹਾਂ ਤੱਤਾਂ ਦਾ ਹੋਣਾ ਲਾਜ਼ਮੀ ਹੈ।

### 1.ਭਾਵ ਤੱਤ:

ਅੰਗਰੇਜ਼ੀ ਭਾਸ਼ਾ ਵਿਚ ਇਸ ਲਈ Emotion ਸ਼ਬਦ ਦੀ ਵਰਤੋਂ ਹੁੰਦੀ ਹੈ, ਜਿਸਦਾ ਅਰਥ ਹੈ: ਬਾਹਰ ਕੱਢਣਾ।ਸਾਹਿਤਕਾਰ ਰਚਨਾ ਰਾਹੀ ਸ਼ਬਦਾਂ ਨੂੰ ਮਾਧਿਅਮ ਬਣਾ ਕੇ ਆਪਣੇ ਭਾਂਵ ਪ੍ਰਸਤੁਤ ਕਰਦਾ ਹੈ।ਡਾ. ਰੋਸ਼ਨ ਲਾਲ ਅਹੂਜਾਂ ਦੇ ਅਨੁਸਾਰ,

> "ਭਾਵਾਂ ਦੀ ਹੋਂਦ, ਭਾਵਾਂ ਦਾ ਢੁੱਕਵਾਂ ਪ੍ਰਗਟਾ, ਭਾਵਾਂ ਦਾ ਸੰਯੋਗ, ਭਾਵਾਂ ਦੀ ਅਨੇਕਤਾ ਅਤੇ ਭਾਵ ਦੀ ਏਕਤਾ ਉੱਚੇ ਸਾਹਿਤ ਦੇ ਲੱਛਣ ਹਨ।"

ਸਾਹਿਤਕ ਰਚਨਾ ਵਿਚ ਭਾਵ ਜਿੰਨੇ ਸੰਜੀਵ, ਸ਼ਕਤੀਸਾਲੀ ਹੋਣਗੇ ਉਨ੍ਹਾਂ ਹੀ ਪਾਠਕ ਨੂੰ ਵਧੇਰੇ ਪ੍ਰਭਾਵਿਤ ਕਰਨਗੇ।ਭਾਵਾਂ ਦੀ ਪਵਿੱਤਰਤਾ ਅਤੇ ਉਚਤਾ ਵੀ ਸਾਹਿਤ ਨੂੰ ਸਦੀਵਤਾ ਦੇ ਅੰਸ਼ ਪ੍ਰਦਾਨ ਕਰਦੀ ਹੈ।

### 2.ਬੁੱਧੀ ਤੱਤ:

ਸਾਹਿਤਕ ਰਚਨਾ ਵਿਚ ਲੇਖਕ ਜੋ ਵਿਚਾਰ ਪ੍ਰਸਤੁਤ ਕਰਦਾ ਹੈ।ਉਹ ਬੁੱਧੀ ਤੱਤ ਰਾਹੀ ਹੀ ਗ੍ਰਹਿਣ ਕਰਦਾ ਹੈ।ਸਧਾਰਨ ਅਤੇ ਸਾਹਿਤਕ ਵਿਚਾਰ ਵਿਚ ਅੰਤਰ ਹੁੰਦਾ ਹੈ।

ਪ੍ਰੋ, ਈਸ਼ਰ ਸਿੰਘ ਤਾਂਘ ਅਨੁਸਾਰ,

> ਜਿਸ ਤਰਾਂ ਦਰਸ਼ਨ ਅਦਿ ਸ਼ਾਸ਼ਤਰਾਂ ਵਿਚ ਵਿਚਾਰਾਂ ਨੂੰ ਪੇਸ਼ ਕੀਤਾ ਜਾਂਦਾ ਹੈ, ਉਸ ਤਰ੍ਹਾਂ ਵਿਚਾਰ ਨੂੰ ਸਹਿਤ ਵਿਚ ਪੇਸ਼ ਨਹੀ ਕੀਤਾ ਜਾਂਦਾ।ਵਿਚਾਰ ਸਜਹਤ ਵਿਚ ਜ਼ਜ਼ਬ ਹੁੰਦੇ ਹਨ।ਦਰਸ਼ਨ ਵਿਚ ਵਿਚਾਰ ਨੂੰ ਦਲੀਲ ਅਤੇ ਸਬੂਤ ਨਾਲ ਬੁੱਧੀ ਲਈ ਕਬੂਲ ਕਰਨ ਯੋਗ ਬਣਾਇਆ ਜਾਂਦਾ ਹੈ, ਪਰ ਸਾਹਿਤ ਵਿਚ ਭਾਵ ਅਤੇ ਕਲਪਨਾ ਦੀ ਮਦਦ ਨਾਲ ਅਨੁਭਵ ਕੀਤੇ ਜਾਣ ਦੇ ਕਾਬਿਲ ਬਣਾਇਆ ਜਾਂਦਾ ਹੈ।"

ਸਾਹਿਤ ਵਿਚ ਬੁੱਧੀ 4 ਪ੍ਰਕਾਰ ਨਾਲ ਕਾਰਜ਼ਸ਼ੀਲ ਰਹਿੰਦੀ ਹੈ:

ੳ) ਬੁੱਧੀ ਭਾਵਾਂ ਨੂੰ ਉਪਜਾਉਣ ਵਿਚ ਮਦਦ ਕਰਦੀ ਹੈ।

ਅ) ਬੁੱਧੀ ਭਾਵਾਂ ਨੂੰ ਸਪੱਸ਼ਟ ਤੇ ਉਤੇਜਤ ਕਰਦੀ ਹੈ।

ੲ) ਬੁੱਧੀ ਲੇਖਕ ਦਾ ਦ੍ਰਿਸ਼ਟੀਕੋਣ ਬਣਾਉਣ, ਉਸਨੂੰ ਵਿਸ਼ਾਲ ਕਰਨ ਵਿਚ ਮਦਦ ਕਰਦੀ ਹੈ।

ਸ) ਬੁੱਧੀ ਭਾਵਾਂ ਦੀ ਯੋਗ ਅਭਿਵਿਅਕਤੀ ਵਿਚ ਵੀ ਹਿੱਸਾ ਪਾਉਂਦੀ ਹੈ।

## 3. ਕਲਪਨਾ ਤੱਤ:

ਕਲਪਨਾ ਲਈ ਅੰਗਰੇਜ਼ੀ ਭਾਸ਼ਾ ਦਾ ਸ਼ਬਦ Imagination ਦੀ ਵਰਤੋਂ ਹੁੰਦੀ ਹੈ, ਜੋ Image ਤੋਂ ਬਣਿਆਂ ਹੈ।ਇਸਦਾ ਅਰਥ ਹੈ ਮਨ ਵਿਚ ਕੋਈ ਧਾਰਣਾ ਪੈਦਾ ਕਰਨੀ। Image ਲਈ ਬਿੰਬ ਸ਼ਬਦ ਵੀ ਪ੍ਰਸਲਿਤ ਹੈ।ਬਿੰਬ ਸ਼ਬਦਾਂ ਰਾਹੀ ਸਿਰਜਿਆਂ ਗਿਆਂ ਚਿੱਤਰ ਹੈ।ਕਲਪਨਾ ਦਾ ਸੰਬੰਧ ਵੀ ਸਿਰਜਣ ਨਾਲ ਹੈ।ਇਸ ਤਰਾਂ ਕਲਪਨਾ ਅਤੇ ਬਿੰਬ ਦਾ ਆਪਸੀ ਗਹਿਰਾ ਰਿਸ਼ਤਾ ਹੈ।ਲੇਖਕ ਜੋ ਕੁਝ ਸਮਾਜ ਵਿਚ ਦੇਖਦਾ, ਅਨੁਭਵ ਕਰਦਾ ਉਸਨੂੰ ਕਲਪਨਾ ਰਾਹੀ ਨਵੇਂ ਰੂਫ ਵਿਚ ਸਿਰਜਦਾ ਹੈ। ਪੰਜਾਬੀ ਸਾਹਿਤ ਕੋਸ਼ ਵਿਚ ਕਲਪਨਾ ਦਾ ਅਰਥ ਇਸ ਪ੍ਰਕਾਰ ਦਿੱਤਾ ਗਿਆ ਹੈ,

> "ਵਾਸਤਵ ਵਿਚ ਕਲਪਨਾ ਮਾਨਵ ਮਨ ਦੀ ਸਦੀਵੀਂ ਸਾਥਣ ਹੈ, ਜਿਹੜੀ ਕਵਿਤਾ ਅਤੇ ਕਲਾ ਦੇ ਸੂਖਮ ਸਾਧਨਾਂ ਰਾਹੀਂ ਫੁੱਟ ਪੈਂਦੀ ਹੈ।"

### ਕਲਪਨਾ 4 ਪ੍ਰਕਾਰ ਦੀ ਮੰਨੀ ਗਈ ਹੈ:

| | |
|---|---|
| 1.ਸਿਰਜਣਾਤਮਕ ਕਲਪਨਾ | ਇਹ ਮਨੁੱਖ ਦੇ ਖਿਲਰੇ ਹੋਏ ਖਿਆਲਾਂ ਨੂੰ ਪੈਸ਼ ਕਰਦੀ ਹੈ। |
| 2. ਪੁਨਰ-ਸਿਰਜਣਾਤਮਕ ਕਲਪਨਾ | ਲੇਖਕ ਆਪਣੇ ਅਨੁਭਵ ਦੀ ਪੁਨਰ ਸਿਰਜਣਾ ਕਰਦਾ ਹੈ |
| 3.ਨਵ-ਨਿਰਮਾਣਕਾਰੀ ਕਲਪਨਾ | ਲੇਖਕ ਆਪਣੇ ਅਨੁਭਵ ਨੂੰ ਬਿਲਕੁਲ ਨਵੇਂ ਢੰਗ ਨਾਲ ਪੇਸ਼ ਕਰਦਾ ਹੈ |
| 4.ਸੁਹਜਾਤਮਕ ਕਲਪਨਾ | ਇਸਦਾ ਉਦੇਸ਼ ਸੁੰਦਰਤਾ ਦਾ ਗਿਆਨ ਕਰਾਉਣਾ ਹੁੰਦਾ ਹੈ |

## 4.ਸ਼ੈਲੀ ਤੱਤ:

ਸ਼ੈਲੀ ਲਈ ਅੰਗਰੇਜ਼ੀ ਭਾਸ਼ਾ ਵਿਚ Style ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।ਲੇਖਕ ਦੇ ਲਿਖਣ ਦੇ ਵੱਖਰੇ ਢੰਗ ਨੂੰ ਸ਼ੈਲੀ ਕਿਹਾ ਜਾਂਦਾ ਹੈ। ਸ਼ੈਲੀ ਰਾਹੀ ਭਾਵਾਂ ਨੂੰ ਸਹਿਤਕ ਰਚਨਾ ਦਾ ਰੂਪ ਪ੍ਰਦਾਨ ਕੀਤਾ ਜਾਂਦਾ ਹੈ।ਵਿਸ਼ੇ ਤੇ ਰੂਪ ਦੇ ਅਨੁਸਾਰ ਲੇਖਕ ਸ਼ੈਲੀ ਨੂੰ ਅਪਣਾਉਦਾ ਹੈ।

**According to Hudson,**

> "Style is fundamentally a personal quality."

**ਸ਼ੈਲੀ ਦੀਆਂ ਕਿਸਮਾਂ:**

| | |
|---|---|
| 1.ਬਿਰਤਾਂਤਕ ਸ਼ੈਲੀ | ਬਿਰਤਾਂਤ/ਕਹਾਣੀ ਨੂੰ ਬਿਆਨ ਕਰਨ ਸਮੇਂ ਵਰਤੀ ਜਾਂਦੀ ਹੈ |
| 2.ਵਰਣਾਨਤਮਕ ਸ਼ੈਲੀ | ਘਟਨਾ/ਦ੍ਰਿਸ਼ ਦਾ ਵਰਣਨ ਕਰਨ ਸਮੇਂ ਵਰਤੀ ਜਾਂਦੀ ਹੈ |
| 3.ਵਿਸਥਾਰਮਈ ਸ਼ੈਲੀ | ਵਿਚਾਰ/ਭਾਵਾਂ ਨੂੰ ਵਿਸਥਾਰ ਵਿਚ ਪੇਸ਼ ਕਰਨ ਸਮੇਂ ਵਰਤੀ ਜਾਂਦੀ ਹੈ |
| 4.ਸੰਜਮੀ ਸ਼ੈਲੀ | ਥੋੜੇ ਵਿਚ ਬਹੁਤਾ ਕਹਿਣ ਲਈ ਇਸ ਸ਼ੈਲੀ ਦੀ ਵਰਤੋਂ ਕੀਤੀ ਜਾਂਦੀ ਹੈ |
| 5.ਵਿਆਖਿਆਮਈ ਸ਼ੈਲੀ | ਕਿਸੇ ਵਿਸ਼ੇ/ਸਿੱਧਾਂਤ ਦੀ ਵਿਆਖਿਆਂ ਸਮੇਂ ਵਰਤੀ ਜਾਂਦੀ ਹੈ। |

ਰਚਨਾਤਮਕ ਲੇਖਣ ਸਮੇਂ ਲੇਖਕ ਹਰ ਵਿਸ਼ਾ ਆਪਣੇ ਆਲੇ ਦੁਆਲੇ ਦੇ ਸਮਾਜ ਵਿਚ ਗ੍ਰਹਿਣ ਕਰਦਾ ਹੈ। ਸਾਹਿਤ ਅਤੇ ਸਮਾਜ ਦਾ ਬਹੁਤ ਗੂੜਾ ਰਿਸ਼ਤਾ ਹੈ।ਸਮਾਜ ਲੇਖਕ ਨੂੰ ਬਣਾਉਦਾ ਹੈ ਅਤੇ ਲੇਖਕ ਇਕ ਵਧੀਆਂ ਸਮਾਜ ਦੀ ਸਿਰਜਣਾ ਕਰਦਾ ਹੈ।ਸਮਾਜ ਇਕ ਵਿਸ਼ਾਲ ਸ਼ਬਦ ਹੈ ਤੇ ਮਨੁੱਖ ਦਾ ਮਨੁੱਖ ਪ੍ਰਤੀ ਵਿਵਹਾਰ ਇਸਤੋਂ ਪੈਦਾ ਹੋਣ ਵਾਲੀ ਕੋਈ ਵੀ ਗੱਲ ਇਕ ਸਮਾਜਿਕ ਤੱਥ ਕਹੀ ਜਾਂ ਸਕਦੀ ਹੈ।ਪਰਿਵਾਰ, ਵਿਦਿਅਕ, ਸਾਹਿਤ ਸਭਾਵਾਂ,ਰਾਜਨੀਤਿਕ ਪਾਰਟੀਆਂ,ਰਾਜ,ਸਰਕਾਰਾਂ ਆਦਿ ਸਮਾਜਿਕ ਸੰਸਥਾਵਾਂ ਹਨ,ਸਮੁੱਚਾ ਸਮਾਜ ਨਹੀਂ ਹਨ।ਇਹ ਸੰਸਥਾਵਾਂ ਚੇਤਨ ਤੋਰ ਉਪਰ ਕਿਸੇ ਨਾ ਕਿਸੇ ਮੰਤਵ ਦੀ ਪੂਰਤੀ ਲਈ ਬਣਾਈਆਂ ਜਾਂਦੀਆਂ ਹਨ ਅਤੇ ਕੋਈ ਵਿਅਲਤੀ ਇਹਨਾਂ ਸਮਾਜਿਕ ਸੰਸਥਾਵਾਂ ਨਾਲ ਵਾਹ ਰੱਖਦਾ ਹੈ ਜਾਂ ਨਹੀਂ ਇਹ ਗੱਲ ਉਸਦੇ ਸਮਾਜ ਨਾਲ ਸੰਬੰਧ ਰੱਖਣ ਨੂੰ ਛੂਠਾ ਨਹੀਂ ਕਰਦੀ।ਇਸ ਤੱਥ ਨੂੰ ਸਾਹਮਣੇ ਰੱਖ ਕੇ ਅਰਸਤੂ ਨੇ ਮਨੁੱਖ ਨੂੰ ਸਮਾਜਿਕ ਪ੍ਰਾਣੀ ਕਿਹਾ ਸੀ ਅਤੇ ਇਸ ਤੱਥ ਨੂੰ ਸਾਹਮਣੇ ਰੱਖ ਕੇ ਸਮਾਜ ਵਿਗਿਆਨੀ ਮਨੁੱਖ ਨੂੰ ਇਕ ਸਮਾਜਿਕ ਇਕਾਈ ਮੰਨਦੇ ਹਨ। ਸਿਰਜਣਾਤਮਕ ਸਿਰਜਣਾ ਸਮੇਂ ਇਹ ਪ੍ਰਮੁੱਖ ਨੁਕਤੇ ਉਜਾਗਰ ਹੁੰਦੇ ਹਨ ਜੋ ਮਨੁੱਖ ਅਤੇ ਸਮਾਜ ਦਾ ਨਾਲ ਜੁੜੇ ਹੋਏ ਹਨ:

**ੳ)** ਸਾਹਿਤ ਦੀ ਸਿਰਜਣਾ ਵੇਲੇ ਮੁੱਖ ਪਹਿਲੂ ਇਹ ਦੇਖਣ ਵਾਲਾ ਹੈ ਕਿ ਸਾਹਿਤ ਵਿਚ ਮਨੁੱਖ ਦੀ ਅਭਿਵਿਅਕਤੀ ਹੁੰਦੀ ਹੈ।ਸਾਹਿਤ ਦੀ ਸਿਰਜਣਾ ਉਸ ਸਮੇਂ ਹੋਈ ਜਦੋਂ ਮਨੁੱਖ ਆਪਣੇ ਆਲੇ ਦੁਆਲੇ ਦੇ ਅਨੁਭਵ ਤੇ ਖਿਆਲ ਨੂੰ ਦੁਹਰਾਉਦਾ ਹੈ ਅਤੇ ਉਸਨੂੰ ਖਾਸ ਰੂਪ ਰਾਹੀ ਪੇਸ਼ ਕਰਦਾ ਹੈ।ਉਹ ਕਵਿਤਾ, ਕਹਾਣੀ, ਨਾਵਲ, ਨਾਟਕ ਵਾਰਤਕ ਕੋਈ ਵੀ ਰੂਪ ਹੋ ਸਕਦਾ ਹੈ।

**ਅ)** ਸਾਹਿਤ ਦੀ ਉਪਜ ਭਾਸ਼ਾ ਰਾਹੀ ਹੋਈ ਹੈ ਅਤੇ ਭਾਸ਼ਾ ਸਮਾਜ ਦੀ ਉਪਜ ਹੈ।ਸਾਹਿਤ ਦੀ ਸਿਰਜਣਾ ਸਮੇਂ ਜੋ ਭਾਂਸਾ ਦੀ ਵਰਤੋਂ ਹੁੰਦੀ ਹੈ ਉਹ ਸਾਡੇ ਆਲੇ ਦੁਆਲੇ, ਪਰਿਵਾਰ, ਸਾਮਜ, ਸਭਿਆਚਾਰ ਤੋਂ ਗ੍ਰਹਿਣ ਕੀਤੀ ਹੁੰਦੀ ਹੈ। ਇਥੇ ਉਹ ਆਪਣੀ ਉਪਭਾਸ਼ਾ ਨੂੰ ਵੀ ਆਧਾਰ ਬਣਾ ਸਕਦਾ ਹੈ ਜਿਵੇਂ: ਮਾਝੀ, ਮਲਵਈ, ਦੁਆਬੀ, ਪੁਆਧੀ ਆਦਿ।

**ੲ)** ਸਾਹਿਤ ਦੀ ਸਿਰਜਣਾ ਸਮੇਂ ਇਹ ਦੇਖਣਾ ਜ਼ਰੂਰੀ ਹੈ ਕਿ ਸਿਰਜਣਾ ਕਰਨ ਵਾਲਾ ਸਾਹਿਤ ਸਮਾਜ ਲਈ ਜਾਂ ਕਲਾ ਕਲਾ ਲਈ ਦੇ ਸਿੱਧਾਂਤ ਨੂੰ ਮੰਨਦਾ ਹੈ।ਸਾਹਿਤ ਸਿਰਜਣਾ ਸਮਾਜ ਲਈ ਹੀ ਕੀਤੀ ਜਾਂਦੀ ਹੈ।

**ਸ)** ਸਾਹਿਤਕਾਰ ਜਦੋਂ ਸਾਹਿਤ ਦੀ ਸਿਰਜਣਾ ਕਰਦਾ ਤਾਂ ਉਸ ਉਪਰ ਸਾਮਜਿਕ ਪ੍ਰਸਥਿਤੀਆਂ ਦਾ ਪ੍ਰਭਾਵ ਜ਼ਰੂਰ ਪੈਦਾ ਹੈ। ਸਮਾਜ ਵਿਚਲੀਆਂ ਵਾਪਰਦੀਆਂ ਘਟਨਾਵਾਂ ਨੂੰ ਦੇਖਦਾ, ਪਰਖਦਾ ਤੇ ਵੱਖਰੇ ਰੂਪ ਵਿਚ ਪੇਸ਼ ਕਰਦਾ ਹੈ।

**ਹ)** ਸਾਹਿਤ ਦੀ ਸਿਰਜਣਾ ਸਮਾਜ ਲਈ ਦਰਪਣ ਦਾ ਕੰਮ ਕਰਦੀ ਹੈ ਨਾਲ ਹੀ ਮਾਰਗ ਦਰਸ਼ਕ ਵੀ ਬਣਦੀ ਹੈ।

**ਕ)** ਹਰ ਸਮੇਂ /ਦੇਸ਼ ਵਿਚ ਬਦਲਦੇ ਹਾਲਾਤ ਦੇਖਦੇ ਹੋਣ ਤਾਂ ਉਸ ਸਮੇਂ ਦੇ ਇਤਿਹਾਸ ਨੂੰ ਪਹਿਲਾ ਦੇਖਿਆ ਜਾਂਦਾ ਹੈ। ਸਮਾਜ ਵਿਚ ਬੁਰਾਈ ਦਾ ਵਿਰੋਧ, ਚੰਗੇ ਦੀ ਸਲਾਹੁਣਾ ਆਦਿ ਸਾਹਿਤ ਰਾਹੀ ਵਧੇਰੇ ਹੁੰਦੀ ਹੈ।ਇਸ ਦੀ ਗਵਾਹੀ ਗੀਤ, ਕਵਿਤਾ ਆਦਿ ਸਾਹਿਤ ਰੂਪਾਂ ਦੀ ਰਚਨਾ ਰਾਹੀ ਦੇਖੀ ਜਾਂ ਸਕਦੀ ਹੈ।

## 1.ਕਵਿਤਾ ਦੀ ਸਿਰਜਣਾ:

ਕਵਿਤਾ ਸ਼ਾਬਦਿਕ ਕਲਾ ਹੈ।ਕਾਵਿ: ਭਾਰਤੀ ਸਾਹਿਤ ਵਿਚ ਇਸਨੂੰ ਕਾਵਿ ਰੂਪ ਵਜੋਂ ਜਾਣਿਆ ਜਾਂਦਾ ਹੈ।ਕਵਿਤਾ ਨੂੰ ਅੰਗਰੇਜੀ ਭਾਸ਼ਾ ਵਿਚ ਇਸਨੂੰ Poetry ਕਿਹਾ ਜਾਂਦਾ ਹੈ। ਸਮਾਜ ਦੀ ਪੇਸ਼ਕਾਰੀ ਦੇਖਣੀ ਹੋਵੇ ਤਾਂ ਕਵਿਤਾ ਵਿਚ ਵਧੇਰੇ ਨਜ਼ਰ ਆਵੇਗੀ। ਜਿਵੇਂ ਭਾਰਤ ਦੀ ਗੁਲਾਮੀ ਸਮੇਂ ਬਾਂਕੇ ਦਿਆਂਲ ਵੱਲੋਂ ਲਿਖਿਆਂ ਗਿਆਂ ਗੀਤ ਇਕ ਨਵੀ ਊਰਜਾ ਲੈ ਕੇ ਆਇਆਂ ਸੀ:

***ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ,***

***ਫ਼ਸਲਾਂ ਨੂੰ ਖਾ ਗਏ ਕੀੜੇ, ਤਨ ਤੇ ਨਹੀਂ ਤੇਰੇ ਲੀੜੇ***

***ਭੁੱਖਾਂ ਨੇ ਖ਼ੂਨ ਨਿਚੋੜੇ, ਰੋਂਦੇ ਨੇ ਬਾਲ ਓਇ,***

***ਪਗੜੀ ਸੰਭਾਲ ਓ ਜੱਟਾ, ਪਗੜੀ ਸੰਭਾਲ ਓਇ***

***ਬਣਦੇ ਨੇ ਤੇਰੇ ਲੀਡਰ, ਰਾਜੇ ਤੇ ਖ਼ਾਨ ਬਹਾਦਰ***

***ਤੈਨੂੰ ਤੇ ਖਾਵਣ ਖ਼ਾਤਿਰ, ਵਿਛਦੇ ਨੇ ਜਾਲ ਓਇ***

***ਹਿੰਦ ਦੇ ਤੇਰਾ ਮੰਦਰ, ਇਸ ਦਾ ਪੁਜਾਰੀ ਤੂੰ,***

***ਝੱਲੇਗਾ ਕਦੋਂ ਤੱਕ, ਆਪਣੀ ਖ਼ੁਮਾਰੀ ਤੂੰ,***

***ਲੜਨੇ ਤੇ ਮਰਨੇ ਦੀ ਕਰਲੈ, ਤਿਆਰੀ ਤੂੰ,***

## 2.ਕਹਾਣੀ ਦੀ ਸਿਰਜਣਾ:

ਪੰਜਾਬੀ ਸਾਹਿਤ ਵਿਚ ਕਹਾਣੀ ਦੀ ਸਿਰਜਣਾ ਧਾਰਮਿਕ ਪ੍ਰਵਿਰਤੀ ਅਧੀਨ ਹੋਈ ਸੀ।ਆਪਣੇ ਮਨ ਦੇ ਭਾਵਾਂ ਨੂੰ ਬਿਰਤਾਂਤ ਰਾਹੀ ਪੇਸ਼ ਕਰਨਾ ਹੀ ਕਹਾਣੀ ਦੀ ਸਿਰਜਣਾ ਦਾ ਆਧਾਰ ਬਣਿਆਂ । ਕਹਾਣੀ ਰਾਹੀ ਪੇਸ਼ ਕਥਾ ਸਮਾਜ ਦਾ ਆਧਾਰ ਹੁੰਦੀ ਹੈ। ਆਪਣੇ ਵਿਚਾਰਾ ਨੂੰ ਸਿੱਧੇ ਰੂਪ ਵਿਚ ਪੇਸ਼ ਕਰਨ ਲਈ ਕਹਾਣੀ ਸੀ ਸਿਰਜਣਾ ਕੀਤੀ ਜਾਂ ਸਕਦੀ ਹੈ। ਪ੍ਰਮੁੱਖ ਕਹਾਣੀਕਾਰਾਂ ਵਿਚ ਕੁਲਵੰਤ ਸਿੰਘ ਵਿਰਕ ਦੀ ਖੱਬਲ ਕਹਾਣੀ ਜੋ ਪੰਜਾਬ ਵੰਡ ਦਾ ਦੁਖਾਂਤ ਪੇਸ਼ ਕਰਦੀ ਹੈ।ਵਰਿਆਮ ਸਿੰਘ ਸੰਧੂ ਦੀ ਕਹਾਣੀ ਭੱਜੀਆਂ ਬਾਹੀ ਪਰਿਵਾਰਕ ਰਿਸ਼ਤਿਆਂ ਦੇ ਮਹੱਤਵ ਨੂੰ ਪੇਸ਼ ਕਰਦੀ ਹੈ।

## 3.ਨਾਵਲ ਦੀ ਸਿਰਜਣਾ:

ਆਪਣੇ ਵਿਚਾਰਾਂ ਨੂੰ ਬਿਆਨਮਈ/ਵਿਸਤ੍ਰਿਤ ਸ਼ੈਲੀ ਵਿਚ ਪੇਸ਼ ਕਰਨਾ ਨਾਵਲ ਦੀ ਸਿਰਜਣਾ ਹੁੰਦਾ ਹੈ। ਨਾਵਲ ਦੀ ਸਿਰਜਣਾ ਵੀ ਧਾਰਮਿਕ ਪਰਪੇਖ ਵਿਚ ਭਾਈ ਵੀਰ ਸਿੰਘ ਦੁਆਰਾ ਹੁੰਦੀ ਹੈ। ਨਾਨਕ ਸਿੰਘ ਦੁਆਰਾ ਲਿਖੇ ਨਾਵਲ ਸਮਾਜ ਸੁਧਾਰ ਦੀ ਪੇਸ਼ਕਾਰੀ ਕਰਦੇ ਉਥੇ ਗੁਰਦਿਆਲ ਸਿੰਘ ਦੁਆਰਾ ਲਿਖੇ ਨਾਵਲ ਸਮਾਜ ਦੇ ਯਥਾਰਥ ਦੀ ਪੇਸ਼ਕਾਰੀ ਕਰਦੇ ਹਨ।

## 4.ਨਾਟਕ ਦੀ ਸਿਰਜਣਾ:

ਆਪਣੇ ਵਿਚਾਰਾ ਨੂੰ ਦ੍ਰਿਸ਼ਮਈ ਢੰਗ ਨਾਲ ਪੇਸ਼ ਕਰਨ ਲਈ ਨਾਟਕ ਦੀ ਸਿਰਜਣਾ ਕੀਤੀ ਜਾਂਦੀ ਹੈ।ਆਈ. ਸੀ ਨੰਦਾ. ਨੇ ਅੰਗਰੇਜੀ ਦੇ ਅਨੁਵਾਦ ਨਾਟਕ ਤੋਂ ਪੰਜਬੀ ਨਾਟਕ ਸਿਰਜਣਾ ਦਾ ਆਰੰਭ ਕੀਤਾ ਸੀ ।ਭਾਈ ਗੁਰਸ਼ਰਨ ਸਿੰਘ ਜੀ ਨੇ ਅੱਤਵਾਦ ਦੇ ਸਮੇਂ ਵੀ ਸਮਾਜ ਨੂੰ ਸੇਧ ਦੇਣ ਲਈ ਨੁੱਕੜ ਨਾਟਕ ਖੇਡਣੇ ਆਰੰਭ ਕੀਤੇ।ਅਜਮੇਰ ਔਲਖ ਨੇ ਪੰਜਾਬ ਦੇ ਨਿਮਨ ਕਿਸਾਨਾਂ ਦੀ ਸਮੱਸਿਆਵਾਂ ਦੀ ਪੇਸ਼ਾਕਰੀ ਆਪਣੀ ਨਾਟਕ ਸਿਰਜਣਾ ਰਾਹੀ ਕੀਤੀ।

## 5.ਵਾਰਤਕ ਦੀ ਸਿਰਜਣਾ:

ਵਰਤਮਾਨ ਸਮੇਂ ਵਿਚ ਸਫਰਨਾਮਾ, ਲੇਖ, ਨਿੰਬੰਧ, ਜੀਵਨੀ, ਸਵੈ-ਜੀਵਨੀ ਦੀ ਰਚਨਾ ਵਧੇਰੇ ਹੋ ਰਹੀ ਹੈ।ਆਪਣੇ ਆਲੇ ਦੁਆਲੇ ਦੀਆਂ ਸਮੱਸਿਆਵਾਂ ਆਦਿ ਸੰਬੰਧੀ ਆਪਣੇ ਵਿਚਾਰ ਤਰਕ/ਦਲੀਲ ਨਾਲ ਪੇਸ਼ ਕਰਨ ਲਈ ਨਿਬੰਧ/ਲੇਖ ਦੀ ਸਿਰਜਣਾ ਕੀਤੀ ਜਾਂ ਸਕਦੀ

ਹੈ।ਰੋਜ਼ਾਨਾ ਅਖਬਾਰਾ ਵਿਚ ਇਸ ਪ੍ਰਕਾਰ ਦੇ ਲੇਖ ਪ੍ਰਕਾਸ਼ਿਤ ਹੁੰਦੇ ਹਨ।ਕਿਸੇ ਮਹਨਾ ਵਿਦਵਾਨ ਜਾਂ ਮਹਾਨ ਕਾਰਜ ਲਈ ਉਸ ਉਪਰ ਜੀਵਨੀ ਦੀ ਸਿਰਜਣਾ ਕੀਤੀ ਜਾ ਸਕਦੀ ਹੈ।

## ਵਿਸ਼ੇਸ਼ਤਾਵਾਂ:

ਲਿਖਣ ਦੇ ਨਾਲ ਨਾਲ ਭਾਸ਼ਾ 'ਤੇ ਚੰਗੀ ਪਕੜ ਹੋਣੀ ਚਾਹੀਦੀ ਹੈ। ਅੱਜ ਦੇ ਸਮੇਂ ਵਿੱਚ ਲੇਖਕ ਦਾ ਕੰਪਿਊਟਰ ਅਤੇ ਇੰਟਰਨੈੱਟ ਫਰੈਂਡਲੀ ਹੋਣਾ ਵੀ ਜ਼ਰੂਰੀ ਹੈ। ਭਾਸ਼ਾ ਸ਼ੈਲੀ ਸਰਲ ਅਤੇ ਸ਼ਬਦਕੋਸ਼ ਵਿਸ਼ਾਲ ਹੋਣਾ ਚਾਹੀਦਾ ਹੈ। ਜਿਹੜੇ ਵਿਸ਼ੇ ਬਾਰੇ ਲਿਖਣਾ ਹੋਵੇ, ਉਸ ਦੀ ਵਿਸਥਾਰਤ ਜਾਣਕਾਰੀ ਹੋਣੀ ਜ਼ਰੂਰੀ ਹੈ।

- ਕਿਵੇਂ ਨਿਖਾਰੀਏ ਆਪਣਾ ਹੁਨਰ: ਲਿਖਣ ਲਈ ਰਚਨਾਤਮਕਤਾ ਦਾ ਹੋਣਾ ਲਾਜ਼ਮੀ ਹੈ, ਇਹ ਕੰਮ ਬਗ਼ੈਰ ਜਨੂੰਨ ਨਹੀਂ ਹੁੰਦਾ। ਲਿਖਣ ਦਾ ਹੁਨਰ ਤਰਾਸ਼ਣ ਲਈ ਕਿਤਾਬਾਂ ਪੜ੍ਹਨ ਦੀ ਆਦਤ ਪਾਉਣੀ ਜ਼ਰੂਰੀ ਹੈ ਤਾਂ ਜੋ ਗਿਆਨ ਦਾ ਦਾਇਰ ਵਿਸ਼ਾਲ ਹੋ ਜਾਵੇ ਤੇ ਆਪਣੇ ਆਪ ਨੂੰ ਅਪਡੇਟ ਵੀ ਰੱਖਿਆ ਜਾ ਸਕੇ। ਟੀਵੀ ਅਤੇ ਫਿਲਮ ਸਕ੍ਰਿਪਟ ਰਾਈਟਿੰਗ ਇੰਨੀ ਆਸਾਨ ਨਹੀਂ ਹੈ। ਜੇ ਹੁਨਰ ਤੇ ਜਨੂੰਨ ਹੋਵੇਗਾ, ਤਾਂ ਹੀ ਅੱਗੇ ਵਧਿਆ ਜਾ ਸਕੇਗਾ। ਇਸ ਖੇਤਰ ਵਿੱਚ ਕਦਮ ਰੱਖਣ ਤੋਂ ਪਹਿਲਾਂ 'ਸਕ੍ਰਿਪਟ ਰਾਈਟਿੰਗ' ਦਾ ਕੋਰਸ ਕਰਨ ਤੋਂ ਇਲਾਵਾ ਟੀਵੀ ਸੀਰੀਅਲ ਜਾਂ ਫਿਲਮਾਂ ਨੂੰ ਗਹੁ ਨਾਲ ਦੇਖੋ ਤੇ ਉੱਘੇ ਲੇਖਕਾਂ ਦੀਆਂ ਰਚਨਾਵਾਂ ਵੱਧ ਤੋਂ ਵੱਧ ਪੜ੍ਹੋ।
- ਅੱਜ-ਕੱਲ੍ਹ ਤਾਂ ਕਈ ਲੇਖਕਾਂ ਦੀ ਸਕ੍ਰਿਪਟ ਇੰਟਰਨੈੱਟ 'ਤੇ ਉਪਲੱਬਧ ਹੈ। ਜੇ ਮੌਕਾ ਮਿਲੇ ਤਾਂ ਟੀਵੀ ਰਾਈਟਰਜ਼ ਦੇ ਨਾਲ ਸਹਾਇਕ ਵਜੋਂ ਕੰਮ ਕਰ ਕੇ ਵੀ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ।

## ਕਰੀਅਰ ਸੰਭਾਵਨਾਵਾਂ:

ਰਿਐਲਿਟੀ ਜਾਂ ਹੋਰ ਟੀਵੀ ਸ਼ੋਅਜ਼, ਟੀਵੀ ਸੀਰੀਅਲ ਜਾਂ ਫਿਲਮਾਂ ਵਿੱਚ ਸਕ੍ਰਿਪਟ ਰਾਈਟਰਜ਼ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ ਯੂ-ਟਿਊਬ ਚੈਨਲ ਰਾਈਟਿੰਗ, ਮੈਗਜ਼ੀਨ ਕੰਟੈਂਟ ਰਾਈਟਿੰਗ, ਵੈੱਬ ਸੀਰੀਜ਼ ਰਾਈਟਿੰਗ, ਆਨਲਾਈਨ ਰਾਈਟਿੰਗ ਜਾਂ ਬਲਾਗ-ਰਾਈਟਿੰਗ ਆਦਿ ਵੀ ਕਰੀਅਰ ਦੀਆਂ ਸੰਭਾਵਨਾਵਾਂ ਭਰਪੂਰ ਹਨ।

- ਲੇਖਕਾਂ ਦੀ ਸਭ ਤੋਂ ਵੱਧ ਲੋੜ ਵਿਗਿਆਪਨ/ ਇਸ਼ਤਿਹਾਰ ਕੰਪਨੀਆਂ ਨੂੰ ਹੈ, ਜਿੱਥੇ ਰਚਨਾਤਮਕ ਅਤੇ ਨਿਵੇਕਲੀ ਸੋਚ ਵਾਲੇ ਲੇਖਕਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਭਾਸ਼ਾ 'ਤੇ ਮਜ਼ਬੂਤ ਪਕੜ ਵਾਲੇ ਲੇਖਕਾਂ ਦੀ ਜ਼ਰੂਰਤ ਉਥੇ ਪੈਂਦੀ ਹੈ, ਜਿੱਥੇ ਇੰਟਰਨੈੱਟ ਦੀ ਹਰ ਵੈੱਬਸਾਈਟ ਨੂੰ ਰੋਜ਼ਾਨਾ ਅਪਡੇਟ ਕਰਨ ਦੀ ਲੋੜ ਰਹਿੰਦੀ ਹੈ। ਇਸ ਲਈ ਪਹਿਲਾਂ ਕਿਸੇ ਰਾਈਟਿੰਗ ਜਾਂ ਪਬਲਿਸ਼ਿੰਗ ਵੈੱਬਸਾਈਟ 'ਤੇ ਰਜਿਸਟਰੇਸ਼ਨ ਕਰਵਾਉਣ ਦੀ ਲੋੜ ਹੁੰਦੀ ਹੈ। ਕੁਝ ਕੰਪਨੀਆਂ ਪਹਿਲਾਂ ਰਾਈਟਿੰਗ ਦੇ ਸੈਂਪਲ ਮੰਗਦੀਆਂ ਹਨ ਤੇ ਫਿਰ ਕੰਮ 'ਤੇ ਰੱਖਦੀਆਂ ਹਨ। ਪੇਡ ਰਾਈਟਿੰਗ ਵਿੱਚ ਮਿਹਨਤਾਨਾ, ਲੇਖਨ ਦੀ ਗੁਣਵੱਤਾ 'ਤੇ ਨਿਰਭਰ ਕਰਦਾ ਹੈ। ਜੇਕਰ ਇੰਟਰਨੈੱਟ 'ਤੇ ਲੇਖ ਪ੍ਰਕਾਸ਼ਿਤ ਹੋਣ ਮਗਰੋਂ ਦੇਖਣ ਵਾਲਿਆਂ ਦੀ ਗਿਣਤੀ ਵਧ ਜਾਂਦੀ ਹੈ ਤਾਂ ਮਿਹਨਤਾਨਾ ਵੀ ਵੱਧ ਮਿਲੇਗਾ। ਇਨ੍ਹਾਂ ਵੈੱਬਸਾਈਟਾਂ ਵਿੱਚ **fiverr.com, elance.com, freelancer.com** ਆਦਿ ਹਨ, ਜਿਨ੍ਹਾਂ ਸਹਾਰੇ ਆਨਲਾਈਨ ਕੰਮ ਕਰਕੇ ਰੁਜ਼ਗਾਰ ਪ੍ਰਾਪਤ ਕੀਤਾ ਜਾ ਸਕਦਾ ਹੈ।

- ਪੱਤਰਕਾਰੀ/ਫ੍ਰੀਲੈਂਸ ਲੇਖ ਲਿਖਣਾ
- ਮਾਰਕਟਿੰਗ/ਇਸ਼ਤਿਹਾਰਬਾਜ਼ੀ
- ਰਣਨੀਤਿਕ/ਸੰਸਥਾਗਤ ਸੰਚਾਰ
- ਸਿੱਖਿਆ

## ਵਰਤਮਾਨ ਸਮੱਸਿਆਵਾਂ ਸੰਬੰਧੀ ਵੱਖ-ਵੱਖ ਸਾਹਿਤ ਰੂਪਾਂ ਦੀ ਸਿਰਜਣਾ ਕਰੋ:

- **ਨਸ਼ਿਆਂ ਖਿਲਾਫ ਕਵਿਤਾ ਦੀ ਸਿਰਜਣਾ ਕਰੋ:**
- **ਭ੍ਰਿਸ਼ਟਾਚਾਰ ਸੰਬੰਧੀ ਲੇਖ ਲਿਖੋ:**
- **ਔਰਤ ਦੇ ਸ਼ੋਸਣ ਸੰਬੰਧੀ ਕੋਈ ਕਹਾਣੀ ਲਿਖੋ:**
- **ਰਾਜਨੀਤੀ ਸੰਬੰਧੀ ਕੋਈ ਨਾਟਕ ਦੀ ਰਚਨਾ ਕਰੋ:**

## ਸਾਰ-ਅੰਸ਼:

- ਪੰਜਾਬੀ ਸਾਹਿਤ ਦਾ ਘੇਰਾ ਇਸ ਸਮੇਂ ਦੌਰਾਨ ਕੇਵਲ ਕਵਿਤਾ, ਕਹਾਣੀ ਜਾਂ ਨਾਵਲ ਤੱਕ ਹੀ ਸੀਮਤ ਨਹੀਂ ਰਿਹਾ, ਬਲਕਿ ਪੰਜਾਬੀ ਵਿਚ ਫਿਲਮਾਂ, ਟੈਲੀਵਿਜ਼ਨ, ਰੇਡੀਓ ਅਤੇ ਵੱਖੋਂ ਵੱਖਰੇ ਚੈਨਲਾਂ ਲਈ ਸਕ੍ਰਿਪਟ ਲਿਖਣ ਦੀ ਲੋੜ ਵੱਡੇ ਪੱਧਰ ਤੇ' ਪੈਦਾ ਹੋਈ ਹੈ। ਇਸੇ ਤਰ੍ਹਾਂ ਪੰਜਾਬੀ ਵਿਚ ਹੋਰਨਾਂ ਭਾਸ਼ਾਵਾਂ ਤੋਂ ਲਿਖਤਾਂ ਦੇ ਅਨੁਵਾਦ ਲਈ ਅਨੁਵਾਦਕਾਂ ਦੀ ਵੱਡੀ ਸਮੱਸਿਆ ਬਣੀ ਹੋਈ ਹੈ। ਇਨ੍ਹਾਂ ਲੋੜਾਂ ਦੀ ਪੂਰਤੀ ਲਈ ਪੰਜਾਬੀ ਵਿਚ ਸਿਰਜਣਾਤਮਕ ਸਾਹਿਤ ਦਾ ਇਹ ਕੋਰਸ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਕਹਾਣੀ, ਨਾਵਲ, ਨਾਟਕ, ਸਫ਼ਰਨਾਮਾ, ਯਾਦਾਂ ਆਦਿ ਸਿਰਜਣਾਤਮਕ ਸਾਹਿਤ ਪ੍ਰਤੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ।
- 'ਲਿਖਣਾ' ਇੱਕ ਕਲਾ ਹੈ, ਜਿਸ ਨਾਲ ਕਮਾਈ ਦੇ ਬੇਸ਼ੁਮਾਰ ਮੌਕੇ ਜੁੜੇ ਹੋਏ ਹਨ। ਜੇ ਤੁਹਾਡੇ ਕੋਲ ਪ੍ਰਭਾਵਸ਼ਾਲੀ ਅਤੇ ਰਚਨਾਤਮਕ ਲੇਖਣ ਕਲਾ ਹੈ ਤਾਂ ਸਮਝੋ ਤੁਹਾਡੇ ਲਈ ਅੱਗੇ ਵੱਧਣ ਦੇ ਭਰਪੂਰ ਮੌਕੇ ਹਨ। ਕਈ ਲੋਕ ਅਖ਼ਬਾਰਾਂ ਤੇ ਮੈਗਜ਼ੀਨਾਂ ਆਦਿ ਲਈ ਲਿਖਦੇ ਹਨ, ਜਿਨ੍ਹਾਂ ਨਾਲ ਉਹ ਗਿਆਨ ਦੂਜਿਆਂ ਤੱਕ ਵੰਡਦੇ ਹਨ। ਕਈ ਲੋਕ ਲਿਖਣ ਦੀ ਕਲਾ ਰਾਹੀਂ ਕਰੀਅਰ ਬਣਾ ਲੈਂਦੇ ਹਨ। "ਯੇ ਆਰਾਮ ਕਾ ਮਾਮਲਾ ਹੈ", "ਇਸ ਸੀਮਿੰਟ ਮੇਂ ਜਾਨ ਹੈ" ਸਣੇ ਕਿੰਨੇ ਹੀ ਇਸ਼ਤਿਹਾਰਾਂ ਦੀ ਟੈਗ ਲਾਈਨ ਸਾਡੀ ਜ਼ੁਬਾਨ 'ਤੇ ਚੜ੍ਹੀ ਹੁੰਦੀ ਹੈ। ਇਹ ਕਲਮ ਦਾ ਕ੍ਰਿਸ਼ਮਾ ਹੈ, ਜਿਸ ਨੂੰ ਅੰਜਾਮ ਦਿੰਦੇ ਹਨ ਕੰਟੈਂਟ-ਰਾਈਟਰ। ਇਸ ਤੋਂ ਇਲਾਵਾ ਸਿਆਸੀ ਪਾਰਟੀਆਂ ਜਾਂ ਹੋਰ ਸੰਸਥਾਵਾਂ ਆਪਣੇ ਪ੍ਰਚਾਰ ਲਈ ਸਲੋਗਨ ਤਿਆਰ ਕਰਵਾਉਂਦੀਆਂ ਹਨ, ਜਿਸ ਬਦਲੇ ਮਿਹਨਤਾਨਾ ਵੀ ਦਿੱਤੇ ਜਾਂਦੇ ਹਨ।
- ਲੇਖਣ ਕਲਾ ਕਈ ਰੂਪਾਂ ਵਿੱਚ ਅਨੇਕ ਖੇਤਰਾਂ ਵਿੱਚ ਕੰਮ ਆਉਂਦੀ ਹੈ-ਜਿਵੇਂ ਟੈਕਨੀਕਲ ਰਾਈਟਿੰਗ, ਬਾਇਓਡਾਟਾ ਰਾਈਟਿੰਗ, ਸਾਇੰਸ ਰਾਈਟਿੰਗ, ਹੋਸਟ ਰਾਈਟਰ, ਵੈੱਬ-ਕੰਟੈਂਟ ਰਾਈਟਿੰਗ ਤੇ ਕਾਰਪੋਰੇਟ ਰਾਈਟਿੰਗ ਆਦਿ।

## ਮੁੱਖ/ਕੇਂਦਰੀ ਸ਼ਬਦ:

ਰਚਨਾਤਮਕ— ਸਿਰਜਣਾ

ਸ਼ੈਲੀ—ਢੰਗ, ਤਰੀਕਾ

ਬੋਧ—ਜਾਣਕਾਰੀ

ਸਫਰਨਾਮਾ-ਯਾਤਰਾ ਦਾ ਲ਼ਿਖਤ ਵਰਣਨ

## ਸਵੈ-ਮੁਲਾਂਕਣ:

ਪ੍ਰ 1. **ਕਲਪਨਾ ਰਾਹੀ ਕਵੀ ਅਣਦੇਖੀਆਂ ਘਟਨਾਵਾਂ ਨੂੰ ਅਨੁਭਵ ਕਰਕੇ ਕਵਿਤਾ ਰਾਹੀ ਪੇਸ਼ ਕਰਦਾ ਹੈ?**

ੳ. ਗਲਤ

ਅ. ਸਹੀ

ਪ੍ਰ 2. **ਬਿੰਬ ਦੀ ਉਤਪਤੀ ਕਿਸ ਤੋਂ ਹੁੰਦੀ ਹੈ?**

ੳ. ਵਿਚਾਰ

ਅ.ਬੁੱਧੀ

ੲ. ਭਾਵ

ਸ.ਕਲਪਨਾ

**ਪ੍ਰ.3. ਸਾਹਿਤ ਸਮਾਜ ਦਾ_________ ਹੁੰਦਾ ਹੈ?**

ੳ.ਸ਼ੀਸ਼ਾ

ਅ.ਅਕਸ

ੲ.ਦਰਪਣ

ਸ. ਉਪਰੋਕਤ ਸਾਰੇ

**ਪ੍ਰ 4. ਬੁੱਧੀ ਤੱਤ ਕਿੰਨੇ ਪ੍ਰਕਾਰ ਦਾ ਹੁੰਦਾ ਹੈ?**

ੳ. 2

ਅ. 4

ੲ. 3

ਸ. 1

**ਪ੍ਰ 5. ਉਰਦੂ/ਫਾਰਸੀ ਵਿਚ ਸਾਹਿਤ ਨੂੰ ਕੀ ਕਿਹਾ ਜਾਂਦਾ ਹੈ?**

ੳ.ਅਦਬ

ਅ.ਕਾਇਦਾ

ਪ੍ਰ.6. ***ਸੱਤਯਮ ਸ਼ਿਵਮ ਸੁੰਦਰਮ "ਦੀ* ਸਾਹਿਤ ਉਪਰ ਕਿਵੇ ਲਾਗੂ ਹੁੰਦੀ ਹੈ?**

ੳ.ਸਾਹਿਤ ਸੁੰਦਰ ਕਲਾ ਹੈ

ਅ.ਸਾਹਿਤ  ਸੱਚ ਹੈ

ੲ.ਸਾਹਿਤ ਕਲਿਆਣਕਾਰੀ ਹੈ

ਸ.ਉਪਰੋਕਤ ਸਾਰੇ

**ਪ੍ਰ.7. ਸ਼ੈਲੀ ਦੀਆਂ ਕੁਲ ਕਿਸਮਾਂ ਦੱਸੋ?**

ੳ.ਚਾਰ

ਅ.ਪੰਜ

ੲ. ਸੱਤ

**ਪ੍ਰ.8.ਸਾਹਿਤ----------ਭਾਵਾਂ ਦਾ ਪ੍ਰਗਟਾਵਾਂ ਹੈ?**

ੳ.ਕੋਮਲ

ਅ.ਤਰਕਮਈ

ੲ. ਵਿਚਾਰਮਈ

**ਪ੍ਰ.9.ਵਿਸਥਾਰਮਈ ਸ਼ੈਲੀ ਤੋ ਕੀ ਭਾਵ ਹੈ?**

ੳ.ਵਿਚਾਰਾ ਦਾ ਵਰਣਨ

ਅ.ਵਿਚਾਰਾ ਦਾ ਵਿਸ਼ਾਲਮਈ ਵਰਣਨ

**ਪ੍ਰ.10.ਸਾਹਿਤ ਤੇ ਲੋਕ ਸਾਹਿਤ ਵਿਚ ਮੁੱਖ ਅੰਤਰ ਕੀ ਹੈ?**

ੳ.ਸਾਹਿਤ ਲਿਖਤ ਤੇ ਲੋਕ ਸਾਹਿਤ ਅਣਲਿਖਤ ਹੁੰਦਾ

ਅ.ਸਾਹਿਤ ਵਿਚ ਭਾਵ ਤੇ ਲੋਕ ਸਾਹਿਤ ਵਿਚ ਵਿਚਾਰ ਹੁੰਦੇ

**ਪ੍ਰ.11. ਸਾਹਿਤ ਤੇ ਲੇਖਕ ਵਿਚ ਕੜੀ ਦਾ ਕੰਮ ਕੋਣ ਕਰਦਾ ਹੈ?**

ੳ.ਮਨੁੱਖ

ਅ.ਵਿਸ਼ਾ

ੲ.ਸਮਾਜ

**ਪ੍ਰ.12. ਲੇਖਕ ਆਪਣੀ ਰਚਨਾ ਦਾ ਵਸਤੂ ਕਿਵੇ ਇੱਕਠਾ ਕਰਦਾ ਹੈ?**

ੳ.ਅਨੁਭਵ ਰਾਹੀ

ਅ.ਖੋਜ ਰਾਹੀ

**ਪ੍ਰ13. ਸਾਹਿਤ ਸਮਾਜ ਦਾ -------- ਦਰਸ਼ਕ ਹੈ?**

ੳ.ਪੱਥ

ਅ.ਮਾਰਗ

ੲ.ਸਹੀ ਦਿਸ਼ਾ

**ਪ੍ਰ.14. ਸਾਹਿਤ ਦਾ ਉਦੇਸ਼ ਕੀ ਹੈ?**

ੳ.ਸਮਾਜ ਭਲਾਈ

ਅ. ਗਿਆਨ ਫੈਲਾਉਣਾ

**ਪ੍ਰ15. ਪੰਜਾਬੀ ਸਾਹਿਤ ਦੇ ਕਿੰਨੇ ਭਾਗ ਹਨ?**

ੳ.ਦੋ

ਅ.ਚਾਰ

ੲ. ਦੱਸ

## ਅਭਿਆਸ ਪ੍ਰਸ਼ਨ

1. **ਸਾਹਿਤ ਤੋਂ ਕੀ ਭਾਵ ਹੈ?**
2. **ਸਾਹਿਤ ਰੂਪਾਂ ਬਾਰੇ ਜਾਣਕਾਰੀ ਦਵੋ।**
3. **ਸਾਹਿਤ ਦੀ ਸਿਰਜਣਾ ਵਿਚ ਸਮਾਜ ਦੀ ਕੀ ਭੂਮਿਕਾ ਹੈ?**
4. **ਕਵਿਤਾ ਦੀ ਸਿਰਜਣਾ ਅਤੇ ਨਾਟਕ ਦੀ ਸਿਰਜਣਾ ਵਿਚ ਅੰਤਰ ਦੱਸੋ।**
5. **ਕੋਈ ਸਮਾਜਿਕ ਸਮੱਸਿਆ ਸੰਬੰਧੀ ਕਵਿਤਾ ਲਿਖੋ।**

## ਸੰਦਰਭ ਪੁਸਤਕਾਂ:

1. ਰਤਨ ਸਿੰਘ ਜੱਗੀ. ਪੰਜਾਬੀ ਸਾਹਿਤ ਦੇ ਰੂਪ
2. ਡਾ.ਸਤਿੰਦਰ ਸਿੰਘ.ਵਿਹਾਰਕ ਸਮੀਖਿਆ
3. ਡਾ.ਕਿਰਪਾਲ ਸਿੰਘ ਕਸੇਲ.ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ
4. ਡਾ.ਧਨਵੰਤ ਕੌਰ.ਪੰਜਾਬੀ ਨਿੱਕੀ ਕਹਾਣੀ ਦਾ ਇਤਿਹਾਸ ਤੇ ਵਿਕਾਸ
5. ਡਾ.ਹਰਭਜਨ ਸਿੰਘ ਭਾਟੀਆ.ਪੰਜਾਬੀ ਗਲਪ ਚਿੰਤਨ

## ਮਹੱਤਵਪੂਰਨ ਲਿੰਕ

http://panjabialochana.com/

https://www.punjabi-kavita.com/

https://punjabikahani.punjabi-kavita.com/

https://punjabipedia.org/topic.aspx?txt=%E0%A8%AA%E0%A9%B0%E0%A8%9C%E0%A8%BE%E0%A8%AC%E0%A9%80%20%E0%A8%A8%E0%A8%BE%E0%A8%9F%E0%A8%95

**ਉੱਤਰਮਾਲਾ:**

| | | | | |
|---|---|---|---|---|
| 1. ਅ | 2. ੲ | 3. ਸ | 4. ੲ | 5. ੳ |
| 6. ਸ | 7. ੳ | 8. ਅ | 9. ਅ | 10. ੳ |
| 11. ੲ | 12. ੳ | 13. ਅ | 14. ਅ | 15. ੳ |

# ਅਧਿਆਇ-2: ਕਵਿਤਾ ਲੇਖਣ: ਗੀਤ ਅਤੇ ਖੁੱਲੀ ਕਵਿਤਾ ਦਾ ਸਿਧਾਂਤਕ ਪਰਿਪੇਖ

*Harjot Kaur, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਕਵਿਤਾ ਦਾ ਸਿੱਧਾਂਤਕ ਪਰਿਪੇਖ ਸਮਝ ਆਵੇਗਾ
- ਗੀਤ ਅਤੇ ਖੁੱਲੀ ਕਵਿਤਾ ਦੇ ਬੁਨਿਆਦੀ ਸੰਕਲਪਾਂ ਬਾਰੇ ਜਾਣਕਾਰੀ ਮਿਲੇਗੀ
- ਪੰਜਾਬੀ ਕਾਵਿ ਰੂਪਾਂ ਦੀ ਪਛਾਣ ਹੋਏਗੀ
- ਕਵਿਤਾ ਦੇ ਸਿਰਜਣਾਤਮਕ ਤੱਤਾਂ ਬਾਰੇ ਜਾਣਕਾਰੀ ਮਿਲੇਗੀ

**ਪ੍ਰਸਤਾਵਨਾ:** ਇਸ ਪਾਠ ਦਾ ਮਕਸਦ ਵਿਦਿਆਰਥੀਆਂ ਵਿਚ ਵਿਸ਼ਵੀਕਰਨ ਦੇ ਯੁੱਗ ਵਿਚ ਰਚਨਾਤਮਕ ਲੇਖਣ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਕਵਿਤਾ, ਗੀਤ ਲੇਖਣ ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੇ ਸਰੂਪ ਨੂੰ ਨਿਰਧਾਰਿਤ ਕੀਤਾ ਜਾਵੇਗਾ। ਰਚਨਾਤਮਕ ਲੇਖਣ ਰਾਹੀ ਵਿਦਿਆਰਥੀਆਂ ਨੂੰ ਸਾਹਿਤ ਦੀ ਕਵਿਤਾ, ਗੀਤ ਦੇ ਸਿਧਾਂਤਕ ਸਰੂਪ ਸਮਝ ਆਵੇਂਗਾ, ਜਿਸ ਰਾਹੀ ਉਹ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ।

## ਵਿਸ਼ਾ ਵਸਤੂ:

ਸਾਹਿਤ

ਕਵਿਤਾ ਵਾਰਤਕ

| ਕਵਿਤਾ ਦੇ ਰੂਪ | ਸਾਹਿਤ ਦੇ ਰੂਪ |
|---|---|
| ਗੀਤ | ਗਲਪ: ਕਹਾਣੀ/ਨਾਵਲ |
| ਗਜ਼ਲ | ਨਾਟਕ/ਇਕਾਂਗੀ |
| ਨਜ਼ਮ | ਜੀਵਨੀ/ਸਵੈਜੀਵਨੀ |
| ਰੁਬਾਈ | ਸਫਰਨਾਮਾ |
| ਖੁੱਲੀ ਕਵਿਤਾ | ਨਿਬੰਧ |
| | ਰੇਖਾ ਚਿੱਤਰ /ਡਾਇਰੀ |

ਕਵੀ ਸ਼ਬਦਾਂ ਨੂੰ ਉਹਨਾਂ ਦੇ ਆਮ ਅਰਥਾਂ ਨਾਲੋਂ ਵਧੇਰੇ ਅਰਥ ਪ੍ਰਦਾਨ ਕਰਨ ਲਈ ਕਾਵਿਕ ਸਾਧਨਾਂ ਖਿਆਲ,*ਜ਼ਜਬਾ,ਤਾਲ, ਲੈਅ,ਰਸ, ਅਲੰਕਾਰ* ਦਾ ਪ੍ਰਯੋਗ ਕਰਦਾ ਹੈ। ਇਹ ਵੀ ਕਹਿ ਸਕਦੇ ਹਾਂ ਕਿ ਕਵਿਤਾ ਆਪਣੇ ਵਿਸ਼ੇਸ਼ ਕਲਾਤਮਕ ਪ੍ਰਯੋਜਨ ਲਈ ਭਾਸ਼ਾ ਦੇ ਸੁਹਜਾਤਮਕ ਅਤੇ ਲੈਆਤਮਕ ਗੁਣਾਂ ਦੀ ਵਰਤੋਂ ਕਰਦੀ ਹੈ। ਕਵਿਤਾ ਭਾਸ਼ਾ ਦੇ ਅੰਦਰ ਇੱਕ ਹੋਰ ਭਾਸ਼ਾ ਹੁੰਦੀ ਹੈ। ਇਸ ਵਿੱਚ ਖਿਆਲ, ਭਾਵ, ਦ੍ਰਿਸ਼, ਅਕਾਰ ਤੇ ਧੁਨੀ ਦਾ ਸੁਮੇਲ ਹੁੰਦਾ ਹੈ।

- ❖ ਕਵਿਤਾ ਸ਼ਾਬਦਿਕ ਕਲਾ ਹੈ
- ❖ ਕਾਵਿ: ਭਾਰਤੀ ਸਾਹਿਤ ਵਿਚ ਇਸਨੂੰ ਕਾਵਿ ਰੂਪ ਵਜੋਂ ਜਾਣਿਆ ਜਾਂਦਾ ਹੈ।
- ❖ ਕਵਿਤਾ:
- ❖ Poetry: ਅੰਗਰੇਜੀ ਭਾਸ਼ਾ ਵਿਚ ਇਸਨੂੰ Poetry ਕਿਹਾ ਜਾਂਦਾ ਹੈ।

## ਕਵਿਤਾ ਦੇ ਤੱਤ:

### 1.ਵਿਚਾਰ:

ਕਵਿਤਾ ਦਾ ਆਧਾਰ ਵਿਚਾਰ/ਬੁੱਧੀ ਹੁੰਦਾ ਹੈ।ਕਵੀ ਦੀ ਵਿਚਾਰਧਾਰਾ ਦਾ ਪ੍ਰਮਾਣ ਵਿਚਾਰ ਤੱਤ ਰਾਹੀ ਕਵਿਤਾ ਦੇ ਰੂਪ ਵਿਚੋਂ ਉਜ਼ਾਗਰ ਹੁੰਦਾ ਹੈ। ਕਵਿਤਾ ਦੀ ਸਿਰਜਣਾ ਸਮੇਂ ਕਵੀ ਦੀ ਆਪਣੀ ਵਿਚਾਰਧਾਰਾ ਪ੍ਰਤੀ ਸਪੱਸ਼ਟ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਕਵਿਤਾ ਵਿਚਲੇ ਵਿਚਾਰ ਸਿੱਧੇ ਰੂਪ ਵਿਚ ਪਾਠਕ, ਸਰੋਤੇ ਨੂੰ ਪ੍ਰਭਾਵਿਤ ਕਰਦੇ ਹਨ। ਜੇਕਰ ਵਿਚਾਰ ਸਪੱਸ਼ਟ ਨਹੀਂ ਹਨ ਤਾਂ ਕਵਿਤਾ ਰਾਹੀ ਕਵੀ ਜੋ ਪੇਸ਼ ਕਰਨਾ ਚਾਹੁੰਦਾ ਹੈ ,ਉਹ ਨਹੀ ਹੋ ਪਾਵੇਗਾ।

### 2.ਕਲਪਨਾ:

ਕਵਿਤਾ ਦੀ ਸਿਰਜਣਾ ਵਿਚ ਕਲਪਨਾ ਅਹਿਮ ਤੱਤ ਹੈ।ਕਾਲਰਿਜ ਅਨੁਸਾਰ "ਕਵਿਤਾ ਪੈਦਾ ਹੀ ਕਲਪਨਾ ਤੋਂ ਹੋਈ ਹੈ।" ਕਲਪਨਾ ਰਾਹੀ ਕਵੀ ਅਣਦੇਖੀਆਂ ਘਟਨਾਵਾਂ ਨੂੰ ਅਨੁਭਵ ਕਰਕੇ ਕਵਿਤਾ ਰਾਹੀ ਪੇਸ਼ ਕਰਦਾ ਹੈ।ਡਾ: ਸਤਿੰਦਰ ਸਿੰਘ ਅਨੁਸਾਰ,

ਕਲਪਨਾ ਕਵੀ ਦੀ ਇਕ ਅਜਿਹੀ ਅਨੋਖੀ ਸ਼ਕਤੀ ਹੈ, ਜਿਸ ਦੁਆਰਾ ਉਹ ਤੱਥਾਂ ਨੂੰ ਅਜਿਹੇ ਢੰਗ ਨਾਲ ਰੂਪਮਾਨ ਕਰਦਾ ਹੈ ਕਿ ਉਹ ਅਸਲ ਨਾਲੋਂ ਪਿਆਰੇ, ਦਿਲਚਸਪ ਅਤੇ ਵਧੇਰੇ ਸੱਚ ਹੋ ਨਿਬੜਦੇ ਹਨ।ਕਵੀ ਜੋ ਕੁਝ ਵੇਖਦਾ, ਸੁਣਦਾ ਜਾਂ ਅਨੁਭਵ ਕਰਦਾ ਹੈ,ਉਸ ਨੂੰ ਹੂਬਹੂ ਪੇਸ਼ ਨਹੀਂ ਕਰ ਦਿਮਦਾ,ਸਗੋਂ ਆਪਣੇ ਅਨੁਭਵ ਨੂੰ ਕਲਪਨਾ ਰਾਹੀਂ ਅਕਰਸ਼ਕ ਅਤੇ ਪ੍ਰਭਾਵਸ਼ਾਲੀ ਰੂਪ ਦੇ ਕੇ ਪ੍ਰਗਟਾਉਂਦਾ ਹੈ।"

## 3.ਤਾਲ /ਲੈਅ:

ਕਵਿਤਾ ਸਾਹਿਤ ਦਾ ਅਜਿਹਾ ਰੂਪ ਹੈ ਜਿਸ ਵਿਚ ਲੈਅ, ਤਾਲ ਸਭ ਤੋਂ ਵੱਧ ਹੁੰਦੀ ਹੈ।ਕਵਿਤਾ ਵਿਚ ਇਕ ਸੰਗੀਤ ਹੁੰਦਾ ਹੈ ਜੋ ਛੰਦ, ਲੈਅ, ਤਾਲ, ਰਿਦਮ ਆਦਿ ਨਾਲ ਇਸ ਨੂੰ ਹੋਰ ਖੂਬਸੂਰਤ ਬਣਾ ਦਿੰਦੀ ਹੈ।

## 4.ਬਿੰਬ:

ਕਵਿਤਾ ਵਿਚ ਬਿੰਬ ਦਾ ਖਾਸ ਸਥਾਨ ਹੈ।ਇਸ ਦੁਆਰਾ ਕਵੀ ਵਿਸ਼ਾ ਨੂੰ ਪਾਠਕ ਨੂੰ ਸਮਝਣ ਦੇ ਯੋਗ ਬਣਾਉਂਦਾ ਹੈ।ਭਾਸ਼ਾ ਅਤੇ ਵਿਚਾਰਾ ਦਾ ਸਹਿਜ ਪ੍ਰਗਟਾ ਬਿੰਬ ਦੁਆਰਾ ਬਹੁਤ ਵਧੀਆ ਢੰਗ ਨਾਲ ਹੁੰਦਾ ਹੈ।ਬਿੰਬ ਦੀ ਉਤਪਤੀ ਭਾਵ ਤੋਂ ਹੁੰਦੀ ਹੈ। ਬਿੰਬ (Image) ਦਾ ਅਰਥ ਛਾਇਆ, ਅਕਸ, ਸਮਾਨਤਾ, ਪਰਛਾਈ ਨਾਲ ਜੋੜਿਆ ਜਾ ਸਕਦਾ ਹੈ।

ੳ) ਸ੍ਰਵਣ ਬਿੰਬ

ਅ) ਸਪਰਸ਼ ਬਿੰਬ

ੲ) ਸੁਆਦ ਬਿੰਬ

ਸ) ਧੁਨੀ ਬਿੰਬ

## 5.ਅਲੰਕਾਰ:

ਇਹ ਇਕ ਅਜਿਹੀ ਜੁਗਤ ਹੈ, ਜਿਸ ਨਾਲ ਕਵਿਤਾ ਦੀ ਖੂਬਸੂਰਤੀ ਨੂੰ ਵਧਾਇਆ ਜਾਂਦਾ ਹੈ। ਇਹ ਇਕ ਗਹਿਣਾ ਹੈ ਜੋ ਕਵਿਤਾ ਨੂੰ ਸਜਾਉਣ ਦੇ ਕੰਮ ਆਉਂਦਾ ਹੈ।ਇਹ ਭਾਵਾਂ ਨੂੰ ਉਚਿਆਣ ਅਤੇ ਵਸਤਾਂ ਦੇ ਰੂਪ ਗੁਣ ਅਤੇ ਕਿਰਿਆਂ ਦਾ ਤੀਬਰ ਅਨੁਭਵ ਕਰਾਉਣ ਵਿਚ ਸਹਾਈ ਹੁੰਦੇ ਹਨ।ਕਾਵਿ ਦੇ ਵਿਹਾਰਕ ਅਧਿਐਨ ਵਿਚ ਸਾਨੂੰ ਇੰਨ੍ਹਾਂ ਦੀ ਪਛਾਣ ਬਹੁਤ ਸਹਾਇਕ ਸਿੱਧ ਹੋ ਸਕਦੀ ਹੈ।

ੳ) ਅਨੁਪ੍ਰਾਸ ਅਲੰਕਾਰ

ਅ) ਉਪਮਾ ਅਲੰਕਾਰ

ੲ) ਅਤਿਕਥਨੀ ਅਲੰਕਾਰ

ਸ) ਦ੍ਰਿਸ਼ਟਾਂਤ ਅਲੰਕਾਰ

ਹ) ਰੂਪਕ ਅਲੰਕਾਰ

## 6. ਰਸ:

ਰਸ ਭਰਤਮੁਨੀ ਦੁਆਰਾ ਦਿੱਤਾ ਗਿਆ ਸਿੱਧਾਂਤ ਹੈ।ਇਹ ਸਾਡੇ ਭਾਵਾਂ ਨਾਲ ਜੁੜਿਆਂ ਹੋਇਆ ਹੈ।ਅਨੇਕਾਂ ਪ੍ਰਸਥਿਤੀਆਂ ਵਿਚ ਮਨੁੱਖ ਦੇ ਮਨ ਵਿਚ ਅਨੇਕਾਂ ਪ੍ਰਭਾਵ ਉਤਪੰਨ ਹੁੰਦੇ ਹਨ।ਇਹ ਸਥਾਈ ਭਾਵ ਜਦੋਂ ਜਾਗਦੇ ਹਨ ਤਾਂ ਪਰਿਪੱਕ ਹੋ ਕੇ ਰਸ ਦਾ ਰੂਪ ਧਾਰਨ ਕਰ ਲੈਂਦੇ ਹਨ।ਪ੍ਰਮੁੱਖ ਰੂਪ ਵਿਚ ਇਹ 9 ਪ੍ਰਕਾਰ ਦੇ ਹਨ:

ੳ) ਸ਼ਿੰਗਾਰ ਰਸ ਅ) ਹਾਸ ਰਸ

ੲ) ਕਰੁਣਾ ਰਸ ਸ) ਰੋਦਰ ਰਸ

ਹ) ਵੀਰ ਰਸ ਕ) ਭਿਆਨਕ ਰਸ

ਖ) ਬੀਭਤਸ ਰਸ ਗ) ਅਦਭੁਤ ਰਸ

ਘ) ਸ਼ਾਤ ਰਸ

### 7.ਪ੍ਰਤੀਕ:

ਕਵਿਤਾ ਵਿਚ ਪ੍ਰਤੀਕ ਦਾ ਖਾਸ ਯੋਗਦਾਨ ਹੈ।ਪ੍ਰਤੀਕ ਨੂੰ ਅੰਗਰੇਜੀ ਭਾਸ਼ਾ ਵਿਚ ( Symbol) ਕਿਹਾ ਜਾਂਦਾ ਹੈ। ਕਵਿਤਾ ਵਿਚ ਵਿਚਾਰਾ ਦੇ ਪ੍ਰਗਟਾ ਲਈ ਕਈ ਪ੍ਰਾਕਰ ਦੇ ਪ੍ਰਤੀਕਾਂ ਦੀ ਵਰਤੋਂ ਹੁੰਦੀ ਹੈ।ਕਵੀ ਆਪਣੇ ਸੂਖਮ ਭਾਵਾਂ ਦੀ ਪੇਸ਼ਕਾਰੀ ਲਈ ਕੁਝ ਚਿੰਨ੍ਹਾਂ/ਪ੍ਰਤੀਕਾਂ ਦੀ ਵਰਤੋਂ ਕਰਦਾ ਹੈ।ਕਵਿਤਾ ਵਿਚ ਪ੍ਰਤੀਕ ਦੀ ਵਰਤੋਂ ਨਾਲ ਉਸਦੀ ਭਾਸ਼ਾ ਵਿਚ ਨਵੀਂ ਅਰਥ ਸ਼ਕਤੀ ਆ ਜਾਂਦੀ ਹੈ। ਇਸ ਨਾਲ ਕਵਿਤਾ ਦੇ ਸੁਹਜ ਵਿਚ ਵੀ ਵਾਧਾ ਹੁੰਦਾ ਹੈ। ਸੀਮਤ ਸ਼ਬਦਾ ਵਿਚ ਬਹੁਤ ਕੁਝ ਕਹਿਣ ਲਈ ਪ੍ਰਤੀਕਮਈ ਸ਼ਬਦਾ ਦੀ ਵਰਤੋਂ ਕੀਤੀ ਜਾਂਦੀ ਹੈ।ਇਸ ਨਾਲ ਅਨੁਭਵ ਸੰਗਠਿਤਅਤ ਅਤੇ ਵਿਸ਼ਾਲ ਹੁੰਦਾ ਹੈ। ਰੈਨੇ ਵੈਲਕ ਪ੍ਰਤੀਕ ਨੂੰ 3 ਹਿੱਸਿਆਂ ਵਿਚ ਵੰਡਦਾ ਹੈ:

ੳ) ਵਿਅਕਤੀਗਤ ਪ੍ਰਤੀਕ (Private Symbols)

ਅ) ਪਰੰਪਰਾਗਤ ਪ੍ਰਤੀਕ (Traditional Symbols)

ੲ) ਪ੍ਰਕਿਰਤਕ ਪ੍ਰਤੀਕ (Natural Symbols)

### 8.ਭਾਸ਼ਾ /ਸ਼ੈਲੀ:

ਭਾਸ਼ਾ ਨੂੰ ਕਾਵਿ ਦਾ ਮਾਧਿਅਮ ਮੰਨਿਆਂ ਜਾਂਦਾ ਹੈ।ਇਸ ਵਿਚ ਸ਼ਬਦਾਂ ਦੇ ਮਾਧਿਅਮ ਰਾਹੀਂ ਕਾਵਿਮਈ ਸਥਿਤੀ ਪੈਦਾ ਕੀਤੀ ਜਾਂਦੀ ਹੈ।ਭਾਸ਼ਾ ਨੂੰ ਕਾਵਿ ਦੀ ਉਤਪਤੀ ਨਾਲ ਜੋੜਿਆ ਜਾਂਦਾ ਹੈ।ਏਲੀਅਟ ਦੀ ਧਾਰਣਾ ਦੇ ਅਨੁਸਾਰ

> "ਭਾਸ਼ਾ ਸਾਧਨਾਂ ਦੇ ਰਾਹੀ ਸਪੰਨ ਹੁੰਦੀ ਹੈ।ਕਵਿਤਾ ਨੂੰ ਪ੍ਰਭਾਵਸ਼ਾਲੀ ਅਤੇ ਵਿਸ਼ਿਸ਼ਟ ਭਾਸ਼ਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।ਇਸਨੂੰ ਲੈਆਤਮਕ ਅਤੇ ਕਲਪਨਾਤਮਕ ਭਾਸਾ ਮੰਨਿਆ ਗਿਆ ਹੈ।"

(Style) ਸ਼ੈਲੀ ਕਾਵਿ ਦਾ ਮਹੱਤਵਪੂਰਨ ਤੱਤ ਹੈ।ਕਵੀ ਆਪਣੇ ਅਨੁਭਵ ਨੂੰ ਸਮਰੱਥ ਵਿਧੀ ਦੁਆਰਾ ਅਭਿਵਿਅਕਤ ਕਰਨ ਲਈ ਜਿਹੜੇ ਉਪਾਦਾਨਾਂ ਨੂੰ ਗ੍ਰਹਿਣ ਕਰਦਾ ਹੇ,ਉਹ ਸਭ ਸ਼ੈਲੀ ਦੇ ਅੰਤਰਗਤ ਆ ਜਾਂਦੇ ਹਨ।ਸ਼ੈਲੀ ਵਿਅਕਤੀਗਤ ਵਿਸ਼ੇਸ਼ਤਾ ਹੈ।ਇਹ ਰਚਨਾਕਾਰ ਦੀ ਵਿਸ਼ੇਸ ਪ੍ਰਾਪਤੀ ਹੁੰਦੀ ਹੈ ਜੋ ਉਸਨੂੰ ਦੂਸਰਿਆਂ ਕਵੀਆਂ ਤੋਂ ਵੱਖਰਾ ਦਰਸਾਉਦੀ ਹੈ।

## <u>ਕਵਿਤਾ ਦਾ ਇਤਿਹਾਸ:</u>

ਪੰਜਾਬੀ ਕਵਿਤਾ ਦਾ ਇਤਿਹਾਸ ਬਹੁਤ ਪੁਰਾਣਾ ਹੈ। ਆਦਿ ਕਾਲ ਤੋਂ ਮੱਧਕਾਲ ਅਤੇ ਆਧੁਨਿਕ ਕਾਲ ਵਿਚ ਆਉਦੇ ਹੋਏ ਇਹ ਬਹੁਤ ਵਿਕਾਸ ਦੇ ਪੜਾਅ ਤੈਅ ਕਰਦੀ ਹੈ। ਸਮੇਂ ਸਮੇਂ ਅਨੁਸਾਰ ਇਹ ਵੱਖ-ਵੱਖ ਪ੍ਰਵਿਰਤੀਆਂ ਅਧੀਨ ਲਿਖੀ ਜਾਂਦੀ ਰਹੀ ਹੈ।

ਪੰਜਾਬੀ ਕਵਿਤਾ ---- ਪਾਕਿਸਤਾਨੀ ਪੰਜਾਬੀ ਕਵਿਤਾ—ਪਰਵਾਸੀ ਪੰਜਾਬੀ ਕਵਿਤਾ

- ਨਵ-ਰਹੱਸਵਾਦੀ ਪ੍ਰਵਿਰਤੀ
- ਪ੍ਰਗਤੀਵਾਦੀ ਪ੍ਰਵਿਰਤੀ
- ਜੁਝਾਰਵਾਦੀ/ਨਕਸਲਬਾੜੀ ਪ੍ਰਵਿਰਤੀ
- ਪ੍ਰਯੋਗਵਾਦੀ ਪ੍ਰਵਿਰਤੀ
- ਪੰਜਾਬ ਸੰਕਟ

### ਪੰਜਾਬੀ ਕਵੀ:

1. ਭਾਈ ਵੀਰ ਸਿੰਘ
2. ਪ੍ਰੋ. ਪੂਰਨ ਸਿੰਘ
3. ਪ੍ਰੋ. ਮੋਹਨ ਸਿੰਘ
4. ਅੰਮ੍ਰਿਤਾ ਪ੍ਰੀਤਮ
5. ਬਾਵਾ ਬਲਵੰਤ
6. ਡਾ. ਹਰਿਭਜਨ ਸਿੰਘ
7. ਡਾ. ਜਸਵੰਤ ਸਿੰਘ ਨੇਕੀ
8. ਸੋਹਨ ਸਿੰਘ ਮੀਸ਼ਾ

9. ਸ਼ਿਵ ਕੁਮਾਰ ਬਟਾਲਵੀ
10. ਅਵਤਾਰ ਸਿੰਘ ਪਾਸ਼
11. ਜਗਤਾਰ
12. ਸੁਰਜੀਤ ਪਾਤਰ
13. ਹਰਮਨਜੀਤ

## ਗੀਤ ਦਾ ਅਰਥ:

ਗੀਤ ਸ਼ਬਦ ਧੁਰਵਾ ਸ਼ਬਦ ਤੋਂ ਬਣਿਆ ਹੈ, ਜਿਸ ਤੋਂ ਭਾਵ ਬਾਰ-ਬਾਰ ਦੁਹਾਇਆ ਜਾਣ, ਇਹ ਇਕ ਨਿਸ਼ਚਿਤ ਰੂਪ ਹੈ।ਅੰਗਰੇਜੀ ਭਾਸ਼ਾ ਵਿਚ ਇਸਨੂੰ song / Lyric ਕਿਹਾ ਜਾਂਦਾ ਹੈ। ਗੀਤ ਲਿਖਣ ਵਾਲੇ ਨੂੰ ਗੀਤਕਾਰ ਕਿਹਾ ਜਾਂਦਾ ਹੈ। ਇਹ ਇਕ ਸੰਗੀਤਮਈ ਰਚਨਾ ਹੁੰਦੀ ਹੈ। ਇਸ ਵਿਚ ਸੁਰ ਅਤੇ ਤਾਲ ਦਾ ਸੁਮੇਲ ਹੁੰਦਾ ਹੈ। ਗੀਤਕਾਰ ਆਪਣੇ ਮਨ ਦੇ ਭਾਵਾਂ ਨੂੰ ਕਲਾਮਈ ਢੰਗ ਰਾਹੀ ਅਭਿਵਿਅਕਤ ਕਰਦਾ ਇਸਨੂੰ ਲਿਖਤ ਰੂਪ ਦਿੰਦਾ ਹੈ।

## ਗੀਤ ਦੀ ਬਣਤਰ:

- ਇਹ ਇਕ ਛੋਟੇ ਆਕਾਰ ਦੀ ਰਚਨਾ ਹੈ।
- ਗੀਤ ਦੀ ਬਣਤਰ ਕਦੇ ਵੀ ਗੁੰਝਲਦਾਰ ਅਤੇ ਲੰਮੀ ਨਹੀਂ ਹੋ ਸਕਦੀ
- ਗੀਤ ਦੇ ਆਂਤਰਿਕ ਅਤੇ ਬਾਹਰੀ ਤੱਤਾਂ ਦੀ ਸੁਮੇਲਤਾ ਗੀਤ ਨੂੰ ਗਾਏ ਜਾਣ ਦੀ ਯੋਗਤਾ ਨੂੰ ਸਹਿਜ ਹੀ ਉਤਪੰਨ ਕਰਦੀ ਹੈ।

## ਗੀਤ ਤੇ ਤੱਤ:

| **ਅੰਦਰੂਨੀ ਤੱਤ** | **ਬਾਹਰੀ ਤੱਤ** |
|---|---|
| 1.ਅਰਥਸ਼ੀਲ ਭਾਵਨਾ<br>2.ਸੰਗੀਤਕਤਾ<br>3. ਤਰਜ਼<br>4. ਸਿਰਜਨਾਤਮਕ<br>5. ਕਲਪਨਾ<br>6. ਰਸ<br>7. ਸੁਹਜਾਤਮਿਕਤਾ<br>8. ਰਿਦਮ<br>9. ਵਿਚਾਰ | 1.ਸੁਹਜਮਈ ਭਾਸ਼ਾ<br>2.ਅਲੰਕਾਰ<br>3. ਬਿੰਬ<br>4.ਪ੍ਰਤੀਕ,<br>5.ਸੰਬੋਧਿਤ ਸ਼ਬਦਾਵਲੀ |

## ਪੰਜਾਬੀ ਗੀਤਕਾਰ:

- **ਪੰਜਾਬੀ ਗੀਤਕਾਰ:**

| **ਸਾਹਿਤਕ ਗੀਤਕਾਰ** | **ਗੈਰ ਸਾਹਿਤਕ ਗੀਤਕਾਰ** |
|---|---|

| | |
|---|---|
| ਧਨੀ ਰਾਮ ਚਾਤ੍ਰਿਕ | ਬਾਂਕੇ ਦਿਆਲ |
| ਨੰਦ ਲਾਲ ਨੂਰਪੁਰੀ | ਯਮਲਾ ਜੱਟ |
| ਮੋਹਨ ਸਿੰਘ | ਬਾਬੂ ਸਿੰਘ ਮਾਨ |
| ਅੰਮ੍ਰਿਤਾ ਪ੍ਰੀਤਮ | ਗੁਰਦਾਸ ਮਾਨ |
| ਸ਼ਿਵ ਕੁਮਾਰ ਬਟਾਲਵੀ | ਸਤਿੰਦਰ ਸਰਤਾਜ |
| ਸੁਰਜੀਤ ਪਾਤਰ | |
| ਸੁਖਵਿੰਦਰ ਅੰਮ੍ਰਿਤ | |
| ਹਰਮਨਜੀਤ | |

ਪੰਜਾਬੀ ਸਮਾਜ ,ਸਭਿਆਚਾਰ ਸਮਕਾਲੀ ਹਾਲਾਤਾਂ ਦੀ ਪੇਸ਼ਕਾਰੀ ਕਰਨ ਵਾਲੇ ਪੰਜਾਬੀ ਗੀਤਕਾਰੀ ਦੀਆਂ ਕੁਝ ਉਦਾਹਰਨਾਂ:

- *ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,*
  *ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,*
  *ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ,*
  *ਮਾਲ ਧੰਦਾ ਸਾਂਭਣੇ ਨੂੰ ਚੂੜਾ ਛੱਡ ਕੇ,*
  *ਪੱਗ ਝੱਗਾ ਚਾਦਰਾ ਨਵਾਂ ਸਵਾਇ ਕੇ,*
  *ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ,*
  *ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,*
  *ਮਾਰਦਾ ਦਮਾਮੇ ਜੱਟ ਮੇਲੇ ਆ ਗਿਆ*

- *ਨੀ ਇਕ ਮੇਰੀ ਅੱਖ ਕਾਸ਼ਨੀ*
  *ਦੂਜਾ ਰਾਤ ਦੇ ਉਨੀਂਦਏ ਨੇ ਮਾਰਿਆ*
  *ਨੀ ਸ਼ੀਸ਼ੇ 'ਚ ਤਰੇੜ ਪੈ ਗਈ*
  *ਵਾਲ ਵਾਹੁੰਦੀ ਨੇ ਧਿਆਨ ਜਦ ਮਾਰਿਆ*

- *ਇਕ ਕੁੜੀ ਜਿਦ੍ਹਾ ਨਾਂ ਮੁਹੱਬਤ*
  *ਗੁੰਮ ਹੈ-ਗੁੰਮ ਹੈ-ਗੁੰਮ ਹੈ ।*
  *ਸਾਦ-ਮੁਰਾਦੀ ਸੋਹਣੀ ਫੱਬਤ*
  *ਗੁੰਮ ਹੈ-ਗੁੰਮ ਹੈ-ਗੁੰਮ ਹੈ ।*

- *ਸੂਰਤ ਉਸ ਦੀ ਪਰੀਆਂ ਵਰਗੀ*
  *ਸੀਰਤ ਦੀ ਉਹ ਮਰੀਅਮ ਲਗਦੀ*
  *ਹੱਸਦੀ ਹੈ ਤਾਂ ਫੁੱਲ ਝੜਦੇ ਨੇ*

*ਟੁਰਦੀ ਹੈ ਤਾਂ ਗ਼ਜ਼ਲ ਹੈ ਲਗਦੀ*
*ਲੰਮ-ਸਲੰਮੀ ਸਰੂ ਕੱਦ ਦੀ*
*ਉਮਰ ਅਜੇ ਹੈ ਮਰ ਕੇ ਅੱਗ ਦੀ*
*ਪਰ ਨੈਣਾਂ ਦੀ ਗੱਲ ਸਮਝਦੀ ।*

- *ਮੰਨਿਆ ਕਿ ਕੋਈ ਬੱਦਲੀ ਧੁੱਪਾਂ ਰੋਕ ਵੀ ਲੈਂਦੀ ਏ*
  *ਉਹ ਚਾਨਣ ਦੇ ਫੰਭਿਆਂ ਤਾਂਈਂ ਸੋਖ਼ ਵੀ ਲੈਂਦੀ ਏ*
  *ਪਰ ਨੂਰ ਦੇ ਜਾਏ ਕਰਨ ਗੁਲਾਮੀ ਗਿੱਝਦੇ ਨਈਂ ਹੁੰਦੇ*
  *ਸੂਰਜ ਕਦੇ ਵੀ ਕਣੀਆਂ ਦੇ ਵਿੱਚ ਭਿੱਜਦੇ ਨਈਂ ਹੁੰਦੇ*

- *ਜਿਹਨੂੰ ਖੁਦ ਬਣਾ ਕੇ ਸ਼ਾਇਰ, ਕਰਤੇ ਨੇ ਬਖਸੀ ਕਵਿਤਾ*

  *ਸਰਤਾਜ ਨਾਮ ਦੇ ਕੇ ਉਹਨੂੰ ਖੋਰਦੇ ਨੇ ਅੱਖਰ*

  *ਉਤਰੇ ਨਾ ਜੋ ਖੁਮਾਰੀ ਉਸ ਲੋਰ ਦੇ ਨੇ ਅੱਖਰ*

  *ਮੈਂ ਗੁਰਮੁਖੀ ਦਾ ਬੇਟਾ ਮੈਨੂੰ ਤੋਰਦੇ ਨੇ ਅੱਖਰ*

  *ਮਾਂ ਖੇਲਣੇ ਨੂੰ ਦਿੱਤੇ ਬੜੀ ਲੋਰ ਦੇ ਨੇ ਅੱਖਰ*

- ਪਾਣੀ ਪੰਜਾਂ ਦਰਿਆਵਾਂ ਵਾਲ ਨਹਿਰੀ ਹੋ ਗਿਆ

  ਮੁੰਡਾ ਪਿੰਡ ਦਾ ਸੀ ਸ਼ਹਿਰ ਆ ਕੇ ਸ਼ਹਿਰੀ ਹੋ ਗਿਆ

## ਗੀਤ : ਸਿਰਜਣ ਪ੍ਰਕਿਰਿਆਂ:

ਵਿਸ਼ਵੀਕਰਨ ਦੇ ਯੁੱਗ ਵਿਚ ਗੀਤ ਦੀ ਸਿਰਜਣਾ ਉਪਰ ਪ੍ਰਭਾਵ ਸਕਰਤਾਮਕ ਅਤੇ ਨਕਰਾਤਮਕ ਪੱਧਰ ਉਪਰ ਪੈ ਰਿਹਾ ਹੈ। ਵਧੀਆ ਗੀਤ ਦੀ ਸਿਰਜਣਾ ਲਈ ਗੀਤ ਦੇ ਉਪਰੋਕਤ ਤੱਤਾਂ ਦਾ ਖਿਆਲ ਰੱਖਣਾ ਬਹੁਤ ਅਹਿਮ ਹੈ।ਇਨ੍ਹਾਂ ਦੀ ਗੈਰਮਜੂਦਗੀ ਤੋਂ ਬਿਨ੍ਹਾਂ ਗੀਤ ਦੀ ਸਿਰਜਣਾ ਵਧੀਆਂ ਕਿਸਮ ਦੀ ਨਹੀਂ ਹੋਵੇਗੀ।ਗੀਤਕਾਰ ਗੀਤ ਦੀ ਸਿਰਜਣਾ ਸਮੇਂ ਗੀਤ ਦੇ ਤੱਤਾਂ ਦਾ ਖਿਆਲ ਤੇ ਰੱਖਦਾ ਹੀ ਹੈ ਇਸਦੇ ਨਾਲ ਨਾਲ ਉਸ ਸਮਾਜ ਦੇ ਸਭਿਆਚਾਰਕ-ਲੋਕਧਾਰਾ,ਰਹਿਣ-ਸਹਿਣ,ਰੀਤੀ-ਰਿਵਾਜ,ਧਰਮ,ਰਾਜਨੀਤੀ,ਆਰਥਿਕਤਾ,ਖਾਣ-ਪੀਣ ਆਦਿ ਹਰ ਪੱਖ ਨੂੰ ਵਿਚਾਰਦਾ ਹੋਇਆ ਸਿਰਜਣਾ ਕਰਦਾ ਹੈ। ਸਿਰਜਣਾਤਮਕ ਪ੍ਰਕਿਰਿਆ ਵਿਚ ਜੇਕਰ ਗੀਤ ਲੇਖਣ ਨੂੰ ਦੇਖਿਆ ਜਾਵੇਂ ਤਾਂ ਇਹ ਭਾਵਨਾਵਾਂ ਦੀ ਪੇਸ਼ਕਾਰੀ ਨਾਲ ਨਾਲ ਰੁਜਗਾਰ ਦਾ ਪਲੇਟਫਾਰਮ ਮੁਹਇਆਂ ਕਰਦਾ ਹੈ। ਸਮਕਾਲੀਨ ਹਾਲਾਤਾਂ ਦੀ ਪੇਸ਼ਕਾਰੀ ਗੀਤ ਦੇ ਰਾਹੀ ਵਧੀਆਂ ਢੰਗ ਨਾਲ ਕੀਤੀ ਜਾ ਸਕਦੀ ਹੈ।

| **ਪੁਰਾਤਨ ਗੀਤ ਅਤੇ ਗੀਤਕਾਰੀ** | **ਯੋਗਦਾਨ** | **ਆਧੁਨਿਕ ਗੀਤਕਾਰ ਅਤੇ ਗੀਤਕਾਰੀ** |
|---|---|---|
| ਬਾਂਕੇ ਦਿਆਲ | ਗੁਲਾਮੀ ਦੌਰਾਨ ਦੇਸ਼ ਨੂੰ ਜਾਗ੍ਰਿਤ ਕਰਨ ਵਾਲਾ | ਪੰਜਾਬ ਵਿਚ ਨਸ਼ਿਆਂ ਅਤੇ ਹਥਿਆਰਾਂ ਨੂੰ ਵਧਾਉਣ ਵਾਲੀ |
| ਧਨੀ ਰਾਮ ਚਾਤ੍ਰਿਕ | ਪੰਜਾਬੀ ਸਭਿਆਚਾਰ (ਵਿਸਾਖੀ ਮੇਲੇ) ਨੂੰ ਪ੍ਰਫੁਲਿਤ ਕਰਨ ਵਾਲਾ | ਪੰਜਾਬੀ ਸਭਿਆਚਾਰ ਅਤੇ ਵਿਰਾਸਤ ਤੋਂ ਵਿਪਰੀਤ ਰੂਪ ਪੇਸ਼ ਕਰ ਰਹੇ। |
| ਸ਼ਿਵ ਕੁਮਾਰ ਬਟਾਲਵੀ | ਬਿਰਹਾ ਨੂੰ ਵਿਲੱਖਣ ਸ਼ਬਦਾਵਲੀ ਰਾਹੀ ਪੇਸ਼ | ਬਿਰਹਾ ਨੂੰ ਕਤਲ/ਨਸ਼ੇ/ਮਾੜਧਾੜ ਰਾਹੀ |

| | ਕਰਨ ਵਾਲਾ | ਪੇਸ਼ ਕੀਤਾ ਜਾ ਰਿਹਾ |
|---|---|---|
| ਦੇਵ ਥਰੀਕੇ ਵਾਲਾ | ਪੁਰਾਤਨ ਪੰਜਾਬੀ ਹੀਰ ਦੇ ਕਿੱਸੇ ਨੂੰ ਕਲੀਆਂ ਵਿਚ ਲਿਖਣ ਵਾਲਾ | ਹੀਰ ਦਾ ਆਧੁਨਿਕਰਨ ਕਰ ਦਿਤਾ ਗਿਆ |
| ਗੁਰਦਾਸ ਮਾਨ | ਪੰਜਾਬੀਅਤ ਦੀ ਪੇਸ਼ਕਾਰੀ ਕਰਨ ਵਾਲਾ | ਪੰਜਾਬੀਅਤ ਦੀ ਜਗ੍ਹਾਂ ਫੈਸ਼ਨ, ਬ੍ਰੈਡ ਆਦਿ ਦੀ ਪੇਸ਼ਕਾਰੀ |
| ਹਰਮਨਜੀਤ | ਵਿਸ਼ਵੀਕਰਨ ਦੇ ਯੁੱਗ ਵਿਚ ਵੀ ਪੰਜਾਬ ਦੇ ਇਤਿਹਾਸ, ਗੁਰਬਾਣੀ, ਪੰਜਾਬੀਅਤ ਦੀ ਪੇਸ਼ਕਾਰੀ ਕਰਨ ਵਾਲਾ | ਇਤਿਹਾਸ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ |

ਸੋ ਵਿਦਿਆਰਥੀਆਂ ਨੂੰ ਗੀਤ ਦੀ ਸਿਰਜਣਾ ਸਮੇਂ ਉਪਰੋਕਤ ਤੱਤਾਂ ਨੂੰ ਸਨਮੁਖ ਰੱਖ ਕੇ ਪ੍ਰਮਾਣਿਕ ਸਿਰਜਣਾ ਕਰਨੀ ਚਾਹੀਦੀ ਹੈ। ਕਿਉਕਿ ਸਾਹਿਤ ਸਿਰਜਣਾ ਵਿਚ ਗੀਤ ਅਜਿਹੀ ਰਚਨਾ ਹੈ ਜੋ ਹਰ ਵਰਗ ਦੁਆਰਾ ਪੜੀ, ਸੁਣੀ ਜਾਂਦੀ ਹੈ।

### ਸਮਾਜ ਦੀਆਂ ਸਮੱਸਿਆਵਾਂ:

ਗੀਤਕਾਰ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ, ਸਥਿਤੀਆਂ ਅਤੇ ਬਦਲ ਰਹੀਆਂ ਪ੍ਰਸਥਿਤੀਆਂ ਨੂੰ ਕੇਂਦਰ ਵਿਚ ਰੱਖਦੇ ਹੋਏ ਆਪਣੀ ਸਿਰਜਣਾ ਦਾ ਨਮੂਨਾ ਪੇਸ਼ ਕਰਦਾ ਹੈ।

### ਗੀਤ ਲਿਖਣ ਦਾ ਅਭਿਆਸ:

1.ਨਸ਼ਿਆਂ ਦਾ ਵਿਰੋਧ ਲਈ ਗੀਤ ਲਿਖੋ:

2. ਭਰੂਣ ਹੱਤਿਆ ਸੰਬੰਧੀ ਗੀਤ ਲਿਖੋ:

## <u>ਖੁੱਲੀ ਕਵਿਤਾ:</u>

ਖੁੱਲੀ ਕਵਿਤਾ ਦਾ ਆਰੰਭ ਪ੍ਰੋ:ਪੂਰਨ ਸਿੰਘ ਤੋਂ ਹੁੰਦਾ ਹੈ।ਕਵਿਤਾ ਵਿਚ ਜਿੱਥੇ ਹਰ ਤੱਤ ਦਾ ਹੋਣਾ ਅਹਿਮ ਹੈ ਉਥੇ ਪੁਰਾਤਨ ਕਵਿਤਾ ਛੰਦ ਆਧਾਰਿਤ ਹੁੰਦੀ ਹੈ।ਪਰ ਆਧੁਨਿਕ ਕਵਿਤਾ ਨੂੰ ਛੰਦ ਮੁਕਤ,ਤੁਕਾਂਤ ਮੁਕਤ,ਕਿਸੇ ਵੀ ਪ੍ਰਕਾਰ ਦੀ ਪ੍ਰਬੰਧੀ ਤੋਂ ਮੁਕਤ ਹੋਵੇ ਉਸਨੂੰ ਖੁੱਲੀ ਕਵਿਤਾ ਦੇ ਰੂਪ ਵਜੋਂ ਜਾਣਿਆ ਜਾਂਦਾ ਹੈ। ਆਧੁਨਿਕ ਪੰਜਾਬੀ ਕਵਿਤਾ ਵਿਚ ਛੰਦ ਮੁਕਤ ਕਵਿਤਾ ਦਾ ਆਰੰਭ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਹੋਇਆ ਹੈ।19ਵੀ ਸਦੀ ਵਿਚ ਯੋਰਪ ਅਤੇ ਅਮਰੀਕਾ ਦੇ ਰੋਮਾਂਟਿਕ ਕਵੀਆਂ ਨੇ ਪਰੰਪਰਾਵਾਦੀ ਕਾਵਿਕ ਨਿਯਮਾਂ ਅਤੇ ਛੰਦ ਦਾ ਵਿਰੋਧ ਕੀਤਾ। ਖੁੱਲੀ ਕਵਿਤਾ ਦੇ ਮੁੱਖ ਲੱਛਣ ਹਨ:ਕਵਿਤਾ ਵਿਚ ਤੁਕਾਂ ਦੀ ਗਿਣਤੀ ਅਨਿਯਮਤ ਹੁੰਦੀ ਹੈ। ਤੁਕਾਂਤ ਦੀ ਅਣਹੋਂਦ,ਨਿਰੋਲ ਭਾਵਨਾਂ ਦੀ ਪੇਸ਼ਕਾਰੀ,ਛੰਦ ਤੋਂ ਬਿਨਾਂ ਖਾਸ ਪ੍ਰਕਾਰ ਦੀ ਲੈਅ ਆਦਿ।

**ਖੁੱਲੀ ਕਵਿਤਾ ਦੀਆਂ ਉਦਾਹਰਨਾਂ:**

- *ਆ ਪੰਜਾਬ-ਪਿਆਰ ਤੂੰ ਮੁੜ ਆ !*
  *ਆ ਸਿੱਖ-ਪੰਜਾਬ ਤੂੰ ਘਰ ਆ !*
  *ਤੇਰੇ ਤੂਤ ਦਿਸਣ ਮੁੜ ਸਾਵੇ,*
  *ਮੁੜ ਆਵਣ ਬੂਟਿਆ ਨਾਲ ਤੇਰੀਆਂ ਦੋਸਤੀਆਂ ।*
  *ਤੇਰੇ ਪਿੱਪਲਾਂ ਹੇਠ ਹੋਣ ਮੁੜ ਮੇਲੇ,*

*ਤੇਰੇ ਅੰਬਾਂ 'ਤੇ ਪੀਂਘਾਂ ਉੱਲਰਦੀਆਂ ।*
*ਕੁੜੀਆਂ, ਨੱਢੇ ਮੁੜ ਖੇਡਣ ਅੜੱਕ ਹੋ ਕੇ,*
*ਰਲ ਮਿਲ ਉਨ੍ਹਾਂ ਚੰਨੇ ਦੀਆਂ ਚਾਨਣੀਆਂ,*
*ਕਿਰਕਿਲੀਆਂ ਪਾਣ ਰਲ ਮਿਲ ਕੇ, ਖੇਡਣ ਛੁਪਣ ਲੁਕੀਆਂ।*

- *ਪਹਿਲੋ ਪਹਿਲ ਪੱਥਰ ਯੁੱਗ ਸੀ*
  *ਪੱਥਰ ਦੇ ਔਜ਼ਾਰ ਪੱਥਰ ਦੇ ਹਥਿਆਰ*
  *ਫਿਰ ਤਾਂਬਾ ਯੁੱਗ ਆਇਆ*
  *ਤਾਂਬੇ ਦੇ ਅਸਤਰ ਸ਼ਸਤਰ ਬਰਤਨ*
  *ਫਿਰ ਆਇਆ ਲੋਹਾ ਯੁੱਗ*
  *ਬੰਦੇ ਕੋਲ ਪੈਸਾ ਹੋਇਆ*
  *ਤੇ ਖ਼ੁਦ ਬੰਦਾ ਬੜਾ ਐਸਾ ਵੈਸਾ ਹੋਇਆ*
  *ਗਰੀਬ ਹੋਇਆ ਧਨਵਾਨ ਹੋਇਆ*
  *ਦਸਤਕਾਰ ਹੋਇਆ ਕਿਸਾਨ ਹੋਇਆ*

## ਪਰਵਾਸੀ ਪੰਜਾਬੀ ਕਵਿਤਾ:

ਸਮੇਂ ਦੌਰਾਨ ਹੀ ਰੋਟੀ ਰੋਜ਼ੀ ਦੀ ਤਲਾਸ਼ ਵਿੱਚ ਪੰਜਾਬੀਆਂ ਦਾ ਵੱਡੀ ਪੱਧਰ ਤੇ ਦੁਨੀਆ ਦੇ ਹੋਰ ਦੇਸ਼ਾ ਖਾਸ ਕਰਕੇ ਇੰਗਲੈਂਡ ਅਮਰੀਕਾ, ਕੈਨੇਡਾ, ਆਸਟਰੇਲੀਆ ਨੂੰ ਪਰਵਾਸ ਸ਼ੁਰੂ ਹੁੰਦਾ ਹੈ। ਸ਼ਾਇਰ ਭਾਈ ਵੀਰ ਸਿੰਘ ਇਸ ਕਾਲ ਵਿੱਚ ਵੀ ਰਚਨਾ ਕਰਦਾ ਰਹਿੰਦਾ ਹੈ ਅਤੇ ਪੰਜਾਬੀ ਕਵਿਤਾ ਦਾ ਪਹਿਲਾ ਸਾਹਿਤ ਅਕੈਡਮੀ ਦਾ ਇਨਾਮ ਜੇਤੂ ਬਣਦਾ ਹੈ। ਬਸਤੀਵਾਦੀ ਕਾਲ ਵਿੱਚ ਕਵਿਤਾ ਲਿਖਣੀ ਸ਼ੁਰੂ ਕਰਨ ਵਾਲੇ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਇਸ ਕਾਲ ਵਿੱਚ ਸਿਰਜਣਾ ਕਰਦੇ ਹਨ। ਇਸ ਕਾਲ ਵਿੱਚ ਪ੍ਰਗਤੀਵਾਦੀ ਪ੍ਰਯੋਗਸ਼ੀਲ ਨਕਸਲਬਾੜੀ ਦੌਰ ਦੀ ਕਵਿਤਾ ਪੰਜਾਬ ਸੰਕਟ ਦੀ ਕਵਿਤਾ ਅਤੇ ਸਮਕਾਲੀ ਦੌਰ ਦੀ ਕਵਿਤਾ ਚਲਦੀ ਰਹਿੰਦੀ ਹੈ। ਇਸੇ ਸਮੇਂ ਸਮਕਾਲੀ ਕਵਿਤਾ ਵਿੱਚ ਪਰਵਾਸੀ ਕਾਵਿ ਦਲਿਤ ਕਾਵਿ ਅਤੇ ਨਾਰੀ ਕਾਵਿ ਉਭਰ ਰਹੇ ਹਨ। ਤੀਸਰੇ ਪੜਾਅ ਦੀ ਪੰਜਾਬੀ ਕਵਿਤਾ ਦਾ ਅਧਿਐਨ ਭਾਰਤੀ ਪੰਜਾਬੀ ਕਵਿਤਾ, ਪਾਕਿਸਤਾਨੀ ਪੰਜਾਬੀ ਕਵਿਤਾ ਅਤੇ ਪਰਵਾਸੀ ਪੰਜਾਬੀ ਕਵਿਤਾ ਵਰਗਾਂ ਵਿਚ ਵਰਗੀਕ੍ਰਿਤ ਕਰਕੇ ਕੀਤਾ ਜਾ ਸਕਦਾ ਹੈ।ਪਰਵਾਸੀ ਪੰਜਾਬੀ ਸਾਹਿਤ ਸਿਰਜਣਧਾਰਾ ਵਿਚ ਪੰਜਾਬੀ ਕਾਵਿ-ਸਿਰਜਣਾ ਦੇ ਕਈ ਮਹੱਤਵਪੂਰਨ ਸਿਰਜਣ-ਵਿਸਤਾਰ ਦ੍ਰਿਸ਼ਟੀਗ ਗੋਚਰ ਹੁੰਦੇ ਹਨ। ਇਸ ਸਿਰਜਣਧਾਰਾ ਵਿਚ ਭੂ-ਹੇਰਵਾ, ਨਸਲੀ ਵਿਤਕਰਾ, ਅੰਤਰ-ਸੱਭਿਆਚਾਰਕ ਤਨਾਉ, ਪੀੜ੍ਹੀ-ਪਾੜੇ ਤੇ ਪਾਰ-ਸੱਭਿਆਚਾਰਕ ਮਸਲਿਆਂ ਦੇ ਕਾਰਨ ਪੈਦਾ ਹੁੰਦੀ, ਅਸਤਿਤਵਮੂਲਕ ਵਿਤਰੇਕਤਾ ਦੀ ਭਾਵਨਾ ਨਾਲ, ਪਰਵਾਸੀ ਦੀ ਨਿੱਜੀ ਅਤੇ ਸਿਆਸੀ ਪੋਜ਼ੀਸ਼ਨ ਵਿਚ ਨਿਰੰਤਰ ਰੂਪਾਂਤਰਣ ਜਾਂ ਪਰਿਵਰਤਨ ਹੁੰਦਾ ਰਹਿੰਦਾ ਹੈ। ਕਈ ਤਰ੍ਹਾਂ ਦੇ ਸੰਕਟਾਂ ਵਿੱਚ ਘਿਰੇ ਹੋਏ ਪਰਵਾਸੀ ਨੂੰ ਕਦੀ ਆਪਣਾ ਦੇਸ਼ ਵੀ ਪ੍ਰਦੇਸ ਲੱਗਣ ਲੱਗ ਜਾਂਦਾ ਹੈ ਅਤੇ ਕਦੀ ਪਰਵਾਸ ਦੀ ਪ੍ਰਭਾਵ-ਲੀਲ੍ਹਾ ਆਪਣੇ ਦੇਸ਼ ਪ੍ਰਤੀ ਆਕਰਸ਼ਣ ਨੂੰ ਘਟਾਉਣ ਦਾ ਕਾਰਨ ਬਣਦੀ ਹੈ। ਪਰਵਾਸ ਵਿਚ ਬਣਾਇਆ ਘਰ ਸੁੱਖ ਸੰਤੁਸ਼ਟੀ ਲਈ ਜਾਂ ਸਮਾਜ-ਸੱਭਿਆਚਾਰਕ ਪ੍ਰਤਿਸ਼ਠਾ ਲਈ ਇਕ ਮਹੱਤਵਪੂਰਨ ਪਛਾਣ ਚਿੰਨ੍ਹ ਬਣ ਜਾਂਦਾ ਹੈ ਪਰ ਉਸਦੀ ਸੁਰਤ ਹਮੇਸ਼ਾ ਆਪਣੀ ਧਰਤੀ ਦੀਆਂ ਸਿਮਰਤੀਆਂ ਸੰਗ ਚੱਕਰਧਾਰੀ ਮੁਦਰਾ ਵਿਚ ਘੁੰਮਦੀ ਰਹਿੰਦੀ ਹੈ।

ਗ਼ਦਰ–ਕਾਵਿ ਤੋਂ ਬਾਅਦ ਪਰਵਾਸੀ ਪੰਜਾਬੀ ਕਵਿਤਾ ਨੇ ਪਰਵਾਸ ਤੇ ਪਰਵਾਸੀ ਦੇ ਮਾਨਵੀ ਸੰਕਟਾਂ ਨੂੰ ਕਈ ਧਰਾਤਲਾਂ ਤੇ ਵੇਖਣ, ਸਮਝਣ ਤੇ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਉਂਝ ਵੀ ਪਰਵਾਸੀਆਂ ਨੇ ਸਭ ਤੋਂ ਪਹਿਲਾਂ ਅਤੇ ਸਭ ਤੋਂ ਵਧੇਰੇ ਕਾਵਿ-ਸਾਹਿਤ ਦੀ ਹੀ ਰਚਨਾ ਕੀਤੀ ਹੈ। ਇਸ ਰਚਨਾ-ਕਾਲ ਵਿਚ ਘਰਵਾਸ ਤੇ ਪਰਵਾਸ ਅਤੇ ਦੇਸ਼ ਤੇ ਪ੍ਰਦੇਸ, ਹਮੇਸ਼ਾ ਤੁਲਨਾਤਮਕ ਪ੍ਰਸੰਗ ਵਿਚ ਸਦੈਵ ਉਸਦੇ ਅੰਗ-ਸੰਗ ਰਹੇ ਹਨ। ਏਸੇ ਪਿੱਠ-ਭੂਮੀ ਵਿਚੋਂ ਹੀ ਉਹ ਭਾਰਤੀ ਚਿੰਤਨ ਪ੍ਰੰਪਰਾ, ਭਾਰਤੀ ਦਰਸ਼ਨ ਪ੍ਰੰਪਰਾ ਤੇ ਭਾਰਤੀ ਇਤਿਹਾਸ-ਮਿਥਿਹਾਸ ਦੇ ਮਿਥ ਕੇਂਦ੍ਰਿਤ ਪ੍ਰਸੰਗਾਂ ਤੇ ਹਵਾਲਿਆਂ ਨੂੰ ਆਧੁਨਿਕ ਸੰਵੇਦਨਾ ਨਾਲ ਜੋੜ ਕੇ ਪ੍ਰਸਤੁਤ ਕਰਨ ਦੀ ਕੋਸ਼ਿਸ਼ ਵਿੱਚ ਲੱਗਾ ਰਿਹਾ ਹੈ।ਪਰਵਾਸੀ, ਆਪਣਾ ਮੁਲਕ, ਆਪਣੇ ਰਿਸ਼ਤੇਦਾਰ ਤੇ ਆਪਣੀਆ ਜੜ੍ਹਾਂ ਪੰਜਾਬ ਵਿਚ ਛੱਡ ਕੇ ਜਾਂਦੇ ਹਨ। ਇਸ ਕਰਕੇ ਇਹ ਬੇਗਾਨੇ ਮੁਲਕ ਵਿਚ ਜਾ ਕੇ ਸਭ ਤੋਂ ਪਹਿਲਾਂ ਉਦਰੇਵਾਂ ਹੰਢਾਉਂਦੇ ਹਨ। ਇਕੱਲਤਾ ਦਾ ਅਹਿਸਾਸ ਪਰਵਾਸੀ ਦੀ ਹੋਂਦ ਨੂੰ ਵਿਸ਼ਾਦ ਨਾਲ ਭਰ ਦਿੰਦਾ ਹੈ। ਇਹ ਉਦਰੇਵਾਂ ਇਕ ਸੰਕਟ ਦਾ ਰੂਪ ਉਸ ਵੇਲੇ ਧਾਰਨ ਕਰਦਾ ਹੈ ਜਦੋਂ ਇਹ ਲੋਕ ਉੱਥੇ ਕਮਾਈ ਕਰਨ ਲੱਗ ਜਾਂਦੇ ਹਨ। ਆਰਥਿਕ ਥੁੜ੍ਹ ਕਾਰਨ ਘਰੋਂ ਗਏ ਹੋਣ ਕਾਰਨ ਡਾਲਰਾਂ ਅਤੇ ਪੌਂਡਾਂ ਵਿਚ ਕਮਾਈ ਬਹੁਤ ਖਿੱਚ ਪਾਉਂਦੀ ਹੈ। ਜਦ ਆਰਥਿਕ ਖੁਸ਼ਹਾਲੀ ਵੱਲ ਵੇਖਦੇ ਹਨ ਤਾਂ ਪਰਾਇਆ ਮੁਲਕ ਚੰਗਾ ਲੱਗਦਾ ਹੈ ਪਰ ਜਦ ਆਪਣੀ ਮਿੱਟੀ ਦੀ ਮਹਿਕ ਚੇਤੇ ਆਉਂਦੀ ਹੈ ਤਾਂ ਪਿਛਾਂਹ ਜਾਣ ਦੀ ਚਾਹਤ ਜ਼ੋਰ ਪਾਉਣ ਲੱਗਦੀ ਹੈ। ਆਪਣਾ ਮੁਲਕ ਅਤੇ ਆਪਣਾ ਸੱਭਿਆਚਾਰ ਛੱਡ ਕੇ ਬੇਗਾਨੀ ਧਰਤੀ ਉੱਤੇ ਜੜ੍ਹ ਲਗਾਉਣੀ ਬੜਾ ਔਖਾ ਕੰਮ ਹੈ। ਪੰਜਾਬੀ ਪਰਵਾਸੀ ਜਦ

ਪਰਵਾਸ ਦੀਆਂ ਤਲਖ ਹਕੀਕਤਾਂ ਦੇ ਸਨਮੁਖ ਹੁੰਦੇ ਹਨ ਤਾਂ ਉਹਨਾਂ ਦੇ ਅਹਿਸਾਸ ਦੀ ਸ਼ਿੱਦਤ ਕਈ ਕਵਿਤਾਵਾਂ ਵਿਚ ਪ੍ਰਗਟ ਹੁੰਦੀ ਹੈ। ਪਰਾਈ ਧਰਤੀ, ਪਰਾਏ ਲੋਕ, ਨਸਲਵਾਦ, ਸੱਭਿਆਚਾਰਕ ਵਿੱਥ ਆਦਿ ਆਪਣੇ ਲੋਕਾਂ ਦੀ ਵਧੇਰੇ ਯਾਦ ਦਿਵਾਉਂਦੇ ਹਨ। ਕਈ ਵਾਰੀ ਪਰਵਾਸੀਆਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਵੀ ਬਹੁਤ ਮਾਨਸਿਕ ਤਨਾਉ ਦਿੰਦਾ ਹੈ। ਇਹੀ ਤਨਾਉ ਕਵਿਤਾ ਵਿਚ ਪੇਸ਼ ਹੁੰਦਾ ਹੈ। ਪਰਵਾਸੀ ਪੰਜਾਬੀ ਕਵਿਤਾ ਦੀ ਵਿਲੱਖਣ ਖਸਲਤ ਇਸਦੇ ਬਹੁ-ਪਾਸਾਰੀ ਸਮਾਜਸਭਿਆਚਾਰਕ ਪਰਿਵੇਸ਼ ਦੇ ਸਰੋਕਾਰਾਂ ਕਾਰਨ ਹੈ। ਇਸ ਵਿਚ ਪਰਵਾਸ ਦੌਰਾਨ ਦਰਪੇਸ਼ ਵਿਰੋਧੀ ਪ੍ਰਸਥਿਤੀਆਂ, ਵਿਸੰਗਤੀਆਂ ਤਣਾਵਾਂ ਅਤੇ ਸਮੱਸਿਆਵਾਂ ਦਾ ਅਜਿਹਾ ਅੰਤਰ-ਦਵੰਦ ਪੇਸ਼ ਹੁੰਦਾ ਹੈ ਜੋ ਇਸਨੂੰ ਮੂਲ ਪੰਜਾਬੀ ਸਾਹਿਤ ਦਾ ਇਕ ਅੰਗ ਹੋਣ ਦੇ ਬਾਵਜੂਦ ਵਿਲੱਖਣ ਪਛਾਣ ਦਿੰਦਾ ਹੈ। ਮੁਢਲਾ ਪ੍ਰਵਾਸੀ ਪੰਜਾਬੀ ਸਾਹਿਤ, ਗ਼ਦਰੀ ਬਾਬਿਆਂ ਦੇ ਪ੍ਰਭਾਵ ਕਾਰਨ ਦੇਸ਼ ਭਗਤੀ ਅਤੇ ਜੋਸ਼ੀਲੇ ਭਾਵਾਂ ਨਾਲ ਭਰਪੂਰ ਹੈ। ਵੀਹਵੀਂ ਅਤੇ ਇੱਕਵੀਂ ਸਦੀ ਦਾ ਸਾਹਿਤ ਜੀਵਨ-ਯਥਾਰਥ ਦੇ ਕਈ ਪਹਿਲੂ ਉਜਾਗਰ ਕਰਨ ਵੱਲ ਅਗਰਸਰ ਹੁੰਦਾ ਹੈ। ਇਸ ਸਾਹਿਤ ਵਿਚ ਆਤਮਿਕ ਵੇਦਨਾ, ਮਾਨਸਿਕ ਪੀੜਾ ਅਤੇ ਪਰਵਾਸ ਦੀਆਂ ਸਮਾਜ-ਸੱਭਿਆਚਾਰਕ ਦੁਸ਼ਵਾਰੀਆਂ ਨੂੰ ਅਨੁਭੂਤੀ ਅਤੇ ਅਭਿਵਿਅਕਤੀ ਦਾ ਵਿਸ਼ਾ ਬਣਾਇਆ ਗਿਆ ਹੈ। ਉਦਯੋਗ ਅਤੇ ਵਪਾਰ ਨਾਲ ਪੈਦਾ ਹੋਏ ਯੂਰਪੀਨ ਤਰਜ਼ੇ ਜ਼ਿੰਦਗੀ ਦੇ ਨਵੀਨ ਰੂਪਾਂ ਅਤੇ ਪੱਛਮੀ ਚਿੰਤਨ ਨੇ ਵੀ ਪਰਵਾਸੀ ਪੰਜਾਬੀ ਕਵਿਤਾ ਨੂੰ ਪ੍ਰਭਾਵਿਤ ਕੀਤਾ ਹੈ। ਇਸ ਕਾਰਨ ਪਰਵਾਸੀ ਪੰਜਾਬੀ ਕਵਿਤਾ ਨਵੀਨ ਚਿੰਤਨ ਦੇ ਸਮਵਿੱਥ, ਰਚਨਾ ਦੀ ਪ੍ਰੇਰਨਾ ਗ੍ਰਹਿਣ ਕਰਦੀ ਹੈ।

## ਪਾਕਿਸਤਾਨੀ ਪੰਜਾਬੀ ਕਵਿਤਾ:

ਪਾਕਿਸਤਾਨ ਵਿੱਚ ਹੁਣ ਤਕ ਲਗਭਗ 500 ਦੇ ਕਰੀਬ ਕਾਵਿ ਸੰਗ੍ਰਹਿ ਛਪ ਚੁੱਕੇ ਹਨ। ਪਾਕਿਸਤਾਨੀ ਪੰਜਾਬੀ ਕਵੀਆਂ ਪਾਸ ਸ਼ਾਇਰੀ ਦੀ ਇੱਕ ਜ਼ੋਰਦਾਰ ਰਿਵਾਇਤ ਹੈ। ਪੰਜ ਦਰਿਆ ਦਾ ਨਜ਼ਮ ਨੰਬਰ, ਗੁਲਾਮ ਮੁਸਤਫ਼ਾ ਬਿਸਮਲ ਰਚਿਤ ਮੇਲੇ ਮਿੱਤਰਾਂ ਦੇ(ਕਵੀਆਂ ਬਾਰੇ ਕਵਿਤਾ ਵਿੱਚ ਤਜ਼ਕਰਾ) ਅਤੇ ਸਰਫ਼ਰਾਜ਼ ਕਾਜ਼ੀ ਦੀ ਪੁਸਤਕ ਨਵੀਂ ਨਜ਼ਮ ਇਸ ਗੱਲ ਦਾ ਪ੍ਰਮਾਣ ਹਨ ਕਿ ਵਾਘੇ ਤੋਂ ਪਾਰ ਪੰਜਾਬੀ ਕਵਿਤਾ ਪੰਜ ਦਰਿਆਵਾਂ ਦੀ ਧਰਤੀ ਦੀਆਂ ਸੁਨਹਿਰੀ ਰਿਵਾਇਤਾਂ ਨੂੰ ਬਾਕਾਇਦਾ ਕਾਇਮ ਰੱਖ ਰਹੀ ਹੈ।

**ਰਿਵਾਇਤੀ ਸ਼ਾਇਰੀ:**

ਮੌਲਾ ਬਖ਼ਸ਼ ਕੁਸ਼ਤਾ ਅਤੇ ਫਿਰੋਜ਼ਦੀਨ ਸ਼ਰਫ ਜਿਹੜੇ ਪ੍ਰੋ. ਪੂਰਨ ਸਿੰਘ ਅਤੇ ਭਾਈ ਵੀਰ ਸਿੰਘ ਦੇ ਸਮਕਾਲੀ ਸਨ ਨੇ ਆਪਣੇ ਆਪ ਨੂੰ ਵਧੇਰੇ ਕਰਕੇ ਰਿਵਾਇਤ ਨਾਲ ਜੋੜੀ ਰੱਖਿਆ। ਇਸ ਤੋਂ ਇਲਾਵਾ ਬਾਬੂ ਆਬਦੁਲ ਗੁਨੀ ਵਫਾ, ਹਕੀਮ ਅਬਦੁਲ ਲਤੀਫ, ਡਾ. ਫਕੀਰ ਮੁਹੰਮਦ ਫਕੀਰ, ਜੋਗੀ ਜਿਹਲਮੀ ਅਤੇ ਦਾਮਨ ਆਦਿ ਸ਼ਾਇਰਾਂ ਨੇ ਵੀ ਛੰਦਾ ਬੰਦੀ ਵਿੱਚ ਕਵਿਤਾ ਰਚੀ।

- ਪੰਜਾਬ ਵੰਡ ਦਾ ਪ੍ਰਭਾਵ – 1947 ਦੀ ਵੰਡ ਦਾ ਜ਼ਿਕਰ ਜਿੱਥੇ ਇਤਿਹਾਸਕਾਰਾਂ ਨੇ ਕੀਤਾ ਉੱਥੇ ਸਾਹਿਤਕਾਰਾਂ ਉੱਪਰ ਵੀ ਇਸਦਾ ਪ੍ਰਭਾਵ ਪਿਆ ਹੈ। ਪਾਕਿਸਤਾਨ ਦੇ ਬਹੁਤ ਘੱਟ ਕਵੀਆਂ ਨੇ ਇਸ ਵੰਡ ਦੇ ਦੁਖਾਂਤ ਨੂੰ ਪ੍ਰਗਟ ਕੀਤਾ ਹੈ।

ਪੰਜਾਬ ਦੀ ਵੰਡ ਬਾਰੇ ਸ਼ਰੀਫ਼ ਕੁੰਜਾਹੀ ਦੀਆਂ ਨਜ਼ਮਾਂ ਮਿਜਾਜ਼ ਦੇ ਲਿਹਾਜ਼ ਨਾਲ ਦੂਜਿਆਂ ਨਾਲੋਂ ਵੱਖਰੇ ਰੰਗ ਦੀਆਂ ਹਨ ਜਿਹਨਾਂ ਵਿੱਚ ਜ਼ਾਤੀ ਰਿਸ਼ਤਿਆਂ ਦਾ ਉਹ ਹਵਾਲਾ ਮਿਲਦਾ ਹੈ, ਜਿਹੜਾ ਕੁਸੇ ਸਾਂਝੀ ਵਸੋਂ ਦੇ ਛੋਟੇ ਨਗਰ ਵਾਸੀਆਂ ਕੋਲੋਂ ਈ ਮੁਮਕਿਨ ਸੀ ਤੇ ਜਿਸ ਵੇਲੇ ਸਾਂਝ ਦਾ ਉਹ ਰਾਣੀ ਗੰਧਾਲਿਆ ਗਿਆ ਉਸ ਨੂੰ ਦੁੱਖ ਹੋਇਆ ਤੇ ਉਹ ਸੋਚੀਂ ਪੈ ਗਿਆ।

- ਡਰ, ਖੌਫ਼ ਅਤੇ ਪ੍ਰਤੀਕ ਵਿਧਾਨ – ਕਵਿਤਾ ਵਿੱਚ ਡਰ, ਖੌਫ਼, ਦੁੱਖ, ਸਹਿਮ, ਸ਼ੰਕਾ ਆਦਿ ਵਿਸ਼ੇ ਲਏ ਗਏ ਹਨ।ਇਨ੍ਹਾਂ ਵਿਸ਼ਿਆਂ ਉੱਤੇ ਮੁਨੀਰ ਨਿਆਜ਼ੀ, ਕੰਵਲ ਮੁਸ਼ਤਾਕ, ਅਜਮਲ ਵਜੀਹ, ਆਸ਼ਿਕ ਵਿਰਕ ਆਦਿ ਕਵੀਆਂ ਨੇ ਬੜੇ ਸੋਹਣੇ ਢੰਗ ਨਾਲ ਕਵਿਤਾਵਾਂ ਰਚੀਆਂ ਹਨ।
- ਇਕਲਾਪਾ – ਪਾਕਿਸਤਾਨ ਵਿੱਚ ਨਵੀਨ ਪ੍ਰਵਿਰਤੀਆਂ ਦੇ ਆਉਣ ਨਾਲ ਇਕਲਾਪੇ ਦਾ ਅਹਿਸਾਸ ਕਈ ਕਵੀਆਂ ਵਿੱਚ ਪੈਦਾ ਹੁੰਦਾ ਹੈ ਤੇ ਉਹਨਾਂ ਦੀਆਂ ਰਚਨਾਵਾਂ ਦਾ ਹਿੱਸਾ ਬਣਦਾ ਹੈ।
- ਪਿਆਰ, ਰੋਮਾਂਸ ਤੇ ਜਿਨਸੀਆਤ – ਪਿਆਰ ਮਨੁੱਖੀ ਜਜ਼ਬਿਆਂ ਦ ਕੁਦਰਤੀ ਪ੍ਰਗਟਾਵਾ ਹੈ। ਪਾਕਿਸਤਾਨੀ ਕਵੀਆਂ ਨੇ ਵੀ ਆਪਣੀਆਂ ਕਵਿਤਾਵਾਂ ਵਿੱਚ ਪਿਆਰ, ਰੋਮਾਂਸ ਜਿਨਸੀਅਤ ਸੰਬੰਧਾਂ ਨੂੰ ਪੇਸ਼ ਕੀਤਾ ਹੈ। ਅਹਿਮਦ ਰਾਹੀ ਦੇ ਤ੍ਰਿੰਞਣ ਕਾਵਿ ਸੰਗ੍ਰਹਿ ਵਿੱਚ ਬਹੁਤ ਸਾਰੀਆਂ ਕਵਿਤਾਵਾਂ ਅਜਿਹੀਆਂ ਹਨ ਜਿਹਨਾਂ ਵਿੱਚ ਪਿਆਰੇ ਤੇ ਰੋਮਾਂਸ ਦਾ ਜ਼ਿਕਰ ਮਿਲਦਾ ਹੈ।

***ਉਹਦੇ ਸਿਰ ਤੇ ਕਾਲੀ ਚੁੰਨੀ***
***ਜਿਉਂ ਚੰਨ ਦੇ ਸਿਰ ਤੇ ਕਾਲਾ ਬੱਦਲ (ਹਸਨ ਰਜਵੀ)***

## ਸਾਰ-ਅੰਸ਼:

ਕਵਿਤਾ ਮੱਧਕਾਲੀ ਸਮੇਂ ਵਿੱਚੋਂ ਜਦੋਂ ਆਧੁਨਿਕ ਸਮੇਂ ਵਿੱਚ ਦਾਖ਼ਲ ਹੋਈ ਤਾਂ ਇਸ ਵਿੱਚ ਨਵੀਆਂ ਪ੍ਰਵਿਰਤੀਆਂ ਨਵ-ਰਹੱਸਵਾਦੀ, ਰੁਮਾਂਸਵਾਦੀ, ਪ੍ਰਯੋਗਵਾਦੀ, ਪ੍ਰਗਤੀਵਾਦੀ ਅਤੇ ਜੁਝਾਰਵਾਦੀ ਦੀ ਆਮਦ ਹੋਈ। ਸਮੇਂ ਦੇ ਬਦਲਣ ਨਾਲ ਸਮਾਜ ਵਿੱਚ ਨਵੇਂ ਪਰਿਵਰਤਨ ਆਏ, ਜਿਨ੍ਹਾਂ ਮਨੁੱਖਤਾ ਤੇ ਸਮਾਜ ਨੂੰ ਪ੍ਰਭਾਵਿਤ ਕੀਤਾ ਤੇ ਉਹੀ ਕਵਿਤਾ ਰਾਹੀਂ ਪੇਸ਼ ਹੋਇਆ।ਆਧੁਨਿਕ ਪੰਜਾਬੀ ਕਵਿਤਾ ਦਾ 1850 ਈ ਤੋਂ ਬਾਅਦ ਬਿਲਕੁਲ ਵਖਰੇ ਰੂਪ ਦਾ ਹੋ ਜਾਂਦਾ ਹੈ। ਪਰ ਕੁਝ ਲੱਛਣ ਅਜਿਹੇ ਹੁੰਦੇ ਹਨ। ਜੋ ਨਾਲ ਨਾਲ ਚਲਦੇ ਹਨ। ਜਿਵੇਂ ਕਿਸਾ ਕਾਵਿ ਰੂਪ, ਵਾਰਾਂ, ਜੰਗਨਾਮੇ, ਧਾਰਮਿਕ ਸਦਾਚਾਰਕ ਉਦੇਸ਼ ਵਾਲੀ ਕਵਿਤਾ ਜਿਵੇਂ ਕਿੱਸਾ ਕਾਵਿ ਦ੍ਰਿਸ਼ਟੀ ਤੋਂ ਫਜਲਸ਼ਾਹ, ਮੁੰਹਮਦ ਬਖਸ, ਕ੍ਰਿਸ਼ਨ ਸਿੰਘ ਆਰਿਫ਼, ਗੰਗੂ ਰਾਮ, ਭਗਵਾਨ ਸਿੰਘ, ਮੋਲਵੀ ਗੁਲਾਮ ਰਸੂਲ, ਦਿੱਤ ਸਿੰਘ, ਡਾ: ਚਰਨ ਸਿੰਘ, ਦੋਲਤ ਰਾਮ,ਕਾਲੀਦਾਸ਼ ਗੁਜਰਾਂਵਾਲੀਆ, ਕਰਤਾਰ ਸਿੰਘ ਕਲਾਸਵਾਲੀਆ, ਗਿਆਨੀ ਪਾਲ ਸਿੰਘ ਆਰਫ਼, ਸਾਧੂ ਦਯਾ ਸਿੰਘ, ਪੰਡਿਤ ਕਿਸ਼ੋਰ ਚੰਦ,ਮੋਲਾ ਬਖ਼ਸ ਕੁਸ਼ਤਾ, ਬਾਬੂ ਰਜਬ ਅਲੀ ਆਦਿ ਕਾਵਿਕ ਪਰੰਪਰਾ ਦੇ ਵਰਨਣਯੋਗ ਕਵੀ ਹਨ।

1 **ਸਟੇਜੀ ਕਾਵਿ ਧਾਰਾ**:- ਆਧੁਨਿਕ ਕਵਿਤਾ ਵਿੱਚ ਸਾਡੇ ਸਾਹਮਣੇ ਸਟੇਜੀ ਕਵੀ ਧਾਰਾ ਦੇ ਕਵੀ ਉਭਰ ਕੇ ਸਾਹਮਣੇ ਆਉਂਦੇ ਹਨ। ਜਿਵੇਂ:- ਫਿਰੋਜਦੀਨ ਸਰਫ਼, ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫ਼ਿਰ, ਵਿਧਾਤਾ ਸਿੰਘ ਧੀਰ, ਨੰਦ ਲਾਲ ਨੂਰਪੁਰੀ, ਤੇਜਾ ਸਿੰਘ ਸਬਰ ਆਦਿ ਹਨ।

2 **ਆਧੁਨਿਕ ਨਵੀਂ ਕਵੀ ਧਾਰਾ ਕਾਵਿ**:- ਆਧੁਨਿਕ ਨਵੀਂ ਕਵੀ ਧਾਰਾ ਕਾਵਿ ਕੁੱਝ ਵਿਦਵਾਨ ਇਸ ਕਾਵਿ ਨੂੰ ਸ਼ਾਹ ਮੁੰਹਮਦ ਤੋਂ ਮੰਨਦੇ ਹਨ। ਪਰ ਪ੍ਰਮਾਣਿਕ ਆਰੰਭ ਭਾਈ ਵੀਰ ਸਿੰਘ ਤੋਂ ਮੰਨਿਆ ਜਾਂਦਾ ਹੈ। ਇਹ ਕਵਿਤਾ ਵਿਭਿੰਨ ਇਤਿਹਾਸਕ ਪੜਾਅ ਵਿੱਚੋਂ ਲੰਘਦੀ ਹੋਈ ਵੱਖ ਵੱਖ ਸਾਹਿਤਕ ਪ੍ਰਿਵਿਰਤੀਆ ਨੂੰ ਜਨਮ ਦਿੰਦੀ ਹੈ। ਇਤਿਹਾਸਕ ਪੜਾਅ ਅਤੇ ਕਾਵਿਕ ਪ੍ਰਿਵਿਰਤੀਆਂ ਪੱਖੋਂ ਇਸ ਕਵਿਤਾ ਦੇ ਪੰਜ ਮੁੱਖ ਕਾਲ ਖੰਡ ਕੀਤੇ ਗਏ ਹਨ।

**ਪਹਿਲੀ ਪੀੜ੍ਹੀ (1901-1935)**:- ਇਸ ਕਵਿਤਾ ਦਾ ਮੁੱਖ ਲੱਛਣ ਆਧੁਨਿਕ ਤੋਰ ਤੇ ਉਭਰ ਰਹੇ ਨਿਜੀ ਪਸਾਰ ਬਦਲਦੇ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਕਰਦੀ ਹੈ। ਇਸ ਪੀੜ੍ਹੀ ਵਿੱਚ ਸਾਮਿਲ ਕਵੀ:- ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਲਾਲਾ ਕਿਰਪਾ ਸਾਗਰ, ਡਾ: ਮੋਹਨ ਸਿੰਘ ਦੀਵਾਨਾ, ਡਾ: ਦੀਵਾਨ ਸਿੰਘ ਕਾਲੇਪਾਣੀ ਆਦਿ ਹਨ।

**ਦੂਜੀ ਪੀੜ੍ਹੀ (1935-1947)**:- ਇਹ ਦੋਰ ਪ੍ਰਗਤੀਵਾਦੀ ਸਾਹਿਤ ਦੇ ਧਾਰਾ ਦੇ ਆਰਭ ਦਾ ਦੋਰ ਹੈ ਇਸ ਪੀੜ੍ਹੀ ਦੇ ਮੁੱਖ ਵਿਸ਼ੇ ਅਜ਼ਾਦੀ ਅਤੇ ਰਾਸ਼ਟਰ ਭਾਵਨਾ ਦੇ ਰਹੇ ਹਨ। ਇਸ ਪੀੜ੍ਹੀ ਦੇ ਪ੍ਰਮੁੱਖ ਕਵੀ:- ਪ੍ਰੋ: ਮੋਹਨ ਸਿੰਘ, ਅਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਹਰਿੰਦਰ ਸਿੰਘ ਰੂਪ, ਅਵਤਾਰ ਸਿੰਘ ਅਜ਼ਾਦ,ਡਾ ਗੋਪਾਲ ਸਿੰਘ ਦਰਦੀ ਆਦਿ ਹਨ।

**ਤੀਸਰੀ ਪੀੜ੍ਹੀ (1965 ਤੋਂ ਬੋਅਦ)**:- ਇਹ ਦੋਰ ਪ੍ਰਗਤੀਵਾਦੀ ਕਾਵਿ ਦੇ ਮੁਕਾਬਲਤਨ ਵਿਗਠਨ ਤੇ ਇੱਕੋ ਵੇਲੇ ਤਿੰਨ ਧਾਰਾਵਾਂ ਦੇ ਸਮਾਨਾਤਰ ਵਿਗਸਣ ਦਾ ਕਾਲ ਹੈ। ਭਾਵ ਸਿਰਜਨਾਤਮਕ ਵੰਨ ਸੁੰਵਨਤਾ ਦਾ ਦੋਰ ਹੁੰਦਾ ਹੈ। ਇਸ ਦੋਰ ਵਿੱਚ ਕਈ ਪ੍ਰਕਾਰ ਦੀਆਂ ਪ੍ਰਵਿਰਤੀਆਂ ਸਾਹਮਣੇ ਆਉਂਦੀਆਂ ਹਨ:-

**(1) ਸੁਹਜਭਾਵੀ ਵਿਅਕਤੀ ਕੇਂਦਰੀ ਪ੍ਰਵਿਰਤੀ:** - ਇਸ ਪ੍ਰਵਿਰਤੀ ਦੇ ਅੰਤਰਗਤ ਮਨੁੱਖੀ ਮਨੋਸੰਸਾਰ ਦੇ ਕਰਮਾਂ ਪ੍ਰਤੀਕਰਮਾਂ. ਤਰਕਾਂ, ਵਿਤਰਕਾਂ, ਇਛਾਵਾਂ ਅਤੇ ਅਪੁਰਤੀਆਂ ਦਾ ਕੇਂਦਰੀ ਸੁਰ ਉਭਰਦਾ ਹੈ। ਵਿਅਕਤੀ ਕੇਂਦਰੀ ਸਰੋਕਾਰ ਮੁੱਖ ਵਿਸ਼ੇ ਬਣਦੇ ਹਨ। ਇਸ ਪ੍ਰਵਿਰਤੀ ਵਿੱਚ ਐਲਾਨ ਜਾਂ ਨਾਹਰੇ ਦੀ ਬਜਾਏ ਸੁਹਜਭਾਵੀ ਜਾਂ ਜਜਬਾਤੀ ਅਤੇ ਸਵੈ ਸੰਬੋਧਨੀ ਸੰਚਾਰ ਨੂੰ ਪਹਿਲਤਾ ਦਿਦੀ ਹੈ। ਇਸ ਧਾਰਾ ਦੇ ਮੁਖ ਸ਼ਾਇਰ ਹਰਿਭਜਨ ਸਿੰਘ, ਐਸ ਐਸ ਮੀਸ਼ਾ, ਜਸਵੰਤ ਸਿੰਘ ਨੇਕੀ, ਸ਼ਿਵ ਕੁਮਾਰ ਬਟਾਲਵੀ, ਤਾਰਾ ਸਿੰਘ, ਭਗਵੰਤ ਸਿੰਘ ਆਦਿ ਹਨ।

**(2) ਪ੍ਰਯੋਗਸ਼ੀਲ ਕਵਿਤਾ: -** ਪ੍ਰਯੋਗਸ਼ੀਲ ਕਵਿਤਾ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਆਸ ਪਾਸ ਉਭਰਦੀ ਹੈ। ਇਸ ਪ੍ਰਵਿਰਤੀ ਦਾ ਪ੍ਰੱਮੁਖ ਚਿੰਤਕ ਡਾ: ਜਸਬੀਰ ਸਿੰਘ ਅਹਲੂਵਾਲੀਆ ਹਨ ਉਸ ਨੇ ਮਾਰਕਸਵਾਦੀ ਦਰਸ਼ਨ ਦੀ ਆੜ ਹੇਠ ਭਾਰੂ ਪ੍ਰਗਤੀਵਾਦੀ ਵਿਚਾਰਧਾਰਾ ਤੇ ਕਵਿਤਾ ਨੂੰ ਵੰਗਾਰਿਆਂ ਜਸਬੀਰ ਸਿੰਘ ਅਹਲੂਵਾਲੀਆ ਕਹਿਦੇ ਹਨ। ਕਿ ਪ੍ਰਗਤੀਵਾਦੀ ਕਵਿਤਾ ਆਪਣੇ ਕ੍ਰਾਂਤੀਕਾਰੀ ਅਤੇ ਰੋਮਾਂਟਿਕ ਬਿਰਤੀਆਂ ਦੇ ਅਲੋਕਾਰੀ ਸਮਝੋਤੇ ਕਾਰਨ ਪ੍ਰਮਾਨਕਤਾ ਨੂੰ ਗੁਆ ਬੇਠੀ ਹੈ। ਇਸ ਲਈ ਉਨਾ ਨੇ ਨਵੀਂ ਕਵਿਤਾ ਪ੍ਰਯੋਗਸ਼ੀਲ ਦਾ ਨਾਹਰਾ ਦਿਤਾ।

(3) **ਚੋਥੀ ਪੀੜ੍ਹੀ:** - ਇਸ ਦੋਰ ਵਿੱਚ ਮੁੱਖ ਤੋਰ ਤੇ ਜੁਝਾਰਵਾਦੀ ਕਾਵਿ ਧਾਰਾ ਉਭਰ ਕੇ ਸਾਹਮਣੇ ਆਉਂਦੀ ਹੈ। ਬੰਗਾਲ ਵਿੱਚ ਨਕਸਲਵਾੜੀ ਪਿੰਡ ਵਿੱਚ ਹਥਿਆਰਬੰਦ ਇਨਕਲਾਬ ਦਾ ਨਾਹਰਾ ਬੁਲੰਦ ਹੋਇਆ ਜਿਸ ਕਰਕੇ ਇਸ ਲਹਿਰ ਦਾ ਨਾਮ ਨਕਸਲਬਾੜੀ ਪੈ ਗਿਆ। ਇਸ ਲਹਿਰ ਦੇ ਸਾਹਿਤਕ ਹੁੰਗਾਰੇ ਵਿਚੋਂ ਪੰਜਾਬੀ ਵਿੱਚ ਕ੍ਰਾਂਤੀਕਾਰੀ ਭਾਵਾਂਵਾਲੀ ਕਵਿਤਾ ਪੇਦਾ ਹੋਈ। ਜਿਸ ਨੂ ਨਕਸਲਬਾੜੀ ਕਵਿਤਾ, ਵਿਧਰੋਹੀ, ਜੁਝਾਰਵਾਦੀ ਕਵਿਤਾ, ਇਤਿਹਾਸਮੁਖ ਵਾਲੀ, ਚੇਤਨਾ ਵਾਲੀ ਕਵਿਤਾ ਸਿਰਲੇਖ ਅਧੀਨ ਨਿਖੇੜਿਆ ਗਿਆ। ਇਸ ਵਿੱਚ ਹੇਹ ਲਿਖੇ ਕਵੀ ਸ਼ਾਮਿਲ ਹਨ: - ਡਾ ਜਗਤਾਰ, ਪਾਸ਼, ਹਰਭਜਨ ਹਲਵਾਰਵੀ, ਸੰਤ ਰਾਮ ਉਦਾਸੀ, ਸੁਰਜੀਤ ਪਾਤਰ ਆਦਿ ਹਨ।

(4) **ਪੰਜਾਬ ਸੰਕਟ ਸਬੰਧਿਤ ਕਵਿਤਾ: -** ਪੰਜਾਬ ਸੰਕਟ ਸੱਤਵੇਂ ਦਹਾਕੇ ਦੇ ਅੰਤਲੇ ਵਰਿਆਂ ਤੋਂ ਸ਼ੁਰੂ ਹੋ ਕੇ ਦਸਵੇਂ ਦਹਾਕੇ ਦੇ ਮੁੱਢਲੇ ਵਰਿਆਂ ਤਕ ਦਾ ਸਮਾਂ ਹੈ। ਇਸ ਕਾਲ ਵਿੱਚ ਪੰਜਾਬ ਸੰਕਟ ਨਲ ਸਬੰਧਿਤ ਕਵਿਤਾਵਾਂ ਲਿਖੀਆਂ ਗਈਆਂ ਹਨ। ਇਸ ਕਾਲ ਦੀਆਂ ਜੁਝਾਰੂ ਜਾਂ ਖਾੜਕੂ ਆਤੰਕਵਾਦੀ ਲਹਿਰ ਆਦਿ ਵਿਸੇਸ਼ਣ ਦਿੱਤੇ ਗਏ ਹਨ। ਇਸ ਲਹਿਰ ਨਾਲ ਸਬੰਧਿਤ ਕਵੀ ਹੇਠ ਲਿਖੇ ਹਨ। ਜਿਵੇਂ: - ਡਾ: ਜਗਤਾਰ, ਹਰਭਜਨ ਸਿੰਘ ਹੁੰਦਲ, ਮੋਹਨਜੀਤ, ਸ਼ਾਹਰਯਾਰ, ਆਦਿ ਸ਼ਾਮਿਲ ਹਨ।

## ਮੁੱਖ/ਕੇਂਦਰੀ ਸ਼ਬਦ:

ਕਾਵਿ-ਕਵਿਤਾ

ਆਲੰਕਾਰ- ਸ਼ਬਦਾ ਦੀ ਬਣਤਰ ਰਾਹੀ ਕਵਿਤਾ ਨੂੰ ਸ਼ਿੰਗਾਰਨਾ

ਪ੍ਰਤੀਕ- ਸੰਕੇਤਕ ਸ਼ਬਦਾਵਲੀ

ਅਭਿਵਿਅਕਤੀ- ਪੇਸ਼ਕਾਰੀ

ਨਸਲੀ ਵਿਤਕਰਾ-

ਭੂ-ਹੇਰਵਾ-ਆਪਣੀ ਧਰਤੀ ਦੀ ਯਾਦ

## ਸਵੈ-ਮੁਲਾਂਕਣ:

### ਪ੍ਰ1. ਕਵਿਤਾ ਕਿਹੜੀ ਕਲਾ ਹੈ?

ੳ.ਕਲਾ
ਅ.ਸ਼ਬਦੀ ਕਲਾ
ੲ.ਵਿਚਾਰਧਾਰਾ
ਸ.ਗਾਇਣ

### ਪ੍ਰ2. ਕਵਿਤਾ ਵਿਚ ਪ੍ਰਤੀਕ ਦੀ ਵਰਤੋ ਕਿਉ ਕੀਤੀ ਜਾਂਦੀ ਹੈ?

ੳ.ਸੰਕੇਤਕ ਸ਼ਬਦਾਵਲੀ ਲਈ

ਅ.ਕਵਿਤਾ ਨੂੰ ਸੰਖੇਪ ਕਰਨ ਲਈ

ੲ.ਗੁੱਝੇ ਅਰਥ ਸਪੱਸ਼ਟ ਕਰਨ ਲਈ

ਸ.ਉਪਰੋਕਤ ਸਾਰੇ

### ਪ੍ਰ3. ਗੀਤ ਨੂੰ ਕਿਹੜੇ ਭਾਗਾਂ ਵਿਚ ਵੰਡ ਕੇ ਦੇਖਿਆ ਜਾਂਦਾ ਹੈ?

ੳ.ਅੰਦਰੂਨੀ
ਅ.ਬਾਹਰੀ
ੲ.ਦੋਵੇ ਪੂਰਨ ਸਹੀ
ਸ.ਦੋਵੇ ਅੰਸ਼ਕ ਗਲਤ

**ਪ੍ਰ4. ਪੰਜਾਬੀ ਸਾਹਿਤ ਵਿਚ ਪੱਗੜੀ ਸੰਭਾਲ ਜੱਟਾਂ ਗੀਤ ਦਾ ਸਿਰਜਕ ਕੌਣ ਹੈ?**

ੳ.ਨੰਦ ਲਾਲ ਨੂਰਪੁਰੀ

ਅ.ਬਾਂਕੇ ਦਿਆਲ

ੲ.ਧਨੀ ਰਾਮ ਚ੍ਰਾਤਿਕ

ਸ.ਉਪਰੋਕਤ ਕੋਈ ਨਹੀ

**ਪ੍ਰ 5. ਗੀਤ ਸ਼ਬਦ ਦੀ ਉਤਪਤੀ ਕਿਹੜੇ ਸ਼ਬਦ ਤੋ ਮੰਨੀ ਗਈ ਹੈ?**

ੳ.ਧਰਵ

ਅ.ਧਰੁਵਾ

ਪ੍ਰ 6.ਖੁੱਲੀ ਕਵਿਤਾ ਦਾ ਆਰੰਭ ਪੰਜਾਬੀ ਸਾਹਿਤ ਵਿਚ ਕਿਸਨੇ ਕੀਤਾ ਸੀ?

ੳ.ਪੂਰਨ ਸਿੰਘ

ਅ.ਮੋਹਨ ਸਿੰਘ

ੲ.ਜਗਤਾਰ

ਪ੍ਰ7. ਕਵਿਤਾ ਦਿਲ ਦੀ ਬੋਲੀ ਹੈ?

ੳ.ਸਹੀ

ਅ.ਗਲਤ

ਪ੍ਰ8.ਸਾਹਿਤਕ ਗੀਤਕਾਰ ਦੀ ਪਛਾਣ ਕਰੋ?

ੳ.ਸੁਰਜੀਤ ਪਾਤਰ

ਅ.ਸਤਿੰਦਰ ਸਰਤਾਜ

ੲ.ਬਾਬੂ ਸਿੰਘ ਮਾਨ

ਪ੍ਰ9.ਗੈਰ-ਸਾਹਿਤਕ ਗੀਤਕਾਰ ਦੀ ਪਛਾਣ ਕਰੋ?

ੳ.ਯਮਲਾ ਜੱਟ

ਅ.ਹਰਮਨਜੀਤ

**ਪ੍ਰ.10 ਜਿੱਥੇ ਨਾ ਪਹੁੰਚੇ ਰਵੀ ਉਥੇ ਪਹੁੰਚੇ ਕਵੀ ਵਾਕ ਰਾਹੀ ਕਵਿਤਾ ਦਾ ਕਿਹੜਾ ਤੱਤ ਪੇਸ਼ ਹੁੰਦਾ ਹੈ?**

ੳ.ਭਾਵ

ਅ.ਵਿਚਾਰ

ੲ.ਕਲਪਨਾ

**ਪ੍ਰ.11"ਕਵਿਤਾ ਪੈਦਾ ਹੀ ਕਲਪਨਾ ਤੋ ਹੋਈ ਹੈ" ਇਹ ਧਾਰਨਾ ਕਿਸਦੀ ਹੈ?**

ੳ.ਹਡਸਨ

ਅ.ਕਾਲਰਿਜ

ਪ੍ਰ12.ਛੰਦ ਨੂੰ ਨਵਾਬੀ ਜੁੱਤੀ ਦੀ ਕੈਦ ਕਿਸਦੇ ਵਾਕ ਹਨ?

ੳ.ਭਾਈ ਵੀਰ ਸਿੰਘ

ਅ.ਪ੍ਰੋ.ਪੂਰਨ ਸਿੰਘ

ਪ੍ਰ13.ਗੀਤ ਦੀ ਬਣਤਰ ਕਦੇ ਵੀ ਗੁੰਝਲਦਾਰ ਨਹੀ ਹੁੰਦੀ?

ੳ.ਸਹੀ

ਅ.ਗਲਤ

ਪ੍ਰ.14.ਰਸ ਦੀ ਕੁਲ ਗਿਣਤੀ ਕਿੰਨੀ ਹੈ?

ੳ.9

ਅ.11

ੲ.13

ਪ੍ਰ15.ਕਿ ਗੀਤ ਤੇ ਲੋਕ ਗੀਤ ਵਿਚ ਅੰਤਰ ਪਾਇਆ ਜਾਂਦਾ ਹੈ?

ੳ.ਹਾਂ

ਅ.ਨਹੀਂ

## ਅਭਿਆਸ ਪ੍ਰਸ਼ਨ

1. ਕਵਿਤਾ ਤੋ ਕੀ ਭਾਵ ਹੈ?
2. ਕਵਿਤਾ ਦੀ ਰਚਨਾ ਲਈ ਕਿਹੜੇ ਤੱਤਾਂ ਦੀ ਵਰਤੋ ਕੀਤੀ ਜਾਂਦੀ ਹੈ?
3. ਗੀਤ ਦਾ ਸ਼ਬਦੀ ਅਰਥ ਕੀ ਹੈ?
4. ਪੰਜਾਬੀ ਸਾਹਿਤ ਵਿਚ ਕਵਿਤਾ ਦਾ ਆਰੰਭ ਕਦੋ ਹੋਇਆ ਮੰਨਿਆ ਜਾਂਦਾ ਹੈ?
5. ਆਧੁਨਿਕ ਕਵਿਤਾ ਦੇ ਆਰੰਭ ਦਾ ਆਧਾਰ ਕਿਸਨੂੰ ਮੰਨਿਆ ਜਾਂਦਾ ਹੈ?
6. ਪੰਜਾਬੀ ਸਾਹਿਤ ਦੇ ਪ੍ਰਸਿੱਧ ਕਵੀਆਂ ਬਾਰੇ ਉਦਾਹਰਨ ਸਾਹਿਤ ਜਾਣਕਾਰੀ ਦਵੋ।
7. ਇੱਕ ਵਧੀਆਂ ਗੀਤ ਦੀ ਸਿਰਜਣਾ ਵਿਚ ਕਿਹੜੇ ਤੱਤਾਂ ਨੂੰ ਆਧਾਰ ਬਣਾਉਣਾ ਚਾਹੀਦਾ ਹੈ?

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ.ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, (2011)
- ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, (2011)
- ਵਾਦ ਚਿੰਤਨ, ਭੱਟੀ, ਸੁਰਜੀਤਸਿੰਘ, ਚੇਤਨਾਪ੍ਰਕਾਸ਼ਨ, ਲੁਧਿਆਣਾ, ਪਹਿਲਾਸੰਸਕਰਨ (2010)
- ਵਿਹਾਰਕ ਸਮੀਖਿਆ, ਸਤਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਵਾਂ ਸੰਸਕਰਨ (2010)

## ਮਹੱਤਵਪੂਰਨ ਲਿੰਕ

http://panjabialochana.com/%E0%A8%86%E0%A8%A7%E0%A9%81%E0%A8%A8%E0%A8%BF%E0%A8%95_%E0%A8%B8%E0%A8%BE%E0%A8%B9%E0%A8%BF%E0%A8%A4/%E0%A8%86%E0%A8%A7%E0%A9%81%E0%A8%A8%E0%A8%BF%E0%A8%95_%E0%A8%95%E0%A8%BE%E0%A8%B5%E0%A8%BF

http://panjabialochana.com/yahoo_site_admin1/assets/docs/Debate_Paper_Canadian_Punjabi_Kavita-_Sukhinder.27295316.pdf

http://panjabialochana.com/videos/%E0%A8%86%E0%A8%A7%E0%A9%81%E0%A8%A8%E0%A8%BF%E0%A8%95_%E0%A8%B8%E0%A8%BE%E0%A8%B9%E0%A8%BF%E0%A8%A4

**ਉੱਤਰਮਾਲਾ:**

| | | | | |
|---|---|---|---|---|
| 1. ਅ | 2. ਏ | 3. ਏ | 4. ਅ | 5. ਅ |
| 6. ੳ | 7. ੳ | 8. ੳ | 9. ਅ | 10. ਏ |
| 11. ੳ | 12. ਅ | 13. ੳ | 14. ੳ | 15. ੳ |

# ਅਧਿਆਇ-3: ਗ਼ਜ਼ਲ ਅਰਥ, ਕਿਸਮਾਂ ਅਤੇ ਪੰਜਾਬੀ ਗ਼ਜ਼ਲ ਸਿਰਜਣਾ

*Harjot Kaur, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪੰਜਾਬੀ ਗ਼ਜ਼ਲ ਦੇ ਸਿੱਧਾਂਤਕ ਪੱਖ ਤੋ ਜਾਣੂ ਹੋਣਗੇ
- ਗ਼ਜ਼ਲ ਦੀ ਸਿਰਜਣਾ ਦੇ ਮੁੱਖ ਤੱਤਾਂ ਤੇ ਉਹਨਾਂ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪ੍ਰਸਿੱਧ ਗ਼ਜ਼ਲਕਾਰਾਂ ਦੀ ਸਿਰਜਣਾਤਮਕਤਾ ਸੰਬੰਧੀ ਜਾਣਕਾਰੀ ਹਾਸਲ ਕਰਣਗੇ
- ਪੰਜਾਬੀ ਗ਼ਜ਼ਲ ਦੀ ਸਿਰਜਣਾ ਕਰਨ ਦੇ ਕਾਬਲ ਹੋਣਗੇ

## ਪ੍ਰਸਤਾਵਨਾ:

ਇਸ ਪਾਠ ਦਾ ਮਕਸਦ ਵਿਦਿਆਰਥੀਆਂ ਵਿਚ ਵਿਸ਼ਵੀਕਰਨ ਦੇ ਯੁੱਗ ਵਿਚ ਰਚਨਾਤਮਕ ਲੇਖਣ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਗ਼ਜ਼ਲ ਲੇਖਣ ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੇ ਸਰੂਪ ਨੂੰ ਨਿਰਧਾਰਿਤ ਕੀਤਾ ਜਾਵੇਗਾ। ਇਸ ਰਾਹੀ ਵਿਦਿਆਰਥੀਆਂ ਨੂੰ ਗ਼ਜ਼ਲ ਦੀ ਵਿਧਾਂ ਦਾ ਸਿਧਾਂਤਕ ਸਰੂਪ ਸਮਝ ਆਵੇਂਗਾ ,ਜਿਸ ਰਾਹੀ ਉਹ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ।

## ਵਿਸ਼ਾ ਵਸਤੂ:

## ਪੰਜਾਬੀ ਗ਼ਜ਼ਲ ਦਾ ਇਤਿਹਾਸ:

ਪੰਜਾਬੀ ਗ਼ਜ਼ਲ ਨੇ ਪਿਛਲੇ ਦੋ ਤਿੰਨ ਦਹਾਕਿਆਂ ਵਿਚ ਆਪਣੀ ਮੌਲਿਕ ਪਹਿਚਾਣ ਨੂੰ ਸਥਾਪਤ ਕਰਨ ਦਾ ਯਤਨ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗ਼ਜ਼ਲ ਮੂਲ ਰੂਪ ਵਿਚ ਉਰਦੂ ਫ਼ਾਰਸੀ ਦਾ ਹੀ ਕਾਵਿ-ਰੂਪ ਹੈ ਅਤੇ ਬਹੁਤ ਸਮੇਂ ਤਕ ਪੰਜਾਬੀ ਗ਼ਜ਼ਲ ਰਵਾਇਤੀ ਵਿਸ਼ੇ ਅਤੇ ਰਵਾਇਤੀ ਸ਼ਬਦਾਵਲੀ/ਬਿੰਬਾਵਲੀ ਦੀ ਪਕੜ ਵਿਚ ਰਹੀ ਹੈ। ਪੰਜਾਬੀ ਦੇ ਕੁੱਝ ਪ੍ਰਤਿਭਾਸ਼ਾਲੀ ਕਵੀਆਂ ਦੀ ਕਲਮ ਛੋਹ ਪਾ ਕੇ ਨਾ ਕੇਵਲ ਪੰਜਾਬੀ ਗ਼ਜ਼ਲ ਸਭਿਆਚਾਰ ਦੇ ਸੁਭਾਅ ਨੂੰ ਗ੍ਰਹਿਣ ਕਰ ਕੇ ਪੰਜਾਬੀ ਪਾਠਕਾਂ ਲਈ ਮੌਲਿਕ ਕਾਵਿ ਰੂਪ ਬਣਨ ਦੇ ਸਮਰੱਥ ਹੋ ਰਹੀ ਹੈ ਸਗੋਂ ਜ਼ਿੰਦਗੀ ਦੇ ਬੁਨਿਆਦੀ ਸਰੋਕਾਰ ਵੀ ਆਧੁਨਿਕ ਪੰਜਾਬੀ ਗ਼ਜ਼ਲ ਦੇ ਆਰ-ਪਾਰ ਫੈਲੇ ਨਜ਼ਰ ਆਉਂਦੇ ਹਨ। ਸਮਾਜ ਸਭਿਆਚਾਰ, ਸੱਚ, ਛੂਠ, ਦੋਸਤੀ, ਜੀਵਨ, ਮੌਤ ਆਦਿ ਸਭ ਬੁਨਿਆਦੀ ਪ੍ਰਸ਼ਨਾਂ ਅਤੇ ਸਰੋਕਾਰਾਂ ਨੂੰ ਗ਼ਜ਼ਲ ਦੇ ਸ਼ਿਅਰਾਂ ਵਿਚ ਢਾਲਿਆ ਹੈ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਸਰੋਕਾਰਾਂ ਨੂੰ ਪੇਸ਼ ਕਰਨ ਸਮੇਂ ਗ਼ਜ਼ਲਕਾਰਾਂ ਦੀ ਦ੍ਰਿਸ਼ਟੀ ਅਤੇ ਕਲਾ ਸਮਰੱਥਾ ਵੱਖੋ-ਵੱਖ ਹੈ।

ਗ਼ਜ਼ਲ ਕਵਿਤਾ ਦਾ ਸਭ ਤੋਂ ਉੱਨਤ, ਉੱਤਮ ਅਤੇ ਨਿਖ਼ਰਿਆ ਹੋਇਆ ਰੂਪ ਹੈ। ਆਧੁਨਿਕ ਦੌਰ ਵਿਚ ਗ਼ਜ਼ਲ ਸਾਹਿਤ ਦੀ ਬਹੁਤ ਹਰਮਨ ਪਿਆਰੀ ਅਤੇ ਮਹੱਤਵਪੂਰਨ ਕਾਵਿ-ਵਿਧਾ ਹੈ। ਇਸ ਦੀ ਹੋਂਦ ਆਦਿ ਕਾਲ ਤੋਂ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਰਹੀ ਹੈ। ਗ਼ਜ਼ਲ ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਫ਼ਾਰਸੀ ਦਾ ਸਰੋਦੀ ਵਿਸ਼ੇ ਵਾਲਾ ਕਾਵਿ ਰੂਪ ਹੈ। ਇਸ ਕਾਵਿ ਰੂਪ ਦਾ ਜਨਮ 'ਕਸੀਦੇ' ਦੀ ਕੁਖੋਂ ਹੋਇਆ।"

- ਗ਼ਜਲ : ਅਰਬੀ ਭਾਸ਼ਾਂ ਦਾ ਸ਼ਬਦ

ਅਰਬੀ ------ ਫਾਰਸੀ------ਉਰਦੂ------ਪੰਜਾਬੀ

## ਗ਼ਜ਼ਲ ਦਾ ਅਰਥ:

"ਅਰਬੀ ਵਿਚ ਗ਼+ਜ਼ਲ ਅਤੇ ਗ਼ਜ਼+ਲ ਦੋ ਵੱਖ-ਵੱਖ ਸ਼ਬਦ ਮਿਲਦੇ ਹਨ। ਪਹਿਲੇ ਦੇ ਅਰਥ ਇਸਤਰੀਆਂ ਨਾਲ ਤਸਵੁਰ ਵਿਚ ਗੱਲਾਂ ਕਰਨਾ ਅਤੇ ਦੂਜੇ ਦੇ ਅਰਥ ਰੇਸ਼ਮ ਜਾਂ ਸੂਤ ਦੀ ਡੋਰੀ ਵੱਟਣਾ ਹੈ। "ਗ਼ਜ਼ਲ ਦਾ ਭਾਵ ਉਹ ਪਿਆਰ ਭਰੀ ਗੱਲਬਾਤ ਹੈ ਜਿਹੜੀ ਨਿੰਮੀ-ਨਿੰਮੀ ਆਵਾਜ਼ 'ਚ ਬੁੱਲਾਂ ਦੇ ਹੇਠ ਆਪਣੇ ਪ੍ਰੇਮੀ ਨਾਲ ਕੀਤੀ ਜਾਵੇ। ਇਹ ਪਰਿਭਾਸ਼ਾਵਾਂ ਦੱਸਦੀਆਂ ਹਨ ਕਿ ਗ਼ਜ਼ਲ ਹਰ ਤਰ੍ਹਾਂ ਨਾਲ ਹੁਸਨ ਇਸ਼ਕ ਨਾਲ ਸਬੰਧਤ ਕਾਵਿ ਰੂਪ ਹੈ ਜੋ ਪ੍ਰਮੁੱਖ ਤੌਰ 'ਤੇ ਮਹਿਬੂਬ ਨੂੰ ਸਬੰਧਤ ਹੁੰਦਾ ਹੈ। ਪਹਿਲਾਂ ਪਹਿਲ ਗ਼ਜ਼ਲ ਸਿਰਫ਼ ਸ਼ਰਾਬ, ਸਾਕੀ, ਆਸ਼ਿਕਾਨਾ ਅੰਦਾਜ਼ ਤਕ ਹੀ ਸੀਮਤ ਸੀ ਪਰ ਅਜੋਕੇ ਸਮੇਂ ਦੀਆਂ ਸਮਾਜਕ ਪਰਿਸਥਤੀਆਂ, ਨੈਤਿਕ ਕਦਰਾਂ-ਕੀਮਤਾਂ ਅਤੇ ਮਨੁੱਖੀ ਸੰਦਰਭ ਦੇ ਬਦਲਣ ਨਾਲ ਗ਼ਜ਼ਲ ਦੇ ਅਰਥਾਂ ਵਿਚ ਵੀ ਬਹੁਤ ਪਰਿਵਰਤਨ ਆ ਗਏ ਹਨ। "ਪੁਰਾਣੇ ਕਵੀਆਂ ਨੇ ਲੋਕਾਂ ਦੇ ਮਨਾਂ ਵਿਚ ਇਹ ਭ੍ਰਾਂਤੀ ਪੈਦਾ ਕਰ ਦਿੱਤੀ ਸੀ ਕਿ ਗ਼ਜ਼ਲ ਰੂਪ ਦੇ ਨੁਕਤੇ ਤੋਂ ਨਹੀਂ ਸਗੋਂ ਵਿਸ਼ੇ ਦੇ ਨੁਕਤੇ ਤੋਂ ਗ਼ਜ਼ਲ ਕਹਾਉਂਦੀ ਹੈ...ਹੁਣ ਇਹ ਭ੍ਰਾਂਤੀ ਟੁੱਟ ਚੁੱਕੀ ਹੈ ਤੇ ਇਸ ਨਾਲ ਗ਼ਜ਼ਲ ਦਾ ਖੇਤਰ ਬਹੁਤ ਚੌੜਾ ਹੋ ਗਿਆ ਹੈ ਤੇ ਕੋਈ ਵਿਸ਼ਾ ਇਸ ਦੀ ਪਕੜ ਤੋਂ ਬਾਹਰ ਨਹੀਂ ਰਿਹਾ।"

ਇਸ ਤੋਂ ਇਹ ਭਾਵ ਸਪੱਸ਼ਟ ਹੁੰਦਾ ਹੈ ਕਿ ਗ਼ਜ਼ਲ ਸਿਰਫ਼ ਔਰਤਾਂ ਨਾਲ ਪਿਆਰ, ਤਨਹਾਈ, ਵਸਲ, ਵਿਯੋਗ ਨਹੀਂ ਸਮਝ ਲੈਣਾ ਚਾਹੀਦਾ ਹੈ ਬਲਕਿ ਗ਼ਜ਼ਲ ਦੇ ਸਿਧਾਂਤਕ ਕਾਵਿ ਰੂਪ ਨੇ ਜੀਵਨ ਦੇ ਹੋਰ ਵੀ ਵਿਸ਼ਾਲ ਖੇਤਰ ਵਿਚੋਂ ਅਧਿਆਤਮਕ, ਸਮਾਜਕ, ਰਾਜਨੀਤਕ, ਵਿਵਹਾਰਕ ਆਦਿ ਅਨੇਕ ਹੀ ਵਿਸ਼ਿਆਂ ਨੂੰ ਆਪਣੇ ਸ਼ਿਅਰਾਂ ਵਿਚ ਸਮਾਇਆ ਹੈ। ਕੁੱਝ ਗ਼ਜ਼ਲ ਨੂੰ ਗ਼ਜ਼ਾਲ (ਹਰਨੋਟਾ) ਨਾਲ ਜੋੜਦੇ ਹਨ ਕਿ ਗ਼ਜ਼ਲ ਦੇ ਸ਼ਿਅਰਾਂ ਵਿਚ ਹਰਨੋਟੇ ਦੀ ਅੱਖ ਵਰਗੀ ਸੁੰਦਰਤਾ ਹੈ ਜਾਂ ਇਸ ਤਰ੍ਹਾਂ ਵੀ ਕਿਹਾ ਜਾਂਦਾ ਹੈ ਕਿ ਜਦੋਂ ਸ਼ਿਕਾਰੀ ਕੁੱਤੇ ਹਿਰਨ ਦੇ ਪਿੱਛੇ ਭੱਜਦੇ ਹਨ ਤਾਂ ਹਿਰਨ ਡਰ ਨਾਲ ਕੰਬਦਾ ਹੈ ਅਤੇ ਉਸ ਦੇ ਮੂੰਹੋਂ ਦਰਦ ਭਰੀ ਕੂਕ ਨਿਕਲਦੀ ਹੈ ਅਤੇ ਉਹੀ ਦਰਦ ਗ਼ਜ਼ਲ ਦੇ ਸ਼ਿਅਰਾਂ ਵਿਚ ਵੀ ਵਿਦਮਾਨ ਹੁੰਦਾ ਹੈ। ਇਸ ਤਰ੍ਹਾਂ ਵੀ ਕਹਿ ਲਿਆ ਜਾਂਦਾ ਹੈ ਕਿ ਹਿਰਨ ਦੀ ਛੜੱਪੇ ਮਾਰ ਕੇ ਚਲਣ ਦੀ ਆਦਤ ਹੁੰਦੀ ਹੈ, ਉਸੇ ਤਰ੍ਹਾਂ ਹੀ ਗ਼ਜ਼ਲ ਵੀ ਫੁਦਕਦੀ ਹੈ। ਗ਼ਜ਼ਲ ਦੇ ਸ਼ਿਅਰ ਆਪਣੇ ਆਪ ਵਿਚ ਸੁਤੰਤਰ ਹੁੰਦੇ ਹਨ। ਉਹਨਾਂ ਦਾ ਇਕ ਦੂਜੇ ਨਾਲ ਕੋਈ ਸੰਬੰਧ ਨਹੀਂ ਹੁੰਦਾ ਬਿਲਕੁਲ ਉਸੇ ਤਰ੍ਹਾਂ ਜਿਵੇਂ ਹਿਰਨ ਆਪਣਾ ਬਚਾਅ ਕਰਦਾ ਹੋਇਆ ਭੱਜਦਾ ਹੈ ਅਤੇ ਉਸ ਦੇ ਕਦਮਾਂ ਦੇ ਫਾਸਲੇ ਦਾ ਵੀ ਆਪਸ ਵਿਚ ਕੋਈ ਸੰਬੰਧ ਨਹੀਂ ਹੁੰਦਾ। ਸ਼ਾਇਦ ਗ਼ਜ਼ਲ ਦਾ ਨਾਮ 'ਗ਼ਜ਼ਲ' ਇਸ ਕਾਰਨ ਪਿਆ ਹੋਵੇ। "ਗ਼ਜ਼ਲ ਵੀ ਇਕ ਖਿਆਲ ਤੋਂ ਦੂਜੇ ਖਿਆਲ ਤਕ ਹਰਨੋਟੇ (ਮਿਰਗ) ਵਾਂਗ ਚੌਕੜੀਆਂ ਭਰਦੀ ਹੈ। ਇਸ ਲਈ ਇਸ ਦਾ ਨਿਕਾਸ ਅਰਬੀ ਫ਼ਾਰਸੀ ਦੇ 'ਗ਼ਜ਼ਲ' ਸ਼ਬਦ ਵਿਚੋਂ ਹੋਇਆ।"

"ਗ਼ਜ਼ਲ ਅਰਬੀ ਭਾਸ਼ਾ ਦਾ ਸ਼ਬਦ ਹੈ ਜੋ ਗ਼ਜ਼ਾਲ ਸ਼ਬਦ ਦਾ ਤਥਿਤ ਰੂਪ ਹੈ, ਜਿਸ ਦੇ ਅਰਥ ਹਨ 'ਹਿਰਨੀ ਦਾ ਬੱਚਾ'। ਹਿਰਨੀ ਦਾ ਬੱਚਾ ਵੇਖਣ ਵਾਲੇ ਦੇ ਮਨ ਵਿਚ ਇਕ ਮ੍ਰਿਦੁਲਤਾ ਦਾ ਭਾਵ ਉਤਪੰਨ ਕਰਦਾ ਹੈ...ਇਸ (ਗ਼ਜ਼ਲ) ਮਾਲਾ ਦੇ ਮਣਕਿਆਂ (ਸ਼ਿਅਰਾਂ) ਵਿਚ ਮ੍ਰਿਦੁਲਤਾ ਦੀ ਸਾਂਝ ਹੁੰਦੀ ਹੈ।"

ਇਸ ਲਈ ਗ਼ਜ਼ਲ ਅਤੇ ਗ਼ਜ਼ਾਲ ਦੀ ਚਾਲ ਸਮਾਨਤਾ ਕਾਰਨ ਹੀ ਇਸ ਕਾਵਿ ਰੂਪ ਦਾ ਨਾਮ 'ਗ਼ਜ਼ਲ' ਪੈ ਗਿਆ। ਮੁੱਢਲੇ ਦੌਰ ਦੀ ਗ਼ਜ਼ਲ ਕੇਵਲ ਔਰਤਾਂ ਦੀ ਖ਼ੂਬਸੂਰਤੀ ਦੀ ਬਿਆਨਕਾਰੀ ਦਾ ਨਾਮ ਸੀ। ਪ੍ਰੇਮ, ਪਿਆਰ, ਭਾਵਨਾਵਾਂ ਦਾ ਚਿਤਰਨ ਸੀ ਪਰ ਹੌਲੀ-ਹੌਲੀ ਗ਼ਜ਼ਲ ਇਸ ਸੀਮਤ ਦਾਇਰੇ ਵਿਚੋਂ ਬਾਹਰ ਨਿਕਲੀ। ਜਿਸ ਵਿਚ ਇਨਾਂ ਦੇ ਨਾਲ-ਨਾਲ ਹੋਰ ਵਿਸ਼ਿਆਂ ਦੀ ਵੀ ਤਾਦਾਰ ਵੱਧਦੀ ਗਈ। ਸਮੇਂ ਦੇ ਬਦਲਣ ਕਾਰਨ ਗ਼ਜ਼ਲ ਵਿਚ ਵਿਸ਼ੇ ਅਤੇ ਰੂਪ ਪੱਖੋਂ ਬਹੁਤ ਬਦਲਾਅ ਆ ਗਏ ਹਨ। ਗ਼ਜ਼ਲ ਆਪਣੇ ਕਲੇਵਰ ਵਿਚ ਬਹੁਤ ਵਿਸ਼ੇ ਸਮੋਈ ਬੈਠੀ ਹੈ। ਇਹ ਹੁਸਨ ਇਸ਼ਕ ਦੀ ਸੀਮਾ ਨੂੰ ਪਾਰ ਕਰਦੀ ਹੋਈ ਜਾਤ ਤੋਂ ਕਾਇਨਾਤ ਦਾ ਸਫ਼ਰ ਤੈਅ ਕਰਦੀ ਹੈ।

ਅਰਬ ਦੇਸ਼ ਵਿਚ ਕਸੀਦੇ ਕਹਿਣ ਦਾ ਰਿਵਾਜ਼ ਪ੍ਰਚਲਿਤ ਸੀ।

ਕਸੀਦੇ ਦੇ ਚਾਰ ਹਿੱਸੇ ਹੁੰਦੇ ਹਨ।

1.**ਤਸ਼ਬੀਬ**: ਸ਼ਰਾਬ ਦੀਆਂ ਗੱਲਾਂ,

2.**ਗੁਰੇਜ**: ਤਸਬੀਬ ਨੂੰ ਛੱਡ ਕੇ ਕਸੀਦੇ ਦੇ ਨਾਇਕ ਦੀਆਂ ਗੱਲਾਂ,

3.**ਮਦਹ**: ਨਾਇਕ ਦੇ ਗੁਣਾਂ, ਬਹਾਦਰੀ, ਦਇਆ, ਦਰਿਆਦਿਲੀ ਦਾ ਉਲੇਖ ਕਰਨਾ,

4.**ਮਨੋਰਥ**: ਮਨੋਰਥ ਵਿਚ ਕਵੀ ਪੈਸੇ, ਘੋੜੇ ਜਾਂ ਹੋਰ ਕੀਮਤੀ ਵਸਤਾਂ ਦੀ ਮੰਗ ਕਰਦਾ ਸੀ। ਕਸੀਦੇ ਦੇ ਪਹਿਲੇ ਹਿੱਸੇ ਨੂੰ ਤਸ਼ਬੀਬ ਕਿਹਾ ਜਾਂਦਾ ਸੀ। ਫਿਰ ਕਸੀਦੇ ਨਾਲੋਂ ਅਲੱਗ ਕਰ ਕੇ ਗ਼ਜ਼ਲ ਰੂਪੀ ਇੱਕ ਵੱਖਰਾ ਕਾਵਿ-ਰੂਪ ਹੋਂਦ ਵਿਚ ਲਿਆਂਦਾ ਗਿਆ।

ਗ਼ਜ਼ਲ ਕਾਵਿ ਜਗਤ ਦਾ ਉਹ ਕਾਵਿ ਰੂਪ ਹੈ ਜਿਸ ਵਿਚ ਦੁੱਖ, ਦਰਦ, ਖੁਸ਼ੀ, ਗਮੀ, ਅਮੀਰੀ-ਗਰੀਬੀ, ਵਸਲ, ਵਿਯੋਗ, ਧਰਤੀ, ਆਕਾਸ਼ ਹਰ ਇਕ ਚੀਜ਼ ਜਾਂ ਹਰ ਇਕ ਵਿਸ਼ਾ ਇਸ ਦੇ ਕਲਾਵੇ ਵਿਚ ਆਇਆ ਹੋਇਆ ਹੈ। ਅਸੀਂ ਇਸ ਦੀ ਹੋਂਦ ਸਵੀਕਾਰਦੇ ਹਾਂ ਪਰ ਇਸ ਵਿਚ ਕੋਮਲਤਾ ਜ਼ਰੂਰ ਬਣੀ ਰਹਿਣੀ ਚਾਹੀਦੀ ਹੈ। "ਗ਼ਜ਼ਲ ਦੀ ਇਹ ਵੀ ਖੂਬੀ ਹੈ ਕਿ ਉਹ ਉਨ੍ਹਾਂ ਗੁੰਝਲਦਾਰ 'ਤੇ ਗੰਭੀਰ ਸਮੱਸਿਆਵਾਂ ਨੂੰ ਦੋ-ਚਾਰ ਸ਼ਬਦਾਂ ਰਾਹੀਂ ਇੰਝ ਸੁਲਝਾ ਜਾਂਦੀ ਹੈ ਕਿ ਵੇਖ ਕੇ ਅਕਲ ਹੈਰਾਨ ਰਹਿ ਜਾਂਦੀ ਹੈ।" ਗ਼ਜ਼ਲ ਵਿਚ ਸੰਖੇਪਤਾ ਅਤੇ ਸਪੱਸ਼ਟਤਾ ਦੀ ਖਾਸੀਅਤ ਹੁੰਦੀ ਹੈ। ਗ਼ਜ਼ਲ ਦੇ ਸ਼ਿਅਰ ਦੀ ਇਕ ਪੰਗਤੀ (ਮਿਸਰਾ) ਹੀ ਸਾਡੇ ਹਾਵਾਂ-ਭਾਵਾਂ ਨੂੰ ਬਾਖੂਬੀ ਬਿਆਨ ਕਰ ਜਾਂਦਾ ਹੈ। ਵਿਰੋਧੀ ਉੱਤੇ ਵਾਰ ਗ਼ਜ਼ਲ ਰਾਹੀਂ ਰਮਜ਼ਾਂ ਅਤੇ ਸੰਕੇਤਾਂ ਦੇ ਤੀਰਾਂ ਦੁਆਰਾ ਹੀ ਕੀਤਾ ਜਾਂਦਾ ਹੈ। ਗ਼ਜ਼ਲ ਦੀ ਪ੍ਰਵਿਰਤੀ ਕੋਮਲ ਭਾਵਾਂ ਵਾਲੀ ਹੁੰਦੀ ਹੈ ਨਾ ਕਿ ਸਿੱਧਾ ਸੋਟਾ ਮਾਰਨ ਵਾਲੀ। ਗ਼ਜ਼ਲ ਵਿਚ ਗਾਏ ਜਾਣ ਦੀ ਵਿਸ਼ੇਸ਼ਤਾ ਅਤੇ ਸਰੋਦੀ ਅੰਸ਼ ਵਿਦਮਾਨ ਹੁੰਦਾ ਹੈ। ਇਸ ਲਹਿਜ਼ੇ ਇਹ ਗੀਤ ਨਾਲ ਵਧੇਰੇ ਮੇਲ ਖਾਂਦੀ ਹੈ ਅਤੇ ਕਵਿਤਾ ਨਾਲ ਘੱਟ। ਕਿਉਂ ਕਿ ਹਰ ਕਵਿਤਾ ਗਾਈ ਨਹੀਂ ਜਾ ਸਕਦੀ ਪਰ ਹਰ ਗ਼ਜ਼ਲ ਵਿਚ ਗਾਏ ਜਾਣ ਦਾ ਗੁਣ ਜ਼ਰੂਰ ਹੁੰਦਾ ਹੈ। "ਫ਼ਾਰਸੀ ਤੇ ਉਰਦੂ ਵਿਚ ਗ਼ਜ਼ਲ ਇਕ ਸਰੋਦੀ ਵਿਸ਼ੇ ਵਾਲੀ ਕਵਿਤਾ ਦਾ ਨਾਂ ਹੈ ਜਿਵੇਂ ਪੰਜਾਬੀ ਵਿਚ 'ਗੀਤ' ਜਿਸ ਦਾ ਕੋਈ ਛੰਦ ਜਾਂ ਤੋਲ ਮੁਕਰਰ ਨਹੀਂ।" ਗ਼ਜ਼ਲ ਕਿਸੇ ਛੰਦ ਜਾਂ ਤੋਲ ਦਾ ਨਾਂ ਨਹੀਂ ਜਿਵੇਂ ਬੈਂਤ, ਕਬਿਤ ਆਦਿ। ਜੋ ਲੋਕ ਗ਼ਜ਼ਲ ਨੂੰ ਇਕ ਛੰਦ ਮੰਨਦੇ ਹਨ, ਉਹ ਭੁਲੇਖਾ ਖਾ ਜਾਂਦੇ ਹਨ ਕਿਉਂ ਕਿ ਗ਼ਜ਼ਲ ਦਾ ਕੋਈ ਨਿਯਤ ਛੰਦ ਜਾਂ ਤੋਲ ਨਾ ਹੋਣ ਕਰ ਕੇ ਇਹ ਕਈ ਛੰਦਾਂ ਜਾਂ ਤੋਲਾਂ ਵਿਚ ਲਿਖੀ ਜਾਂਦੀ ਹੈ। ਗ਼ਜ਼ਲ ਤਾਂ ਇਕ ਕਵਿਤਾ ਜਾਂ ਰੂਪ ਜਾਂ ਕਿਸਮ ਹੈ ਜਿਵੇਂ ਰੁਬਾਈ, ਕਸੀਦਾ, ਮਸਨਵੀ ਆਦਿ।ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗ਼ਜ਼ਲ ਕੋਈ ਛੰਦ ਨਹੀਂ ਬਲਕਿ ਇਕ ਕਾਵਿ ਰੂਪ ਹੈ। ਜਿਹੜਾ ਕਿਸੇ ਨਾ ਕਿਸੇ ਛੰਦਕ ਚਾਲ ਵਿਚ ਬੱਝਾ ਨਿਸ਼ਚਿਤ ਤੋਲ ਵਾਲਾ ਤੇ ਸੰਗੀਤਕ ਗੁਣਾਂ ਦਾ ਧਾਰਨੀ ਹੁੰਦਾ ਹੈ। ਛੰਦ ਕੋਈ ਵੀ ਅਪਨਾਇਆ ਜਾਵੇ ਉਹ ਗੁਣਾਂ ਵਜੋਂ ਪੂਰੀ ਤਰ੍ਹਾਂ ਨਿਭਾਇਆ ਜਾਣਾ ਚਾਹੀਦਾ ਹੈ। ਗ਼ਜ਼ਲ ਭਾਵੇਂ ਨਿਸ਼ਚਿਤ ਰੂਪ ਵਿਚ ਕਿਸੇ ਛੰਦ ਵਿਚ ਬੱਝੀ ਨਹੀਂ ਹੁੰਦੀ ਪਰ ਇਸ ਦੇ ਕਾਵਿਕ ਸ਼ਿਅਰ ਜ਼ਰੂਰ ਹੁੰਦੇ ਹਨ। ਇਨ੍ਹਾਂ ਸ਼ਿਅਰਾਂ ਰਾਹੀਂ ਹੀ ਗ਼ਜ਼ਲਗੋ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਕਰਦਾ ਹੈ। ਗ਼ਜ਼ਲ ਲਈ ਸ਼ਿਅਰਾਂ ਦੀ ਕੋਈ ਗਿਣਤੀ ਤਾਂ ਨਹੀਂ ਹੁੰਦੀ ਪਰ ਫਿਰ ਵੀ ਵਿਦਵਾਨਾਂ ਦੀਆਂ ਰਾਵਾਂ ਵੱਖਰੀਆਂ ਹਨ।

ਸ਼ਿਅਰਾਂ ਦੀ ਇਸ ਪਰਿਭਾਸ਼ਾ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਗ਼ਜ਼ਲ ਦੇ ਸ਼ਿਅਰਾਂ ਦੀ ਗਿਣਤੀ 'ਤੇ ਕੋਈ ਪਾਬੰਦੀ ਨਹੀਂ ਹੈ ਕਿਉਂ ਕਿ ਅੱਜ ਦੇ ਸਮੇਂ ਵਿਚ ਪੰਜਾਬੀ ਗ਼ਜ਼ਲਾਂ ਅਜਿਹੀਆਂ ਹਨ ਜਿਨ੍ਹਾਂ ਵਿਚ ਚਾਰ-ਚਾਰ ਸ਼ਿਅਰ ਹੀ ਹੁੰਦੇ ਹਨ ਅਤੇ ਕਈ ਗ਼ਜ਼ਲਾਂ ਵਿਚ ਸ਼ਿਅਰਾਂ ਦੀ ਗਿਣਤੀ ਵੀਹ ਜਾਂ ਬਾਈ ਵੀ ਹੋ ਜਾਂਦੀ ਹੈ। ਹਰ ਸ਼ਿਅਰ ਆਪਣੇ ਆਪ ਵਿਚ ਸੰਪੂਰਨ ਖਿਆਲ ਹੁੰਦਾ ਹੈ। ਕਈ ਵਾਰ ਤਾਂ ਇਕ ਸ਼ਿਅਰ ਦਾ ਦੂਜੇ ਨਾਲ ਕੋਈ ਸੰਬੰਧ ਨਹੀਂ ਹੁੰਦਾ। ਪਹਿਲੇ ਸ਼ਿਅਰਾਂ ਦੀਆਂ ਦੋ ਤੁਕਾਂ ਦਾ ਕਾਫ਼ੀਆ ਆਪਸ ਵਿਚ ਮਿਲਣਾ ਜ਼ਰੂਰੀ ਹੁੰਦਾ ਹੈ। ਜਿਸ ਨੂੰ ਮਤਲਾ ਕਿਹਾ ਜਾਂਦਾ ਹੈ। ਮਤਲਾ ਤੋਂ ਅਗਲਾ ਸ਼ਿਅਰ ਹੁਸਨੇ ਮਤਲਾ ਅਤੇ ਗ਼ਜ਼ਲ ਦਾ ਸਰਵੋਤਮ ਸ਼ਿਅਰ ਸ਼ਾਹਬੈਂਤ ਹੁੰਦਾ ਹੈ। ਗ਼ਜ਼ਲ ਦਾ ਆਖਰੀ ਸ਼ਿਅਰ ਮਕਤਾ ਕਹਾਉਂਦਾ ਹੈ ਜਿਸ ਵਿਚ ਗ਼ਜ਼ਲਗੋ ਦਾ ਨਾਮ ਜਾਂ ਉਪਨਾਮ ਤਖੱਲਸ ਦੇ ਤੌਰ 'ਤੇ ਬਰਤਿਆ ਜਾਂਦਾ ਹੈ। ਰੁਬਾਈ ਅਤੇ ਮਸਨਵੀ ਬਹਿਰ ਨੂੰ ਛੱਡ ਕੇ ਗ਼ਜ਼ਲ ਬਾਕੀ ਬਹਿਰਾਂ ਵਿਚ ਰਚੀ ਜਾਂਦੀ ਹੈ। ਗ਼ਜ਼ਲ ਵਿਚ ਤੋਲ-ਤੁਕਾਂਤ ਦੀ ਨਿਪੁਨਤਾ ਅਤੇ ਤਕਨੀਕੀ ਪ੍ਰਬੀਨਤਾ ਲਾਜ਼ਮੀ ਹੈ। ਗ਼ਜ਼ਲ ਵਿਚ ਨਾਜ਼ੁਕ ਖਿਆਲ 'ਤੇ ਜ਼ੋਰ ਦਿੱਤਾ ਜਾਂਦਾ ਹੈ। "ਗ਼ਜ਼ਲ ਵਿਚ ਭਾਵੇਂ ਲੱਖ ਐਬ ਹੋਣ ਪਰ ਇਸ ਵਿਚ ਬੜੀ ਵੱਡੀ ਖੂਬੀ ਵੀ ਹੈ। ਜਿਸ ਗੱਲੋਂ ਇਹ ਉਰਦੂ, ਫ਼ਾਰਸੀ ਵਿਚ ਹਰਮਨ ਪਿਆਰੀ ਹੋ ਗਈ ਹੈ। ਅਨਾੜੀ ਕਵੀਆਂ ਲਈ ਇਹ ਬੜੀ ਚੰਗੀ ਸ਼ੈਅ ਹੈ। ਮਜਮੂਨ ਨੂੰ ਛੋਟਾ ਕਰਨਾ, ਬਹੁਤੀ ਗੱਲ ਥੋੜੇ ਲਫ਼ਜ਼ਾਂ ਵਿਚ ਆਖਣਾ ਇਹ ਗ਼ਜ਼ਲ ਦਾ ਹੀ ਕੰਮ ਹੈ। ਸਾਰੀ ਦੁਨੀਆਂ ਦੇ ਕਵੀ ਪਹਿਲਾਂ ਮਜਮੂਨ ਸੋਚਦੇ ਹਨ ਅਤੇ ਫੇਰ ਉਸ ਲਈ ਕਾਫ਼ੀਏ ਤੇ ਰਦੀਫ਼ ਪਰ ਗ਼ਜ਼ਲ ਲਈ ਪਹਿਲਾਂ ਰਦੀਫ਼ ਅਤੇ ਕਾਫ਼ੀਏ ਸੋਚਦੇ ਹਨ ਫਿਰ ਮਜਮੂਨ। ਗ਼ਜ਼ਲ ਇਕ ਗੁਲਦਸਤਾ ਏ ਜਿਸ ਵਿਚ ਰੰਗ-ਬਿਰੰਗੇ ਫੁੱਲ ਇਕ ਮੁੱਠ ਬੱਝੇ ਹੋਣ। ਕਿਸੇ ਸ਼ਿਅਰ ਵਿਚ ਇਖ਼ਲਾਕ, ਕਿਸੇ ਵਿਚ ਤਸੱਵੁਫ਼, ਕਿਸੇ ਵਿਚ ਇਸ਼ਕ, ਕਿਸੇ ਵਿਚ ਫ਼ਲਸਫ਼ਾ ਤੇ ਕਿਸੇ ਵਿਚ ਸਿੱਖਿਆ। ਗ਼ਜ਼ਲ ਦਾ ਹਰ ਸ਼ਿਅਰ ਆਪਣੀ ਥਾਂ ਇਕ ਨਜ਼ਮ ਹੁੰਦਾ ਹੈ ਤੇ ਗ਼ਜ਼ਲ ਕਹਿਣ ਵਾਲੇ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਥੋੜੇ ਜਿਹੇ ਲਫ਼ਜ਼ਾਂ ਵਿਚ ਬਹੁਤ ਸਾਰਾ ਮਤਲਬ ਲਿਆਵੇ ਤੇ ਹਰ ਸ਼ਿਅਰ ਵਿਚ ਵੱਧ ਤੋਂ ਵੱਧ ਖਿਆਲ ਤੇ ਜਜ਼ਬਾਤ ਗੁੰਦੇ ਹੋਣ।" ਗ਼ਜ਼ਲ ਦੀਆਂ ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਗ਼ਜ਼ਲ ਦੇ ਵੱਖ-ਵੱਖ ਸ਼ਿਅਰਾਂ ਵਿਚ ਵੱਖ-ਵੱਖ ਮਸਲਿਆਂ 'ਤੇ ਪੂਰੀ ਗੱਲ ਕੀਤੀ ਜਾ ਸਕਦੀ ਹੈ। ਗ਼ਜ਼ਲ ਇਕ ਸਵੈਪੂਰਨ ਅਤੇ ਰਸੇ ਹੋਏ ਫ਼ਲ ਦੀ ਤਰ੍ਹਾਂ ਹੈ ਜਿਸ ਵਿਚ

ਇਸ਼ਕ, ਪਿਆਰ, ਮੁਹੱਬਤ ਆਦਿ ਲਫ਼ਜ਼ ਵਧੇਰੇ ਰੂਪਮਾਨ ਹੁੰਦੇ ਹਨ। ਗ਼ਜ਼ਲ ਵਿਚ ਗੰਭੀਰ ਮੁੱਦਿਆਂ 'ਤੇ ਘੱਟ ਸ਼ਬਦਾਂ ਵਿਚ ਗ਼ਜ਼ਲ ਕਹਿਣ ਦਾ ਗੁਣ ਹੈ। ਇਸ ਵਿਚ ਸਰੋਦੀ ਅੰਸ਼ ਵਿਦਮਾਨ ਹੁੰਦਾ ਹੈ। ਜੋ ਗੀਤ ਨਾਲ ਮੇਲ ਖਾਂਦਾ ਹੈ। ਗ਼ਜ਼ਲ ਵਿਚ ਕੋਈ ਨਿਯਤ ਛੰਦ ਦਾ ਪ੍ਰਗਟਾਉ ਨਹੀਂ ਹੁੰਦਾ। ਸਹੀ ਤੌਰ 'ਤੇ ਦੇਖਿਆ ਜਾਵੇ ਤਾਂ ਗ਼ਜ਼ਲ ਵਿਚ ਪੰਜ ਤੋਂ ਸਤਾਰਾਂ ਤਕ ਸ਼ਿਅਰ ਹੋਣੇ ਚਾਹੀਦੇ ਹਨ। ਗ਼ਜ਼ਲ ਨੂੰ ਸਿਰਫ਼ ਔਰਤਾਂ, ਪਿਆਰ ਜਾਂ ਤਨਹਾਈ ਆਦਿ ਵਿਸ਼ਿਆਂ ਨਾਲ ਗ੍ਰਸਤ ਹੀ ਨਹੀਂ ਮੰਨ ਲੈਣਾ ਚਾਹੀਦਾ ਬਲਕਿ ਗ਼ਜ਼ਲ ਦੇ ਸਿਧਾਂਤਕ ਕਾਵਿ ਰੂਪ ਨੇ ਜੀਵਨ ਦੇ ਵਿਸ਼ਾਲ ਖੇਤਰ ਵਿਚੋਂ ਹੋਰ ਵੀ ਸਮਾਜਕ, ਰਾਜਨੀਤਕ, ਧਾਰਮਿਕ, ਅਧਿਆਤਮਕ, ਵਿਸ਼ਵੀਕਰਨ ਆਦਿ ਵਿਸ਼ਿਆਂ ਨੂੰ ਆਪਣੇ ਸ਼ਿਅਰਾਂ ਵਿਚ ਜਗ੍ਹਾ ਦਿੱਤੀ ਹੈ। ਜਿਉਂ-ਜਿਉਂ ਸਮਾਂ ਲੰਘਦਾ ਗਿਆ ਗ਼ਜ਼ਲ ਦੇ ਵਿਸ਼ੇ ਵੀ ਬਦਲਦੇ ਗਏ। ਗ਼ਜ਼ਲ ਆਪਣੇ ਆਸ਼ਿਕਾਨਾ ਅੰਦਾਜ਼ ਕਾਰਨ ਸਦੀਆਂ ਤਕ ਰੁਮਾਂਟਿਕ ਘੇਰੇ ਵਿਚ ਬੰਨੀ ਰਹੀ। ਪਰ ਹੁਣ ਉਸ ਨੂੰ ਨਿਜ਼ਾਤ ਮਿਲ ਗਈ ਹੈ ਅਤੇ ਗ਼ਜ਼ਲ ਦੇ ਘੇਰੇ ਵਿਚ ਬਹੁਤ ਵਿਸ਼ੇ ਸਮਾਣ ਲੱਗ ਪਏ ਹਨ। ਇਨ੍ਹਾਂ ਵਿਸ਼ਿਆਂ ਤੇ ਪ੍ਰਗਟਾਅ ਲਈ ਨਵੀਨ ਪ੍ਰਤੀਕਾਂ, ਬਿੰਬਾਂ ਦੀ ਆਮਦ ਹੋਣ ਲੱਗ ਪਈ ਹੈ। ਗ਼ਜ਼ਲ ਹੁਣ ਨਵੇਂ ਰਾਹ ਦੀ ਪਾਂਧੀ ਬਣ ਚੁਕੀ ਹੈ ਅਤੇ ਉਸ ਨੇ ਆਪਣੇ ਕੋਸ਼ਗਤ ਅਰਥ 'ਸੁਖ਼ਨ ਬ ਜ਼ਨਾ ਕਰਦਨ' ਨੂੰ ਮੂਲ ਰੂਪ ਵਿਚ ਤਿਆਗ ਦਿੱਤਾ ਹੈ ਜਿਸ ਦਾ ਅਰਥ ਸਿਰਫ਼ ਮੁਹੱਬਤ ਅਤੇ ਔਰਤਾਂ ਨਾਲ ਗੱਲਾਂ ਕਰਨਾ ਹੀ ਸੀ।

ਇਸ ਲਈ ਇਹ ਗੱਲ ਸਪੱਸ਼ਟ ਹੈ ਕਿ ਗ਼ਜ਼ਲ 'ਕਸੀਦਾ' ਵਿਚੋਂ ਉਪਜੀ ਹੈ। ਉਰਦੂ ਅਤੇ ਫ਼ਾਰਸੀ ਗ਼ਜ਼ਲ ਵਿਚ ਪ੍ਰੇਮ ਅਤੇ ਕਾਮ ਨਾਲ ਸਬੰਧਤ ਭਾਵਨਾਵਾਂ ਦੀ ਸਿਰਜਣਕਾਰੀ ਹੁੰਦੀ ਸੀ। ਇਸ ਦਾ ਵਰਣਨ ਇਸ਼ਕਬਾਜ਼ੀ ਦੇ ਰੂਪ ਵਿਚ ਹੁੰਦਾ ਸੀ ਅਤੇ ਕਿਤੇ-ਕਿਤੇ ਥੋੜਾ ਬਹੁਤ ਦੇਸ਼ ਭਗਤੀ ਦਾ ਵਰਣਨ ਜ਼ਰੂਰ ਮਿਲ ਜਾਂਦਾ ਸੀ। ਪਰ ਸਮਾਂ ਪਾ ਕੇ ਪੰਜਾਬੀ ਗ਼ਜ਼ਲ ਦਾ ਸੁਭਾਅ ਤਬਦੀਲ ਹੋਣਾ ਸ਼ੁਰੂ ਹੋ ਗਿਆ। ਅਜੋਕੀ ਗ਼ਜ਼ਲ ਸਿਰਫ਼ ਪਰੰਪਾਰਿਕ ਵਿਸ਼ਿਆਂ ਤਕ ਹੀ ਨਹੀਂ ਸੀਮਤ ਰਹੀ ਬਲਕਿ ਇਸ ਵਿਚ ਬੌਧਿਕਤਾ, ਰੁਮਾਂਸ, ਦਾਰਸ਼ਨਿਕਤਾ, ਅਜੋਕੇ ਮਨੁੱਖ ਦੀਆਂ ਸਮੱਸਿਆਵਾਂ ਨਾਲ ਸਬੰਧਤ ਹਰ ਤਰ੍ਹਾਂ ਦੇ ਵਿਸ਼ੇ ਸਮਾਉਣ ਦੀ ਸਮਰੱਥਾ ਹੈ।

ਗ਼ਜ਼ਲ ਦਾ ਵਿਸ਼ਾ ਪੱਖ ਸੀਮਤ ਨਹੀਂ ਹੈ। ਅਜੋਕੀ ਗ਼ਜ਼ਲ ਹਰ ਤਰ੍ਹਾਂ ਦੀ ਵਿਸ਼ੇ ਸੰਕੀਰਣਤਾ ਤੋਂ ਮੁਕਤ ਹੈ ਅਤੇ ਵਿਸ਼ੇ ਦੇ ਨਾਲ-ਨਾਲ ਸਰੂਪ ਪੱਖੋਂ ਵੀ ਮੁਕਤ ਹੋ ਕੇ ਨਵੀਆਂ ਸਥਾਪਨਾਵਾਂ ਉਲੀਕਣ ਵੱਲ ਪਲਾਂਘਾਂ ਪੁੱਟ ਰਹੀ ਹੈ। ਬੇਸ਼ਕ ਗ਼ਜ਼ਲ ਅਰਬੀ ਜ਼ੁਬਾਨ ਦਾ ਸ਼ਬਦ ਹੈ ਪਰ ਗ਼ਜ਼ਲ ਨੂੰ ਇਕ ਸੁਤੰਤਰ ਕਾਵਿ ਰੂਪ ਵਜੋਂ ਪ੍ਰਸਤੁਤ ਕਰਨ ਦਾ ਸਿਹਰਾ ਈਰਾਨੀਆਂ ਸਿਰ ਬੱਝਦਾ ਹੈ। ਗ਼ਜ਼ਲ ਨੇ ਪੰਜਾਬੀ ਤਕ ਪਹੁੰਚਦਿਆਂ ਫ਼ਾਰਸੀ, ਉਰਦੂ ਅਤੇ ਪਸ਼ਤੋ ਕਈ ਭਾਸ਼ਾਵਾਂ ਵਿਚ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ। ਗ਼ਜ਼ਲ ਦੀ ਪੰਜਾਬੀ ਵਿਚ ਆਮਦ ਹੋਇਆਂ ਨੂੰ ਭਾਵੇਂ ਥੋੜਾ ਵਕਤ ਹੀ ਹੋਇਆ ਹੈ ਪਰ ਜਿਸ ਰਫ਼ਤਾਰ ਨਾਲ ਇਹ ਪੁਖ਼ਤਗੀ ਦੀ ਬੁਲੰਦੀ ਵਲ ਵੱਧ ਰਹੀ ਹੈ ਇਹ ਤਸੱਲੀ ਵਾਲੀ ਤੇ ਹੈਰਾਨ ਕਰ ਦੇਣ ਵਾਲੀ ਗੱਲ ਹੈ।ਹੁਣ ਦੇ ਦੌਰ ਵਿਚ ਵਿਸ਼ਿਅਕ ਪੱਖੋਂ ਗ਼ਜ਼ਲ ਨੂੰ ਇਕ ਸੀਮਤ ਦਾਇਰੇ ਵਿਚ ਬੰਣਨਾ ਸਹੀ ਨਹੀਂ ਹੈ ਭਾਵੇਂ ਵਿਸ਼ਿਅਕ ਪੱਖ ਤੋਂ ਇਸ ਕਾਵਿ ਰੂਪ ਦੀ ਕੋਈ ਸੀਮਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ ਪਰ ਰੂਪਾਤਮਕ ਪੱਖੋਂ ਗ਼ਜ਼ਲ ਦਾ ਇਕ ਨਿਸ਼ਚਤ ਅਤੇ ਕਠੋਰ ਵਿਧਾਨ ਹੈ। ਸ਼ਿਅਰੀ ਕਾਵਿ ਹੋਣ ਕਰ ਕੇ ਗ਼ਜ਼ਲ ਦੇ ਸ਼ਿਅਰਾਂ ਦੇ ਪ੍ਰਸੰਗ ਵਿਚ ਲਾਗੂ ਹੋਣ ਵਾਲਾ ਵਿਧਾਨ ਸਦੀਆਂ ਤੋਂ ਨਿਯਮਿਤ ਰੂਪ ਵਿਚ ਚਲਿਆ ਆ ਰਿਹਾ ਹੈ। ਸੁਚੱਜੇ ਗ਼ਜ਼ਲਗੋ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਇਸ ਵਿਧਾਨ ਦਾ ਪੂਰਨ ਢੰਗ ਨਾਲ ਪਾਲਨ ਕਰੇ।

ਅਜੋਕੀ ਗ਼ਜ਼ਲ ਇਸ਼ਕ-ਮੁਸ਼ਕ ਦੀਆਂ ਤੰਗ ਗਲੀਆਂ ਵਿਚੋਂ ਨਿਕਲ ਕੇ ਖੁੱਲੇ ਅੰਬਰਾਂ 'ਤੇ ਉਡਾਰੀਆਂ ਮਾਰਨ ਲੱਗ ਪਈ ਹੈ। ਪੰਜਾਬੀਆਂ ਦੇ ਖੁੱਲ੍ਹਾਂ ਮਾਣਦੇ ਸੁਭਾਅ ਅਨੁਸਾਰ ਇਸ ਦੇ ਵੀ ਅਨੇਕਾਂ ਹੀ ਵਿਸ਼ੇ ਬਣ ਗਏ ਹਨ। ਡਾ. ਨਰੇਸ਼ ਦੀ ਗ਼ਜ਼ਲ ਬਾਰੇ ਇਹ ਪਰਿਭਾਸ਼ਾ ਵੀ ਠੀਕ ਜਾਪਦੀ ਹੈ,

ਗ਼ਜ਼ਲ ਦੇ ਵਿਸ਼ੇ ਬਹੁਪੱਖੀ ਹੋ ਗਏ ਹਨ। ਸਮਾਂ ਪਾ ਕੇ ਗ਼ਜ਼ਲ ਦਾ ਵਿਸ਼ਾ ਖੇਤਰ ਇਸ਼ਕ-ਮੁਸ਼ਕ ਦੀਆਂ ਤੰਗ ਤੇ ਸੌੜੀਆਂ ਵਲਗਣਾਂ ਵਿਚੋਂ ਨਿਕਲ ਕੇ ਬਹੁਪੱਖੀ ਹੋ ਗਿਆ ਹੈ ਪਰ ਕਮਾਲ ਇਸ ਗੱਲ ਦਾ ਹੈ ਕਿ ਗ਼ਜ਼ਲ ਵਿਚ ਭਿੰਨ-ਭਿੰਨ ਵਿਸ਼ੇ ਪ੍ਰਗਟਾਏ ਜਾ ਸਕਦੇ ਹਨ ਜਦ ਕਿ ਬਾਕੀ ਕਾਵਿ-ਰੂਪਾਂ ਵਿਚ ਅਜਿਹਾ ਗੁਣ ਨਹੀਂ ਹੈ।

## ਗ਼ਜ਼ਲ ਦਾ ਸਰੂਪ:

ਗ਼ਜ਼ਲ ਦੇ ਸਰੂਪ ਅਤੇ ਪਰਿਭਾਸ਼ਾ ਤੋਂ ਸਾਨੂੰ ਗ਼ਜ਼ਲ ਦੀ ਤਾਸੀਰ ਬਾਰੇ ਪਤਾ ਜਾਣਕਾਰੀ ਮਿਲਦੀ ਹੈ ਕਿ ਅਸਲ ਵਿਚ ਗ਼ਜ਼ਲ ਕੀ ਹੈ ਤੇ ਇਸ ਵਿਚ ਕਿਹੜੇ ਵਿਸ਼ਿਆਂ 'ਤੇ ਗੱਲ ਕੀਤੀ ਜਾ ਸਕਦੀ ਹੈ। ਗ਼ਜ਼ਲ ਦੇ ਸਰੂਪ ਬਾਰੇ ਜਾਣਨ ਤੋਂ ਬਾਅਦ ਇਹ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਗ਼ਜ਼ਲ ਦੇ ਵਿਲੱਖਣ ਗੁਣਾਂ, ਲੱਛਣਾਂ, ਬਣਤਰ ਆਦਿ ਦਾ ਵੀ ਗਿਆਨ ਹਾਸਿਲ ਕੀਤਾ ਜਾ ਸਕੇ। ਗ਼ਜ਼ਲ ਨੂੰ ਕਾਵਿ ਰੂਪ ਤੋਂ ਨਿਖੇੜਿਆ ਜਾਂਦਾ ਹੈ। ਕਵਿਤਾ ਭਾਰੀ ਭਰਕਮ ਸ਼ਬਦਾਵਲੀ ਵਾਲੀ ਹੋ ਸਕਦੀ ਹੈ ਪਰ ਗ਼ਜ਼ਲ ਵਿਚ ਸ਼ਬਦਾਂ ਦੀ ਭਰਮਾਰ ਤੋਂ ਬਚਿਆ ਜਾ ਸਕਦਾ ਹੈ। ਗ਼ਜ਼ਲ ਆਪਣੇ ਆਪ ਵਿਚ ਨਾਜ਼ੁਕ ਸ਼ਬਦਾਂ ਦੀ ਧਾਰਨੀ ਹੁੰਦੀ ਹੈ। "ਕਿਸੇ ਵਿਸ਼ੇ ਜਾਂ ਘਟਨਾ ਨੂੰ ਵਿਸਥਾਰ ਪੂਰਵਕ ਦਰਸਾਉਣ ਲਈ ਨਜ਼ਮ ਦਾ ਸਹਾਰਾ ਲੈਣਾ ਪੈਂਦਾ ਹੈ ਪਰ ਕਿਸੇ ਗੱਲ ਨੂੰ ਸੰਖੇਪ ਰੂਪ ਵਿਚ ਦਰਸਾਉਣ ਲਈ 'ਗ਼ਜ਼ਲ' ਦਾ ਸਹਾਰਾ ਲਿਆ ਜਾਂਦਾ ਹੈ...ਦਿਲੀ ਜਜ਼ਬਿਆਂ ਨੂੰ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਪ੍ਰਭਾਵ ਨਾਲ ਪ੍ਰਗਟਾਉਣ ਲਈ ਗ਼ਜ਼ਲ ਤੋਂ ਉੱਤਮ ਹੋਰ ਕੋਈ ਵਸੀਲਾ ਨਹੀਂ।" ਗ਼ਜ਼ਲ ਦਾ ਆਪਣਾ ਵਿਸ਼ੇਸ਼ ਆਕਾਰ ਹੈ, ਰਚਨਾ

ਵਿਧਾਨ ਹੈ। ਕਿਸੇ ਵੀ ਰਚਨਾ ਦੇ ਆਪਣੇ ਕੁੱਝ ਨਿਯਮ ਹੁੰਦੇ ਹਨ ਜੋ ਉਸ ਵਿਚ ਵਿਲੱਖਣਤਾ ਭਰਦੇ ਹਨ। ਉਸ ਦੀ ਘਾੜਤ, ਵਿਧਾਨ ਜਾਂ ਰਚਨਾ ਵਿਚ ਇਨ੍ਹਾਂ ਨਿਯਮਾਂ ਜਾਂ ਵਿਧਾਇਕ ਤੱਤਾਂ ਦਾ ਭਾਰੀ ਹੱਥ ਹੁੰਦਾ ਹੈ। ਇਸ ਲਈ ਕਿਸੇ ਵੀ ਰਚਨਾ ਦੀ ਮੁਕੰਮਲ ਵਾਕਫ਼ੀਅਤ ਲਈ ਉਸ ਦੇ ਰਚਨਾਤਮਕ ਤੱਤਾਂ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ।

ਗ਼ਜ਼ਲ ਇਕ ਅਜਿਹਾ ਕਾਵਿ ਰੂਪ ਹੈ ਜਿਸ ਦੇ ਇਕ ਸ਼ਿਅਰ ਵਿਚ ਹੀ ਸੰਖੇਪ ਸ਼ਬਦਾਂ ਵਿਚ ਵੱਡੀ ਤੋਂ ਵੱਡੀ ਗੱਲ ਕਹੀ ਜਾ ਸਕਦੀ ਹੈ। ਇਸ ਦੀ ਸੰਖੇਪਤਾ ਵਿਚ ਹੀ ਇਸ ਦਾ ਵਿਸਥਾਰ ਛੁਪਿਆ ਹੁੰਦਾ ਹੈ। ਪਰ ਇਸ ਕਥਨ ਵਿਚੋਂ ਅਸੀਂ ਗ਼ਜ਼ਲ ਦਾ ਵੱਡਾ ਗੁਣ 'ਸੰਖੇਪਤਾ' ਨੂੰ ਬਹੁਤੇ ਨੂੰ ਘੱਟ ਸ਼ਬਦਾਂ ਵਿਚ ਬਿਆਨ ਕਰਨਾ ਕਹਿ ਸਕਦੇ ਹਾਂ। ਭਾਵ ਕੁੱਜੇ ਵਿਚ ਸਮੁੰਦਰ ਬੰਦ ਕਰਨਾ ਵੀ ਕਿਹਾ ਜਾ ਸਕਦਾ ਹੈ।

## <u>ਗ਼ਜ਼ਲ ਦੀਆਂ ਕਿਸਮਾਂ</u>:

ਪੰਜਾਬੀ ਗ਼ਜ਼ਲ ਦੋ ਪ੍ਰਕਾਰ ਦੀ ਹੁੰਦੀ ਹੈ: ਮੁਸੱਲਸਲ ਗ਼ਜ਼ਲ ਤੇ ਗੈਰ-ਮੁਸੱਲਸਲ ਗ਼ਜ਼ਲ।

### ਮੁਸੱਲਸਲ ਗ਼ਜ਼ਲ:

ਗ਼ਜ਼ਲ ਦਾ ਇਕ ਸ਼ਿਅਰ ਆਪਣੇ ਆਪ ਵਿਚ ਮੁਕੰਮਲ ਹੋਣ ਕਰ ਕੇ ਪੂਰੀ ਨਜ਼ਮ ਦਾ ਪ੍ਰਭਾਵ ਦੇ ਸਕਦਾ ਹੈ। ਕਈ ਵਾਰ ਕਿਸੇ ਗ਼ਜ਼ਲ ਵਿਚ ਸਾਰੇ ਦੇ ਸਾਰੇ ਸ਼ਿਅਰ ਹੀ ਇਕ ਵਿਸ਼ੇ ਨਾਲ ਸਬੰਧਤ ਹੁੰਦੇ ਹਨ। ਅਜਿਹੀ ਗ਼ਜ਼ਲ ਨੂੰ 'ਮੁਸੱਲਸਲ ਗ਼ਜ਼ਲ' ਕਿਹਾ ਜਾਂਦਾ ਹੈ। ਅਜਿਹੀ ਗ਼ਜ਼ਲ ਵਿਚ ਇਕ ਦੂਜੇ ਨਾਲ ਬੰਨੇ ਹੋਣ ਕਾਰਨ ਵੀ ਹਰ ਇਕ ਸ਼ਿਅਰ ਆਪਣੇ ਆਪ ਵਿਚ ਸੁਤੰਤਰ ਹੁੰਦਾ ਹੈ। ਸਾਰੇ ਸ਼ਿਅਰਾਂ ਵਿਚ ਵਿਚਾਰ ਪੱਖੋਂ ਏਕਤਾ ਕਾਇਮ ਰਹਿੰਦੀ ਹੈ। ਜੋ ਇਕ ਕੜੀ ਦਾ ਰੂਪ ਲੈ ਲੈਂਦੀ ਹੈ। ਇਸ ਤਰ੍ਹਾਂ ਦੀ ਗ਼ਜ਼ਲ ਵਿਚ ਇਕ ਜਾਂ ਦੋ ਸ਼ਿਅਰਾਂ ਨੂੰ ਵੱਖ ਕਰਨ 'ਤੇ ਸਾਰੀ ਗ਼ਜ਼ਲ ਅਰਥਹੀਨ ਹੋ ਜਾਂਦੀ ਹੈ ਕਿਉਂ ਕਿ ਉਸ ਵਿਚਲੀ ਵਿਚਾਰਾਂ ਦੀ ਲੜੀ ਟੁੱਟ ਜਾਂਦੀ ਹੈ ਤੇ ਪ੍ਰਭਾਵ ਕਾਇਮ ਨਹੀਂ ਰਹਿੰਦਾ।

### ਗੈਰ-ਮੁਸੱਲਸਲ ਗ਼ਜ਼ਲ:

ਗੈਰ-ਮੁਸੱਲਸਲ ਗ਼ਜ਼ਲ ਦੇ ਸਾਰੇ ਸ਼ਿਅਰ ਇਕ ਦੂਜੇ ਤੋਂ ਵੱਖਰੇ ਹੁੰਦੇ ਹਨ ਭਾਵ ਹਰ ਇਕ ਸ਼ਿਅਰ ਸੁਤੰਤਰ ਰੂਪ ਵਿਚ ਵਿਚਰਦਾ ਹੈ। ਹਰ ਇਕ ਸ਼ਿਅਰ ਗ਼ਜ਼ਲ ਦੀ ਇਕਾਈ ਹੁੰਦਾ ਹੈ ਅਤੇ ਹਰ ਸ਼ਿਅਰ ਕੋਈ ਨਵਾਂ ਸੰਦੇਸ਼ ਲੈ ਕੇ ਆਉਂਦਾ ਹੈ। ਇਸ ਵਿਚ ਗ਼ਜ਼ਲ ਤੋਂ ਵੱਖ ਕੀਤੇ ਗਏ ਸ਼ਿਅਰ ਵੀ ਆਪਣੇ ਆਪ ਵਿਚ ਸੰਪੂਰਨ ਹੁੰਦੇ ਹਨ। ਗ਼ਜ਼ਲ ਵਿਚੋਂ ਕੋਈ ਸ਼ਿਅਰ ਕੱਢ ਲੈਣ ਨਾਲ ਪੂਰੀ ਗ਼ਜ਼ਲ ਦੀ ਭਾਵ ਏਕਤਾ ਜਾਂ ਅਰਥ ਸੰਚਾਰ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ ਅਤੇ ਨਾ ਹੀ ਅਸਪੱਸ਼ਟਤਾ ਜਾਂ ਧੁੰਦਲਾਪਨ ਲਗਦਾ ਹੈ।

**ਗ਼ਜ਼ਲ ਦੇ ਤੱਤ**:

| | |
|---|---|
| **ਮਿਸ਼ਰਾ** | **ਗ਼ਜਲ ਦੇ ਹਰ ਤੁਕ ਨੂੰ ਮਿਸ਼ਰਾ ਕਹਿੰਦੇ** |
| **ਮਤਲਾ** | **ਗ਼ਜ਼ਲ ਦਾ ਅਰੰਭ ਜਿਸ ਸ਼ਿਅਰ ਤੋਂ ਹੁੰਦਾ ਹੈ ਉਸਨੂੰ ਮਤਲਾ ਕਹਿੰਦੇ ਹਨ** |
| **ਮਕਤਾ** | **ਗ਼ਜ਼ਲ ਦੇ ਆਖਰੀ ਸ਼ਿਅਰ ਨੂੰ ਮਕਤਾ ਕਹਿੰਦੇ ਹਨ ਜਿਸ ਵਿਚ ਗ਼ਜ਼ਲਗੋ ਆਪਣਾ ਤਖੱਲਸ ਦੀ ਵਰਤੋਂ ਕਰਦਾ ਹੈ।** |
| **ਕਾਫ਼ੀਆ** | **ਸ਼ਿਅਰ ਦੇ ਅੰਤ ਉਪਰ ਬਾਰ-ਬਾਰ ਆਉਣ ਵਾਲੇ ਹਮਵਜਨ ਸ਼ਬਦ (ਪੰਜਾਬੀ ਵਿਚ ਉਸਨੂੰ ਤੁਕਾਂਤ ਕਹਿੰਦੇ ਹਨ)** |
| **ਰਦੀਫ** | **ਜੋ ਸ਼ਬਦ ਕਾਫੀਆ ਤੋਂ ਬਾਅਦ ਵਿਚ ਆਉਣ, ਰਦੀਫ ਲਈ ਕਾਫੀਆ ਜਰੂਰੀ ਪਰ ਕਾਫੀਆ ਲਈ ਰਦੀਫ ਜਰੂਰੀ ਨਹੀ ਹੈ।** |
| **ਸ਼ਿਅਰ/ਸ਼ੇਅਰ** | **ਇਕ ਗ਼ਜ਼ਲ ਵਿਚ 7 ਤੋਂ ਲੈ ਕੇ 30 ਸ਼ਿਅਰ ਹੁੰਦੇ ਹਨ।** |

## 1. ਸ਼ਿਅਰ:

ਗ਼ਜ਼ਲ ਸ਼ਿਅਰਾਂ ਦਾ ਸੰਗ੍ਰਿਹ ਹੁੰਦਾ ਹੈ ਅਤੇ ਇਸ ਦਾ ਹਰ ਸ਼ਿਅਰ ਦੋ ਤੁਕਾਂ ਉਪਰ ਅਧਾਰਤ ਹੁੰਦਾ ਹੈ। ਭਾਵ ਦੋ ਤੁਕਾਂ ਦੇ ਸੁਮੇਲ ਤੋਂ ਸ਼ਿਅਰ ਦੀ ਉਤਪਤੀ ਹੁੰਦੀ ਹੈ। ਸ਼ਿਅਰ ਦੀ ਹਰ ਇਕ ਤੁਕ ਨੂੰ 'ਮਿਸਰਾ' ਕਿਹਾ ਜਾਂਦਾ ਹੈ। ਫ਼ਾਰਸੀ ਪਿੰਗਲ ਅਰੂਜ਼ ਅਨੁਸਾਰ ਕਿਹਾ ਜਾਂਦਾ ਹੈ ਕਿ ਕੁੱਝ ਅਜਿਹੇ ਲਫ਼ਜ਼ਾਂ ਦਾ ਇਕੱਠ, ਜੋ ਇਕ ਖਾਸ ਤੋਲ ਜਾਂ ਵਜ਼ਨ 'ਤੇ ਆਧਾਰਤ ਹੋਵੇ, ਮਿਸਰਾ ਅਖਵਾਉਂਦਾ ਹੈ। ਸ਼ਿਅਰ ਦੀ ਪਹਿਲੀ ਤੁਕ ਨੂੰ 'ਮਿਸਰਾ ਅੱਵਲ' ਅਤੇ ਦੂਜੀ ਤੁਕ ਨੂੰ 'ਮਿਸਰਾ ਸਾਨੀ' ਕਿਹਾ ਜਾਂਦਾ ਹੈ। ਇਕ ਗ਼ਜ਼ਲ ਵਿਚ ਸ਼ਿਅਰਾਂ ਦੀ ਗਿਣਤੀ ਕਿੰਨੀ ਹੋਣੀ ਚਾਹੀਦੀ ਹੈ? ਇਸ ਬਾਰੇ ਕੋਈ ਨਿਸ਼ਚਿਤ ਮਤ ਸਥਾਪਤ ਨਹੀਂ ਹੈ। ਕੁੱਝ ਵਿਦਵਾਨ ਇਨ੍ਹਾਂ ਦੀ ਗਿਣਤੀ ਤਿੰਨ ਤੋਂ ਸਤਾਰਾਂ ਤਕ ਮੰਨਦੇ ਹਨ, ਕੁੱਝ ਸੱਤ ਤੋਂ ਤੀਹ, ਕੁੱਝ ਤਿੰਨ ਤੋਂ ਇੱਕੀ ਅਤੇ ਕਈ ਪੰਜ ਤੋਂ ਪੰਦਰਾਂ ਦੱਸਦੇ ਹਨ। ਇਸ ਬਾਰੇ ਕੋਈ ਵੀ ਨਿਸ਼ਚਿਤ ਮਤ ਨਹੀਂ ਹੈ। ਸਿਰਫ਼ ਇਹੀ ਕਿਹਾ ਜਾ ਸਕਦਾ ਹੈ ਕਿ ਜਿੰਨੇ ਵੀ ਸ਼ਿਅਰ ਹੋਣ ਉਹ ਸ਼ਾਇਰ ਦੁਆਰੀ ਕਹੀ ਗੱਲ ਨੂੰ ਸੁਚੱਜੇ ਢੰਗ ਨਾਲ ਪੇਸ਼ ਕਰਨ ਦੀ ਸਮਰੱਥਾ ਰੱਖਦੇ ਹੋਣ। "ਗ਼ਜ਼ਲ ਦਾ ਹਰ ਸ਼ਿਅਰ ਆਪਣੇ ਆਪ ਵਿਚ ਸੰਪੂਰਨ ਹੁੰਦਾ ਹੈ। ਇਸ ਤਰ੍ਹਾਂ ਸਾਰੇ ਸ਼ਿਅਰ ਰਲ ਕੇ ਇਕ ਪ੍ਰਭਾਵ ਬਣਾ ਦਿੰਦੇ ਹਨ। ਹਰ ਗ਼ਜ਼ਲ ਦੇ ਸ਼ਿਅਰ ਵਿਚ ਇਕ ਵਿਚਾਰ ਪੇਸ਼ ਹੁੰਦਾ ਹੈ। ਇਸ ਦਾ ਪ੍ਰਗਟਾਅ ਅਚੰਭੇ ਦੀ ਸੂਰਤ ਵਿਚ ਹੁੰਦਾ ਹੈ। ਵਿਚਾਰ ਦਾ ਸਿਖ਼ਰ ਵੀ ਆਉਂਦਾ ਹੈ ਤੇ ਸੰਪੂਰਣਤਾ ਵੀ।"

ਗ਼ਜ਼ਲ ਦੇ ਸ਼ਿਅਰਾਂ ਬਾਰੇ ਚਰਚਾ ਨੂੰ ਹੋਰ ਵਿਸਤਾਰਤ ਕਰਦਿਆਂ ਚਾਨਣ ਗੋਬਿੰਦਪੁਰੀ ਕਹਿੰਦੇ ਹਨ,"ਸ਼ਿਅਰ ਲਈ ਜ਼ਰੂਰੀ ਹੈ ਕਿ ਉਹ ਕਿਸੇ ਖਾਸ ਨਿਯਤ ਕੀਤੇ ਛੰਦ ਵਿਚ ਹੋਵੇ। ਉਸ ਵਿਚ ਦਰਸਾਇਆ ਗਿਆ ਖ਼ਿਆਲ ਅਸਲੀਅਤ ਨਾਲ ਸੰਬੰਧ ਰੱਖਦਾ ਹੋਵੇ ਅਤੇ ਉਸ ਵਿਚ ਤਾਸੀਰ ਹੋਵੇ। ਜੇ ਇਨ੍ਹਾਂ ਗੁਣਾਂ ਵਿਚੋਂ ਕਿਸੇ ਇਕ ਦੀ ਵੀ ਘਾਟ ਹੈ ਤਾਂ ਅਸੀਂ ਉਸ ਨੂੰ ਚੰਗਾ ਸ਼ਿਅਰ ਨਹੀਂ ਆਖਾਂਗੇ।" ਗ਼ਜ਼ਲ ਵਿਚਲੇ ਸ਼ਿਅਰਾਂ ਨੂੰ ਹੋਰ ਵਿਸਥਾਰਤ ਕਰਦਿਆਂ ਡਾ. ਨਰੇਸ਼ ਕਹਿੰਦੇ ਹਨ,"ਸ਼ਿਅਰ ਉਹ ਕਾਵਿ ਰੂਪ ਹੈ ਜਿਸ ਵਿਚ ਕਵੀ ਨੇ ਕਾਫ਼ੀਏ ਦੀ ਬੰਦਿਸ਼ ਵਿਚ ਰਹਿ ਕੇ ਕੋਈ ਗੱਲ ਨਿਸ਼ਚੇ ਪੂਰਬਕ ਬਹਿਰ-ਵਜ਼ਨ (ਤੋਲ) ਵਿਚ ਆਖੀ ਹੋਵੇ।"

ਗ਼ਜ਼ਲ ਵਿਚਲੇ ਸ਼ਿਅਰ ਦੋ ਪ੍ਰਕਾਰ ਦੇ ਹੁੰਦੇ ਹਨ: ਬੈਂਤ-ਉਲ-ਗ਼ਜ਼ਲ ਅਤੇ ਬੈਂਤ ਪੁਰਕੁਨ।

**ੳ) ਬੈਂਤ-ਉਲ-ਗ਼ਜ਼ਲ:** ਗ਼ਜ਼ਲਕਾਰੀ ਵਿਚ 'ਬੈਂਤ-ਉਲ-ਗ਼ਜ਼ਲ' ਦਾ ਅਰਥ ਸੋਹਣੇ ਸ਼ਿਅਰ ਤੋਂ ਲਿਆ ਜਾਂਦਾ ਹੈ। ਕਿਸੇ ਵੀ ਗ਼ਜ਼ਲਗੋ ਦੀ ਗ਼ਜ਼ਲ ਵਿਚ ਇਹ ਜ਼ਰੂਰੀ ਨਹੀਂ ਕਿ ਹਰ ਸ਼ਿਅਰ ਵਧੀਆ ਹੋਵੇ ਜਾਂ ਹਰ ਸ਼ਿਅਰ ਮਾੜਾ ਹੋਵੇ। ਪਰ ਜਿਹੜਾ ਇਕ ਬਹੁਤ ਸੋਹਣਾ ਸ਼ਿਅਰ ਹੁੰਦਾ ਹੈ ਉਸ ਨੂੰ ਬੈਂਤ-ਉਲ-ਗ਼ਜ਼ਲ ਜਾਂ ਸ਼ਾਹ ਬੈਂਤ ਕਿਹਾ ਜਾਂਦਾ ਹੈ।

**ਅ) ਬੈਂਤ ਪੁਰਕੁਨ:** ਗ਼ਜ਼ਲਕਾਰੀ ਵਿਚ 'ਬੈਂਤ ਪੁਰਕੁਨ' ਦਾ ਅਰਥ ਮਾੜੇ ਸ਼ਿਅਰ ਤੋਂ ਲਿਆ ਜਾਂਦਾ ਹੈ। ਗ਼ਜ਼ਲ ਦੇ ਸਾਰੇ ਸ਼ਿਅਰਾਂ ਵਿਚੋਂ ਜਿਹੜਾ ਸ਼ਿਅਰ ਮਾੜਾ, ਬੇਰੰਗ, ਬੇਅਰਥ ਹੁੰਦਾ ਹੈ ਉਸ ਨੂੰ ਬੈਂਤ ਪੁਰਕੁਨ ਜਾਂ ਭਰਤੀ ਦਾ ਸ਼ਿਅਰ ਕਿਹਾ ਜਾਂਦਾ ਹੈ।

ਗ਼ਜ਼ਲ ਦੇ ਸ਼ਿਅਰ ਇਕ ਦੂਜੇ ਤੋਂ ਨਿਰਪੇਖ ਹੁੰਦੇ ਹਨ। ਹਰ ਸ਼ਿਅਰ ਆਪਣੇ ਆਪ ਵਿਚ ਸੰਪੂਰਨ ਅਤੇ ਵੱਖਰੀ ਇਕਾਈ ਦਾ ਧਾਰਨੀ ਹੁੰਦਾ ਹੈ। ਇਕ ਸ਼ਿਅਰ ਦਾ ਦੂਜੇ ਸ਼ਿਅਰ ਨਾਲ ਸੰਬੰਧ ਤਕਨੀਕੀ ਹੁੰਦਾ ਹੈ ਨਾ ਕਿ ਵਿਸ਼ਾਗਤ। ਉਦਾਹਰਨ ਦੇ ਤੌਰ 'ਤੇ ਜੇ ਕਰ ਕਿਸੇ ਇਕ ਸ਼ਿਅਰ ਵਿਚ ਮਹਿਬੂਬ ਪਿਆਰ ਹੋਵੇ ਤਾਂ ਅਗਲਾ ਸ਼ਿਅਰ ਜ਼ਰੂਰੀ ਨਹੀਂ ਕਿ ਇਸ ਤਰ੍ਹਾਂ ਦਾ ਹੀ ਹੋਵੇਗਾ। ਦੂਜਾ ਧਾਰਮਿਕ ਰੰਗਤ ਵਾਲਾ ਵੀ ਹੋ ਸਕਦਾ ਹੈ ਅਤੇ ਤੀਜਾ ਰਾਜਸੀ ਮਸਲੇ ਨਾਲ ਭਰਪੂਰ ਆਦਿ ਕੁੱਝ ਵੀ ਹੋ ਸਕਦਾ ਹੈ। ਭਾਵ ਗ਼ਜ਼ਲ ਦੇ ਸਾਰੇ ਸ਼ਿਅਰ ਥੀਮਕ ਪੱਖੋਂ ਅਲੱਗ ਪ੍ਰਕਿਰਤੀ ਵਾਲੇ ਵੀ ਹੋ ਸਕਦੇ ਹਨ। ਗ਼ਜ਼ਲ ਦਾ ਹਰ ਸ਼ਿਅਰ ਆਪਣੇ ਆਪ ਵਿਚ ਪੂਰੀ ਨਜ਼ਮ ਹੁੰਦਾ ਹੈ।

**2. ਮਤਲਾ ਤੇ ਮਕਤਾ:** ਗ਼ਜ਼ਲ ਵਿਚ ਮਤਲਾ ਅਤੇ ਮਕਤਾ ਬਹੁਤ ਮਹੱਤਵਪੂਰਨ ਸਥਾਨ ਰੱਖਦਾ ਹੈ। ਗ਼ਜ਼ਲ ਦੇ ਪਹਿਲੇ ਸ਼ਿਅਰ ਨੂੰ ਮਤਲਾ ਕਿਹਾ ਜਾਂਦਾ ਹੈ ਅਤੇ ਆਖਰੀ ਸ਼ਿਅਰ ਨੂੰ ਮਕਤਾ। ਮਕਤਾ ਵਿਚ ਗ਼ਜ਼ਲਗੋ ਦਾ ਨਾਮ ਜਾਂ ਉਪਨਾਮ ਤਖ਼ੱਲਸ ਵਜੋਂ ਦਿੱਤਾ ਜਾਂਦਾ ਹੈ ਜੇ ਕਰ ਕੋਈ ਤਖ਼ੱਲਸ ਨਾ ਹੋਵੇ ਤਾਂ ਗ਼ਜ਼ਲ ਦੇ ਉਸ ਸ਼ਿਅਰ ਨੂੰ ਆਖਰੀ ਸ਼ਿਅਰ ਕਿਹਾ ਜਾਂਦਾ ਹੈ। "ਗ਼ਜ਼ਲ ਵਿਚਲੇ ਪਹਿਲੇ ਸ਼ਿਅਰ ਨੂੰ 'ਮਤਲਾ' ਕਿਹਾ ਜਾਂਦਾ ਹੈ ਜਿਸ ਦਾ ਸ਼ਾਬਦਿਕ ਅਰਥ 'ਸੂਰਜ ਦੇ ਨਿਕਲਣ ਦੀ ਜਗ੍ਹਾ' ਹੈ ਭਾਵ ਉਹ ਸਥਾਨ ਜਿੱਥੋਂ ਗ਼ਜ਼ਲ ਰੂਪੀ ਸੂਰਜ ਚੜਨਾ ਸ਼ੁਰੂ ਹੁੰਦਾ ਹੈ। ਮਤਲੇ ਦੇ ਦੋਵੇਂ ਮਿਸਰੇ ਹਮ-ਕਾਫ਼ੀਆ ਅਤੇ ਹਮ-ਰਦੀਫ਼ ਹੁੰਦੇ ਹਨ। ਗ਼ਜ਼ਲ ਦੇ ਬਾਕੀ ਸ਼ਿਅਰਾਂ ਵਿਚ ਸ਼ਿਅਰ ਦੇ ਦੂਸਰੇ ਮਿਸਰੇ ਦਾ ਕਾਫ਼ੀਆ (ਤੁਕਾਂਤ) ਮਤਲੇ ਦੇ ਕਾਫ਼ੀਏ ਨਾਲ ਰਲਦਾ ਹੈ। ਦੂਜੇ ਮਤਲੇ ਨੂੰ 'ਮਤਲਾ ਏ ਸਾਨੀ' ਕਿਹਾ ਜਾਂਦਾ ਹੈ। ਕੁੱਝ ਗ਼ਜ਼ਲਾਂ ਅਜਿਹੀਆਂ ਵੀ ਲਿਖੀਆਂ ਮਿਲਦੀਆਂ ਹਨ ਜਿਸ ਦੇ ਸਾਰੇ ਸ਼ਿਅਰ ਮਤਲਾ ਹੀ ਹੁੰਦੇ ਹਨ। ਅਜਿਹੀ ਗ਼ਜ਼ਲ ਨੂੰ 'ਜਵਾਉਲ ਮਤਾਲਿਆ ਗ਼ਜ਼ਲ' ਕਿਹਾ ਜਾਂਦਾ ਹੈ।"

**3. ਗ਼ਜ਼ਲ ਵਿਚ ਮਤਲਾ:** ਗ਼ਜ਼ਲ ਦਾ ਪਹਿਲਾ ਸ਼ਿਅਰ 'ਮਤਲਾ' ਹੁੰਦਾ ਹੈ ਜਿਸ ਦੇ ਦੋਵੇਂ ਮਿਸਰਿਆਂ ਦਾ ਤੁਕਾਂਤ ਮਿਲਦਾ ਹੋਵੇ ਉਹ ਮਤਲਾ ਹੈ। ਮਤਲਾ ਸ਼ਬਦ ਦੀ ਉਤਪਤੀ 'ਤਲੂਅ' ਸ਼ਬਦ ਤੋਂ ਹੋਈ ਮਿਲਦੀ ਹੈ। 'ਤਲੂਅ' ਦੇ ਕੋਸ਼ਗਤ ਅਰਥ ਹਨ 'ਉਦੈ ਹੋਣਾ' ਅਥਵਾ 'ਉਗਮਣਾ'। ਹਰ ਸ਼ਿਅਰ ਦੇ ਦੋਨੋਂ ਮਿਸਰਿਆਂ ਦਾ ਤੋਲ ਬਰਾਬਰ ਹੁੰਦਾ ਹੈ। ਕਾਫ਼ੀਆ ਮਿਲਦਾ-ਜੁਲਦਾ ਹੁੰਦਾ ਹੈ ਅਤੇ ਰਦੀਫ਼ ਇਕ ਹੀ ਹੁੰਦਾ ਹੈ। ਕਈ ਗ਼ਜ਼ਲਾਂ ਵਿਚ ਇਕ ਤੋਂ ਵਧੇਰੇ ਮਤਲੇ ਵੀ ਹੁੰਦੇ ਹਨ ਭਾਵ ਅਰੰਭਿਕ ਸ਼ਿਅਰ (ਮਤਲਾ) ਤੋਂ ਪਿੱਛੋਂ ਆਉਣ ਵਾਲੇ ਇਕ ਜਾਂ ਦੋ ਸ਼ਿਅਰਾਂ

ਦਾ ਤੁਕਾਂਤ ਵੀ ਮੇਲਿਆ ਗਿਆ ਹੁੰਦਾ ਹੈ। ਇਕ ਮਤਲੇ ਪਿੱਛੋਂ ਦੂਜਾ ਮਤਲਾ ਆ ਜਾਵੇ ਤਾਂ ਉਸ ਨੂੰ 'ਮਤਲਾ ਸਾਨੀ' ਜਾਂ 'ਹੁਸਨੇ ਮਤਲਾ' ਕਿਹਾ ਜਾਂਦਾ ਹੈ। ਇਕ ਗ਼ਜ਼ਲ ਵਿਚ ਮਤਲਿਆਂ ਦੀ ਗਿਣਤੀ ਇਕ ਤੋਂ ਵਧੀਕ ਵੀ ਹੋ ਸਕਦੀ ਹੈ ਪਰ ਵਿਦਵਾਨਾਂ ਨੇ ਇਕ ਗ਼ਜ਼ਲ ਵਿਚ ਵੱਧ ਤੋਂ ਵੱਧ ਤਿੰਨ ਮਤਲਿਆਂ ਨੂੰ ਹੀ ਜਾਇਜ਼ ਕਿਹਾ ਹੈ। ਇਕ ਗ਼ਜ਼ਲ ਵਿਚ ਮਤਲਾ ਦੀ ਉਦਾਹਰਨ 'ਤੇ ਗੌਰ ਫਰਮਾਉ।

*'ਰੱਖਦਾ ਰਿਹਾ ਜੋ ਉਮਰ ਭਰ ਇਕ ਬਾਤ ਦੀ ਖ਼ਬਰ,*

*ਉਹ ਆਦਮੀ ਵੇਖਿਆ ਆਪਣੇ ਤੋਂ ਬੇਖ਼ਬਰ*

*ਕਵਿਤਾ ਦੇ ਉੱਚੇ ਅੰਬਰੀਂ ਪਰਵਾਜ਼ ਭਰ ਗਿਆ,*

*ਧਰਤੀ ਦੇ ਬਿਖ਼ੜੇ ਪੰਧ 'ਤੇ ਕਰਦਾ ਰਿਹਾ ਸਫ਼ਰ'*

ਸੁਹਿੰਦਰਬੀਰ

ਗ਼ਜ਼ਲ ਇਕ ਸਰੀਰ ਦੀ ਤਰ੍ਹਾਂ ਹੈ, ਜਿਸ ਵਿਚ ਸ਼ਿਅਰ, ਮਤਲਾ, ਮਕਤਾ, ਕਾਫ਼ੀਆ, ਰਦੀਫ਼ ਆਦਿ ਇਸ ਦੇ ਜ਼ਰੂਰੀ ਅੰਗ ਹਨ। ਗ਼ਜ਼ਲ ਦਾ ਪਲੇਠਾ ਸ਼ਿਅਰ ਜਿਸ ਦੇ ਦੋਵੇਂ ਮਿਸਰੇ ਹਮ-ਕਾਫ਼ੀਆ ਤੇ ਹਮ-ਰਦੀਫ਼ ਹੋਣ। ਮਤਲੇ ਦਾ ਅਰਥ: ਸੂਰਜ ਦੇ ਨਿਕਲਣ ਵਾਲੀ ਥਾਂ। ਗ਼ਜ਼ਲ ਵਿਚ ਨਿਕਲਣ ਵਾਲਾ ਪਹਿਲਾ ਸ਼ਿਅਰ ਵੀ ਗ਼ਜ਼ਲ ਦੇ ਆਗਾਜ਼ ਦਾ ਪੈਗਾਮ ਹੁੰਦਾ ਹੈ। ਇਸ ਕਾਰਨ ਗ਼ਜ਼ਲ ਦੇ ਪਹਿਲੇ ਸ਼ਿਅਰ ਨੂੰ 'ਮਤਲਾ' ਕਿਹਾ ਜਾਂਦਾ ਹੈ।

**4. ਮਕਤਾ:** ਗ਼ਜ਼ਲ ਦਾ ਆਖਰੀ ਸ਼ਿਅਰ 'ਮਕਤਾ' ਕਹਾਉਂਦਾ ਹੈ। 'ਮਕਤਾ' ਦਾ ਸ਼ਾਬਦਿਕ ਅਰਥ ਹੈ ਸਮਾਪਤੀ ਸਥਾਨ। ਹਰ ਮਕਤਾ ਵਿਚ ਸ਼ਾਇਰ ਦਾ ਤਖ਼ੱਲਸ (ਨਾਮ ਜਾਂ ਉਪਨਾਮ) ਜ਼ਰੂਰ ਵਿਦਮਾਨ ਹੁੰਦਾ ਹੈ ਅਤੇ ਜੇਕਰ ਤਖ਼ੱਲਸ ਨਹੀਂ ਹੈ ਤਾਂ ਉਹ ਗ਼ਜ਼ਲ ਦਾ ਮਕਤਾ ਨਹੀਂ ਬਲਕਿ ਆਖਰੀ ਸ਼ਿਅਰ ਕਹਾਉਂਦਾ ਹੈ। ਕਈ ਵਾਰ ਕੁੱਝ ਵਿਦਵਾਨ ਗ਼ਜ਼ਲ ਦੇ ਆਖਰੀ ਸ਼ਿਅਰ ਬਿਨਾਂ ਤਖ਼ੱਲਸ ਨੂੰ ਮਕਤਾ ਕਹਿੰਦੇ ਹਨ ਜੋ ਸਹੀ ਨਹੀਂ ਹੈ। ਮਤਲਾ ਵਾਂਗ ਮਕਤਾ ਕਹਿਣਾ ਗ਼ਜ਼ਲ ਦੀ ਜ਼ਰੂਰੀ ਸ਼ਰਤ ਨਹੀਂ ਹੈ। ਕਈ ਵਾਰ ਅਜਿਹੀਆਂ ਗ਼ਜ਼ਲਾਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚ ਮਕਤਾ ਦੀ ਥਾਂ ਆਖਰੀ ਸ਼ਿਅਰ ਹੀ ਕਿਹਾ ਗਿਆ ਹੁੰਦਾ ਹੈ। ਗ਼ਜ਼ਲ ਦਾ ਆਖਰੀ ਸ਼ਿਅਰ ਉਦੋਂ ਹੀ ਮਕਤਾ ਕਹਾਉਂਦਾ ਹੈ ਜਦੋਂ ਉਸ ਵਿਚ ਕਵੀ ਦਾ ਤਖ਼ੱਲਸ ਭਾਵ ਨਾਮ ਜਾਂ ਉਪਨਾਮ ਹੋਵੇ।

*ਸਾਰੇ 'ਵਿਵੇਕ ' ਤਜ ਕੇ ਆਇਆ ਹਾਂ ਕੋਲ਼ ਤੇਰੇ*
*ਮੈਨੂੰ ਦੀਵਾਨਗੀ ਦਾ ਸੰਸਾਰ ਬਖ਼ਸ਼ ਮੌਲਾ ( ਵਿਜੇ ਵਿਵੇਕ)*

'ਮਕਤਾ' ਅਤੇ 'ਆਖਰੀ ਸ਼ਿਅਰ' ਬਾਰੇ ਅੰਤਰ ਸਪੱਸ਼ਟ ਕਰਦੇ ਹੋਏ ਕਹਿੰਦੇ ਹਨ,"ਗ਼ਜ਼ਲ ਦਾ ਉਹ ਅੰਤਿਮ ਸ਼ਿਅਰ 'ਮਕਤਾ' ਅਖਵਾਉਂਦਾ ਹੈ ਜਿਸ ਵਿਚ ਕਵੀ ਨੇ ਆਪਣੇ ਉਪਨਾਮ ਦੀ ਵਰਤੋਂ ਕੀਤੀ ਹੋਵੇ ਅਤੇ 'ਮਕਤਾ' ਤੋਂ ਪਹਿਲਾ ਸ਼ਿਅਰ 'ਆਖਰੀ ਸ਼ਿਅਰ' ਹੁੰਦਾ ਹੈ।"

**5.ਗ਼ਜ਼ਲ ਵਿਚ ਕਾਫ਼ੀਆ:** ਗ਼ਜ਼ਲ ਵਿਚ 'ਕਾਫ਼ੀਆ' ਦੇ ਕੋਸ਼ਗਤ ਅਰਥ ਹਨ ਵਾਰ-ਵਾਰ ਅਤੇ ਪਿੱਛੇ ਆਉਣ ਵਾਲਾ। ਇਹ ਸ਼ਬਦ 'ਫਕੂ' ਤੋਂ ਬਣਿਆ ਹੈ। 'ਫਕੂ' ਦਾ ਅਰਥ ਹੈ ਵਾਰ-ਵਾਰ। ਜਿਹੜਾ ਅੱਖਰ ਬਾਰ-ਬਾਰ ਹਰ ਸ਼ਿਅਰ ਦੇ ਅੰਤ ਵਿਚ ਆ ਕੇ ਗ਼ਜ਼ਲ ਨੂੰ ਇਕ ਤਕਨੀਕ ਵਿਚ ਬੰਨਦਾ ਹੈ ਉਸ ਨੂੰ 'ਕਾਫ਼ੀਆ' ਕਹਿੰਦੇ ਹਨ। ਗ਼ਜ਼ਲ ਦੇ ਸ਼ਿਅਰਾਂ ਵਿਚ ਰਲਦੇ ਮਿਲਦੇ ਸ਼ਬਦ ਜੋ ਹਰ ਇਕ ਪੰਕਤੀ ਦੇ ਅੰਤ ਵਿਚ ਆਉਣ ਵਾਲੇ ਸ਼ਬਦਾਂ ਤੋਂ ਪਹਿਲਾਂ ਆਉਂਦੇ ਹਨ, ਉਹਨਾਂ ਨੂੰ 'ਕਾਫ਼ੀਆ' ਕਿਹਾ ਜਾਂਦਾ ਹੈ। ਭਾਵ ਮਤਲੇ ਦੀਆਂ ਦੋਵੇਂ ਤੁਕਾਂ ਦੇ ਅੰਤ ਉਪਰ ਅਤੇ ਹਰ ਸ਼ਿਅਰ ਦੀ ਦੂਜੀ ਤੁਕ ਭਾਵ ਮਿਸਰਾ ਸਾਨੀ ਦੇ ਅੰਤ ਉਪਰ ਜੋ ਤੁਕਾਂਤਕ ਸ਼ਬਦ ਆਉਂਦੇ ਹਨ, ਉਹ 'ਕਾਫ਼ੀਆ' ਕਹਾਉਂਦੇ ਹਨ।

ਗ਼ਜ਼ਲ ਦੀ ਅਸਲ ਤੌਰ 'ਤੇ ਪਕਿਆਈ 'ਕਾਫ਼ੀਆ' ਨਾਲ ਹੀ ਬਣਦੀ ਹੈ। ਗ਼ਜ਼ਲ ਦਾ ਪਹਿਲਾ ਸ਼ਿਅਰ ਤਾਂ ਹੀ 'ਹਮ-ਕਾਫ਼ੀਆ ਜਾਂ ਹਮ-ਰਦੀਫ਼' ਹੁੰਦਾ ਹੈ। ਜੇਕਰ ਬਾਕੀ ਦੇ ਸ਼ਿਅਰਾਂ ਦਾ ਹਰ ਦੂਜਾ ਮਿਸਰਾ ਹਮ-ਵਜ਼ਨ ਹੋਵੇ। ਜਿਵੇਂ ਕਿਸੇ ਸ਼ਿਅਰ ਦੇ ਅੰਤ 'ਤੇ 'ਜਾਣ ਦਾ' ਆਉਂਦਾ ਹੈ ਤਾਂ ਹਰ ਸ਼ਿਅਰ ਦਾ ਦੂਜਾ ਮਿਸਰਾ ਇਨ੍ਹਾਂ ਵਜ਼ਨਾਂ 'ਤੇ ਹੀ ਬੰਨਿਆ ਜਾਵੇਗਾ ਭਾਵ ਹਾਣ ਦਾ, ਮਾਣ ਦਾ, ਜਾਣ ਦਾ ਆਦਿ। ਇਨ੍ਹਾਂ ਵਿਚ 'ਹਾਣ, ਮਾਣ, ਜਾਣ' ਕਾਫ਼ੀਆ ਹਨ ਅਤੇ 'ਦਾ' ਰਦੀਫ਼ ਹੈ। 'ਕਾਫ਼ੀਆ' ਵਜ਼ਨ ਨਾਲ ਰਲ ਕੇ ਸੰਗੀਤਾਤਮਕਤਾ ਪੈਦਾ ਕਰਦਾ ਹੈ। ਭਾਵ ਗ਼ਜ਼ਲ ਵਿਚ ਇਕ ਖਾਸ ਕਿਸਮ ਦਾ ਸੰਗੀਤ ਪੈਦਾ ਹੁੰਦਾ ਹੈ।

ਉਦਾਹਰਨ ਵਜੋਂ ਸੁਰਜੀਤ ਪਾਤਰ ਦੀ ਗ਼ਜ਼ਲ ਵੇਖੋ:

*"ਕੁਝ ਨਾ ਕਹਿ ਖਾਮੋਸ਼ ਰਹਿ ਓ ਸ਼ਾਇਰਾ,*

*ਸਭ ਨੂੰ ਤੇਰੇ ਕਹਿਣ 'ਤੇ ਇਤਰਾਜ਼ ਹੈ*

*ਗੀਤ ਤੇਰੇ ਮੁਖ਼ਬਰੀ ਕਰ ਦੇਣਗੇ,*

*ਤੇਰੀ ਹਿੱਕ ਵਿਚ ਰੋਸ਼ਨੀ ਦਾ ਰਾਜ਼ ਹੈ*

*ਜੋ ਜਗੇ ਉਸ ਦਾ ਨਿਸ਼ਾਨਾ ਬੰਨਦਾ,*

*ਰਾਤ ਦਾ ਹਾਕਮ ਨਿਸ਼ਾਨੇਬਾਜ਼ ਹੈ*

*ਤਗਮਿਆਂ ਦੀ ਥਾਂ 'ਤੇ ਹਿੱਕ ਵਿਚ ਗੋਲੀਆਂ,*

*ਇਹ ਵੀ ਇਕ ਸਨਮਾਨ ਦਾ ਅੰਦਾਜ਼ ਹੈ।'*

ਇਸ ਗ਼ਜ਼ਲ ਵਿਚ **ਇਤਰਾਜ਼, ਰਾਜ਼, ਨਿਸ਼ਾਨੇਬਾਜ਼, ਅੰਦਾਜ਼** 'ਕਾਫ਼ੀਆ' ਹਨ ਅਤੇ **ਹੈ** 'ਰਦੀਫ਼' ਹੈ। ਇਸ ਗ਼ਜ਼ਲ ਵਿਚ ਆਪਣੇ ਆਪ ਹੀ ਸੰਗੀਤਾਤਮਤਾ ਦਾ ਅੰਸ਼ ਪੈਦਾ ਹੋ ਰਿਹਾ ਹੈ।

- *ਇਹ ਰਵੀ,ਚੰਦ, ਤਾਰੇ ਗਗਨ ਵਿਚ ਵਿਚ ਸਜੇ*

  *ਆਦਮੀ ਦੀ ਧੁਰੋ ਆਰਤੀ ਵਾਸਤੇ*

  *ਕੱਚ ਸੰਗ ਮਹੱਬਤ ਕਰਨੀ ਹੈ ਤੁਸੀ*

  *ਕੋਈ ਤਰਲਾ ਕਰੋ ਆਰਸੀ ਵਾਸਤੇ*

ਆਦਮੀ ,ਆਰਤੀ, ਆਰਸੀ: **ਕਾਫੀਆਂ**

ਵਾਸਤੇ: **ਰਦੀਫ**

**6.ਗ਼ਜ਼ਲ ਵਿਚ ਰਦੀਫ਼:** ਗ਼ਜ਼ਲ ਵਿਚ ਕੋਈ ਇਕ ਸ਼ਬਦ ਜਾਂ ਸ਼ਬਦ-ਸਮੂਹ ਅਜਿਹਾ ਹੁੰਦਾ ਹੈ ਜੋ ਹਰ ਸ਼ਿਅਰ ਦੇ ਅੰਤ ਉੱਤੇ ਕਾਫ਼ੀਏ ਤੋਂ ਬਾਅਦ ਦੁਹਰਾਉ ਹੁੰਦਾ ਹੈ। ਅਜਿਹੇ ਸ਼ਬਦਾਂ ਨੂੰ 'ਰਦੀਫ਼' ਕਿਹਾ ਜਾਂਦਾ ਹੈ। 'ਰਦੀਫ਼' ਦੇ ਕੋਸ਼ਗਤ ਅਰਥ ਹਨ 'ਪਿੱਛਲੱਗ' ਭਾਵ 'ਪਿੱਛੇ ਲਗਣ ਵਾਲਾ'। ਰਦੀਫ਼ ਮਤਲਾ ਨਾਲ ਹੀ ਤੈਅ ਹੋ ਜਾਂਦਾ ਹੈ ਅਤੇ ਹਰ ਸ਼ਿਅਰ ਦੇ ਨਾਲ ਗ਼ਜ਼ਲ ਦੇ ਅੰਤ ਤਕ ਜਾਂਦਾ ਹੈ ਪਰ ਕਾਫ਼ੀਆ ਹਰ ਸ਼ਿਅਰ ਵਿਚ ਬਦਲ ਜਾਂਦਾ ਹੈ। ਸ਼ਿਅਰ ਵਿਚ ਰਦੀਫ਼ ਦੀ ਵਰਤੋਂ ਬਿਨਾਂ ਸ਼ਿਅਰ ਅਧੂਰਾ ਲੱਗਣਾ ਚਾਹੀਦਾ ਹੈ। ਜੇ ਕਰ ਸਿਰਫ਼ ਬੰਦਿਸ਼ ਨਿਭਾਉਣ ਲਈ ਇਸ ਦੀ ਵਰਤੋਂ ਕੀਤੀ ਜਾਵੇ ਤਾਂ ਸ਼ਿਅਰ ਆਪਣਾ ਮੂਲ ਖੋ ਬੈਠਦਾ ਹੈ। ਭਾਵ ਰਦੀਫ਼ ਉਹ ਅੱਖਰ, ਸ਼ਬਦ ਜਾਂ ਸ਼ਬਦ ਸਮੂਹ ਹੈ ਜੋ ਕਿਸੇ ਗ਼ਜ਼ਲ ਦੇ ਹਰ ਸ਼ਿਅਰ ਵਿਚ ਕਾਫ਼ੀਏ ਤੋਂ ਬਾਅਦ ਲਗਾਤਾਰ ਅਤੇ ਨਿਸ਼ਚਿਤ ਰੂਪ ਵਿਚ ਦੋਹਰਾਇਆ ਜਾਵੇ। ਕਾਫ਼ੀਆ ਹਰ ਸ਼ਿਅਰ ਵਿਚ ਬਦਲ ਜਾਂਦਾ ਹੈ ਅਤੇ ਰਦੀਫ਼ ਉਸ ਤਰ੍ਹਾਂ ਹੀ ਰਹਿੰਦਾ ਹੈ। ਭਾਵ ਸ਼ਿਅਰ ਵਿਚ ਰਦੀਫ਼ ਇਸ ਤਰ੍ਹਾਂ ਸ਼ਿਅਰ ਨਾਲ ਜੁੜਿਆ ਹੁੰਦਾ ਹੈ ਕਿ ਉਸ ਦੀ ਗੈਰ ਮੌਜੂਦਗੀ ਵਿਚ ਸ਼ਿਅਰ ਆਪਣੇ ਅਰਥ ਪ੍ਰਦਾਨ ਕਰਨ ਵਿਚ ਪੂਰੀ ਤਰ੍ਹਾਂ ਨਾਲ ਅਸਮਰੱਥ ਹੋਣ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਗ਼ਜ਼ਲ ਵਿਚ 'ਕਾਫ਼ੀਆ' ਤੇ 'ਰਦੀਫ਼' ਦੀ ਹੋਂਦ ਗ਼ਜ਼ਲ ਵਿਚ ਸੰਗੀਤਾਤਮਕਤਾ ਦਾ ਅੰਸ਼ ਭਰਦੀ ਹੈ ਅਤੇ ਭਾਵ ਭਿੰਨਤਾ ਹੋਣ ਦੇ ਬਾਵਜੂਦ ਵੀ ਸਾਰੇ ਸ਼ਿਅਰ ਇਕ ਲੜੀ ਵਿਚ ਪਰੋਏ ਪ੍ਰਤੀਤ ਹੁੰਦੇ ਹਨ। ਜੇਕਰ ਗ਼ਜ਼ਲ ਵਿਚ ਰਦੀਫ਼ ਆਉਂਦਾ ਹੈ ਤਾਂ ਕਾਫ਼ੀਆ ਉਸ ਤੋਂ ਪਹਿਲਾਂ ਆਉਂਦਾ ਹੈ।

**7.ਪਿੰਗਲ ਅਤੇ ਅਰੂਜ਼:** ਭਾਈ ਕਾਹਨ ਸਿੰਘ ਨਾਭਾ ਨੇ ਆਪਣੇ ਮਹਾਨ ਕੋਸ਼ ਵਿਚ ਪਿੰਗਲ ਅਤੇ ਅਰੂਜ਼ ਬਾਰੇ ਕਿਹਾ ਹੈ,"ਪਿੰਗਲ ਸੰਸਕ੍ਰਿਤ-ਹਿੰਦੀ ਦੀਆਂ ਸਹਿਬੋਲੀਆਂ ਦਾ ਛੰਦ ਵਿਧਾਨ ਹੈ। ਜਿਵੇਂ ਪੰਜਾਬੀ ਦੇ ਛੰਦ ਵਿਧਾਨ ਜਾਂ ਛੰਦ ਪ੍ਰਬੰਧ ਨੂੰ 'ਪਿੰਗਲ' ਕਿਹਾ ਜਾਂਦਾ ਹੈ। ਇਵੇਂ ਹੀ ਫ਼ਾਰਸੀ ਦੇ ਛੰਦ ਵਿਧਾਨ ਨੂੰ 'ਅਰੂਜ਼' ਕਿਹਾ ਜਾਂਦਾ ਹੈ। ਇਨ੍ਹਾਂ ਦੋਹਾਂ ਵਿਚ ਛੰਦਾਂ ਜਾਂ ਬਹਿਰਾਂ ਦੇ ਅਸੂਲ ਤੈਅ ਕੀਤੇ ਗਏ ਹਨ। ਗ਼ਜ਼ਲ ਵਾਸਤੇ ਬਹਿਰਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਬਹਿਰ ਦੇ ਕੋਸ਼ਗਤ ਅਰਥ ਹਨ 'ਚਾਲ'।"

ਗ਼ਜ਼ਲ ਦਾ ਹਰ ਸ਼ਿਅਰ ਬਹਿਰ ਅਧੀਨ ਰਚਿਆ ਜਾਣਾ ਚਾਹੀਦਾ ਹੈ। ਬਹਿਰ ਦੀ ਵਿਸ਼ੇਸ਼ਤਾ ਨਾਲ ਗ਼ਜ਼ਲ ਵਿਚ ਰਵਾਨੀ ਪੈਦਾ ਹੁੰਦੀ ਹੈ। ਬਹਿਰਾਂ ਦੀ ਗਿਣਤੀ 19 ਹੁੰਦੀ ਹੈ। ਹਰ ਸ਼ਿਅਰ ਦਾ ਖਿਆਲ ਜਾਂ ਵਿਸ਼ਾ ਆਜ਼ਾਦ ਹੈ ਪਰ ਗ਼ਜ਼ਲ ਦਾ ਬਹਿਰ ਸਾਂਝਾ ਹੁੰਦਾ ਹੈ। ਗ਼ਜ਼ਲ ਅਰੂਜ਼ ਵਿਚਲੇ ਬਹਿਰਾਂ ਦੀ ਵਰਤੋਂ ਨਾਲ ਸ਼ਬਦਾਂ ਦਾ ਠੀਕ ਉਚਾਰਨ ਕਰਦੀ ਹੈ। ਗ਼ਜ਼ਲ ਵਿਚ ਤਗ਼ਜ਼ਲ ਦਾ ਕਾਇਮ ਹੋਣਾ ਜ਼ਰੂਰੀ ਹੈ। ਨਾਟਕ ਵਿਚ ਜੋ ਸਥਾਨ ਨਾਟਕੀਅਤਾ ਦਾ ਹੈ, ਕਹਾਣੀ ਵਿਚ ਜੋ ਕਥਾਨਕ ਦਾ ਹੈ ਉਹੀ ਸਥਾਨ ਗ਼ਜ਼ਲ ਵਿਚ ਤਗ਼ਜ਼ਲ ਦਾ ਹੁੰਦਾ ਹੈ। ਗ਼ਜ਼ਲ ਦਾ ਆਪਣਾ ਵਿਸ਼ੇਸ਼ ਅੰਦਾਜ਼ ਬਿਆਨਕਾਰੀ ਹੈ। ਵੱਖਰਾ ਸੁਭਾਅ, ਵੱਖਰਾ ਲਹਿਜ਼ਾ ਜੋ ਬਾਕੀ ਕਾਵਿ-ਰੂਪਾਂ ਤੋਂ ਇਸ ਦੀ ਅਲੱਗ ਹੋਂਦ ਸਥਾਪਤ

ਕਰਦਾ ਹੈ। ਗ਼ਜ਼ਲ ਦਾ ਤਾਂ ਹਰ ਇਕ ਸ਼ਿਅਰ ਅਚੰਭਤ ਹੋਵੇ ਅਤੇ ਧੁਰ ਅੰਦਰ ਤਕ ਹਿਲ ਜਾਵੇ। ਦਿਲ ਦਿਮਾਗ ਸੋਚਣ ਤੇ ਮਜਬੂਰ ਹੋ ਜਾਵੇ। ਗ਼ਜ਼ਲ ਦਾ ਇਕ-ਇਕ ਸ਼ਿਅਰ ਫੁੱਲ ਦੇ ਖਿੜਨ ਦੀ ਮਾਸੂਮੀਅਤ ਅਤੇ ਗੋਲੀ ਦੀ ਆਵਾਜ਼ ਵਰਗਾ ਹੈਰਾਨੀ ਭਰਿਆ ਹੋਵੇ। ਉਦਾਹਰਨ ਵਜੋਂ:

*'ਬਣਾ ਕੇ ਮਿੱਟੀ ਦੇ ਮੰਦਰ ਮਸੀਤਾਂ ਢਾਹ ਰਹੇ ਹੋ*

*ਗਲੀ ਦੇ ਬਾਲਾਂ ਨੂੰ ਕਿਸ ਭੱਦੀ ਖੇਡੇ ਲਾ ਰਹੇ ਹੋ'*

ਸੁਲੱਖਣ ਸਰਹੱਦੀ

ਬੁਨਿਆਦੀ ਤੌਰ 'ਤੇ ਗ਼ਜ਼ਲ ਦਾ ਵਿਸ਼ਾ ਜੇਕਰ ਇਸ਼ਕ ਹੈ ਤਾਂ ਇਸ ਵਿਚ ਮਹਿਬੂਬ ਦੀ ਲਿੰਗ ਪ੍ਰਕਾਰਤਾ ਨੂੰ ਅਭੇਦ ਹੀ ਰਖਿਆ ਜਾਣਾ ਉੱਚਿਤ ਹੈ। ਗ਼ਜ਼ਲ ਦੇ ਰੂਪਾਕਾਰ ਵਿਚ ਇਕ ਮਹੱਤਵਪੂਰਨ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਵਿਚ ਸੰਬੋਧਤ ਲਿੰਗ ਦੀ ਪ੍ਰਕਿਰਤੀ ਰੂਪਮਾਨ ਨਹੀਂ ਹੁੰਦੀ। ਗ਼ਜ਼ਲ ਸਵੈ ਸੰਬੋਧਨ ਵੀ ਹੋ ਸਕਦੀ ਹੈ ਤੇ ਮਾਸ਼ੂਕ, ਪ੍ਰੇਮਿਕਾ ਜਾਂ ਕਿਸੇ ਹੋਰ ਨੂੰ ਵੀ ਸੰਬੋਧਤ ਹੋ ਸਕਦੀ ਹੈ। ਵਿਦਵਾਨਾਂ ਅਨੁਸਾਰ ਜਦ ਗ਼ਜ਼ਲ ਸ਼ਬਦ ਦੇ ਅਰਥ ਹੀ ਔਰਤਾਂ ਨਾਲ ਮੁਖ਼ਾਤਬ ਹੋਣਾ ਹੈ ਤਾਂ ਫਿਰ ਲਿੰਗ-ਪੁਲਿੰਗ ਨੂੰ ਸਪੱਸ਼ਟ ਕਰਨ ਦੀ ਜ਼ਰੂਰਤ ਹੀ ਨਹੀਂ ਹੈ। ਸਮਝਦਾਰ ਇਨਸਾਨ ਸ਼ਿਅਰ ਨੂੰ ਪੜ੍ਹ ਕੇ ਹੀ ਸਮਝ ਜਾਂਦਾ ਹੈ ਕਿ ਸ਼ਿਅਰ ਵਿਚ ਕੌਣ ਵਰਤਮਾਨ ਹੈ।

੮.**ਸਰੋਦੀ ਅੰਸ਼ :** ਗ਼ਜ਼ਲ ਵਿਚ ਗਾਏ ਜਾਣ ਦੀ ਵਿਸ਼ੇਸ਼ਤਾ ਅਤੇ ਸਰੋਦੀ ਅੰਸ਼ ਵਿਦਮਾਨ ਹੁੰਦਾ ਹੈ। ਇਸ ਪੱਖੋਂ ਇਹ ਗੀਤ ਨਾਲ ਜ਼ਿਆਦਾ ਮੇਲ ਖਾਂਦੀ ਹੈ ਅਤੇ ਕਵਿਤਾ ਨਾਲ ਘੱਟ ਕਿਉਂ ਕਿ ਹਰ ਕਵਿਤਾ ਗਾਈ ਨਹੀਂ ਜਾਂਦੀ ਪਰ ਹਰ ਗ਼ਜ਼ਲ ਵਿਚ ਇਹ ਗੁਣ ਜ਼ਰੂਰ ਹੁੰਦਾ ਹੈ। ਗ਼ਜ਼ਲ ਵਿਚਲਾ ਸੰਗੀਤਕ ਗੁਣ ਰਚਨਾਕਾਰ ਅਤੇ ਸਰੋਤਾ ਨੂੰ ਮਸਤੀ ਵਿਚ ਲਿਆ ਦਿੰਦਾ ਹੈ। ਗ਼ਜ਼ਲ ਅੱਧੀ-ਅਧੂਰੀ ਨਹੀਂ ਗਾਈ ਜਾਂਦੀ ਸਗੋਂ ਪੂਰੀ ਹੀ ਗਾਈ ਜਾਣੀ ਠੀਕ ਹੈ।

9.**ਗ਼ਜ਼ਲ ਵਿਚ ਸੰਖੇਪਤਾ**: ਇਕ ਵਧੀਆ ਗ਼ਜ਼ਲ ਦੀ ਨਿਸ਼ਾਨੀ ਉਸ ਵਿਚ ਸੰਖੇਪਤਾ ਦਾ ਅੰਸ਼ ਲਾਜ਼ਮੀ ਹੋਣਾ ਮੰਨਿਆ ਜਾਂਦਾ ਹੈ। ਗ਼ਜ਼ਲ ਵਿਚ ਵਾਧੂ ਲਫ਼ਜ਼ਾਂ ਦੇ ਭਾਰ ਤੋਂ ਮੁਕਤ ਹੋਣਾ ਚਾਹੀਦਾ ਹੈ। ਗ਼ਜ਼ਲਗੋ ਨੇ ਆਪਣੀ ਪੂਰੀ ਗੱਲ ਸੁਚੱਜੇ ਢੰਗ ਨਾਲ ਇਕ ਹੀ ਸ਼ਿਅਰ ਵਿਚ ਸਮੇਟਨੀ ਹੁੰਦੀ ਹੈ। ਸ਼ਿਅਰ ਦੋ ਸ਼ਬਦਾਂ ਦਾ ਹੁੰਦਾ ਹੈ ਜਿਸ ਵਿਚ ਸੀਮਤ ਸ਼ਬਦਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਸ਼ਿਅਰ ਦਾ ਸੰਖੇਪਤ ਰੂਪ ਅਨੇਕ ਸ਼ਬਦਾਂ ਦਾ ਵਾਹਕ ਵੀ ਬਣ ਸਕਦਾ ਹੈ ਜਾਂ ਦੋ ਅਰਥਾਂ ਦਾ ਵਾਹਕ ਵੀ ਬਣ ਸਕਦਾ ਹੈ। ਦੋ ਮਿਸਰਿਆਂ ਵਾਲੇ ਸ਼ਿਅਰ ਵਿਚ ਗ਼ਜ਼ਲਗੋ ਨੇ ਪੂਰੀ ਗੱਲ ਨੂੰ ਬਿਆਨ ਕਰਨਾ ਹੁੰਦਾ ਹੈ। ਵਧੀਆ ਗ਼ਜ਼ਲਗੋ ਦੀ ਇਹੀ ਪਹਿਚਾਣ ਹੁੰਦੀ ਹੈ ਕਿ ਉਹ ਕਿਵੇਂ ਗ਼ਜ਼ਲ ਦੇ ਇਕੋ ਸ਼ਿਅਰ ਵਿਚ ਕਿਸੇ ਇਕ ਵਿਸ਼ੇ ਨੂੰ ਅੰਕਿਤ ਕਰਦਾ ਹੈ। ਭਾਵ ਕੁੱਜੇ ਵਿਚ ਸਮੁੰਦਰ ਬੰਦ ਕਰਦਾ ਹੈ। ਉਦਾਹਰਨ ਵਜੋਂ ਡਾ. ਬਰਜਿੰਦਰ ਚੌਹਾਨ ਦੀ ਗ਼ਜ਼ਲ ਦੇ ਇਕ ਸ਼ਿਅਰ ਦਾ ਨਮੂਨਾ ਵੇਖੋ:

*ਗ਼ਜ਼ਲ ਕਹਾਂਗੇ ਅਸੀਂ ਤਾਂ ਸਦਾ ਬਹਿਰ ਅੰਦਰ,*

*ਕਮਾਲ ਇਹ ਵੀ ਕਿ ਸ਼ਿਅਰਾਂ 'ਚੋਂ ਰੱਤ ਚੋਏਗੀ।'*

10.**ਗ਼ਜ਼ਲ ਵਿਚ ਸ਼ਬਦਾਵਲੀ**: ਗ਼ਜ਼ਲ ਦੇ ਕਾਵਿ ਵਿਧਾਨ ਦੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਗ਼ਜ਼ਲ ਵਿਚਲੇ ਸ਼ਿਅਰ ਸਾਦਗੀ ਨਾਲ ਅਤੇ ਕੋਮਲ ਭਾਵਾਂ ਨਾਲ ਰਚੇ ਜਾਣ। ਗ਼ਜ਼ਲ ਵਿਚ ਨਾਜ਼ੁਕਤਾ ਅਤੇ ਸੰਵੇਦਨਸ਼ੀਲਤਾ ਦੇ ਅੰਸ਼ ਭਾਰੂ ਹਨ। ਸਾਦਗੀ ਨਾਲ ਕਹੀ ਗੱਲ ਵਧੇਰੇ ਪ੍ਰਭਾਵਿਤ ਕਰਦੀ ਹੈ। ਫ਼ਾਰਸੀ ਜਾਂ ਉਰਦੂ ਵਿਚ ਸਾਦਗੀ ਨਾਲ ਕਹੀ ਗ਼ਜ਼ਲ ਵਧੇਰੇ ਪ੍ਰਸਿੱਧ ਹੋਈ ਹੈ। ਗੁਰਭਜਨ ਗਿੱਲ ਦੀ ਗ਼ਜ਼ਲ ਦਾ ਸ਼ਿਅਰ ਦੇਖੋ:

*'ਸਾਰੇ ਪਿੰਡ ਦੇ ਚਿਹਰੇ 'ਤੇ ਉਦਰੇਵਾਂ ਆ ਕੇ ਬੈਠ ਗਿਆ,*

*ਬੋਹੜਾਂ ਤੇ ਪਿੱਪਲਾਂ ਦੀ ਰੌਣਕ ਜਦ ਤੋਂ ਦਰਿਆ ਪਾਰ ਗਈ।'*

ਗ਼ਜ਼ਲ ਵਿਚ ਅਜਿਹੇ ਸ਼ਬਦਾਂ ਤੋਂ ਬਚਣਾ ਚਾਹੀਦਾ ਹੈ ਜਿਸ ਨੂੰ ਸਮਾਜ ਰੋਜ਼ਮਰਾ ਦੀ ਜ਼ਿੰਦਗੀ ਵਿਚ ਵਰਤੋਂ ਵਿਚ ਨਾ ਲੈ ਕੇ ਆਉਂਦਾ ਹੋਵੇ। ਸ਼ਬਦਾਵਲੀ ਹਮੇਸ਼ਾ ਸੌਖੀ ਅਤੇ ਜਨ ਸਧਾਰਨ ਵਾਲੀ ਹੀ ਹੋਣੀ ਚਾਹੀਦੀ ਹੈ। ਗ਼ਜ਼ਲ ਵਿਚਲੀ ਭਾਸ਼ਾ ਸਾਦ-ਮੁਰਾਦੀ, ਸਾਫ਼ ਗੋਈ, ਸ਼ਬਦਾਂ ਦੀ ਖ਼ੂਬਸੂਰਤ ਅਤੇ ਸੁਚੱਜੀ ਜੜਤ ਵਾਲੀ ਹੋਣੀ ਚਾਹੀਦੀ ਹੈ। ਜੋ ਨਫ਼ਾਸਤ ਤੇ ਸੰਗੀਤ ਪੈਦਾ ਕਰਦੀ ਹੋਵੇ। ਗ਼ਜ਼ਲ ਇਕ ਸਮਰਪਤ ਕਾਵਿ ਰੂਪ ਹੈ ਇਸ ਲਈ ਇਹ ਖਰਵੀਂ ਜਾਂ ਕਰੜੀ ਭਾਸ਼ਾ ਬਰਦਾਸ਼ਤ ਨਹੀਂ ਕਰਦੀ। ਇਸ ਵਿਚਲੇ ਸ਼ਬਦ ਨਾਜ਼ੁਕ, ਮਿਠਾਸ ਭਰਪੂਰ, ਨਿਤ ਵਰਤੋਂ ਵਾਲੇ ਹੋਣੇ ਚਾਹੀਦੇ ਹਨ। ਜਿਨ੍ਹਾਂ ਵਿਚੋਂ ਸੰਗੀਤਕ ਲਹਿਰਾਂ ਨਿਕਲਦੀਆਂ ਹੋਣ। ਭਾਰੀ ਭਰਕਮ ਸ਼ਬਦਾਵਲੀ ਪਾਠਕ ਦੀ ਸਮਝ ਤੋਂ ਪਰੇ ਹੋ ਜਾਂਦੀ ਹੈ ਜੋ ਬੋਝਲ ਲਗਣ ਲੱਗ ਜਾਂਦੀ ਹੈ।

ਕਈ ਗ਼ਜ਼ਲਗੋ ਵਿਅੰਗ ਵਿਚ ਆਪਣੀ ਗੱਲ ਜ਼ਿਆਦਾ ਵਧੀਆ ਢੰਗ ਨਾਲ ਕਹਿਣ ਦੇ ਸਮਰੱਥ ਹੁੰਦੇ ਹਨ। ਵਿਅੰਗ ਦੋ ਪ੍ਰਕਾਰ ਦਾ ਹੁੰਦਾ ਹੈ: ਸਿੱਧਾ ਤੇ ਗੰਭੀਰ ਵਿਅੰਗ। ਉਦਾਹਰਨ ਵਜੋਂ:

*'ਜੋ ਖੇਤਾਂ ਵਿਚ ਹੈ ਅੰਨਦਾਤਾ, ਉਹ ਮੰਡੀ ਵਿਚ ਭਿਖਾਰੀ ਹੈ*

*ਕਿ ਏਹੋ ਤਾਂ ਵਿਸ਼ਵ ਸੁੰਦਰੀ, ਤਜ਼ਾਰਤ ਦੀ ਨਜ਼ਾਕਤ ਹੈ'*

(ਸੁਰਜੀਤ ਜੱਜ)

ਗ਼ਜ਼ਲਕਾਰ ਨੂੰ ਸ਼ਬਦਾਂ ਦੇ ਜਾਲ ਵਿਚ ਨਹੀਂ ਫੱਸਣਾ ਚਾਹੀਦਾ। ਉਸ ਨੂੰ ਤਾਂ ਗ਼ਜ਼ਲ ਦੇ ਸਾਧਾਰਨ ਅਰਥ ਬਾਰੇ ਗਿਆਨ ਹੋਣਾ ਚਾਹੀਦਾ ਹੈ। ਇਕ ਸੁਚੱਜੇ ਗ਼ਜ਼ਲਗੋ ਨੂੰ ਗ਼ਜ਼ਲ ਵਿਚ ਸ਼ਬਦਾਂ ਦੀ ਖ਼ੂਬਸੂਰਤੀ ਦੇ ਨਾਲ-ਨਾਲ ਇਸ ਦੇ ਅਰਥਾਂ ਵਲ ਵੀ ਵਿਸ਼ੇਸ਼ ਰੂਪ ਵਿਚ ਧਿਆਨ ਦੇਣ ਦੀ ਜ਼ਰੂਰਤ ਹੈ।

**11.ਗ਼ਜ਼ਲ ਵਿਚ ਬਿੰਬ:** ਗ਼ਜ਼ਲ ਵਿਚ ਬਿੰਬਾਵਲੀ ਦੀ ਸਦਾ ਪ੍ਰਧਾਨਤਾ ਰਹੀ ਹੈ। ਪਹਿਲਾਂ ਸੂਫ਼ੀ ਕਵੀ ਆਪਣੇ ਕਾਵਿ ਵਿਚ ਚਰਖਾ, ਰੂਹ, ਬੁਤ, ਕਲਬੂਤ, ਤਿੰਝਣ, ਪਰਿੰਦੇ ਆਦਿ ਬਿੰਬਾਂ ਦੀ ਵਰਤੋਂ ਕਰਦੇ ਸਨ। ਫਿਰ ਉਸ ਤੋਂ ਮਗਰਲੇ ਸ਼ਾਇਰ ਆਪਣੀ ਸ਼ਾਇਰੀ ਵਿਚ ਮੈਖ਼ਾਨਾ, ਸਾਕੀ, ਸ਼ਬਾਬ ਆਦਿ ਸ਼ਬਦਾਂ ਨੂੰ ਲੈਂਦੇ ਹਨ। ਮੁੱਢਲੇ ਦੌਰ ਵਿਚ ਤਾਂ ਅਜਿਹੇ ਬਿੰਬਾਂ ਦੀ ਭਰਮਾਰ ਸੀ ਕਿਉਂ ਕਿ ਪੰਜਾਬੀ ਗ਼ਜ਼ਲ ਉੱਤੇ ਉਰਦੂ ਗ਼ਜ਼ਲ ਦਾ ਬਹੁਤ ਪ੍ਰਭਾਵ ਸੀ। ਜਿਵੇਂ-ਜਿਵੇਂ ਪੰਜਾਬੀ ਗ਼ਜ਼ਲ ਆਧੁਨਿਕ ਦੌਰ ਵਿਚ ਪ੍ਰਵੇਸ਼ ਕਰਦੀ ਗਈ ਉਸਦੀ ਬਿੰਬਾਵਲੀ ਅਤੇ ਸ਼ਬਦਾਵਲੀ ਵਿਚ ਨਵੀਨਤਾ ਆਉਣ ਲੱਗ ਪਈ। ਉਰਦੂ ਫ਼ਾਰਸੀ ਦੀ ਸ਼ਬਦਾਵਲੀ ਘੱਟ ਕੇ ਠੇਠ ਪੰਜਾਬੀ ਦੇ ਰੂਪ ਵਿਚ ਪ੍ਰਵਰਤਿਤ ਹੋ ਗਈ। ਅਜੋਕੇ ਗ਼ਜ਼ਲਗੋ ਨਦੀਆਂ, ਝਰਨੇ, ਬੱਦਲ, ਪਾਣੀ, ਆਥਣ, ਪਿੱਪਲ, ਬੋਹੜ, ਸੱਥ ਆਦਿ ਬਿੰਬਾਂ ਨੂੰ ਆਪਣੀ ਗ਼ਜ਼ਲਕਾਰੀ ਦਾ ਹਿੱਸਾ ਬਣਾਉਂਦੇ ਹਨ।

**12.ਗ਼ਜ਼ਲ ਵਿਚ ਸ਼ਬਦਾਵਲੀ:** ਗ਼ਜ਼ਲ ਵਿਚ ਵਾਧੂ ਅਤੇ ਬੇਲੋੜੇ ਸ਼ਬਦਾਂ ਦੀ ਕੋਈ ਜਗ੍ਹਾ ਨਹੀਂ ਹੁੰਦੀ ਕਿਉਂ ਕਿ ਲੈਆਤਮਕ ਕਾਵਿ ਵੰਨਗੀ ਹੈ ਜੋ ਇਕ ਵੀ ਵਾਧੂ ਸ਼ਬਦ ਤੋਂ ਗੁਰੇਜ ਕਰ ਜਾਂਦੀ ਹੈ। ਗ਼ਜ਼ਲਕਾਰੀ ਕਰਦਿਆਂ ਗ਼ਜ਼ਲਗੋ ਨੂੰ ਸ਼ਬਦ-ਚੋਣ, ਸ਼ਬਦ ਜੜਤ ਬਹੁਤ ਢੁੱਕਵੇਂ ਢੰਗ ਤਰੀਕੇ ਨਾਲ ਕਰਨੀ ਪੈਂਦੀ ਹੈ। ਸ਼ਬਦਾਂ ਦੀ ਜੜਤ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਐਸੀ ਹੁੰਦੀ ਹੈ ਕਿ ਇਕ ਵੀ ਅੱਖਰ ਇੱਧਰ-ਉੱਧਰ ਕਰ ਦੇਣ ਨਾਲ ਸ਼ਿਅਰ ਰਸਹੀਨ ਹੋ ਜਾਂਦਾ ਹੈ।

ਉਪਰੋਕਤ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਗ਼ਜ਼ਲ ਵਿਚ ਉਪਰਲੇ ਹਰ ਪੱਖ ਦੀ ਵਰਤੋਂ ਢੁੱਕਵੇਂ ਢੰਗ ਨਾਲ ਹੋਣੀ ਚਾਹੀਦੀ ਹੈ। ਗ਼ਜ਼ਲ ਵਿਚ ਕਾਫ਼ੀਆ, ਰਦੀਫ਼, ਸ਼ਿਅਰ, ਤਗ਼ਜ਼ਲ, ਬਿੰਬ, ਪ੍ਰਤੀਕ, ਸ਼ਬਦਾਵਲੀ, ਬੰਦਿਸ਼, ਸਾਦਗੀ ਸਪੱਸ਼ਟਤਾ ਆਦਿ ਦੀ ਵਰਤੋਂ ਸੁਚੱਜੇ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ। ਜਿਸ ਨਾਲ ਗ਼ਜ਼ਲ ਬਹੁਤ ਹੀ ਦਿਲਕਸ਼ ਹੋਵੇਗੀ ਅਤੇ ਪਾਠਕ ਬਹੁਤ ਦਿਲਚਸਪੀ ਨਾਲ ਪੜਨਗੇ ਅਤੇ ਆਪ ਵੀ ਗ਼ਜ਼ਲਕਾਰੀ ਲਈ ਪ੍ਰੇਰਿਤ ਹੋਣਗੇ। ਇਹ ਗੱਲ ਵੀ ਜ਼ਰੂਰੀ ਹੋ ਜਾਂਦੀ ਹੈ ਕਿ ਨਵੇਂ ਗ਼ਜ਼ਲਕਾਰਾਂ ਨੂੰ ਤੋਲ-ਤੁਕਾਂਤ, ਲੈਅ, ਬਹਿਰ ਆਦਿ ਵਿਚ ਰਹਿ ਕੇ ਹੀ ਗ਼ਜ਼ਲਕਾਰੀ ਕਰਨੀ ਚਾਹੀਦੀ ਹੈ ਕਿਉਂ ਕਿ ਇਸ ਦੀ ਅਣਹੋਂਦ ਨਾਲ ਨਾਲ ਪੂਰਾ ਗ਼ਜ਼ਲ ਦਾ ਢਾਂਚਾ ਹੀ ਖਰਾਬ ਹੋ ਜਾਵੇਗਾ।

ਗ਼ਜ਼ਲ ਦੀ ਸਿਰਜਣਾ ਲਈ ਇਨ੍ਹਾਂ ਨੁਕਤਿਆਂ ਦਾ ਖਿਆਲ ਰੱਖਣਾ ਜਰੂਰੀ ਹੈ ਤਾਂ ਜੀ ਵਧੀਆਂ ਗ਼ਜ਼ਲ ਦੀ ਸਿਰਜਣਾ ਮੁਮਕਿਨ ਹੈ।

**13.ਗ਼ਜ਼ਲ ਵਿਚ ਬਹਿਰ:** ਗ਼ਜ਼ਲ ਪੰਜਾਬੀ ਸਾਹਿਤ ਤੋਂ ਹੋਂਦ ਵਿਚ ਆਈ ਹੈ। ਫ਼ਾਰਸੀ ਤੋਂ ਬਾਅਦ ਇਸ ਨੂੰ ਉਰਦੂ ਸਾਹਿਤ ਨੇ ਅਪਨਾਇਆ ਅਤੇ ਫਿਰ ਇਹ ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿਚ ਪ੍ਰਵੇਸ਼ ਕਰਦੀ ਹੈ। ਇਸ ਤਰ੍ਹਾਂ ਪੰਜਾਬੀ ਗ਼ਜ਼ਲ ਦਾ ਸੰਬੰਧ ਉਰਦੂ ਫ਼ਾਰਸੀ ਨਾਲ ਜੁੜਿਆ ਹੋਇਆ ਹੈ। ਜਿਨ੍ਹਾਂ ਨਿਯਮਾਂ ਅਤੇ ਆਧਾਰਾਂ ਉੱਤੇ ਫ਼ਾਰਸੀ ਅਤੇ ਉਰਦੂ ਗ਼ਜ਼ਲ ਨੂੰ ਪਰਖਿਆ ਜਾਂਦਾ ਹੈ। ਫ਼ਾਰਸੀ ਅਤੇ ਉਰਦੂ ਸ਼ਾਇਰੀ ਲਈ ਖਾਸ ਬਹਿਰਾਂ ਦਾ ਪ੍ਰਯੋਗ ਹੁੰਦਾ ਹੈ। ਪ੍ਰਮੁੱਖ ਰੂਪ ਵਿਚ 19 ਬਹਿਰਾਂ ਹਨ। ਬਹਿਰ ਤੋਂ ਅਰਥ 'ਇਕ ਨਿਸ਼ਚਿਤ ਵਜ਼ਨ' ਤੋਂ ਹੈ। ਜਿਸ ਨਾਲ ਗ਼ਜ਼ਲ ਵਿਚ ਲੈਅ ਦੀ ਪ੍ਰਧਾਨਤਾ ਰਹਿੰਦੀ ਹੈ। ਹਜ਼ਜ, ਰਜਜ਼, ਰਮਲ, ਕਾਮਿਲ, ਵਾਫ਼ਿਰ, ਮੁਤਕਾਰਿਬ, ਮੁਤਦਾਰਿਕ, ਸਰੀਅ, ਤਵੀਲ, ਮਦੀਦ, ਬਸੀਤ, ਖ਼ਫ਼ੀਫ਼, ਮੁਜੱਤਸ, ਮੁਨਸਰਿਹ, ਮੁਜ਼ਾਰਅ, ਮਕਤਜ਼ਬ, ਜਦੀਦ, ਕਰੀਬ, ਮੁਸ਼ਾਕਿਲ।

## ਪੰਜਾਬੀ ਗ਼ਜ਼ਲਗੋਂ:

- ਮਿਰਜ਼ਾ ਗਾਲਿਬ
- ਸ਼ਾਹ ਮੁਰਾਦ (ਪੰਜਾਬੀ ਦਾ ਪਹਿਲਾ ਗ਼ਜ਼ਲਗੋਂ)
- ਮੌਲਾ ਬਖ਼ਸ਼ ਕੁਸ਼ਤਾ
- ਸਾਧੂ ਸਿੰਘ ਹਮਦਰਦ
- ਤਖ਼ਤ ਸਿੰਘ
- ਦੀਪਕ ਜੈਤੋਈ
- ਅਜਾਇਬ ਚਿਤਰਕਾਰ
- ਜਗਤਾਰ

- ਸੁਖਵਿੰਦਰ ਅੰਮ੍ਰਿਤ
- ਵਿਜੇ ਵਿਵੇਕ

ਉਦਾਹਰਨ ਲਈ ਪੰਜਾਬੀ ਗ਼ਜ਼ਲ ਦੇ ਸ਼ਿਅਰ:

- ***ਬਸਤੀਆਂ ਵਿਚ ਅੱਗ ਕਿਥੋਂ ਆ ਵੜੀ***
  ***ਮੋਹਰ ਤਾਂ ਲਾਈ ਸੀ ਫੁੱਲ ਦੇ ਨਿਸ਼ਾਨ 'ਤੇ***

- ***ਦਿਲ ਇੱਕ ਹੈ ਅਰਮਾਨ ਬਹੁਤ ਨੇ***
  ***ਕੁਝ ਜਜ਼ਬੇ ਬਲਵਾਨ ਬਹੁਤ ਨੇ***
  ***ਇਸ਼ਕ ਦੇ ਪੈਂਡੇ ਮੁਸ਼ਕਿਲ-ਮੁਸ਼ਕਿਲ***
  ***ਵੇਖਣ ਵਿੱਚ ਆਸਾਨ ਬਹੁਤ ਨੇ***
  ***ਲੱਭਦਾ ਹੈ ਇਨਸਾਨ ਕਿਤੇ ਹੀ***
  ***ਦੁਨੀਆਂ ਵਿੱਚ ਹੈਵਾਨ ਬਹੁਤ ਨੇ***
  ***ਮੋਮਿਨ ਬੇ-ਈਮਾਨ ਬੜੇ ਹਨ***
  ***ਕਾਫ਼ਿਰ ਬਾ-ਈਮਾਨ ਬਹੁਤ ਨੇ***

### ਗ਼ਜ਼ਲ ਪ੍ਰਤੀ ਵਿਦਵਾਨਾਂ ਦੇ ਵਿਚਾਰ:

- **ਡਾ. ਪਿਆਰ ਸਿੰਘ** ਦੇ ਗ਼ਜ਼ਲ ਬਾਰੇ ਵਿਚਾਰ ਹਨ, "ਗ਼ਜ਼ਲ ਫ਼ਾਰਸੀ ਅਦਬ ਦੀ ਹਰਮਨ ਪਿਆਰੀ ਸਿਨਫ਼ (ਕਾਵਿ-ਰੂਪ) ਹੈ ਤੇ ਇਸ ਵਿਚ ਆਮ ਤੌਰ 'ਤੇ ਹੁਸਨ ਇਸ਼ਕ ਦੇ ਵਿਸ਼ੇ ਬੰਨੇ ਜਾਂਦੇ ਹਨ।"
  ( ਪੰਜਾਬੀ ਕਾਵਿ ਪਰੰਪਰਾ ਤੇ ਵਿਕਾਸ, ਪੰਨਾ-74)
- **ਡਾ. ਨਰੇਸ਼** ਇਸ ਸੰਦਰਭ ਵਿਚ ਕਹਿੰਦੇ ਹਨ, "ਗ਼ਜ਼ਲ ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਔਰਤਾਂ ਨਾਲ ਗੱਲਾਂ ਕਰਨਾ, ਉਹਨਾਂ ਦੇ ਰੂਪ, ਹੁਸਨ ਅਤੇ ਜੋਬਨ ਦੀ ਚਰਚਾ ਕਰਨੀ, ਪ੍ਰੇਮਿਕਾ ਸੰਬੰਧੀ ਆਪਣੇ ਦੁੱਖਾਂ ਦਾ ਬਿਆਨ ਆਦਿ ਹੈ। ਪਰ ਗ਼ਜ਼ਲ ਦੀ ਅਸਲ ਕਸਵੱਟੀ ਉਤਪਾਦਿਕਤਾ ਹੈ ਭਾਵ ਦਿਲ ਦੀਆਂ ਗਹਿਰਾਈਆਂ ਤੋਂ ਨਿਕਲੀ ਉਹ ਆਵਾਜ਼ ਗ਼ਜ਼ਲ ਹੁੰਦੀ ਹੈ, ਜਿਸ ਵਿਚ ਕਵੀ ਦੇ ਅੰਦਰ ਦਾ ਦਰਦ ਭਰਿਆ ਹੋਵੇ।"( ਡਾ. ਨਰੇਸ਼, ਪੰਜਾਬੀ ਦੁਨੀਆਂ, ਅਪਰੈਲ 1971, ਪੰਨਾ-21)

**ਪਰਵਾਸੀ ਪੰਜਾਬੀ ਗ਼ਜ਼ਲ:** ਗ਼ਜ਼ਲ ਦੇ ਸਿਰਜਨਾਤਮਕ ਕਾਰਜ ਨਾਲ ਉਹੀ ਸ਼ਾਇਰ ਜੁੜੇ ਹੋਏ ਹਨ, ਜੋ ਮੂਲ ਰੂਪ ਵਿਚ ਪੰਜਾਬ ਦੀ ਧਰਤੀ ਵਿਚ ਜੰਮੇ-ਪਲੇ ਅਤੇ ਪ੍ਰਫੁੱਲਿਤ ਹੋਏ ਸੀ, ਇਨ੍ਹਾਂ ਦੀ ਮਾਨਸਿਕਤਾ ਪੰਜਾਬੀ ਸੱਭਿਆਚਾਰ ਨਾਲ ਨਿਕਟ ਰੂਪ ਵਿਚ ਜੁੜੀ ਹੋਈ ਹੈ। ਜਦੋਂ ਇਹ ਸਾਹਿਤਕਾਰ ਪਰਵਾਸ ਦੀ ਪ੍ਰਕਿਰਿਆ ਵਿਚੋਂ ਗੁਜ਼ਰੇ ਤਾਂ ਪਰਵਾਸ ਅਤੇ ਪੰਜਾਬੀ ਸੱਭਿਆਚਾਰ ਦੇ ਸੰਗਮ ਵਿਚੋਂ ਜੋ ਸ਼ਾਇਰੀ ਪੈਦਾ ਹੋਈ ਉਸ ਵਿਚ ਆਪਣੀ ਮਾਤਭੂਮੀ ਦੇ ਮੋਹ ਦਾ ਪ੍ਰਗਟਾਵਾ ਸੀ ਅਤੇ ਦੂਸਰੇ ਪਾਸੇ ਵਿਸ਼ਵੀਕਰਨ ਦੇ ਆਧੁਨਿਕ ਪ੍ਰਭਾਵਾਂ ਅਧੀਨ ਪਰੰਪਰਾਗਤ ਮਾਨਵੀ ਕਦਰਾਂ ਕੀਮਤਾਂ ਵਿਚ ਜੋ ਪਰਿਵਰਤਨ ਆ ਰਹੇ ਹਨ, ਉਨ੍ਹਾਂ ਦੀ ਝਲਕ ਮੌਜੂਦ ਸੀ।ਗ਼ਜ਼ਲ ਦੀ ਪਰੰਪਰਾਗਤ ਸ਼ਬਦਾਬਲੀ ਜਿਹੜੀ ਕਿ ਉਰਦੂ ਫ਼ਾਰਸੀ ਦੇ ਪ੍ਰਭਾਵ ਅਧੀਨ ਪੈਦਾ ਹੋਈ ਉਹ ਸ਼ਰਾਬ ਅਤੇ ਸ਼ਬਾਬ ਨਾਲ ਸਬੰਧਿਤ ਸੀ। ਇਸ ਦੇ ਵਿਪਰੀਤ ਆਧੁਨਿਕ ਗ਼ਜ਼ਲ ਦੀ ਸ਼ਬਦਾਬਲੀ ਸਮਕਾਲੀ ਮਨੁੱਖ ਦੇ ਅਸਤਿਤਵ ਦੇ ਮੂਲ ਪ੍ਰਸ਼ਨਾਂ ਨੂੰ ਸਾਕਾਰ ਕਰਨ ਵਿਚ ਰੁੱਝੀ ਹੋਈ ਨਜ਼ਰੀਂ ਆਉਂਦੀ ਹੈ। ਪਰੰਪਰਾਗਤ ਪੰਜਾਬੀ ਗ਼ਜ਼ਲ ਦਾ ਮੁਹਾਵਰਾ, ਪੰਜਾਬੀ ਜੀਵਨ ਦੇ ਸਿੱਧੇ-ਸਾਦੇ ਵਿਵਹਾਰ ਕਰਕੇ ਸਰਲ ਅਤੇ ਸਾਦਗੀ ਭਰਿਆ ਸੀ, ਪਰ ਅਜੋਕੇ ਮਨੁੱਖ ਵਿਚ ਜਿਉਂ ਜਿਉਂ ਜਟਿਲਤਾ ਪ੍ਰਵੇਸ਼ ਕਰ ਰਹੀ ਹੈ ਤਿਉਂ ਤਿਉਂ ਪੰਜਾਬੀ ਗ਼ਜ਼ਲ ਵੀ ਸੂਖਮ ਅਤੇ ਜਟਿਲ ਹੁੰਦੀ ਜਾ ਰਹੀ ਹੈ। ਇਸਦੇ ਬਾਵਜੂਦ ਜਿਹੜੇ ਗ਼ਜ਼ਲਕਾਰ ਪੰਜਾਬੀ ਗ਼ਜ਼ਲ ਦੀ ਮੂਲ ਸੁਰ ਤੇ ਉਸਦੇ ਆਦਿ-ਜੁਗਾਦਿ ਸੁਭਾ ਨਾਲ ਇੰਤਹਾ ਦੀ ਹੱਦ ਤਕ ਜੁੜੇ ਹੋਏ ਹਨ, ਉਹ ਅਜੇ ਵੀ ਪਰੰਪਰਾਗਤ ਗ਼ਜ਼ਲ ਦੀ ਬੁਨਿਆਦ 'ਤੇ ਖਲੋ ਕੇ ਆਪਣਾ ਸੁਰ ਉਚਾਰ ਰਹੇ ਹਨ। ਦੂਸਰੇ ਪਾਸੇ ਜਿਹੜੇ ਗ਼ਜ਼ਲਕਾਰ ਨੇ ਗ਼ਜ਼ਲ ਦਾ ਨੇਮ ਵਿਧਾਨ ਤਾਂ ਗ਼ਜ਼ਲ ਦੇ

ਪਰੰਪਰਾਗਤ ਉਸਤਾਦਾਂ ਪਾਸੋਂ ਪ੍ਰਾਪਤ ਕੀਤਾ ਹੈ ਅਤੇ ਉਨ੍ਹਾਂ ਪਾਸ ਜ਼ਿੰਦਗੀ ਦਾ ਆਧੁਨਿਕ ਦ੍ਰਿਸ਼ਟੀਕੋਣ ਵੀ ਹੈ, ਉਹ ਸਮਕਾਲੀ ਪੰਜਾਬੀ ਗ਼ਜ਼ਲ ਨੂੰ ਨਵੇਂ ਮੁਹਾਵਰੇ ਵਿਚ ਢਾਲਦੇ ਹੋਏ ਨਵੀਆਂ ਦਿਸ਼ਾਵਾਂ ਪ੍ਰਦਾਨ ਕਰ ਰਹੇ ਹਨ। ਪਰੰਪਰਾਗਤ ਗ਼ਜ਼ਲ ਕਈ ਸਦੀਆਂ ਤੋਂ ਸਰੋਤਿਆਂ ਦੀ ਮਹਿਫ਼ਲ ਦਾ ਸ਼ਿੰਗਾਰ ਬਣੀ ਰਹੀ ਹੈ ਇਸ ਵਿਚ ਰਾਗ, ਤਾਲ ਅਤੇ ਸੰਗੀਤ ਦਾ ਵੀ ਅਹਿਮ ਮਹੱਤਵ ਰਿਹਾ ਹੈ, ਪਰ ਆਧੁਨਿਕ ਸੰਵੇਦਨਾ ਦੇ ਪ੍ਰਭਾਵਾਂ ਕਰਕੇ ਗ਼ਜ਼ਲ ਕਾਵਿ-ਪਾਠ ਦੇ ਰੂਪ ਰਾਹੀਂ ਪਾਠਕਾਂ ਤੀਕ ਪੁੱਜ ਰਹੀ ਹੈ, ਭਾਵ ਲੇਖਕ ਅਤੇ ਪਾਠਕ ਦਾ ਫ਼ਾਸਲਾ ਵਧ ਗਿਆ ਹੈ। ਗ਼ਜ਼ਲਕਾਰ ਵੀ ਸਮੂਹ ਅਨੁਭਵ ਪੇਸ਼ ਕਰਨ ਨਾਲੋਂ ਵਿਅਕਤੀਗਤ ਅਨੁਭਵ ਨੂੰ ਪੇਸ਼ ਕਰਨ ਦੀ ਤਰਜੀਹ ਦੇ ਰਹੇ ਹਨ। ਪਰੰਪਰਾਗਤ ਗ਼ਜ਼ਲ ਦੀ ਇਕ ਹੋਰ ਖ਼ਾਸੀਅਤ ਵੀ ਰਹੀ ਹੈ ਕਿ ਇਹ ਗਾਹੇ-ਬਗਾਹੇ ਹੁਸਨ, ਇਸ਼ਕ ਅਤੇ ਮੁਹੱਬਤ ਦੀ ਦਰਗਾਹ ਵਿਚ ਹੀ ਆਪਣੀ ਇਬਾਦਤ ਨੂੰ ਅੰਤਿਮ ਮੰਨਦੀ ਰਹੀ ਹੈ, ਇਸਦੇ ਵਿਪਰੀਤ ਅੱਜ ਦੀ ਪੰਜਾਬੀ ਗ਼ਜ਼ਲ ਭਾਵੇਂ ਇਸ ਤੋਂ ਨਾਬਰ ਨਹੀਂ ਹੋਈ ਜਾਂ ਇਸਨੇ ਇਸ ਵਿਸ਼ੇ ਨੂੰ ਨਕਾਰ ਨਹੀਂ ਦਿੱਤਾ, ਪਰ ਇਸ ਨੇ ਆਪਣੇ ਆਪ ਨੂੰ ਇਸ ਖੇਤਰ ਵਿਚੋਂ ਬਾਹਰ ਕੱਢਕੇ ਇਸ ਧਰਤੀ ਦੀਆਂ ਕੁੱਲ ਸਮੱਸਿਆਵਾਂ ਨੂੰ ਪ੍ਰਗਟਾਉਣ ਲਈ ਜਿਹੜੇ ਵਿਸ਼ਿਆਂ ਦੀ ਚੋਣ ਕੀਤੀ ਹੈ, ਉਨ੍ਹਾਂ ਦੇ ਉਦੈ ਹੋਣ ਦੀ ਪਿੱਠਭੂਮੀ ਵਿਚ ਵਿਸ਼ਵੀਕਰਨ ਦੇ ਪ੍ਰਭਾਵ ਦੇਖੇ ਜਾ ਸਕਦੇ ਹਨ। ਅਮਰੀਕੀ ਪੰਜਾਬੀ ਗ਼ਜ਼ਲ ਵਿਚ ਨਾ ਕੇਵਲ ਵਿਸ਼ੇ ਅਤੇ ਥੀਮ ਦੇ ਪੱਖ ਤੋਂ ਹੀ ਪਰਿਵਰਤਨ ਆਇਆ ਹੈ ਬਲਕਿ ਇਸ ਦੀਆਂ ਪ੍ਰਗਟਾ ਵਿਧੀਆਂ (ਵਿਰੋਧਾਭਾਸ, ਕਟਾਖਸ਼, ਸੰਕੇਤਕਤਾ, ਲੁਕਾਅ, ਬਹੁ-ਅਰਥਤਾ, ਧੁੰਦਲਾਪਨ, ਬਿੰਬ, ਪ੍ਰਤੀਕ ਆਦਿ) ਨੇ ਆਧੁਨਿਕ ਪੰਜਾਬੀ ਗ਼ਜ਼ਲ ਦਾ ਮੁਹਾਂਦਰਾ ਤਬਦੀਲ ਕਰ ਦਿੱਤਾ ਹੈ। ਇਹ ਗ਼ਜ਼ਲ ਦੇ ਬੰਦੇ ਦੇ ਬਾਹਰੀ ਸੰਸਾਰ ਨਾਲੋਂ ਇਕ ਪਰਵਾਸੀ ਦੇ ਮਨ ਦੀ ਦਾਸਤਾਨ ਨੂੰ ਪ੍ਰਗਟਾਉਣ ਵਿਚ ਤਰਜੀਹ ਦੇ ਰਹੀ ਹੈ। ਪੁਰਾਤਨ ਜਾਂ ਪਰੰਪਰਾਗਤ ਗ਼ਜ਼ਲ ਮੁਸੱਲਸਲ ਰੂਪ ਵਿਚ ਪੇਸ਼ ਹੁੰਦੀ ਸੀ, ਭਾਵ ਸ਼ਾਇਰ ਜਿਸ ਵਿਸ਼ੇ ਦੀ ਚੋਣ ਕਰਦਾ ਸੀ ਉਸ ’ਤੇ ਹੀ ਇਕਾਗਰ ਚਿੱਤ ਹੋ ਕੇ ਬਾਕੀ ਸ਼ਿਅਰਾਂ ਦੀ ਸਿਰਜਣਾ ਕਰਦਾ ਸੀ, ਪਰ ਅਜੋਕਾ ਮਨ ਆਧੁਨਿਕ ਸੰਵੇਦਨਾ ਦੇ ਬਲ ਸਦਕਾ ਖੰਡਤ ਅਤੇ ਬਹੁਦਿਸ਼ਾਵੀ ਹੋ ਗਿਆ ਹੈ। ਇਸੇ ਕਰਕੇ ਗ਼ਜ਼ਲ ਦੇ ਸ਼ਿਅਰਾਂ ਦੀ ਪ੍ਰਕਿਰਤੀ ਵੀ ਗ਼ੈਰ-ਮੁਸੱਲਸਲ ਹੋ ਗਈ ਹੈ। ਭਵਿੱਖ ਵਿਚ ਗ਼ਜ਼ਲ ਦੇ ਕਾਵਿ-ਰੂਪ ਦੀ ਅਹਿਮੀਅਤ ਵਧਣ ਦੀ ਸੰਭਾਵਨਾ ਹੈ ਕਿਉਂਕਿ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਇਹ ਘੱਟ ਸ਼ਬਦਾਂ ਵਿਚ ਜ਼ਿੰਦਗੀ ਦੀ ਸਚਾਈ ਨੂੰ ਪੇਸ਼ ਕਰਨ ਦੀ ਸ਼ਕਤੀ ਰੱਖਦੀ ਹੈ। ਪਰਵਾਸੀ ਜੀਵਨ ਦੇ ਕੌੜੇ-ਕੁਸੈਲੇ ਅਨੁਭਵ ਉਸ ਦੀਆਂ ਗ਼ਜ਼ਲ ਰਚਨਾਵਾਂ ਵਿਚ ਪ੍ਰਗਟ ਹੋਏ ਹਨ। ਇਸੇ ਸਮੇਂ ਵਿਚ ਵਿਸ਼ਵ ਪੱਧਰ ’ਤੇ ਜੋ ਤਕਨਾਲੋਜੀ ਦੇ ਖੇਤਰ ਵਿਚ ਤਬਦੀਲੀਆਂ ਆਈਆਂ ਹਨ ਅਤੇ ਜਿਨ੍ਹਾਂ ਤਬਦੀਲੀਆਂ ਨਾਲ ਮਨੁੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਅਤੇ ਫ਼ਿਤਰਤ ਵਿਚ ਪਰਿਵਰਤਨ ਆਇਆ ਹੈ, ਉਨ੍ਹਾਂ ਪਰਿਵਰਤਨਾਂ ਨੂੰ ਉਸਨੇ ਆਪਣੀਆਂ ਗ਼ਜ਼ਲ-ਰਚਨਾਵਾਂ ਵਿਚ ਪ੍ਰਗਟ ਕੀਤਾ ਹੈ। ਪਰਵਾਸ ਦੇ ਮਿੱਠੇ ਅਤੇ ਦੁਖਾਵੇਂ ਭਾਵਾਂ ਅਤੇ ਅਨੁਭਵਾਂ ਨੂੰ ਹੀ ਉਸਨੇ ਆਪਣੇ ਕਾਵਿ-ਅਨੁਭਵ ਦਾ ਸਹਿਜ ਅੰਗ ਬਣਾਇਆ ਹੈ। ਉਹ ਨਵੀਂ ਸੱਭਿਅਤਾ ਵਿਚ ਵੀ ਮਨੁੱਖ ਦੀ ਪੁਰਾਤਨ ਸਹਿਜਤਾ ਨੂੰ ਆਪਣੇ ਹੱਡਾਂ ਵਿਚ ਰਚਾਉਣ-ਮਚਾਉਣ ਵਾਲਾ ਗ਼ਜ਼ਲਕਾਰ ਹੈ। ਉਦਾਹਰਣ ਲਈ ਹੇਠ ਲਿਖੇ ਸ਼ਿਅਰਾਂ ਵਿਚ ਇਹ ਸਾਰੇ ਪੱਖ ਦੇਖੇ ਜਾ ਸਕਦੇ ਹਨ :

*ਦੇਸ ਬਿਗਾਨੇ, ਸ਼ਹਿਰ ਉਪਰੇ ਮੋਹ ਲਈ ਠੂਠਾ ਫੜਿਆ,*

*ਦਰ ਦਰ ਜਾ ਕੇ ਅਲਖ ਜਗਾਈ ਪਈ ਨਾ ਪਰ ਭਿੱਛਿਆ।*

*ਚਿੰਤਾ ਦੀ ਅਗਨੀ ਵਿਚ ਜਦ ਸੀ ਲਟ ਲਟ ਬਲਦਾ ਸ਼ਹਿਰ,*

*ਮਸਤ ਚਾਲ ਵਿਚ ਗਲੀਉਂ ਗੁਜ਼ਰੇ ਕੁੱਤਾ ਅਤੇ ਫ਼ਕੀਰ।*

*ਇਸ ਵਿਗਿਆਨਕ ਯੁੱਗ ਵਿਚ ਕਿਥੇ ਪਹਿਲੀ ਗਿਣਤੀ-ਮਿਣਤੀ,*

*ਚਿੜੀ ਚੁੰਝ ਜੇ ਭਰਦੀ, ਨਦੀਓਂ ਹੁਣ ਘਟਦੇ ਨੇ ਨੀਰ। (ਸ਼ੇਰ ਸਿੰਘ ਕੰਵਲ)*

ਇੰਦਰਜੀਤ ਪੁਰੇਵਾਲ, ਰਣਧੀਰ ਸਿੰਘ ਨਿਊਯਾਰਕ, ਗੁਰਦੇਵ ਸਿੰਘ ਚਿੱਟੀ ਆਦਿ ਗ਼ਜ਼ਲਕਾਰਾਂ ਦੀ ਕਾਵਿ-ਸਿਰਜਣਾ ਨੂੰ ਪਰਵਾਸੀ ਜੀਵਨ ਦੀ ਜੱਦੋ-ਜਹਿਦ ਅਤੇ ਸੰਘਰਸ਼ ਨੇ ਪ੍ਰਚੰਡ ਕੀਤਾ ਹੈ। ਇਹ ਗ਼ਜ਼ਲਕਾਰ ਪਰਵਾਸੀ ਜੀਵਨ ਦੀ ਰਫ਼ਤਾਰ ਭਰੀ ਤੇਜ਼ ਤਰਾਰ ਜ਼ਿੰਦਗੀ ਵਿਚ ਪਿੱਸ ਰਹੀ ਆਧੁਨਿਕ ਮਨੁੱਖ ਦੀ ਹੋਣੀ ਨੂੰ ਪ੍ਰਗਟ ਕਰਦੇ ਹਨ, ਭਾਵੇਂ ਇਹ ਸਾਰੇ ਸ਼ਾਇਰ ਜੱਦੋ-ਜਹਿਦ ਅਤੇ ਸੰਘਰਸ਼ ਦੀ ਹੋਣੀ ਨੂੰ ਬਤੀਤ ਕਰ ਰਹੇ ਹਨ, ਪਰ ਇਨ੍ਹਾਂ ਦੇ ਅਵਚੇਤਨ ਵਿਚ ਵਡੇਰੇ ਸੁਪਨਿਆਂ ਦਾ ਸਕੂਨ ਜ਼ਰੂਰ ਹਾਜ਼ਿਰ-ਨਾਜ਼ਿਰ ਰਹਿੰਦਾ ਹੈ। ਸੁਪਨਾ ਭਾਵੇਂ ਇਨ੍ਹਾਂ ਤੋਂ ਦੂਰ ਹੈ, ਪਰ ਅਦਿੱਸ ਨਹੀਂ ਹੈ। ਜ਼ਿੰਦਗੀ ਵਿਚ ਸੁਪਨਿਆਂ ਦੀ ਜਾਦੂਮਈ ਕਸ਼ਿਸ਼ ਹੀ ਹੁੰਦੀ ਹੈ ਜੋ ਮਨੁੱਖ ਨੂੰ ਨਿਰੰਤਰ ਹੋਣੀਆਂ ਦੇ ਰਸਤੇ 'ਤੇ ਤੋਰਦੀ ਰਹਿੰਦੀ ਹੈ। ਆਸ਼ਾ-ਨਿਰਾਸ਼ਾ-ਆਸ਼ਾ ਦਾ ਸਿਲਸਿਲਾ ਮਨੁੱਖੀ ਹੋਣੀ ਦਾ ਅਜ਼ਲ ਤੋਂ ਤੁਰਿਆ ਆ ਰਿਹਾ ਸਦੀਵੀ ਸੱਚ ਹੈ। ਇਨ੍ਹਾਂ ਵਾਸਤਵਿਕ ਹਕੀਕਤਾਂ ਨੂੰ ਉਪਰੋਕਤ ਸ਼ਾਇਰ ਆਪਣੀ ਜ਼ਿੰਦਗੀ ਵਿਚ ਅਭਿਵਿਅਕਤ ਕਰ ਰਹੇ ਹਨ:

*ਦੁਨੀਆ ਰੰਗ ਬਿਰੰਗੀ ਵੇਖੀ*

*ਮਾੜੀ ਵੇਖੀ ਚੰਗੀ ਵੇਖੀ। (ਇੰਦਰਜੀਤ ਪੁਰੇਵਾਲ)*

*ਕੁਝ ਦੁੱਖਾਂ, ਕੁਝ ਦਰਦਾਂ ਨੂੰ ਬਸ ਹੰਝੂ ਦੇਣ ਜ਼ਬਾਨ।*

*ਸ਼ਬਦਾਂ ਕੋਲੋਂ ਕਦ ਹੁੰਦੇ ਨੇ ਸਾਰੇ ਦੁੱਖ ਬਿਆਨ?*

*ਧੀਆਂ ਦਾ ਤਾਂ ਰੋਣ ਹੀ ਝੱਲਣਾ ਹੁੰਦਾ ਨਹੀਂ ਆਸਾਨ।*

*ਦਾਜ ਲਈ ਧੀਆਂ ਦੀ ਲੋਕੋ ਕਿੰਝ ਕੱਢਦੇ ਹੋ ਜਾਨ। (ਹਰਜਿੰਦਰ ਕੰਗ)*

**ਸਾਰ-ਅੰਸ਼:** ਸਮਕਾਲ ਬਹੁਤ ਸਾਰੇ ਬਾਹਰੀ ਦਬਾਵਾਂ ਦੇ ਸਨਮੁਖ ਸਾਡੇ ਯੁੱਗ ਦੀ ਮਾਨਸਿਕਤਾ ਨੂੰ ਘੜਨ ਦੀਆਂ ਸਿਖਰ ਦੀਆਂ ਕੋਸ਼ਿਸ਼ਾਂ ਦਾ ਦੌਰ ਹੈ। ਕਾਵਿ ਵਿਚਾਰ ਤੇ ਵਿਹਾਰ ਵੀ ਇਸ ਦਬਾਅ ਤੋਂ ਮੁਕਤ ਨਹੀਂ ਹੋ ਸਕਦੇ। ਕਿਸੇ ਦੌਰ ਦੀ ਵਾਸਤਵਿਕਤਾ ਨੇ ਹੀ ਨਿੱਜ ਦੇ ਸੱਚ ਵਜੋਂ ਸਾਹਿਤ ਵਿਚ ਪੇਸ਼ ਹੋਣਾ ਹੁੰਦਾ ਹੈ। ਇਸ ਪੇਸ਼ਕਾਰੀ ਵਿਚ ਨਿੱਜ ਦਾ ਜ਼ਿੰਦਗੀ ਪ੍ਰਤੀ ਦ੍ਰਿਸ਼ਟੀਕੋਣ, ਵਿਚਾਰਧਾਰਕ ਪੈਂਤੜਾ ਤੇ ਸਮਕਾਲ ਨਾਲ ਦੁਵੱਲੇ ਰਿਸ਼ਤੇ ਵਜੋਂ ਉਪਜੀ ਸਹਿਜ-ਸੂਝ ਦਾ ਦਖ਼ਲ ਵੀ ਅਹਿਮ ਹੁੰਦਾ ਹੈ। ਇਸ ਵਿਚ ਸਾਹਿਤਕ ਵਿਚਾਰ ਇਕ ਰੂਪਾਕਾਰ ਦੇ ਮੇਚ ਦੇ ਹੋ ਕੇ ਬਾਹਰੀ ਵਜੂਦ ਧਾਰਦੇ ਹਨ। ਰੂਪਕ ਨਿਸ਼ਚਿਤਤਾ ਨੇ ਹੀ ਅਰਥਾਂ ਅਤੇ ਸੁਹਜ ਪੱਖੋਂ ਸੰਚਾਰ ਦੀ ਸਰੋਤਾ ਧਿਰ ਹੀ ਹਾਜ਼ਰੀ ਨੂੰ ਨਿਰਧਾਰਤ ਕਰਨਾ ਹੁੰਦਾ ਹੈ। ਇਸ ਲਈ ਕਿਸੇ ਦੌਰ ਵਿਚ ਲਿਖਿਆ ਤੇ ਪੜ੍ਹਿਆ ਜਾ ਰਿਹਾ ਸਾਹਿਤ ਉਸ ਦੌਰ ਦੇ ਬੰਦੇ ਦੀ ਸੱਤਾ ਦੀਆਂ ਸੰਸਥਾਵਾਂ ਨਾਲ ਸੰਬੰਧਾਂ ਦਾ ਸ਼ੀਸ਼ਾ ਵੀ ਹੁੰਦਾ ਹੈ। ਸਮਕਾਲ ਵਿਚ ਪੰਜਾਬੀ ਦੀ ਕਵਿਤਾ ਉਪਰੀ ਨਜ਼ਰੇ ਬਹੁ-ਧੁਨੀਆਂ ਵਾਲੀ ਜਾਪਦੀ ਹੈ। ਪੰਜਾਬੀ ਵਿਚ ਗੀਤ, ਦੋਹੇ, ਹਾਇਕੂ, ਛੰਦਬੱਧ ਨਜ਼ਮ, ਗ਼ਜ਼ਲ ਤੇ ਕਵਿਤਾ ਸਭ ਕੁਝ ਸਮਾਨਾਂਤਰ ਲਿਖਿਆ ਜਾ ਰਿਹਾ ਹੈ। ਪਿਛਲੇ ਸਾਲ ਹੀ ਰੁਬਾਈਆਂ ਦੀ ਇਕ ਕਿਤਾਬ ਦਾ ਪ੍ਰਕਾਸ਼ਨ ਵੀ ਹੋਇਆ। ਇਨ੍ਹਾਂ ਸਭ ਰੂਪਾਂ ਦਾ ਮੂਲ ਕਵਿਤਾ ਹੋਣ ਦੇ ਬਾਵਜੂਦ ਵਿਧਾਗਤ ਵਖਰੇਵਾਂ ਚਰਚਾ ਦਾ ਵਿਸ਼ਾ ਹੋ ਸਕਦਾ ਹੈ। ਮੱਧਕਾਲੀ ਕਾਵਿ ਰੂਪਾਂ ਪ੍ਰਤੀ ਪੰਜਾਬੀ ਪਾਠਕ ਦੀ ਰੁਚੀ ਦੀਆਂ ਸਮਾਜ-ਸੱਭਿਆਚਾਰਕ ਤੰਦਾਂ ਦਾ ਮੁਤਾਲਿਆ ਦਿਲਚਸਪ ਮੌਜ਼ੂ ਹੋ ਸਕਦਾ ਹੈ। ਕੁਝ ਵਿਚਾਰਕ ਸਮਕਾਲ ਨੂੰ ਗ਼ਜ਼ਲ ਰਚਨਾ ਦਾ ਦੌਰ ਕਹਿ ਕੇ ਵਿਅੰਗ ਵੀ ਕਰਦੇ ਹਨ, ਪਰ ਗ਼ਜ਼ਲ ਵਰਗੀ ਵਿਧਾ ਦਾ ਬਿਨਾਂ ਕੁਝ ਨਵਾਂ ਕਹੇ ਵੀ ਪੰਜਾਬੀਆਂ ਦੀ ਵਿਧਾ ਬਣਨ ਵੱਲ ਵਧਣਾ ਕਈ ਸਵਾਲ ਖੜ੍ਹੇ ਕਰਦਾ ਹੈ। ਗ਼ਜ਼ਲ ਵਿਧਾ ਦੀਆਂ ਬਹੁਤ ਸਾਰੀਆਂ ਸੀਮਾਵਾਂ ਹਨ ਜੋ

ਸਮਕਾਲੀ ਯੁਗ-ਚੇਤਨਾ ਦਾ ਹਾਣੀ ਬਣਨ ਦੀ ਇਸ ਦੀ ਅਯੋਗਤਾ ਨੂੰ ਪ੍ਰਗਟਾਉਂਦੀਆਂ ਹਨ। ਇਸ ਤਰਕ ਦੇ ਵਿਰੋਧ ਵਿਚ ਬਹੁਤ ਸਾਰੇ ਲੋਕ ਗ਼ਜ਼ਲ ਵਿਚੋਂ ਐਸੇ ਨਮੂਨੇ ਪੇਸ਼ ਕਰਨ ਲੱਗਦੇ ਹਨ ਜਿਨ੍ਹਾਂ ਵਿਚ ਕਾਵਿਕ ਲਚਕ ਦੀ ਥਾਂ ਅਖ਼ਬਾਰੀ ਸੂਚਨਾ ਵੱਧ ਝਲਕਦੀ ਹੈ। ਇਸ ਲਈ ਇਸ ਲੇਖ ਦਾ ਦਾਇਰਾ ਕਵਿਤਾ ਤਕ ਰੱਖਿਆ ਗਿਆ ਹੈ। ਬੀਤੇ ਸਾਲ ਦੀ ਕਵਿਤਾ ਰੂਪ ਪ੍ਰਤੀ ਅਤਿ-ਨਿਸ਼ਚਿਤ ਹੋ ਕੇ ਕਵਿਤਾ ਨੂੰ ਸਾਡੇ ਯੁਗ ਦੀ ਸੁਭਾਵਿਕ ਵਿਧਾ ਆਖਣ ਵਾਲਿਆਂ ਨੂੰ ਦੁਬਾਰਾ ਸੋਚਣ ਲਈ ਮਜਬੂਰ ਕਰ ਸਕਦੀ ਹੈ। ਪੰਜਾਬੀ ਬੰਦੇ ਦੀਆਂ ਜੀਣ ਦੀਆਂ ਸਭ ਸਮਕਾਲੀ ਰੁਚੀਆਂ ਹੇਰਵਾ, ਕੰਨਰਸਤਾ, ਗੁੱਸਾ, ਪਲਾਇਨ, ਬੇਲਾਗਤਾ, ਬੀਤੇ ਦੀ ਸ਼ੋਭਾ, ਰੈਟਰਿਕ, ਹਾਜ਼ਰੀ ਤੇ ਰੀਸ ਆਦਿ 2018 ਦੀ ਕਵਿਤਾ ਵਿਚ ਸਹਿਜੇ ਹੀ ਦਿਸ ਜਾਂਦੀਆਂ ਹਨ। ਪੰਜਾਬੀ ਕਵੀ ਕੋਲ ਇਕ ਸਮੱਸਿਆ ਇਹ ਵੀ ਹੈ ਕਿ ਉਸ ਦੀ ਕਵਿਤਾ ਕਿਸ ਨੂੰ ਸੰਬੋਧਿਤ ਹੋ ਰਹੀ ਹੈ। ਸੰਬੋਧਿਤ ਧਿਰ ਦੀ ਗ਼ੈਰਹਾਜ਼ਰੀ ਵਿਚ ਕਵਿਤਾ ਨਿਸੱਤੀ ਹੋਣ ਲੱਗਦੀ ਹੈ ਕਿਉਂਕਿ ਉਸ ਧਿਰ ਦੀ ਹਾਜ਼ਰੀ ਦੀ ਪੰਜਾਬੀ ਕਵੀ ਨੂੰ ਵਿਰਾਸਤੀ ਆਦਤ ਰਹੀ ਹੈ। ਸੱਤਾ ਨਾਲ ਸਿੱਧੇ ਸੰਘਰਸ਼ ਦਾ ਮਾਦਾ ਪੰਜਾਬੀ ਮਨੋਚੇਤਨਾ ਵਿਚੋਂ ਖਾਰਜ ਹੋ ਰਿਹਾ ਹੈ। ਰਾਜਸੀ ਸੰਘਰਸ਼ ਦਾ ਮੁਹਾਵਰਾ ਸੌਖਾ ਵੀ ਹੁੰਦਾ ਹੈ ਤੇ ਸੁਰੱਖਿਅਤ ਵੀ, ਪਰ ਰਾਜਸੀ ਸੰਘਰਸ਼ ਦੇ ਬਾਹਰੀ ਰੂਪ ਦੀ ਅਣਹੋਂਦ ਵਿਚ ਕਵੀ ਕੋਲ ਖੇਤਰ ਸਿਮਟ ਜਾਂਦਾ ਹੈ। ਧਰਮ ਤੇ ਪਰਿਵਾਰ ਦੀ ਸੰਸਥਾ ਨਾਲ ਟਕਰਾਉਣਾ ਮੁਕਾਬਲਤਨ ਜ਼ੋਖਮ ਵਾਲਾ ਕੰਮ ਹੈ। ਇਸ ਲਈ ਪ੍ਰਮਾਣਿਕ ਸਵੈ ਦੀ ਪਛਾਣ ਦੇ ਔਖੇ ਰਸਤੇ ਤੁਰਨਾ ਪੈਂਦਾ ਹੈ। ਪੰਜਾਬੀ ਵਿਚ ਲਿਖੀ ਜਾ ਰਹੀ ਇਕਬਾਲੀਆ ਸੁਰ ਵਾਲੀ ਬਹੁਤੀ ਕਵਿਤਾ ਨੂੰ ਮੈਂ-ਮੂਲਕ ਸਰੋਕਾਰਾਂ ਵਾਲੀ ਕਵਿਤਾ ਕਿਹਾ ਜਾ ਰਿਹਾ ਹੈ। ਦਰਅਸਲ ਇਹ ਸਵੈ ਦੀ ਨਿਗੂਣਤਾ ਦਾ ਸ਼ੋਭਾ ਗਾਇਨ ਹੈ। ਇਸ ਲਈ ਇਨਕਲਾਬੀ ਅਮਲ ਦੀ ਜਗ੍ਹਾ ਇਨਕਲਾਬ ਦੀ ਭਾਸ਼ਾਕਾਰੀ ਸੌਖਾ ਗਾਡੀ ਰਾਹ ਬਣਦੀ ਹੈ। ਇਹੀ ਹਾਲ ਬਾਜ਼ਾਰ ਤੇ ਵਿਸ਼ਵੀ ਪੂੰਜੀ ਨੂੰ ਸੰਬੋਧਿਤ ਹੋ ਕੇ ਲਿਖੀ ਜਾ ਰਹੀ ਕਵਿਤਾ ਦਾ ਹੈ। ਇਹ ਵਰਤਾਰਾ ਸਮਕਾਲ ਵਿਚ ਬੇਹੱਦ ਹਲਕੇ ਦਰਜੇ ਦੇ ਫਤਵਿਆਂ ਤਕ ਸਿਮਟਦਾ ਦਿਸਦਾ ਹੈ। ਇਸ ਸਭ ਦੇ ਮੱਦੇਨਜ਼ਰ ਏਨੀ ਵੱਡੀ ਮਿਕਦਾਰ ਵਿਚ ਕਵਿਤਾ ਦਾ ਲਿਖਿਆ ਜਾਣਾ ਅਚੰਭਿਤ ਕਰਦਾ ਹੈ। ਇਸ ਸਾਲ ਛਪੀਆਂ ਕਵਿਤਾ ਦੀਆਂ ਮੁੱਖ ਕਿਤਾਬਾਂ ਵਿਚੋਂ ਮੋਹਨਜੀਤ ਦੇ ਕਾਵਿ ਚਿੱਤਰਾਂ ਦੀ ਕਿਤਾਬ ਚੰਨ ਦੀ ਦੀਵਾਰ ਵਿਸ਼ੇਸ਼ ਧਿਆਨ ਖਿੱਚਦੀ ਹੈ। ਕਾਵਿ ਚਿੱਤਰ ਕਿਸੇ ਸ਼ਖ਼ਸੀਅਤ ਬਾਰੇ ਵੇਰਵਿਆਂ ਦੇ ਕਾਵਿਕਰਨ ਦੀ ਵਿਧੀ ਹੈ ਜੋ ਪੰਜਾਬੀ ਵਿਚ ਪ੍ਰਚਲਿਤ ਕਰਨ ਵਾਲਾ ਕਵੀ ਵੀ ਮੋਹਨਜੀਤ ਹੀ ਹੈ। ਇਸ ਵਿਚ ਪੇਸ਼ ਕਾਵਿ ਹਵਾਲੇ ਵਿਸ਼ੇਸ਼ ਤੌਰ 'ਤੇ ਨਿੱਜੀ ਅਤੇ ਅੰਤਰਮੁਖੀ ਹੁੰਦੇ ਹਨ ਜਿਨ੍ਹਾਂ ਨੂੰ ਸਮੂਹਿਕ ਅਨੁਭਵ ਤਕ ਫੈਲਾ ਕੇ ਕਵੀ ਆਪਣੀ ਕਾਵਿ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਾ ਹੈ। ਅੱਜ ਜਦੋਂ ਕਵਿਤਾ ਤੇ ਕਾਵਿ ਹਸਤੀਆਂ ਆਪਣਾ ਮਿਕਨਾਤੀਸੀ ਜਲੌਅ ਗਵਾਉਣ ਦੇ ਰਸਤੇ 'ਤੇ ਹਨ ਤਾਂ ਇਹ ਕਾਵਿ ਵਿਧੀ ਵੀ ਅਭਿਆਸੀ ਜਿਹੀ ਲੱਗਣ ਲੱਗੀ ਹੈ। ਦੁਹਰਾਓਮੂਲਕ ਵੇਰਵੇ ਵੀ ਇਸ ਭਾਂਤ ਦੀ ਕਵਿਤਾ ਦੀ ਪ੍ਰਮਾਣਿਕਤਾ ਬਾਰੇ ਸਵਾਲ ਬਣਦੇ ਹਨ। ਸਵਰਨਜੀਤ ਸਵੀ ਨਵੀਂ ਕਾਵਿ ਕਿਤਾਬ ਊਰੀ ਨਾਲ ਇਸ ਖੇਤਰ ਵਿਚ ਇਕ ਹੋਰ ਪੁਲਾਂਘ ਪੁੱਟਦਾ ਹੈ। ਪੰਜਾਬੀ ਚਿੰਤਨ ਦੀਆਂ ਭਾਰੂ ਧੁਨੀਆਂ ਨੇ ਲੰਮਾ ਸਮਾਂ ਮਨੁੱਖੀ ਦੇਹ ਨੂੰ ਕੇਂਦਰ ਵਿਚ ਰੱਖ ਕੇ ਲਿਖੀ ਉਸ ਦੀ ਕਵਿਤਾ ਨੂੰ ਉੱਤਰਆਧੁਨਿਕੀ ਕਵਿਤਾ ਦੇ ਪ੍ਰਮਾਣ ਵਜੋਂ ਪੇਸ਼ ਕੀਤਾ। ਪਿਛਲੇ ਸਮੇਂ ਤੋਂ ਸਵੀ ਆਪਣੇ ਪ੍ਰਗਟਾਵੇ ਲਈ ਕਿਸੇ ਠੋਸ ਧਰਾਤਲ ਦੀ ਤਲਾਸ਼ ਵਿਚ ਹੈ। ਉਸ ਦੀ ਕਵਿਤਾ ਵਿਚ ਮਨੁੱਖੀ ਹੋਂਦ ਦੇ ਦਾਰਸ਼ਨਿਕ ਸਵਾਲਾਂ ਨੂੰ ਵਸਤੂ ਬਣਾਇਆ ਗਿਆ ਹੈ। ਉਹ ਸਮਕਾਲ ਦੀ ਭਟਕਣ ਤੇ ਬੇਚੈਨੀ ਦੇ ਸਹਿਜ ਦਵੰਦਾਂ ਦੀ ਤਲਾਸ਼ ਵਿਚ ਸਿਮਰਤੀਆਂ ਵਿਚੋਂ ਸਮੱਗਰੀ ਲੈ ਕੇ ਉਸ ਨੂੰ ਕਵਿਤਾ ਦਾ ਕੇਂਦਰ ਬਣਾਉਂਦਾ ਹੈ। ਊਰੀ ਦਾ ਪ੍ਰਤੀਕ ਵੀ ਨਿਰੰਤਰ ਘੁੰਮਦੀ/ਭਟਕਦੀ ਮਨੁੱਖੀ ਹੋਂਦ ਦੀ ਹੋਣੀ ਦਾ ਮਰਮ ਤਲਾਸ਼ ਕਰਨਾ ਹੈ। ਅੰਬਰੀਸ਼ ਦੀ ਕਾਵਿ ਪੁਸਤਕ ਸਦਾ ਇੰਜ ਹੀ ਦੀ ਪ੍ਰਕਾਸ਼ਨਾ ਵੀ ਇਸ ਸਾਲ ਦੀ ਚਰਚਿਤ ਘਟਨਾ ਸੀ। ਇਹ ਕਾਵਿਕਾਰੀ ਵੱਡੇ ਸਰੋਕਾਰਾਂ ਦੀ ਥਾਂ ਅਣਗੌਲੇ ਬਿੰਦੂਆਂ 'ਤੇ ਕੇਂਦਰਿਤ ਹੈ। ਪਰਿਵਾਰ ਦੇ ਰੋਜ਼ਮੱਰਾ ਦੀਆਂ ਘਟਨਾਵਾਂ ਵਿਚੋਂ ਕਾਵਿ ਹਵਾਲਿਆਂ ਦਾ ਕਸ਼ੀਦਣ ਇਸ ਕਵਿਤਾ ਨੂੰ ਵੱਡੇ ਅਰਥਾਂ ਨਾਲ ਜੋੜਦਾ ਹੈ। ਵਿਸ਼ੇਸ਼ ਤੌਰ 'ਤੇ ਕਾਵਿ ਸਮੱਗਰੀ ਦੇ ਸ਼ਿਲਪ ਦੇ ਪੱਖ ਬਾਰੇ ਅੰਬਰੀਸ਼ ਦੀ ਕਿਤਾਬ ਨਵੇਂ ਸਿਰਜਕਾਂ ਲਈ ਬਹੁਤ ਕੁਝ

ਵਿਚਾਰਨਯੋਗ ਸਾਹਮਣੇ ਲਿਆਉਂਦੀ ਹੈ। ਰਵਿੰਦਰ ਭੱਠਲ ਦੀ ਕਿਤਾਬ ਇਕ ਸੰਸਾਰ ਇਹ ਵੀ ਵਿਚ ਕਵੀ ਨੇ ਨਵੀਂ ਕਾਵਿ ਵਿਧੀ ਰਾਹੀਂ ਅਪਣਾਈ ਹੈ। ਇਕ ਪਿਤਾ ਵੱਲੋਂ ਆਪਣੀ ਧੀ ਲਈ ਲਿਖੀਆਂ ਕਵਿਤਾਵਾਂ ਰਾਹੀਂ ਇਸ ਸੰਸਾਰ ਦੇ ਵਿਰੋਧਾਂ ਦੇ ਕਾਵਿਕਰਨ ਦੀ ਕੋਸ਼ਿਸ਼ ਨਿਵੇਕਲੀ ਹੈ। ਕਵੀ ਨਿੱਜੀ ਹੋਂਦ ਤੋਂ ਲੈ ਕੇ ਵੱਡੇ ਸੰਕਟਾਂ ਤਕ ਦੇ ਸਾਰੇ ਵਿਸ਼ੇ ਇਸੇ ਵਿਧੀ ਰਾਹੀਂ ਪੇਸ਼ ਕਰਦਾ ਹੈ। ਇਸ ਤਰ੍ਹਾਂ ਕਵਿਤਾ ਦੇ ਪਿੱਤਰ ਸੱਤਾ ਦੇ ਮੋਨੋਲਾਗ ਵਿਚ ਵਟਣ ਦੀ ਤਿੱਖੀ ਗੁੰਜਾਇਸ਼ ਵੀ ਸੀ ਜਿਸ ਤੋਂ ਸੁਚੇਤ ਹੋ ਕੇ ਕਵੀ ਆਪਣੇ ਬਿਆਨ ਨੂੰ ਬਚਾਈ ਰੱਖਦਾ ਹੈ। ਦਰਸ਼ਨ ਬੁੱਟਰ ਦੀ ਕਾਵਿ ਕਿਤਾਬ ਅੱਕਾਂ ਦੀ ਕਵਿਤਾ ਨਵੇਂ ਕਾਵਿ ਪ੍ਰਯੋਗ 'ਤੇ ਆਧਾਰਿਤ ਹੈ। ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਕਵੀ ਦੀਆਂ ਸਿਮਰਤੀਆਂ ਦਾ ਵਰਤਮਾਨ ਨਾਲ ਸੰਵਾਦ ਹਨ। ਇਸ ਸੰਵਾਦ ਦੀ ਵਿਆਕਰਣ ਤਬਦੀਲੀ ਨਹੀਂ ਸਗੋਂ ਹੇਰਵਾ ਹੈ। ਇਕ ਪ੍ਰੌੜ ਵਿਅਕਤੀ ਦਾ ਸੇਵਾਮੁਕਤੀ ਮਗਰੋਂ ਪਿੰਡ ਨੂੰ ਦੇਖਣ ਦਾ ਨਜ਼ਰੀਆ ਬੀਤੇ ਪ੍ਰਤੀ ਭਾਵੁਕ ਵਿਚਾਰਾਂ ਨੂੰ ਕਵਿਤਾ ਵਿਚ ਪਿਰੋਂਦਾ ਹੈ। ਇਹ ਭਾਵੁਕਤਾ ਪਿੰਡ ਨੂੰ ਇਕ ਸੰਪੂਰਨ ਸੱਭਿਆਚਾਰਕ ਇਕਾਈ ਮੰਨ ਕੇ ਉਸ ਦੇ ਸ਼ੋਸ਼ਣੀ ਖ਼ਾਸੇ ਨੂੰ ਲੁਕਾ ਲੈਂਦੀ ਹੈ ਤੇ ਪਿੰਡ ਦੇ ਉਸ ਸੱਭਿਆਚਾਰ ਦੇ ਗਵਾਚ ਜਾਣ ਕਾਰਨ ਉਦਾਸ ਹੈ। ਸਮਕਾਲ ਦੀ ਤਰਲਤਾ ਦੀ ਜਗ੍ਹਾ ਬੀਤੇ ਦਾ ਠੋਸ ਬਿੰਬ ਪੇਸ਼ ਕਰਦੀ ਇਹ ਕਵਿਤਾ ਆਪਣੀ ਭਾਸ਼ਕ ਟੇਕ ਗੁੰਮ ਰਹੀ ਭਾਸ਼ਾ ਤੇ ਉਤਪਾਦਨੀ ਵਿਹਾਰ 'ਤੇ ਰੱਖਦੀ ਹੈ। ਇਸ ਲਈ ਇਹ ਕਵਿਤਾ ਮੂਲ ਵੱਲ ਪਰਤਣ ਵਾਲੀ ਵੀ ਲੱਗਦੀ ਹੈ, ਪਰ ਉਹ ਮੂਲ ਜਾਤੀ ਸੰਰਚਨਾ ਤੇ ਕਿਰਤ ਦੇ ਸ਼ੋਸ਼ਣੀ ਸਰੂਪ ਵਾਲਾ ਹੈ। ਇਸ ਵੱਲ ਇਸ ਕਵਿਤਾ ਦੇ ਵਿਚਾਰਾਂ ਦੀ ਪਿੱਠ ਹੈ। ਜੁਝਾਰੂ ਕਵਿਤਾ ਨਾਲ ਪੰਜਾਬੀ ਵਿਚ ਪ੍ਰਵਾਨ ਚੜ੍ਹੇ ਕਵੀ ਰਵਿੰਦਰ ਸਹਿਰਾਅ ਆਪਣੇ ਪੰਜਵੇਂ ਕਾਵਿ ਸੰਗ੍ਰਹਿ ਕੁਝ ਨਾ ਕਹੋ ਨਾਲ ਹਾਜ਼ਰੀ ਲਗਵਾਈ। ਹੈਰਾਨੀਜਨਕ ਤਰੀਕੇ ਨਾਲ ਜੁਝਾਰੂ ਕਵਿਤਾ ਦੀ ਮੁਖਰਤਾ ਕੁਝ ਨਾ ਕਹਿਣ ਦੀ ਸਥਿਤੀ ਤਕ ਆ ਗਈ ਜਾਪਦੀ ਹੈ। ਕਵੀ ਦੀ ਚੇਤਨਾ ਨੂੰ ਪੰਜਾਬ ਬਿਮਾਰ ਲੱਗਦਾ ਹੈ ਤੇ ਬਹੁਤ ਸਾਰੇ ਸਵੈਟਰਾਂ ਦੇ ਬਾਵਜੂਦ ਪਾਲਾ ਲੱਗ ਰਿਹਾ ਹੈ। ਨਕਸਲੀ ਦੌਰ ਦੀ ਕਵਿਤਾ ਨਵੇਂ ਵਿਚਾਰਾਂ ਨੂੰ ਸਾਹਮਣੇ ਲਿਆਉਣ ਲਈ ਜਾਣੀ ਜਾਂਦੀ ਸੀ ਜੋ ਪਾਪੂਲਰ ਨਹੀਂ ਵਿਰੋਧ ਵਿਕਾਸੀ ਪ੍ਰਕਿਰਤੀ ਵਾਲੇ ਸਨ, ਪਰ ਉਸ ਤੋਂ ਬਾਅਦ ਉਸੇ ਭਾਂਤ ਦੀ ਕਵਿਤਾ ਪਾਪੂਲਰ ਵਿਚਾਰਾਂ ਦੇ ਉਪਭੋਗ ਰਾਹੀਂ ਬੁੱਤਾ ਸਾਰਦੀ ਰਹੀ ਹੈ। ਸਮਕਾਲ ਬਾਰੇ ਕਿਸੇ ਬੱਝਵੀਂ ਵਿਚਾਰਧਾਰਕ ਦ੍ਰਿਸ਼ਟੀ ਦੀ ਅਣਹੋਂਦ ਵਿਚ ਜੁਝਾਰੂਪਣ ਮੁਕਤ ਵਿਚ ਵਟਦਾ ਤੇ ਪ੍ਰਤੀਰੋਧ ਇਨਕਾਰ ਤੋਂ ਵੀ ਖੀਣ ਹੋ ਰਿਹਾ ਜਾਪਦਾ ਹੈ। ਦੂਜੇ ਵਿਸ਼ਵ ਯੁੱਧ ਦੌਰਾਨ ਕਮਿਊਨਿਸਟ ਧਿਰਾਂ ਵੱਲੋਂ ਅਪਣਾਈ ਸ਼ਬਦਾਵਲੀ ਸਮਕਾਲ ਦੀ ਕਾਰਪੋਰੇਟੀ ਪੂੰਜੀ ਦੇ ਦੌਰ 'ਤੇ ਸਾਡੀਆਂ ਖੱਬੀਆਂ ਵਿਚਾਰਕ ਧਿਰਾਂ ਦੀ ਪੋਲੀ ਪਕੜ ਇਸ ਕਵਿਤਾ ਦੇ ਹਵਾਲੇ ਨਾਲ ਦੇਖੀ ਜਾ ਸਕਦੀ ਹੈ। ਪਰਮਿੰਦਰ ਸੋਢੀ ਦੀ ਕਿਤਾਬ ਬਰਸਦੇ ਨੀਲਕਣ ਵੀ ਛਪੀ। ਇਹ ਕਿਤਾਬ ਕਵੀ ਦੇ ਉਸ ਕਾਵਿਕ ਆਵੇਸ਼ ਦੀ ਪੇਸ਼ਕਾਰੀ ਹੈ ਜੋ ਨਿਰੰਤਰ ਉਸ ਨਾਲ ਬਣਿਆ ਹੋਇਆ ਹੈ। ਮਨੁੱਖੀ ਹੋਂਦ ਦੀ ਭਾਵੁਕ ਸਾਂਝ ਤੋਂ ਲੈ ਕੇ ਮਨੁੱਖ ਦੇ ਕੁਦਰਤ ਤੇ ਸੱਭਿਆਚਰ ਨਾਲ ਰਿਸ਼ਤੇ ਨੂੰ ਉਸੇ ਭਾਵੁਕ ਆਵੇਸ਼ ਤੋਂ ਵਿਆਖਿਆਉਂਦੀ ਸੋਢੀ ਦੀ ਕਵਿਤਾ ਆਪਣੇ ਦਾਇਰੇ ਦੇ ਅੰਤਰਗਤ ਅਰਥ ਸਿਰਜਣ ਦੇ ਆਹਰ ਵਿਚ ਹੈ। ਆਸ਼ਾ-ਨਿਰਾਸ਼ਾ ਪ੍ਰਤੀ ਇਕ ਆਦਰਸ਼ਵਾਦੀ ਸਥਿਤੀ ਇਸ ਕਵਿਤਾ ਨੂੰ ਪਾਠਕੀ ਪ੍ਰਸੰਗ ਪ੍ਰਦਾਨ ਕਰਦੀ ਹੈ, ਪਰ ਦਾਰਸ਼ਨਿਕ ਵਿਸਥਾਰ ਤੋਂ ਪਰ੍ਹੇ ਵਿਚਰਦੀ ਹੈ। ਭੁਪਿੰਦਰਪ੍ਰੀਤ ਦੀ ਕਾਵਿ ਕਿਤਾਬ ਜਿਥੇ ਥਕਾਨ ਆਪਣਾ ਮੁਸਾਫ਼ਿਰ ਬਦਲਦੀ ਵੀ ਇਸੇ ਸਾਲ ਛਪੀ। ਭੁਪਿੰਦਰਪ੍ਰੀਤ ਦੀ ਕਵਿਤਾ ਸਮਕਾਲ ਦੀ ਮਨੁੱਖੀ ਹੋਂਦ ਦੁਆਲੇ ਤਣੀਆਂ ਬੇਬਸੀਆਂ ਦੀਆਂ ਤੰਦਾਂ 'ਚੋਂ ਛਟਪਟਾਹਟ ਦੀ ਕਵਿਤਾ ਹੈ। ਤਨ ਮਨ ਦੀ ਲਾਚਾਰੀ 'ਚੋਂ ਉਪਜੇ ਵਿਚਾਰਾਂ ਨੂੰ ਆਪਣੀ ਵਸਤੂ ਬਣਾ ਕੇ ਸਾਕਾਰ ਹੋਏ ਵਿਚਾਰ ਸ਼ਾਬਦਿਕ ਬੋਝ ਦੀ ਜਗ੍ਹਾ ਕਾਵਿਕ ਸੰਕੇਤਕਤਾ ਤੇ ਸ਼ਿਲਪ ਦੇ ਸਹਾਰੇ ਸੰਚਾਰਿਤ ਹੁੰਦੇ ਹਨ। ਨਵੇਂ ਵਿਚਾਰ ਭਾਸ਼ਾ ਦੇ ਨਵੇਂਪਣ ਦੇ ਲਹਿਜੇ ਦੀ ਤਾਜ਼ਗੀ ਰਾਹੀਂ ਨਵੇਂ ਅਰਥ ਵੀ ਸਿਰਜਦੇ ਹਨ। 2018 ਵਿਚ ਪੰਜਾਬੀ ਦੀਆਂ ਕਈ ਕਵਿੱਤਰੀਆਂ ਦੀਆਂ ਕਿਤਾਬਾਂ ਛਪ ਕੇ ਆਈਆਂ। ਪਿੱਤਰ ਸੱਤਾ ਦੇ ਨਵੇਂ ਸਥਾਪਤੀ ਸਮੀਕਰਨਾਂ ਨਾਲ ਭਾਈਵਾਲ ਹੋਣ ਤੋਂ ਬਾਅਦ ਤੇ ਮੰਡੀ ਅਰਥਚਾਰੇ ਦੀ ਸਿਖਰ ਦੇ ਦੌਰ ਵਿਚ ਨਾਰੀ ਲੇਖਕਾਂ ਦੀ ਕਵਿਤਾ ਵਿਸ਼ੇਸ਼ ਧਿਆਨ ਮੰਗਦੀ ਹੈ। ਔਰਤ ਨੂੰ ਮੰਡੀ ਦੀ ਜ਼ਦ ਵਿਚ ਲਿਆਉਣ ਲਈ

ਤੇ ਪ੍ਰਤੀਰੋਧ ਨੂੰ ਪਿਆਰ-ਸਮਰਪਣ-ਭਗਤੀ-ਉਪਭੋਗ ਨਾਲ ਬਦਲਾਉਣ ਲਈ ਸਾਰਾ ਤੰਤਰ ਗਤੀਸ਼ੀਲ ਹੋਵੇ ਤਾਂ ਔਰਤ ਦੇ ਵਿਚਾਰ ਸਮਾਜ ਦੀ ਬਚੀ ਹੋਈ ਨਮੀ ਦੀ ਦੱਸ ਪਾਉਣ ਲਈ ਕਾਫ਼ੀ ਹੁੰਦੇ ਹਨ। ਮਨਜੀਤ ਇੰਦਰਾ ਦੀ ਕਿਤਾਬ ਤਾਂਡਵ ਪ੍ਰਗੀਤਕ ਵਿਧੀ ਵਾਲੀ ਕਵਿਤਾ ਦੀ ਵੰਨਗੀ ਹੈ, ਪਰ ਪ੍ਰਗੀਤ ਦੇ ਸਵੈ-ਸੰਬੋਧਨ ਨੂੰ ਉਸ ਨੇ ਰਾਗਾਤਮਕ ਵਿਧਾਨ ਨਾਲ ਬਦਲ ਲਿਆ ਹੈ। ਇਸ ਲਈ ਇਹ ਕਵਿਤਾ ਜਾਂ ਤਾਂ ਬਾਬੁਲ ਵੱਲ ਆਸਰੇ ਲਈ ਦੇਖਦੇ ਵਿਚਾਰਾਂ ਨੂੰ ਵਾਹਨ ਬਣਾਉਂਦੀ ਹੈ ਜਾਂ ਫਿਰ ਤਾਂਡਵ ਦੇ ਬਿੰਬ ਰਾਹੀਂ ਸੰਘਰਸ਼ ਦੇ ਪ੍ਰਗਤੀਵਾਦੀ ਆਦਰਸ਼ ਦੇ ਉਪਭੋਗ ਤਕ ਸਿਮਟਦੀ ਹੈ। ਬਿਪਨਪ੍ਰੀਤ ਦੀ ਕਿਤਾਬ ਰਫ਼ੂਗਰ ਵਿਚਲੀ ਕਵਿਤਾ ਮੱਧਵਰਗੀ ਔਰਤ ਦੀ ਬੇਚੈਨੀ ਦੀ ਬੁੜਬੁੜ ਹੈ। ਆਰਥਿਕ ਸੰਪੰਨਤਾ ਔਰਤ ਤਕ ਚੇਤਨਾ ਦਾ ਸੰਚਾਰ ਵੀ ਕਰਦੀ ਹੈ ਅਤੇ ਉਸੇ ਸਮਾਜਿਕ ਢਾਂਚੇ ਵਿਚ ਬਰਾਬਰੀ ਵਾਲੀ ਹੋਂਦ ਦੀ ਤਲਾਸ਼ ਕਰਦੇ ਵਿਚਾਰ ਜਿਸ ਦਸ਼ਾ ਨੂੰ ਭੋਗਦੇ ਹਨ ਉਹ ਇਸ ਕਵਿਤਾ ਦੀ ਵਸਤੂ ਬਣੇ ਹਨ। ਇਹ ਕਵਿਤਾ ਖ਼ੁਦ ਨਾਲ ਗੂੜ੍ਹੇ ਪਿਆਰ ਦੀ ਭਾਵਨਾ ਵਿਚੋਂ ਆਉਂਦੀ ਹੈ ਤੇ ਉਸੇ ਪਿਆਰ ਦੀ ਦ੍ਰਿਸ਼ਟੀ ਨਾਲ ਬਾਹਰੀ ਸੰਸਾਰ ਦੀ ਕਰੂਰਤਾ ਨੂੰ ਦੇਖਦੀ ਹੈ। ਇਹੀ ਇਸ ਕਵਿਤਾ ਵਿਚਲਾ ਮੂਲ ਤਣਾਅ ਹੈ। ਸਿਮਰਤ ਗਗਨ ਆਪਣੀ ਚੌਥੀ ਕਾਵਿ ਕਿਤਾਬ ਕੁੰਜ ਨਾਲ ਹਾਜ਼ਰ ਹੋਈ ਤੇ ਔਰਤ ਹੋਂਦ ਨਾਲ ਜੋੜ ਦਿੱਤੇ ਬਹੁਤ ਕੁਝ ਗ਼ੈਰ-ਸਿਰਜਣਾਤਮਕ ਵਿਚੋਂ ਸਿਰਜਣਾਤਮਕ ਪਲਾਂ ਦੀ ਤਲਾਸ਼ ਨੂੰ ਆਪਣੀ ਕਵਿਤਾ ਵਿਚ ਢਾਲਦੀ ਹੈ। ਅੰਦਰਲੀ ਤਰਥੱਲੀ ਤੇ ਬਾਹਰੀ ਸ਼ਾਂਤੀ ਕਵਿਤਾ ਦੇ ਵਿਸਫੋਟ ਬਿੰਦੂ ਹਨ। ਆਕਾਰ ਵਿਚ ਨਿੱਕੀਆਂ ਕਵਿਤਾਵਾਂ ਅਧੂਰੇ ਖ਼ਿਆਲਾਂ ਦੇ ਖਿੰਡੇ ਹੋਏ ਬਿੰਬ ਹਨ ਹੋ ਜੰਗਲ ਦੀ ਚੁੱਪ ਵਿਚ ਵਿਸਥਾਰ ਭਾਲਦੀ ਨਾਰੀ ਹੋਂਦ ਦੇ ਸਫ਼ਰ ਦੀ ਪੈੜ ਵਾਂਗ ਹਨ। ਅਮਨ ਸੀ ਸਿੰਘ ਦੀ ਇਹ ਜੋ ਨਦੀਆਂ, ਜਸ ਪ੍ਰੀਤ ਦੀ ਕਿਰਨਾਂ ਸੋਨ ਰੰਗੀਆਂ, ਗੁਰਪ੍ਰੀਤ ਪ੍ਰੀਤ ਦੀ ਆ ਮੇਰੇ ਨਾਲ ਗੱਲਾਂ ਕਰ ਪਿਛਲੇ ਸਾਲ ਛਪ ਕੇ ਆਈਆਂ ਅਜਿਹੀਆਂ ਪੁਸਤਕਾਂ ਹਨ ਜਿਨ੍ਹਾਂ ਵਿਚ ਔਰਤ ਦੇ ਕਈ ਪਸਾਰ ਸਾਹਮਣੇ ਆਉਂਦੇ ਹਨ। ਨਵੀਂ ਪੰਜਾਬੀ ਕਵਿਤਾ ਇਸੇ ਲਈ ਵੀ ਨਵੀਂ ਹੈ ਕਿ ਇਸ ਵਿਚ ਬਹੁਤ ਸਾਰੇ ਨਵੇਂ ਨਾਮ ਆਏ ਦਿਨ ਸ਼ਾਮਿਲ ਹੋ ਰਹੇ ਹਨ। ਇਹ ਪੁਰਾਣੇ ਤੋਂ ਅਸੰਤੁਸ਼ਟ ਸੰਵੇਦਨਾ ਹੈ ਜੋ ਖਾਲੀ ਥਾਵਾਂ ਭਰਨ ਦੀ ਇੱਛਾ ਨਾਲ ਲਬਰੇਜ਼ ਹੈ। 2018 ਵਿਚ ਵੀ ਮੁਕਾਬਲਤਨ ਨਵੇਂ ਕਵੀਆਂ ਦੀਆਂ ਕਈ ਅਜਿਹੀਆਂ ਕਿਤਾਬਾਂ ਛਪੀਆਂ ਜਿਨ੍ਹਾਂ ਦੇ ਜ਼ਿਕਰ ਬਿਨਾਂ ਇਹ ਚਰਚਾ ਅਧੂਰੀ ਰਹੇਗੀ। ਲਿਪੀ ਦ ਮਹਾਂਦੇਵ ਦੀ ਕਿਤਾਬ ਮਨੁੱਖ ਦੀ ਕਥਾ ਵਿਚ ਛੇਦ ਕਰਦਿਆਂ ਛਪੀ। ਇਸ ਕਵਿਤਾ ਵਿਚ ਬੰਦਿਆਈ ਦੇ ਖੋਹ ਲਏ ਮੌਕਿਆਂ ਪ੍ਰਤੀ ਇਕ ਰੋਹ ਦੀ ਭਾਵਨਾ ਹੈ ਜੋ ਸਮਾਜਿਕ ਹਕੀਕਤ ਨੂੰ ਹਵਾਲੇ ਵਜੋਂ ਪੇਸ਼ ਕਰਕੇ ਰੋਹ ਨੂੰ ਪ੍ਰਚੰਡ ਕਰਦੀ ਹੈ। ਜਿਨ੍ਹਾਂ ਲੋਕਾਂ ਨੂੰ ਮਨੁੱਖ ਹੋਣ ਵਜੋਂ ਕਦੇ ਮਾਨਤਾ ਨਹੀਂ ਦਿੱਤੀ ਗਈ ਉਨ੍ਹਾਂ ਨੂੰ ਕਵਿਤਾ ਦੇ ਕੇਂਦਰ ਬਿੰਦੂ ਬਣਾ ਕੇ ਕਵੀ ਨਵੀਂ ਸੰਵੇਦਨਾ ਦੀ ਪੇਸ਼ਕਾਰੀ ਕਰਦਾ ਹੈ। ਜਗਦੀਪ ਸਿੱਧੂ ਦੀ ਕਿਤਾਬ ਇਉਂ ਵੀ ਦੇਖਣਾ ਹੈ ਜ਼ਿੰਦਗੀ ਦੇ ਨਿੱਕੇ ਤੇ ਨਿਗੂਣੇ ਕਹਿ ਕੇ ਅਣਗੌਲੇ ਕਰਨਾ ਸਿਖਾਏ ਜਾਂਦੇ ਵੇਰਵਿਆਂ ਦੀ ਕਾਵਿਕਾਰੀ ਹੈ। ਖ਼ਾਸਕਰ ਉਸ ਦੀਆਂ ਮਾਂ, ਬੀਵੀ ਤੇ ਧੀ ਬਾਰੇ ਲਿਖੀਆਂ ਕਵਿਤਾ ਮਰਦ ਸੱਤਾ ਦੇ ਕਈ ਅੰਤਰ-ਵਿਰੋਧਾਂ ਦਾ ਵਿਸ਼ਲੇਸ਼ਣ ਹਨ। ਪਰਾਗ ਦੀ ਕਿਤਾਬ ਉਪਰਲਾ ਬਟਨ ਵੀ ਮਨਾਹੀਆਂ ਅਤੇ ਵਰਜਣਾਵਾਂ ਵਿਚ ਪਏ ਮਰਮ ਦੀ ਕਵਿਤਾ ਹੈ। ਅਦਾਕਾਰ ਰਾਣਾ ਰਣਬੀਰ ਦੀ ਕਿਤਾਬ ਦੀਵਾ ਕਵਿਤਾ ਦੇ ਖੇਤਰ 'ਚ ਉਸ ਦੀ ਦੂਜੀ ਪੁਲਾਂਘ ਹੈ। ਇਸ ਕਿਤਾਬ ਵਿਚ ਛੰਦਬੱਧ ਕਵਿਤਾ ਰਹੀ ਸਟੇਜੀ ਭਾਂਤ ਦੀ ਵਿਸਾਰੀ ਜਾ ਰਹੀ ਬਿਰਤਾਂਤਕ ਕਵਿਤਾ ਦੀ ਵੰਨਗੀ ਪੇਸ਼ ਹੋਈ ਹੈ। ਸ਼ਿਵ ਰਾਜ ਲੁਧਿਆਣਵੀ ਦੀ ਕਿਤਾਬ ਉਸਤਤ ਵੀ ਇਸੇ ਭਾਂਤ ਦੀ ਕਵਿਤਾ ਹੈ ਜੋ ਕਾਵਿ ਸੰਕਲਪਾਂ ਦੇ ਬਿਰਤਾਂਤਕੀ ਸਰੂਪ ਵਾਲੀ ਹੈ। ਰਵਿੰਦਰ ਰਵੀ ਦੀ ਕਿਤਾਬ ਸਾਈਡ ਪੋਜ਼, ਹਰਭਜਨ ਬਾਜਵਾ ਦੀ ਕਿਤਾਬ ਪਰਛਾਵੇਂ ਨਾ ਫੜ, ਭੁਪਿੰਦਰ ਸ਼ਾਹੀ ਦੀ ਉੱਕਰੇ ਹਰਫ਼, ਸੁਰਿੰਦਰ ਸੰਧੂ ਦੀ ਰੂਹ ਦੀ ਆਵਾਜ਼, ਜਸਵੰਤ ਸ਼ੀਂਹਮਾਰ ਦੀ ਚੌਮੁਖੀਆ ਦੀਪ, ਦੇਵਿੰਦਰ ਪੂਨੀਆ ਦੀ ਧੁਨ ਦੀ ਖ਼ੁਸ਼ਬੂ ਆਦਿ ਹੋਰ ਕਿਤਾਬਾਂ ਹਨ ਜੋ ਇਸ ਵਰ੍ਹੇ ਛਪੀਆਂ। ਕਵਿਤਾ ਦੀ ਛਪਣ ਮਿਕਦਾਰ ਦੇ ਮੱਦੇਨਜ਼ਰ ਇਹ ਸੂਚੀ ਅਧੂਰੀ ਹੈ। ਇਕ ਹੋਰ ਜ਼ਿਕਰਯੋਗ ਗੱਲ ਇਹ ਹੈ ਕਿ ਪੰਜਾਬੀ ਵਿਚ ਅੱਖਰ ਤੋਂ ਬਾਅਦ ਕਿਸੇ ਐਸੇ ਰਸਾਲੇ ਦੀ ਹੋਂਦ ਨਹੀਂ ਜੋ ਸਿਰਫ਼ ਕਵਿਤਾ ਨੂੰ ਸਮਰਪਿਤ ਹੋਵੇ ਤੇ ਜਿਸ ਵਿਚ ਛਪੀ ਕਵਿਤਾ ਨੂੰ ਕੋਈ ਮਿਆਰ ਮੰਨ ਲਿਆ

ਜਾਵੇ। ਬਹੁਤੇ ਰਸਾਲੇ ਕਵਿਤਾ ਨੂੰ ਪੂਰਕ ਵਜੋਂ ਹੀ ਛਾਪਦੇ ਹਨ। ਭਵਿੱਖ ਦੇ ਕਿਸੇ ਬਿੰਦੂ 'ਤੇ ਜਦੋਂ ਅੱਜ ਦਾ ਇਤਿਹਾਸ ਲਿਖਿਆ ਜਾਵੇ ਤਾਂ ਸ਼ਾਇਦ ਮਨੁੱਖੀ ਜ਼ਿੰਦਗੀ ਨੂੰ ਜਿਊਣ ਦੀ ਥਾਂ ਜਿਊਣ ਦੇ ਅਭਿਆਸ ਵਜੋਂ ਹੀ ਦਰਜ ਕੀਤਾ ਜਾਵੇ ਤੇ ਕਵਿਤਾ ਲਿਖਣ ਨੂੰ ਲਿਖਣ ਦੇ ਅਭਿਆਸ ਦੇ ਤੌਰ 'ਤੇ।

## ਮੁੱਖ/ਕੇਂਦਰੀ ਸ਼ਬਦ:

ਪ੍ਰਗਤੀਵਾਦ—ਵਿਕਾਸ/ਲਹਿਰ ਜੋ ਮਾਰਕਸਵਾਦੀ ਵਿਚਾਰਧਾਰਾ ਅਧਾਰਿਤ

ਬਿੰਬ—ਤਸਵੀਰ

ਅਨੁਭਵ---ਤਜਰਬਾ

ਸਰੋਕਾਰ- ਵਿਸ਼ਾ/ਸਮੱਸਿਆਵਾਂ/ਪੱਖ

## ਸਵੈ-ਮੁਲਾਂਕਣ:

ਪ੍ਰ1. ਗ਼ਜ਼ਲ ਕਿਹੜੀ ਭਾਸ਼ਾ ਦਾ ਸ਼ਬਦ ਹੈ?

ੳ.ਅਰਬੀ

ਅ.ਫਾਰਸੀ

ੲ. ਪਸ਼ਤੋ

ਸ.ਸੰਸਕ੍ਰਿਤ

ਪ੍ਰ2. ਮਤਲਾ ਦਾ ਕੀ ਅਰਥ ਹੈ?

ੳ.ਗ਼ਜ਼ਲ ਦਾ ਆਰੰਭ

ਅ.ਗ਼ਜਲ ਦਾ ਪਹਿਲਾ ਸ਼ੇਅਰ

ੲ.ਦੋਵੇ ਪੂਰਨ ਸਹੀ

ਸ.ਦੋਵੇ ਪੂਰਨ ਗਲਤ

ਪ੍ਰ.3. **ਗ਼ਜ਼ਲ ਵਿਚ ਮਕਤਾ ਕਿਹੜਾ ਹੁੰਦਾ ਹੈ?**

ੳ.ਗ਼ਜ਼ਲ ਦਾ ਆਖਰੀ ਸ਼ੇਅਰ

ਅ.ਗ਼ਜ਼ਲ ਦਾ ਅਰੰਭਲਾ ਸ਼ੇਅਰ

ੲ.ਗ਼ਜ਼ਲ ਦਾ ਮੱਧ ਵਾਲਾ ਸ਼ੇਅਰ

ਸ.ਉਪਰੋਕਤ ਸਾਰੇ

**ਪ੍ਰ 4. ਇਕ ਗ਼ਜ਼ਲ ਵਿਚ ਕਿੰਨੇ ਸ਼ੇਅਰ ਹੋ ਸਕਦੇ ਹਨ?**

ੳ.9 ਤੋ  40 ਤੱਕ

ਅ.7 ਤੋ 30 ਤੱਕ

ੲ.5 ਤੋ  25 ਤੱਕ

ਸ.11 ਤੋ  22 ਤੱਕ

**ਪ੍ਰ 5. ਮਿਸ਼ਰਾ ਤੋ ਕੀ ਭਾਵ ਹੈ?**

ੳ.ਗ਼ਜ਼ਲ ਦਾ ਹਰ ਸ਼ੇਅਰ

ਅ.ਗਜਲ ਦੀ ਹਰ ਤੁਕ

ੲ.ਉਪਰੋਤਕ ਦੋਵੇ

**ਪ੍ਰ 6.ਕਾਫੀਆ ਤੇ ਰਦੀਫ ਦੋਵੇ ਅੰਤਰ ਸੰਬੰਧਿਤ ਹਨ?**

ੳ.ਸਹੀ

ਅ.ਗਲਤ

**ਪ੍ਰ.7.ਬਹਿਰ ਤੋ ਕੀ ਭਾਵ ਹੈ?**

ੳ.ਨਿਸ਼ਚਿਤ ਵਿਚਾਰ

ਅ.ਨਿਸਚਿਤ ਵਜ਼ਨ

**ਪ੍ਰ.8.ਪੰਜਾਬੀ ਦਾ ਪਹਿਲਾ ਗਜਲਗੋ ਕੋਣ ਹੈ?**

ੳ.ਮਿਰਜ਼ਾ ਗਾਲਿਬ

ਅ.ਸ਼ਾਹ ਮੁਰਾਦ

**ਪ੍ਰ 9.ਗ਼ਜ਼ਲ ਵਿਚ ਬੈਂਤ ਪੁਰਕੁਨ ਕਿਸਨੂੰ ਕਿਹਾ ਜਾਂਦਾ ਹੈ?**

ੳ.ਗ਼ਜ਼ਲ ਵਿਚ ਸਹੀ ਅਰਥਾ ਨੂੰ

ਅ.ਗ਼ਜ਼ਲ ਵਿਚ ਮਾੜੇ ਅਰਥਾ ਨੂੰ

**ਪ੍ਰ10. ਬੈਂਤ-ਉਲ-ਗ਼ਜ਼ਲ ਤੋ ਕੀ ਭਾਵ ਹੈ?**

ੳ.ਗਜ਼ਲ ਵਿਚ ਬੁਰੇ ਅਰਥਾਂ ਨੂੰ

ਅ.ਗ਼ਜ਼ਲ ਵਿਚ ਚੰਗੇ ਅਰਥਾ ਨੂੰ

**ਪ੍ਰ11.ਸ਼ਿਅਰ ਤੋ ਕੀ ਭਾਵ ਹੈ?**

ੳ.ਦੋ ਤੁਕਾ ਨੂੰ ਸ਼ੇਅਰ

ਅ.ਗ਼ਜ਼ਲ ਦੀਆਂ ਤੁਕਾਂ ਨੂੰ ਸ਼ੇਅਰ

**ਪ੍ਰ12. ਕਿ ਕਵਿਤਾ ਤੇ ਗ਼ਜਲ ਇਕ ਸਮਾਨ ਹਨ?**

ੳ.ਨਹੀ

ਅ.ਹਾਂ

**ਪ੍ਰ 13. ਸਿਨਫ ਤੋ ਕੀ ਭਾਵ ਹੈ?**

ੳ.ਕਲਾ ਰੂਪ

ਅ.ਕਾਵਿ ਰੂਪ

**ਪ੍ਰ14.ਅਰੂਜ ਦੀ ਗ਼ਜ਼ਲ ਵਿਚ ਕੀ ਮਹੱਤਤਾ ਹੈ?**

ੳ.ਗ਼ਜ਼ਲ ਵਿਚ ਬਹਿਰ ਦਾ ਕੰਮ ਦੇਦੀ

ਅ.ਗ਼ਜ਼ਲ ਵਿਚ ਛੰਦ ਦਾ ਕੰਮ ਦੇਦੀ

**ਪ੍ਰ.15.21ਵੀ ਸਦੀ ਦੇ ਪੰਜਾਬੀ ਗ਼ਜ਼ਲਕਾਰਾ ਦੀ ਪਛਾਣ ਕਰੋ?**

ੳ.ਜਗਤਾਰ

ਅ.ਸੁਰਜੀਤ ਪਾਤਰ

ੲ.ਦੀਪਕ ਜੈਤੋਈ

## ਅਭਿਆਸ ਪ੍ਰਸ਼ਨ

1. ਗ਼ਜਲ ਦਾ ਅਰਥ ਦੱਸੋ।
2. ਗਜ਼ਲ ਕਿੰਨੇ ਪ੍ਰਕਾਰ ਦੀ ਹੁੰਦੀ ਹੈ?
3. ਗ਼ਜ਼ਲ ਦੀ ਸਿਰਜਣਾ ਲਈ ਕਿਹੜੇ ਕਿਹੜੇ ਤੱਤਾਂ ਦਾ ਖਿਆਲ ਰੱਖਣਾ ਜ਼ਰੂਰੀ ਹੈ?
4. ਪੰਜਾਬੀ ਦੇ ਪ੍ਰਸਿੱਧ ਗ਼ਜ਼ਲਗੋ ਕਿਹੜੇ ਹਨ?
5. ਪ੍ਰਸਿੱਧ ਗ਼ਜ਼ਲਗੋ ਦੀ ਸੂਚੀ ਬਣਾਓ ਤੇ ਉਹਨਾਂ ਦੀ ਗਜਲਕਾਰੀ ਦੇ ਗੁਣ/ਵਿਸ਼ੇ ਪਛਾਣੋ।

## ਸੰਦਰਭ ਪੁਸਤਕਾਂ:


- ਵਿਹਾਰਕ ਸਮੀਖਿਆ, ਸਤਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਵਾਂ ਸੰਸਕਰਨ (2010)
- ਦੇਵਿੰਦਰ ਕੌਰ, ਅੰਮ੍ਰਿਤਾ ਪ੍ਰੀਤਮ ਦੀ ਗਲਪ ਅਤੇ ਕਾਵਿ-ਚੇਤਨਾ, ਗੁਰਮਤਿ ਪ੍ਰਿੰਟਿੰਗ ਪ੍ਰੈਸ, ਨਵੀਂ ਦਿੱਲੀ, 1991
- ਜੌਹਲ, ਲਖਵਿੰਦਰ, ਬਰਤਾਨਵੀ ਪੰਜਾਬੀ ਕਵਿਤਾ ਦੇ ਪਛਾਣ-ਚਿੰਨ੍ਹ, ਕੁਕਨੂਸ ਪ੍ਰਕਾਸ਼ਨ, ਜਲੰਧਰ, 2002
- ਦਵੇਸ਼ਵਰ, ਸੁਰਿੰਦਰ ਕੁਮਾਰ, ਪ੍ਰਗਤੀਵਾਦ ਇਤਿਹਾਸਕ ਸਿੱਧਾਂਤਕ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਸਰਹੰਦ, 1990
- ਦੇਵਿੰਦਰ ਕੌਰ, ਬਰਤਾਨੀਆ ਵਿਚ ਲਿਖੀ ਜਾ ਰਹੀ ਪੰਜਾਬੀ ਕਵਿਤਾ ਇਕ ਇਤਿਹਾਸਕ ਪਰਿਪੇਖ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2001
  - ਜੱਗੀ, ਰਤਨ ਸਿੰਘ, ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, ਪੰਜਾਬੀ ਯੂਨੀਵਰਸਿਟੀ, ਅੰਮ੍ਰਿਤਸਰ, 1989


## ਮਹੱਤਵਪੂਰਨ ਲਿੰਕ

http://panjabialochana.com/yahoo_site_admin1/assets/docs/Samkali_Punjabi_Sahit_-_Ravi_Ravinder.27295355.pdf

http://panjabialochana.com/yahoo_site_admin1/assets/docs/%E0%A8%87%E0%A8%95%E0%A9%80%E0%A8%B5%E0%A9%80%E0%A8%82_%E0%A8%B8%E0%A8%A6%E0%A9%80_%E0%A8%A8%E0%A8%B5-%E0%A8%AC%E0%A8%B8%E0%A8%A4%E0%A9%80%E0%A8%B5%E0%A8%BE%E0%A8%A6_%E0%A8%85%E0%A8%A4%E0%A9%87_%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%95%E0%A8%B5%E0%A8%BF%E0%A8%A4%E0%A8%BE_-_%E0%A8%A1%E0%A8%BE_%E0%A8%B8%E0%A8%B0%E0%A8%AC%E0%A8%9C%E0%A9%80%E0%A8%A4_%E0%A8%95%E0%A9%8C%E0%A8%B0.13230720.pdf

http://panjabialochana.com/videos/%E0%A8%86%E0%A8%A7%E0%A9%81%E0%A8%A8%E0%A8%BF%E0%A8%95_%E0%A8%B8%E0%A8%BE%E0%A8%B9%E0%A8%BF%E0%A8%A4

**ਉੱਤਰਮਾਲਾ:**

| | | | | |
|---|---|---|---|---|
| 1. ੳ | 2. ੲ | 3. ੳ | 4. ਅ | 5. ੲ |
| 6. ੳ | 7. ਅ | 8. ਅ | 9. ੳ | 10. ਅ |
| 11. ੳ | 12. ੳ | 13. ਅ | 14. ਅ | 15. ਅ |

# ਅਧਿਆਇ–4. ਕਹਾਣੀ ਲੇਖਣ: ਸਿਧਾਂਤ ਤੇ ਸਰੂਪ

*Harjot Kaur, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਕਹਾਣੀ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਕਹਾਣੀ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਕਹਾਣੀ ਸਮੀਖਿਆ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਕਹਾਣੀ ਦੇ ਸਰੂਪ ਨੂੰ ਸਮਝਣ ਦੇ ਯੋਗ ਹੋਣਗੇ।

**ਪ੍ਰਸਤਾਵਨਾ:** ਵਿਦਿਆਰਥੀਆਂ ਵਿਚ ਵਿਸ਼ਵੀਕਰਨ ਦੇ ਯੁੱਗ ਵਿਚ ਰਚਨਾਤਮਕ ਲੇਖਣ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਰਚਨਾਤਮਕ ਲੇਖਣ ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੇ ਸਰੂਪ ਨੂੰ ਨਿਰਧਾਰਿਤ ਕੀਤਾ ਜਾਵੇਗਾ। ਰਚਨਾਤਮਕ ਲੇਖਣ ਰਾਹੀ ਵਿਦਿਆਰਥੀਆਂ ਨੂੰ ਸਾਹਿਤ ਦੀ ਹਰ ਵਿਧਾਂ ਦਾ ਸਿਧਾਂਤਕ ਸਰੂਪ ਸਮਝ ਆਵੇਂਗਾ ,ਜਿਸ ਰਾਹੀ ਉਹ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ।

ਵਿਸ਼ਾ ਵਸਤੂ: **ਗਲਪ ਦੇ ਦੋ ਭਾਗ ਹਨ** :ੳ) ਨਾਵਲ ਅ) ਕਹਾਣੀ

ਕਹਾਣੀ ਦਾ ਇਤਿਹਾਸ ਮਨੁੱਖੀ ਇਤਿਹਾਸ ਜਿੰਨਾ ਪੁਰਾਣਾ ਹੈ।ਮਨੁੱਖ ਦੇ ਜੀਵਨ ਤੋਂ ਅਨੇਕਾਂ ਪ੍ਰਕਾਰ ਦੀਆਂ ਕਥਾਵਾਂ ਕਹਾਣੀ ਦੀ ਸਿਰਜਣਾ ਦਾ ਆਧਾਰ ਬਣੀਆਂ ਸਨ।ਇਹਨਾਂ ਕਹਾਣੀਆਂ ਦਾ ਵਿਸ਼ਾ ਤੇ ਰੂਪ ਸਮੇਂ ਦੇ ਅਨੁਸਾਰ ਅਲੱਗ ਅਲੱਗ ਰਿਹਾ ਹੈ। ਧਾਰਮਿਕ ਆਦਰਸ਼ਾ, ਨੈਤਕਿਤਾ,

ਲੌਕਿਕ ਅਤੇ ਪਰਾਲੌਕਿਕ ਕਹਾਣੀਆਂ ਦੇ ਨਾਲ ਨਾਲ ਪਰ ਕਹਾਣੀਆਂ, ਜੀਵ-ਜੰਤੂਆਂ ਨਾਲ ਸੰਬੰਧਿਤ ਕਹਾਣੀਆਂ, ਦੰਤ ਕਹਾਣੀਆਂ ਆਦਿ ਇਸਦਾ ਆਧਾਰ ਬਣਦੀਆਂ ਰਹੀਆਂ ਹਨ। ਆਧੁਨਿਕ ਕਹਾਣੀ ਵਿੱਚ ਆਮ ਮਨੁਖ ਦੇ ਮਾਨਵੀ ਸੰਦਰਭ ਨੂੰ ਚਿਤਰਿਆ ਗਿਆ ਹੈ। ਆਧੁਨਿਕ ਕਹਾਣੀ ਦੀ ਪੇਸ਼ਕਾਰੀ ਵਿੱਚ ਸੰਕੇਤਕ ਅਤੇ ਪ੍ਰਤੀਕਾਤਮਕ ਵਿਧੀ ਆਪਣਾਉਂਦੀ ਹੈ।ਸੰਕੇਤਾਂ ਅਤੇ ਪ੍ਰਤੀਕਾਂ ਦੀ ਵਰਤੋਂ ਆਧੁਨਿਕ ਪੰਜਾਬੀ ਕਹਾਣੀ ਸੁਚੇਤ ਪਾਠਕ ਦੀ ਮੰਗ ਕਰਦੀ ਹੈ।

## <u>ਇਤਿਹਾਸਕ ਪਿਛੋਕੜ:</u>

| **ਪਹਿਲਾ ਪੜਾਅ** | **1913-1935 ਆਦਰਸ਼ਵਾਦੀ ਪ੍ਰਵਿਰਤੀ** |
|---|---|
| 1.ਮੋਹਨ ਸਿੰਘ ਵੈਦ | ਹੀਰੇ ਦੀਆਂ ਕਣੀਆਂ,ਰੰਗ ਬਰੰਗੇ ਫੁੱਲ, ਕਿਸਮਤ ਦਾ ਚੱਕਰ |
| ਚਰਨ ਸਿੰਘ ਸ਼ਹੀਦ | ਹਸਦੇ ਹੰਝੂ |
| ਨਾਨਕ ਸਿੰਘ | ਹੰਝੂਆਂ ਦੇ ਹਾਰ,ਮਿੱਧੇ ਹੋਏ ਫੁੱਲ,,ਠੰਡੀਆਂ ਛਾਵਾਂ |
| ਗੁਰਮੁਖ ਸਿੰਘ ਮੁਸਾਫਿਰ | ਆਲਣੇ ਦੇ ਬੋਟ |
| ਗੁਰਬਖ਼ਸ ਸਿੰਘ ਪ੍ਰੀਤਲੜੀ | ਅਨੋਖੇ ਅਤੇ ਇਕੱਲੇ |

## <u>ਦੂਸਰਾ ਪੜਾਅ:</u>

ਚੋਥੇ ਦਹਾਕੇ ਦੇ ਅੰਤਲੇ ਸਾਲਾਂ ਵਿੱਚ ਪੰਜਾਬੀ ਕਹਾਣੀ ਰਚਨਾ ਦ੍ਰਿਸਟੀ ਵਿੱਚ ਅਜਿਹਾ ਗੁਨਾਤਮਕ ਪਰਿਵਰਤਨ ਹੁੰਦਾ ਹੈ ਕਿ ਜਿਸ ਨਾਲ ਮਧਕਾਲੀ ਅਧਿਆਤਮਕਵਾਦੀ ਆਦਰਸ਼ਵਾਦੀ ਅਤੇ ਰੁਮਾਂਸਵਾਦੀ, ਸੁਧਾਰਵਾਦੀ ਦੀ ਰਹਿੰਦ ਖੂਹਦ ਤੋਂ ਪੂਰੀ ਤਰਾਂ ਮੁਕਤ ਹੋ ਕੇ ਵਿਚਰਣ ਲਗਦੀ ਹੈ।

| **1935-1965** | **ਪ੍ਰਗਤੀਵਾਦੀ-ਯਥਾਰਥਵਾਦੀ** |
|---|---|
| 1.ਸੰਤ ਸਿੰਘ ਸੇਖੋਂ | ਕਾਮੇ ਤੇ ਯੋਧੇ, ਅੱਧੀ ਵਾਟ |
| 2. ਸੁਜਾਨ ਸਿੰਘ | ਦੁੱਖ-ਸੁੱਖ,ਨਰਕਾਂ ਦੇ ਦੇਵਤੇ |
| 3. ਦਵਿੰਦਰ ਸਤਿਆਰਥੀ | ਦੇਵਤਾ ਡਿੱਗ ਪਿਆ |
| 4. ਕਰਤਾਰ ਸਿੰਘ ਦੁੱਗਲ | ਪਿੱਪਲ ਪੱਤੀਆਂ,ਕੁੜੀ ਕਹਾਣੀ ਕਰਦੀ ਗਈ |
| 5.ਕੁਲਵੰਤ ਸਿੰਘ ਵਿਰਕ | ਛਾਹ ਵੇਲਾ,ਤੂੜੀ ਦੀ ਪੰਡ,ਨਵੇਂ ਲੋਕ |
| 6.ਸੰਤੋਖ ਸਿੰਘ ਧੀਰ | ਸਵੇਰ ਹੋਣ ਤੱਕ,ਸਾਂਝੀ ਕੰਧ |
| 7.ਦਲੀਪ ਕੌਰ ਟਿਵਾਣਾ | ਸਾਧਨਾ |

## <u>ਤੀਸਰਾ ਪੜਾਅ:</u>

ਇਹ ਉਹ ਸਮਾਂ ਹੈ ਜਦੋਂ ਆਜ਼ਾਦੀ ਪ੍ਰਾਪਤੀ ਨਾਲ ਭਾਰਤੀਆਂ ਦੀਆਂ ਸਮਸਿਆਵਾਂ ਦਾ ਦਸਤਕਾਰੀ ਢੰਗ ਨਾਲ ਹੱਲ ਹੋਣ ਦਾ ਵਹਿਮ ਦੂਰ ਹੁੰਦਾ ਹੈ। ਇਸ ਦੇ ਪ੍ਰਤੀਕਰਮ ਵਜੋਂ ਰੋਹ ਅਤੇ ਵਿਧਰੋਹ ਦੋਵਾਂ ਰੂਪਾਂ ਰਾਹੀਂ ਅਸੰਤੁਸ਼ਟਤਾ ਪ੍ਰਗਟ ਹੋਣ ਲਗਦੀ ਹੈ।ਜਿਸ ਕਰ ਕੇ ਨਕਸਲਵਾੜੀ ਲਹਿਰ ਅਤੇ ਅੰਤ ਸਿਖ ਖਾੜਕੂਵਾਦ ਦੇ ਰੂਪਾਂ ਵਿੱਚ ਸਾਮ੍ਹਣੇ ਆਉਂਦਾ ਹੈ।

| **1966-1990** | **ਯਥਾਰਥਵਾਦੀ** |
|---|---|
| 1.ਰਾਮ ਸਰੂਪ ਅਣਖੀ | ਸੁੱਤਾ ਨਾਗ, ਟੀਸੀ ਦਾ ਬੇਰ |

| | |
|---|---|
| 2. ਅਜੀਤ ਕੌਰ | ਫਾਲਤੂ ਔਰਤ |
| 3. ਗੁਰਬਚਨ ਭੁੱਲਰ | ਓਪਰਾ ਮਰਦ |
| 4.ਵਰਿਆਮ ਸੰਧੂ | ਲੋਹੇ ਦੇ ਹੱਥ, ਭੱਜੀਆਂ ਬਾਹੀ |
| 5.ਪ੍ਰੇਮ ਪ੍ਰਕਾਸ਼ | ਕੁਝ ਅਣਕਿਹਾ ਵੀ |
| 6. ਮੋਹਨ ਭੰਡਾਰੀ | ਤਿਲਚੌਲੀ |
| 7.ਗੁਲਜ਼ਾਰ ਸੰਧੂ | ਹੁਸਨ ਦੇ ਹਾਣੀ |

## <u>ਚੌਥਾਂ ਪੜਾਅ:</u>

1991 ਉਤਰ ਯਥਾਰਥਵਾਦੀ ਨੇਵੇਂ ਦਹਾਕੇ ਦੇ ਉਤਰ ਅਧ ਤੋਂ ਪਿਛੋ ਪੰਜਾਬੀ ਕਹਾਣੀਕਾਰਾਂ ਦਾ ਇੱਕ ਨਵਾਂ ਦੋਰ ਬੜੀ ਤੇਜੀ ਨਾਲ ਉਭਰ ਕੇ ਸਾਮ੍ਹਣੇ ਆਇਆ ਹੈ। 1992 ਤੋਂ 1996 ਦੋਰਾਨ ਚਾਰ ਕੁ ਸਾਲਾਂ ਵਿੱਚ ਹੀ ਇਹਨਾਂ ਦੀਆਂ ਕਹਾਣੀਆਂ ਮੋਲਿਕ ਸੰਗ੍ਰਹਿ ਵੀ ਚਰਚਾ ਦਾ ਕੇਂਦਰ ਬਣਨ ਲਗੇ.ਪ੍ਰਸਿਧ ਵਿਦਵਾਨ ਗੁਰਬਚਨ ਸਿੰਘ ਨੇ ਕੁਝ ਕਹਾਣੀਕਾਰਾ ਦੀਆਂ ਕਹਾਣੀਆਂ ਬਾਰੇ ਕਿਹਾ

> " ਇਹ ਕਹਾਣੀਆਂ ਪ੍ਰਵਚਨ ਦਾ ਦਰਜਾ ਰਖਦੀਆਂ ਹਨ,ਜਿਸ ਦਾ ਮਤਲਬ ਹੈ ਕਿ ਇਹਨਾਂ ਦੇ ਭਾਸ਼ਿਕ ਸ਼ੈਲੀ ਅਰਥਾਂ ਦੀਆਂ ਪ੍ਰਤੀ ਧੁਨੀਆਂ ਪੈਦਾ ਕਰਦੀ ਹੈ,ਜੋ ਲੁਪਤ/ਅਦਿਖ ਹੈ, ਭਾਸ਼ਾ ਦੀ ਸੀਮਾਂ ਤੋਂ ਪਾਰ ਜਾਂਦੀ ਹੈ। ਇਸ ਨੂੰ ਸਿਰਜਣ ਪਿਛੇ ਸੁਚੇਤ ਯਤਨ ਹੈ।ਕਥਾ ਅੰਸ਼ ਮੁਦਾ ਨਹੀਂ,ਸਗੋ ਬਿਰਤਾਂਤ ਉਸਾਰੀ ਦੀ ਜੁਗਤ ਹੈ। ਇਹ ਕਹਾਣੀਕਰ ਘਟਨਾ /ਸਥਿਤੀ ਦੇ ਅਚੇਤ ਤਕ ਪੁਜਦੇ ਹਨ। ਅਚੇਤ ਦੀਆਂ ਅਵਾਜਾਂ ਤਕ ਪਾਠਕਾਂ ਨੂੰ ਪੁਹਾਚਾਨ ਲਈ ਭਾਸ਼ਕ ਸ਼ੇਲੀ ਨਾਲ ਜਦੋ ਜਹਿਦ ਕਰਦੇ ਹਨ।ਰਵਾਇਤੀ ਬਿਰਤਾਂਤ ਤੋਂ ਪਾਰ ਜਾਂਦੇ ਹਨ। ਚੌਥੀ ਪੀੜੀਦੇ ਸਹੀ ਨੁਮਾਇਦੇ ਬਣਦੇ ਹਨ।"

| **1991-2020** | **ਉੱਤਰ ਯਥਾਰਥਵਾਦੀ** |
|---|---|
| 1.ਚੰਦਨ ਨੇਗੀ | ਚਿਤਰ ਗੁਪਤ |
| 2.ਬਚਿੰਤ ਕੋਰ | ਭੁੱਬਲ ਦੀ ਅੱਗ |
| 3.ਬਲਦੇਵ ਸਿੰਘ | ਛਟੀਆਂ ਦੀ ਅੱਗ |
| 4. ਸਵਰਨ ਚੰਦਨ | ਬੰਦ ਗੁਫਾਵਾਂ |
| 5.ਜਸਵੀਰ ਸਿੰਘ ਭੁੱਲਰ | ਨਵੀ ਰੁੱਤ ਦੇ ਜੁਗਨੂੰ |
| 6.ਕਿਰਪਾਲ ਕਜ਼ਾਕ | ਅੰਤਹੀਣ |
| 7.ਹਰਜੀਤ ਅਟਵਾਲ | ਸੱਪਾਂ ਦਾ ਘਰ ਬਰਤਾਨੀਆਂ |
| 8.ਜਰਨੈਲ ਸਿੰਘ | ਟਾਵਰਜ਼, ਕਾਲੇ ਵਰਕੇ |
| 9.ਜਸਵੀਰ ਰਾਣਾ | ਸਿਖਰ ਦੁਪਿਹਰਾ |
| 10.ਜਿੰਦਰ | ਤਹਿਜ਼ੀਬ |

## ਕਹਾਣੀ ਦੇ ਤੱਤ:

### ੳ) ਕਥਾਂਨਕ:

ਇਹ ਕਹਾਣੀ ਦਾ ਪ੍ਰਮੁੱਖ ਤੱਤ ਹੈ ।ਇਸਨੂੰ ਕਹਾਣੀ ਦਾ ਪਲਾਟ/ਗੋਂਦ ਵੀ ਕਿਹਾ ਜਾਂਦਾ ਹੈ।ਕਹਾਣੀ ਦਾ ਉਦੇਸ਼ ਮਨੁੱਖੀ ਜੀਵਨ ਦੇ ਕਿਸੇ ਇਕ ਵਿਸ਼ੇਸ਼ ਪੱਖ ਉਪਰ ਰੋਸ਼ਨੀ ਪਾਉਣਾ ਹੁੰਦਾ ਹੈ ਇਸ ਲਈ ਇਹ ਮਨੁੱਖੀ ਜੀਵਨ ਨਾਲ ਵਿਸ਼ੇਸ਼ ਸੰਬੰਧ ਰੱਖਦੀ ਹੈ।ਕਹਾਣੀ ਦਾ ਕਥਾਨਕ ਸੰਖੇਪ ਅਤੇ ਸਰਲ ਹੁੰਦਾ ਹੈ।ਇਸਦਾ ਆਰੰਭ ਨਾਟਕੀ ਅਤੇ ਕਈ ਵਾਰ ਪਹਿਲੇ ਵਾਕ ਵਿਚ ਵੀ ਕਹਾਣੀ ਦੀ ਮੁੱਖ ਸਮੱਸਿਆਂ ਦੀ ਪੇਸ਼ਕਾਰੀ ਹੋ ਜਾਂਦੀ ਹੈ। ਕਹਾਣੀ ਵਧੇਰੇ ਕਰਕੇ ਸਧਾਰਨ ਮਨੁੱਖ ਦੀ ਸਧਾਰਨਤਾ ਨੂੰ ਪੇਸ਼ ਕਰਦੀ ਹੈ। ਵਿਸ਼ਾਲ ਅਰਥਾਂ ਵਿਚ ਸੰਕਲਪ ਕਹਾਣੀ, ਬਿਰਤਾਂਤ ਦਾ ਸਮਾਨਾਰਥੀ ਸ਼ਬਦ ਹੀ ਹੈ ਕਿਉਂਕਿ ਕਹਾਣੀ-ਤੱਤ ਬਿਨਾ ਬਿਰਤਾਂਤ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਕਹਾਣੀ-ਜੁਗਤ, ਵਿਸ਼ਵ-ਭਰ ਦੀਆਂ ਬਿਰਤਾਂਤ ਵੰਨਗੀਆਂ ਵਿਚਲਾ ਸਾਂਝਾ ਸੂਤਰ ਹੈ। ਦੂਜੇ ਸ਼ਬਦਾਂ ਵਿਚ ਕਹਾਣੀ-ਰਚਨਾ ਦੇ ਮੂਲ ਤੱਤ - ਬਿਰਤਾਂਤਕਾਰ, ਪਾਤਰ, ਘਟਨਾਵਾਂ, ਗਲਪੀ-ਭਾਸ਼ਾ - ਹਰੇਕ ਬਿਰਤਾਂਤ ਰੂਪਾਕਾਰ ਵਿਚ ਮੌਜੂਦ ਹੁੰਦੇ ਹਨ।
ਬਲਦੇਵ ਸਿੰਘ ਧਾਲੀਵਾਲ ਦੀ ਧਾਰਣਾ ਦੇ ਅਨੁਸਾਰ,

> "ਬਿਰਤਾਂਤ ਵਿਚ ਕਿਸੇ ਕਾਰਜ ਨੇ ਇਕ ਸਿਰੇ ਤੋਂ ਆਰੰਭ ਹੋ ਕੇ ਅੰਤਲੇ ਸਿਰੇ ਤੱਕ ਪਹੁੰਚਣਾ ਹੁੰਦਾ ਹੈ ਪਰ ਇਹ ਸਫ਼ਰ ਏਧਰ-ਓਧਰ ਭਟਕਣ ਤੋਂ ਬਾਅਦ ਪੂਰਾ ਹੁੰਦਾ ਹੈ, ਜਿਸ ਕਾਰਨ ਇਸ ਵਿਚ ਦ੍ਰਿਸ਼-ਵਰਨਣ ਅਤੇ ਕਹਾਣੀ-ਪ੍ਰਦਰਸ਼ਨ ਦੇ ਅੰਸ਼ ਸ਼ਾਮਿਲ ਹੋ ਜਾਂਦੇ ਹਨ। ਬਿਰਤਾਂਤ ਰੂਪ ਅਸਲ ਵਿਚ ਘਟਨਾਵਾਂ, ਵਿਸ਼ੇਸ਼ ਕਰਕੇ ਸਮੇਂ ਅਤੇ ਸਥਾਨ ਦੇ ਪ੍ਰਸੰਗ ਵਿਚ, ਦੀ ਪੁਨਰ-ਪੇਸ਼ਕਾਰੀ ਦਾ ਹੁਨਰ ਹੈ।"

ਕਹਾਣੀ ਦੇ ਸ਼ੁਰੂਆਤੀ ਅਤੇ ਅੰਤਲੇ ਸਿਰਿਆਂ ਦੇ ਪਾਰ ਵੀ ਪਾਠਕ ਨੂੰ ਉਸ ਮੂਲ ਕਾਰਜ ਦਾ ਸਿਲਸਿਲਾ ਚਲਦਾ ਨਜ਼ਰ ਆਏਗਾ ਪਰ ਕਹਾਣੀ ਆਪਣੇ ਸੰਜਮੀ ਸੁਭਾਅ ਕਾਰਨ ਉਸ ਸਿਲਸਿਲੇ ਵੱਲ ਸਿਰਫ਼ ਸੰਕੇਤ ਹੀ ਕਰਦੀ ਹੈ। ਕਹਾਣੀ ਦਾ ਇਹ ਸੰਜਮੀ ਲਹਿਜਾ ਇਸਨੂੰ ਆਪਣੇ ਅਤੀ ਨੇੜਲੇ ਗਲਪ-ਰੂਪਾਕਾਰਾਂ ਨਾਵਲ ਅਤੇ ਨਾਵਲਿਟ ਤੋਂ ਵੱਖਰਿਆਉਂਦਾ ਹੈ। ਕਹਾਣੀ ਦੇ ਸੰਜਮੀ ਹੋਣ ਦਾ ਇਹ ਅਰਥ ਹਰਗਿਜ਼ ਨਹੀਂ ਕਿ ਇਸ ਨੇ ਕਿਸੇ ਕਾਰਜ ਦਾ ਸੰਖੇਪ-ਰੂਪ ਜਾਂ ਪ੍ਰੈਸੀ ਪੇਸ਼ ਕਰਨੀ ਹੁੰਦੀ ਹੈ। ਇਸਦੇ ਸੰਜਮੀ ਲਹਿਜੇ ਦਾ ਸਬੰਧ ਅਤੀ ਜ਼ਰੂਰੀ ਗਲਪੀ ਵੇਰਵਿਆਂ ਦੀ ਢੁਕਵੀਂ ਚੋਣ ਦੇ ਹੁਨਰ ਨਾਲ ਹੈ। ਸੰਜਮੀ ਲਹਿਜਾ ਕਹਾਣੀ-ਰੂਪਾਕਾਰ ਨੂੰ ਸ਼ਬਦਾਂ ਦੀ ਗਿਣਤੀ-ਮਿਣਤੀ ਜਾਂ ਸਫ਼ਿਆਂ ਦੇ ਬੰਧੇਜ ਦਾ ਮੁਥਾਜ ਵੀ ਨਹੀਂ ਬਣਾਉਂਦਾ, ਸਗੋਂ ਇਸ ਦੇ ਉਲਟ ਕਹਾਣੀ ਕਿੰਨੀ ਵੀ ਲੰਮੀ, ਬਹੁ-ਪਰਤੀ ਅਤੇ ਬਹੁ-ਪਾਸਾਰੀ ਹੋ ਸਕਦੀ ਹੈ ਪਰ ਸ਼ਰਤ ਸਿਰਫ਼ ਇੰਨੀ ਹੈ ਕਿ ਇਸਦਾ ਵਿਸਥਾਰ ਵੀ ਸੰਜਮੀ ਲਹਿਜੇ ਅਨੁਸਾਰ ਹੀ ਹੋਵੇਗਾ ਅਤੇ ਵਿਸਥਾਰ ਕਰਦਿਆਂ ਕਹਾਣੀ ਮੂਲ ਕਾਰਜ ਜਾਂ ਕੇਂਦਰੀ ਨੁਕਤੇ ਨੂੰ ਨਹੀਂ ਵਿਸਾਰੇਗੀ। ਇਸ ਲਈ ਵਿਸਥਾਰ ਕਹਾਣੀ-ਰੂਪਾਕਾਰ ਲਈ ਕੋਈ ਵਿਵਰਜਤ ਜੁਗਤ ਜਾਂ ਔਗੁਣ ਨਹੀਂ ਬਲਕਿ ਇਸਦੇ ਉਲਟ ਵਿਸਥਾਰ ਦੀ ਜੁਗਤ ਕਹਾਣੀ-ਬਿਰਤਾਂਤ ਨੂੰ ਕਾਹਲੀ ਨਾਲ ਬੰਦ ਹੋਣ ਤੋਂ ਰੋਕਣ ਲਈ ਕਾਰਗਰ ਸਿੱਧ ਹੁੰਦੀ ਹੈ। ਬਿਰਤਾਂਤ ਦੀ ਹੋਂਦ-ਵਿਧੀ ਦਾ ਮੂਲ ਲੱਛਣ ਵੀ ਅਜਿਹਾ ਵਿਰੋਧਾਭਾਸ ਹੀ ਹੈ ।ਸਮੇਂ ਦੀ ਗਤੀ ਨੂੰ ਨਿਯੰਤਰਿਤ ਕਰਨ ਦੀਆਂ ਕਈ ਵਿਧੀਆਂ ਦਾ ਪ੍ਰਯੋਗ ਕਹਾਣੀਕਾਰ ਕਰ ਸਕਦਾ ਹੈ ਜਿਵੇਂ ਕਿਸੇ ਘਟਨਾ ਨੂੰ ਸੰਖੇਪਣਾ ਤੇ ਕਿਸੇ ਦਾ ਵਿਸਤਾਰ ਕਰਨਾ, ਕਿਸੇ ਘਟਨਾ, ਵਿਚਾਰ ਜਾਂ ਭਾਗ ਦਾ ਦੁਹਰਾਓ ਕਰਨਾ, ਕਹਾਣੀ ਨੂੰ ਰੋਕ ਕੇ ਕਿਸੇ ਦ੍ਰਿਸ਼, ਪਾਤਰ ਸਥਿਤੀ ਦਾ ਵਰਣਨ ਕਰਨਾ, ਕਈ ਘਟਨਾਵਾਂ ਨੂੰ ਬਿਰਤਾਂਤ ਵਿਚ ਥਾਂ ਨਾ ਦੇ ਕੇ ਬਿਰਤਾਂਤਕ ਪਾੜੇ ਖੜ੍ਹੇ ਕਰਨਾ, ਬਿਰਤਾਂਤਕਾਰੀ ਦੀ ਚਾਲ ਨੂੰ ਦ੍ਰਿਸ਼ਾਂ ਤੇ ਸਮਰੀ ਨਾਲ ਘਟਾਉਣਾ-ਵਧਾਉਣਾ ਆਦਿ। ਜੇ ਲੇਖਕ ਕੋਲ ਸਮੇਂ ਨੂੰ ਕੰਟਰੋਲ ਕਰਨ ਦੀ ਸਿਰਜਣਾਤਮਕ ਸੂਝ ਹੋਵੇ ਤਦ ਹੀ ਉਸ ਦੀ ਰਚਨਾ ਅਕਾਊ ਤੇ ਅਪ੍ਰਸੰਗਿਕ ਵਿਸਥਾਰ ਤੋਂ ਬਚ ਸਕਦੀ ਹੈ।ਕਹਾਣੀ-ਰੂਪਾਕਾਰ ਲਈ ਸੰਜਮ ਸਿਰਫ ਵਿਸਥਾਰ ਘਟਾਉਣ ਦੀ ਵਿਧੀ ਨਹੀਂ ਬਲਕਿ ਅਰਥ-ਸੰਚਾਰ ਦਾ ਸਲੀਕਾ ਵੀ ਹੈ।

**ਅ) ਪਾਤਰ ਚਿਤਰਨ:** ਕਹਾਣੀ ਵਿਚ ਪਾਤਰਾਂ ਦੀ ਗਿਣਤੀ ਵਧੇਰੇ ਨਹੀਂ ਹੁੰਦੀ ਹੈ।ਕਹਾਣੀ ਦਾ ਆਕਾਰ ਸੀਮਤ ਹੋਣ ਕਰਕੇ ਇਸ ਵਿਚ ਪਾਤਰ ਵੀ ਸੀਮਤ ਹੁੰਦੇ ਹਨ।ਕਹਾਣੀਕਾਰ ਕਹਾਣੀ ਦੀ ਸਿਰਜਣਾ ਵਿਚ ਵਿਸ਼ੇਸ਼ ਘਟਨਾੜਾਂ ਰਾਹੀ ਪਾਤਰਾਂ ਦਾ ਪਾਤਰ ਚਿਤਰਨ ਕਰਦਾ ਹੈ।

**ੲ) ਵਾਰਤਾਲਾਪ:** ਕਥਾਨਕ ਦੇ ਵਿਸਥਾਰ ਲਈ ਪਾਤਰਾ ਦੇ ਮੂੰਹੋ ਜੋ ਬਿਆਨ ਕਰਵਾਇਆਂ ਜਾਂਦਾ ਹੈ ।ਉਹ ਵਾਰਤਾਲਾਪ ਅਖਵਾਉਦਾ ਹੈ।ਵਧੀਆਂ ਕਹਾਣੀ ਦੀ ਸਿਰਜਣਾ ਲਈ ਕਹਾਣੀ ਵਿਚ ਪੇਸ਼ ਵਾਰਤਾਲਾਪ ਚੁਸਤ, ਸੁਭਾਵਿਕ, ਅਤੇ ਪਾਤਰਾਂ ਦੇ ਅਨੁਸਾਰ ਹੋਣੀ ਚਾਹੀਦੀ ਹੈ।

**ਸ) ਵਾਤਾਵਰਨ:** ਕਹਾਣੀ ਦੀ ਸਿਰਜਣਾ ਸਮੇਂ ਕਹਾਣੀ ਦੇ ਕਥਾਨਕ ਅਨੁਸਾਰ ਹੀ ਵਾਤਾਵਰਣ ਦੀ ਸਿਰਜਣਾ ਹੋਣੀ ਚਾਹੀਦੀ ਹੈ।ਕਹਾਣੀ ਵਿਚਲਾ ਦ੍ਰਿਸ਼ ਸਿਰਜਣਾ ਪ੍ਰਸਥਿਤੀਆਂ ਦੇ ਅਨੁਕੂਲ ਹੋਣੀ ਚਾਹੀਦੀ ਹੈ ਤਾਂ ਜੋ ਕਹਾਣੀ ਸਮਾਜਿਕ ਯਥਾਰਥ ਨੂੰ ਸਹੀ ਢੰਗ ਨਾਲ ਪੇਸ਼ ਕਰ ਸਕੇ।

**ਹ) ਭਾਸ਼ਾ ਅਤੇ ਸ਼ੈਲੀ:** ਕਹਾਣੀ ਵਿਚ ਸ਼ਬਦ ਸੰਜੀਵ, ਰੌਚਿਕ,ਸੰਕੇਤਿਕ, ਅਤੇ ਪ੍ਰਭਾਵਸ਼ਾਲੀ ਹੋਣੇ ਚਾਹੀਦੇ ਹਨ।ਇਸ ਵਿਚ ਉਹ ਉਪਭਾਸ਼ਾ ਦੇ ਨਾਲ ਨਾਲ ਅਖਾਣ,ਮੁਹਾਵਰੇ ਆਦਿ ਦੀ ਵਰਤੋਂ ਕਰ ਸਕਦਾ ਹੈ।ਕਹਾਣੀ ਦੀ ਸਿਰਜਣਾ ਸਮੇਂ ਵਿਸ਼ੇ ਦੇ ਅਨੁਸਾਰ ਸ਼ੈਲੀ ਦੀ ਵਰਤੋਂ

ਕੀਤੀ ਜਾਣੀ ਚਾਹੀਦੀ ਹੈ।ਕਥਾਤਮਕ ਸ਼ੈਲੀ,ਆਤਮਕਥਾ ਸ਼ੈਲੀ,ਪੱਤਰਾਤਮਕ ਸ਼ੈਲੀ,ਵਾਰਤਾਲਾਪੀ ਸ਼ੈਲੀ ਤੇ ਡਾਇਰੀ ਸ਼ੈਲੀ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਕ) ਉਦੇਸ਼:** ਹਰ ਰਚਨਾ ਦੀ ਸਿਰਜਣਾ ਕਿਸੇ ਨਾ ਕਿਸੇ ਉਦੇਸ਼ ਨੂੰ ਆਧਾਰ ਬਣਾ ਕੇ ਹੀ ਕੀਤੀ ਜਾਂਦੀ ਹੈ। ਕਹਾਣੀ ਦੀ ਸਿਰਜਣਾ ਵਿਚ ਆਧਾਰ ਬਣਾਇਆ ਗਿਆ ਕਥਾਨਕ ਸਮਾਜ ਵਿਚੋ ਹੀ ਲਿਆ ਜਾਂਦਾ ਹੈ ।ਇਸ ਲਈ ਉਸਦਾ ਆਪਣਾ ਇਕ ਵਿਸ਼ੇਸ਼ ਮੰਤਵ. ਮਨੋਰਥ. ਉਦੇਸ਼ ਹੁੰਦਾ ਹੈ।ਇਹ ਸਮਾਜ ਵਿਚ ਨਵੀ ਰੋਸ਼ਨੀ ਭਾਵ ਸੋਝੀ ਲੈ ਕੇ ਆਉਦਾ ਹੈ।

ਇਸੇ ਲਈ ਆਧੁਨਿਕ ਕਹਾਣੀ ਮੱਧਕਾਲੀਨ ਲੋਕ-ਕਥਾਵਾਂ ਵਾਂਗ ਉਪਦੇਸ਼ਾਤਮਕ, ਪ੍ਰਚਾਰਾਤਮਕ, ਵਿਆਖਿਆਮਈ, ਦ੍ਰਿਸ਼ਟਾਂਤਕ ਆਦਿ ਹੋਣ ਤੋਂ ਸੰਕੋਚ ਕਰਦੀ ਹੈ। ਬਲਦੇਵ ਸਿੰਘ ਧਾਲੀਵਾਲ ਦੀ ਧਾਰਣਾ ਦੇ ਅਨੁਸਾਰ,

> "ਕਹਾਣੀ ਦਾ ਸੁਭਾਅ ਸੰਗਾਊ ਹੈ। ਇਹ ਸਿੱਧੀ ਗੱਲ ਕਹਿਣ ਤੋਂ ਸ਼ਰਮਾਉਂਦੀ ਹੈ। ਇਹ ਉਚਾ ਨਹੀਂ ਬੋਲਦੀ, ਕਾਨਾਫੂਸੀ ਕਰਦੀ ਹੈ। ਸ਼ਬਦਾਂ ਦਾ ਲਿਬਾਸ ਪਹਿਨ ਕੇ, ਇਹ ਪਾਠ ਦੀਆਂ ਸਤਰਾਂ ਉਤੇ ਨਹੀਂ, ਸਤਰਾਂ ਵਿਚਕਾਰ ਵਿਚਰਦੀ ਹੈ।''

ਪਰ ਇਹ ਉਸ ਹੱਦ ਤੱਕ ਵੀ ਸੰਗਾਊ ਨਹੀਂ ਹੁੰਦੀ ਕਿ ਮੂਲੋਂ ਹੀ ਚੁੱਪ ਹੁੰਦਿਆਂ ਜਾਂ ਸਿਮਟਦਿਆਂ ਅਮੂਰਤਵਾਦੀ ਹੋਣ ਦੀ ਧਾਰਨੀ ਬਣ ਜਾਵੇ।ਕਹਾਣੀ ਵਿਸ਼ਵੀਕਰਨ ਦੇ ਸਮੇਂ ਵਿਚ ਪੂੰਜੀਵਾਦੀ ਸਮਾਜ ਦੇ ਨਕਰਾਤਮਕ ਅ ਸਕਰਾਤਮਕ ਪਹਿਲੂਆਂ ਨੂੰ ਉਜਾਗਰ ਕਰ ਰਹੀ ਹੈ।

**ਸਾਰ-ਅੰਸ਼:** ਅਜੋਕੇ ਯੁੱਗ ਵਿੱਚ ਸਾਹਿਤਿਕ ਵਿਧਾ ਮਿੰਨੀ ਕਹਾਣੀ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸ਼ਾਨਦਾਰ ਵਿਧਾ ਹੈ। ਇਸ ਵਿਧਾ ਰਾਹੀਂ ਸਮਾਜ ਦੇ ਵਿਸ਼ਵੀ ਸਰੋਕਾਰਾਂ ਨੂੰ ਵੀ ਬਹੁਤ ਹੀ ਨਿਵੇਕਲੇ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ।ਬਿਰਤਾਂਤ ਦੀ ਉਹ ਵੰਨਗੀ ਹੈ ਜਿਸ ਵਿਚ ਬਿਰਤਾਂਤਕਾਰ ਨੇ ਸਿਰਫ ਤੱਥਗਤ ਜਾਣਕਾਰੀ ਹੀ ਨਹੀਂ ਦੇਣੀ ਹੁੰਦੀ ਬਲਕਿ ਜੀਵੰਤ ਭਾਂਤ ਦੇ ਗਲਪ-ਬਿੰਬ ਰਾਹੀਂ ਕਿਸੇ ਭਾਵ-ਬੋਧ ਨੂੰ ਪਾਠਕ ਦੀ ਸੰਵੇਦਨਾ ਵਿਚ ਡੂੰਘਾ ਉਕਰਨਾ ਹੁੰਦਾ ਹੈ। ਅਜਿਹਾ ਹੋਣ ਦੀ ਸੂਰਤ ਵਿਚ ਹੀ ਪਾਠਕ ਅਹਿਸਾਸ ਦੇ ਪੱਧਰ ਤੇ ਪਾਤਰਾਂ ਦੇ ਦੁੱਖ-ਸੁਖ ਨਾਲ ਜੁੜਦਾ ਹੈ। ਅਜਿਹੇ ਜੀਵੰਤ ਸਰੂਪ ਵਾਲੀ ਕਹਾਣੀ ਜਾਂ ਬਿਰਤਾਂਤ ਨੂੰ ਅਜੋਕੇ ਮਸਨੂਈ ਸੱਚ ਦੇ ਯੁਗ ਵਿਚ ਸਭ ਤੋਂ ਸ਼ਕਤੀਸ਼ਾਲੀ ਜਾਂ ਤਿੱਖਾ ਵਿਚਾਰਧਾਰਕ ਹਥਿਆਰ ਸਮਝਿਆ ਜਾਂਦਾ ਹੈ ਜੋ ਦੇਸ਼ਾਂ-ਕੌਮਾਂ ਦੀ ਹੋਣੀ ਬਦਲਣ ਦੀ ਤਾਕਤ ਰੱਖਦਾ ਹੈ। ਪਰ ਇਸ ਬੋਧ ਤੋਂ ਵਿਰਵੇ ਬਹੁਤੇ ਪੰਜਾਬੀ ਕਹਾਣੀਕਾਰਾਂ ਵੱਲੋਂ ਇਸ ਵਿਧਾ ਦੀ ਵਰਤੋਂ ਖੁੰਢੇ ਹਥਿਆਰ ਵਾਂਗ ਕੀਤੀ ਜਾ ਰਹੀ ਹੈ। ਪੰਜਾਬੀ ਦੇ ਪ੍ਰਬੁੱਧ ਚਿੰਤਕ ਡਾ. ਅਤਰ ਸਿੰਘ ਨੇ ਅਜਿਹੇ ਬੋਧ ਦੀ ਰੋਸ਼ਨੀ ਵਿਚ 1963 ਵਿਚ ਪ੍ਰਕਾਸ਼ਿਤ ਆਪਣੇ ਲੇਖ 'ਨਿੱਕੀ ਕਹਾਣੀ ਤੇ ਮਨੁੱਖੀ ਅਨੁਭਵ' (ਦ੍ਰਿਸ਼ਟੀਕੋਣ) ਰਾਹੀਂ ਇਸ ਗੱਲ ਵੱਲ ਸਾਡਾ ਧਿਆਨ ਦੁਆਇਆ ਸੀ। ਆਪਣੇ ਸਮਕਾਲੀ ਅਤੇ ਕਹਾਣੀ ਦੇ ਸ਼ਾਹ-ਸਵਾਰ ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਨੂੰ "ਮਨੋਰਥਵਾਦੀ" ਅਤੇ "ਮਨੁੱਖੀ ਸੁਭਾਅ ਦੀ ਵਚਿੱਤਰਤਾ" ਦਾ ਚਿਤਰਣ ਕਰਨ ਵਾਲੀਆਂ ਕਹਿ ਕੇ ਆਲੋਚਨਾ ਕਰਦਿਆਂ ਸਮੁੱਚੇ ਰੂਪ ਵਿਚ ਇਹ ਸਿੱਟਾ ਕੱਢਿਆ ਸੀ ਕਿ "ਉਹ ਨਿੱਕੀ ਕਹਾਣੀ ਨੂੰ ਵਰਤਦਾ ਹੈ, ਰਚਦਾ ਨਹੀਂ।" ਅੱਧੀ ਸਦੀ ਬਾਅਦ ਮੈਂ ਇਨ੍ਹਾਂ ਵਿਚਾਰਾਂ ਨੂੰ ਇਸ ਲਈ ਦੁਹਰਾਇਆ ਹੈ ਕਿਉਂਕਿ ਹੁਣ ਤੱਕ ਬਹੁਤੇ ਮੁਹਤਬਰ ਪੰਜਾਬੀ ਕਹਾਣੀਕਾਰ ਵੀ ਇਸ ਰੁਝਾਨ ਤੋਂ ਮੁਕਤ ਨਹੀਂ ਹੋ ਸਕੇ।ਪੰਜਾਬੀ ਕਹਾਣੀ ਦੇ ਖੇਤਰ ਵਿਚ ਗਿਣਤੀ ਦੇ ਪੱਖ ਤੋਂ ਜਿੰਨੀ ਗਹਿਮਾ-ਗਹਿਮੀ ਵੇਖਣ ਨੂੰ ਮਿਲ ਰਹੀ ਹੈ ਓਨੀ ਗੁਣਵੱਤਾ ਦੇ ਪੱਖੋਂ ਨਜ਼ਰ ਨਹੀਂ ਆਉਂਦੀ, ਜਿਸ ਕਰਕੇ ਚੰਗੀ ਕਹਾਣੀ ਦੇ ਤਲਬਗਾਰ ਪਾਠਕ ਨੂੰ ਇਕ ਖੜੋਤ ਜਿਹੀ ਦਾ ਅਹਿਸਾਸ ਹੋਣ ਲਗਦਾ ਹੈ। ਮਿਸਾਲ ਵਜੋਂ ਜਿਵੇਂ ਜਰਨੈਲ ਸਿੰਘ ਤੋਂ ਬਾਅਦ ਹਰਪ੍ਰੀਤ ਸੇਖਾ ਨੇ ਅਨੁਭਵਮੁਖੀ ਪ੍ਰੌਢ ਬਿਰਤਾਂਤਕਾਰੀ ਨਾਲ ਪਰਵਾਸੀ ਪੰਜਾਬੀ ਕਹਾਣੀ ਨੂੰ ਹੋਰ ਪ੍ਰਮਾਣਿਕ ਬਣਾ ਕੇ ਨਵਾਂ ਹੁਲਾਰਾ ਦਿੱਤਾ ਹੈ, ਉਵੇਂ ਪਾਕਿਸਤਾਨੀ ਪੰਜਾਬੀ ਕਹਾਣੀ ਵਿਚ ਮੁਹੰਮਦ ਮਨਸ਼ਾ ਯਾਦ ਅਤੇ ਆਗ਼ਾ ਅਲੀ ਮੁਦੱਸਰ ਤੋਂ ਬਾਅਦ ਕੋਈ ਬਹੁਤ ਸਮਰੱਥ ਨਾਂ ਇਸ ਸਾਲ ਵੀ ਵੇਖਣ ਨੂੰ ਨਹੀਂ ਮਿਲਿਆ। ਖਾਸਕਰ ਰੂਪਾਕਾਰਕ ਬੰਧੇਜ਼ ਜਾਂ ਪੁਖ਼ਤਾ ਬਿਰਤਾਂਤਕਾਰੀ ਦੇ ਪੱਖੋਂ ਤਾਂ ਪਾਕਿਸਤਾਨੀ ਪੰਜਾਬੀ ਕਹਾਣੀ ਦੀ ਹਾਲਤ ਕਾਫੀ ਤਰਸਯੋਗ ਜਿਹੀ ਨਜ਼ਰ ਆਈ ਹੈ। ਭਾਰਤੀ ਪੰਜਾਬੀ ਕਹਾਣੀ ਵਿਚ ਵੀ ਅਨੁਭਵ ਦੀਆਂ ਸੀਮਿਤ ਵਲਗਣਾਂ ਨੂੰ ਉਲੰਘਣ ਵਾਲੀਆਂ ਸੁਖਜੀਤ, ਜਤਿੰਦਰ ਹਾਂਸ, ਮਨਮੋਹਨ ਬਾਵਾ ਆਦਿ ਦੀਆਂ ਕੁਝ ਇਕ ਕਹਾਣੀਆਂ ਤੋਂ ਬਿਨਾਂ ਬਾਕੀ ਵਧੇਰੇ ਕਹਾਣੀਆਂ ਨੂੰ ਪੜ੍ਹਦਿਆਂ ਦੁਹਰਾਈ ਵਰਗਾ ਅਹਿਸਾਸ ਨਿਰੰਤਰ ਹੁੰਦਾ ਰਿਹਾ ਹੈ। ਇਸ ਲਈ ਪੰਜਾਬੀ ਪਾਠਕ ਦਾ ਵਿਸ਼ਵਾਸ ਬਣਾਈ ਰੱਖਣ ਲਈ ਜਿੱਥੇ ਪੰਜਾਬੀ ਕਹਾਣੀਕਾਰ ਨੂੰ

ਨਵੇਂ ਅਨੁਭਵ ਖੇਤਰਾਂ ਅਤੇ ਪ੍ਰੌਢ ਬਿਰਤਾਂਤਕਾਰੀ ਦੇ ਪੱਖੋਂ ਹੋਰ ਸੁਚੇਤ ਹੋਣਾ ਪਵੇਗਾ ਉੱਥੇ ਰਿਸਾਲਿਆਂ ਦੇ ਸੰਪਾਦਕਾਂ ਨੂੰ ਵੀ ਆਪਣੀ ਚੋਣ ਅਤੇ ਪੇਸ਼ਕਾਰੀ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਪਵੇਗੀ। ਅਜਿਹਾ ਕਰਕੇ ਹੀ ਪੰਜਾਬੀ ਕਹਾਣੀ-ਰੂਪਾਕਾਰ ਦੇ ਖੁੰਢੇ ਹੋ ਰਹੇ ਹਥਿਆਰ ਨੂੰ ਮੁੜ ਸਾਣ ਉੱਤੇ ਲਾਇਆ ਜਾ ਸਕਦਾ ਹੈ। ਅਜਿਹਾ ਤਾਂ ਹੀ ਸੰਭਵ ਹੋ ਸਕੇਗਾ ਜੇ ਪੰਜਾਬੀ ਕਹਾਣੀਕਾਰ ਭਾਸ਼ਣੀ-ਸੁਰ ਦੀ ਥਾਂ ਨਵੇਂ ਵਸਤੂ-ਯਥਾਰਥ ਦੇ ਨਾਲ ਵਰ ਮੇਚਣ ਵਾਲੀ ਗਲਪੀ-ਭਾਸ਼ਾ ਦੀ ਸਿਰਜਣ ਸ਼ਕਤੀ ਉੱਤੇ ਭਰੋਸਾ ਕਰਨਾ ਸਿੱਖੇਗਾ ਅਤੇ ਸ਼ਬਦ ਦੀਆਂ ਨਵੀਆਂ ਸੰਭਾਵਨਾਵਾਂ ਜਗਾਉਣ ਨੂੰ ਆਪਣਾ ਮੂਲ ਮੰਤਰ ਬਣਾਵੇਗਾ।

## ਮੁੱਖ/ਕੇਂਦਰੀ ਸ਼ਬਦ:

ਵਿਧਾਂ-ਰੂਪ/ਕਿਸਮ

ਅਨੁਭਵ---ਤਜੱਰਬਾ

ਯਥਾਰਥ-ਸੱਚ

ਸੰਕੇਤਕ-ਪ੍ਰਤੀਕਮਈ

ਵਿਸਥਾਰ-ਫੈਲਾਅ



## ਸਵੈ-ਮੁਲਾਂਕਣ:

**ਪ੍ਰ1.ਗਲਪ ਦੀ ਕਿੰਨੇ ਭਾਗ ਹਨ?**

ੳ.ਚਾਰ

ਅ.ਸੱਤ

ੲ.ਦੋ

ਸ.ਉਪਰੋਕਤ ਕੋਈ ਨਹੀ

**ਪ੍ਰ2. ਕਹਾਣੀ ਵਿਚ ਕਥਾਨਕ ਕੀ ਪੇਸ਼ ਕਰਦਾ ਹੈ?**

ੳ.ਮੁੱਖ ਕਥਾ

ਅ.ਮੁੱਖ ਵਿਸ਼ਾ

ੲ.ਮੁੱਖ ਪਲਾਂਟ

ਸ.ਉਪਰੋਕਤ ਸਾਰੇ

**ਪ੍ਰ3.ਪਾਤਰ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?**

ੳ.ਸੱਤ

ਅ.ਪੰਜ

ੲ.ਦੋ

ਸ.ਚਾਰ

**ਪ੍ਰ 4.ਪਹਿਲੇ ਪੜਾਅ ਦੇ ਪੰਜਾਬੀ ਕਹਾਣੀਕਾਰਾਂ ਦਾ ਸਹੀ ਜੁੱਟ ਪਛਾਣੋ?**

ੳ.ਭਾਈ ਵੀਰ ਸਿੰਘ

ਅ.ਨਾਨਕ ਸਿੰਘ

ੲ.ਦੋਵੇ ਪੂਰਨ ਸਹੀ

ਸ.ਦੋਵੇ ਅੰਸ਼ਕ ਗਲਤ

**ਪ੍ਰ 5. ਦੂਸਰੇ ਪੜਾਅ ਦੇ ਪੰਜਾਬੀ ਕਹਾਣੀਕਾਰਾਂ ਦਾ ਸਹੀ ਜੁੱਟ ਪਛਾਣੋ?**

ੳ.ਕਰਤਾਰ ਸਿੰਘ ਦੁੱਗਲ

ਅ.ਦਲੀਪ ਕੌਰ ਟਿਵਾਣਾ

ੲ.ਦੋਵੇ ਪੂਰਨ ਸਹੀ

ਸ.ਦੋਵੇ ਅੰਸ਼ਕ ਗਲਤ

**ਪ੍ਰ 6. ਤੀਸਰੇ ਪੜਾਅ ਦੇ ਪੰਜਾਬੀ ਕਹਾਣੀਕਾਰਾਂ ਦਾ ਸਹੀ ਜੁੱਟ ਪਛਾਣੋ?**

ੳ. ਰਾਮ ਸਰੂਪ ਅਣਖੀ

ਅ.ਪ੍ਰੇਮ ਪ੍ਰਕਾਸ਼

ੲ.ਦੋਵੇ ਪੂਰਨ ਸਹੀ

ਸ.ਦੋਵੇ ਪੂਰਨ ਗਲਤ

**ਪ੍ਰ 7. ਚੋਥੇ ਪੜਾਅ ਦੇ ਪੰਜਾਬੀ ਕਹਾਣੀਕਾਰਾਂ ਦਾ ਸਹੀ ਜੁੱਟ ਪਛਾਣੋ?**

ੳ.ਚੰਦਨ ਨੇਗੀ

ਅ.ਸਵਰਨ ਚੰਦਨ

ੲ.ਉਪਰੋਕਤ ਦੋਵੇ

**ਪ੍ਰ 8.ਕਹਾਣੀ ਵਿਚ ਵਾਰਤਾਲਾਪ ਕਿਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ?**

ੳ.ਚੁਸਤ

ਅ.ਸੰਖੇਪ

ੲ.ਸਰਲ

ਸ.ਪ੍ਰਤੀਕਮਈ

ਹ.ਉਪਰੋਕਤ ਸਾਰੇ

**ਪ੍ਰ9. ਕਹਾਣੀ ਨੂੰ ਤਿੱਖੀ ਚੁੰਝ ਵਾਲੀ ਨੇਕ ਕੋਣ ਕਹਿੰਦਾ ਹੈ?**

ੳ.ਸੰਤ ਸਿੰਘ ਸੇਖੋਂ

ਅ.ਕਰਤਾਰ ਸਿੰਘ ਦੁੱਗਲ

ੲ.ਉਪਰੋਕਤ ਕੋਈ ਨਹੀ

**ਪ੍ਰ 10. ਕੁਲਫੀ ਕਹਾਣੀ ਦਾ ਲੇਖਕ ਕੋਣ ਹੈ?**

ੳ.ਸੁਜਾਨ ਸਿੰਘ

ਅ.ਸੰਤ ਸਿੰਘ ਸੇਖੋ

ੲ.ਨਵਤੇਜ ਭਾਰਤੀ

ਸ.ਅਜੀਤ ਕੌਰ

**ਪ੍ਰ 11. ਤੂੜੀ ਦੀ ਪੰਡ ਕਹਾਣੀ ਦਾ ਲੇਖਕ ਕੌਣ ਹੈ?**

ੳ.ਕੁਲਵੰਤ ਸਿੰਘ ਵਿਰਕ

ਅ.ਅਜੀਤ ਕੌਰ

ੲ.ਨਾਨਕ ਸਿੰਘ

ਸ.ਉਪਰੋਕਤ ਕੋਈ ਨਹੀ

**ਪ੍ਰ 12. ਭੂਆਂ ਕਹਾਣੀ ਦਾ ਲੇਖਕ ਕੌਣ ਹੈ?**

ੳ.ਗੁਰਬਖਸ਼ ਸਿੰਘ ਪ੍ਰੀਤਲੜੀ

ਅ.ਚਰਨ ਸਿੰਘ ਸ਼ਹੀਦ

ੲ.ਨਾਨਕ ਸਿੰਘ

**ਪ੍ਰ 13. ਹਰਜੀਤ ਅਟਵਾਲ ਦੀ ਕਹਾਣੀ ਨੂੰ ਪਛਾਣੋ**

ੳ.ਸੱਪਾਂ ਦਾ ਭਾਰ ਬਰਤਾਨੀਆਂ

ਅ.ਲਾਲ ਖੂਹ

ੲ.ਫ੍ਰੀ ਸੁਸਾਇਟੀ

**ਪ੍ਰ.14.ਛਟੀਆ ਦੀ ਅੱਗ ਕਹਾਣੀ ਦਾ ਰਚੇਤਾ ਕੌਣ ਹੈ?**

ੳ.ਜਿੰਦਰ

ਅ.ਬਲਦੇਵ ਸਿੰਘ

ੲ.ਜਸਵੀਰ ਰਾਣਾ

**ਪ੍ਰ 15. ਜਰਨੈਲ ਸੇਖਾਂ ਕਿੱਥੋ ਦਾ ਕਹਾਣੀਕਾਰ ਹੈ?**

ੳ.ਅਮਰੀਕਾ

ਅ.ਕੈਨੇਡਾ

ੲ.ਇੰਗਲੈਂਡ

ਸ.ਉਪਰੋਕਤ ਕੋਈ ਨਹੀ

## ਅਭਿਆਸ ਪ੍ਰਸ਼ਨ

1. ਕਹਾਣੀ ਦਾ ਆਰੰਭ ਕਦੋ ਹੋਇਆ?

2. ਪੰਜਾਬੀ ਕਹਾਣੀ ਨੂੰ ਕਿੰਨੇ ਪੜਾਵਾਂ ਵਿਚ ਵੰਡਿਆ ਗਿਆ ਹੈ?
3. ਕਹਾਣੀ ਦੇ ਤੱਤਾਂ ਉਪਰ ਰੋਸ਼ਨੀ ਪਾਓ ।
4. ਕਹਾਣੀ ਦੀ ਸਿਰਜਣਾ ਤੇ ਨਾਵਲ ਦੀ ਸਿਰਜਣਾ ਵਿਚ ਮੁੱਖ ਅੰਤਰ ਕੀ ਹੈ?

**5. ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਸਾਹਿਤ ਪ੍ਰਯੋਜਨ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।**

## ਸੰਦਰਭ ਪੁਸਤਕਾਂ:


1. ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ ਬਿਰਤਾਂਤ ਸ਼ਾਸਤਰੀ ਅਧਿਐਨ, ਆਰਸੀ ਪਬਲਿਸ਼ਰਜ਼, ਦਿੱਲੀ, 1994
2. ਧਾਲੀਵਾਲ, ਬਲਦੇਵ ਸਿੰਘ, ਆਧੁਨਿਕ ਪੰਜਾਬੀ ਕਹਾਣੀ ਦ੍ਰਿਸ਼ਟੀਮੂਲਕ ਪਰਿਪੇਖ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 1999
3. ਜੱਗੀ, ਰਤਨ ਸਿੰਘ, ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, ਪੰਜਾਬੀ ਯੂਨੀਵਰਸਿਟੀ, ਅੰਮ੍ਰਿਤਸਰ, 1989
4. ਚੰਦਨ, ਸਵਰਨ, ਸੰਵੇਦਨਾ ਤੇ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1987
5. ਸੰਧੂ, ਸਤਿਨਾਮ ਸਿੰਘ(ਸੰਪ.), ਪੰਜਾਬੀ ਆਲੋਚਨਾ: ਸਰੂਪ ਤੇ ਸੰਭਾਵਨਾਵਾਂ, ਮਦਾਨ ਪਬਲਿਸ਼ਰਜ਼, ਪਟਿਆਲਾ, 1996


## ਮਹੱਤਵਪੂਰਨ ਲਿੰਕ

http://panjabialochana.com/

http://panjabialochana.com/%E0%A8%86%E0%A8%A7%E0%A9%81%E0%A8%A8%E0%A8%BF%E0%A8%95_%E0%A8%B8%E0%A8%BE%E0%A8%B9%E0%A8%BF%E0%A8%A4/%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%97%E0%A8%B2%E0%A8%AA

https://www.google.com/search?q=%E0%A8%95%E0%A8%B9%E0%A8%BE%E0%A8%A3%E0%A9%80&oq=%E0%A8%95%E0%A8%B9%E0%A8%BE%E0%A8%A3%E0%A9%80&aqs=chrome..69i57j0i19l4j69i65j69i61j69i60.1960j0j7&sourceid=chrome&ie=UTF-8

**ਉੱਤਰਮਾਲਾ:**

| | | | | |
|---|---|---|---|---|
| 1. ੲ | 2. ਸ | 3. ੲ | 4. ੳ | 5. ੲ |
| 6. ੲ | 7. ਅ | 8. ਕ | 9. ੳ | 10.ਅ |
| 11. ੳ | 12. ੲ | 13. ੳ | 14. ਅ | 15. ੳ |

# ਅਧਿਆਇ 5-ਕਹਾਣੀ ਅਤੇ ਨਿੱਕੀ ਕਹਾਣੀ ਦਾ ਸਿੱਧਾਂਤਕ ਪਰਿਪੇਖ

*Harjot Kaur, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪੰਜਾਬੀ ਕਹਾਣੀ ਦਾ ਸਿੱਧਾਂਤਕ ਪੱਖ ਤੋ ਜਾਣੂ ਹੋਣਗੇ
- ਆਧੁਨਿਕ ਸਾਹਿਤ ਵਿਚ ਕਹਾਣੀ ਦੀ ਮਹੱਤਤਾ ਬਾਰੇ ਜਾਣਕਾਰੀ ਮਿਲੇਗੀ
- ਕਹਾਣੀ ਦੀ ਸਿਰਜਣਾ ਲਈ ਤੱਤਾਂ ਦੀ ਮਹਤੱਤਾ ਤੋ ਜਾਣੂ ਹੋਣਗੇ
- ਵਰਤਮਾਨ ਸਮੱਸਿਆਵਾ ਸੰਬੰਧੀ ਕਹਾਣੀ ਸਿਰਜਣਾ ਦੇ ਕਾਬਲ ਹੋਣਗੇ

## ਪ੍ਰਸਤਾਵਨਾ:

ਇਸ ਪਾਠ ਦਾ ਮਕਸਦ ਵਿਦਿਆਰਥੀਆਂ ਵਿਚ ਵਿਸ਼ਵੀਕਰਨ ਦੇ ਯੁੱਗ ਵਿਚ ਰਚਨਾਤਮਕ ਲੇਖਣ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਕਹਾਣੀ ਲੇਖਣ ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੇ ਸਰੂਪ ਨੂੰ ਨਿਰਧਾਰਿਤ ਕੀਤਾ ਜਾਵੇਗਾ। ਕਹਾਣੀ ਦੇ ਰਚਨਾਤਮਕ ਲੇਖਣ ਰਾਹੀ ਵਿਦਿਆਰਥੀਆਂ ਨੂੰ ਸਾਹਿਤ ਦੀ ਵਿਧਾਂ ਕਹਾਣੀ/ਨਿੱਕੀ ਕਹਾਣੀ/ਮਿੰਨੀ ਕਹਾਣੀ ਦਾ ਸਿਧਾਂਤਕ ਸਰੂਪ ਸਮਝ ਆਵੇਂਗਾ, ਜਿਸ ਰਾਹੀ ਉਹ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ।

## ਵਿਸ਼ਾ ਵਸਤੂ:

**ਕਹਾਣੀ:** ਕਹਾਣੀ(Story ) ਜਾਂ ਲੰਮੀ ਕਹਾਣੀ ਅਸਲ ਵਿਚ ਕਹਾਚੀ ਦਾ ਹੀ ਪੁਰਾਣਾ ਰੂਪ ਹੈ।ਇਸ ਵਿਚ ਕਥਾ ਰਸ ਵਧੇਰੇ ਹੁੰਦਾ ਹੈ।ਪੱਛਮੀ ਪ੍ਰਭਾਵ ਅਧੀਨ ਕਹਾਣੀ ਦੀ ਸਿਰਜਣ ਪ੍ਰਕਿਰਿਆਂ ਦਾ ਆਰੰਭ ਹੋਇਆ ਸੀ।ਆਧੁਨਿਕ ਯੁਗ ਰੁਝੇਵਿਆਂ ਭਰਪੂਰ ਹੋਣ ਕਾਰਣ ਸਮੇਂ ਦੀ ਘਾਟ ਕਾਰਣ ਕਹਾਣੀ ਵਧੇਰੇ ਪੜੀ ਜਾਣੀ ਸ਼ੁਰੂ ਹੋ ਗਈ।

## ਪਰਿਭਾਸ਼ਾ:

### ਡਾ. ਸਵਿੰਦਰ ਸਿੰਘ ਉਪਲ ਦੀ ਧਾਰਣਾ ਅਨੁਸਾਰ,

"ਕਲਾਤਮਕ ਨਿੱਕੀ ਕਹਾਣੀ ਗਲਪ ਦਾ ਉਹ ਨਵੀਨ ਰੂਪ ਹੈ ਜੋ ਕਲਾਤਮਕ ਗੋਂਦ ਰਾਹੀਂ ਕਿਸੇ ਇਕ ਮੁੱਖੀ ਘਟਨਾ ਜਾਂ ਇਕ ਮੁੱਖੀ ਪਾਤਰ ਜਾਂ ਇੱਕ ਮੁਖੀ ਪਾਤਰ ਦਾ ਨਾਟਕੀ ਬਿਆਨ,ਸੰਜਮਤਾ ਨਾਲ ਇਸ ਤਰ੍ਹਾਂ ਕਰਦੀ ਹੈ ਕਿ ਉਸ ਦਾ ਪ੍ਰਭਾਵ ਸੰਪੂਰਨ ਤੇ ਇਕਹਿਰਾ ਹੋ ਨਿਬੜਦਾ ਹੈ।"

### ਸੰਤ ਸਿੰਘ ਸੇਖੋਂ ਦੇ ਅਨੁਸਾਰ,

> "ਨਿੱਕੀ ਕਹਾਣੀ ਵਿਚ ਇਕ ਤਿੱਖੀ ਚੁੰਝ ਹੋਣੀ ਚਾਹੀਦੀ ਹੈ ਇਕ ਸੰਗੀਨ ਦੀ ਚੁੰਝ ਵਰਗੀ,ਇਕ ਤੀਰ ਦੀ ਚੁੰਝ ਵਰਗੀ,ਜੋ ਸਿੱਧੀ ਸੁਣਨ ਪੜਨ ਵਾਲਿਆਂ ਦੇ ਦਿਲ ਵਿਚ ਖੁੱਭ ਜਾਵੇਂ।"

ਕਹਾਣੀ ਜੀਵਨ ਦੇ ਕਿਸੇ ਇਕ ਪੱਖ ਦਾ ਅਜਿਹਾ ਭਾਵੁਕ ਚਿਤਰਨ ਹੈ ਜੋ ਉਸ ਦੇ ਵੇਗ ਨਾਲ ਅਸੀ ਉਸ ਪੱਖ ਦੀ ਪੂਰੀ ਡੂੰਘਾਈ ਨੂੰ ਸਮਝ ਸਕਦੇ ਹਾ।

## <u>ਕਹਾਣੀ ਦੇ ਗੁਣ:</u>

**ੳ) ਛੋਟਾ ਅਕਾਰ:** ਕਹਾਣੀ ਦੀ ਪ੍ਰਮੁੱਖ ਵਿਸ਼ੇਸ਼ਤਾ ਇਹੀ ਹੈ ਕਿ ਇਹ ਆਕਾਰ ਪੱਖੋ ਸੀਮਤ ਹੁੰਦੀ ਹੈ।ਇਸ ਵਿਚ ਜੀਵਨ ਦੇ ਵਿਸ਼ੇਸ਼ ਅੰਸ਼ ਨੂੰ ਕਲਾਮਈ ਢੰਗ ਨਾਲ ਤੀਖਣ ਪ੍ਰਗਟਾਵਾਂ ਪ੍ਰਸਤੁਤ ਹੁੰਦਾ ਹੈ।

**ਅ) ਪ੍ਰਭਾਵ ਦੀ ਇਕਾਗਰਤਾ:** ਕਹਾਣੀ ਦੀ ਸਿਰਜਣਾ ਸਮੇਂ ਜੀਵਨ ਦੇ ਅਜਿਹੇ ਪੱਖ ਨੂੰ ਪੇਸ਼ ਕੀਤਾ ਜਾਣਾ ਚਾਹੀਦਾ ਹੈ ,ਜੋ ਪੜਨ ਸੁਣਨ ਵਾਲੇ ਨੂੰ ਪੂਰਨ ਰੂਪ ਵਿਚ ਪ੍ਰਭਾਵਿਤ ਕਰ ਸਕੇ।

**ੲ) ਕਲਾਤਮਕਤਾ:** ਕਹਾਣੀ ਦੀ ਸਿਰਜਣਾ ਸਮੇਂ ਕਹਾਣੀ ਦੇ ਵਿਸ਼ੇਸ਼ ਤੱਤਾਂ ਨੂੰ ਆਧਾਰ ਬਣਾ ਕੇ ਹੀ ਰਚਨਾ ਕਰਨੀ ਚਾਹੀਦੀ ਹੈ।ਸਿਰਫ ਘਟਨਾ ਦੀ ਬਿਆਨਬਾਜ਼ੀ ਨਹੀਂ ਹੋਣੀ ਚਾਹੀਦੀ।

**ਸ) ਰੌਚਿਕਤਾ:** ਕਹਾਣੀ ਦੀ ਸਿਰਜਣਾ ਬੇਸ਼ਕ ਸਮਾਜ ਦੇ ਇਕ ਪੱਖ ਦੀ ਪੇਸ਼ਕਾਰੀ ਕਰਦੀ ਹੈ ਪਰ ਇਸ ਵਿਚ ਰੋਚਕਤਾ ਬਣਾਉਣ ਲਈ,ਪਾਠਕ ਪੜਨ ਸਮੇਂ ਉਕਤਾ ਨਾ ਜਾਏ ਇਸ ਲਈ ਰੋਚਕ ਅੰਸ਼ ਦਾ ਹੋਣਾ ਬਹੁਤ ਜ਼ਰੂਰੀ ਹੈ।

**ਹ) ਗਤੀਸ਼ੀਲਤਾ:** ਇਕ ਵਧੀਆਂ ਕਹਾਣੀ ਦੀ ਸਿਰਜਣਾ ਵਿਚ ਘਟਨਾਵਾਂ ਦੇ ਵਾਪਰਣ ਵਿਚ ਤੇਜ਼ ਗਤੀ ਦਾ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਕਹਾਣੀ ਵਿਚ ਵਾਪਰਦੀਆਂ ਘਟਨਾਵਾਂ ਵਿਚ ਠਹਿਰਾ ਜਿਆਦਾ ਹੋਵੇਗਾ ਤਾ ਪਾਠਕ ਉਸ ਤੋਂ ਜਲਦੀ ਉਕਤਾ ਜਾਏਗਾ।

ਨਾਵਲ ਦੇ ਮੁਕਾਬਲੇ ਕਹਾਣੀ ਵਧੇਰੇ ਮਕਬੂਲ ਤੇ ਹਰਮਨ ਪਿਆਰਾ ਸਾਹਿਤ ਰੂਪ ਹੈ।ਕਹਾਣੀ ਦਾ ਆਕਾਰ ਛੋਟਾ ਹੋਣ ਕਾਰਣ ਅਖਬਾਰਾਂ ,ਰਸਾਲਿਆ,ਆਦਿ ਵਿਚ ਇਹ ਛੱਪਦੀ ਰਹਿੰਦੀ ਹੈ।

## <u>ਕਹਾਣੀ ਦਾ ਵਰਗੀਕਰਨ:</u>

### ੳ)ਵਿਸ਼ੇ ਦੇ ਆਧਾਰ ਉਪਰ:

ੳ) ਪਾਤਰ ਪ੍ਰਧਾਨ ਅ) ਵਿਚਾਰ ਪ੍ਰਧਾਨ

ੲ) ਘਟਨਾ ਪ੍ਰਧਾਨ ਸ) ਭਾਵ ਪ੍ਰਧਾਨ

ਹ)ਕਲਪਨਾ ਪ੍ਰਧਾਨ ਕ) ਹਾਸ ਪ੍ਰਧਾਨ

ਖ) ਕਾਵਿਆਤਮਕ ਗ) ਪ੍ਰਤੀਕਆਤਮਕ

**ਅ) ਸ਼ੈਲੀ ਦੇ ਆਧਾਰ ਉਪਰ ਵਰਗੀਕਰਨ:**

ੳ) ਉਤਮ ਪੁਰਖ ਪ੍ਰਧਾਨ ਕਹਾਣੀ

ਅ) ਅਨਯ ਪੁਰਖ ਪ੍ਰਧਾਨ ਕਹਾਣੀ

ੲ) ਪੱਤਰ ਪੱਧਤੀ ਵਿਚ ਲਿਖੀ ਕਹਾਣੀ

ਸ) ਵਾਰਤਾਲਾਪ ਪੱਧਤੀ ਵਿਚ ਲਿਖੀ ਕਹਾਣੀ

ਹ) ਡਾਇਰੀ ਪੱਧਤੀ ਵਿਚ ਲਿਖੀ ਕਹਾਣੀ

**ੲ) ਉਦੇਸ਼ ਦਾ ਆਧਾਰ ਉਪਰ ਵਰਗੀਕਰਨ:**

ੳ) ਆਦਰਸ਼ਵਾਦੀ

ਅ) ਯਥਾਰਥਵਾਦੀ

ੲ) ਆਦਰਸ਼ਮੁਖੀ ਯਥਾਰਥਵਾਦੀ ਕਹਾਣੀ

**ਸ) ਸਰੂਪ/ਵਿਕਾਸ ਦੇ ਆਧਾਰ ਉਪਰ ਵਰਗੀਕਰਨ:**

ੳ) ਨਿਰਮਾਣ ਕਾਲੀਨ ਅ) ਪ੍ਰਯੋਗ ਕਾਲੀਨ

ੲ) ਵਿਕਾਸ ਕਾਲੀਨ ਸ) ਉਨੱਤੀ ਕਾਲੀਨ

ਇਸ ਤੋਂ ਇਲਾਵਾਂ ਸਮਾਜ ਦੇ ਵੱਖ ਵੱਖ ਪੱਖਾਂ ਨੂੰ ਆਧਾਰ ਬਣਾ ਕੇ ਵੀ ਕਹਾਣੀ ਦੀ ਸਿਰਜਣਾ ਕੀਤੀ ਜਾ ਸਕਦੀ ਹੈ :

ੳ)ਧਾਰਮਿਕ ਕਹਾਣੀ ਅ) ਸਮਾਜਿਕ ਕਹਾਣੀ

ੲ)ਰਾਜਨੀਤਿਕ ਕਹਾਣੀ ਸ) ਇਤਿਹਾਸਕ ਕਹਾਣੀ

ਹ)ਵਿਗਿਆਨਕ ਕਹਾਣੀ

ਲੰਮੀ ਕਹਾਣੀ ਨੂੰ ਤਾਂ ਜ਼ਿਆਦਾਤਰ ਨਿੱਕੀ ਹੁਨਰੀ ਕਹਾਣੀ ਦਾ ਹੀ ਇਕ ਰੂਪ-ਭੇਦ ਮੰਨਿਆ ਗਿਆ ਹੈ ਅਤੇ ਪੰਜਾਬੀ ਦੇ ਸਥਾਪਿਤ ਆਲੋਚਕਾਂ ਨੇ ਇਸ ਨੂੰ ਇੱਕ ਵੱਖਰੀ ਤੇ ਸੁਤੰਤਰ ਰੂਪ-ਵਿਧਾ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਸਮਕਾਲ ਵਿਚ ਲੰਮੀ ਕਹਾਣੀ ਸਭ ਤੋਂ ਚਰਚਿਤ ਅਤੇ ਲੋਕ-ਪ੍ਰਿਯ 'ਰੂਪ-ਭੇਦ' ਹੈ। ਸ਼ਾਇਦ ਇਸ ਦਾ ਸਮਕਾਲ ਵਿਚ ਇਕ ਬਿਲਕੁਲ ਨਵੇਂ ਪਰ ਵਿਆਪਕ ਵਰਤਾਰੇ ਦੇ ਤੌਰ ਤੇ ਮੌਜੂਦ ਹੋਣਾ ਹੀ ਇਕ ਕਾਰਣ ਹੈ ਕਿ ਇਸ ਬਾਰੇ ਇਕ ਨਿਸ਼ਚਿਤ ਵਿੱਥ ਤੋਂ ਅੰਤਿਮ ਧਾਰਣਾ ਬਣਾਉਣੀ ਮੁਸ਼ਕਿਲ ਹੈ।ਪੰਜਾਬੀ ਸਾਹਿਤਕ ਅਤੇ ਅਕਾਦਮਿਕ ਖੇਤਰ ਵਿਚ ਲੰਮੀ ਕਹਾਣੀ ਦੀ ਵਿਧਾ ਬਾਰੇ ਕੋਈ ਇਕ ਪ੍ਰਵਾਣਿਤ ਧਾਰਣਾ ਨਹੀਂ ਹੈ। ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ 'ਸਾਹਿਤ ਕੋਸ਼' ਵਿਚ ਐਡਗਰ ਐਲੇਨ ਪੋ ਦੀ ਧਾਰਣਾ ਹੈ ਕਿ, "ਨਿੱਕੀ ਕਹਾਣੀ ਦਾ ਸ਼ਾਬਦਿਕ ਆਕਾਰ 2500 ਸ਼ਬਦਾਂ ਤੋਂ 10000 ਸ਼ਬਦਾਂ ਤਕ ਫੈਲਿਆ ਹੋ ਸਕਦਾ ਹੈ; ਦੀ ਤੁਲਨਾ ਵਿਚ ਲੰਮੀ-ਨਿੱਕੀ ਕਹਾਣੀ ਦਾ ਆਕਾਰ 10000 ਸ਼ਬਦਾਂ ਤੋਂ ਵਧੇਰੇ ਦੱਸਿਆ ਗਿਆ ਹੈ ਪਰ ਇਸ ਤੋਂ ਇਲਾਵਾ ਇਸ ਦੀਆਂ ਹੋਰ ਰੂਪਾਕਾਰਕ ਵਿਸ਼ੇਸ਼ਤਾਵਾਂ ਨੂੰ ਅੰਕਿਤ ਕਰਨ ਦਾ ਯਤਨ ਨਹੀਂ ਕੀਤਾ। ਇੰਝ ਲੰਮੀ ਕਹਾਣੀ ਨੂੰ ਇਕ ਸੁਤੰਤਰ ਵਿਧਾ ਦੀ ਬਜਾਏ ਨਿੱਕੀ ਕਹਾਣੀ ਦਾ ਆਕਾਰ ਪੱਖੋਂ ਇਕ ਭੇਦ ਹੀ ਸਵੀਕਾਰ ਕੀਤਾ ਗਿਆ ਹੈ।" ਲੰਮੀ ਕਹਾਣੀ ਲਈ ਇਹ ਸ਼ਬਦ ਸ਼ਾਇਦ ਪਹਿਲੀ ਵਾਰ ਉਦੋਂ ਵਰਤੋਂ ਵਿਚ

ਆਉਣਾ ਸ਼ੁਰੂ ਹੋਇਆ ਜਦੋਂ ਜਗਜੀਤ ਸਿੰਘ ਛਾਬੜਾ ਨੇ 1965 ਵਿਚ 'ਲੰਮੀ ਕਹਾਣੀ' ਨਾਮ ਦੀ ਪੁਸਤਕ ਸੰਪਾਦਿਤ ਕੀਤੀ। ਉਸ ਦੀ ਭੂਮਿਕਾ ਵਿਚ ਜਗਜੀਤ ਸਿੰਘ ਛਾਬੜਾ ਨੇ ਪਹਿਲੀ ਵਾਰ ਲੰਮੀ ਕਹਾਣੀ ਦੇ ਰੂਪਾਕਾਰਕ ਲੱਛਣਾਂ ਦੀ ਨਿਸ਼ਾਨਦੇਹੀ ਕਰਦਿਆਂ ਇਸ ਨੂੰ ਇਕ ਵਿਲੱਖਣ ਗਲਪ-ਵਿਧਾ ਦੇ ਤੌਰ ਤੇ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਭੂਮਿਕਾ ਵਿਚ ਛਾਬੜਾ ਲੰਮੀ ਕਹਾਣੀ ਨੂੰ ਨਵੀਨ ਅਨੁਭਵ ਦੀ ਸਿਰਜਣਾਤਮਕ ਲੋੜ ਦੀ ਉਪਜ ਦਸਦਾ ਹੈ। ਨਿੱਕੀ ਕਹਾਣੀ ਨਾਲੋਂ ਲੰਮੀ ਕਹਾਣੀ ਨੂੰ ਨਿਖੇੜਦਾ ਹੋਇਆ ਉਹ ਲਿਖਦਾ ਹੈ ਕਿ

> 'ਨਿੱਕੀ ਕਹਾਣੀ ਦਾ ਕਲਾ ਰੂਪ ਅਜਿਹੇ ਨਿਯਮਾ ਦਾ ਧਾਰਣੀ ਚਲਾ ਆ ਰਿਹਾ ਹੈ ਕਿ ਅਨੁਭਵ ਨੂੰ ਪੂਰੀ ਸੁਤੰਤਰਤਾ ਨਾਲ ਪ੍ਰਗਟਾ ਕੇ ਵੀ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਅਨੁਭਵ ਨੂੰ ਕਾਫ਼ੀ ਹੱਦ ਤਕ ਸੁਕੇੜਨਾ ਪਿਆ ਹੈ। ਆਧੁਨਿਕ ਸੰਵੇਦਨਾ ਨੇ ਵਿਅਕਤੀ ਦ੍ਰਿਸ਼ਟੀਕੋਣ ਨੂੰ ਵਧੇਰੇ ਸਬਲ ਬਣਾ ਦਿੱਤਾ ਹੈ। ਇਹ ਵਿਅਕਤੀ ਚਿੰਤਨ ਅਨੁਭਵ ਨੂੰ ਪੂਰਣ ਤੌਰ ਤੇ ਸੁਤੰਤਰ ਅਤੇ ਮੌਲਿਕ ਰੂਪ ਵਿਚ ਪ੍ਰਗਟਾਉਣਾ ਲੋਚਦਾ ਹੈ। …

ਇਸ ਮੌਲਿਕ ਅਤੇ ਸਬਲ ਜੀਵਨ ਅਧਿਐਨ ਨੇ ਨਿੱਕੀ ਕਹਾਣੀ ਦੇ ਆਕਾਰ ਨੂੰ ਵਿਸਤ੍ਰਿਤ ਕਰਨ ਦੇ ਨਾਲ ਨਾਲ ਇਕ ਸਫ਼ਲ ਅਤੇ ਸ਼ਕਤੀਸ਼ਾਲੀ ਦ੍ਰਿਸ਼ਟੀਕੋਣ ਦੇ ਪ੍ਰਗਟਾ ਦੀ ਵੀ ਮੰਗ ਕੀਤੀ ਹੈ। ਅਮਰ ਸਿੰਘ ਅਨੁਸਾਰ,

> 'ਲੰਮੀ ਨਿੱਕੀ ਕਹਾਣੀ ਇਕ ਅਜਿਹਾ ਰੂਪ ਹੈ ਜਿਸ ਦੀ ਉੱਤਪਤੀ ਇਕ ਤਰ੍ਹਾਂ ਦੀ ਗਿਲਾਨੀ ਭਾਵ ਵਿਚੋਂ ਹੋਈ, ਜਦੋਂ ਨਿੱਕੀ ਕਹਾਣੀ ਇਕ ਸ਼ਾਬਦਿਕ ਜੁਗਤੀ ਬਣ ਕੇ ਰਹਿ ਗਈ'। ਨਾਵਲ ਦੀ ਘਟਨਾਵੀਂ ਸੰਰਚਨਾ ਦੀ ਤੁਲਨਾ ਵਿਚ ਲੰਮੀ ਕਹਾਣੀ ਨੂੰ ਪਰਿਭਾਸ਼ਿਤ।"

ਜਦੋਂ ਪਹਿਲਾ ਪਹਿਲ ਇਹ ਸ਼ਬਦ ਵਰਤਿਆ ਗਿਆ ਉਦੋਂ ਸੱਚਮੁਚ ਲੰਮੀ ਕਹਾਣੀ ਨਿੱਕੀ ਕਹਾਣੀ ਦੀ ਮੁੱਖ ਵਿਧਾ ਦੇ ਅੰਤਰਗਤ ਹੀ ਇਕ ਰੂਪ ਸੀ ਕਿਉਂਕਿ ਨਿੱਕੀ ਕਹਾਣੀ ਦੇ ਅਭਿਆਸੀ ਕਹਾਣੀਕਾਰ ਕਦੇ ਕਦਾਈਂ ਲੰਮੀ ਕਹਾਣੀ ਲਿਖਦੇ ਸਨ। ਉਦੋਂ ਅਮਰੀਕੀ ਅੰਗਰੇਜ਼ੀ ਗਲਪ ਅਤੇ ਉਰਦੂ ਗਲਪ ਵਿਚ ਇਹ ਵਿਧਾ ਹਰਮਨ ਪਿਆਰੀ ਹੋ ਚੁੱਕੀ ਸੀ। ਡਾ.ਉੱਪਲ ਅਨੁਸਾਰ

> ਲੰਮੀ ਨੱਕੀ ਕਹਾਣੀ ਪੰਜਾਬੀ ਵਿਚ ਪੱਛਮੀ ਅਤੇ ਉਰਦੂ ਦੇ ਪ੍ਰਭਾਵ ਤੋਂ ਆਈ ਹੈ। ਪੰਜਾਬੀ ਕਹਾਣੀਕਾਰ ਉਨ੍ਹਾਂ ਤੋਂ ਪ੍ਰੇਰਿਤ ਹੋ ਕੇ ਤਜੁਰਬੇ ਵਜੋਂ ਕਦੇ ਕਦੇ ਲੰਮੀ ਕਹਾਣੀ ਲਿਖਦੇ ਸਨ। ਪਰ ਉਨ੍ਹਾਂ ਲੇਖਕਾਂ ਨੇ ਭਵਿੱਖ ਵਿਚ ਇਸ ਵਿਧਾ ਦੇ ਵਿਕਾਸ ਲਈ ਮੁੱਢਲੀਆਂ ਪੈੜਾਂ ਜ਼ਰੂਰ ਰੱਖ ਦਿੱਤੀਆਂ ਸਨ ਪਰ ਹੁਣ ਇਹ ਅਜਿਹਾ ਰੂਪਾਕਾਰ ਹੈ ਜਿਹੜਾ ਪੰਜਾਬੀ ਬੰਦੇ ਦੇ ਅਨੁਭਵ ਵਿਚੋਂ ਸਹਿਜ ਰੌਂ ਪੈਦਾ ਹੋਇਆ ਹੈ ਅਤੇ ਬਿਰਤਾਂਤਕ ਪ੍ਰਗਟਾਵੇ ਦੇ ਪ੍ਰਮੁੱਖ ਤੇ ਸ਼ਕਤੀਸ਼ਾਲੀ ਮਾਧਿਅਮ ਵਜੋਂ ਸਥਾਪਿਤ ਹੋ ਚੁੱਕਿਆ ਹੈ।

ਪੰਜਾਬੀ ਗਲਪ ਆਲੋਚਨਾ ਦੇ ਸਥਾਪਿਤ ਹਸਤਾਖ਼ਰ ਵੀ ਲੰਮੀ ਕਹਾਣੀ ਬਾਰੇ ਗੱਲ ਤਾਂ ਕਰਦੇ ਹਨ ਪਰ ਉਹ ਇਸ ਨੂੰ ਨਿੱਕੀ ਕਹਾਣੀ ਦਾ ਹੀ ਇਕ ਭੇਦ ਸਵੀਕਾਰ ਕਰਦੇ ਹਨ, ਇਕ ਵੱਖਰਾ ਰੂਪਾਕਾਰਕ ਵਰਤਾਰਾ ਨਹੀਂ। ਇਸੇ ਕਰਕੇ ਪੰਜਾਬੀ ਆਲੋਚਕਾਂ ਨੇ ਇਸ ਨੂੰ ਸੁਤੰਤਰ ਰੁਪਾਕਾਰ ਮੰਨਣ ਵਿਚ ਝਿਜਕ ਦਿਖਾਈ ਹੈ। ਡਾ. ਸੁਤਿੰਦਰ ਸਿੰਘ ਨੂਰ ਅਨੁਸਾਰ,

> 'ਸ਼ਬਦ 'ਲੰਬੀ ਕਹਾਣੀ' ਕਹਾਣੀ ਦੇ ਵੱਖਰੇ ਰੂਪ ਜਾਂ ਪਛਾਣ ਵਲ ਸੰਕੇਤ ਕਰਦਾ ਹੈ। ਲੰਬੀ ਕਹਾਣੀ ਹੈ ਤਾਂ ਕਹਾਣੀ ਹੀ, ਫਿਰ ਵੀ ਉਸ ਦੀ ਪਛਾਣ ਵੱਖਰੀ ਹੈ। ਇਸ ਲਈ ਇਸ ਨੂੰ ਉਸ ਵਿਧਾ ਦੇ ਅੰਤਰਗਤ ਇਕ ਵੱਖਰਾ ਰੂਪ ਕਹਿ ਲੈਣਾ ਚਾਹੀਦਾ ਹੈ'।

ਪੰਜਾਬੀ ਸਾਹਿਤ ਵਿਚ ਸਭ ਤੋਂ ਪਹਿਲਾ ਨਿੱਕੀ ਕਹਾਣੀ ਦੇ ਰੂਪ ਵਿਚ ਲੰਮੀ ਕਹਾਣੀ ਲ਼ਿਖਣ ਦੀ ਪਿਰਤ ਵਰਿਆਮ ਸਿੰਘ ਸੰਧੂ ਨੇ ਪਾਈ ਉਸ ਸਮੇਂ ਤੋਂ ਨਿੱਕੀ ਕਹਾਣੀ ਦੇ ਟਾਕਰੇ ਵਿਚ 'ਲੰਮੀ ਕਹਾਣੀ' ਦਾ ਵੀ ਅਕਸਰ ਜ਼ਿਕਰ ਹੋਣ ਲੱਗ ਪਿਆ ਹੈ। ਪਰ 'ਲੰਮੀ ਕਹਾਣੀ' ਦੇ ਵਿਧਾ

ਸ਼ਾਸਤਰ ਦਾ ਕਦੇ ਕਿਸੇ ਨੇ ਨਿਖੇੜਾ ਨਹੀਂ ਕੀਤਾ, ਭਾਵੇਂ ਕਿਧਰੇ ਕਿਧਰੇ ਇਹ ਨਿੱਕੀ ਕਹਾਣੀ ਤੇ ਨਾਵਲ ਦੇ ਵਿਚ ਵਿਚਾਲੇ ਦੀ ਕੋਈ ਚੀਜ਼ ਹੋਣ ਦਾ ਭਰਮ ਜ਼ਰੂਰ ਪੈਦਾ ਕਰਦੀ ਹੈ। ਦਰਅਸਲ, ਵਿਧਾ ਦੇ ਪੱਖ ਤੋਂ ਇਹ ਨਿੱਕੀ ਕਹਾਣੀ ਨਾਲੋਂ ਨਿਵੇਕਲੇ ਵਿਸ਼ੇਸ਼ ਵੱਖਰੇ ਗੁਣਾਂ ਜਾਂ ਲੱਛਣਾਂ ਵਾਲਾ ਬਿਰਤਾਂਤ-ਰੂਪ ਨਹੀਂ ਹੈ। ਉਨ੍ਹਾਂ ਅਨੁਸਾਰ ਲੰਮੀ ਕਹਾਣੀ ਵਿਧਾ ਦੀ ਦ੍ਰਿਸ਼ਟੀ ਤੋਂ ਮੁੱਢਲੀ ਨਿੱਕੀ ਕਹਾਣੀ ਨਾਲੋਂ ਕਿਸੇ ਵੀ ਲਿਹਾਜ਼ ਨਾਲ ਵੱਖਰੀ ਨਹੀਂ, ਸਿਰਫ਼ ਤਰਕੀਬਕਾਰੀ ਦੇ ਲਿਹਾਜ਼ ਨਾਲ ਵੱਖਰੀ ਹੈ। ਉਨ੍ਹਾਂ ਅਨੁਸਾਰ ਫ਼ਰਕ ਸਿਰਫ਼ ਪ੍ਰਭਾਵ ਦਾ ਪਿਆ ਹੈ ਕਹਾਣੀ ਦ੍ਰਿਸ਼ਟੀ ਦੀ ਹਕੀਕਤ ਦਾ ਨਹੀਂ। ਗੱਲਾਂ ਉਨ੍ਹਾਂ ਨੂੰ ਕਿਸੇ ਨਵੀਂ ਵਿਧਾ ਦੀ ਵੱਖਰੀ ਪਛਾਣ ਨੂੰ ਸਥਾਪਿਤ ਕਰਨ ਯੋਗ ਨਹੀਂ ਲੱਗਦੀਆਂ। ਉਹ ਇਸ ਨੂੰ ਇਕ ਵਿਅਕਤੀ-ਲੇਖਕ ਦੇ ਸਿਰਜਣਾਤਮਕ ਸਾਹਸਕਰਮ ਵਜੋਂ ਹੀ ਦੇਖਦੇ ਹਨ, ਇਕ ਸਿਰਜਣਾਤਮਕ ਵਰਤਾਰੇ ਵਜੋਂ ਨਹੀਂ। ਡਾ.ਟੀ.ਆਰ. ਵਿਨੋਦ ਲੰਮੀ ਕਹਾਣੀ ਨੂੰ ਨਿੱਕੀ ਕਹਾਣੀ ਦਾ ਹੀ ਇਕ ਰੂਪ ਮੰਨਦਾ ਹੈ ਅਤੇ ਇਸ ਦੀ ਰਚਨਾ ਵਿਧੀ ਦੀ ਵਿਲੱਖਣਤਾ ਨੂੰ ਪਛਾਣਦਾ ਹੋਇਆ ਲਿਖਦਾ ਹੈ,

> 'ਆਧੁਨਿਕ ਨਿੱਕੀ ਕਹਾਣੀ ਦੇ ਘੇਰੇ ਵਿਚ ਅਜਿਹੀਆਂ ਸੰਸਾਰ ਪ੍ਰਸਿੱਧ ਕਹਾਣੀਆਂ ਵੀ ਸ਼ਾਮਿਲ ਹਨ ਜਿਨ੍ਹਾਂ ਦਾ ਰਚਨਾ-ਵਿਧਾਨ ਅਤੇ ਪ੍ਰਕਾਰਜ ਵਖਰੀ ਭਾਂਤ ਦਾ ਹੈ। ਇਹ ਕਹਾਣੀਆਂ ਵੀ ਇਕਹਿਰੀ ਘਟਨਾ ਦਾ ਬਿਰਤਾਂਤ ਹਨ। ਪਰ ਇਨ੍ਹਾਂ ਵਿਚ ਇਸ ਦੇ ਇਕ ਤੋਂ ਜ਼ਿਆਦਾ ਪਾਸਾਰ ਮੂਰਤੀਮਾਨ ਕੀਤੇ ਹੁੰਦੇ ਹਨ।"

ਇਨ੍ਹਾਂ ਵਿਚ ਪੇਸ਼ ਸਧਾਰਣ ਜੀਵਨ ਦਾ ਜਟਿਲ ਯਥਾਰਥ ਆਪਣੇ ਆਪ ਵਿਚ ਹੀ ਸੁਹਜਮਈ ਹੁੰਦਾ ਹੈ ਜਿਸ ਕਰਕੇ ਜਟਿਲ ਯਥਾਰਥ ਦਾ ਬੋਧ ਹੀ ਕਹਾਣੀ ਦੀ ਕੇਂਦਰੀ ਗੱਲ ਹੋ ਨਿਬੜਦਾ ਹੈ। ਸਿਖਰ ਵਲ ਤੇਜੀ ਨਾਲ ਵਧਦੇ ਘਟਨਾਵੀ ਲਟਕਾਉ ਅਤੇ ਸਿੱਧਾਤਕ ਸੁਝਾਉ ਤੋਂ ਮੁਕਤ ਇਹ ਕਹਾਣੀਆਂ ਕੇਂਦਰੀ ਸਥਿਤੀ ਦੀਆਂ ਵਿਭਿੰਨ ਪਰਤਾਂ, ਪਾਸਾਰਾਂ, ਦਬਾਵਾਂ ਅਤੇ ਦਿਸ਼ਾਵਾਂ ਦਾ ਵੇਰਵਾ ਪ੍ਰਸਤੁਤ ਕਰਦੀਆਂ ਹਨ। ਵੇਰਵੇ ਦਾ ਸਧਾਰਣ ਜੀਵਨ ਦੀ ਇਕਹਿਰੀ ਘਟਨਾ ਨਾਲ ਸਬੰਧ ਹੋਣ ਕਰਕੇ, ਅਜਿਹੀ ਕਹਾਣੀ ਨਾਵਲੀ ਰੂਪ ਗ੍ਰਹਿਣ ਨਹੀਂ ਕਰਦੀ ਅਤੇ ਵੇਰਵੇ ਦੀ ਹੋਂਦ ਕਰਕੇ ਸਰਲੀਕਰਣ ਦੀ ਰੁਚੀ ਦਾ ਸ਼ਿਕਾਰ ਨਹੀਂ ਹੁੰਦੀ।

ਲੰਮੀ ਕਹਾਣੀ ਨੂੰ 'ਲੰਮੀ-ਨਿੱਕੀ ਕਹਾਣੀ' ਦੀ ਸੰਗਿਆ ਦਿੰਦਾ ਹੈ ਅਤੇ ਇਸ ਨੂੰ ਇਕ ਨਵੀਂ ਵਿਧਾ ਵੀ ਕਹਿ ਦਿੰਦਾ ਹੈ। ਉਸ ਦੇ ਆਪਣੇ ਸ਼ਬਦਾਂ ਵਿਚ 'ਨਵੀਂ ਆਧੁਨਿਕ ਕਹਾਣੀ ਦੇ ਜਿਨ੍ਹਾਂ ਸਰੋਕਾਰਾਂ ਦੀ ਅਸੀਂ ਗੱਲ ਕੀਤੀ ਹੈ, ਉਹ ਨਵੇਂ ਨਹੀਂ ਹਨ। ਨਵਾਂ ਉਨ੍ਹਾਂ ਦੀ ਪੇਸ਼ਕਾਰੀ ਦਾ ਅੰਦਾਜ਼ ਹੈ, ਜਾਂ ਜਾਵੀਆ। ਇਸ ਸੰਬੰਧ ਵਿਚ ਪਹਿਲੀ ਗੱਲ ਤਾਂ ਇਹ ਹੋਈ ਹੈ ਕਿ ਜ਼ਿੰਦਗੀ ਦੀ ਨਿੱਤ-ਵਧ ਰਹੀ ਪੇਚੀਦਗੀ ਦੀ ਪੇਸ਼ਕਾਰੀ ਲਈ ਨਵੇਂ ਕਹਾਣੀਕਾਰਾਂ ਨੇ ਲੰਮੀ-ਨਿੱਕੀ ਕਹਾਣੀ ਦੀ ਨਵੀਂ ਵਿਧਾ ਸਿਰਜੀ ਹੈ। ਇਸ ਵਿਧਾ ਦੀ ਸਿਰਜਣਾਂ ਦੇ ਪਿੱਛੇ ਇਹ ਸੋਚ ਕੰਮ ਕਰਦੀ ਹੈ ਕਿ ਨਿੱਕੇ ਤੋਂ ਨਿੱਕੇ ਸਰੋਕਾਰ ਦੀਆਂ ਵੀ ਇਕ ਤੋਂ ਵੱਧ ਪਰਤਾਂ ਹੁੰਦੀਆਂ ਹਨ ਜਿਨ੍ਹਾਂ ਦੇ ਅੰਤਰ ਸੰਬੰਧਾਂ ਦਾ ਯਥਾਰਥ ਮੂਰਤੀਮਾਨ ਕਰਨ ਲਈ ਕਲਾਸਿਕ ਕਹਾਣੀ ਦਾ ਛਿੱਲਿਆ ਤਰਾਸ਼ਿਆ ਮਾਡਲ ਕਾਫ਼ੀ ਨਹੀਂ ਹੈ। ਦੂਸਰੇ ਵਾਸਤਵਿਕ ਅਤੇ ਉਸਦੇ ਮਾਨਸਿਕ ਅਕਸ ਦੇ ਜਿਹੜੇ ਸਮੀਕਰਣ ਬਣਦੇ ਹਨ, ਉਹ ਵੰਨ-ਸੁਵੰਨੇ ਤਾਂ ਹੁੰਦੇ ਹੀ ਹਨ, ਅੰਤਰ ਅਤੇ ਅੰਤਰਾ ਵਿਰੋਧੀ ਵੀ ਹੁੰਦੇ ਹਨ ਜਿਨ੍ਹਾਂ ਦੀ ਪੇਸ਼ਕਾਰੀ ਲਈ ਵਿਰੋਧਾਭਾਸ ਅਤੇ ਵਿਡੰਬਨਾ ਵਰਗੀਆਂ ਆਧੁਨਿਕ ਜੁਗਤਾਂ ਦੀ ਵਰਤੋਂ ਦੀ ਜ਼ਰੂਰਤ ਹੁੰਦੀ ਹੈ। ਇਹ ਜੁਗਤਾਂ ਨਿਰ-ਅੰਤੀ ਕਹਾਣੀ ਨੂੰ ਜਨਮ ਦਿੰਦੀਆਂ ਹਨ। ਘਟਨਾਵੀ ਰਹੱਸ ਜਾਂ ਉਤਸੁਕਤਾ ਭਰਪੂਰ ਗਤੀ ਇਨ੍ਹਾਂ ਕਹਾਣੀਆਂ ਦੀ ਦਿਲਚਸਪੀ ਦਾ ਕੇਂਦਰ ਨਹੀਂ ਹੁੰਦੇ। ਇਹ ਤਾਂ ਸਥਿਤੀ ਦੇ ਅੰਤਰ-ਦਵੰਦਾਂ ਦੇ ਵਰਣਨ ਤਕ ਮਹਿਦੂਦ ਹੁੰਦੀਆਂ ਹਨ ਅਤੇ ਇਨ੍ਹਾਂ ਅੰਤਰ-ਦਵੰਦਾਂ ਦੀ ਸੋਝੀ ਪ੍ਰਦਾਨ ਕਰਨ ਵਿਚ ਹੀ ਇਨ੍ਹਾਂ ਦੀ ਸਾਰਥਕਤਾ ਹੁੰਦੀ ਹੈ'। ਵਰਿਆਮ ਸਿੰਘ ਸੰਧੂ ਜੋ ਖ਼ੁਦ ਪੰਜਾਬੀ ਵਿਚ ਲੰਮੀ ਕਹਾਣੀ ਦੀ ਵਿਧਾਗਤ ਵਿਲੱਖਣਤਾ ਨੂੰ ਨਿਖਾਰਣ ਵਾਲਾ ਕਹਾਣੀਕਾਰ ਹੈ, ਇਸ ਕਿਸਮ ਦੀ ਕਹਾਣੀ ਦੀਆਂ ਖ਼ਾਸੀਅਤਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਲਿਖਦਾ ਹੈ ਕਿ

> "ਹੁਣ ਕਹਾਣੀ 'ਇਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਤਕ ਦਾ ਸਫ਼ਰ' ਜਾਂ 'ਸਰਪਟ ਘੋੜ ਦੌੜ ਨਾ ਰਹਿ ਗਈ। ਲੇਖਕ ਸਿੱਧਾ ਨੱਕ ਦੀ ਸੇਧੇ ਸ਼ੂਟ ਵੱਟ ਕੇ ਦੌੜਨ ਦੀ ਥਾਂ ਥੋੜ੍ਹਾ ਥੋੜ੍ਹਾ ਆਸੇ ਪਾਸੇ ਵੇਖ ਕੇ ਹੌਲੀ ਹੌਲੀ ਤੁਰਨ ਲੱਗਾ। ਆਸੇ

> ਪਾਸੇ ਬੜਾ ਕੁਝ ਸੋਹਣਾ-ਕੁਸੋਹਣਾ ਅਜਿਹਾ ਸੀ ਜੋ ਕਹਾਣੀ ਦੇ ਕੇਂਦਰੀ ਨੁਕਤੇ ਨੂੰ ਹੋਰ ਗੂੜ੍ਹਾ, ਪ੍ਰਭਾਵਸ਼ਾਲੀ ਤੇ ਜਾਨਦਾਰ ਬਣਾਉਣ ਵਿਚ ਅਸਰ-ਅੰਦਾਜ਼ ਹੁੰਦਾ ਸੀ। "

ਲੰਮੀ ਕਹਾਣੀ ਦੀਆਂ ਰੂਪਾਕਾਰਕ ਖ਼ਾਸੀਅਤਾਂ ਦੀ ਨਿਸ਼ਾਨਦੇਹੀ ਲਈ ਇਸ ਵਿਚ ਘਟਨਾਵਾਂ ਦੇ ਸਰੂਪ ਅਤੇ ਪ੍ਰਕਾਰਜ ਨੂੰ ਵਿਚਾਰਿਆ ਜਾ ਸਕਦਾ ਹੈ।

## ਨਿੱਕੀ ਕਹਾਣੀ:

ਪੰਜਾਬੀ ਵਿਚ ਨਿੱਕੀ-ਕਹਾਣੀ ਉਦੋਂ ਹੋਂਦ ਗ੍ਰਹਿਣ ਕਰਦੀ ਹੈ ਜਦੋਂ ਪੰਜਾਬੀ ਬੰਦੇ ਦੀ ਸੰਵੇਦਨਾ ਅੰਦਰ ਆਧੁਨਿਕਤਾ ਦਾ ਦਾਖ਼ਿਲਾ ਹੁੰਦਾ ਹੈ। ਇਹ ਉਹ ਦੌਰ ਹੈ ਜਦੋਂ ਪੂੰਜੀਵਾਦੀ ਰਾਜਸੀ ਆਰਥਿਕਤਾ ਆਪਣੇ ਪ੍ਰਗਤੀਸ਼ੀਲ ਦੌਰ ਵਿਚੋਂ ਗੁਜ਼ਰਦੀ ਹੋਈ ਸਮਾਜਿਕ ਸਰਗਰਮੀ ਵਿਚ ਸਾਧਾਰਣ ਮਨੁੱਖ ਦੇ ਮਹੱਤਵ ਨੂੰ ਸਥਾਪਿਤ ਕਰਦੀ ਹੈ। ਇਸ ਦੌਰ ਵਿਚ ਆਰਥਿਕ ਖੇਤਰ ਵਿਚ ਉਤਪਾਦਨ ਅਤੇ ਮਾਰਕੀਟਿੰਗ ਦਾ ਫ਼ੋਕਸ ਇਕ ਗ੍ਰਾਹਕ ਅਤੇ ਉਪਭੋਗਤਾ ਦੇ ਤੌਰ ਤੇ ਸਧਾਰਣ ਮਨੁੱਖ ਉੱਤੇ ਆ ਜਾਂਦਾ ਹੈ ਅਤੇ ਰਾਜਨੀਤਕ ਸਰਗਰਮੀ ਵਿਚ ਸਧਾਰਣ ਮਨੁੱਖ ਦੀ ਸ਼ਮੂਲੀਅਤ ਫ਼ੈਸਲਾਕੁਨ ਸਮਝੀ ਜਾਂਦੀ ਹੈ । ਇਸ ਦੌਰ ਵਿਚ ਸਾਡਾ ਕਹਾਣੀਕਾਰ ਵਿਸ਼ੇਸ਼ ਨਾਲੋਂ ਸਧਾਰਣ ਵਿਚ ਦਿਲਚਸਪੀ ਲੈਣ ਲੱਗਦਾ ਹੈ ਅਤੇ ਸਧਾਰਣ ਮਨੁੱਖ ਦੇ ਸਧਾਰਣ ਪਰ ਅਣਗੌਲੇ ਪੱਖਾਂ ਨੂੰ ਮਾਸੂਮੀਅਤ ਭਰੀ ਹੈਰਾਨੀ ਨਾਲ ਵੇਖਦਾ ਹੈ। ਨਿੱਕੀ ਕਹਾਣੀ ਦੇ ਪ੍ਰਮੁਖ ਰਚਨਾਕਾਰ ਸਧਾਰਣ ਮਨੁੱਖੀ ਸੁਭਾਅ ਦੇ ਅਜਿਹੇ ਪੱਖਾਂ ਨੂੰ ਆਪਣੀਆਂ ਰਚਨਾਵਾਂ ਰਾਹੀ ਰੌਸ਼ਨ ਕਰਦੇ ਹਨ ਅਤੇ ਇਨ੍ਹਾਂ ਪੱਖਾਂ ਦੀ ਸਵਿਕ੍ਰਿਤੀ ਲਈ ਮਾਹੌਲ ਉਪਜਾਉਂਦੇ ਆਧੁਨਿਕ ਸੰਵੇਦਨਾ ਵਿਚ ਇਜ਼ਾਫ਼ਾ ਕਰਦੇ ਹਨ। ਇਸ ਦੇ ਮੁਕਾਬਲੇ ਲੰਮੀ ਕਹਾਣੀ ਉਸ ਦੌਰ ਦੀ ਪੈਦਾਵਾਰ ਜਦੋਂ ਅਸੀਂ ਮਾਸੂਮੀਅਤ ਭਰੇ ਹੁੰਗਾਰੇ ਤੋਂ ਅਗਾਂਹ ਲੰਘ ਕੇ ਮਨੁੱਖੀ ਸੁਭਾਅ ਦੀ ਜਟਿਲਤਾ ਅਤੇ ਇਸ ਨੂੰਉਪਜਾਉਣ ਵਾਲੇ ਜਟਿਲ ਸਮਾਜਿਕ ਵਰਤਾਰੇ ਨੂੰ ਸਮਝਣ ਦੇ ਰਸਤੇ ਪੈਂਦੇ ਹਾਂ। ਇਸ ਦੌਰ ਵਿਚ ਪੂੰਜੀਵਾਦ ਆਪਣੇ ਪ੍ਰੌਢ ਰੂਪ ਵਿਚ ਵਧੇਰੇ ਜਟਿਲ ਹੋ ਜਾਂਦਾ ਹੈ ਅਤੇ ਇਸ ਵਿਚ ਸ਼ੋਸ਼ਣ ਦੀ ਪ੍ਰਕਿਰਿਆ ਵਧੇਰੇ ਸੂਖਮ ਅਤੇ ਅਦਿੱਖ ਹੋ ਜਾਂਦੀ ਹੈ ਅਤੇ ਪੂੰਜੀਵਾਦੀ ਬਜ਼ਾਰ ਦੁਆਰਾ ਉਤਪੰਨ ਬਿੰਬਾਂ ਦੇ ਘੜਮੱਸ ਵਿਚ ਬੰਦੇ ਦੀ ਚੇਤਨਾ ਓਝੜ ਰਾਹੇ ਪੈ ਜਾਂਦੀ ਹੈ। ਵਿਸ਼ਵ ਅਰਥ-ਵਿਵਸਥਾ ਅਤੇ ਰਾਜਸੀ ਸੰਤੁਲਨਾ ਵਿਚ ਵੱਡਾ ਫੇਰ ਬਦਲ ਵਾਪਰਨ ਨਾਲ ਜ਼ਿੰਦਗੀ ਅਤੇ ਇਸ ਦੀ ਵਿਆਖਿਆ ਵਧੇਰੇ ਜਟਿਲ ਅਤੇ ਧੁੰਦਲੀ ਹੋ ਜਾਂਦੀ ਹੈ। ਇਸ ਸਥਿਤੀ ਵਿਚ ਪੰਜਾਬੀ ਕਹਾਣੀਕਾਰ ਮਨੁੱਖੀ ਸੁਭਾਅ ਅਤੇ ਸਮਾਜਿਕ ਵਰਤਾਰੇ ਦੇ ਅਛੋਹ ਪਹਿਲੂਆਂ ਬਾਰੇ ਮਹਿਜ਼ ਮਾਸੂਮੀਅਤ ਭਰੀ ਹੈਰਾਨੀ ਪ੍ਰਗਟ ਕਰਨ ਦੀ ਬਜਾਏ ਡੂੰਘੇ ਵਿਸ਼ਲੇਸ਼ਣ ਦਾ ਰਸਤਾ ਅਖ਼ਤਿਆਰ ਕਰਦਾ ਹੈ ਅਤੇ ਉਨ੍ਹਾਂ ਸੰਰਚਨਾਵਾਂ ਨੂੰ ਸਮਝਣ ਤੇ ਨਸ਼ਰ ਕਰਨ ਦੇ ਮਨੋਰਥ ਨਾਲ ਜਟਿਲ ਬਿਰਤਾਂਤ ਦੀ ਵਿਧੀ ਦੀ ਈਜਾਦ ਕਰਦਾ ਹੈ। ਰੌਚਕ ਗੱਲ ਹਿ ਹੈ ਕਿ ਹੁਣ ਨਿੱਕੀ ਕਹਾਣੀ ਦੀ ਰਚਨਾ ਤਾਂ ਭਾਵੇਂ ਕਾਫ਼ੀ ਮਾਤਰਾ ਵਿਚ ਹੁੰਦੀ ਹੈ ਪਰ ਕੋਈ ਨਿੱਕੀ ਕਹਾਣੀ ਬਹੁਤੀ ਚਰਚਾ ਵਿਚ ਨਹੀਂ ਆਉਂਦੀ ਜਿਵੇਂ ਕਿ ਲੰਮੀਆਂ ਕਹਾਣੀਆਂ ਚਰਚਾ ਵਿਚ ਆ ਰਹੀਆਂ ਹਨ। ਨਿੱਕੀ ਕਹਾਣੀ ਦੀ ਵਿਧੀ ਦੇ ਅਭਿਆਸ ਵਿਚ ਪ੍ਰਪੱਕ ਕਹਾਣੀਕਾਰ ਹੁਣ ਘੱਟ ਹੀ ਕਹਾਣੀ ਲਿਖਦੇ ਹਨ ਅਤੇ ਕੁਝ ਲੰਮੀ ਕਹਾਣੀ ਦੀ ਰਚਨਾ ਕਰਨ ਲੱਗ ਪਏ ਹਨ। ਇੰਝ ਲੰਮੀ ਕਹਾਣੀ ਨਿੱਕੀ-ਕਹਾਣੀ ਦਾ ਇਕ ਸਮਕਾਲੀ ਰੂਪ-ਭੇਦ ਨਾ ਰਹਿ ਕੇ ਇਕ ਅਗਲੇਰੇ ਇਤਿਹਾਸਕ ਦੌਰ ਦਾ ਨਵਾਂ ਰੂਪਾਕਾਰ ਬਣ ਕੇ ਉਭਰਦੀ ਹੈ।

**ਲਘੂ ਕਹਾਣੀ/ਮਿੰਨੀ ਕਹਾਣੀ:** ਵਿਸ਼ਵੀਕਰਨ ਦੇ ਯੁੱਗ ਵਿਚ ਵਿਚ ਇਹ ਹਰਮਨ ਪਿਆਰਾ ਰੂਪ ਹੈ। 10 ਤੋਂ 15 ਲਾਇਨਾਂ ਵਿਚ ਵੀ ਕਹਾਣੀ ਦੀ ਸਿਰਜਣਾ ਕੀਤੀ ਜਾ ਰਹੀ ਹੈ।ਇਹ ਵਧੇਰੇ ਰੂਪ ਵਿਚ ਅਖਵਬਾਰਾਂ ਅਤੇ ਰਸਾਲਿਆਂ ਦਾ ਹਿੱਸਾ ਬਣ ਰਹੀ ਰਹੀ ਹੈ। ਮਿੰਨੀ ਕਹਾਣੀ ਉਦੇਸ਼ ਪੂਰਵਕ ਹੁੰਦੀ ਹੈ ਇਸ ਲਈ ਸੀਮਤ ਰੂਪ ਵਿਚ ਮੁੱਖ ਸਮੱਸਿਆਂ ਨੂੰ ਬਹੁਤ ਹੀ ਗਤੀਸ਼ੀਲ ਢੰਗ ਨਾਲ ਪੇਸ਼ ਕਰਦੀ ਹੋਈ ਸਿਖਰ ਤੇ ਪਹੁੰਚ ਕੇ ਅੰਤ ਕਰਦੀ ਹੈ। ਮਕਾਲੀ ਪੰਜਾਬੀ ਸਾਹਿਤ ਵਿਚ ਮਿੰਨੀ ਕਹਾਣੀ ਸਭ ਤੋਂ ਵੱਧ ਲੋਕਪ੍ਰਿਯ ਰੂਪ ਹੈ। ਪੰਜਾਬੀ ਮਿੰਨੀ ਕਹਾਣੀ ਆਪਣੀ ਵੱਖਰੀ ਪਛਾਣ ਸਥਾਪਿਤ ਕਰਨ ਲਈ ਯਤਨਸ਼ੀਲ ਹੈ ਅਤੇ ਇਕ ਸੁਤੰਤਰ ਵਿਧਾ ਵੱਜੋਂ ਵਿਕਸਿਤ ਹੋ ਰਹੀ ਹੈ। ਪਰੰਤੂ ਲੇਖਕ ਤੇ ਸੰਪਾਦਕ ਰਚਨਾ ਦੇ ਛੋਟੇ ਅਕਾਰ ਨੂੰ ਹੀ ਮਿੰਨੀ ਕਹਾਣੀ ਦੀ ਆਧਾਰ ਕਸਵੱਟੀ ਮੰਨ ਕੇ ਧੜਾਧੜ ਛੱਪ-ਛਾਪ ਰਹੇ ਹਨ। ਲਘੂ ਅਕਾਰ ਹੀ ਇਕ ਮੋਟਾ

ਜਿਹਾ ਆਧਾਰ ਪ੍ਰਵਾਨ ਕੀਤਾ ਜਾ ਰਿਹਾ ਹੈ। ਕਹਾਣੀ ਦਾ ਅਕਾਰ ਛੋਟਾ ਰੱਖਣ ਲਈ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ। ਸਿੱਟੇ ਵੱਜੋਂ ਪੰਜਾਬੀ ਮਿੰਨੀ ਕਹਾਣੀ ਵਿਚ ਚੁਟਕਲੇਬਾਜੀ ਦੇ ਅੰਸ਼, ਅਸਪਸ਼ਟਤਾ, ਅਬਸਰਡਿਟੀ ਅਤੇ ਦੁਹਰਾਉ ਦੀ ਪ੍ਰਵਿਰਤੀ ਵੇਖੀ ਜਾ ਸਕਦੀ ਹੈ। ਭਾਵੇਂ ਸ਼ਬਦ ਮਿੰਨੀ ਵੀ ਅਕਾਰ ਸੂਚਕ ਹੈ, ਪਰੰਤੂ ਸਾਡੇ ਸਾਹਮਣੇ ਕੁਝ ਪ੍ਰਸ਼ਨ ਖੜੇ ਹੁੰਦੇ ਹਨ ਕਿ ਕੀ ਸ਼ਬਦਾਂ ਦੀ ਘੱਟ ਤੋਂ ਘੱਟ ਗਿਣਤੀ ਮਿੰਨੀ ਕਹਾਣੀ ਲਈ ਨਿਸ਼ਚਿਤ ਕੀਤੀ ਜਾ ਸਕਦੀ ਹੈ? ਕੀ ਅਕਾਰ ਹੀ ਇਕੋ ਇਕ ਪਰਖ ਕਸਵੱਟੀ ਹੈ? ਮਿੰਨੀ ਕਹਾਣੀ ਦੇ ਜ਼ਰੂਰੀ ਤੱਤ ਕਿਹੜੇ ਕਿਹੜੇ ਹਨ? ਕੀ ਹਰ ਘਟਨਾ, ਵਰਤਾਰਾ ਜਾਂ ਵਿਸ਼ਾ ਮਿੰਨੀ ਕਹਾਣੀ ਦਾ ਵਸਤੂ ਬਣ ਸਕਦਾ ਹੈ? ਮਿੰਨੀ ਕਹਾਣੀ ਕੀ ਕਹਿਣ ਦੇ ਸਮਰੱਥ ਹੈ? ਮਿੰਨੀ ਕਹਾਣੀ ਦਾ ਨਿਕਾਸ ਤੇ ਵਿਕਾਸ ਕਿਵੇਂ ਹੋਇਆ? ਮਿੰਨੀ ਕਹਾਣੀ ਦੀ ਪ੍ਰੀਭਾਸ਼ਾ ਕੀ ਹੈ? ਕੀ ਮਿੰਨੀ ਕਹਾਣੀ ਇਕ ਸੁਤੰਤਰ ਵਿਧਾ ਹੈ? ਅਜਿਹੇ ਅਤੇ ਹੋਰ ਪ੍ਰਸ਼ਨਾਂ ਦੇ ਸਨਮੁੱਖ ਲੋੜ ਹੈ ਕਿ ਮਿੰਨੀ ਕਹਾਣੀ ਦੇ ਰੂਪ-ਵਿਧਾਨ ਵੱਲ  ਧਿਆਨ ਦਿੱਤਾ ਜਾਵੇ ਅਤੇ ਕੁਝ ਪਰਖ ਕਸਵੱਟੀਆਂ ਨਿਰਧਾਰਤ ਕੀਤੀਆਂ ਜਾਣ।ਮਨੁੱਖੀ ਜੀਵਨ ਵਿਚ ਕੁਝ ਗੱਲਾਂ, ਘਟਨਾਵਾਂ ਅਤੇ ਵਰਤਾਰੇ ਅਜਿਹੇ ਵਾਪਰਦੇ ਹਨ ਜੋ ਮਨੁੱਖ ਨੂੰ ਕੁਝ ਸੋਚਣ, ਕਰਨ ਲਈ ਟੁੰਬ ਜਾਂਦੇ ਹਨ। ਇਹ ਗੱਲਾਂ, ਘਟਨਾਵਾਂ ਤੇ ਵਰਤਾਰੇ ਵਾਪਰ ਤਾਂ ਬਹੁਤ ਹੀ ਥੋੜੇ ਸਮੇਂ (ਕਈ ਵਾਰ ਅੱਖ ਦੇ ਪਲਕਾਰੇ)ਵਿਚ ਜਾਂਦੇ ਹਨ। ਪਰੰਤੂ ਸੰਵੇਦਨਸ਼ੀਲ ਤੇ ਸੂਖਮਭਾਵੀ ਲੋਕਾਂ ਉੱਤੇ ਇਹਨਾਂ ਦਾ ਅਸਰ ਚਿਰਸਥਾਈ ਹੁੰਦਾ ਹੈ। ਇਹਨਾਂ ਪਲਾਂ ਦੀ ਕਲਾਤਮਕ ਪੇਸ਼ਕਾਰੀ ਲਈ ਜਿਸ ਸਾਹਿਤਕ ਵਿਧਾ ਦੀ ਲੋੜ ਪਈ ਉਸ ਨੂੰ ਮਿੰਨੀ ਕਹਾਣੀ ਆਖਿਆ ਗਿਆ।

ਸੰਖੇਪਤਾ ਤੇ ਸੰਜਮਤਾ ਮਿੰਨੀ ਕਹਾਣੀ ਦਾ ਵਿਸ਼ੇਸ਼ ਗੁਣ ਹੈ। ਇਹ ਕੁੱਜੇ ਵਿਚ ਸਮੁੰਦਰ ਬੰਦ ਕਰਦੀ ਹੈ। ਸ਼ਬਦਾਂ ਦਾ ਸਰਫਾ ਕਰਦਿਆਂ ਇਹ ਵੱਡੀ ਗੱਲ ਕਰਨ ਦੇ ਸਮਰੱਥ ਹੈ। ਇਹ ਵਿਧਾ ਵਿਸਥਾਰ ਨਹੀਂ ਸਹਾਰ ਸਕਦੀ ਅਤੇ ਸੰਕੇਤਕ ਢੰਗ ਨਾਲ ਆਪਣੀ ਗੱਲ ਕਰਦੀ ਹੈ। ਇਸ ਦੀ ਗੋਂਦ ਕਸਵੀਂ ਹੁੰਦੀ ਹੈ। ਇਹ ਤਿੱਖੇ ਵੇਗ ਨਾਲ ਚਲਦੀ ਹੋਈ ਸਿਖਰ ਨੂੰ ਪੁੱਜ ਕੇ ਇਕ ਦਮ ਸਮਾਪਤ ਹੋ ਜਾਂਦੀ ਹੈ। ਘੱਟ ਤੋਂ ਘੱਟ ਅਤੇ ਢੁਕਵੇਂ ਸ਼ਬਦ ਚੋਣ, ਪਾਤਰਾਂ ਦਾ ਦੋ ਜਾਂ ਤਿੰਨ ਤਕ ਸੀਮਤ ਹੋਣਾ ਅਤੇ ਇਕ ਛਿਣ ਦੀ ਪੇਸ਼ਕਾਰੀ ਆਦਿ ਲੱਛਣ ਮਿੰਨੀ ਕਹਾਣੀ ਦੇ ਤਕਨੀਕੀ ਆਧਾਰ ਮੰਨੇ ਜਾ ਸਕਦੇ ਹਨ। ਇਸ ਵਿਚ ਅਸਪਸ਼ਟਤਾ, ਧੁੰਦਲੇਪਨ, ਵਿਆਖਿਆ ਅਤੇ ਵਿਸ਼ਲੇਸ਼ਣ ਦੀ ਮੁਥਾਜੀ ਤੋਂ ਬਚਦਿਆਂ ਘੱਟ ਤੋਂ ਘੱਟ ਤੇ ਢੁਕਵੇਂ ਸ਼ਬਦਾਂ ਦੀ ਸ਼ਰਤ ਤਾਂ ਕਹੀ ਜਾ ਸਕਦੀ ਹੈ, ਪਰੰਤੂ ਕੋਈ ਸ਼ਬਦਾਂ ਜਾਂ ਵਾਕਾਂ ਦੀ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ, ਕਿਉਂਕਿ ਅਕਾਰ ਵਿਚ ਛੋਟਾ ਹੋਣਾ ਹੀ ਮਿੰਨੀ ਕਹਾਣੀ ਦਾ ਨਿਖੇੜਕ ਲੱਛਣ ਨਹੀਂ ਹੈ। ਮਿੰਨੀ ਕਹਾਣੀ ਦਾ ਵਸਤੂ ਹੀ ਸ਼ਬਦ ਸੀਮਾ ਨੂੰ ਨਿਸ਼ਚਿਤ ਕਰਦਾ ਹੈ। ਇਹ ਵਿਧਾ ਚੋਣਵੇਂ ਅਨੁਭਵ ਨੂੰ ਤੀਖਣਤਾ, ਤੀਬਰਤਾ ਅਤੇ ਸੂਖਮਤਾ ਨਾਲ ਕਹਿਣ ਦੇ ਢੰਗ ਕਾਰਨ ਮਿੰਨੀ ਹੈ। ਇਸ ਲਈ ਮਿੰਨੀ ਕਹਾਣੀ ਦਾ ਅਕਾਰ ਉਸ ਸੀਮਾ ਤਕ ਹੀ ਮਿੰਨੀ ਹੋ ਸਕਦਾ ਹੈ, ਜਿਸ ਸੀਮਾ ਤਕ ਬਿਰਤਾਂਤ ਦੇ ਮੂਲ ਸੰਰਚਨਾਤਮਕ ਤੱਤ ਸੁਨਿਸ਼ਚਿਤ ਰਹਿਣ ਅਤੇ ਅਰਥ ਸੰਚਾਰ ਦੀ ਕੋਈ ਸਮੱਸਿਆ ਉਤਪੰਨ ਨਾ ਹੋਵੇ। ਅਕਾਰ ਦੇ ਪੱਖ ਨੂੰ ਸਮੇਟਦਿਆਂ ਕਿਹਾ ਜਾ ਸਕਦਾ ਹੈ ਕਿ ਮਿੰਨੀ ਕਹਾਣੀ ਦਾ ਪ੍ਰਭਾਵ ਇਸ ਦੇ ਅਕਾਰ ਨਾਲ ਉਲਟ ਅਨੁਪਾਤ ਰੱਖਦਾ ਹੈ। ਪ੍ਰਭਾਵ ਦੀ ਏਕਤਾ-ਏਕਾਗਰਤਾ ਅਤੇ ਤੀਖਣਤਾ ਲਈ ਰਚਨਾ ਦੇ ਅਕਾਰ ਦਾ ਛੋਟਾ ਹੋਣਾ ਲਾਜ਼ਮੀ ਹੈ, ਪਰੰਤੂ ਵਿਦਵੱਤਾ ਦਰਸਾਉਣ ਦੇ ਭਰਮ ਤਹਿਤ ਮਿੰਨੀ ਕਹਾਣੀ ਵਿਚੋਂ ਕਹਾਣੀ ਅਲੋਪ ਨਹੀਂ ਕਰਨੀ ਚਾਹੀਦੀ। ਬੌਧਿਕ ਤੇ ਦਾਰਸ਼ਨਿਕ ਟੂਕਾਂ ਭਾਵੇਂ ਬਹੁਤ ਹੀ ਸੰਖੇਪ ਹੁੰਦੀਆਂ ਹਨ, ਪਰ ਉਹ ਮਿੰਨੀ ਕਹਾਣੀ ਨਹੀਂ ਹੁੰਦੀਆਂ।

ਮਿੰਨੀ ਕਹਾਣੀ ਲੇਖਕ ਨੂੰ ਘਟਨਾ ਦਾ ਵਰਨਣ ਨਹੀਂ, ਵਿਸ਼ਲੇਸ਼ਣ ਪੇਸ਼ ਕਰਨਾ ਚਾਹੀਦਾ ਹੈ। ਇਕਹਿਰੀ ਬਣਤਰ ਕਾਰਨ ਇਹ ਬਹੁਪੱਖੀ ਵਿਸ਼ਲੇਸ਼ਣ ਕਰਨ ਦੇ ਤਾਂ ਸਮਰੱਥ ਨਹੀਂ, ਪਰੰਤੂ ਕਿਸੇ ਵਿਸ਼ੇਸ਼ ਘਟਨਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਮਨੁੱਖੀ ਮਨ ਵਿਚ ਉੱਠੇ ਸੂਖਮ ਪ੍ਰਤੀਕਰਮ ਨੂੰ ਪੇਸ਼ ਕਰਨ ਦੇ ਸਮਰੱਥ ਹੈ। ਘਟਨਾ ਦਾ ਪ੍ਰਕ੍ਰਿਤੀਵਾਦੀ ਚਿਤ੍ਰਣ ਨਿਰਜਿੰਦ ਫ਼ੋਟੋਗ੍ਰਾਫੀ ਹੈ ਅਤੇ ਕਲਾਤਮਕਤਾ ਦੀ ਘਾਟ ਦਾ ਪ੍ਰਮਾਣ ਹੈ। ਲੇਖਕ ਘਟਨਾ ਦਾ ਪੁਨਰ-ਸਿਰਜਣ ਕਰਦਾ ਹੈ। ਵੈਸੇ ਤਾਂ ਇਹ ਨੇਮ ਸਾਹਿਤ ਦੇ ਸਾਰੇ ਰੂਪਾਂ ਉੱਤੇ ਲਾਗੂ ਹੁੰਦਾ ਹੈ, ਪਰੰਤੂ ਮਿੰਨੀ ਕਹਾਣੀ ਦੀ ਰਚਨਾ ਵੇਲੇ ਵਧੇਰੇ ਸੁਚੇਤ ਰਹਿਣ ਦੀ ਲੋੜਹੈ।

ਆਧੁਨਿਕ ਸਾਹਿਤ ਰੂਪਾਂ ਵਾਂਗ ਮਿੰਨੀ ਕਹਾਣੀ ਦਾ ਪਾਤਰ ਪ੍ਰਮੁੱਖ ਰੂਪ ਵਿਚ ਸਾਧਾਰਨ ਆਦਮੀ ਹੈ। ਪਰ ਕਈ ਵਾਰ ਇਹ ਇਤਿਹਾਸਕ-ਮਿਥਿਹਾਸਕ ਪਾਤਰਾਂ ਨੂੰ ਨਵੇਂ ਅਰਥਾਂ ਜਾਂ ਨਵੇਂ ਪਸਾਰਾਂ ਵਿਚ ਪੇਸ਼ ਕਰ ਜਾਂਦੀ ਹੈ। ਉਂਜ ਇਹ ਵਿਧਾ ਸਾਧਾਰਨ ਆਦਮੀ ਦੀ ਸਾਧਾਰਨਤਾ ਨੂੰ ਪ੍ਰਗਟਾਉਂਦੀ ਹੋਈ ਵਿਵਸਥਾ ਉੱਪਰ ਭਰਵਾਂ ਵਾਰ ਕਰਦੀ ਹੈ। ਸਮਕਾਲ ਵਿਚ ਰਚੀ ਜਾ ਰਹੀ ਪੰਜਾਬੀ ਮਿੰਨੀ ਕਹਾਣੀ ਸਾਧਾਰਨ ਜੀਵਨ ਜੀਉਂਦੇ ਤੇ ਤੰਗੀਆਂ-ਤੁਰਸ਼ੀਆਂ ਹੰਢਾਉਂਦੇ ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਜ਼ਬਾਨ ਦੇ ਕੇ ਉਹਨਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਸਾਧਾਰਨਤਾ ਵਿਚੋਂ ਅਸਾਧਾਰਨਤਾ ਨੂੰ ਲੱਭਣਾ ਤੇ ਪੇਸ਼ ਕਰਨਾ ਹੀ ਆਧੁਨਿਕ ਸਾਹਿਤ ਦੀ ਖੂਬੀ ਹੈ ਜੋ ਮਿੰਨੀ ਕਹਾਣੀ ਦੀ ਵੀ ਵਿਸ਼ੇਸ਼ਤਾਈ ਕਹੀ ਜਾ ਸਕਦੀ ਹੈ। ਸਾਧਾਰਨ ਲਗਦੀ ਘਟਨਾ ਵਿਚੋਂ ਜ਼ਿੰਦਗੀ ਦੇ ਡੂੰਘੇ ਅਰਥ ਸਿਰਜਣੇ ਹੀ ਕਲਾ ਦੀ ਨਿਸ਼ਾਨੀ ਹੈ। ਮਿੰਨੀ ਕਹਾਣੀ ਵਿਚ ਕਾਲ ਦੀ ਕੋਈ ਸੀਮਾ ਨਹੀਂ ਹੈ। ਇਹ ਅਤੀਤ ਨੂੰ ਵੀ ਪੇਸ਼ ਕਰ ਸਕਦੀ ਹੈ, ਪਰੰਤੂ ਇਸ ਦੀ ਕੋਈ ਤੰਦ ਵਰਤਮਾਨ ਨਾਲ ਆਪਣਾ ਨਾਤਾ ਅਵੱਸ਼ ਜੋੜਦੀ ਹੈ। ਮਹੱਤਵਪੂਰਨ ਉਹ ਪਲ ਹੈ ਜਿਸ ਵਿਚ ਕਹਾਣੀ ਕਹੀ ਜਾ ਰਹੀ ਹੈ।

ਮਿੰਨੀ ਕਹਾਣੀ ਵਿਚ ਤੀਖਣ ਤੇ ਸੂਖਮ ਵਿਅੰਗ ਇਕ ਕੇਂਦਰੀ ਤੱਤ ਵੱਜੋਂ ਪ੍ਰਵਾਨ ਕੀਤਾ ਜਾ ਸਕਦਾ ਹੈ। ਅਜਿਹੀ ਵਿਅੰਗਾਤਮਕ ਪੇਸ਼ਕਾਰੀ ਬੌਧਿਕਤਾ ਦਾ ਪ੍ਰਮਾਣ ਹੈ। ਮਿੰਨੀ ਕਹਾਣੀ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਪਾਠਕ ਦੀ ਸੋਚ ਨੂੰ ਟੁੰਬੇ ਤੇ ਰਚਨਾ ਪਾਠ ਤੋਂ ਬਾਦ ਪਾਠਕ ਕੁਝ ਸੋਚਣ/ਕਰਨ ਲਈ ਪ੍ਰੇਰਿਤ ਹੋਵੇ। ਇਹ ਕਹਾਣੀਆਂ ਪਾਠਕਾਂ/ਸਰੋਤਿਆਂ ਨੂੰ ਉਹਨਾਂ ਘਟਨਾਵਾਂ ਤੇ ਵਰਤਾਰਿਆਂ ਬਾਰੇ ਸੋਚਣ/ਕਰਨ ਲਈ ਭਾਵਾਤਮਕ ਝਟਕਾ ਦਿੰਦੀਆਂ ਹਨ, ਜਿਨ੍ਹਾਂ ਨੂੰ ਪਹਿਲਾਂ ਉਹ ਜੀਵਨ ਦੀਆਂ ਆਮ ਗੱਲਾਂ ਸਮਝ ਕੇ ਅਣਗੌਲਿਆਂ ਕਰ ਛੱਡਦਾ ਹੈ। ਵਿਅੰਗ ਹੀ ਮਿੰਨੀ ਕਹਾਣੀ ਅਤੇ ਚੁਟਕਲੇ ਨੂੰ ਵੱਖਰਿਆਉਂਦਾ ਹੈ। ਚੁਟਕਲਾ ਕੁਝ ਪਲਾਂ ਲਈ ਵਿਅਕਤੀ ਨੂੰ ਬਾਹਰੀ ਸੰਸਾਰ ਨਾਲੋਂ ਤੋੜ ਦਿੰਦਾ ਹੈ ਅਤੇ ਹੱਸਣ ਲਾ ਦਿੰਦਾ ਹੈ। ਦੂਜੇ ਪਾਸੇ ਮਿੰਨੀ ਕਹਾਣੀ ਪੜ੍ਹਨ-ਸੁਣਣ ਤੋਂ ਬਾਦ ਚੁੱਪ ਛਾ ਜਾਂਦੀ ਹੈ ਅਤੇ ਪਾਠਕ/ਸਰੋਤਾ ਸੋਚਣ ਲੱਗ ਪੈਂਦਾ ਹੈ। ਇਸ ਤਰ੍ਹਾਂ ਉਹ ਬਾਹਰੀ ਸੰਸਾਰ ਨਾਲ ਮਾਨਸਿਕ ਪੱਧਰ ਤੇ ਜੁੜ ਜਾਂਦਾ ਹੈ। ਮਿੰਨੀ ਕਹਾਣੀ ਦੇ ਲੋਕਪ੍ਰਿਯ ਹੋਣ ਦਾ ਕਾਰਨ ਇਸ ਦਾ ਅਕਾਰ ਪੱਖੋਂ ਛੋਟਾ ਹੋਣਾ ਨਹੀਂ, ਸਗੋਂ ਪਾਠਕ ਦੇ ਮਨ ਉੱਤੇ ਤੀਖਣ ਪ੍ਰਭਾਵ ਦਾ ਪੈਣਾ ਹੈ।

ਮਿੰਨੀ ਕਹਾਣੀ ਵਿਚ ਥੋੜਾ ਕਿਹਾ ਜਾਂਦਾ ਹੈ ਅਤੇ ਬਹੁਤਾ ਅਣਕਿਹਾ ਛੱਡ ਦਿੱਤਾ ਜਾਂਦਾ ਹੈ। ਕਹੀ ਗਈ ਥੋੜੀ ਗੱਲ ਨਾਲ ਪਾਠਕ ਨੂੰ ਚੋਭ ਮਿਲਦੀ ਹੈ ਅਤੇ ਉਹ ਅਣਕਹੇ ਪੱਖ ਨੂੰ ਜਾਨਣ-ਸਮਝਣ ਦਾ ਬੌਧਿਕ ਅਮਲ ਸ਼ੁਰੂ ਕਰ ਦਿੰਦਾ ਹੈ।

ਸਮੂਹਿਕ ਬੁੱਧੀ ਵਿਕਾਸ ਮਿੰਨੀ ਕਹਾਣੀ ਦੇ ਨਿਕਾਸ ਤੇ ਵਿਕਾਸ ਵਿਚ ਸਹਾਈ ਹੋਇਆ ਹੈ। ਮਿੰਨੀ ਕਹਾਣੀ ਦੇ ਬੀਜ ਪੰਜਾਬੀ ਸਾਹਿਤ ਵਿਚ ਸਾਖੀ ਸਾਹਿਤ ਜਾਂ ਹੋਰ ਲੋਕ ਸਾਹਿਤ ਰੂਪਾਂ ਵਿਚੋਂ ਲੱਭੇ ਜਾ ਸਕਦੇ ਹਨ। ਇਸ ਦਾ ਨਿਕਾਸ ਲੋਕ ਕਥਾਵਾਂ ਜਾਂ ਉਪਦੇਸ਼ਕ ਕਥਾਵਾਂ ਨਾਲ ਹੋਇਆ। ਜਿਨ੍ਹਾਂ ਦਾ ਉਦੇਸ਼ ਉਪਦੇਸ਼ ਜਾਂ ਸੁਝਾਅ ਦੇਣਾ ਹੁੰਦਾ ਸੀ। ਨੀਤੀ ਕਥਾ ਅਤੇ ਵਿਅੰਗ ਕਥਾ ਇਸ ਦੇ ਅਗਲੇ ਵਿਕਾਸ ਪੜਾਅ ਮੰਨੇ ਜਾਂਦੇ ਹਨ। ਇਹਨਾਂ ਦਾ ਆਧੁਨਿਕ ਰੂਪ ਮਿੰਨੀ ਕਹਾਣੀ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਹ ਸਾਹਿਤ ਰੂਪ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਆਰੰਭ ਵਿਚ ਪ੍ਰਚਲਿਤ ਹੁੰਦਾ ਹੈ। ਪੰਜਾਬੀ ਵਿਚ ਇਸ ਦੇ ਨਿਕਾਸ ਤੋਂ ਪਹਿਲਾਂ ਮਿੰਨੀ ਕਹਾਣੀ ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਲਿਖੀ ਜਾਣੀ ਆਰੰਭ ਹੋ ਚੁੱਕੀ ਸੀ। ਇਸ ਤਰ੍ਹਾਂ ਦੂਜੀਆਂ ਸਾਹਿਤਕ ਵਿਧਾਵਾਂ ਵਾਂਗ ਪੰਜਾਬੀ ਮਿੰਨੀ ਕਹਾਣੀ ਵੀ ਦੂਜੀਆਂ ਵਿਕਸਤ ਭਾਰਤੀ ਭਾਸ਼ਾਵਾਂ ਦੇ ਪ੍ਰਭਾਵ ਤਹਿਤ ਵਿਕਸਤ ਹੋਈ। ਇਹ ਕਥਾ ਵਿਧੀ ਜਟਿਲ ਯਥਾਰਥ ਦਾ ਕੋਈ ਇਕ ਪਸਾਰ ਦਰਸਾ ਕੇ ਗਲਤ-ਠੀਕ ਦਾ ਨਿਰਣਾ ਪਾਠਕ ਤੇ ਛੱਡ ਦਿੰਦੀ ਹੈ। ਇਸ ਲਈ ਮਿੰਨੀ ਕਹਾਣੀ ਤਰਕ ਉੱਤੇ ਵਧੇਰੇ ਨਿਰਭਰ ਕਰਦੀ ਹੈ।

ਹਰ ਗੱਲ, ਬੋਲਿਆ ਗਿਆ ਵਾਕ, ਟੋਟਕਾ, ਵਾਰਤਾਲਾਪ, ਚੁਟਕਲਾ, ਟਿੱਚਰ, ਸਕਿੱਟ, ਹਾਜ਼ਰ ਜੁਆਬੀ ਜਾਂ ਫੌਰੀ ਪ੍ਰਤੀਕਰਮ, ਮਿੰਨੀ ਕਹਾਣੀ ਨਹੀਂ ਹੁੰਦਾ। ਇਹ ਕਲਾਤਮਕਤਾ, ਹੁਨਰ ਜਾਂ ਸਿਰਜਣਾਤਮਕਤਾ ਹੀ ਹੈ ਜੋ ਇਹਨਾਂ ਰੂਪਾਂ ਨੂੰ ਮਿੰਨੀ ਕਹਾਣੀ ਵਿਚ ਤਬਦੀਲ ਕਰ ਸਕਦੀ ਹੈ। ਹਰ ਘਟਨਾ ਨੂੰ ਵੀ ਮਿੰਨੀ ਕਹਾਣੀ ਵਿਚ ਨਹੀਂ ਢਾਲਿਆ ਜਾ ਸਕਦਾ। ਮਿੰਨੀ ਕਹਾਣੀ ਕਿਸੇ ਘਟਨਾ ਜਾਂ ਵਰਤਾਰੇ ਦਾ ਕੇਵਲ ਸਿੱਟਾ ਮਾਤਰ ਹੀ ਪੇਸ਼ ਨਹੀਂ ਕਰਦੀ। ਦ੍ਰਿਸ਼ ਚਿਤ੍ਰਣ ਵੀ ਇਸ ਵਿਧਾ ਵਿਚ ਅਤੀ ਸੀਮਤ ਪੱਧਰ ਤੱਕ ਹੀ ਸੰਭਵ ਹੈ। ਰਵਾਇਤੀ ਪਾਤਰ ਚਿਤ੍ਰਣ ਵੀ ਮਿੰਨੀ ਕਹਾਣੀ ਵਿਚ ਨਹੀਂ ਹੋ ਸਕਦਾ। ਇਹ ਵੱਖਰੀ ਗੱਲ ਹੈ ਕਿ ਪਾਤਰ ਦਾ ਕੋਈ ਇਕ ਪਸਾਰ ਰਚਨਾ ਵਿਚੋਂ ਤੀਖਣ ਰੂਪ ਵਿਚ ਪ੍ਰਗਟ ਹੋ ਜਾਏ, ਭਾਵ ਪੇਸ਼ ਪਾਤਰ ਦੀਆਂ ਬਹੁ-ਵਿਸ਼ੇਸ਼ਤਾਈਆਂ ਵਿਚੋਂ ਕੋਈ ਇਕ-ਅੱਧ ਸਿਖਰ ਬਿੰਦੂ ਵਾਂਗ ਦਿਖਾਈ ਦੇ ਜਾਵੇ। ਪਰੰਤੂ ਪਾਤਰ ਦੇ ਸਮੁੱਚੇ ਵਿਅਕਤੀਤਵ ਦਾ ਉਭਰਨਾ ਮਿੰਨੀ ਕਹਾਣੀ ਵਿਚ ਕਦੇ ਵੀ ਸੰਭਵ ਨਹੀਂ।

ਜਿਵੇਂ ਆਧੁਨਿਕ ਨਿੱਕੀ ਕਹਾਣੀ, ਨਾਵਲ ਦਾ ਸੰਖੇਪ ਰੂਪ ਜਾਂ ਸਾਰ ਨਹੀਂ ਹੈ। ਉਸੇ ਤਰ੍ਹਾਂ ਮਿੰਨੀ ਕਹਾਣੀ ਵੀ ਆਧੁਨਿਕ ਨਿੱਕੀ ਕਹਾਣੀ ਦਾ ਸੰਖੇਪ ਰੂਪ ਨਹੀਂ ਹੈ। ਇਹ ਠੀਕ ਹੈ ਕਿ ਮਿੰਨੀ ਕਹਾਣੀ ਅਤੇ ਨਿੱਕੀ ਕਹਾਣੀ ਵਿਚ ਕੁਝ ਸਮਾਨਤਾਵਾਂ ਹਨ। ਚੰਗੀ ਮਿੰਨੀ ਕਹਾਣੀ ਦੀ ਪਿੱਠ-ਭੂਮੀ ਵੀ ਹੁੰਦੀ ਹੈ। ਉਸ ਵਿਚ ਵਾਤਾਵਰਣ ਵੀ ਸਿਰਜਿਆ ਹੁੰਦਾ ਹੈ ਅਤੇ ਚੁਸਤ ਵਾਰਤਾਲਾਪ ਤੇ ਵਾਕ ਬਣਤਰ ਵੀ ਹੁੰਦੀ ਹੈ। ਵਾਤਾਵਰਣ ਚਿਤ੍ਰਣ ਹੁੰਦਾ ਤਾਂ ਨਾਂ ਮਾਤਰ ਹੀ ਹੈ। ਇਸ ਲਈ ਵਾਤਾਵਰਣ ਚਿਤ੍ਰਣ ਅਤੇ ਜੀਵਨ ਦੇ ਕਿਸੇ ਇਕ ਪਾਸਾਰ ਦੀ ਵੀ ਵਿਆਖਿਆ ਦੀ ਬਹੁਤ ਹੀ ਘੱਟ ਸੰਭਾਵਨਾ ਹੋਣ ਕਰਕੇ ਭਾਵਾਂ ਦੇ ਪ੍ਰਗਟਾਵੇ ਲਈ ਅਰਥ ਯੁਕਤ ਸ਼ਬਦਾਵਲੀ, ਵਾਰਤਾਲਾਪ, ਮੁਹਾਵਰੇ, ਅਖਾਣਾਂ ਅਤੇ ਚੁਸਤ ਤੇਜ਼ ਸ਼ੈਲੀ ਦੀ ਵਰਤੋਂ ਲਾਜ਼ਮੀ ਹੈ। ਪ੍ਰਤੀਕਾਂ ਤੇ ਸੰਕੇਤਾਂ ਦੀ ਮਦਦ ਨਾਲ ਕਈ ਵਾਰ ਮਿੰਨੀ ਕਹਾਣੀ ਦਾ ਅੰਤ ਭੇਤਪੂਰਣ ਅਤੇ ਕਲਾਤਮਕ ਬਣਾਇਆ ਜਾਂਦਾ ਹੈ। ਮਿੰਨੀ ਕਹਾਣੀ ਵਿਚ ਨਿੱਕੀ ਕਹਾਣੀ ਵਾਂਗ ਪਾਠਕਾਂ ਦੀ ਦਿਲਚਸਪੀ, ਰੁਚੀ, ਉਤਸੁਕਤਾ ਅਤੇ ਜਗਿਆਸਾ ਆਦਿ ਬਣੀ ਰਹਿਣੀ ਚਾਹੀਦੀ ਹੈ। ਇਸ ਲਈ ਮਿੰਨੀ ਕਹਾਣੀ ਵਿਚ 'ਕਹਾਣੀ', 'ਕਹਾਣੀ ਅੰਸ਼' ਜਾਂ 'ਕਹਾਣੀ ਰਸ' ਜ਼ਰੂਰ ਰਹਿਣਾ ਚਾਹੀਦਾ ਹੈ। ਮਿੰਨੀ ਕਹਾਣੀ ਵਿਚ ਗੋਂਦ, ਰਵਾਨੀ, ਮੱਧ ਵਿਚ ਵਿਸ਼ੇਸ਼ ਮੋੜ, ਟੁੰਬਵਾਂ ਕਲਾਤਮਕ ਅੰਤ ਅਤੇ ਕਹਾਣੀ ਰਸ ਆਦਿ ਜ਼ਰੂਰੀ ਅੰਗ ਹਨ।

ਮਿੰਨੀ ਕਹਾਣੀ ਉਸ ਛਿਣ ਦਾ ਕਲਾਤਮਕ ਚਿਤ੍ਰਣ ਹੈ ਜਿਸ ਵਿਚ ਜ਼ਿੰਦਗੀ ਦੇ ਡੂੰਘੇ ਅਰਥ ਛੁਪੇ ਹੋਏ ਹਨ, ਪਰੰਤੂ ਜਿਸ ਦੀ ਕਲਾਤਮਕ ਪੇਸ਼ਕਾਰੀ ਵਿਚ ਕੁਝ ਵੀ ਅਸਪਸ਼ਟ ਤੇ ਲੁਕਵਾਂ ਨਹੀਂ ਅਤੇ ਜਿਹੜਾ ਕਿਸੇ ਵਿਆਖਿਆ, ਵਿਸਥਾਰ ਜਾਂ ਵਿਸ਼ਲੇਸ਼ਣ ਦੀ ਮੰਗ ਨਹੀਂ ਕਰਦਾ। ਉਹ ਰਚਨਾ ਹੀ ਸਫਲ ਮਿੰਨੀ ਕਹਾਣੀ ਮੰਨੀ ਜਾ ਸਕਦੀ ਹੈ ਜਿਸ ਵਿਚ ਅੱਖਰ ਦਾ ਵਾਧਾ ਘਾਟਾ ਸੰਭਵ ਨਹੀਂ ਹੁੰਦਾ।

ਇਹ ਸਪੱਸ਼ਟ ਹੈ ਕਿ ਮਿੰਨੀ ਕਹਾਣੀ ਪੂੰਜੀਵਾਦੀ ਵਿਵਸਥਾ ਦੀ ਭੱਜ-ਦੌੜ ਅਤੇ ਵਿਹਲ ਘੱਟ ਜਾਣ ਦੇ ਨਤੀਜੇ ਵੱਜੋਂ ਹੋਂਦ ਵਿਚ ਨਹੀਂ ਆਉਂਦੀ, ਸਗੋਂ ਜਟਿਲ ਰਾਜਨੀਤਕ-ਸਮਾਜਕ ਯਥਾਰਥ ਅਤੇ ਵਿਅਕਤੀ ਉੱਪਰ ਇਸ ਦੇ ਪਏ ਪ੍ਰਭਾਵਾਂ ਕਾਰਨ ਹੋਂਦ ਵਿਚ ਆਉਂਦੀ ਹੈ। ਮਿੰਨੀ ਕਹਾਣੀ ਦਾ ਵਿਕਾਸ ਸਮੂਹਿਕ ਬੁੱਧੀ ਵਿਕਾਸ ਨਾਲ ਨੇੜਲਾ ਅਤੇ ਸਿੱਧਾ ਅਨੁਪਾਤਕ ਸੰਬੰਧ ਵੀ ਰੱਖਦਾ ਹੈ। ਇਸ ਲਈ ਇਹ ਵਿਧਾ ਗੰਭੀਰ ਵਿਸ਼ਿਆਂ ਅਤੇ ਗੁੰਝਲਦਾਰ ਸਮੱਸਿਆਵਾਂ ਭਾਵ ਜਟਿਲ ਯਥਾਰਥ ਨੂੰ ਪੇਸ਼ ਕਰਨ ਦੇ ਸਮਰੱਥ ਹੈ। ਕੁਝ ਮਿੰਨੀ ਕਹਾਣੀ ਲੇਖਕ ਇਸ ਤਰ੍ਹਾਂ ਸੋਚਦੇ ਹਨ

ਕਿ ਮਿੰਨੀ ਕਹਾਣੀ ਸਾਹਿਤ ਦਾ ਬਹੁਤ ਹੀ ਸੂਖਮ ਰੂਪ ਹੈ। ਇਸ ਲਈ ਇਸ ਵਿਚ ਜੀਵਨ ਦੀ ਜਟਿਲਤਾ ਨੂੰ ਪੇਸ਼ ਨਹੀਂ ਕੀਤਾ ਜਾ ਸਕਦਾ। ਕੀ ਸੂਖਮਤਾ ਅਤੇ ਜਟਿਲਤਾ ਵਿਰੋਧੀ ਸੰਕਲਪ ਹਨ? ਨਹੀਂ। ਅਸਲ ਵਿਚ ਕਹਿਣਾ ਇਹ ਚਾਹੀਦਾ ਹੈ ਕਿ ਹਰ ਮਿੰਨੀ ਕਹਾਣੀ ਲੇਖਕ ਹਰ ਵਿਸ਼ੇ ਨੂੰ ਮਿੰਨੀ ਕਹਾਣੀ ਵਿਚ ਸਫਲਤਾ ਸਹਿਤ ਨਹੀਂ ਢਾਲ ਸਕਦਾ। ਮਿੰਨੀ ਕਹਾਣੀ ਵਿਚ ਵਿਸ਼ਿਆਂ ਦੀ ਨਵੀਨਤਾ ਚਾਹੀਦੀ ਹੈ। ਹੁਣ ਵਾਲਾ, ਕੁਝ ਵਿਸ਼ਿਆਂ ਦਾ ਦੁਹਰਾਉ ਅਤੇ ਉਹ ਵੀ ਉਸੇ ਢੰਗ ਨਾਲ, ਛੱਡਣਾ ਪਵੇਗਾ। ਸਮਾਜਕ ਕੁਰੀਤੀਆਂ, ਧਾਰਮਿਕ ਪਾਖੰਡ ਤੇ ਕਰਮ-ਕਾਂਡ, ਪੁਲਿਸ ਦਾ ਵਿਵਹਾਰ, ਰਾਜਨੀਤਕ ਤੇ ਪ੍ਰਸ਼ਾਸਨਿਕ ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ, ਰੂੜੀਵਾਦ, ਵਿਵਹਾਰ ਦਾ ਦੋਗਲਾਪਨ, ਆਰਥਿਕ-ਸਮਾਜਕ ਸ਼ੋਸ਼ਣ ਆਦਿ ਵਿਸ਼ਿਆਂ ਦਾ ਦੁਹਰਾਉ ਪੇਸ਼ ਯਥਾਰਥ ਦੇ ਅਨੁਰੂਪ ਹੈ। ਜੇਕਰ ਸਥਿਤੀ ਜਿਉਂ ਦੀ ਤਿਉਂ ਬਣੀ ਰਹੇਗੀ ਤਾਂ ਦੁਹਰਾਉ ਲਾਜ਼ਮੀ ਆਵੇਗਾ। ਇਹ ਦੁਹਰਾਉ ਰੜਕਦਾ ਨਹੀਂ ਹੈ। ਪਰੰਤੂ ਅਤੀ ਸਰਲਤਾ, ਸਤਹੀ ਅਤੇ ਪੁਰਾਣੇ ਘਿਸੇ-ਪਿਟੇ ਢੰਗ ਨਾਲ ਇਹਨਾਂ ਵਿਸ਼ਿਆਂ ਦੀ ਵਾਰ ਵਾਰ ਪੇਸ਼ਕਾਰੀ ਜ਼ਰੂਰ ਅੱਖਰਦੀ ਹੈ। ਪੁਨਰ ਸਿਰਜਣਾਤਮਕਤਾ ਅਤੇ ਨਿਵੇਕਲੀ ਸ਼ੈਲੀ ਦੁਹਰਾਉ ਨੂੰ ਸਾਰਥਕਤਾ ਪ੍ਰਦਾਨ ਕਰ ਸਕਦੀ ਹੈ।

## ਲੰਮੀ ਕਹਾਣੀ ਤੇ ਨਿੱਕੀ ਕਹਾਣੀ ਵਿਚ ਅੰਤਰ:

| ਕਹਾਣੀ | ਨਿੱਕੀ ਕਹਾਣੀ |
|---|---|
| ਲੰਮੀ ਕਹਾਣੀ ਵਿਚ ਘਟਨਾਵਾਂ ਦੀ ਬਹੁਤਾਤ ਤਾਂ ਹੁੰਦੀ ਹੈ ਪਰ ਉਸ ਵਿਚ ਘਟਨਾਵਾਂ ਤਣਾਓ ਦੀ ਨਿਰੰਤਰਤਾ ਅਤੇ ਵਿਸਤਾਰ ਨੂੰ ਚਿੰਨ੍ਹਿਤ ਕਰਨ ਦੀ ਬਜਾਏ ਤਣਾਓ ਦੀ ਵਿਆਖਿਆ ਦੇ ਮਨੋਰਥ ਨਾਲ ਪੇਸ਼ ਕੀਤੀਆਂ ਜਾਂਦੀਆਂ ਹਨ। | ਨਿੱਕੀ ਕਹਾਣੀ ਵਿਚ ਘਟਨਾੜਾਂ ਦੀ ਬਹੁਤਾਂਤ ਨਹੀ ਹੁੰਦੀ ਹੈ। |
| ਕਹਾਣੀ ਵਿਚ ਮੁੱਖ ਬਿਰਤਾਂਤ ਦੇ ਕੇਂਦਰੀ ਪਾਤਰਾਂ ਦੀਆਂ ਮਨੋ-ਗੁੰਝਲਾਂ ਅਤੇ ਵਿਹਾਰ ਦਾ ਪ੍ਰਸੰਗ ਸਿਰਜਿਆ ਜਾਂਦਾ ਹੈ। ਅਜਿਹੀਆਂ ਘਨਾਨਾਵਾਂ ਮੁੱਖ ਬਿਰਤਾਂਤ ਦੇ ਅਰਥ ਨੂੰ ਸੰਘਣਾ ਕਰਦੀਆਂ ਹਨ। | ਨਿੱਕੀ ਕਹਾਣੀ ਵਿਚ ਸਪੱਸ਼ਟ ਤੇ ਸੀਮਤ ਰੂਪ ਵਿਚ ਬਿਰਤਾਂਤ ਪੇਸ਼ ਕੀਤਾ ਜਾਂਦਾ ਹੈ। |
| ਕਹਾਣੀ ਵਿਚ ਜੀਵਨ ਦੇ ਬਹੁ-ਪਾਸਾਰਾਂ ਦੀ ਬਜਾਏ ਬਿਰਤਾਂਤਕ ਕਾਰਜ ਅਤੇ ਮਨੁੱਖੀ ਵਿਵਹਾਰ ਦੀਆਂ ਡੂੰਘੀਆਂ ਪਰਤਾਂ ਉੱਘੜ ਆਉਂਦੀਆਂ ਹਨ। ਇਹ ਬਹੁਪਰਤੀ ਵਿਆਖਿਆਂ ਪੇਸ਼ ਕਰਦੀ ਹੈ | ਨਿੱਕੀ ਕਹਾਣੀ ਵਿਚ ਮੂਲ ਸਮੱਸਿਆਂ ਦੁਆਲੇ ਬੁਣਤੀ ਬੁਣ ਕੇ ਅੰਤ ਉਪਰ ਗਤੀਸ਼ੀਲ ਰੂਪ ਵਿਚ ਪਹੁੰਚਿਆ ਜਾਂਦਾ ਹੈ |

**<u>ਨਾਵਲ ਤੇ ਕਹਾਣੀ ਵਿਚ ਅੰਤਰ:</u>**

| ਕਹਾਣੀ | ਨਾਵਲ |
|---|---|
| ਨਿੱਕੀ ਕਹਾਣੀ ਸਮੱਸਿਆਵਾਂ ਵਿਚ ਫਾਥੇ ਸਧਾਰਣ ਮਨੁੱਖ ਦੀਆਂ ਦੁਬਿਧਾਵਾਂ ਨੂੰ ਚਿਤਰਦੀ ਹੈ | ਨਾਵਲ ਸਧਾਰਣ ਨਾਲੋਂ ਛੋਟੇ ਜਾਂ ਵੱਡੇ ਪੱਧਰ ਉਤੇ ਉਪਰ ਉਠ ਕੇ ਜੂਝਣ ਵਾਲੇ ਮਨੁੱਖ ਦੀਆਂ ਦੁਬਿਧਾਵਾਂ ਨੂੰ। |

| | |
|---|---|
| ਨਿੱਕੀ ਕਹਾਣੀ ਦੁਬਿਧਾਵਾਂ ਦੇ ਯਥਾਰਥ ਨੂੰ ਕੇਵਲ ਉਸ ਦੇ ਮਾਨਵੀ ਸੰਦਰਭ ਵਿਚ ਚਿਤ੍ਰਦੀ ਹੈ | ਨਾਵਲ ਇਤਿਹਾਸਕ ਸੰਦਰਭ ਵਿਚ' ਚਿਤਰਦਾ ਹੈ |
| ਕਹਾਣੀ ਇਕ ਹੀ ਭਾਵ/ਵਿਚਾਰ ਉਪਰ ਕੇਂਦਰਿਤ ਹੁੰਦੀ ਹੈ | ਇੱਕ ਨਾਵਲ ਵਿੱਚ ਅਕਸਰ ਕਈ ਮੁੱਖ ਪਾਤਰ, ਉਪ-ਪਲਾਟ, ਵਿਵਾਦ, ਦ੍ਰਿਸ਼ਟੀਕੋਣ ਅਤੇ ਮੋੜ ਸ਼ਾਮਲ ਹੁੰਦੇ ਹਨ. |
| ਕਹਾਣੀ ਵਿਚ ਪਾਤਰ ਦਾ ਕੋਈ ਇਕ ਪੱਖ ਹੀ ਉਘਾੜਿਆ ਜਾਂਦਾ ਹੈ | ਨਾਵਲ ਵਿਚ ਪਾਤਰ ਦੇ ਪੂਰਾ ਸਰੂਪ ਪੇਸ਼ ਕੀਤਾ ਜਾਂਦਾ ਹੈ |

## ਪੰਜਾਬੀ ਸਾਹਿਤ ਵਿਚ ਪ੍ਰਮੁੱਖ ਕਹਾਣੀਕਾਰ ਹਨ:

1.ਕੁਲਵੰਤ ਸਿੰਘ ਵਿਰਕ

2. ਵਰਿਆਮ ਸੰਧੂ

3.ਮੋਹਨ ਭੰਡਾਰੀ

4. ਪ੍ਰੇਮ ਪ੍ਰਕਾਸ਼

5. ਅਜੀਤ ਕੌਰ

### ਮਿੰਨੀ ਕਹਾਣੀ ਦੀ ਉਦਾਹਰਨ (ਰਾਮੇਸ਼ਵਰ ਕੰਬੋਜ ਹਿਮਾਂਸ਼ੁ)

## ਵੱਡਾਪਣ:

ਬਾਪੂ ਦੇ ਅਚਾਨਕ ਆ ਜਾਣ ਕਾਰਨ ਘਰਵਾਲੀ ਸੜ-ਭੁਜ ਗਈ, 'ਲਗਦੈ ਬੁੱਢੇ ਨੂੰ ਪੈਸਿਆਂ ਦੀ ਲੋੜ ਆ ਪਈ ਐ, ਨਹੀਂ ਤਾਂ ਕਿਹੜਾ ਆਉਣ ਵਾਲਾ ਸੀ । ਆਪਣੇ ਢਿੱਡ ਦਾ ਟੋਆ ਤਾਂ ਭਰਦਾ ਨਹੀਂ, ਘਰਦਿਆਂ ਦਾ ਖੂਹ ਕਿੱਥੋਂ ਭਰਾਂਗੇ ?'
ਮੈਂ ਨਜ਼ਰਾਂ ਚੁਰਾ ਕੇ ਦੂਜੇ ਪਾਸੇ ਵੇਖਣ ਲੱਗੈ । ਬਾਪੂ ਨਲਕੇ ਤੋਂ ਹੱਥ-ਮੂੰਹ ਧੋ ਕੇ ਰਾਹ ਦੀ ਥਕਾਵਟ ਦੂਰ ਕਰ ਰਿਹਾ ਸੀ । ਇਸ ਵਾਰ ਮੇਰਾ ਹੱਥ ਕੁਝ ਜ਼ਿਆਦਾ ਹੀ ਤੰਗ ਹੋ ਗਿਆ ਸੀ । ਵੱਡੇ ਮੁੰਡੇ ਨੂੰ ਬੂਟ ਚਾਹੀਦੇ ਹਨ । ਉਹ ਸਕੂਲ ਜਾਣ ਲੱਗਾ ਰੋਜ਼ ਬੁੜਬੁੜ ਕਰਦਾ ਹੈ । ਘਰਵਾਲੀ ਦੇ ਇਲਾਜ ਲਈ ਪੂਰੀ ਦਵਾਈ ਨਹੀਂ ਖਰੀਦੀ ਜਾ ਸਕੀ । ਬਾਪੂ ਨੇ ਵੀ ਹੁਣ ਹੀ ਆਉਣਾ ਸੀ ।
ਘਰ ਵਿਚ ਭਾਰੀ ਚੁੱਪ ਪਸਰੀ ਹੋਈ ਸੀ । ਰੋਟੀ ਖਾਣ ਮਗਰੋਂ ਬਾਪੂ ਨੇ ਮੈਨੂੰ ਕੋਲ ਬੈਠਣ ਦਾ ਇਸ਼ਾਰਾ ਕੀਤਾ । ਮੈਨੂੰ ਸ਼ੱਕ ਸੀ ਕਿ ਕੋਈ ਪੈਸਿਆਂ ਦਾ ਮਸਲਾ ਲੈ ਕੇ ਆਇਆ ਹੋਵੇਗੈ । ਬਾਪੂ ਕੁਰਸੀ ਤੇ ਢੋਅ ਲਾ ਕੇ ਬੈਠ ਗਿਆ, ਬਿਲਕੁਲ ਬੇਫ਼ਿਕਰ ।
"ਸੁਣ," ਕਹਿਕੇ ਉਸਨੇ ਮੇਰਾ ਧਿਆਨ ਆਪਣੇ ਵੱਲ ਖਿੱਚਿਆ । ਮੈਂ ਸਾਹ ਰੋਕ ਕੇ ਉਸ ਵੱਲ ਵੇਖਣ ਲੱਗਾ । ਨਸ-ਨਸ ਕੰਨ ਬਣ ਕੇ ਅਗਲਾ ਵਾਕ ਸੁਣਨ ਲਈ ਚੌਕਸ ਸੀ ।
ਬਾਪੂ ਬੋਲਿਆ, "ਖੇਤੀ ਦੇ ਕੰਮ ਵਿਚ ਬਿਲਕੁਲ ਵਿਹਲ ਨਹੀਂ ਮਿਲਦੀ । ਇਸ ਵੇਲੇ ਕੰਮ ਦਾ ਜ਼ੋਰ ਹੈ…ਰਾਤ ਦੀ ਗੱਡੀਓਂ ਈ ਵਾਪਸ ਜਾਊਂਗਾ । ਤਿੰਨ ਮਹੀਨਿਆਂ ਤੋਂ ਤੇਰੀ ਕੋਈ ਚਿੱਠੀ ਨਹੀਂ ਆਈ । ਜਦੋਂ ਤੂੰ ਪਰੇਸ਼ਾਨ ਹੁਨੈਂ, ਤਦ ਈ ਇੰਜ ਕਰਦੈਂ ।"
ਬਾਪੂ ਨੇ ਜੇਬ ਵਿੱਚੋਂ ਸੌ-ਸੌ ਦੇ ਦਸ ਨੋਟ ਕੱਢ ਕੇ ਮੇਰੇ ਵੱਲ ਕੀਤੇ, " ਰੱਖ ਲੈ । ਤੇਰੇ ਕੰਮ ਆ ਜਾਣਗੇ । ਝੋਨਾ ਚੰਗਾ ਹੋ ਗਿਆ ਸੀ । ਘਰੇ ਕੋਈ ਦਿੱਕਤ ਨਹੀਂ ਹੈ । ਤੂੰ ਬੜਾ ਕਮਜ਼ੋਰ ਲੱਗ ਰਿਹੈਂ । ਚੱਜ ਨਾਲ ਖਾਇਆ ਕਰ । ਵਹੁਟੀ ਦਾ ਵੀ ਖਿਆਲ ਰੱਖ ।"
ਮੈਂ ਕੁਝ ਨਾ ਬੋਲ ਸਕਿਆ । ਸ਼ਬਦ ਜਿਵੇਂ ਸੰਘ ਵਿਚ ਹੀ ਫਸ ਗਏ ਹੋਣ । ਮੈਂ ਕੁਝ ਕਹਿੰਦਾ, ਇਸ ਤੋਂ ਪਹਿਲਾਂ ਹੀ ਬਾਪੂ ਨੇ ਪਿਆਰ ਨਾਲ ਝਿੜਕਿਆ, " ਲੈ ਲੈ ! ਬਹੁਤ ਵੱਡਾ ਹੋ ਗਿਐਂ ਕੀ ?"

" ਨਹੀਂ ਤਾਂ," ਮੈਂ ਹੱਥ ਵਧਾਇਆ। ਬਾਪੂ ਨੇ ਰੁਪਏ ਮੇਰੀ ਤਲੀ ਉੱਤੇ ਰੱਖ ਦਿੱਤੇ। ਵਰ੍ਹਿਆਂ ਪਹਿਲਾਂ ਬਾਪੂ ਮੈਨੂੰ ਸਕੂਲ ਭੇਜਣ ਲਈ ਇਸੇ ਤਰ੍ਹਾਂ ਤਲੀ ਉੱਤੇ ਧੇਲੀ ਰੱਖ ਦਿਆ ਕਰਦਾ ਸੀ। ਪਰ ਉਸ ਵੇਲੇ ਮੇਰੀਆਂ ਨਜ਼ਰਾਂ ਅੱਜ ਵਾਂਗ ਨੀਵੀਆਂ ਨਹੀਂ ਹੁੰਦੀਆਂ ਸਨ।

**ਨਿੱਕੀ ਕਹਾਣੀ ਦੀ ਉਦਾਹਰਨ:**

**ਨੀਲੀ ( ਕਰਤਾਰ ਸਿੰਘ ਦੁੱਗਲ)**

'ਨੀਲੀ' ਰੰਗ ਦੀ ਗੋਰੀ ਸੀ, ਜਿਵੇਂ ਕੋਈ ਮੱਖਣ ਦੇ ਪੇੜੇ ਨੂੰ ਦੁੱਧ ਨਾਲ਼ ਧੋ ਕੇ ਰੱਖੇ।

ਸੋਹਣੀ, ਸਿਹਤਮੰਦ ਗਾਂ ਦਾ ਦੁੱਧ ਵੀ ਵਧੀਆ ਹੁੰਦਾ ਹੈ। ਗਵਾਲ਼ੇ ਦੇ ਢੇਰ ਸਾਰੇ ਡੰਗਰਾਂ ਵਿੱਚੋਂ ਚੁਣ ਕੇ ਮੇਰੀ ਤ੍ਰੀਮਤ ਨੇ ਨੀਲੀ ਨੂੰ ਪਸੰਦ ਕੀਤਾ ਸੀ। ਤੇ ਫੇਰ ਇਸੇ ਦੇ ਦੁੱਧ ਦਾ ਭਾਅ ਚੁਕਾਇਆ ਗਿਆ।

ਹਰ ਰੋਜ਼ ਸਵੇਰੇ ਗੁਆਲਾ ਨੀਲੀ ਨੂੰ ਸਾਡੇ ਲੈ ਆਉਂਦਾ ਤੇ ਸਾਹਮਣੇ ਮਹਿੰਦੀ ਦੇ ਬੂਟੇ ਹੇਠ ਖਲੋਤੀ ਉਹ ਗਾਗਰ ਭਰ ਕੇ ਤੁਰ ਜਾਂਦੀ।

ਹਰ ਰੋਜ਼ ਸਵੇਰੇ ਪਹਿਲੇ ਨੀਲੀ ਆਉਂਦੀ। ਫੇਰ ਗੁਆਲਾ ਆਉਂਦਾ... ਸਿਰ 'ਤੇ ਚਾਰੇ ਦੀ ਟੋਕਰੀ ਚੁੱਕੀ। ਨੀਲੀ ਦੇ ਸਾਹਮਣੇ ਚਾਰਾ ਰੱਖਦਾ, ਉਹਦੇ ਪਿੰਡੇ 'ਤੇ ਹੱਥ ਫੇਰਦਾ 'ਤੇ ਫੇਰ ਦੁੱਧ ਚੋਣ ਬੈਠ ਜਾਂਦਾ। ਫੇਰ ਗਾਗਰ ਵਿੱਚ ਧਾਰਾਂ ਦਾ ਸੰਗੀਤ ਸੁਣਾਈ ਦੇਣ ਲੱਗ ਪੈਂਦਾ।

ਜਿਤਨਾ ਚਿਰ ਗੁਆਲਾ ਦੁੱਧ ਚੋਂਦਾ ਰਹਿੰਦਾ, ਨੀਲੀ ਟੋਕਰੀ ਵਿੱਚੋਂ ਦਾਣਾ, ਵੜੇਵੇਂ, ਖਲ਼ੀ ਆਦਿ ਚਾਰਾ ਖਾਂਦੀ ਰਹਿੰਦੀ। ਦੁੱਧ ਦਾ ਭਾਅ ਚੁਕਾਣ ਵੇਲ਼ੇ ਇਸ ਤਰ੍ਹਾਂ ਦਾ ਚੰਗਾ ਚਾਰਾ ਖੁਆਣ ਦੀ ਵੀ ਸ਼ਰਤ ਤੈਅ ਹੋਈ ਸੀ ਤੇ ਕਦੀ-ਕਦੀ ਮੇਰੀ ਤ੍ਰੀਮਤ ਉਚੇਚਾ ਜਾ ਕੇ ਟੋਕਰੀ ਵਿੱਚ ਵੇਖ ਲੈਂਦੀ, ਗੁਆਲਾ ਆਪਣਾ ਇਕਰਾਰ ਪੂਰਾ ਕਰ ਰਿਹਾ ਸੀ ਕਿ ਨਹੀਂ। ਚੰਗੀ ਖ਼ੁਰਾਕ ਡੰਗਰ ਨੂੰ ਮਿਲ਼ੇ ਤੇ ਦੁੱਧ ਚੰਗਾ ਹੁੰਦਾ ਹੈ, ਵਿੱਚੋਂ ਮੱਖਣ ਚੋਖਾ ਨਿਕਲ਼ਦਾ ਹੈ।

ਹਰ ਰੋਜ਼ ਸਵੇਰੇ ਨੀਲੀ ਆਉਂਦੀ, ਤਾਵਲੀ-ਤਾਵਲੀ। ਕਦੀ ਮੈਂ ਸੋਚਦਾ ਉਸ ਨੂੰ ਮਸਾਲੇਦਾਰ ਚਾਰਾ ਖਾਣ ਦੀ ਕਾਹਲ਼ ਹੁੰਦੀ ਹੈ। ਕਦੀ ਮੈਂ ਸੋਚਦਾ ਉਸ ਨੂੰ ਦੁੱਧ ਦੇ ਕੇ ਸੁਰਖ਼ਰੂ ਹੋ ਜਾਣ ਦੀ ਖ਼ੁਸ਼ੀ ਹੁੰਦੀ ਹੈ।

ਨੀਲੀ ਨਿੱਤ ਆਉਂਦੀ। ਕਦੀ ਜਦੋਂ ਅਸੀਂ ਅਜੇ ਸਾ ਰਹੇ ਹੁੰਦੇ। ਕਦੀ ਜਦੋਂ ਅਸੀਂ ਸਾ ਕੇ ਉੱਠ ਰਹੇ ਹੁੰਦੇ। ਕਦੀ ਜਦੋਂ ਅਸੀਂ ਸਾ ਕੇ ਉੱਠ ਚੁੱਕੇ ਹੁੰਦੇ। ਮਲਕੜੇ ਆਉਂਦੀ, ਪਿੱਤਲ਼ ਦੀ ਗਾਗਰ ਵਿੱਚ ਧਾਰਾਂ ਦਾ ਨਗਮਾ ਛੇੜ ਕੇ ਤੁਰ ਜਾਂਦੀ। ਕਈ ਮਹੀਨੇ ਇੰਞ ਗੁਜ਼ਰ ਗਏ। ਫੇਰ ਇੱਕ ਰੋਜ਼ ਸੁਣਿਆ ਨੀਲੀ ਅੱਜ ਲੱਤ ਮਾਰ ਗਈ ਹੈ। ਨਵੀਂ ਹੋਈ ਨੂੰ ਵੀ ਤੇ ਕਿਤਨੇ ਦਿਨ ਹੋ ਚੁੱਕੇ ਸਨ।

ਬਹੁਤ ਦਿਨ, ਖ਼ੈਰ, ਸਾਨੂੰ ਨੀਲੀ ਦੀ ਉਡੀਕ ਨਹੀਂ ਕਰਨੀ ਪਈ। ਹੁਣ ਨੀਲੀ ਵੀ ਆਉਂਦੀ, ਪਿਛੇ ਨੀਲੀ ਦੀ ਵੱਛੀ ਵੀ ਆਉਂਦੀ। ਨਿਰੀ-ਪੁਰੀ ਨੀਲੀ ਦੀ ਸ਼ਕਲ। ਗੋਰਾ ਗੋਰਾ ਰੰਗ, ਮਲੂਕੜੀ ਜਿਹੀ ਚਮੜੀ, ਲੰਮੀ ਫੁੰਮਣਦਾਰ ਪੂਛ, ਸ਼ਰਮਾਕਲ-ਸ਼ਰਮਾਕਲ ਲੱਖ ਲਾਜਾਂ ਭਰੀਆਂ ਅੱਖੀਆਂ।

ਮੇਰੀ ਤ੍ਰੀਮਤ ਦੀ ਦੁੱਧ ਦੀ ਲੋੜ ਜਿਵੇਂ ਨੀਲੀ ਦੇ ਦੁੱਧ ਦੇਣ 'ਤੇ ਨਿਰਭਰ ਹੋ ਗਈ ਸੀ। ਜਿਤਨਾ ਨੀਲੀ ਇੱਕ ਵੇਲ਼ੇ ਦਾ ਦੁੱਧ ਦੇਂਦੀ ਸਾਰਾ ਅਸੀਂ ਖ਼ਰੀਦ ਲੈਂਦੇ। ਵਸੇਂ-ਵਸੇਂ ਕਿਸੇ ਹੋਰ ਡੰਗਰ ਦਾ ਦੁੱਧ ਸਾਡੇ ਘਰ ਨਹੀਂ ਵੜਦਾ ਸੀ। ਤੇ ਅੱਜ-ਕੱਲ ਮੇਰੀ ਤ੍ਰੀਮਤ ਮੁੜ- ਮੁੜ ਗੁਆਲੇ ਨੂੰ ਕਹਿੰਦੀ, "ਭੈੜਿਆ ਇਸ ਵੱਛੀ ਨੂੰ ਵੀ ਕੁਝ ਛੋੜਿਆ ਕਰ। ਬੜੀ ਵਧੀਆ ਗਾਂ ਬਣੇਗੀ।" ਪਰ ਗਵਾਲਾ ਆਪਣੀ ਮਰਜ਼ੀ ਕਰਦਾ। ਜਦੋਂ ਮੇਰੀ ਤ੍ਰੀਮਤ ਉਸ ਨੂੰ ਵੱਛੀ ਬਾਰੇ ਯਾਦ ਕਰਵਾਉਂਦੀ, ਉਹ ਨੱਕ ਵਿੱਚ ਕੁਝ ਗੁਣਗੁਣਾ ਛੱਡਦਾ।

ਕਿਉਂਕਿ ਵੱਛੀ ਦੇ ਮੂੰਹ ਮਾਰਨ 'ਤੇ ਨੀਲੀ ਦੁੱਧ ਲਾਹ ਲੈਂਦੀ ਸੀ, ਅੱਜ-ਕੱਲ੍ਹ ਗਵਾਲ਼ੇ ਨੇ ਮਸਾਲਾ ਹੀ ਲਿਆਣਾ ਬੰਦ ਕਰ ਛੱਡਿਆ ਸੀ। ਸਾਡੇ ਸ਼ਿਕਾਇਤ ਕਰਨ 'ਤੇ ਉਹ ਹਮੇਸ਼ਾਂ ਕਹਿੰਦਾ, ਉਹ ਮਸਾਲਾ ਬਕਾਇਦਾ ਖੁਆਂਦਾ ਸੀ, ਕੇਵਲ ਵਕਤ ਉਸ ਬਦਲ ਛੱਡਿਆ ਸੀ। ਸ਼ਾਮੀਂ ਤੂੜੀ ਨਾਲ਼ ਵੀ ਖੁਆ ਛੱਡਦਾ ਸੀ।

ਮੇਰੀ ਤ੍ਰੀਮਤ ਖਪਦੀ ਰਹਿੰਦੀ। ਇਸ ਗੱਲ 'ਤੇ ਖੱਪ-ਖੱਪ ਹਟਦੀ ਕਿ ਦੁੱਧ ਅੱਜ-ਕੱਲ੍ਹ ਪਾਣੀ ਵਰਗਾ ਸੀ ਤੇ ਕਦੀ ਇਸ ਗੱਲ 'ਤੇ ਖਪਣ ਲੱਗ ਪੈਂਦੀ ਕਿ ਗਵਾਲਾ ਵੱਛੀ ਲਈ ਚੂਲ਼ੀ ਦੁੱਧ ਦੀ ਨਹੀਂ ਬਚਾਂਦਾ ਸੀ ਤੇ ਵਿਚਾਰੀ ਬੇਜ਼ਬਾਨ ਹੱਡੀਆਂ ਦੀ ਮੁੱਠ ਨਿਕਲ਼ਦੀ ਆ ਰਹੀ ਸੀ। ਗਵਾਲਾ ਕਹਿੰਦਾ, "ਨੀਲੀ ਵੱਛੀ ਲਈ ਦੁੱਧ ਛੁਪਾ ਕੇ ਰੱਖ ਲੈਂਦੀ ਏ ਤੇ ਪਿੱਛੋਂ ਉਸ ਨੂੰ ਪਿਲ਼ਾਂਦੀ ਹੈ।" ਤੇ ਹਮੇਸ਼ਾਂ ਮੁੜ-ਮੁੜ ਥਣਾਂ ਨੂੰ ਧੁੱਸਾ ਮਾਰ ਰਹੀ ਵੱਛੀ ਵੱਲ ਇਸ਼ਾਰੇ ਕਰ-ਕਰ ਕੇ ਸਾਨੂੰ ਝੂਠਿਆਂ ਕਰਨ ਦੀ ਕੋਸ਼ਸ਼ ਕਰਦਾ।

ਅਖ਼ੀਰ ਉਹੀ ਗੱਲ ਹੋਈ। ਵੱਛੀ ਮਰ ਗਈ।

ਅਗਲੇ ਰੋਜ਼ ਗਵਾਲਾ ਨਿੱਕਾ ਜਿਹਾ ਮੂੰਹ ਲੈ ਕੇ ਆਇਆ। ਪਿਛਲੀ ਰਾਤ ਵੱਛੀ ਮਰ ਗਈ ਸੀ ਤੇ ਨੀਲੀ ਨੇ ਨਾ ਕੁਝ ਖਾਧਾ ਸੀ ਨਾ ਕੁਝ ਪੀਤਾ ਸੀ। ਇੱਕ ਦਿਨ ਦੁੱਧ ਦਾ ਨਾਗਾ ਹੋਣਾ ਸੀ।

ਮੇਰੀ ਤ੍ਰੀਮਤ ਦੰਦ ਕਰੀਚ ਕੇ ਰਹਿ ਗਈ। ਉਸ ਨੂੰ ਪਤਾ ਸੀ, ਗਵਾਲਾ ਵੱਛੀ ਨੂੰ ਜਾਣ ਕੇ ਮਾਰ ਰਿਹਾ ਸੀ। ਪਹਿਲੇ ਵੀ ਤੇ ਨੀਲੀ ਦਾ ਵੱਛਾ-ਵੱਛੀ ਕੋਈ ਨਹੀਂ ਸੀ। ਪਰ ਅੱਗੇ ਹੀ ਗਵਾਲੇ ਵਿਚਾਰੇ ਦਾ ਨੁਕਸਾਨ ਹੋ ਰਿਹਾ ਸੀ, ਖ਼ਬਰੇ ਗਾਂ ਉੱਕਾ ਹੀ ਲੱਤ ਮਾਰ ਜਾਏ, ਡੰਗਰ ਦਾ ਪਤਾ ਨਹੀਂ ਹੁੰਦਾ, ਤੇ ਅਸੀਂ ਚੁੱਪ ਕਰ ਰਹੇ। ਨਾਲ਼ੇ ਗਵਾਲੇ ਦੀਆਂ ਅੱਖੀਆਂ ਵਿੱਚ ਅੱਥਰੂ ਤਾਂ ਪਹਿਲੇ ਹੀ ਡੁਲ੍ਹੂੰ-ਡੁਲ੍ਹੂੰ ਪਏ ਕਰਦੇ ਸਨ।

"ਚੂਲ਼ੀ ਦੁਧ ਬਚਾਣ ਲਈ ਭੈੜੇ ਨੇ ਵੱਛੀ ਗੁਆ ਲਈ ਏ।" ਗਵਾਲਾ ਜਦੋਂ ਮੁੜਿਆ, ਮੇਰੀ ਤ੍ਰੀਮਤ ਆਪਣੇ ਹੋਠਾਂ ਵਿੱਚ ਬੁੜਬੁੜਾ ਰਹੀ ਸੀ।

ਅਗਲੇ ਰੋਜ਼ ਸਵੇਰੇ ਮੈਂ ਵੇਖਿਆ, ਕੋਠੀ ਦੇ ਸਾਹਮਣੇ ਗੇਟ ਦੇ ਬਾਹਰ ਨੀਲੀ ਆ ਕੇ ਖੜੋ ਗਈ। ਪਿੱਛੇ-ਪਿੱਛੇ ਗਵਾਲਾ ਆ ਰਿਹਾ ਸੀ। ਉਹਦੇ

ਸਿਰ 'ਤੇ ਮਸਾਲੇ ਦੀ ਟੋਕਰੀ ਸੀ । ਅਕਸਰ ਸਵੇਰੇ ਜਦੋਂ ਨੀਲੀ ਇੰਞ ਆਂਦੀ, ਧੁੱਸ ਮਾਰ ਕੇ ਗੇਟ ਨੂੰ ਖੋਲ੍ਹ ਲੈਂਦੀ ਸੀ । ਅੱਜ ਚੁਪਾਤੇ ਜਿਹੇ ਆ ਕੇ ਗੇਟ ਦੇ ਬਾਹਰ ਖੜ੍ਹੋ ਗਈ । ਅਕਸਰ ਜੇ ਕਦੀ ਗੇਟ ਬੰਦ ਹੁੰਦਾ ਤਾਂ ਉਹ ਆਪਣੇ ਸਿੰਗਾਂ ਨਾਲ਼ ਗੇਟ ਨੂੰ ਖੜਕਾਉਣ ਲੱਗ ਪੈਂਦੀ ਸੀ । ਅੱਜ ਉਸ ਨੇ ਇੰਞ ਨਹੀਂ ਕੀਤਾ । ਵੀਰਾਨ-ਵੀਰਾਨ ਭਰਵੱਟਿਆਂ ਹੇਠ ਉਦਾਸ ਅੱਖੀਆਂ, ਉਹ ਨਿੰਮੋਝੂਣ ਆ ਕੇ ਖਲੋ ਗਈ ।

ਤਾਵਲਾ-ਤਾਵਲਾ ਗਵਾਲਾ ਆਇਆ । ਉਸ ਗੇਟ ਖੋਲ੍ਹਿਆ । ਉਹਦੇ ਪਿੱਛੇ ਨੀਲੀ ਆਈ । ਗਿਣ-ਗਿਣ ਕੇ ਕਦਮ ਰੱਖ ਰਹੀ ਸੀ ।

ਬਰਾਂਡੇ ਵਿੱਚ ਮੈਂ ਖਲੋਤਾ ਸਾਂ । ਕੋਲ਼ ਮੇਰੇ ਮੇਰੀ ਤ੍ਰੀਮਤ ਖਲੋਤੀ ਸੀ । ਮੇਰੀ ਤ੍ਰੀਮਤ ਦੇ ਕੁਛੜ ਸਾਡੀ ਬੱਚੀ ਸੀ, ਹੁਮਲੀਆਂ ਭਰ ਰਹੀ, ਉੱਛਲ਼-ਉੱਛਲ਼ ਪੈ ਰਹੀ ਕਿਲਕਾਰੀਆਂ ਮਾਰ ਰਹੀ ।

ਮਹਿੰਦੀ ਦੇ ਬੂਟੇ ਹੇਠ ਗਵਾਲੇ ਨੇ ਮਸਾਲੇ ਦੀ ਟੋਕਰੀ ਲਿਆ ਰੱਖੀ ਤੇ ਉਹ ਹੱਥ ਮਾਰ ਕੇ ਖਲ਼ੀ ਦੀ ਖੱਟੀ-ਖੱਟੀ ਖ਼ੁਸ਼ਬੂ ਨੂੰ ਖਿਲਾਰਨ ਲੱਗ ਪਿਆ । ਨੀਲੀ ਅਜੇ ਵੀ ਨਹੀਂ ਪਹੁੰਚੀ ਸੀ । ਫ਼ਿਕਰਾਂ ਵਿੱਚ ਗੜੂੰਦ, ਉੱਖੜੇ-ਉੱਖੜੇ ਕਦਮ, ਬੇਦਿਲੇ- ਬੇਦਿਲੇ ਪੈਰ ਉਹ ਆ ਰਹੀ ਸੀ । ਮਹਿੰਦੀ ਹੇਠ ਆ ਕੇ ਖੜ੍ਹੋ ਗਈ । ਉਸ ਟੋਕਰੀ ਵੱਲ ਵੇਖਿਆ ਤੱਕ ਨਹੀਂ । ਗਵਾਲੇ ਨੇ ਮਸਾਲੇ ਵਿੱਚ ਫੇਰ ਆਪਣੀ ਬਾਂਹ ਫੇਰੀ ਤੇ ਟੋਕਰੀ ਨੂੰ ਉਛਾਲ਼ ਕੇ ਵੜੇਵਿਆਂ ਨੂੰ ਵਿਖਾਇਆ, ਦਾਣੇ ਨੂੰ ਵਿਖਾਇਆ । ਇਸ ਵਾਰ ਖਲ਼ੀ ਦੀ ਖ਼ੁਸ਼ਬੂ ਸਾਡੇ ਤੱਕ ਬਰਾਂਡੇ ਵਿੱਚ ਵੀ ਆਈ । ਨੀਲੀ ਅੱਗੇ ਹੋਈ । ਫੇਰ ਰੁਕ ਗਈ । ਫੇਰ ਅੱਗੇ ਹੋਈ । ਮੁੜ ਉਸ ਮੂੰਹ ਮੋੜ ਲਿਆ । ਕਿਤਨਾ ਚਿਰ ਜਿਵੇਂ ਸੋਚਦੀ ਰਹੀ, ਸੋਚਦੀ ਰਹੀ । ਸਾਹਮਣੇ ਟੋਕਰੀ ਵਿੱਚ ਪੀਲ਼ਾ-ਪੀਲ਼ਾ ਦਾਣਾ ਸੀ, ਇੱਧਰੋਂ ਖਾਓ ਉੱਧਰ ਹਜ਼ਮ ਹੋ ਜਾਏ । ਨਾਲ਼ੇ ਖਲ਼ੀ ਖਾਓ ਤੇ ਭੁੱਖ ਕਿਤਨੀ ਲੱਗਦੀ ਏ । ਪਰ ਅੱਜ ਨੀਲੀ ਤੋਂ ਕੁਝ ਖਾਧਾ ਨਹੀਂ ਸੀ ਜਾ ਰਿਹਾ । ਗਵਾਲਾ ਨੀਲੀ ਦੇ ਸਿਰ 'ਤੇ ਹੱਥ ਫੇਰਨ ਲੱਗ ਪਿਆ, ਮੂੰਹ ਨਾਲ਼ ਉਹਨੂੰ ਪੁਚਕਾਰਨ ਲੱਗ ਪਿਆ । ਕਿਤਨਾ ਚਿਰ ਇੰਞ ਕਰਦਾ ਰਿਹਾ । ਟੋਕਰੀ ਕੋਲ਼ ਬੈਠ ਕੇ ਉਸ ਫਿਰ ਹੱਥ ਫੇਰਿਆ । ਖਲ਼ੀ ਦੀ ਖ਼ੁਸ਼ਬੂ ਫੇਰ ਉੱਠੀ । ਨੀਲੀ ਦੀ ਜਿਵੇਂ ਅਬੜਵਾਹੇ ਗਰਦਨ ਉਸ ਪਾਸੇ ਮੁੜ ਗਈ । ਆਪ ਹੀ ਆਪ ਉਸ ਦਾ ਕਦਮ ਜਿਵੇਂ ਅੱਗੇ ਪਿਆ ਤੇ ਉਸ ਟੋਕਰੀ ਵਿੱਚ ਆਪਣੀ ਥੂਥਣੀ ਨੂੰ ਛੱਡ ਦਿੱਤਾ । ਕਿਤਨਾ ਚਿਰ ਇੰਞ ਉਹਦਾ ਮੂੰਹ ਮਸਾਲੇ ਵਿੱਚ ਪਿਆ ਰਿਹਾ । ਪਰ ਨੀਲੀ ਤੋਂ ਕੁਝ ਖਾਧਾ ਨਹੀਂ ਗਿਆ । ਅੱਜ ਨੀਲੀ ਤੋਂ ਕੁਝ ਨਹੀਂ ਖਾਧਾ ਜਾ ਰਿਹਾ ਸੀ ਤੇ ਫੇਰ ਨੀਲੀ ਨੇ ਆਪਣੀ ਥੂਥਣੀ ਨੂੰ ਚੁੱਕ ਲਿਆ, ਗਰਦਨ ਨੂੰ ਟੋਕਰੀ ਵੱਲੋਂ ਮੋੜ ਲਿਆ ਤੇ ਜਿਵੇਂ ਉੱਧਰ ਕੰਡ ਕਰ ਕੇ ਖਲੋ ਗਈ ।

ਪਰੇਸ਼ਾਨ-ਪਰੇਸ਼ਾਨ ਨਜ਼ਰਾਂ, ਗਵਾਲੇ ਨੇ ਸਾਡੇ ਵੱਲ ਵੇਖਿਆ ਤੇ ਬੇਵੱਸ ਟੋਕਰੀ ਨੂੰ ਸਿਰ 'ਤੇ ਚੁੱਕੀ ਉਹ ਮੁੜ ਪਿਆ । ਪਿੱਛੇ-ਪਿੱਛੇ ਉਹਦੇ ਨੀਲੀ ਤੁਰ ਪਈ । "ਚੂਲ਼ੀ ਦੁਧ ਬਚਾਣ ਲਈ ਭੈੜੇ ਨੇ ਵੱਛੀ ਗਵਾ ਲਈ ਹੈ ।" ਮੇਰੀ ਤ੍ਰੀਮਤ ਨੇ ਆਪਣੇ ਹੋਠਾਂ ਵਿੱਚ ਮੁੜ ਬੁੜਬੁੜਾਇਆ ਤੇ ਫੇਰ ਅੰਦਰ ਨੌਕਰ ਨੂੰ ਕਹਿਣ ਤੁਰ ਗਈ ਕਿ ਡੇਰੀ ਤੋਂ ਜਾ ਕੇ ਉਹ ਦੁੱਧ ਲੈ ਆਵੇ ।

ਸਾਡੀ ਬੱਚੀ ਹੁਣ ਮੇਰੀ ਛਾਤੀ ਨਾਲ਼ ਲੱਗੀ ਹੋਈ ਸੀ ਤੇ ਬਰਾਂਡੇ ਵਿੱਚ ਟਹਿਲਦਾ ਮੈਂ ਦੂਰ ਸੜਕ 'ਤੇ ਅੱਗੇ-ਅੱਗੇ ਗਵਾਲੇ ਨੂੰ ਜਾਂਦਾ ਵੇਖ ਰਿਹਾ ਸਾਂ । ਉਹਦੇ ਪਿੱਛੇ ਨੀਲੀ ਸੀ, ਜਿਵੇਂ ਕੋਈ ਹਨੇਰੇ ਵਿੱਚ ਗਰੋਲੇ ਦਿੰਦਾ ਰਾਹ ਟੋਲਦਾ ਜਾ ਰਿਹਾ ਹੋਵੇ ।

"ਨਾਲ਼ੇ ਡੇਅਰੀ ਤੋਂ ਗਊ ਦਾ ਤਨਕ ਗੋਹਾ ਵੀ ਲੈ ਆਵੀਂ, ਕੱਲ੍ਹ ਸੰਗਰਾਂਦ ਏ, ਚਾਕਾ ਲਿੰਬਣਾ ਹੋਵੇਗਾ ।" ਮੇਰੀ ਤ੍ਰੀਮਤ ਅੰਦਰ ਨੌਕਰ ਨੂੰ ਸਮਝਾ ਰਹੀ ਸੀ ।

ਤੇ ਮੈਂ ਅਜੇ ਵੀ ਦੂਰ ਸੜਕ 'ਤੇ ਜਾ ਰਹੀ ਨੀਲੀ ਵੱਲ ਵੇਖ ਰਿਹਾ ਸਾਂ । ਜਿਵੇਂ ਪੇਤਲੇ ਪਾਣੀ ਵਿੱਚ ਸੁੱਕੀ ਗੇਲੀ ਡਿੱਕਡੋਲੇ ਖਾਂਦੀ ਹੈ । ਜਿਵੇਂ ਬਿਖਰੇ ਪੈਂਡਿਆਂ ਵਿੱਚ ਅਣਿਖ਼ਆਲਿਆ ਹੰਝੂ । ਕੱਟੀ ਹੋਈ ਗੁੱਡੀ ਵਾਂਗ ਜਿਵੇਂ ਢਹਿਣ-ਢਹਿਣ ਕਰ ਰਹੀ ਹੋਵੇ । ਉਹ ਅੱਖੀਉਂ ਉਹਲੇ ਹੋ ਰਹੀ ਸੀ । ਤੇਜ਼-ਤੇਜ਼ ਆ-ਜਾ ਰਹੇ ਲੋਕਾਂ ਵਿੱਚ ਗੁੰਮਦੀ ਜਾ ਰਹੀ ਸੀ । ਸੜਕ 'ਤੇ ਕਈ ਲੋਕੀਂ ਕਿਤਨੇ ਤੇਜ਼ ਤੁਰਦੇ ਹਨ ।

ਅਗਲੇ ਰੋਜ਼ ਅਜੇ ਮੂੰਹ-ਝਾਖੜਾ ਹੀ ਸੀ ਕਿ ਮੈਂ ਵੇਖਿਆ, ਸਾਹਮਣੇ ਕੋਠੀ ਦਾ ਗੇਟ ਖੁੱਲ੍ਹਿਆ । ਅੱਗੇ-ਅੱਗੇ ਗਵਾਲਾ ਸੀ, ਸਿਰ 'ਤੇ ਮਸਾਲੇ ਦੀ ਟੋਕਰੀ ਚੁੱਕੀ ਤੇ ਉਹਦੇ ਪਿੱਛੇ-ਪਿੱਛੇ ਨੀਲੀ ਸੀ । ਮੂੰਹ ਚੁੱਕੀ ਜਿਵੇਂ ਖਲ਼ੀ ਦੀ ਖੱਟੀ ਖ਼ੁਸ਼ਬੂ ਸੁੰਘ ਰਹੀ ਹੋਵੇ । ਮੈਂ ਸੋਚਿਆ ਗਵਾਲੇ ਨੇ ਮੈਦਾਨ ਮਾਰ ਲਿਆ ਹੈ ਤੇ ਉਹੀ ਗੱਲ ਹੋਈ, ਮਹਿੰਦੀ ਦੇ ਰੁੱਖ ਥੱਲੇ ਉਸ ਆ ਕੇ ਟੋਕਰੀ ਰੱਖੀ ਹੀ ਸੀ ਕਿ ਨੀਲੀ ਅੱਗੇ ਵਧ ਕੇ ਟੋਕਰੀ ਵਿੱਚ ਮੂੰਹ ਮਾਰਨ ਲੱਗ ਪਈ । ਕੁਝ ਚਿਰ ਉਸ ਨੂੰ ਇੰਞ ਮਸਾਲਾ ਖਾਂਦੀ ਨੂੰ ਵੇਖ ਗਵਾਲਾ ਗਾਗਰ ਫੜ ਨੀਲੀ ਕੋਲ਼ ਬੈਠ ਗਿਆ ।

ਨੀਲੀ ਪਰੇ ਹੋ ਗਈ ।

ਗਵਾਲ਼ੇ ਨੇ ਮੁੜ ਕੇ ਉਹਦੇ ਮੂੰਹ ਵੱਲ ਵੇਖਿਆ । ਟੋਕਰੀ ਵਿੱਚ ਮੂੰਹ ਦਿੱਤੀ ਮਸਾਲਾ ਤੇ ਖਾ ਰਹੀ ਸੀ । ਗਵਾਲਾ ਫੇਰ ਨੀਲੀ ਵੱਲ ਜ਼ਰਾ ਖਿਸਕਿਆ । ਨੀਲੀ ਹੋਰ ਪਰੇ ਹੋ ਗਈ ।

ਗਵਾਲਾ ਹਾਰ ਕੇ ਉੱਠ ਖਲੋਤਾ ।

ਨੀਲੀ ਮਸਾਲੇ ਦੀ ਟੋਕਰੀ ਵਿੱਚ ਆਪਣੀ ਥੂਥਣੀ ਜਮਾਈ, ਹੌਲ਼ੇ-ਹੌਲ਼ੇ ਮਸਾਲਾ ਖਾਂਦੀ ਜਾ ਰਹੀ ਸੀ । ਤਿੰਨ ਦਿਨ ਦੀ ਭੁੱਖੀ ਸੀ ।

ਗਵਾਲਾ ਉਹਦੇ ਪਿੰਡੇ 'ਤੇ ਹੱਥ ਫੇਰਨ ਲੱਗ ਪਿਆ । ਕਿਤਨਾ ਚਿਰ ਲਾਡ ਨਾਲ਼ ਉਹਦੀ ਪਿੱਠ 'ਤੇ ਆਪਣੇ ਪੋਟਿਆਂ ਨੂੰ ਫੇਰਦਾ ਰਿਹਾ । ਵਿੱਚ-ਵਿੱਚ ਮੂੰਹ ਨਾਲ਼ ਉਹਨੂੰ ਪੁਚਕਾਰਨ ਵੀ ਲੱਗ ਜਾਂਦਾ । ਮੁੜ-ਮੁੜ ਉਹਨੂੰ ਨੀਲ, ਨੀਲ ਕਹਿ ਕੇ ਬੁਲਾਂਦਾ । ਕੋਈ ਪੰਜ ਮਿੰਟ ਉਹ ਇੰਞ ਕਰਦਾ ਰਿਹਾ ।

ਫੇਰ ਗਵਾਲਾ ਪੋਲੇ ਜਿਹੇ ਨੀਲੀ ਥੱਲੇ ਬੈਠ ਗਿਆ । ਹੁਣ ਨੀਲੀ ਮਸਾਲਾ ਜ਼ਰਾ ਤੇਜ਼ੀ ਨਾਲ਼ ਖਾ ਰਹੀ ਸੀ । ਉਹ ਹਿੱਲੀ ਨਹੀਂ । ਇੱਕ ਨਜ਼ਰ ਉਹਦੇ ਮੂੰਹ ਵੱਲ ਵੇਖ ਕੇ ਗਵਾਲੇ ਨੇ ਨੀਲੀ ਦੇ ਥਣਾਂ ਵੱਲ ਹੱਥ ਵਧਾਇਆ । ਨੀਲੀ ਲੱਤ ਛੰਡ ਕੇ ਪਰੇ ਹੋ ਗਈ ।

ਗਵਾਲਾ ਫੇਰ ਆਪਣਾ ਜਿਹਾ ਮੂੰਹ ਲੈ ਕੇ ਉੱਠ ਖੜ੍ਹੋਤਾ । ਮਸਾਲਾ ਤੇ ਖਾਂਦੀ ਜਾ ਰਹੀ ਸੀ, ਪਰ ਦੁੱਧ ਦਾ ਨਾਂ ਨਹੀਂ ਲੈਣ ਦਿੰਦੀ ਸੀ । ਗਵਾਲਾ ਅੱਗੇ ਹੋ ਕੇ ਨੀਲੀ ਦੇ ਨਿੱਕੇ- ਨਿੱਕੇ ਸਿੰਗਾਂ ਨੂੰ ਸਹਿਲਾਣ ਲੱਗ ਪਿਆ । ਫੇਰ ਉਹਦੀ ਲੰਮੀ ਗਰਦਨ ਨੂੰ ਆਪਣੀਆਂ ਉਂਗਲ਼ੀਆਂ ਨਾਲ਼ ਪਲੋਸਣ ਲੱਗ

ਪਿਆ। ਕਿਤਨਾ ਚਿਰ ਇੰਞ ਕਰਦਾ ਰਿਹਾ। ਗਰਦਨ ਨੂੰ ਲਡਿਆਂਦਾ-ਲਡਿਆਂਦਾ, ਗਵਾਲਾ ਪਿੱਠ 'ਤੇ ਪੋਲੇ- ਪੋਲੇ ਹੱਥ ਫੇਰਨ ਲੱਗ ਪਿਆ, ਪਿੱਠ 'ਤੇ ਹੱਥ ਫੇਰਦਾ ਉਹ ਨੀਲੀ ਦੀ ਪੂਛ ਨਾਲ਼ ਖੇਡਦਾ ਰਿਹਾ। ਇੰਞ ਪਿਆਰਦਾ ਫੇਰ ਉਹ ਮਲਕਣੇ ਹੀ ਨੀਲੀ ਹੇਠ ਬੈਠ ਗਿਆ। ਕਿਤਨਾ ਚਿਰ ਬੈਠ ਪੂਛ ਨੂੰ ਮਲ਼ਦਾ ਰਿਹਾ। ਨੀਲੀ ਦੀਆਂ ਪਿਛਲੀਆਂ ਟੰਗਾਂ ਤੇ ਗੋਹੇ ਦੀਆਂ ਛਿੱਟਾਂ ਨੂੰ ਪੋਟਿਆਂ ਨਾਲ ਲਾਂਹਦਾ ਰਿਹਾ ਤੇ ਫੇਰ ਉਸ ਭਗਵਾਨ ਦਾ ਨਾਂ ਲੈ ਉਹਦੇ ਇੱਕ ਥਣ ਨੂੰ ਪੋਲੇ ਜਿਹੇ ਫੜਿਆ। ਨੀਲੀ ਨੇ ਤ੍ਰਭਕ ਕੇ ਜ਼ੋਰ ਦੀ ਲੱਤ ਛੰਡੀ ਤੇ ਫੁੰਕਾਰਦੀ ਹੋਈ ਪਰੇ ਹਟ ਗਈ। ਗਵਾਲਾ ਕ੍ਰੋਧ ਵਿੱਚ ਉੱਠਿਆ। ਇੱਕ ਨਜ਼ਰ ਉਸ ਨੀਲੀ ਵੱਲ ਵੇਖਿਆ। ਉਹਦੀਆਂ ਨਜ਼ਰਾਂ ਵਿੱਚ ਗ਼ਜ਼ਬ ਸੀ। ਇੱਕ ਸਾਹ ਨੀਲੀ ਮਸਾਲੇ ਨੂੰ ਖਾ ਰਹੀ ਸੀ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ।

ਤੇ ਗਵਾਲੇ ਨੇ ਅੱਗੇ ਵਧ ਕੇ ਮਸਾਲੇ ਦੀ ਟੋਕਰੀ ਨੂੰ ਖੋਹ ਲਿਆ। ਤੇ ਉਸ ਨੂੰ ਸਿਰ 'ਤੇ ਰੱਖ ਤੇਜ਼-ਤੇਜ਼ ਕਦਮ ਮੁੜ ਤੁਰਿਆ। ਨੀਲੀ ਉੱਥੇ ਦੀ ਉੱਥੇ ਖਲੋਤੀ ਗਰਦਨ ਮੋੜ ਗਵਾਲੇ ਨੂੰ ਵੇਖਣ ਲੱਗ ਪਈ। ਉਹ ਤੇ ਮਸਾਲੇ ਦੀ ਟੋਕਰੀ ਚੁੱਕੀ ਵਾਹੋ-ਦਾਹੀ ਜਾ ਰਿਹਾ ਸੀ। ਦੂਰ ਕੋਠੀ ਦੇ ਗੇਟ ਕੋਲ਼ ਜਦੋਂ ਉਹ ਪੁੱਜਾ, ਨੀਲੀ ਉੜੀਕੀ, ਜਿਵੇਂ ਉਸ ਨੂੰ ਬੁਲਾ ਰਹੀ ਹੋਵੇ। ਗਵਾਲੇ ਨੇ ਪ੍ਰਵਾਹ ਨਹੀਂ ਕੀਤੀ। ਜਦੋਂ ਹੱਥ ਵਧਾ ਕੇ ਉਹ ਗੇਟ ਨੂੰ ਖੋਲ੍ਹਣ ਲੱਗਾ, ਨੀਲੀ ਨੇ ਫੇਰ ਉੜੀਕ ਕੇ ਜਿਵੇਂ ਉਹਨੂੰ ਬੁਲਾਇਆ। ਗਵਾਲਾ ਗੁੱਸੇ ਵਿੱਚ ਕੋਠੀ ਤੋਂ ਬਾਹਰ ਚਲਾ ਗਿਆ।

ਕਿਤਨਾ ਚਿਰ ਉਂਞ ਹੀ ਉਂਞ ਮਹਿੰਦੀ ਹੇਠ ਖਲੋਤੀ, ਬੂਥੀ ਚੁੱਕੀ ਨੀਲੀ ਗੇਟ ਵੱਲ ਵੇਖਦੀ ਰਹੀ, ਜਿਵੇ ਗਵਾਲੇ ਨੂੰ ਉਡੀਕ ਰਹੀ ਹੋਵੇ। ਵਿੱਚ-ਵਿੱਚ ਨੀਲੀ ਕਦੀ-ਕਦੀ ਉੜੀਕਦੀ ਜਿਵੇਂ ਗਵਾਲੇ ਨੂੰ ਅਵਾਜ਼ਾਂ ਦੇ ਰਹੀ ਹੋਵੇ। ਜਿਵੇ ਨੀਲੀ ਉਹਨੂੰ ਕਹਿ ਰਹੀ ਹੋਵੇ.. ਮੇਰੇ ਮਾਲਕ! ਤੈਨੂੰ ਕਿਉਂ ਨਹੀਂ ਸਮਝ ਆਉਂਦੀ ਅਜੇ ਤੇ ਦੋ ਦਿਨ ਨਹੀਂ ਹੋਏ ਮੇਰੀ ਬੱਚੀ ਨੂੰ ਮੋਇਆਂ? ਮੇਰੀ ਕੁੱਖੋਂ ਜਾਈ ਮੈਥੋਂ ਖੋਹ ਲਈ ਗਈ ਹੋ। ਮੇਰੀ ਆਂਦਰ! ਹਾਏ ਉਹਦੀ ਯਾਦ ਵਿਸਾਰਿਆਂ ਨਹੀਂ ਵਿਸਰਦੀ। ਇਸ ਪੇਟ ਭੈੜੇ ਦਾ ਕੀ ਕਰਾਂ। ਇਸ ਵਿੱਚ ਤੇ ਝੁਲਕਾ ਪਾਣਾ ਹੀ ਹੋਇਆ। ਅੱਜ ਤਿੰਨ ਦਿਨਾਂ ਦੀ ਮੈਂ ਭੁੱਖੀ-ਭਾਣੀ ਡਿੱਕਡੋਲੇ ਪਈ ਖਾਂਦੀ ਹਾਂ। ਤੈਨੂੰ ਕਿਉਂ ਸਮਝ ਨਹੀਂ ਆਉਂਦੀ, ਇਹਨਾਂ ਥਣਾਂ ਨੂੰ ਮੇਰੀ ਲਾਡਲੀ ਦੇ ਪੋਲੇ-ਪੋਲੇ ਹੋਂਠ ਜਦੋਂ ਲਗਦੇ ਸਨ ਤੇ ਆਪਣੇ- ਆਪ ਹੀ ਮੇਰਾ ਦੁੱਧ ਲਹਿ ਆਉਂਦਾ ਸੀ? ਇੰਞ ਧੁੱਸਾਂ ਮਾਰਦੀ ਸੀ ਲਾਡ ਵਿੱਚ ਉਹ ਮੇਰੀ ਖੀਰੀ ਨੂੰ, ਤੈਨੂੰ ਨਹੀਂ ਪਤਾ, ਮਾਂ ਬੱਚੇ ਦਾ ਕੀ ਰਿਸ਼ਤਾ ਹੁੰਦਾ ਹੈ? ਮੈਂ ਨਹੀਂ ਕਹਿੰਦੀ ਕਿ ਮੈਂ ਉਸ ਨੂੰ ਭੁੱਲਾਂਗੀ ਨਹੀਂ। ਮੈਂ ਉਸ ਨੂੰ ਭੁੱਲ ਜਾਵਾਂਗੀ। ਮੈਂ ਨਹੀਂ ਕਹਿੰਦੀ ਮੈਂ ਹਮੇਸ਼ਾਂ ਦੁੱਧ ਨਹੀਂ ਦਿਆਂਗੀ। ਮੈਂ ਦੁੱਧ ਦਿਆਂਗੀ। ਪਰ ਕੁਝ ਚਿਰ ਹੋਰ ਤੂੰ ਸਬਰ ਕਰ ਲੈ। ਖ਼ਬਰੇ ਇੱਕ ਦਿਨ ਹੀ ਹੋਰ। ਤੇ ਫੇਰ ਮੈਂ ਆਪਣੇ ਦਿਲ ਦੇ ਟੁਕੜੇ ਨੂੰ ਭੁੱਲ ਜਾਵਾਂਗੀ। ਫੇਰ ਮੈਨੂੰ ਆਪਣਾ ਲਾਂਭ-ਚਾਂਭ ਖ਼ਾਲੀ-ਖ਼ਾਲੀ ਨਹੀਂ ਲੱਗੇਗਾ। ਅੱਗੇ-ਪਿੱਛੇ ਮੈਨੂੰ ਇਹ ਹਨੇਰਾ-ਹਨੇਰਾ ਨਹੀਂ ਮਹਿਸੂਸ ਹੋਵੇਗਾ। ਤੇ ਫੇਰ ਮਸਾਲਾ ਖਾਂਦੀ ਆਪਣੇ ਧਿਆਨ ਮੈਂ ਦੁੱਧ ਲਾਹ ਦਿਆ ਕਰਾਂਗੀ। ਮੈਂ ਹੁਣ ਦੁੱਧ ਨੂੰ ਕੀ ਕਰਨਾ ਏ? ਦੁਧ ਪੀਣ ਵਾਲ਼ੀ ਤੇ ਮੇਰੀ ਤੁਰ ਗਈ। ਤੂੰ ਮੁੜ ਆ, ਇੰਞ ਮੈਨੂੰ ਭੁੱਖਾ ਨਾ ਮਾਰ। ਅੱਗੇ ਥੋੜ੍ਹਾ ਮੇਰੇ ਨਾਲ ਅਨਿਆਂ ਹੋਇਆ ਏ ਤੂੰ ਮੁੜ ਆ, ਮੇਰੇ ਮਾਲਕ....

ਕਿਤਨਾ ਚਿਰ ਮਹਿੰਦੀ ਹੇਠ ਉਂਞ ਦੀ ਉਂਞ ਖੜੋਤੀ ਨੀਲੀ ਕੋਠੀ ਦੇ ਗੇਟ ਵੱਲ ਵੇਖਦੀ ਰਹੀ, ਵੇਖਦੀ ਰਹੀ। ਗਵਾਲਾ ਨਹੀਂ ਮੁੜਿਆ।

*******************************************************

**ਖੱਬਲ**

ਇਹ ਕਹਾਣੀ ਪਾਕਿਸਤਾਨ ਦੀ ਹੈ।

ਪਾਕਿਸਤਾਨ ਬਣੇ ਨੂੰ ਅਜੇ ਤਿੰਨ ਚਾਰ ਮਹੀਨੇ ਹੀ ਹੋਏ ਸਨ। ਇਥੇ ਹਰ ਸ਼ੈ ਉਖੜੀ ਉਖੜੀ ਲਗਦੀ ਸੀ। ਥਾਣਿਆਂ, ਚੌਕੀਆਂ ਵਿਚ ਸਾਮਾਨ ਦੇ ਢੇਰ ਲੱਗੇ ਹੋਏ ਸਨ। ਟਰੰਕ, ਪਲੰਘ, ਪੰਘੂੜੇ, ਮੇਜ਼, ਸੋਫ਼ਾ ਸੈੱਟ, ਤਸਵੀਰਾਂ ਸਭ ਆਪੋ ਆਪਣੀਆਂ ਥਾਵਾਂ ਤੋਂ ਉਖੜ ਕੇ ਥਾਣੇ ਆ ਗਈਆਂ ਸਨ। ਭਲਾ ਪੰਘੂੜਿਆਂ ਤੇ ਤਸਵੀਰਾਂ ਦਾ ਥਾਣਿਆਂ ਵਿਚ ਕੀ ਕੰਮ? ਕਦੀ ਇਹਨਾਂ ਦੀ ਘਰਾਂ ਵਿਚ ਕੋਈ ਖ਼ਾਸ ਥਾਂ ਹੋਣੀ ਏਂ। ਉਸ ਵੇਲੇ ਘਰ ਵਾਲਿਆਂ ਦਾ ਖ਼ਿਆਲ ਹੋਣਾ ਏਂ ਕਿ ਜੇ ਇਹ ਉਸ ਥਾਂ ਤੋਂ ਬਿਨਾ ਕਿਸੇ ਹੋਰ ਥਾਂ ਰੱਖੇ ਜਾਣ ਤਾਂ ਬੜੇ ਕੋਝੇ ਲੱਗਣ। ਪਰ ਇਸ ਵੇਲੇ ਇਹ ਇਥੇ ਇਕ ਢੇਰ ਵਿਚ ਪਏ ਹੋਏ ਸਨ। ਘਰਾਂ ਦੇ ਭਾਂਡੇ, ਅਲਮਾਰੀਆਂ, ਪੜਛੱਤੀਆਂ ਤੇ ਚੌਕਿਆਂ ਵਿਚੋਂ ਨਿਕਲ ਕੇ ਸਰਕਾਰੀ ਦਫ਼ਤਰਾਂ ਦੇ ਸਾਹਮਣੇ ਢੇਰ ਹੋਏ ਪਏ ਸਨ। ਇਨ੍ਹਾਂ ਨੂੰ ਹੁਣ ਕਦੀ ਕਿਸੇ ਮਾਂਜਿਆ ਲਿਸ਼ਕਾਇਆ ਨਹੀਂ ਸੀ, ਗਿਣਿਆ ਨਹੀਂ ਸੀ। ਕਿਸੇ ਇਸਤਰੀ ਮਨੁੱਖ ਦਾ ਹੱਥ ਲੱਗਿਆ ਵੀ ਕਈ ਮਹੀਨੇ ਹੋ ਗਏ ਸਨ।

ਪਾਕਿਸਤਾਨ ਵਿਚ ਹਰ ਸ਼ੈ ਉਖੜੀ ਉਖੜੀ ਸੀ। ਕਈਆਂ ਘਰਾਂ ਵਿਚ ਆਪਣੀਆਂ ਖੁਰਲੀਆਂ ਤੋਂ ਉਖੜੇ ਹੋਏ ਡੰਗਰ ਵੀ ਸਨ। ਤਰੁਠੀਆਂ ਹੋਈਆਂ ਅੱਖਾਂ ਨਾਲ ਉਹ ਦਵਾਲਿਉਂ ਵੇਖਦੇ ਤੇ ਓਪਰੀਆਂ ਥਾਵਾਂ ਤੇ ਡਰ ਡਰ ਕੇ ਪੈਰ ਧਰਦੇ। ਇਸ ਉੱਥਲ ਪੁੱਥਲ ਵਿਚ ਕੇਵਲ ਧਰਤੀ ਹੀ ਆਪਣੇ ਥਾਂ ਪੱਕੀ ਸੀ ਤੇ ਇਸ ਧਰਤੀ ਤੇ ਅਨੇਕਾਂ ਉਖੜੇ ਹੋਏ ਸ਼ਰਨਾਰਥੀ ਰਿੜ੍ਹਦੇ ਫਿਰਦੇ। ਵਾਹਗੇ ਦੇ ਵੱਡੇ ਕੈਂਪ ਤੋਂ ਇਨ੍ਹਾਂ ਨੂੰ ਅਗ੍ਹਾਂ ਠੇਲ੍ਹ ਦਿਤਾ ਜਾਂਦਾ ਤੇ ਫਿਰ ਇਹ ਸ਼ਰਨਾਰਥੀ ਜ਼ਿਲਿਉਂ ਜ਼ਿਲੇ ਤੇ ਪਿੰਡੋ ਪਿੰਡ ਪੈਦਲ ਜਾਂ ਗੱਡਿਆਂ ਵਿਚ ਜ਼ਮੀਨ ਦੀ ਭਾਲ ਵਿਚ ਭੌਣ ਲੱਗ ਪੈਂਦੇ।

ਸ਼ਰਨਾਰਥੀ ਤੇ ਸ਼ਰਨਾਰਥੀ, ਪੁਰਾਣੇ ਲੋਕ ਵੀ ਉਖੜ ਗਏ ਸਨ। ਬਰਾਦਰੀ ਵਾਲਿਆਂ ਦੀਆਂ ਬਰਾਦਰੀਆਂ ਟੁਰ ਗਈਆਂ ਸਨ ਤੇ ਯਾਰਾਂ ਦੇ ਯਾਰ। ਮਜ਼ਦੂਰਾਂ ਦੇ ਮਿੱਲ ਮਾਲਿਕ ਚਲੇ ਗਏ ਸਨ ਤੇ ਮਿੱਲ ਵਾਲਿਆਂ ਦੇ ਮਜ਼ਦੂਰ ਤੇ ਇਨ੍ਹਾਂ ਸਾਰਿਆਂ ਦੀ ਥਾਂ ਨਵੇਂ ਲੋਕ ਆ ਗਏ ਸਨ। ਇਹ ਨਵੇਂ ਲੋਕ ਕਿਸ ਤਰ੍ਹਾਂ ਦੇ ਸਨ, ਗੰਦੇ ਜਹੇ, ਬੌਂਤਰੇ ਹੋਏ! ਪੁਰਾਣੇ ਲੋਕਾਂ ਵਿਚ ਘੁਲ ਮਿਲ ਨਹੀਂ ਸਕਦੇ ਸਨ। ਸਲਾਮਾਲੈਕਮ ਆਖ ਕੇ ਕੋਲ ਬੈਠ ਕੇ ਗੱਲਬਾਤ ਨਹੀਂ ਕਰਦੇ ਸਨ ਸਗੋਂ ਬੂਹੇ ਵਿਚ ਖਲੋਕੇ ਝਾਕਦੇ ਰਹਿੰਦੇ। ਜੇ ਕਵਾਓ ਵੀ ਤਾਂ ਵੀ ਨਾ ਕੂੰਦੇ। ਇਨ੍ਹਾਂ ਲੋਕਾਂ ਨੇ ਤੇ ਪਿੰਡਾਂ ਦੀਆਂ ਜੜ੍ਹਾਂ ਹਲਾ ਦਿੱਤੀਆਂ ਸਨ। ਪੁਰਾਣੇ ਵਸਨੀਕਾਂ ਨੂੰ ਵੀ ਆਪਣੇ ਪਿੰਡ ਓਪਰੇ ਓਪਰੇ ਲੱਗਣ ਲੱਗ ਪਏ ਸਨ। ਕਿਉਂਕਿ ਉਹ ਉਸ ਤਰ੍ਹਾਂ ਦੇ ਪਿੰਡ ਨਹੀਂ ਰਹੇ ਸਨ ਜਿਨ੍ਹਾਂ ਵਿਚ

ਉਹ ਜੰਮੇ ਪਲੇ ਸਨ। ਉਨ੍ਹਾਂ ਦੀਆਂ ਹਵੇਲੀਆਂ ਕੋਲੋਂ ਲੰਘਦੇ ਨਹਿਰਾਂ ਰਜਵਾਹੇ ਵੀ ਬਗਾਨੇ ਹੋ ਗਏ ਸਨ। ਉਹ ਉਥੋਂ ਹੁਣ ਵੁਜ਼ੂ ਨਹੀਂ ਕਰ ਸਕਦੇ ਸਨ। ਕਈ ਦਿਨ ਇਨ੍ਹਾਂ ਨਹਿਰਾਂ ਦਾ ਪਾਣੀ ਲਾਲ ਆਉਂਦਾ ਰਿਹਾ ਸੀ ਤੇ ਕਈ ਸਾਬਤ ਮੁਰਦੇ ਤੇ ਕਈਆਂ ਦੀਆਂ ਲੱਤਾਂ ਬਾਹਾਂ ਰੁੜ੍ਹਦੀਆਂ ਆਉਂਦੀਆਂ ਰਹੀਆਂ ਸਨ। ਇਸ ਪਾਣੀ ਨਾਲ ਹੁਣ ਵੁਜ਼ੂ ਕਿਸ ਤਰ੍ਹਾਂ ਕੀਤਾ ਜਾ ਸਕਦਾ ਸੀ। ਉਹ ਤੇ ਆਪਣੇ ਅੰਞਾਣਿਆਂ ਨੂੰ ਵੀ ਇਨ੍ਹਾਂ ਵਿਚ ਨਹਾਉਣ ਤੋਂ ਹਟਕ ਦੇਂਦੇ। ਅਸਲ ਵਿਚ ਹਰ ਸ਼ੈ ਉਲਟ ਪੁਲਟ ਹੋਈ ਹੋਈ ਸੀ ਤੇ ਆਪਣੇ ਪੁਰਾਣੀ ਹਾਲਤ ਵੱਲ ਆਉਣ ਦਾ ਚਾਰਾ ਕਰ ਰਹੀ ਸੀ। ਹਰ ਸ਼ੈ ਆਪਣੀ ਆਪਣੀ ਥਾਂ ਨੂੰ ਅੜਾਨ ਦੀ, ਪੈਰ ਜਮਾਨ ਦੀ ਕੋਸ਼ਿਸ਼ ਕਰ ਰਹੀ ਸੀ। ਹਰ ਚੀਜ਼ ਪੁਨਰ ਸਥਾਪਨ ਮੰਗਦੀ ਸੀ।

''ਮੁਲਕ ਤੇ ਤਬਾਹ ਹੋ ਗਿਆ ਏ'', ਇਕ ਗੱਭਰੂ ਜੱਟ ਨੇ ਆਪਣੇ ਆਲੇ ਦੁਆਲੇ ਦੀ ਉਜਾੜ ਵੇਖ ਕੇ ਆਪਣੇ ਬੁੱਢੇ ਪਿਓ ਨੂੰ ਕਿਹਾ।''

''ਹੋ ਤੇ ਹੱਕੀ ਗਿਆ ਏ, ਪਰ ਆਹ ਵੇਖਾਂ ਦੁਨੀਆਂ ਕਿਧਰੇ ਥਾਓਂ ਥਾਈਂ ਬਹਿ ਜਾਂਦੀ ਏ ਤੇ ਸਭ ਖ਼ੈਰ ਮਿਹਰ ਹੋ ਜਾਏਗੀ।''

''ਇਹ ਤੇ ਐਵੇਂ ਗੱਲਾਂ ਨੇ, ਬਹਿ ਇਨ੍ਹਾਂ ਵਿਚਾਰਿਆਂ ਕਿਥੇ ਜਾਣਾ ਏ, ਇਹ ਤੇ ਗਰਾਹੀ ਨਹੀਂ ਫੜ ਕੇ ਆਪਣੇ ਮੂੰਹ ਵਿਚ ਪਾਣ ਜੋਗੇ।''

''ਨਹੀਂ ਓਇ ਕਮਲਿਆ! ਐਵੇਂ ਜਾਪਦਾ ਈ ਏ। ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿਚ। ਜਦੋਂ ਵਾਹੀਦੀ ਏ ਕੋਈ ਫ਼ਰਕ ਤੇ ਨਹੀਂ ਨਾ ਕਰੀਦਾ ਉਹਦੇ ਨਾਲ? ਸਾਰਾ ਜੜ੍ਹੋਂ ਪੁੱਟ ਪੁੱਟ ਕੇ ਪੈਲੀਓਂ ਬਾਹਰ ਸੁੱਟੀ ਦਾ ਏ। ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਨਾ ਕੋਈ ਤਿੜ ਫੁੱਟ ਆਉਂਦੀ ਏ ਤੇ ਮਹੀਨੇ ਮਗਰੋਂ ਇਸ ਤਰ੍ਹਾਂ ਜਾਪਦਾ ਏ ਜਿਵੇਂ ਪੈਲੀ ਕਦੀ ਕਿਸੇ ਵਾਹੀ ਹੀ ਨਹੀਂ ਹੁੰਦੀ।''

ਅਸਲ ਵਿਚ ਕਿਧਰੇ ਕਿਧਰੇ ਇਸ ਬੁਢੇ ਦੀ ਗੱਲ ਵਿਚ ਸਚਾਈ ਦਿੱਸ ਰਹੀ ਸੀ। ਜਿਨ੍ਹਾਂ ਲੋਕਾਂ ਨੂੰ ਜ਼ਮੀਨ ਮਿਲ ਜਾਂਦੀ ਉਹ ਕੁਝ ਟਿਕ ਜਹੇ ਜਾਂਦੇ। ਕੱਚੀਆਂ ਅਲਾਟ ਹੋਈਆਂ ਪੈਲੀਆਂ ਉਨ੍ਹਾਂ ਦੀ ਰੂਹ ਨੂੰ ਧਰਵਾਸ ਦਿੰਦੀਆਂ। ਆਪਣੇ ਨਵਿਆਂ ਵਾੜਿਆਂ ਦੇ ਨੇੜੇ ਉਹ ਨਿਕੇ ਨਿਕੇ ਟੋਏ ਪੁਟ ਕੇ ਉਨ੍ਹਾਂ ਵਿਚ ਗੋਹਿਆਂ ਦੀ ਅੱਗ ਧੁਖਾਈ ਰਖਦੇ ਤੇ ਜਦੋਂ ਜੀ ਕਰਦਾ ਹੁੱਕੇ ਤੇ ਰੱਖ ਕੇ ਇਕੱਠੇ ਬੈਠ ਕੇ ਪੀਂਦੇ। ਸਹਿਜੇ ਸਹਿਜੇ ਉਨ੍ਹਾਂ ਦੀਆਂ ਮੱਝੀਂ ਦਾ ਵੀ ਤ੍ਰੌਹ ਲਹਿ ਜਾਂਦਾ। ਵਾੜਿਆਂ ਦੇ ਅੰਦਰ ਉਹ ਵਣਾਂ ਦੀਆਂ ਟਾਹਣੀਆਂ ਨਾਲ ਆਪਣੇ ਸਿੰਙਾਂ ਪਿਛਲੇ ਥਾਂ ਨੂੰ ਖੁਰਕ ਕਰਦੀਆਂ ਤੇ ਕਦੀ ਮੌਜ ਵਿਚ ਆਈਆਂ ਆਪਣੇ ਪਿੰਡੇ ਨੂੰ ਵਾੜੇ ਦੀਆਂ ਕੰਧਾਂ ਨਾਲ ਘਸਰਦੀਆਂ। ਜਦੋਂ ਤਸੀਲਦਾਰ ਜਾਂ ਕੋਈ ਹੋਰ ਅਫ਼ਸਰ ਇਨ੍ਹਾਂ ਲੋਕਾਂ ਦੇ ਨਵੇਂ ਪਿੰਡ ਵਿਚ ਆਉਂਦਾ ਤਾਂ ਉਨ੍ਹਾਂ ਵਿਚੋਂ ਕਈ ਆਪਣੇ ਆਪ ਨੂੰ ਪੈਂਚ ਜ਼ਾਹਰ ਕਰਨ ਦੀ ਕੋਸ਼ਿਸ਼ ਕਰਦੇ। ਪਿੰਡ ਦੇ ਸਾਂਝੇ ਦੁਖ ਤਕਲੀਫ਼ਾਂ ਉਹ ਤਸੀਲਦਾਰ ਨੂੰ ਸੁਣਾਉਂਦੇ ਤੇ ਇਸ ਤਰ੍ਹਾਂ ਸਾਰੇ ਲੋਕਾਂ ਦੀ ਪ੍ਰਤੀਨਿਧਤਾ ਕਰ ਕੇ ਪਿੰਡ ਵਿਚ ਆਪਣੀ ਲੀਡਰੀ ਦਾ ਮੁੱਢ ਬੰਨ੍ਹਦੇ। ਸਾਧਾਰਨ ਜਿਹੀਆਂ ਗੱਲਾਂ ਨਾਲ ਜਿਵੇਂ ਲੋਕਾਂ ਨੂੰ ਪਿਛ੍ਹਾਂ ਬਿਠਾ ਕੇ, 'ਸਿਰਫ਼ ਇਕ ਆਦਮੀ ਬੋਲੇ' ਕਹਿ ਕੇ, ਅਫ਼ਸਰ ਨੂੰ ਹੁੱਕਾ ਪਾਣੀ ਪੁੱਛ ਕੇ ਉਹ ਉਸ ਦਾ ਧਿਆਨ ਆਪਣੇ ਵੱਲ ਖਿੱਚਦੇ। ਇਹ ਗੱਲਾਂ ਦਸਦੀਆਂ ਸਨ ਕਿ ਇਸ ਧੱਕੇ ਨੇ ਵੀ ਉਨ੍ਹਾਂ ਨੂੰ ਅਸਲੋਂ ਠੰਡਾ ਨਹੀਂ ਕੀਤਾ ਸੀ।

ਇਹੋ ਜਿਹੇ ਉੱਜੜ ਰਹੇ, ਵਸ ਰਹੇ, ਪਾਕਿਸਤਾਨ ਵਿਚ ਮੈਂ ਭਾਰਤ ਸਰਕਾਰ ਵਲੋਂ ਲੇਜ਼ਾਨ ਅਫ਼ਸਰ ਮੁਕੱਰਰ ਹੋਇਆ। ਮੇਰਾ ਕੰਮ ਧੱਕੋ ਧੱਕੀ ਉਧਾਲੀਆਂ ਇਸਤਰੀਆਂ ਦੇ ਬਦੋ ਬਦੀ ਮੁਸਲਮਾਨ ਬਣਾਏ ਟੱਬਰਾਂ ਨੂੰ ਛੁਡਾ ਕੇ ਵਾਪਸ ਹਿੰਦੁਸਤਾਨ ਅਪੜਾਣਾ ਸੀ। ਹਿੰਦੁਸਤਾਨ ਫ਼ੌਜ ਦਾ ਇਕ ਦਸਤਾ ਤੇ ਪਾਕਿਸਤਾਨੀ ਸਪੈਸ਼ਲ ਪੁਲੀਸ ਦੇ ਕੁਝ ਸਿਪਾਹੀ ਮੇਰੀ ਸਹਾਇਤਾ ਲਈ ਸਨ।

ਹੋਰ ਗੁੰਮ ਹੋਈਆਂ ਚੀਜ਼ਾਂ ਦੇ ਭਾਲਣ ਵਾਂਗੂੰ ਕੁੜੀਆਂ ਭਾਲਣ ਦਾ ਕੰਮ ਔਖਾ ਵੀ ਸੀ ਤੇ ਸੌਖਾ ਵੀ। ਕਦੀ ਕਦੀ ਤੇ ਕੋਈ ਕੁੜੀ ਥੋੜੀ ਜਿਹੀ ਮਿਹਨਤ ਨਾਲ ਹੀ ਮਿਲ ਜਾਂਦੀ ਤੇ ਕਈ ਵਾਰੀ ਕੋਈ ਕੁੜੀ ਬਹੁਤ ਭਾਲਣ ਤੇ ਵੀ ਹੱਥ ਨਾ ਆਉਂਦੀ। ਪਾਕਿਸਤਾਨ ਪੁਲੀਸ ਵਾਲੇ ਭਾਵੇਂ ਉਹਨਾਂ ਨੂੰ ਮੁੜਾਣ ਵਿਚ - ਉਹ ਇਸ ਨੂੰ ਬਰਾਮਦ ਕਰਨਾ ਆਖਦੇ ਸਨ- ਥੋੜ੍ਹੀ ਬਹੁਤ ਸਹਾਇਤਾ ਕਰ ਦਿੰਦੇ ਪਰ ਆਪ ਪਤਾ ਘਟ ਵੱਧ ਹੀ ਦਿੰਦੇ। ਫਿਰ ਵੀ ਜਦ ਕਦੀ ਉਹ ਦਿਲੋਂ ਹੋ ਕੇ ਨਾਲ ਟੁਰ ਪੈਂਦੇ ਤਾਂ ਕੰਮ ਅਸਲੋਂ ਹੀ ਸੌਖਾ ਹੋ ਜਾਂਦਾ।

ਜਿਸ ਵੇਰ ਦੀ ਇਹ ਗੱਲ ਹੈ ਉਸ ਵੇਰ ਇਲਾਕੇ ਦਾ ਥਾਣੇਦਾਰ ਨਾ ਕੇਵਲ ਮੇਰੇ ਨਾਲ ਹੀ ਤੁਰਿਆ ਸਗੋਂ ਉਧਾਲੀ ਹੋਈ ਔਰਤ ਦਾ ਪਤਾ ਵੀ ਮੈਨੂੰ ਉਸੇ ਨੇ ਹੀ ਦਸਿਆ। ਉਸ ਇਹ ਵੀ ਦਸਿਆ ਕਿ ਔਰਤ ਉਸੇ ਥਾਣੇ ਦੇ ਇਕ ਪਿੰਡ ਦੇ ਨੰਬਰਦਾਰ ਦੀ ਨੂੰਹ ਸੀ। ਜਿਸ ਪਿੰਡ ਅਸਾਂ ਜਾਣਾ ਸੀ ਉਹ ਪਿੰਡ ਪੱਕੀ ਸੜਕ ਤੋਂ ਬੜੀ ਦੂਰ ਸੀ। ਢੇਰ ਚਿਰ ਅਸੀਂ ਕੱਚੀਆਂ ਸੜਕਾਂ ਤੇ ਪੈਹਾਂ ਉਤੇ ਖੱਜਲ ਹੁੰਦੇ ਰਹੇ।

ਜਦ ਅਸੀਂ ਪਿੰਡ ਅਪੜੇ ਤਾਂ ਪਿੰਡ ਦੇ ਚੌਧਰੀ ਥਾਣੇਦਾਰ ਦੇ ਸਵਾਗਤ ਲਈ ਇਕੱਠੇ ਹੋ ਗਏ। ਪਾਕਿਸਤਾਨ ਵਿਚ ਉਸ ਵੇਲੇ ਸਰਕਾਰ ਦਾ ਬੜਾ ਰੁਹਬ ਸੀ। ਥਾਣੇਦਾਰ ਨੇ ਉਸ ਔਰਤ ਦਾ ਪਤਾ ਪੁਛਿਆ ਤਾਂ ਉਹਨਾਂ ਚੌਧਰੀਆਂ ਨੇ ਝਟ ਉਸ ਨੂੰ ਇਕ ਕੋਠਾ ਵਖਾ ਦਿਤਾ। ਇਹ ਛੋਟਾ ਜਿਹਾ ਕੋਠਾ ਇਕ ਵਡੇ ਸਾਰੇ ਵਲਗਨ ਦੇ ਸਿਰੇ ਉਤੇ ਛੱਤਿਆ ਹੋਇਆ ਸੀ। ਥਾਣੇਦਾਰ ਤੇ ਹੋਰ ਲੋਕ ਬਾਹਰ ਹੀ ਰਹੇ ਤੇ ਮੈਂ ਇਕੱਲਾ ਅੰਦਰ ਚਲਾ ਗਿਆ। ਇਹ ਕੋਈ ਤਿੰਨ ਕੁ ਮੰਜੀਆਂ ਦਾ ਕੱਚਾ ਕੋਠਾ ਸੀ। ਇਕ ਪਾਸੇ ਲੱਕੜ ਦੀ ਇਕ ਪੜਛੱਤੀ ਤੇ ਥੋੜੇ ਜਹੇ ਗਲਾਸ ਕੌਲੀਆਂ ਥਾਲੀਆਂ ਪਈਆਂ ਹੋਈਆਂ ਸਨ। ਕਮਰੇ ਦੀ ਇਕ ਗੁੱਠੇ ਕੁਝ ਬਿਸਤਰੇ ਤੇ ਥੋੜ੍ਹਾ ਬਹੁਤ ਹੋਰ ਸਮਾਨ ਵੀ ਸੀ।

ਉਹ ਤੀਵੀਂ ਮੰਜੀ ਤੇ ਪਈ ਹੋਈ ਸੀ। ਕਈਆਂ ਦਿਨਾਂ ਤੋਂ ਉਸ ਨੂੰ ਬੁਖ਼ਾਰ ਹੋ ਰਿਹਾ ਸੀ। ਉਸ ਦੇ ਇਕ ਹੱਥ ਤੇ ਪੱਟੀਆਂ ਬੱਝੀਆਂ ਹੋਈਆਂ ਸਨ। ਸ਼ਾਇਦ ਕੋਈ ਉਠਾ ਉਠਿਆ ਹੋਇਆ ਸੀ। ਉਸ ਵੇਲੇ ਉਹ ਡਾਹਡੀ ਨਿਢਾਲ ਜਾਪਦੀ ਸੀ ਤੇ ਅਸਲੋਂ ਹੌਲੀ ਹੌਲੀ ਬੋਲਦੀ ਸੀ। ਮੈਂ ਉਸ ਦੇ ਕੋਲ ਮੰਜੀ ਤੇ ਬੈਠ ਗਿਆ।

''ਕੀ ਗੱਲ ਏ''? ਮੈਂ ਉਸ ਦਾ ਹਾਲ ਚਾਲ ਪੁਛਣ ਲਈ ਸਿੱਧਾ ਜਿਹਾ ਸਵਾਲ ਕੀਤਾ।
''ਤਾਪ ਚੜ੍ਹਦਾ ਏ, ਚੌਥੇ ਪੰਜਵੇਂ ਦਿਨ ਦਾ।''
''ਏਥੇ ਤੇਰੇ ਕੋਲ ਕੋਈ ਜਨਾਨੀ ਨਹੀਂ?''
''ਨਹੀਂ ਨੇੜੇ ਤੇ ਕੋਈ ਨਹੀਂ।''

ਪਹਿਲੇ ਜੋ ਖੋਹੀਆਂ ਹੋਈਆਂ ਕੁੜੀਆਂ ਤੀਵੀਆਂ ਮੈਂ ਵੇਖੀਆਂ ਸਨ, ਉਨ੍ਹਾਂ ਨਾਲੋਂ ਇਸ ਦਾ ਚੌਗਿਰਦਾ ਬਿਲਕੁਲ ਵੱਖਰਾ ਸੀ। ਉਨ੍ਹਾਂ ਦੇ ਦੁਆਲੇ ਬੰਦੇ ਜਨਾਨੀਆਂ ਹੁੰਦੇ ਸਨ। ਉਹ ਕਿਸੇ ਦੀ ਨਜ਼ਰ ਹੇਠ ਕਿਸੇ ਦੀ ਰਾਖੀ ਹੇਠ ਰਹਿੰਦੀਆਂ ਸਨ ਤੇ ਇਸ ਤਰ੍ਹਾਂ ਹੀ ਮੈਨੂੰ ਵਿਖਾਈਆਂ ਜਾਂਦੀਆਂ। ਮੈਨੂੰ ਇਸ ਤਰ੍ਹਾਂ ਪਰਤੀਤ ਹੋਇਆ ਜਿਵੇਂ ਇਸ ਕੋਠੇ ਵਿਚ ਉਹ ਇਕੱਲੀ ਹੀ ਰਹਿੰਦੀ ਸੀ, ਜਿਵੇਂ ਲੋਕਾਂ ਨੇ ਉਸ ਨੂੰ ਆਪਣੇ ਹਾਲ ਤੇ ਹੀ ਛੱਡ ਦਿੱਤਾ ਹੋਇਆ ਸੀ। ਸਗੋਂ ਇਸ ਤੋਂ ਵੀ ਵੱਧ, ਜਿਵੇਂ ਲੋਕਾਂ ਨੇ ਉਸ ਦੀ ਸਹਾਇਤਾ ਕੀਤੀ ਸੀ। ਉਸ ਦੇ ਪਿੰਡ ਤੇ ਘਰ ਵਾਲੇ ਕਿਸ ਤਰ੍ਹਾਂ ਖ਼ਤਮ ਹੋਏ ਇਹ ਮੈਂ ਪਹਿਲਾਂ ਹੀ ਸੁਣ ਬੈਠਾ ਸਾਂ। ਫਿਰ ਦੂਸਰੀ ਵੇਰ ਉਸ ਦੇ ਮੂੰਹੋਂ ਸੁਨਣ ਦਾ ਕੋਈ ਫਾਇਦਾ ਨਹੀਂ ਸੀ। ਮੈਨੂੰ ਵਧੇਰੇ ਦਿਲਚਸਪੀ ਉਸ ਦੀ ਮੌਜੂਦਾ ਹਾਲਤ ਵਿਚ ਸੀ।

''ਇਥੇ ਰਹਿੰਦਿਆਂ ਤੈਨੂੰ ਕਿੰਨਾ ਚਿਰ ਹੋ ਗਿਆ ਏ?''
''ਜਿਸ ਦਿਨ ਦਾ ਪਿੰਡ ਉਜੜਿਆ ਏ ਉਸ ਦਿਨ ਤੋਂ ਇਥੇ ਈ ਆਂ।''
''ਇਹ ਭਾਂਡੇ ਤੇ ਕਪੜੇ ਤੈਨੂੰ ਕਿਸ ਦਿਤੇ ਨੇ?''
''ਤੁਸੀਂ ਤਾਂ ਅਸਲੋਂ ਕਮਲੇ ਓ।''
ਮੈਂ ਸਮਝ ਗਿਆ। ਉਹ ਇਕੱਲੀ ਨਹੀਂ ਰਹਿੰਦੀ ਸੀ ਤੇ ਨਾ ਹੀ ਇਥੇ ਪਿਆ ਸਾਮਾਨ ਉਸ ਦਾ ਆਪਣਾ ਸੀ। ਇਸ ਕੋਠੇ, ਸਾਮਾਨ ਤੇ ਉਸ ਦੇ ਜਿਸਮ ਦਾ ਮਾਲਕ ਕੇਵਲ ਅੱਖੀਂ ਨਹੀਂ ਦਿਸ ਰਿਹਾ ਸੀ।

ਇਹ ਗੱਲ ਇਥੇ ਲਿਖਣ ਲਗਿਆਂ ਤੇ ਮੈਂ ਸਹਿਜੇ ਹੀ ਲਿਖ ਗਿਆ ਹਾਂ ਪਰ ਉਸ ਵੇਲੇ ਇਸ ਗਿਆਨ ਨੇ ਮੇਰੇ ਮਨ ਨੂੰ ਡਾਹਡਾ ਧੱਕਾ ਮਾਰਿਆ। ਪੁਲੀਸ ਤੇ ਲੋਕਾਂ ਦੀ ਸਹਾਇਤਾ ਕਰ ਕੇ ਜੋ ਚੰਗੇ ਖ਼ਿਆਲ ਮੇਰੇ ਮਨ ਵਿਚ ਦੁਨੀਆਂ ਤੇ ਦੁਨੀਆਂ ਦੇ ਲੋਕਾਂ ਬਾਰੇ ਸਾਰਾ ਦਿਨ ਆਉਂਦੇ ਰਹੇ ਸਨ, ਉਹ ਸਾਰੇ ਮੈਥੋਂ ਪੱਲਾ ਛੁਡਾ ਗਏ। ਮੇਰਾ ਮੱਥਾ ਕੌੜੀਆਂ ਅਸਲੀਅਤਾਂ ਨਾਲ ਲੱਗਾ ਹੋਇਆ ਸੀ। ਉਸ ਕੱਚੇ ਕੋਠੇ ਵਿਚ ਖੋਹੀ ਹੋਈ ਕਿਸੇ ਦੀ ਵਹੁਟੀ ਮੇਰੇ ਸਾਹਮਣੇ ਮੰਜੀ ਤੇ ਨਿਢਾਲ ਪਈ ਸੀ। ਮੇਰੀ ਨਜ਼ਰ ਵਿਚ ਇਨਸਾਨ ਉਤੇ ਇਨਸਾਨ ਦੇ ਜ਼ੁਲਮ ਦੀ ਉਹ ਸਭ ਤੋਂ ਘਿਨਾਉਣੀ ਤਸਵੀਰ ਸੀ।

ਮਧੋਲੀ ਹੋਈ ਖ਼ਵਾਰ ਕੀਤੀ ਹੋਈ, ਉਹ ਉਥੇ ਬੀਮਾਰ ਪਈ ਸੀ। ਉਸ ਦੀ ਜ਼ਾਤ, ਬਰਾਦਰੀ, ਪਿੰਡ, ਧਰਮ ਦਾ ਕੋਈ ਸਾਂਝੀਵਾਲ ਉਥੇ ਨਹੀਂ ਸੀ। ਉਸ ਨੂੰ ਕਦੀ ਕਿਸੇ ਇਹ ਨਹੀਂ ਦਸਿਆ ਸੀ ਕਿ ਉਹ ਵਿਛੜੇ ਹੋਏ ਆਪਣੇ ਸਾਕਾਂ ਅੰਗਾਂ ਨੂੰ ਫਿਰ ਵੀ ਮਿਲ ਸਕਦੀ ਹੈ। ਜੇ ਉਸ ਨੂੰ ਕੋਈ ਦੱਸਦਾ ਵੀ ਤਾਂ ਉਹ ਮੰਨਣੋਂ ਨਾਂਹ ਕਰ ਦਿੰਦੀ। ਆਖ਼ਰ ਇਡੇ ਵੱਡੇ ਤੇ ਤਕੜੇ ਪਾਕਿਸਤਾਨ ਵਿਚੋਂ ਉਸ ਨੂੰ ਕੋਈ ਕਿਸ ਤਰ੍ਹਾਂ ਕੱਢ ਕੇ ਲਿਜਾ ਸਕਦਾ ਸੀ। ਇਸ ਗੱਲ ਤੇ ਵਿਚਾਰ ਕਰਨਾ ਹੀ ਫ਼ਜ਼ੂਲ ਸੀ।
ਉਸ ਨੂੰ ਉਸੇ ਵੇਲੇ ਵਾਪਸ ਲਿਜਾਣ ਦਾ ਕੋਈ ਸਵਾਲ ਨਹੀਂ ਸੀ। ਪੋਹ ਮਾਘ ਦੀ ਸਰਦੀ ਵਿਚ ਉਸ ਨੂੰ ਬੀਮਾਰੀ ਦੀ ਹਾਲਤ ਵਿਚ ਉਥੋਂ ਹਿਲਾਣਾ ਠੀਕ ਨਹੀਂ ਸੀ। ਉਹ ਲੋਕ ਹੁਣ ਉਸ ਨੂੰ ਗੁੰਮ ਨਹੀਂ ਕਰ ਸਕਦੇ ਸਨ ਕਿਉਂਕਿ ਅਸਾਂ ਉਸ ਨੂੰ ਵੇਖ ਲਿਆ ਸੀ ਤੇ ਉਹ ਲੋਕ ਜਾਣਦੇ ਸਨ ਕਿ ਅਸਾਂ ਵੇਖ ਲਿਆ ਹੈ।

''ਚੰਗਾ ਬੀਬੀ ਮੈਂ ਫਿਰ ਕਿਸੇ ਦਿਨ ਆਵਾਂਗਾ।'' ਫਿਰ ਆਉਣ ਤੋਂ ਮੇਰਾ ਮਤਲਬ ਉਸ ਨੂੰ ਉਥੋਂ ਵਾਪਸ ਲੈ ਜਾਣ ਤੋਂ ਸੀ ਪਰ ਇਹ ਗੱਲ ਸ਼ਾਇਦ ਉਸ ਦੇ ਸੁਫ਼ਨੇ ਵਿਚ ਵੀ ਸੰਭਵ ਨਹੀਂ ਸੀ।
''ਤੂੰ ਹੁਣ ਚੱਲਿਆ ਏਂ?''
''ਜ਼ਰਾ ਬਹਿ ਜਾ, ਮੇਰੀ ਇਕ ਗੱਲ ਸੁਣ ਜਾ।''
ਮੈਂ ਫਿਰ ਕੋਲ ਪਈ ਮੰਜੀ ਤੇ ਬੈਠ ਗਿਆ।
''ਮੇਰੀ ਤੇਰੇ ਅੱਗੇ ਇਕ ਅਰਜ਼ ਏ ਜੇ ਤੂੰ ਪੂਰੀ ਕਰੇਂ, ਇਕ ਕੰਮ ਏ ਤੇਰੇ ਗੋਚਰਾ।''
''ਕੀ ਕੰਮ?''
''ਤੂੰ ਮੇਰਾ ਸਿੱਖ ਭਰਾ ਏਂ, ਮੈਂ ਵੀ ਕਦੀ ਸਿੱਖ ਹੁੰਦੀ ਸਾਂ। ਹੁਣ ਤੇ ਮੈਂ ਮੁਸਲਮਾਨ ਹੋ ਗਈ ਹੋਈ ਆਂ। ਏਸ ਵੇਲੇ ਏਸ ਦੁਨੀਆਂ ਵਿਚ ਮੇਰਾ ਕੋਈ ਨਹੀਓਂ। ਮੈਂ ਬੜੀ ਔਖੀ ਆਂ, ਤੂੰ ਮੇਰੀ ਬਾਂਹ ਫੜ। ਮੇਰੀ ਇਕ ਨਨਾਣ ਏ ਨਿੱਕੀ। ਰੁੜ੍ਹ ਗਏ ਯਾਰਾਂ ਚੱਕ ਵਾਲੇ ਲੈ ਗਏ ਹੋਏ ਨੀ। ਉਸ ਦਿਨ ਹਮਲੇ ਵਿਚ ਸਭ ਤੋਂ ਵੱਡੀ ਧਾੜ ਉਹਨਾਂ ਦੀ ਹੀ ਸੀ, ਤੇ ਉਹ ਹੀ ਉਸ ਨੂੰ ਲੈ ਗਏ ਨੀ। ਤੇਰੀ ਐਸ ਵੇਲੇ ਮੈਨੂੰ ਬੜੀ ਚੌਧਰ ਜਾਪਦੀ ਏ। ਤੂੰ ਉਹਨੂੰ ਏਥੇ ਮੇਰੇ ਕੋਲ ਲਿਆ ਦੇ। ਸਾਰੇ ਤੇਰਾ ਲਿਹਾਜ਼ ਕਰਦੇ ਨੇ। ਪੁਲਸ ਵਾਲੇ ਵੀ ਤੇਰੀ ਮੰਨਦੇ ਨੇ। ਮੇਰੇ ਵੱਲੋਂ ਵੀ ਉਨ੍ਹਾਂ ਨੂੰ ਤਰਲਾ ਕਰੀਂ। ਮੈਂ ਉਹਦੀ ਵੱਡੀ ਭਰਜਾਈ ਆਂ। ਮੈਂ ਉਹਨੂੰ ਹੱਥੀਂ ਪਾਲਿਆ ਏ, ਮਾਂ ਬਰੋਬਰ ਆਂ। ਉਹ ਮੇਰੇ ਕੋਲ ਆਵੇਗੀ। ਮੈਂ ਆਪਣੀ ਹੱਥੀਂ ਉਹਨੂੰ ਕਿਸੇ ਦੇ ਲੜ ਲਾਂਗੀ। ਮੇਰੀ ਸਾਂਝ ਵਧੇਗੀ, ਮੇਰੀਆਂ ਬਾਹੀਂ ਬਨਣਗੀਆਂ। ਮੈਂ ਕਿਸੇ ਨੂੰ ਆਪਣੇ ਆਖਣ ਵਾਲੀ ਬਣਾਂਗੀ।''

ਉਸ ਬੁੱਢੇ ਜੱਟ ਦੀ ਗੱਲ ਮੇਰੇ ਦਿਮਾਗ ਵਿਚ ਚੱਕਰ ਲਾਣ ਲੱਗ ਪਈ। ''ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿਚ, ਜਦੋਂ ਵਾਹੀ ਦੀ ਏ ਕੋਈ ਕਸਰ ਤੇ ਨਹੀਂ ਨਾ ਛੱਡੀ ਦੀ ਉਹਦੇ ਨਾਲ। ਸਾਰਾ ਜੜ੍ਹੋਂ ਪੁੱਟ ਕੇ ਪੈਲੀਉਂ ਬਾਹਰ ਸੁੱਟ ਦੇਈ ਦਾ ਏ। ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਕੋਈ ਤਿੜ ਫੁਟ ਆਉਂਦੀ ਹੈ।''

**ਸਾਰ-ਅੰਸ਼:**

ਵਰਤਮਾਨ ਸਮੇ ਵਿਚ ਕਹਾਣੀ ਇਕ ਵਿਕਸਿਤ ਤੇ ਮਕਬੂਲ ਸਾਹਿਤਕ ਵਿਧਾ ਬਣ ਚੁੱਕੀ ਹੈ।ਖਾਸ ਕਰਕੇ ਕਹਾਣੀ ਦੇ ਰੂਪ: ਨਿੱਕੀ ਕਹਾਣੀ/ਮਿੰਨੀ ਕਹਾਣੀ।ਸਮੇ ਦੇ ਬਦਲਾਵ ਨਾਲ ਜਿੱਥੇ ਮਨੁੱਖ ਦੇ ਸੁਆਦ ਵਿਚ ਬਦਲਾਵ ਆਇਆ ਉਥੇ ਸਮੇ ਦੀ ਕਮੀ ਵਧੇਰੇ ਖਲਣ ਲੱਗੀ ਹੈ।ਇਸ ਵਿਚ ਮਿੰਨੀ ਕਹਾਣੀ ਆਪਣੀ ਹੋਂਦ ਗ੍ਰਹਿਣ ਕਰਦੀ ਹੈ।ਇਸ ਸਭ ਵਿਚ ਪਾਠਕ/ਸਰੋਤੇ /ਲੇਖਕ/ਸਮਾਜ ਆਦਿ ਸਭ ਤੇ ਵਿਸ਼ੇ, ਸਮੱਸਿਆਵਾਂ, ਵਿਚਾਰਧਰਾਵਾਂ ਨੂੰ ਬਹੁਤ ਬਾਰੀਕੀ ਨਾਲ ਇਸ ਵਿਧਾ ਵਿਚੋ ਪਹਿਚਾਣਿਆ ਜਾ ਸਕਦਾ ਹੈ।

ਕਿਸੇ ਵੀ ਸਮਾਜਿਕ ਸਮੱਸਿਆਂ/ਵਿਸ਼ੇ ਉਪਰ ਨਿੱਕੀ ਕਹਾਣੀ ਤੇ ਮਿੰਨੀ ਕਹਾਣੀ ਦੀ ਸਿਰਜਣਾ ਕਰੋ:

ਮੁੱਖ/ਕੇਂਦਰੀ ਸ਼ਬਦ:

ਮੰਤਵ- ਉਦੇਸ਼/ਮਨੋਰਥ

ਤੀਖਣ- ਤੇਜ/ਡੂੰਘਾ

ਰੋਚਿਕਤਾ- ਸੁਹਜ/ਸੁਆਦ

ਗਤੀਸ਼ੀਲਤਾ- ਰਵਾਨਗੀ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

ਸਵੈ-ਮੁਲਾਂਕਣ:

**ਪ੍ਰ 1.ਪੰਜਾਬੀ ਕਹਾਣੀ ਦਾ ਆਰੰਭ ਕਦੋ ਹੋਇਆ ਸੀ?**

ੳ.1955

ਅ.1850

ੲ.1899

**ਪ੍ਰ 2.ਗਲਪ ਦੇ ਕਿੰਨੇ ਭਾਗ ਹਨ?**

ੳ.ਚਾਰ

ਅ.ਸੱਤ

ੲ.ਦੋ

**ਪ੍ਰ 3.ਕਹਾਣੀ ਵਿਚ ਆਮ ਮਨੁੱਖ ਦੀ ਸਧਾਰਨਤਾ ਦੀ ਪੇਸ਼ਕਾਰੀ ਹੁੰਦੀ ਹੈ?**

ੳ.ਸਹੀ

ਅ.ਗਲਤ

**ਪ੍ਰ 4.ਕੀ ਕਹਾਣੀ ਦਾ ਇਤਿਹਾਸ ਮਨੁੱਖੀ ਜੀਵਨ ਜਿੰਨਾ ਹੀ ਪੁਰਾਤਨ ਹੈ?**

ੳ.ਹਾਂ

ਅ.ਨਹੀਂ

**ਪ੍ਰ 5.ਕਹਾਣੀ ਵਿਚ ਰਵਾਨਗੀ ਨਾਵਲ ਨਾਲੋ ਵਧੇਰੇ ਹੁੰਦੀ, ਇਸਦਾ ਕਾਰਣ ਕੀ ਹੈ?**

ੳ.ਕਹਾਣੀ ਸੰਖੇਪ ਰੂਪ ਹੋਣ ਕਾਰਨ

ਅ.ਕਹਾਣੀ ਸੀਮਤ ਰੂਪ ਹੋਣ ਕਾਰਣ

ੲ.ਉਪਰੋਕਤ ਸਾਰੇ

**ਪ੍ਰ 6. ਕਹਾਣੀ ਦੇ ਹੋਰ ਕਿਹੜੇ ਰੂਪ ਉਪਲਬਧ ਹਨ?**

ੳ.ਨਿੱਕੀ ਕਹਾਣੀ

ਅ.ਮਿੰਨੀ ਕਹਾਣੀ

ੲ.ਉਪਰੋਕਤ ਸਾਰੇ

**ਪ੍ਰ 7. ਕਹਾਣੀ ਨੂੰ ਤਿੱਖੀ ਨੋਕ ਵਾਲੀ ਧਾਰਨਾ ਕਿਸਦੀ ਹੈ?**

ੳ.ਕਰਤਾਰ ਸਿੰਘ ਦੁੱਗਲ

ਅ.ਸੰਤ ਸਿੰਘ ਸੇਖੋਂ

ੲ.ਕੁਲਵੰਤ ਸਿੰਘ ਵਿਰਕ

**ਪ੍ਰ8.ਕਹਾਣੀ ਦਾ ਵਰਗੀਕਰਨ ਕਿੰਨੇ ਭਾਗਾਂ ਵਿਚ ਕੀਤਾ ਜਾਂਦਾ ਹੈ?**

ੳ.ਪੰਜ

ਅ.ਤਿੰਨ

ੲ.ਚਾਰ

**ਪ੍ਰ 9.ਕਹਾਣੀ ਦੀ ਸਿਰਜਣਾ ਕਿਹੜੇ ਆਧਾਰ ਉਪਰ ਕੀਤੇ ਜਾਂਦੀ ਹੈ?**

ੳ.ਸਮਾਜਿਕ

ਅ.ਰਾਜਨੀਤਿਕ

ੲ.ਆਰਥਿਕ

ਸ.ਸਭਿਆਚਾਰਕ

ਹ.ਉਪਰੋਕਤ ਸਾਰੇ

**ਪ੍ਰ 10.ਕਹਾਣੀ ਦੇ ਮੁੱਖ ਗੁਣ ਕਿਹੜੇ ਹਨ?**

ੳ.ਸੰਖੇਪਤਾ

ਅ.ਪ੍ਰਭਾਵ ਦੀ ਇਕਾਗਰਤਾ

ੲ.ਉਪਰੋਕਤ ਦੋਵੇ

**ਪ੍ਰ 11.ਕਹਾਣੀ ਵਿਚ ਗਤੀਸ਼ੀਲਤਾ ਦੇ ਤੱਤ ਦੀ ਕੀ ਮਹੱਤਤਾ ਹੈ?**

ੳ.ਕਹਾਣੀ ਵਿਚ ਰਵਾਨਗੀ ਆਉਦੀ

ਅ.ਕਹਾਣੀ ਵਿਚ ਰੋਚਿਕਤਾ ਆਉਦੀ

ੲ.ਦੋਵੇ ਪੂਰਨ ਸਹੀ

ਸ.ਦੋਵੇ ਅੰਸ਼ਕ ਗਲਤ

**ਪ੍ਰ 12.ਨਿੱਕੀ ਕਹਾਣੀ ਦਾ ਅਰੰਭ ਕਦੋ ਹੁੰਦਾ ਹੈ?**

ੳ.ਆਧੁਨਿਕਤਾ ਆਉਣ ਨਾਲ

ਅ.ਦੇਸ਼ ਵੰਡ ਨਾਲ

ੲ.ਵਿਸ਼ਵੀਕਰਨ ਨਾਲ

**ਪ੍ਰ 13. ਲੰਮੀ ਕਹਾਣੀ ਤੇ ਨਿੱਕੀ ਕਹਾਣੀ ਵਿਚ ਕੀ ਅੰਤਰ ਹੈ?**

ੳ.ਲੰਮੀ ਕਹਾਣੀ 'ਚ ਵਿਸਤ੍ਰਿਤ ਘਟਨਾਵਾਂ ਤੇ ਨਿੱਕੀ ਕਹਾਣੀ 'ਚ ਸੀਮਤ ਘਟਨਾਵਾਂ

ਅ.ਲੰਮੀ ਕਹਾਣੀ 'ਚ ਗਤੀਸ਼ੀਲਤਾ ਤੇ ਨਿੱਕੀ ਕਹਾਣੀ 'ਚ ਵਧੇਰੇ ਗਤੀਸ਼ੀਲਤਾ

**ਪ੍ਰ 14. ਪੰਜਾਬੀ ਕਹਾਣੀ ਜਗਤ ਵਿਚ ਕਹਾਣੀ ਉਪਰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਕਿਸਨੂੰ ਮਿਲਿਆ?**

ੳ.ਸੰਤ ਸਿੰਘ ਸੇਖੋਂ

ਅ.ਕੁਲਵੰਤ ਸਿੰਘ ਵਿਰਕ

ੲ.ਮੋਹਨ ਸਿੰਘ

**ਪ੍ਰ 15. ਕਹਾਣੀਕਾਰਾ ਦਾ ਸਹੀ ਜੁੱਟ ਪਛਾਣੋ?**

ੳ.ਸੰਤੋਖ ਸਿੰਘ ਧੀਰ

ਅ.ਬਲਵੰਤ ਗਾਰਗੀ

ੲ.ਸ਼ਿਵ ਕੁਮਾਰ ਬਟਾਲਵੀ

**ਅਭਿਆਸ ਪ੍ਰਸ਼ਨ**

1. **ਕਹਾਣੀ ਅਤੇ ਨਿੱਕੀ ਕਹਾਣੀ ਵਿਚ ਕੀ ਅੰਤਰ ਹੈ?**
2. **ਨਿੱਕੀ ਕਹਾਣੀ ਦੀ ਬਣਤਰ ਬਾਰੇ ਦੱਸੋ।**
3. **ਲਘੂ ਕਹਾਣੀ ਜਾਂ ਮਿੰਨੀ ਕਹਾਣੀ ਦਾ ਸਿੱਧਾਂਤ ਦੱਸੋ।**
4. **ਨਾਵਲ ਅਤੇ ਕਹਾਣੀ ਵਿਚ ਮੁੱਖ ਅੰਤਰ ਕੀ ਹੈ?**
5. **ਕੋਈ ਸਮਾਜਿਕ ਸਮੱਸਿਆ ਉਪਰ ਮਿੰਨੀ ਕਹਾਣੀ ਦੀ ਰਚਨਾ ਕਰੋ।**

ਸੰਦਰਭ ਪੁਸਤਕਾਂ:


- ਡਾ. ਮਹਿਲ ਸਿੰਘ. ਪੰਜਾਬੀ ਕਹਾਣੀ ਦੇ ਨਵੇ ਨਕਸ਼. ਰਵੀ ਸਾਹਿਤ ਪ੍ਰਕਾਸ਼ਨ.2018
- ਡਾ. ਭੁਪਿੰਦਰ ਕੌਰ.21ਵੀ ਸਦੀ ਦੀ ਪੰਜਾਬੀ ਕਹਾਣੀ. ਸਪਤਰਿਸ਼ੀ ਪ੍ਰਕਾਸ਼ਨ.2011

- ਸੰਵਾਦ ਰਿਸਰਚ ਰਸਾਲਾ. ਖ਼ਾਲਸਾ ਕਾਲਜ ਅੰਮ੍ਰਿਤਸਰ
- ਛਿਣ. ਰਸਾਲਾ ਪਟਿਆਲਾ
  - ਡਾ. ਧਨਵੰਤ ਕੌਰ. ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ. ਆਰਸੀ ਪ੍ਰਕਾਸ਼ਨ 1994.


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%A8%E0%A8%BF%E0%A9%B1%E0%A8%95%E0%A9%80%20%E0%A8%95%E0%A8%B9%E0%A8%BE%E0%A8%A3%E0%A9%80

https://pa.wikisource.org/wiki/%E0%A8%AA%E0%A9%B0%E0%A8%A8%E0%A8%BE:%E0%A8%A8%E0%A8%BF%E0%A9%B1%E0%A8%95%E0%A9%80_%E0%A8%95%E0%A8%B9%E0%A8%BE%E0%A8%A3%E0%A9%80_%E0%A8%85%E0%A8%A4%E0%A9%87_%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%A8%E0%A8%BF%E0%A9%B1%E0%A8%95%E0%A9%80_%E0%A8%95%E0%A8%B9%E0%A8%BE%E0%A8%A3%E0%A9%80_-_%E0%A8%97%E0%A9%81%E0%A8%B0%E0%A8%AC%E0%A8%96%E0%A8%BC%E0%A8%B8%E0%A8%BC_%E0%A8%B8%E0%A8%BF%E0%A9%B0%E0%A8%98_%E0%A8%AB%E0%A8%BC%E0%A8%B0%E0%A9%88%E0%A8%82%E0%A8%95.pdf/52

https://www.punjabi-kavita.com/Nikki-Kahani-Gurmukh-Singh.php

**ਉੱਤਰਮਾਲਾ:**

| | | | | |
|---|---|---|---|---|
| 1 ਅ | 2. ੲ | 3. ੳ | 4. ੳ | 5. ੲ |
| 6 . ੲ | 7. ਅ | 8. ਅ | 9. ਕ | 10 ੲ |
| 11. ੲ | 12. ੳ | 13. ਅ | 14. ਅ | 15. ੳ |

# ਅਧਿਆਇ-6 ਆਧੁਨਿਕ ਪੰਜਾਬੀ ਨਾਵਲ ਦਾ ਇਤਿਹਾਸ

*Harjot Kaur, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਨਾਵਲ ਦੇ ਸਿੱਧਾਂਤਕ ਪੱਖ ਬਾਰੇ ਜਾਣਕਾਰੀ ਮਿਲੇਗੀ
- ਨਾਵਲ ਲਿਖਣ ਦੇ ਕਾਬਲ ਹੋਣਗੇ
- ਨਾਵਲ ਦੇ ਤੱਤਾ ਤੋ ਜਾਣੂ ਹੋਣਗੇ

**ਪ੍ਰਸਤਾਵਨਾ**: ਇਸ ਪਾਠ ਦਾ ਮਕਸਦ ਵਿਦਿਆਰਥੀਆਂ ਵਿਚ ਵਿਸ਼ਵੀਕਰਨ ਦੇ ਯੁੱਗ ਵਿਚ ਰਚਨਾਤਮਕ ਲੇਖਣ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਰਚਨਾਤਮਕ ਲੇਖਣ ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੇ ਸਰੂਪ ਨੂੰ ਨਿਰਧਾਰਿਤ ਕੀਤਾ ਜਾਵੇਗਾ। ਰਚਨਾਤਮਕ ਲੇਖਣ ਰਾਹੀ ਵਿਦਿਆਰਥੀਆਂ ਨੂੰ ਸਾਹਿਤ ਦੀ ਹਰ ਵਿਧਾਂ ਦਾ ਸਿਧਾਂਤਕ ਸਰੂਪ ਸਮਝ ਆਵੇਂਗਾ ,ਜਿਸ ਰਾਹੀ ਉਹ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ।

**ਵਿਸ਼ਾ**: ਨਾਵਲ ਦਾ ਅਰਥ: ਨਾਵਲ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ ਤੋਂ ਬਣਿਆ ਹੈ, ਜਿਸਦਾ ਮੂਲ ਅਰਥ :ਅਨੋਖਾ,ਨਵਾਂ, ਹੈ। ਹਿੰਦੀ ਭਾਸ਼ਾ ਵਿਚ ਨਾਵਲ ਲਈ ਉਪਨਿਆਸ ਸ਼ਬਦ ਦੀ ਵੀ ਵਰਤੋਂ ਹੁੰਦੀ ਹੈ,ਜਿਸਤੋਂ ਭਾਵ ਉਪ+ਨਿਆਸ ਸਾਹਮਣੇ ਜਾਂ ਕੋਲ ਰੱਖੀ ਚੀਜ਼।ਪੰਜਾਬੀ ਵਿਚ ਨਾਵਲ ਸ਼ਬਦ ਹੀ ਵਰਤਿਆਂ ਜਾਂਦਾ ਹੈ।ਨਾਵਲ ਆਧੁਨਿਕ ਸਾਹਿਤ ਦਾ ਉਹ ਰੂਪ ਹੈ,ਜਿਸ ਵਿਚ ਮਨੁੱਖੀ ਘਟਨਾਵਾਂ ਨੂੰ ਅਨੋਖੇ ਤੇ ਰਸ ਭਰੇ ਤਰੀਕੇ ਨਾਲ ਪ੍ਰਸਤੁਤ ਕੀਤਾ ਜਾਵੇ।

ਰਾਲਫ਼ ਫ਼ਾਕਸ ਦੀ ਧਾਰਣਾ ਅਨੁਸਾਰ:

> ਨਾਵਲ ਕਲਪਨਾ ਪ੍ਰਧਾਨ ਗੱਦ ਹੀ ਨਹੀ ਹੁੰਦਾ, ਸਗੋਂ ਉਹ ਮਾਨਵ ਜੀਵਨ ਦਾ ਗੱਦ ਹੈ।ਉਹ ਪਹਿਲੀ ਕਲਾ ਹੈ ਜਿਸ ਵਿਚ ਸੰਪੂਰਣ ਮਾਨਵ ਨੂੰ ਸਮੋਣ ਅਤੇ ਉਸ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਜਾਂਦਾ ਹੈ।

ਨਿਊ ਇੰਗਲਿਸ਼ ਡਿਕਸ਼ਨਰੀ ਦੇ ਵਿਚ ਨਾਵਲ ਦਾ ਅਰਥ:

> ਨਾਵਲ ਵੱਡੇ ਅਕਾਰ ਵਾਲਾ ਗੱਦ ਵਿਚ ਲਿਖਿਆ ਉਹ ਆਖਿਆਨ ਜਾਂ ਬ੍ਰਿਤਾਂਤ ਹੈ ਜਿਸ ਵਿਚ ਵਾਸਤਵਿਕ ਜੀਵਨ ਦੀ ਪ੍ਰਤਿਨਿਧਤਾ ਦਾ ਦਾਵਾ ਕਰਨ ਵਾਲੇ ਪਾਤਰਾਂ ਅਤੇ ਕਾਰਜਾਂ ਨੂੰ ਕਥਾਨਕ ਰਾਹੀਂ ਚਿੱਤਰਿਆਂ ਜਾਵੇਂ।

**ਨਾਵਲ ਦਾ ਵਰਗੀਕਰਨ**: ਨਾਵਲ ਨੂੰ ਅਨੇਕਾਂ ਆਧਾਰਾਂ ਉਪਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।

**ਨਾਵਲ**

ਤੱਤਾਂ ਦੇ ਆਧਾਰ ਤੇ ਵਿਸ਼ੇ ਦੇ ਆਧਾਰ ਤੇ ਸ਼ੈਲੀ ਦੇ ਆਧਾਰ ਤੇ

1. **ਤੱਤਾਂ ਦੇ ਆਧਾਰ ਉਪਰ**: ਪੰਜਾਬੀ ਨਾਵਲ ਦੇ ਵਰਗੀਕਰਨ ਵਿਚ ਤੱਤਾਂ ਦੇ ਆਧਾਰ ਉਪਰ ਇਸਨੂੰ 3 ਭਾਗਾਂ ਵਿਚ ਵੰਡਿਆ ਜਾਂਦਾ ਹੈ:

   ੳ) ਘਟਨਾ ਪ੍ਰਧਾਨ
   ਅ) ਚਰਿੱਤਰ ਪ੍ਰਧਾਨ
   ੲ) ਨਾਟਕੀ

2. **ਵਿਸ਼ੇ ਦੇ ਅਧਾਰ ਉਪਰ:** ਪੰਜਾਬੀ ਨਾਟਕ ਨੂੰ ਵਿਸ਼ੇ ਦੇ ਆਧਾਰ ਉਪਰ ਅਨੇਕਾਂ ਭਾਗਾਂ ਵਿਚ ਵੰਡਿਆਂ ਜਾ ਸਕਦਾ ਹੈ: ਜਿਵੇਂ

ੳ) ਸਮਾਜਿਕ ਅ) ਆਰਿਥਕ

ੲ) ਰਾਜਨੀਤਿਕ ਸ) ਧਾਰਮਿਕ

ਹ) ਸਭਿਆਚਾਰਕ ਕ) ਇਤਿਹਾਸਕ

ਖ) ਮਿਥਕ/ਪੌਰਾਣਿਕ ਗ) ਵਿਗਿਆਨਕ

3. **ਸ਼ੈਲੀ ਦੇ ਆਧਾਰ ਉਪਰ**: ਹਰ ਨਾਵਲਕਾਰ ਆਪਣੇ ਨਾਵਲ ਨੂੰ ਕਿਸੇ ਨਾ ਕਿਸੇ ਸ਼ੈਲੀ ਨੂੰ ਆਧਾਰ ਬਣਾ ਕੇ ਰਚਨਾ ਕਰਦਾ ਹੈ:

ੳ) ਕਥਾਤਮਕ ਸ਼ੈਲੀ/ਇਤਿਹਾਸਕ ਸ਼ੈਲੀ

ਅ) ਆਤਮ-ਕਥਾਤਮਕ ਸ਼ੈਲੀ

ੲ) ਡਾਇਰੀ/ਪੱਤਰ ਸ਼ੈਲੀ

## ਨਾਵਲ ਦੇ ਤੱਤ:

| **ਨਾਵਲ ਦੇ ਤੱਤ** | **ਨਾਵਲ ਦੀਆਂ ਪ੍ਰਵਿਰਤੀਆਂ** |
|---|---|
| ਕਥਾਨਕ | ਧਾਰਮਿਕ ਪ੍ਰਵਿਰਤੀ |
| ਪਾਤਰ ਚਿਤਰਨ | ਸਮਾਜ ਸੁਧਰਾਕ ਪ੍ਰਵਿਰਤੀ |
| ਵਾਰਤਾਲਾਪ | ਯਥਾਰਥਵਾਦੀ ਪ੍ਰਵਿਰਤੀ |
| ਵਾਤਾਵਰਣ | ਆਲੋਚਨਾਤਮਕ ਯਥਾਰਥਵਾਦੀ |

| | |
|---|---|
| | ਪ੍ਰਵਿਰਤੀ |
| ਸ਼ੈਲੀ | ਪ੍ਰਕਿਰਤੀਵਾਦੀ ਯਥਾਰਥਵਾਦੀ |
| ਉਦੇਸ਼ | ਮਨੋਵਿਗਿਆਨਕ ਪ੍ਰਵਿਰਤੀ |
| | ਆਂਚਲਿਕ ਪ੍ਰਵਿਰਤੀ |

ਨਾਵਲ ਦਾ ਇਤਿਹਾਸ ਨਾਵਲ ਚਿੰਤਨ ਦੀ ਸੀਮਾ ਨਾਵਲ ਦੇ ਸਿੱਧਾਤਕ ਅਕਾਰ ਨੂੰ ਰੇਖਾਕ੍ਰਿਤ ਕਰਨ ਤੋ ਲੈ ਕੇ ਨਾਵਲੀ ਟੈਕਸਟ ਦੀਆਂ ਸੂਖਮ ਪਰਤਾਂ ਦੀ ਉਧੇੜ-ਬੁਣਤ ਤਕ ਫੈਲਦੀ ਹੈ। ਨਾਵਲ ਦਾ ਸਿੱਧਾਤਕ ਚੋਖਟਾ ਨਿਸ਼ਚਤ ਕਰਨ ਲਈ ਉਹ ਪੰਜਾਬੀ ਨਾਵਲ ਦੇ ਇਤਿਹਾਸਕ ਪਰਿਪੇਖ ਵਿਚੋ ਵਿਚਰਦਾ ਹੋਇਆ ਇਸ ਦੇ ਮੂਲ ਤੇ ਸਾਝੇ ਲੱਛਣਾਂ ਦੀ ਸਨਾਖਤ ਕਰਦਾ ਹੈ। ਪੰਜਾਬੀ ਨਾਵਲ ਨੂੰ ਇਤਿਹਾਸਕ ਕ੍ਰਮ ਵਿੱਚ ਵਾਚਦਿਆ ਉਹ ਉਹਨਾਂ ਸਾਝੀਆਂ ਬੁਨਿਆਦੀ ਰੀਤੀਆਂ ਦੀ ਪਹਿਚਾਣ ਕਰਦਾ ਹੈ ਜਿਹੜੀਆਂ ਪੰਜਾਬੀ ਨਾਵਲ ਵਿੱਚ ਬਾਰ-ਬਾਰ ਦੁਹਰਾਈਆਂ ਗਈਆਂ ਹਨ। ਅਜਿਹ ਕਰਦਿਆ ਉਹ ਵਰਤਮਾਨ ਸਥਿਤੀਆ ਤਕ ਸੀਮਤ ਨਹੀਂ ਰਹਿੰਦਾ ਸਗੋ ਨਾਵਲ ਦੇ ਸਿੱਧਤਕ ਚੋਖਟੇ ਦੇ ਨਿਰਮਾਣ ਵੇਲੇ ਉਹ ਭਵਿੱਖਮੁਖੀ ਹੋ ਕੇ ਸੋਚਦਾ ਹੈ। ਨਾਵਲ ਦੇ ਸਰੂਪ ਅਤੇ ਸੁਭਾਅ ਨੂੰ ਸਮਝਣ ਲਈ ਉਹ ਇਹ ਲਾਜ਼ਮੀ ਬਣਾਉਂਦਾ ਹੈ ਕਿ ਲਿਖੇ ਜਾ ਚੁੱਕੇ ਨਾਵਲਾਂ ਦੇ ਆਧਾਰ ਉਪਰ ਉਹਨਾਂ ਲੱਛਣਾਂ ਨੂੰ ਸਹੀ ਕੀਤਾ ਜਾਏ, ਜੋ ਨਾ ਕੇਵਲ ਲਿਖੇ ਜਾ ਚੁੱਕੇ ਨਾਵਲਾਂ ਦਾ ਅੰਗ ਹੋਣ ਸਗੋਂ ਲਿਖੇ ਜਾਣ ਵਾਲੇ ਨਾਵਲਾਂ ਉਪਰ ਵੀ ਲਾਗੂ ਹੋ ਸਕਣ।

ਪ੍ਰਮੁੱਖ ਪੰਜਾਬੀ ਨਾਵਲਕਾਰ:

| ਪਹਿਲੀ ਪੀੜ੍ਹੀ | ਦੂਸਰੀ ਪੀੜ੍ਹੀ | ਤੀਸਰੀ ਪੀੜ੍ਹੀ | ਚੌਥੀ ਪੀੜ੍ਹੀ |
|---|---|---|---|
| ਭਾਈ ਵੀਰ ਸਿੰਘ | ਨਾਨਕ ਸਿੰਘ | ਗੁਰਦਿਆਲ ਸਿੰਘ | ਬਲਦੇਵ ਸਿੰਘ ਸੜਕਨਾਮਾ |
| ਮੋਹਨ ਸਿੰਘ ਵੈਦ | ਸੁਰਿੰਦਰ ਸਿੰਘ ਨਰੂਲਾ | ਮੋਹਨ ਕਾਹਲੋਂ | ਬਲਬੀਰ ਪਰਵਾਨਾ |
| ਚਰਨ ਸਿੰਘ ਸ਼ਹੀਦ | ਸੰਤ ਸਿੰਘ ਸੇਖੋਂ | ਸੁਖਬੀਰ | |
| | ਜਸਵੰਤ ਸਿੰਘ ਕੰਵਲ | ਸੁਰਜੀਤ ਸਿੰਘ ਸੇਠੀ | ਪ੍ਰਗਟ ਸਤੌਜ |
| | ਕਰਨਲ ਨਰਿੰਦਰ ਸਿੰਘ ਕਪੂਰ | ਦਲੀਪ ਕੌਰ ਟਿਵਾਣਾ | |
| | ਅੰਮ੍ਰਿਤਾ ਪ੍ਰੀਤਮ | ਰਾਮ ਸਰੂਪ ਅਣਖੀ | |
| | ਕਰਤਾਰ ਸਿੰਘ ਦੁੱਗਲ | ਕਰਮਜੀਤ ਕੁੱਸਾ | |

**ਨਾਵਲ ਦੇ ਤੱਤ**:

ਕਥਾਨਕ: ਨਾਵਲ ਦਾ ਆਧਾਰ ਜਿਸ ਵਿਸ਼ੇ, ਘਟਨਾ,ਸਮੱਸਿਆ ਆਦਿ ਨਾਵਲ ਦਾ ਕਥਾਨਕ ਹੁੰਦਾ ਹੈ। ਵਧੀਆਂ ਨਾਵਲ ਦੀ ਸਿਰਜਣਾ ਲਈ ਉਸਦਾ ਕਥਾਨਕ ਵਧੀਆਂ ਹੋਣਾ ਬਹੁਤ ਜ਼ਰੂਰੀ ਹੈ।ਨਾਵਲ ਵਿਚ ਪੇਸ਼ ਘਟਨਾਵਾਂ ,ਸਮੱਸਿਆਵਾਂ ਇਕ ਦੂਸਰੇ ਨਾਲ ਜੁੜੀਆਂ ਹੋਣੀਆਂ ਚਾਹੀਦੀਆਂ ਹਨ,ਜੇਕਰ ਅਜਿਹਾ ਨਹੀਂ ਹੋਵੇਗਾ ਤਾਂ ਨਾਵਲ ਦਾ ਕਥਾਨਕ ਬਿਖਰ ਜਾਂਦਾ ਹੈ। ਨਾਵਲਕਾਰ ਪੇਸ਼ ਕੀਤੇ ਜਾ ਰਹੇ ਵਿਸ਼ੇ ਬਾਰੇ

ਪੂਰਨ ਰੂਪ ਵਿਚ ਜਾਣਕਾਰੀ ਹੋਣੀ ਚਾਹੀਦੀ ਹੈ।ਵਿਸ਼ਾ ਕੋਈ ਵੀ ਲਿਆ ਜਾ ਸਕਦਾ ਹੈ:ਇਤਿਹਾਸ,ਪੁਰਾਣ,ਜੀਵਨੀ ਪਰ ਇਸ ਵਿਚ ਜੀਵਨ ਸੱਚ ਹੋਣਾ ਜਰੂਰੀ ਹੈ।ਨਾਵਲ ਦੀ ਸਿਰਜਣਾ ਸਮੇਂ ਨੂੰ ਇਨ੍ਹਾਂ 3 ਮੁੱਖ ਵਿਸ਼ੇਸ਼ਤਾਵਾਂ ਦਾ ਖਿਆਲ ਰੱਖਣਾ ਚਾਹੀਦਾ ਹੈ:

ਮੌਲਿਕਤਾ

ਰੋਚਕਤਾ

ਸੰਭਾਵਿਤਾ

ਪਾਤਰ ਚਿਤਰਨ: ਨਾਵਲ ਵਿਚ ਪੇਸ਼ ਵਿਸ਼ਾ ਸਮਾਜ ਨਾਲ ਜੁੜਿਆਂ ਹੁੰਦਾ ਹੈ।ਇਸ ਕਰਕੇ ਨਾਵਲ ਵਿਚ ਪੇਸ਼ ਕੀਤੇ ਜਾ ਰਹੇ ਪਾਤਰ ਚਿਤਰਨ ਯਥਾਰਥਮਈ ਢੰਗ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਜਾਣਾ ਚਾਹੀਦਾ ਹੈ।ਨਾਵਲਕਾਰ ਦੁਆਰਾ ਪਾਤਰ ਚਿਤਰਨ, ਪਾਤਰਾਂ ਦੀ ਵਾਰਤਾਲਾਪ ਰਾਹੀ ਪਾਤਰ ਚਿਤਰਨ, ਦੋ ਪਾਤਰਾਂ ਦੇ ਰਾਹੀ ਤੀਸਰੇ ਪਾਤਰ ਦਾ ਚਿਤਰਨ ਆਦਿ ਕੁਝ ਪਹਿਲੂ ਹਨਿ, ਜਿਨ੍ਹਾਂ ਰਾਹੀ ਪਾਤਰ ਚਿਤਰਨ ਕੀਤਾ ਜਾ ਸਕਦਾ ਹੈ।

ਨਾਵਲ ਬੇਸਕ ਆਧੁਨਿਕ ਸਾਹਿਤ ਰੂਪ ਹੈ ਪਰ ਪੰਜਾਬੀ ਨਾਵਲ ਦਾ ਮੁੱਢਲਾ ਰੂਪ ਮੱਧ ਕਾਲੀਨ ਚੇਤਨਾ ਤੋਂ ਮੁਕਤ ਨਹੀ ਸੀ। ਇਹ ਪੜਾਅ ਦਰ ਪੜਾਅ ਨਿਰੰਤਰ ਵਿਕਾਸਮੁਖੀ ਰੁਖ ਨੂੰ ਅੱਗੇ ਵਧਿਆ ਹੈ ਅਤੇ ਇਸਦਾ ਵਸ਼ਾ ਵਸਤੂ ਸੰਰਚਨਾ ਵਿਧੀ ਅਤੇ ਦ੍ਰਿਸਟੀ ਨਿਰੰਤਰ ਪਰਿਵਰਤਿਤ ਹੁੰਦੇ ਰਹੇ। ਨਾਵਲ ਦੇ ਵਿਕਾਸ ਨੂੰ ਤਿੰਨ ਪ੍ਰਵਿਰਤੀਆਂ ਅਧੀਨ ਅਧਿਐਨ ਦਾ ਆਧਾਰ ਬਣਾਉਂਦਾ ਹੈ:ਸਮਾਜ-ਸੁਧਾਰ ਅਤੇ ਧਰਮ ਪ੍ਰਚਾਰ, ਇਤਿਹਾਸ ਅਤੇ ਫੈਟੇਸੀ ਦੇ ਮਾਧਿਅਮ ਨਾਲ ਨੈਤਿਕ, ਸਦਾਚਾਰਕ ਚੇਤਨਾ ਦੇ ਵਿਕਾਸ ਦਾ ਯਤਨ ਅਤੇ ਸਮਕਾਲੀਨ ਭਾਰਤੀ ਸਮਾਜ ਦੀਆਂ ਵਾਸਤਵਿਕਤਾਂ ਦੇ ਯਥਾਰਥ ਚਿਤ੍ਰਣ। ਮੁੱਢਲੇ ਦੋਰ ਦੇ ਨਾਵਲਾਂ ਵਿੱਚ ਇਸਾਈ ਮਿਸ਼ਨਰੀਆਂ ਦੇ ਧਰਮ ਪ੍ਰਭਾਵ, ਪ੍ਰਚਾਰ ਅਧੀਨ ਜੋਹਨ ਬੁਨੇਓਨ ਦੇ ਨਾਵਲ ਦੇ ਪਹਿਲੇ ਭਾਗ ਦਾ ਅਨੁਵਾਦ ਯਸੂਈ ਮੁਸਾਫਰ ਦੀ ਜਾਤ੍ਰਾ (1859) ਤੇ ਬੇਨਾਮ ਲੇਖਕ ਦਾ ਜਯੋਤਿਰੁਦਯ (1882) ਨੂੰ ਮੰਨਿਆਂ ਜਾਂਦਾ ਹੈ, ਜੋ ਇਸਾਈ ਧਰਮ ਦੀ ਪ੍ਰੋੜਤਾ ਕਰਦੇ ਹਨ। ਮੁੱਢਲੇ ਦੋਰ ਦੇ ਨਾਵਲਾਂ ਵਿੱਚੋ ਸੁੰਦਰੀ (1898) ਨੂੰ ਪੰਜਾਬੀ ਦਾ ਪਹਿਲਾ ਮੋਲਿਕ ਨਾਵਲ ਹੈ। ਨਿਰਸੰਦੇਹ ਪੰਜਾਬੀ ਦਾ ਮੁੱਢਲਾ ਨਾਵਲ ਭਾਈ ਵੀਰ ਸਿੰਘ ਵੱਲੋ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਲਿਖਿਆ ਗਿਆ। ਇਸ ਨਾਵਲ ਵਿੱਚ ਪਾਤਰਾਂ ਦੀ ਸੰਪਰਦਾਇਕ ਵੰਡ, ਸਿੱਖ ਪਾਤਰਾਂ ਦੀ ਪ੍ਰਸੰਸਾ, ਗੈਰ-ਸਿੱਖ ਪਾਤਰਾਂ ਮੁਸਲਮਾਨਾਂ ਪ੍ਰਤਿ ਨਿੰਦਾ-ਭਾਵੀ ਰਵੱਈਆਂ ਅਤੇ ਦੂਜੇ ਧਰਮਾਂ ਉਤੇ ਸਿੱਖ ਧਰਮ ਦੀ ਸ੍ਰੇਸ਼ਟਤਾ ਦਾ ਵਿਵੇਕ ਆਦਿ ਭਾਈ ਵੀਰ ਸਿੰਘ ਦੀ ਸੰਪਰਦਾਇਕਤਾ ਵਾਲੀ ਰਚਨਾ ਦ੍ਰਿਸਟੀ ਨੂੰ ਉਜਾਗਰ ਕਰਦੇ ਹਨ।

ਭਾਈ ਵੀਰ ਸਿੰਘ ਦੇ ਉਕਤ ਨਾਵਲ ਤੋ ਬਾਅਦ ਅਗਲਾ ਮਹੱਤਵਪੂਰਨ ਨਾਵਲ ਤਾਰਾ ਸਿੰਘ ਦਾ ਤਿੰਨ ਵਿਧਵਾ ਅਤੇ ਮੀਰਾਂ ਬਖ-ਮਿਨਹਾਸ ਦਾ ਨਵਾਬ ਖਾਨ ਆਦਿ ਹੈ, ਜਿਹੜੇ ਧਾਰਮਿਕ, ਸੰਪ੍ਰਦਾਇਕ ਦ੍ਰਿਸਟੀ ਵਾਲੇ ਨਾਵਲ ਤੋ ਬਿਲਕੁਲ ਭਿੰਨ ਹਨ ਅਤੇ ਇਹ ਨਾਵਲ ਯਥਾਰਥਵਾਦੀ ਨਜ਼ਰੀਏ ਵਾਲੇ ਨਾਵਲ ਦੇ ਵਧੇਰੇ ਨੇੜੇ ਹਨ।

ਨਾਵਲ ਦਾ ਦੂਜਾ ਪੜਾਅ ਜੋ ਦੋ ਵੱਖ-ਵੱਖ ਪ੍ਰਵਿਰਤੀਆ ਵਿੱਚ ਰੂਪਮਾਨ ਹੋਇਆ ਸੁਧਾਰਵਾਦੀ ਤੇ ਪ੍ਰਗਤੀਵਾਦੀ ਨਾਵਲ ਹੈ। ਇਹ ਰੁਝਾਣ 1960 ਈ. ਤਕ ਜਾਰੀ ਰਿਹਾ। ਇਸ ਅਧੀਨ ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਸੰਤ ਸਿੰਘ ਸੇਖੋ, ਨਰਿੰਦਰਪਾਲ ਸਿੰਘ, ਸੁਰਜੀਤ ਸਿੰਘ ਸੇਠੀ, ਨਰਿੰਜਨ ਸਿੰਘ ਤਸਨੀਮ, ਐਸ, ਸੋ।। ਆਦਿ ਨੇ ਇਸ ਪ੍ਰਵਿਰਤੀ ਦੇ ਨਾਵਲ ਦੀਆਂ ਸੰਭਾਵਨਾਵਾਂ ਨੂੰ ਹੋਰ ਵਿਸਤਾਰ ਦਿੱਤਾ ਹੈ। ਇਸ ਤੋ ਇਲਾਵਾ ਪਰਵਾਸੀ ਗਲਪਕਾਰਾਂ ਨੇ ਵੀ ਨਾਵਲ ਵਿੱਚ ਪਰਵਾਸੀ ਚੇਤਨਾ ਤੇ ਸੰਵੇਦਨਾ ਦੀ ਅਭਿਵਿਅਕਤੀ ਯਥਾਰਥਵਾਦੀ ਦ੍ਰਿਸ਼ਟੀ ਨਾਲ ਕੀਤੀ। ਇਸੇ ਪ੍ਰਵਿਰਤੀ ਅਧੀਨ ਇੱਕ ਹੋਰ ਪ੍ਰਵਿਰਤੀ ਉਜਾਗਰ ਹੋਈ ਜੋ ਨਾਰੀਵਾਦੀ ਦ੍ਰਿਸਟੀ ਨੂੰ ਲੈ ਕੇ ਅਗਾਂਹ ਵੱਧਦੀ ਹੈ। ਇਸ ਅਧੀਨ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੋਰ, ਬਲਜੀਤ ਕੋਰ ਬਲੀ ਆਦਿ ਕੁਝ ਪ੍ਰਮੁੱਖ ਇਸਤ੍ਰੀ ਨਾਵਲਕਾਰਾਂ ਹਨ । ਇੰਨ੍ਹਾ ਨੇ ਨਾਵਲ ਵਿੱਚ ਸਾਡੇ ਸਮਾਜ-ਸੱਭਿਆਚਾਰ ਵਿੱਚ ਔਰਤ ਦੇ ਵਸਤੂ ਬਣੇ ਰੂਪ ਦੀ ਤ੍ਰਾਸ਼ਦੀ ਦੇ ਬੜੇ ਮਾਰਮਿਕ ਤੇ ਕਰੁਣਾ ਭਾਵੀ ਗਲਪੀ-ਬਿੰਬ ਸਿਰਜੇ ਹਨ।

ਨਾਵਲ ਆਲੋਚਨਾ ਸਾਮਗ੍ਰੀ ਨੂੰ ਵਿਧੀਵਤ ਰੂਪ ਨਾਲ ਸਮਝਣ ਲਈ ਇਸਨੂੰ ਦੋ ਵਰਗਾਂ ਵਿੱਚ ਵੰਡਿਆਂ ਗਿਆ ਹੈ। ਪਹਿਲਾਂ ਵਰਗ ਨਾਵਲ ਦੀ ਵਿਧਾ ਸੰਬੰਧੀ ਸਿੱਧਾਂਤਕ ਧਾਰਨਾਵਾਂ ਦੀ ਪ੍ਰਸਤੁਤੀ ਕਰਦਾ ਹੈ। ਦੂਜਾ ਵਰਗ ਚੁਣੇ ਕੁਝ ਪ੍ਰਤਿਨਿਧ ਨਾਵਲਕਾਰਾਂ ਦੇ ਵਿਹਾਰਕ ਅਧਿਐਨ ਉਪਰ ਕੇਂਦਰਿਤ ਹੈ।

ਨਾਨਕ ਸਿੰਘ ਤੋ ਪੰਜਾਬੀ ਨਾਵਲ ਦਾ ਇੱਕ ਨਵਾਂ ਦੋਰ ਸ਼ੁਰੂ ਹੁੰਦਾ ਹੈ। ਨਾਨਕ ਸਿੰਘ ਦੇ ਦੋ ਨਾਵਲ ਖੂਨ ਦੇ ਸੋਹਿਲੇ (1948) ਤੇ ਅੱਗ ਦੀ ਖੇਡ (1948) ਇਨ੍ਹਾਂ ਦੋਵਾਂ ਨਾਵਲਾਂ ਵਿੱਚ ਨਾਨਕ ਸਿੰਘ ਨੇ ਆਪਣੇ ਅੱਖ ਵੇਖੀਆਂ ਘਟਨਾਵਾਂ ਨੂੰ ਪੂਰੀ ਇਮਾਨਦਾਰੀ ਨਾਲ ਹੀ ਨਹੀਂ , ਇਤਿਹਾਸਕਾਰ ਵਾਂਗ ਚਿਤ੍ਰਣ ਦਾ ਦਾਅਵਾ ਵੀ ਕੀਤਾ ਹੈ।ਨਾਨਕ ਸਿੰਘ ਦੇ ਇਸ ਦਾਅਵੇ ਨੂੰ ਸੱਚ ਮੰਨ ਲਿਆ ਜਾਵੇ ਤਾਂ ਇਹ ਦੋਵੇ ਨਾਵਲ ਇੱਕ ਤਰ੍ਹਾਂ ਨਾਲ ਉਸ ਦੇ ਪੰਜਾਬ ਬਟਵਾਰੇ ਸੰਬੰਧੀ 'ਗਲਪੀ ਨਿਚੋੜ' ਅਥਵਾ ਗਲਪੀ 'ਕ੍ਰਿਟੀਕ' ਨੂੰ ਪੇਸ਼ ਕਰਦੇ ਹਨ। ਉਸਨੇ ਸਮਕਾਲੀ ਮਸਲਿਆ, ਸਮੱਸਿਆਵਾਂ ਤੇ ਲਹਿਰਾਂ ਨੂੰ ਫੋਰੀ ਆਪਣੇ ਨਾਵਲਾਂ ਦੀ ਵਸਤੂ ਬਣਾਉਣ ਦੀ ਕਾਹਲ ਕੀਤੀ ਹੈ। ਫੌਰੀ ਗਲਪੀਕਰਨ ਦੀ ਵਿਧੀ

ਪੱਤਰਕਾਰੀ ਨੂੰ ਤਾਂ ਰਾਸ ਆਉਦੀ ਹੈ, ਪਰੰਤੂ ਨਾਵਲ ਵਰਗੇ ਦਾਰਸ਼ਨਿਕ ਧੰਦੇ ਦੇ ਕਲਾਤਮਕ ਅਮਲ ਉਤੇ ਸੱਟ ਮਾਰਦੀ ਹੈ। ਦੋਵਾਂ ਨਾਵਲਾਂ ਦੇ ਗਲਪੀ-ਅਮਲ ਦੀਆਂ ਜੁਗਤਾਂ ਨਾਨਕ ਸਿੰਘ ਦੇ ਪਹਿਲੇ ਨਾਵਲਾਂ ਦੀਆਂ ਗਲਪੀ-ਜੁਗਤਾਂ ਦਾ ਹੀ ਦਹਰਾਉ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਆਦਰਸ਼ਵਾਦੀ ਪਾਤਰਾਂ ਦੇ ਸਦਭਾਵੀ ਵਿਹਾਰ ਦੁਆਰਾ ਮੰਦਭਾਵੀ ਪਾਤਰਾਂ ਦੀ ਕਾਇਆ ਕਲਪੀ ਦਾ ਕ੍ਰਿਸਮਾ, ਕਾਇਆ ਕਲਪੀ ਦੀ ਮੱਧਕਾਲੀਨ ਰੁੜ੍ਹੀ ਦਾ ਹੀ ਅਨੁਕਰਣ ਹੈ। ਇਹ ਜੁਗਤਾਂ ਉਸਦੇ ਲਗਭਗ ਸਾਰੇ ਨਾਵਲਾਂ ਵਿੱਚ ਦ੍ਰਿਸਟੀਗੋਚਰ ਹੁੰਦੀਆਂ ਹਨ। ਮਨ-ਇੱਛਿਤ ਘਟਨਾ-ਪ੍ਰਬੰਧ, ਮੌਕਾ ਮੇਲ, ਲਮਕਾਅ ਤੇ ਉਤਸੁਕਤਾ, ਵਿਅੰਗ ਤੇ ਭਾਵੁਕ ਸ਼ੈਲੀ ਆਦਿ ਦੇ ਤੱਤ ਇਨ੍ਹਾਂ ਨਾਵਲਾਂ ਵਿੱਚ ਦਿਲਚਸਪੀ ਤੇ ਰਸਕਤਾ ਦਾ ਸੰਚਾਰ ਕਰਦੇ ਤਾਂ ਪ੍ਰਤੀਤ ਹੁੰਦੇ ਹਨ, ਪਰੰਤੂ ਇਨ੍ਹਾ ਨਾਵਲਾਂ 'ਚ ਪੇਸ਼ ਗਲਪੀ ਵਿਵੇਕ ਨੂੰ ਕਮਜੋਰ ਕਰਨ ਦੀ ਭੂਮਿਕਾ ਨਿਭਾਉਦੇ ਹਨ। ਡਾ.ਦਵੇਸ਼ਵਰ ਇਸ ਸੰਬੰਧੀ ਧਾਰਨਾ ਪੇਸ਼ ਕਰਦਾ ਹੈ:ਇਹ ਦੋਵੇ ਨਾਵਲ ਭਾਵੇਂ ਦੇਸ਼ ਵੰਡ ਦਾ ਇਤਿਹਾਸਕ ਵਿਵੇਕ ਤਾਂ ਨਹੀ ਸਿਰਜਦੇ, ਪਰੰਤੂ ਵੰਡ ਸੰਬੰਧੀ ਇਤਿਹਾਸਕ ਦਸਤਾਵੇਜ ਵਜੋ ਮੁੱਲਵਾਨ ਹਨ।

ਨਾਨਕ ਸਿੰਘ ਤੋ ਬਾਅਦ ਗੁਰਦਿਆਲ ਸਿੰਘ ਅਜਿਹਾ ਨਾਵਲਕਾਰ ਹੈ। ਉਸ ਦੀ ਨਾਵਲ ਦ੍ਰਿਸਟੀ ਉਸ ਦੀ ਕਲਾ ਦੇ ਪ੍ਰੇਰਨਾ ਸੋਮਿਆ, ਪੰਜਾਬੀ ਨਾਵਲ ਪਰੰਪਰਾ ਵਿੱਚ ਉਸ ਦੀ ਵਿਲੱਖਣਤਾ ਅਤੇ ਉਸ ਦੀ ਮੱਧਵਰਗੀ ਚੇਤਨਾ ਨੂੰ ਪੇਸ਼ ਕਰਦੀ ਹੈ। ਉਸਦੇ ਅਧਿਐਨ ਦੀ ਇਹ ਖਾਸੀਅਤ ਹੈ ਕਿ ਉਸ ਨੇ ਕਿਸੇ ਵੀ ਵਿਅਕਤੀਗਤ ਲੇਖਕ, ਟੈਕਸਟ ਦਾ ਅਧਿਐਨ ਕਰਦਿਆ ਆਂਪਣੇ ਪ੍ਰਗਤੀਵਾਦੀ-ਮਾਰਕਸਵਾਦੀ ਨਜ਼ਰੀਏ ਨੂੰ ਉਸ ਉਪਰ ਆਰੋਪਿਤ ਨਹੀਂ ਕੀਤਾ ਸਗੋ ਪਾਠ ਦੀ ਪ੍ਰਕਿਰਤੀ ਵਿਚੋ ਲੇਖਕ ਦੀ ਵਿਚਾਰਧਾਰਾ ਨੂੰ ਤਲਾਸ਼ਣ ਦੀ ਕੋਸ਼ਿਸ ਕੀਤੀ ਹੈ। ਪੰਜਾਬੀ ਗਲਪ ਸਾਹਿਤ ਦੀ ਵੱਡੀ ਪ੍ਰਾਪਤੀ ਸਾਡੇ ਗਤੀਸ਼ੀਲ ਸਮਾਜਕ ਯਥਾਰਥ ਨੂੰ ਉਸਦੇ ਕਲਾਤਮਕ-ਬੋਧ ਵਿੱਚ ਗ੍ਰਹਿਣ ਕਰਨ ਅਤੇ ਉਸਨੂੰ ਗਲਪੀ ਵਿਵੇਕ ਸਮੇਤ ਸਪੂਰਤਨ ਦੀ ਪ੍ਰਵਿਰਤੀ ਵਿੱਚ ਵੇਖੀ ਜਾ ਸਕਦੀ ਹੈ। ਉਹ ਪੂਰਨ ਤੋਰ ਵਿੱਚ ਲੋਕਪੱਖੀ ਨਜ਼ਰ ਆਉਦਾ ਹੈ। ਗੁਰਦਿਆਲ ਸਿੰਘ ਪਹਿਲਾ ਨਾਵਲਕਾਰ ਹੈ ਜਿਸ ਨੇ ਇਸ ਪ੍ਰਵਿਰਤੀ ਅਧੀਨ ਸਮਾਜ ਦੇ ਨਿਮਾਣੇ ਤੇ ਨਿਤਾਣੇ ਮਨੁੱਖ ਨੂੰ ਆਪਣੀਆਂ ਗਲਪ-ਰਚਨਾਵਾਂ ਦਾ ਕੇਦਰੀ ਪਾਤਰ ਬਣਾਇਆ ਅਤੇ ਉਸਨੂੰ ਇਤਿਹਾਸਕ ਸਾਂਸਕ੍ਰਿਤਿਕ ਸਮੁੱਚਤਾ ਤੇ ਜਟਿਲਤਾ ਦੇ ਪ੍ਰਸੰਗ ਵਿੱਚ ਪੇਸ਼ ਕੀਤਾ। ਉਸਦੇ ਨਾਵਲ ਉਤਮ ਕਲਾ ਦਾ ਨਮੂਨਾ ਹਨ।ਉਹ ਨਾਵਲ ਦੇ ਤੱਤਾਂ ਨੂੰ ਪੂਰਨ ਰੂਪ ਵਿਚ ਆਧਾਰ ਬਣਉਂਦਾ ਹੈ ।ਪਰਸਾ' ਨਾਵਲ ਰੂਪ-ਵਿਧਾਨ ਪੱਖੋ ਗੁਰਦਿਆਲ ਸਿੰਘ ਦੇ ਪੂਰਵਲੇ ਤ੍ਰਾਸਦਿਕ ਨਾਵਲਾਂ ਨਾਲੋ ਭਿੰਨ ਹੈ...ਪਰਸਾ ਨਾਵਲ ਵਿੱਚ ਓਹ ਮਨੁੱਖੀ ਹੋਂਦ ਦੇ ਤਨਾਉ ਨੂੰ 'ਰੂਪ-ਵਿਧਾਈ ਦੁਖਾਂਤ' ਦੀ ਦ੍ਰਿਸ਼ਟੀ ਤੋ ਨਹੀਂ, ਸਗੋਂ ਸੁਝਾਉ/ਸੁਲਝਾਉ ਦੀ ਪ੍ਰਕਿਰਿਆ ਵਿੱਚ ਚਿਤਰਦਾ ਹੈ।ਗੁਰਦਿਆਲ ਸਿੰਘ ਦੇ ਨਾਵਲ ਵਿੱਚ ਨਿਖੇੜਾ ਬਿਰਤੀ ਰਾਹੀ ਪਰਸਾ ਨਾਵਲ ਦੀ ਉਸਦੇ ਪੂਰਵਲੇ ਨਾਲੋ ਕਲਾਤਮਕ ਜੁਗਤਾਂ ਦਾ ਵੱਖਰਾਪਣ ਪੇਸ਼ ਕਰਨ ਵੱਲ੍ਹ ਰੁਚਿਤ ਹੈ।

ਨਾਵਲ ਦਾ ਨਾਇਕ ਪਰਸਾ ਆਪਣੀ ਇਤਿਹਾਸਕ-ਸਾਂਸਕ੍ਰਿਤਕ ਪਰਿਸਥਿਤੀ ਵਿੱਚ ਪੈਦਾ ਹੋਈ ਸਥਿਰਤਾ ਤੇ ਜਟਿਲਤਾ ਨੂੰ ਇਸ 'ਤਰਕ-ਚੇਤਨਾ' ਨਾਲ ਹੀ ਵੰਗਾਰਦਾ ਹੈ।ਇਸੇ ਆਧਾਰ 'ਤੇ ਉਹ ਸਮਾਜ ਦੇ ਅਪਣਾਉਣਯੋਗ ਤੇ ਨਕਾਰਨਯੋਗ ਮੁੱਲਾਂ ਵਿੱਚ ਅੰਤਰ ਕਰਦਾ ਹੈ।ਤਰਕ-ਚੇਤਨਾ ਉਸ ਲਈ ਕਰਤੱਵ ਤੇ ਸੱਚ ਲਈ ਉਸਦਾ 'ਸਾਰਥੀ' ਬਣਦੀ ਹੈ।

ਨਾਇਕ ਰਾਹੀ ਪੂੰਜੀਵਾਦੀ ਪ੍ਰਬੰਧ ਦਾ ਭੰਜਕ ਹੁੰਦਾ ਵੇਖਣਾ ਉਸਦੇ ਨਾਵਲ ਅਧਿਐਨ ਦਾ ਮਹੱਤਵਪੂਰਨ ਸੂਤਰ ਹੈ। ਸਮਾਜਵਾਦ ਦੀ ਪ੍ਰਾਪਤੀ ਲਈ ਉਦਮਸ਼ੀਲ ਪਾਤਰ ਉਸ ਨੂੰ ਨਾਇਕ ਲਗਦਾ ਹੈ। ਉਸਦੇ ਦ੍ਰਿਸਟੀਕੋਣ ਤੋ ਨਾਇਕ ਨਿੱਜੀ ਜਾਇਦਾਦ ਦੀ ਸੰਸਥਾ ਦੇ ਵਿਰੋਧ ਵਿੱਚ ਡਟ ਜਾਣ ਵਾਲਾ ਹੋਣਾ ਚਾਹੀਦਾ ਹੈ। ਨਾਇਕ ਨੂੰ ਪੂੰਜੀਵਾਦੀ ਵਿਵਸਥਾ ਦੀਆਂ ਪੇਚਦਗੀਆਂ ਨੂੰ ਸਮਝਣ ਅਤੇ ਇਹਨਾਂ ਦੇ ਹੱਲ ਲੱਭਣ ਦੇ ਸਮਰੱਥ ਹੋਣਾ ਚਾਹੀਦਾ ਹੈ। ਇਸੇ ਲਈ ਉਸ ਨੂੰ ਬਹੁਤ ਸਾਰੇ ਨਾਵਲਕਾਰਾਂ ਦੇ ਨਾਵਲਾਂ ਦੇ ਪਾਤਰਾਂ ਵਿੱਚੋ ਗੁਰਦਿਆਲ ਸਿੰਘ ਦੇ ਨਾਵਲ ਪਰਸਾ ਦਾ ਪਾਤਰ ਮੁਕੰਮਲ ਪਾਤਰ ਭਾਵ ਨਾਇਕ ਲੱਗਦਾ ਹੈ। ਗੁਰਦਿਆਲ ਸਿੰਘ ਦੇ ਨਾਵਲਾਂ ਵਿੱਚੋ ਪੂੰਜੀਵਾਦੀ ਨਿਜ਼ਾਮ ਦੀ ਤਸਵੀਰ ਵੇਖਦਾ ਹੈ। ਜਿਸ ਵਿੱਚ ਵਿਰੋਧੀ ਜਮਾਤਾਂ, ਸੱਤਾਧਾਰੀ ਜਮਾਤ ਦੀਆਂ ਵਧੀਕੀਆਂ, ਸ੍ਰੇਣਿਕ ਸੰਘਰਸ਼ ਦੀ ਚੇਤਨਾ ਅਤੇ ਪੇਂਡੂ ਸੱਭਿਆਚਾਰਾਂ ਵਿੱਚ ਪੂੰਜੀਵਾਦੀ ਵਿਵਸਥਾਵਾਂ ਪ੍ਰਤਿ ਵਿਦਰੋਹ ਦੀ ਭਾਵਨਾ ਰੱਖਦਾ ਹੈ ਅਤੇ ਦੋਵੇਂ ਤਰ੍ਹਾਂ ਦੀਆਂ ਸਾਂਸਕ੍ਰਿਤੀਆਂ ਦੇ ਦੰਭੀ ਮੁੱਲਾਂ ਨੂੰ ਨਹੀਂ ਸਵੀਕਾਰਦਾ। ਇਸਤੋ ਇਲਾਵਾ ਰੂਪਵਾਦੀ-ਸੰਰਚਨਾਵਾਦੀ ਤੇ ਚਿੰਨ੍ਹ ਵਿਗਿਆਨਕ ਆਲੋਚਨਾ ਵਾਂਗ ਨਾਵਲ ਦੀ ਬੁਣਤੀ, ਬਣਤਰ ਉਸ ਵਿਚਲੇ ਚਿੰਨ੍ਹਾਂ ਆਦਿ ਨੂੰ ਵੀ ਖਾਸ ਮਹੱਤਵ ਦਿੰਦਾ ਹੈ। ਪਰਸਾ ਦਾ ਅਧਿਐਨ ਕਰਦਿਆ ਉਹ ਨਾਵਲ ਦੇ ਚਿਹਨ-ਪ੍ਰਬੰਧ ਨੂੰ ਵੇਖਦਾ ਹੈ। ਇਹ ਚਿੰਨ੍ਹ-ਪ੍ਰਬੰਧ ਨਾਵਲ ਵਿੱਚ ਪੇਸ਼ ਰਚਨਾ-ਵਸਤੂ ਦੇ ਆਰ-ਪਾਰ ਫੈਲਿਆ ਹੋਇਆਂ ਹੈ। ਨਾਵਲ ਵਿਚਲਾ ਚਿੰਨ-ਪ੍ਰਬੰਧ ਸਥਿਤੀ-ਦਰ ਖੁਲ੍ਹਦਾ ਤੇ ਫੈਲਦਾ ਹੈ। ਇਹ ਨਾਵਲੀ ਟੈਕਸਟ ਨੂੰ ਯਥਾਰਥਕਤਾ ਤੇ ਸਾਰਥਕਤਾ ਪ੍ਰਦਾਨ ਕਰਨ ਅਤੇ ਨਾਵਲੀ ਬਿਰਤਾਂਤ ਵਿੱਚ ਰੋਚਿਕਤਾ ਤੇ ਰਸਿਕਤਾ ਦੀ ਸੁਗੰਧੀ ਦਾ ਸੰਚਾਰ ਕਰਨ ਦੀ ਕਲਾਤਮਕ ਭੂਮਿਕਾ ਨਿਭਾਉਦਾ ਹੈ।

ਗੁਰਦਿਆਲ ਸਿੰਘ ਤੋ ਬਾਅਦ ਸੰਤੋਖ ਸਿੰਘ ਧੀਰ ਦੇ ਦੋ ਨਾਵਲਾਂ *ਉਹ ਦਿਨ* ਤੇ *ਯਾਦਗਾਰ* ਨੂੰ ਆਪਣੇ ਅਧਿਐਨ ਦਾ ਵਸਤੂ ਬਣਾਉਦਾ ਹੈ। ਨਾਵਲ ਵਿੱਚ ਧੀਰ ਦੀ ਪ੍ਰਕਿਰਤੀਵਾਦੀ ਰੁਚੀ ਅਤੇ ਨਿਸੰਗਤਾ ਵਾਲੀ ਰਚਨਾ-ਜੁਗਤ ਨਾਵਲ ਵਿੱਚ ਵਾਸਨਾਮਈ ਅਤੇ ਨਿਲੱਜਤਾ ਵਾਲਾ ਪ੍ਰਭਾਵ ਸਿਰਜਦੀ ਪ੍ਰਤੀਤ ਹੁੰਦੀ ਹੈ। ਇਹ ਪ੍ਰਭਾਵ ਨਾਵਲ ਦੀ ਸਮੁੱਚੀ ਸੰਰਚਨਾ ਵਿੱਚ ਐਨਾ ਭਾਰੂ ਹੋ ਕੇ ਉਭਰਿਆ ਪ੍ਰਤੀਤ ਹੁੰਦਾ ਹੈ ਕਿ ਇਸ ਨੇ 1947 ਦੇ ਫਸਾਦਾਂ ਨਾਲ ਸੰਬੰਧਿਤ ਸਮਾਜਕ ਯਥਾਰਥ ਦੀ ਕੀਤੀ ਖੂਬਸੂਰਤ ਅਤੇ ਕਲਾਤਮਕ ਬਿੰਬਕਾਰੀ ਨੂੰ ਵੀ ਆਪਣੇ ਘੇਰੇ ਵਿੱਚ ਲੈ ਲੈਂਦਾ ਹੈ।ਇਹ ਵਿਸੇਸਤਾ ਧੀਰ ਦੀ ਨਾਵਲੀ-ਸਿਲਪ ਕਲਾ ਦੀ ਪ੍ਰਬੀਨਤਾ ਨੂੰ ਰੂਪਮਾਨ ਕਰਦੀ ਹੈ। ਇਸੇ ਤਰਾਂ ਯਾਦਗਾਰ ਨਾਵਲ ਵੀ ਧੀਰ ਦੇ ਸ਼ਿਲਪ ਅਤੇ ਸੰਗਠਨ ਪੱਖੋ ਇੱਕ ਵਧੀਆ ਤੇ ਸਫਲ ਨਾਵਲ ਹੈ ਪਰ ਇਸ ਨਾਵਲ ਵਿੱਚ ਵੀ ਉਸਦੀ ਆਦਰਸ਼ਵਾਦੀ ਰੁਚੀ ਅਤੇ ਇੱਛਾ

ਮੂਲਕ ਘਟਨਾਵਾਂ-ਪ੍ਰਬੰਧ ਹੋਣ ਕਾਰਣ, ਦੂਜੇ ਇਸ ਵਿੱਚ ਆਏ ਕੇਂਦਰੀ ਪਾਤਰਾਂ ਨਾਲ ਧੀਰ ਦੀ ਨਿੱਜੀ ਸਾਝ ਹੋਣ ਕਾਰਨ, ਇਹ ਪਾਤਰ ਵਸਤੂ-ਸਥਿਤੀਆਂ ਦੇ ਤਨਾਉ ਜਾਂ ਟਕਰਾਉ ਵਿੱਚੋ ਸੁਭਾਵਕ ਢੰਗ ਨਾਲ ਉਸਰਦੇ, ਵਿਗਸਦੇ ਜਾਂ ਵਿਚਰਦੇ ਨਹੀ, ਸਗੋ ਧੀਰ ਦੇ ਆਦਰਸ਼ੀਕਰਣ ਦਾ ਰੂਪਾਂਤਰਣ ਕਰਦੇ ਵੱਧ ਮਜ਼ਰ ਆਉਦੇ ਹਨ।ਦੋਵੇਂ ਨਾਵਲ ਸ਼ਿਲਪ ਤੇ ਸੰਗਠਨ ਪੱਖੋ ਤਾਂ ਬਹੁਤ ਸਫ਼ਲ ਨਾਵਲ ਕਹੇ ਜਾ ਸਕਦੇ ਹਨ, ਪਰ ਉਸ ਦੀ ਕੇਂਦਰ ਤੋ ਦੂਰ ਹੋਣ ਦੀ ਪ੍ਰਵਿਰਤੀ ਉਸਦੇ ਨਾਵਲ ਵਿਚਲੇ ਗਲਪੀ ਵਿਵੇਕ ਨੂੰ ਖੰਡਿਤ ਕਰ ਦਿੰਦੀ ਹੈ ਅਤੇ ਨਾਵਲਾਂ ਦੇ ਪ੍ਰਭਾਵ ਨੂੰ ਵੀ ਵਿਗਾੜ ਕੇ ਪੇਸ਼ ਕਰਦੀ ਹੈ।

ਬਲਦੇਵ ਸਿੰਘ ਦੇ ਨਾਵਲ ਪੰਜਾਬੀ ਵਿੱਚ ਰਚੇ ਗਏ ਹੁਣ ਤੱਕ ਦੇ ਰਾਜਸੀ ਨਾਵਲਾਂ ਵਿੱਚ *ਕੱਚੀਆਂ ਕੰਧਾਂ* ਇੱਕ ਵਰਨਣਯੋਗ ਵਾਧਾ ਹੈ। ਇਹ ਨਾਵਲ ਨਕਸਲਵਾੜੀ ਲਹਿਰ ਨਾਲ ਆਪਣਾ ਸਰੋਕਾਰ ਜੋੜਦਾ ਹੋਇਆਂ ਇਸ ਲਹਿਰ ਦੀ ਪਿੱਠਭੂਮੀ ਵਿੱਚ ਕਾਰਜਸ਼ੀਲ ਨਿੱਜੀ ਜਾਇਦਾਦਦੀ ਮਲਕੀਅਤ ਉਤੇ ਅਧਾਰਤ ਸਮਾਜਿਕ-ਆਰਥਿਕ ਵਿਵਸਥਾ ਅਧੀਨ ਦੁਸ਼ਵਾਰੀਆ ਅਤੇ ਲਾਚਾਰੀਆਂ ਵਿੱਚ ਗ੍ਰਸਤ, ਉਨ੍ਹਾਂ ਸਾਧਨ-ਵਿਹੂਣੇ ਲੋਕਾਂ ਦੇ ਸੰਤਾਪ ਦੀ ਬਾਤ ਪਾਉਂਦਾ ਹੈ। ਜਿਹੜੇ ਇਸ ਵਿਵਸਥਾ ਦੀ ਮਾਰ ਹੇਠ ਟੁਟਦੇ-ਖੁਰਦੇ ਰਹਿੰਦੇ ਹਨ, ਪਰੰਤੂ ਕਦੇ ਹਾਰ ਨਹੀਂ ਮੰਨਦੇ। ਇਹ ਨਾਵਲ ਜਿੱਥੇ ਨਕਸਲਵਾੜੀ ਲਹਿਰ ਦੇ ਵਿਗਠਨ ਦੇ ਅਸਲ ਕਾਰਣਾਂ ਨੂੰ ਪੇਸ਼ ਕਰਦਾ ਉਥੇ ਹੀ ਛੋਟੀ ਕਿਰਸਾਨੀ ਦੀ ਟੁੱਟ ਭੱਜ ਦਾ ਯਥਾਰਥਕ ਚਿੱਤਰ ਪੇਸ਼ ਕਰਦਾ ਹੈ। ਨਿੱਜੀ ਜਾਇਦਾਦ ਤੇ ਪੂੰਜੀ ਦੀ ਕੇਂਦਰੀਕਰਨ ਦੀ ਆਰਥਿਕ ਨੀਤੀ 'ਤੇ ਆਧਾਰਿਤ ਵਰਗ ਸਮਾਜ ਵਿੱਚ ਛੋਟੀ ਕਿਸਾਨੀ ਦਾ ਖੁਰਨਾ ਇੱਕ ਇੱਕ ਲਾਜ਼ਮੀ ਵਰਤਾਰਾ ਹੈ। ਵਿਅੰਗ, ਮਨ, ਬਚਨੀ, ਸੰਬਾਦ, ਪਿਛਲਝਾਤ ਤੇ ਮਸਖਰੀ ਵਰਗੀਆਂ ਰਚਨਾ-ਜੁਗਤਾ ਵਿੱਚ ਪੇਸ਼ ਰਚਨਾ-ਵਸਤੂ ਨੂੰ ਇੱਕ ਸਜੀਵ ਸੰਗਠਨ ਪ੍ਰਦਾਨ ਕਰਨ ਵਿੱਚ ਸਹਾਈ ਹੋਈਆਂ ਪ੍ਰਤੀਤ ਹੁੰਦੀਆਂ ਹਨ।

ਬਲਦੇਵ ਸਿੰਘ ਦਾ ਨਾਵਲ *ਲਾਲਬੱਤੀ* ਵੇਸਵਾਵਾਂ ਦੇ ਕਿਰਦਾਰ ਤੇ ਕਾਰੋਬਾਰ ਦੇ ਨਾਲ-ਨਾਲ ਉਨਹਾਂ ਦੇ ਇਸ ਪੇਸ਼ੇ ਦੀ ਸਮਾਜੀਕਰਨ ਦੀ ਪ੍ਰਕਿਰਿਆ ਨੂੰ ਵੀ ਆਪਣੀ ਯਥਾਰਥਵਾਦੀ ਤੇ ਮਾਨਵਵਾਦੀ ਦ੍ਰਿਸਟੀ ਰਾਹੀ ਸਾਕਾਰ ਕਰਦਾ ਹੈ। ਇਸ ਵਿੱਚ ਵੇਸ਼ਵਾ ਜੀਵਨ ਦੇ ਚੋਣ ਦੀ ਸ਼ਿਖਰ ਨੂੰ ਵੀ ਵੇਖਦਾ ਹੈ ਤੇ ਇਸਦੇ ਕਾਰਨ ਸ੍ਰੇਣੀ ਸਮਾਜ ਵਿੱਚ ਨਿਸ਼ਚਿਤ ਕਰਦਾ ਹੈ, ਲੇਖਕ ਵੱਲੋ ਭਾਵੇਂ ਇਸ ਕਠੋਰ ਸਮੱਸਿਆ ਦਾ ਕੋਈ ਸਮਾਧਾਨ ਪੇਸ਼ ਨਹੀਂ ਕੀਤਾ ਗਿਆ ਬਸ ਲਾਲ ਬੱਤੀ ਦੇ ਮੱਧਮ ਚਾਨਣ ਵਿੱਚੋ ਹੀ ਵੇਸਵਾਵਾਂ ਦਾ ਭੂਤ, ਵਰਤਮਾਨ ਅਤੇ ਭਵਿੱਖ ਦਾ ਕਰੁਣਾਮਈ ਚਿਤਰ ਹੀ ਉਭਾਰਿਆ ਗਿਆ ਹੈ। ਪੂੰਜੀ ਦੇ ਨਿੱਜੀਕਰਨ ਤੇ ਕੇਂਦਰੀਕਰਨ ਵਾਲੀਆਂ ਸਮਾਜਕ-ਆਰਥਕ ਬਣਤਰਾਂ ਵਿੱਚ ਤਾਂ ਇਹ ਸਮੱਸਿਆਂ ਹੋਰ ਵੀ ਗੰਭੀਰ ਰੂਪ ਇਖਿਤਿਆਰ ਕਰ ਸਕਦੀ ਹੈ, ਪਰੰਤੂ ਸ੍ਰੇਣੀ-ਰਹਿਤ ਸਮਾਜਕ ਆਰਥਕ ਬਣਤਰਾਂ ਵਾਲੇ ਸਮਾਜਾਂ ਵਿੱਚ ਇਸ ਦਾ ਸੰਪੂਰਨ, ਸੁਖਾਵਾਂ ਤੇ ਸਾਰਥਕ ਹੱਲ ਪ੍ਰਾਪਤ ਹੈ। ਵਸਤੂ ਯਥਾਰਥ ਦੇ ਨਾਲ-ਨਾਲ ਇਸ ਨਾਵਲ ਦੀਆ ਗਲਪੀ ਵਿਸ਼ੇਸਤਾਵਾਂ ਨੂੰ ਵੀ ਉਜਾਗਰ ਕਰਦੀਆਂ ਹਨ।ਪ੍ਰਕਿਰਤੀਵਾਦੀ ਯਥਾਰਥਵਾਦੀ ਪ੍ਰਵਿਰਤੀ ਅਧੀਨ ਰਚੇ ਗਏ ਇਸ ਨਾਵਲ ਦੀ ਮੁਖ ਸੁਰ ਦੁਖਾਂਤ-ਭਾਵੀ ਵੀ ਹੈ ਤੇ ਵਿਅੰਗਮਈ ਵੀ। ਭਾਸ਼ਾ ਵਿੱਚ ਨਿਸੰਗਤਾ ਨਹੀਂ ਹੈ। ਬੋਲੀ ਵਿੱਛ ਖੁੱਲਾਪਣ ਹੈ। *ਲਾਲਬੱਤੀ* ਤੋ ਬਾਅਦ ਬਲਦੇਵ ਸਿੰਘ ਦਾ ਤੀਜਾ ਨਾਵਲ *ਪੰਜਵਾਂ ਸਾਹਿਬਜਾਦਾ* ਜੀਵਨ ਮੂਲਕ ਨਾਵਲ ਹੈ ਅਤੇ ਨਾਵਲੀ ਬਿਰਤਾਂਤ ਦਾ ਕੇਂਦਰੀ ਤੰਦ ਭਾਈ ਜੈਤਾ ਦੇ ਜੀਵਨ ਤੇ ਉਸਦੇ ਕਰਮ ਘੇਰੇ ਨਾਲ ਸੰਬੰਧਿਤ ਹੈ। ਸਮੁੱਚੀ ਸਿੱਖ ਵਿਚਾਰਧਾਰਾ ਨੂੰ ਮਾਰਕਸਵਾਦੀ ਵਿਚਾਰਧਾਰਾ ਵਾਂਗ ਲੋਕਪੱਖੀ ਤੇ ਲੋਕ-ਹਿਤੈਸੀ ਹੋਣ ਕਾਰਨ ਹਮੇਸ਼ਾ ਸਲਾਹੁੰਦਾ ਹੈ। ਇਸ ਨਾਵਲ ਦੀ ਸਮੁੱਚੀ ਵਸਤੂ ਸਾਮਗ੍ਰੀ ਹੀ ਸਿੱਖ ਧਰਮ ਦੇ ਉਸ ਨੁਕਤੇ ਵਿੱਚ ਸਮਾਈ ਹੋਈ ਹੈ ਜਿਸ ਵਿੱਚ ਨੀਚਾ ਨੂੰ ਊਚ ਕਰਨਾ ਮੁੱਖ ਮੰਤਵ ਹੈ। ਨਿਮਨ ਜਾਤੀ ਵਿਚਲੇ ਅਣਗੋਲੇ ਨਾਇਕ ਦਾ ਮਹਾਂਕਾਵਿਕ ਬਿਰਤਾਂਤ 'ਪੰਜਵਾਂ ਸਾਹਿਬਜਾਦਾ' ਹੈ।ਇਹ ਨਾਵਲ ਜਿਥੇ ਭਾਈ ਜੈਤਾ ਦੇ ਕੱਦ ਕਿਰਦਾਰ ਤੇ ਕੁਰਬਾਨੀ ਵਾਲੇ ਸੁਭਾਅ ਨੂੰ ਰੂਪਮਾਨ ਕਰਦਾ ਹੈ, ਉਥੇ ਗੁਰੂ ਤੇਗ ਬਹਾਦਰ ਜੀ ਦੇ ਦਰਵੇਸ਼ੀ ਰੂਪ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਤੇ ਸਿਪਾਹੀ ਵਾਲੇ ਰੂਪ ਨੂੰ ਵੀ ਉਜਾਗਰ ਕਰਦਾ ਹੈ। ਦੂਸਰਾ ਇਹ ਨਾਵਲ ਦੋ ਧਰਮਾਂ ਵਿਚਕਾਰ ਦੀ ਜੰਗ ਨਹੀਂ ਵੇਖਦਾ, ਸਗੋ ਇੱਕ ਪਾਸੇ ਉਚ ਸ੍ਰੇਣੀਆਂ ਦੇ ਰਾਜਨੀਤਿਕ, ਆਰਥਿਕ ਤੇ ਸਮਾਜਿਕ ਹਿੱਤਾ ਦੀ ਸੁਰੱਖਿਆ ਲਈ ਪੈਦਾ ਹੋਏ ਤੌਖਲੇ ਅਤੇ ਦੂਜੇ ਪਾਸੇ ਕਿਰਸਾਨੀ ਤੇ ਮਜ਼ਦੂਰ ਜੀਵਨ ਦੀ ਹਾਕਮ ਸ੍ਰੇਣੀ ਦੇ ਜਬਰ ਤੇ ਜੁਲਮ ਵਿਰੁੱਧ ਉਠੇ ਰੋਹ ਦੀ ਪਛਾਣ ਕਰਵਾਉਂਦੀ ਹੈ। ਇਸ ਨਾਵਲ ਦੀ ਵੱਡੀ ਪ੍ਰਾਪਤੀ ਇਸ ਨਾਵਲ ਦੇ ਨੀਵੀਂ ਜਾਤ ਦੇ ਸ਼ਖਸ ਨੂੰ ਸੰਪੂਰਨ ਨਾਇਕ ਸਿਰਜਨ ਦੀ ਹੈ। ਦੂਜਾ ਉਹ ਸਿੱਖ ਗੁਰੂਆਂ ਦੁਆਰਾ ਚਲਾਈ ਵਿਚਾਰਧਾਰਾ ਦੀ ਸਮਕਾਲੀ ਪ੍ਰਸੰਗਤਾ ਉਤੇ ਜੋਰ ਦਿੰਦਾ ਹੈ। *ਸਤਲੁਜ ਵਹਿੰਦਾ* ਰਿਹਾ ਬਲਦੇਵ ਸਿੰਘ ਦੁਆਰਾ ਲਿਖਿਆ ਇਤਿਹਾਸਕ ਜੀਵਨ ਮੂਲਕ ਨਾਵਲ ਹੈ। ਜੋ ਮੁੱਖ ਰੂਪ ਵਿੱਚ ਭਗਤ ਸਿੰਘ ਤੇ ਬਾਕੀ ਦੇਸ਼ ਭਗਤਾਂ ਦੇ ਨਾਇਕਤਵ ਰੂਪ ਨੂੰ ਉਘਾੜਦਾ ਤੇ ਬਰਤਾਨਵੀ ਸਾਮਰਾਜ ਦੇ ਅੱਤਿਆਚਾਰ ਨੂੰ ਪੇਸ਼ ਕਰਦਾ ਹੈ। ਬਲਦੇਵ ਸਿੰਘ ਪਹਿਲਾਂ ਨਾਵਲਕਾਰ ਹੈ ਜਿਸਦੀ ਸੂਝ, ਸਮਰੱਥਾਂ ਤੇ ਸੰਵੇਦਨਾ ਨੇ ਸਹੀਦੇ ਆਜਮ ਭਗਤ ਸਿੰਘ ਦੇ ਜੀਵਨ, ਉਸਦੀ ਵਿਚਾਰਧਾਰਾ ਤੇ ਉਸਦੀ ਸੰਘਰਸ਼ ਦੀ ਚੇਤਨਾ ਨੂੰ ਉਸਦੇ ਸਮਕਾਲ ਦੀਆਂ ਰਾਜਸੀ ਵਿਚਾਰਧਾਰਕ ਤੇ ਸਮਾਜ-ਸੱਭਿਆਚਾਰਕ ਸਥਿਤੀਆਂ-ਪਰਿਸਥਿਤੀਆਂ ਦੇ ਸੰਦਰਭ ਵਿੱਚ ਸਮਝਣ ਅਤੇ ਉਸਦੇ ਨਾਇਕਤਵ ਦੇ ਸਾਰ ਨੂੰ ਪਛਾਂਨਣ ਦਾ ਯਤਨ ਕੀਤਾ ਹੈ। ਪ੍ਰਮੁੱਖ ਰੂਪ ਵਿੱਚ ਇਹ ਨਾਵਲ ਭਗਤ ਸਿੰਘ ਦੇ ਜੀਵਨ, ਵਿਚਾਰਧਾਰਾ ਉਪਰ ਆਧਾਰਿਤ ਹੈ ਤੇ ਉਸਨੂੰ ਮਹਾਂਨਾਇਕ ਦੇ ਰੂਪ ਵਿੱਚ ਪੇਸ਼ ਕਰਨ ਦੇ ਨਾਲ ਬਾਕੀ ਦੇਸ਼ ਭਗਤਾਂ ਨੂੰ ਵੀ ਨਇਕ ਦਾ ਦਰਜਾ ਦਿੰਦਾ ਹੈ। ਇਹ ਨਾਵਲ ਬਲਦੇਵ ਸਿੰਘ ਦੀ ਇਤਿਹਾਸਕ ਤੇ ਨਾਵਲੀ ਚੇਤਨਾ ਦੇ ਸੁਮੇਲ ਦੀ ਅਜਿਹੀ ਕਲਾਤਮਕ ਸਿਰਜਨਾ ਹੈ ਜਿਹੜੀ ਇਤਿਹਾਸਕ ਨਾਵਲ/ਜੀਵਨ-ਮੂਲਕ ਨਾਵਲ ਦਾ ਪ੍ਰਮਾਣਿਕ ਮਾਡਲ ਸਥਾਪਿਤ ਕਰਦੀ ਹੋਈ ਪੰਜਾਬੀ ਇਤਿਹਾਸਕ ਨਾਵਲ ਦੇ ਸੰਰਚਨਾਤਮਕ ਰੂਪ ਨੂੰ ਹੋਰ ਵਿਸਥਾਰ ਦਿੰਦੀ ਹੈ।

ਦਲੀਪ ਕੌਰ ਟਿਵਾਣਾ ਦੇ ਨਾਵਲ ਕਥਾ ਕਹੋ ਉਰਵਸ਼ੀ ਦਾ ਵੱਡ ਆਕਾਰੀ ਨਾਵਲ ਹੈ ਜੋ ਉਸ ਵਿਚਲੀ ਕਥਾ ਦੀ ਨਿਰੰਤਰਤਾ ਉਸਦੇ ਬਿਰਤਾਂਤਕ ਪ੍ਰਬੰਧ ਨੂੰ ਇੱਕ ਅਖੰਡ ਇਕਾਈ ਵਿੱਚ ਬੰਨਦਾ ਹੈ। ਇਸ ਨਾਵਲ ਵਿੱਚ ਪ੍ਰਵਚਨ ਦਾਰਸ਼ਨਿਕ ਪਹੁੰਚ ਵਾਲਾ ਹੈ ਜਿਹੜਾ ਜਿੰਦਗੀ ਦੇ ਅਸਤਿੱਤਵੀ ਮਸਲਿਆ ਨੂੰ ਭਾਰਤੀ ਦਰਸ਼ਨ ਦੀ ਆਦਰਸ਼ਵਾਦੀ ਦ੍ਰਿਸਟੀ ਤੋ ਪੇਸ਼ ਕਰਦਾ ਹੈ। ਉਕਤ ਨਾਵਲ ਦਾ ਥੀਮ ਜਿਆਦਾ ਬਲਵਾਨ ਹੈ। ਜੋ ਪੀੜ੍ਹੀਆਂ, ਦੋ ਸਮਾਜਾਂ, ਪਰੰਪਰਾਵਾਂ ਵਿਚਕਾਰ ਦੇ ਟਕਰਾਂਅ ਨੂੰ ਪੇਸ਼ ਕਰਦਾ ਹੈ। "ਨਾਵਲ ਵਿੱਚ ਪੇਸ਼ ਹੋਏ ਅਤਿ-ਪੁਰਾਤਨਤਾ ਅਤੇ ਅਤਿ-ਆਧੁਨਿਕਤਾ ਦੇ ਇਹ ਦੋਵੇਂ ਰੂਪ ਮਨੁੱਖ ਦੇ ਅਸਤਿਤਵੀ ਸੰਕਟ ਦਾ ਸਮਾਧਾਨ ਕਰਨ ਦੀ ਥਾਂ ਉਨ੍ਹਾਂ ਨੂੰ ਹੋਰ ਵੀ ਤ੍ਰਾਸ਼ਦ ਗ੍ਰਸਤ ਕਰਦੇ ਹਨ। ਇਸੇ ਲਈ ਇਸਦੀ ਮੁਖ ਵਿਧੀ ਜਿੱਥੇ ਯਥਾਰਥ ਦੇ ਸਿਰਜਣ ਦੀ ਹੈ ਉਥੇ ਬਹੁ-ਵਚਨੀ ਟੈਕਸਟ ਦਾ ਨਿਰਮਾਣ ਵੀ ਕਰਦੀ ਹੈ।ਇਸ ਨਾਵਲ ਦੀ ਬਣਤਰ, ਨਾਵਲੀ ਪਾਤਰਾਂ ਦਾ ਨਾਵਲੀ ਸਥਿਤੀਆਂ ਨਾਲ ਸੰਬੰਧ, ਪਿਛਲਝਾਤ ਦੀ ਜੁਗਤ ਨੂੰ ਵੀ ਨਾਵਲੀ ਥੀਮ ਨੂੰ ਸੰਘਣਾ ਬਣਾਉਣ ਵਿੱਚ ਮਹੱਤਵਪੂਰਨ ਮੰਨਦਾ ਹੈ। ਇਹ ਨਾਵਲ ਮਨੁੱਖ ਦੇ ਅਸਤਿਤਵ ਨਾਲ ਸੰਬੰਧਿਤ ਅਨੇਕ ਸਵਾਲਾਂ ਨੂੰ ਖੜ੍ਹਾਂ ਤਾਂ ਕਰਦਾ ਹੈ ਪਰੰਤੂ ਉਨ੍ਹਾ ਦੇ ਤਾਰਕਿਕ ਹੱਲ ਨੂੰ ਭਾਰਤੀ ਦਰਸ਼ਨ ਦੀ ਉਪਨਿਸਦੀ ਦ੍ਰਿਸਟੀ ਨਾਲ ਜੋੜਦਾ ਪਰਿਵਾਰ ਨਾਲੋ ਸਨਿਆਸ ਨੂੰ ਤਰਜੀਹ ਦਿੰਦਾ ਹੈ।

ਯਥਾਰਥਵਾਦੀ ਧਾਰਾ ਵਿੱਚ ਪੰਜਾਬੀ ਦਾ ਹੋਰ ਵੀ ਬਹੁਤ ਸਾਰਾ ਨਾਵਲ ਲਿਖਿਆ ਗਿਆ ਜਿਸ ਵਿੱਚ ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਮਹੱਤਵਪੂਰਨ ਸਥਾਨ ਹੈ। ਰਾਮ ਸਰੂਪ ਅਣਖੀ ਦਾ ਨਾਵਲ *ਦੱਲੇ ਦੀ ਢਾਬ* ਵਸਤੂ-ਯਥਾਰਥ ਵਿਚਲੇ ਸਮਾਜਕ-ਆਰਥਕ ਅਸਾਵੈਂਪਣ ਅਤੇ ਅਸੰਤੁਲਨ ਦਾ ਨਾਵਲ ਹੈ,ਜਿਸਦੇ ਕੇਂਦਰ ਵਿੱਚ ਪੇਂਡੂ ਕਿਸਾਨੀ ਤੇ ਨਿਮਨ ਜਾਤ-ਜਮਾਤ ਦੀ ਹੋਂਦ ਦੇ ਹੋ ਰਹੇ ਹਤਾਸ਼ ਦਾ ਤਨਾਉ-ਮੂਲਕ ਅਨੁਭਵਹੈ। ਪੰਜਾਬ ਉਤੇ ਬਰਤਾਨਵੀ ਸਾਮਰਾਜ ਦਾ ਕਬਜ਼ਾ ਹੋ ਜਾਣ ਤੋ ਬਾਅਦ ਪੰਜਾਬ ਦੀ ਮਾਲਿਕ ਕਿਸਾਨੀ ਉਤੇ ਪੂੰਜੀਵਾਦੀ-ਸਾਮਰਾਜ, ਆਰਥਿਕ, ਸੰਸਕ੍ਰਿਤਿਕ ਪ੍ਰਭਾਵਾਂ ਦਾ ਜੋ ਅਸਰ ਹੋਇਆ ਉਸਨੂੰ ਇਸ ਨਾਵਲ ਵਿੱਚੋ ਤਲਾਸ਼ਦਾ ਜਾ ਸਕਦਾ ਹੈ। ਸੰਬਾਦ, ਵਿਅੰਗ ਤੇ ਵਿਡੰਬਣਾ ਦੀਆਂ ਜੁਗਤਾਂ ਇਸ ਨਾਵਲ ਦੇ ਗਲਪੀ ਅਮਲ ਨੂੰ ਸਜੀਵਤਾ ਤੇ ਸੁਭਾਵਿਕਤਾ ਪਰਦਾਨ ਕਰਦੀਆ ਹਨ। ਇਹ ਨਾਵਲ ਮੁੱਖ ਰੂਪ ਵਿੱਚ ਅੰਤਰ-ਜਮਾਤੀ ਵਿਰੋਧਾ ਦੀ ਥਾਂ ਅੰਤਰਾਂ-ਜਮਾਤੀ ਵਿਰੋਧਾ ਦਾ ਨਾਵਲ ਹੈ।

ਮਿੱਤਰ ਸੈਨ ਮੀਤ ਦੇ ਨਾਵਲ *ਕੌਰਵ ਸਭਾ* ਨੂੰ ਵਿਚਾਰਧਾਰਾਈ ਤੇ ਤਕਨੀਕ ਪੱਖੋਨ ਇਹ ਨਾਵਲ ਪੂੰਜੀਵਾਦੀ ਨੀਂਹ 'ਤੇ ਉਸਾਰੀ ਸਾਡੀ ਲੋਕਰਾਜੀ ਪ੍ਰਣਾਲੀ ਦੀਆਂ ਤਿੰਨ ਬੁਨਿਆਦੀ ਸੰਸਥਾਵਾਂ- ਵਿਧਾਨ ਪਾਲਕਾ, ਕਾਰਜ ਪਾਲਕਾ ਤੇ ਨਿਆਂ ਪਾਲਕਾ ਵਿਚਾਲੇ ਖਲਨਾਇਕੀ ਚਰਿਤ੍ਰ ਨੂੰ ਉਸਦੀ ਸਮੁੱਚਤਾ, ਜਟਿਲਤਾ ਤੇ ਗਤੀਸੀਲਤਾ ਵਿੱਚ ਸਾਕਾਰ ਕਰਦਾ ਹੈ। ਉਹ ਪੂੰਜੀਵਾਦੀ ਵਰਤਾਰਿਆ ਦੀ ਲਪੇਟ ਵਿੱਚ ਆਏ ਸਮਾਜ ਦੀਆਂ ਕਰਤੂਤਾ ਨੂੰ ਇਸ ਨਾਵਲ ਵਿੱਚੋ ਪਛਾਣਦਾ ਹੈ ਇਹ ਨਾਵਲ ਜਿੱਥੇ ਪੂੰਜੀਵਾਦੀ ਸਭਿਆਚਾਰ ਦੀ ਭਿਆਨਕਤਾ, ਨਿਰਦਾਇਕਤਾ ਤੇ ਪੈਸੇ ਦੀ ਸਰਦਾਰੀ ਵਾਲੇ ਮਨਫ਼ੀ ਕਿਰਦਾਰ ਨੂੰ ਤਕੜੇ ਹੱਥ ਪਾ ਕੇ ਹਲੂਣਿਆ ਹੈ, ਉਥੇ ਆਪਣੀ ਸਿਰਜਣਾਤਮਕ ਪ੍ਰਤਿਭਾ ਦੀ ਵਿਲੱਖਣਤਾ ਤੇ ਵੱਖਰਤਾ ਨੂੰ ਵੀ ਸਥਾਪਿਤ ਕਰਦਾ ਹੈ ।ਇਹ ਉਚ-ਸ਼੍ਰੇਣੀ ਦੇ ਅੰਤਰਾਂ-ਜਾਤੀ ਵਿਰੋਧਾ ਦਾ ਨਾਵਲ ਹੈ। ਇਸ ਵਿੱਚ ਕੋਈ ਨਾਇਕ ਧਿਰ ਨਹੀਂ ਸਗੋਂ ਖਲਨਾਇਕ ਹੀ ਹੈ। ਵਿਸੇ ਦੇ ਮਹੱਤਵ, ਵਿਰਾਟਤਾ ਅਤੇ ਵਿਧੀ ਪੱਖੋ ਇਹ ਨਾਵਲ ਪੰਜਾਬੀ ਵਿੱਚ ਹੀ ਨਹੀਂ, ਸਗੋਂ ਭਾਰਤੀ ਨਾਵਲ ਦੇ ਪ੍ਰਸੰਗ ਵਿੱਚ ਵੀ ਆਪਣੀ ਵਿਸ਼ੇਸ, ਵਿਲੱਖਣ ਤੇ ਗੌਰਵਮਈ ਪਹਿਚਾਣ ਸਥਾਪਿਤ ਕਰਦਾ ਹੈ। *ਸੁਧਾਰ ਘਰ* ਨਾਵਲ ਭਿਸ਼ਟ ਵਿਵਸਥਾ ਵਿੱਚ ਪੈਦਾ ਹੋ ਰਹੀ ਸੰਭਾਵੀ ਇਨਕਲਾਬੀ ਚੇਤਨਾ ਦਾ ਨਾਵਲ ਮੰਨਦਾ ਹੈ। ਬੇਸਕ ਨਾਵਲਕਾਰ ਆਪਣੇ ਚਾਰੇ ਨਾਵਲਾਂ ਵਿੱਚ ਇਹ ਥੀਮ ਅੰਤਰ ਸੰਬੰਧਿਤ ਰੂਪ ਲੈਂਦਾ ਹੋ ਪਹਿਲਾਂ ਨਾਵਲ (ਤਫ਼ਤੀਸ਼) 'ਚ ਪੁਲਿਸ ਆਪਣੀ ਅਯੋਗਤਾ/ਅਵੇਸਲੇਪਣ ਛਪਾਉਣ ਤੇ ਬੇਗੁਨਾਹ ਤੇ ਕੇਸ ਪਾ ਕੇ ਆਪਣੀ ਪ੍ਰਬੰਧਕੀ ਕੁਸ਼ਲਤਾ ਦਾ ਭਰਮ ਸਿਰਜਦੀ, ਦੂਜਾ (ਕਟਹਿਰਾ), ਝੂਠੀਆਂ ਗਵਾਹੀਆਂ ਰਾਹੀ ਨਿਰਦੋਸ਼ਾ ਨੂੰ ਸਜਾ, ਤੀਜਾ (ਕੌਰਵ ਸਭਾ) ਪੈਸੇ ਤੇ ਸੱਤਾ ਦੀ ਰਾਜਨੀਤੀ ਦੇ ਅੰਤਰ ਤੇ ਅੰਤਰ-ਵਿਰੋਧਾ ਦਾ ਗਲਪੀਕਰਨ ਕਰਦਾ ਤੇ ਚੌਥਾ (ਸੁਧਾਰ ਘਰ) ਜੇਲ-ਪ੍ਰਬੰਧ ਵਿੱਚ ਪਸਰੇ ਵਿਕਰਾਲ ਭ੍ਰਿਸਟਾਚਾਰ, ਅਮਾਨਵੀ ਵਿਵਹਾਰ, ਨਸ਼ਿਆ ਦੇ ਯਥਾਰਥ ਦੀ ਪੇਸ਼ਕਾਰੀ ਕਰਦਾ। ਸੁਧਾਰ ਘਰ ਨਾਵਲ ਸੱਤਾਧਾਰੀ-ਪੂੰਜੀਵਾਦੀ ਵਿਵਸਥਾ ਉਪਰ ਵਿਅੰਗ ਹੀ ਦੱਸਦਾ ਹੈ "ਰੂਪ-ਚੇਤਨਾ ਪੱਖੋ ਇਹ ਨਾਵਲ ਕਲਾਸੀਕਲ ਦੁਖਾਂਤ ਦੇ ਵਿਰੇਚਣੀ ਸੁਭਾਅ ਤੋ ਵੱਖਰਾ ਹੈ। ਇਸ ਵਿੱਚ ਪੂਰੀ ਸਟੇਟ ਤੇ ਉਸਦਾ ਸਮੁੱਚਾ ਪ੍ਰਬੰਧਕੀ ਢਾਂਚਾ ਕਿਸੇ ਸਦਗੁਣੀ ਨਾਇਕ ਵਜੋ ਨਹੀਂ ਸਗੋ ਖਲਨਾਇਕ ਵਜੋ ਪੇਸ਼ ਹੋਇਆ ਹੈ।

ਮਿੱਤਰ ਸੈਨ ਮੀਤ ਦੀ ਮਹਾਂਕਾਵਿਕ ਦ੍ਰਿਸਟੀ ਦਾ ਕਮਾਲ ਹੈ ਕਿ ਅਜਿਹੇ ਗੰਭੀਰ ਵਿਰਾਟਤਾ ਤੇ ਵਿਕਰਾਲਤਾ ਵਾਲੇ ਵਿਸ਼ੇ ਨੂੰ ਉਸਨੇ ਕਥਾ ਦੇ ਸਹਿਜਮਈ ਤੇ ਸੁਹਜਮਈ ਪ੍ਰਬੰਧ ਵਿੱਚ ਢਾਲਿਆ ਹੈ।

ਸ.ਸੋਜ ਦੇ ਨਾਵਲ *ਮਰਸੀਆ* ਦੀ ਰਚਨਾ ਵਸਤੂ ਜੋ ਪੂੰਜੀਵਾਦੀ ਜਮਾਤ ਦੇ ਸਾਂਸਕ੍ਰਿਤਿਕ ਮੁੱਲਾਂ ਤੇ ਨੈਤਿਕ ਪ੍ਰਤਿਮਾਨਾਂ ਦੇ ਸੰਕਟ ਨੂੰ ਵਿਅੰਗ-ਭਾਵੀ ਦ੍ਰਿਸਟੀ ਤੋ ਰੂਪਮਾਨ ਕਰਦੀ ਹੈ ਅਤੇ ਨਾਲ ਹੀ ਨਾਲ ਸਾਡੇ ਮੱਧ ਵਰਗੀ ਬੁੱਧੀ-ਜੀਵੀਆ ਦੇ ਉਸ ਦਵੰਦ-ਗ੍ਰਸਤ ਕਿਰਦਾਰ ਤੇ ਵੀ ਚੋਟ ਕਰਦੀ ਹੈ। ਨਾਵਲ ਦੀ ਰਚਨਾ-ਵਸਤੂ ਗਿਆਨ ਦੇ ਵਿੱਭਿੰਨ ਅਨੁਸ਼ਾਸਨਾ ਨਾਲ ਅੰਤਰ ਸੰਬੰਧਿਤ ਹੁੰਦੀ ਕੇਵਲ ਕਲੋਟੀ ਦੇ ਬਹੁ-ਸੈਚੀਆਂ ਵਿੱਚ ਛਪਣ ਵਾਲੇ ਨਾਵਲਾਂ ਦੀ ਲੜੀ ਵਿੱਚ *ਘਾਟੀ ਪੁਤਲੀਗਰਾਂ* ਦੀ ਮਹੱਤਵਪੂਰਨ ਨਾਵਲ ਹੈ।ਨਾਵਲ ਪਦਾਰਥ ਦੀਆਂ ਸੂਖਤਮ-ਸਕਤੀਆ ਅਤੇ ਸੰਭਾਵਨਾਵਾਂ ਵਾਲੀ ਨਵੀ ਤੇ ਨਿਵੇਕਲੀ ਵਸਤ ਨੂੰ ਆਪਣੇ ਕੇਂਦਰ ਵਿੱਚ ਰੱਖਦਾ ਹੋਇਆ ਵੱਡੇ ਸਰਮਾਏ ਵਾਲੇ ਆਰਥਿਕ ਤੇ

ਸਿਆਸੀ ਸਿਸਟਮ ਦੇ ਅਖੋਤੀ ਸਭਿਆਚਾਰ ਦਾ ਪਰਦਾਫਾਸ਼ ਕਰਦਾ ਹੈ ਜਿਹੜਾ ਮਨੁੱਖ ਨੂੰ ਉਪਕਰਨਾਂ ਤਕ ਘਟਾ ਕੇ ਉਸ ਵਿੱਚ ਮੁੱਲਹੀਣਤਾ ਤੇ ਮੋਹਹੀਣਤਾ ਪੈਦਾ ਕਰ ਰਿਹਾ ਹੈ।

ਕੇਵਲ ਕਲੋਟੀ ਦੇ ਨਾਵਲ ਦੀ ਅਧਿਐਨ ਵਿਧੀ ਦੀ ਇੱਕ ਖਾਸ ਪਹਿਚਾਣ ਇਸ ਨਾਵਲ ਅਧਿਐਨ ਵਿੱਚੋ ਦ੍ਰਿਸਟੀਗੋਚਰ ਹੁੰਦੀ ਹੈ ਇਹ ਨਾਵਲ ਵਸਤੂ ਪੱਖੋ ਕਾਫ਼ੀ ਗਹਿਰ ਗੰਭੀਰ ਤੇ ਗੂੜ੍ਹੇ ਗਿਆਨ ਦੇ ਵਿਭਿੰਨ ਰੂਪਾਂ, ਪੱਖਾਂ, ਤੱਤਾ, ਨਿਯਮਾਂ, ਸਿਧਾਤਾਂ ਆਦਿ ਦੇ ਸਾਰ ਨੂੰ ਇੱਕ ਕਥਾ-ਪ੍ਰਬੰਧ ਵਿੱਚ ਬੰਨ੍ਹਣ ਢਾਲਣ ਅਤੇ ਉਸਾਰਣ ਦੀ ਪਹਿਲ ਕਦਮੀ ਕਰਦਾ ਹੈ ਜਿਹੜਾ ਪੰਜਾਬੀ ਸਾਹਿਤ ਵਿੱਚ ਇੱਕ ਨਵਾਂ ਪ੍ਰਯੋਗ ਹੈ।

ਕੇ.ਐਲ.ਗਰਗ ਪੰਜਾਬੀ ਨਾਵਲ ਜਗਤ ਅੰਦਰ ਇੱਕ ਸਥਾਪਿਤ ਪ੍ਰੋਢ ਗਲਪਕਾਰ ਅਤੇ ਵਿਅੰਗ-ਲੇਖਕ ਹੈ। ਉਸਦੇ *ਆਖਰੀ ਪੱਤਾ* ਨਾਵਲ ਸਟੇਟ, ਸਮਾਜ ਅਤੇ ਸਭਿਆ ਔਲਾਦ ਉਤੇ ਇੱਕ ਜਬਰਦਸਤ ਵਿਅੰਗ ਹੈ, ਜਿੱਥੇ ਬੰਦੇ ਦਾ ਬੁਢਾਪਾ ਪੂਰੀ ਤਰਾਂ ਰੁਲਦਾ ਹੈ...ਵਿਅੰਗਮਈ ਸੈਲੀ ਤੇ ਪ੍ਰਤੀਕ ਯੋਜਨਾ ਇਸ ਦੇ ਕਲਾਤਮਕ ਅਮਲ ਨੂੰ ਸਹਿਜ ਤੇ ਸੁਹਜ ਨਾਲ ਭਰਭੂਰ ਕਰਦੇ ਹਨ। ਨਾਵਲ ਦੀ ਰਚਨਾ-ਵਸਤੂ ਸਾਡੀ ਭੂਪਵਾਦੀ ਆਰਥਿਕ-ਸਮਾਜਿਕ ਬਣਤਰ ਦੇ ਪੂੰਜੀਵਾਦੀ ਆਰਥਿਕ-ਸਮਾਜਿਕ ਬਣਤਰ ਵਿੱਚ ਰੂਪਾਂਤ੍ਰਣ ਦੇ ਪ੍ਰਸੰਗ ਨੂੰ ਉਜਾਗਰ ਕਰਦੀ ਹੋਈ ਭੂਪਵਾਦੀ ਸਮਾਜ ਦੇ ਅੰਤਰਗਤ ਪਿੰਡ ਪ੍ਰਤਿ ਮੋਹ ਦਾ ਗਲਪੀ-ਵਿਵੇਕ ਸਿਰਜਦੀ ਹੈ।

ਡਾ. ਸੁਸ਼ੀਲ ਵਰਮਾ ਦੇ ਨਾਵਲ ਨੂੰ "ਮਹਾਂਨਗਰੀ ਸੰਵੇਦਨਾ ਦੀ ਤ੍ਰਾਸਦਿਕ ਹੋਣੀ ਦਾ ਬਿਰਤਾਂਤ-*ਸਲੀਬ ਆਪਣੀ ਆਪਣੀ*" ਦਾ ਨਾਵਲ ਮਹਾਂਨਗਰੀ ਜੀਵਨ ਨੂੰ ਕੇਂਦਰ ਵਿੱਚ ਰੱਖ ਕੇ ਪੂੰਜੀਵਾਦੀ ਵਿਵਸਥਾ ਦੇ ਅੰਤਰ-ਸੰਬੰਧਾ ਨੂੰ ਵਿਅੰਗ, ਵਿੰਡਬਨਾ, ਪ੍ਰਤੀਕ, ਸੰਬਾਦ ਆਦਿ ਦੀ ਭਾਸ਼ਾ ਰਾਹੀ ਇਸ ਤਰਾਂ ਪੇਸ਼ ਕਰਦਾ ਹੈਕਿ ਨਾਵਲ ਦੀ ਬੇਤਰਤੀਬੀ ਵਿੱਚ ਤਰਤੀਬ, ਅਰਥਹੀਣਤਾ ਵਿੱਚ ਅਰਥ ਤੇ ਨਿਰਾਸ਼ਾ ਵਿੱਚ ਆਸਾ ਦਾ ਸੰਚਾਰ ਹੁੰਦਾ ਹੈ। ਇਸ ਨਾਵਲ ਦੀ ਇੱਕ ਕਲਾਤਮਕ ਕਮਜੋਰੀ ਉਸਦੀਆਂ ਭਾਸਨ ਉਕਤੀਆਂ ਵਿੱਚ ਹੈ ਜਿਹੜੀਆਂ ਸੰਦਰਭ/ਸਥਿਤੀਆਂ ਦੀ ਕਲਾਤਮਕ ਉਸਾਰੀ ਵਿੱਚੋ ਅਰਥ ਦੇਣ ਦੀ ਥਾਂ ਅਰਥਾਂ ਦਾ ਸਿੱਧਾ ਸੰਚਾਰ ਕਰਦੀਆ ਹਨ।

ਜਸਬੀਰ ਭੁੱਲਰ ਦੇ ਨਾਵਲ *ਮਹੂਰਤ* ਫਿਲਮੀ ਦੁਨੀਆ ਵਿੱਚ ਸੋਸ਼ਿਤ ਹੋ ਰਹੀ ਇਨਸਾਨੀਅਤ ਦੀ ਨਿਸਾਨਦੇਹੀ ਇਹ ਨਾਵਲ ਪੂੰਜੀਵਾਦੀ ਪ੍ਰਬੰਧ ਦੇ ਅਸਲ ਸੁਭਾਅ ਦੇ ਸਾਰ ਨੂੰ ਸੰਕੇਤਕੀ ਕੋਡਾਂ ਵਿੱਚ ਪ੍ਰਤੀਬਿੰਬਤ ਕਰਦਾ ਹੈ। ਇਸ ਨਾਵਲ ਦੀਆਂ ਜੁਗਤਾ ਨੂੰ ਵਧੇਰੇ ਭਰਪੂਰਤ ਨਾਲ ਪੇਸ਼ ਕਰਦਾ ਹੈ। ਰੂਪ-ਰਚਨਾ ਦੀ ਦ੍ਰਿਸਟੀ ਤੋ ਇਹ ਨਾਵਲ ਤ੍ਰਾਸਦਿਕ-ਬੋਧ ਦਾ ਨਾਵਲ ਹੈ। ਨਾਵਲ ਦਾ ਅਧਿਐਨ ਕਰਨ ਉਪਰੰਤ ਇਸ ਨਾਵਲ ਨੂੰ ਵਸਤੂ ਦੀ ਨਵੀਨਤਾ ਅਤੇ ਵਿਧੀ ਦੀ ਵਿਲੱਖਤਾ ਕਰਕੇ ਪੰਜਾਬੀ ਗਲਪ ਸਾਹਿਤ ਵਿੱਚ ਮਹੱਤਵਪੂਰਨ ਦਰਜਾ ਦਿੰਦਾ ਹੈ।

ਪਰਵਾਸੀ ਨਾਵਲਕਾਰਾਂ ਵਿਚ ਦਰਸ਼ਨ ਧੀਰ ਦੇ ਨਾਵਲ *ਅਜਨਬੀ ਚਿਹਰੇ* ਮਹੱਤਵਪੂਰਨ ਨਾਵਲ ਹੈ।। ਧੀਰ ਅਜਿਹਾ ਸੂਝਵਾਨ ਪਰਵਾਸੀ ਕਥਾਕਾਰ ਹੈ ਜਿਸ ਨੇ ਪਰਵਾਸ ਹੰਢਾਉਦੇ ਮਨੁੱਖ ਦੇ ਸੁਪਨਿਆਂ, ਸੰਕਟਾਂ ਤੇ ਸੰਘਰਸ਼ਾ ਨਾਲ ਜੁੜੇ ਯਥਾਰਥ ਦਾ ਪ੍ਰਤੀਬਿੰਬਨ ਮੂਲਵਾਸ ਤੇ ਪਰਵਾਸ ਦੇ ਅੰਤਰ ਸੰਬੰਧਾ ਤੇ ਅੰਤਰ-ਵਿਰੋਧਾ ਦੇ ਪ੍ਰਸੰਗ ਵਿੱਚ ਕੀਤਾ ਹੈ। ਇਸ ਨਾਵਲ ਵਿੱਚ ਸਾਡੇ ਮੱਧ-ਵਰਗ ਦੇ ਸਾਹਿਤ ਤੇ ਸਿਆਸਤ ਦੇ ਕਾਰਜੀ ਰੂਪ ਨੂੰ ਕੇਂਦਰ ਵਿੱਚ ਰਖ ਕੇ ਉਸ ਨੇ ਪਰਵਾਸ ਤੇ ਮੂਲਵਾਸ ਦੇ ਇੱਕ ਤੋ ਜਿਆਦਾ ਪੱਖਾਂ ਨੂੰ ਉਪ ਥੀਮ ਦੇ ਰੂਪ ਵਿੱਚ ਸਾਡੇ ਸਾਹਮਣੇ ਲਿਆਦਾ ਹੈ। ਪਰ ਬੇਲੋੜੀਆਂ ਥਾਵਾਂ ਤੇ ਬੇਲੋੜੇ ਵਿਸਥਾਰ ਦਾ ਮੋਹ ਅਤੇ ਲੋੜੀਦੀਆ ਥਾਵਾਂ 'ਤੇ ਵਿਸਤਾਰ ਨਾ ਦੇ ਸਕਣ ਦੀ ਘਾਟ ਇਸ ਨਾਵਲ ਦੀ ਬਿਰਤਾਂਤਕ ਚਾਲ ਵਿੱਥ ਰੜਕਦੀ ਹੈ।

**ਸਾਰ-ਅੰਸ਼** ਭਾਈ ਵੀਰ ਸਿੰਘ ਰਚਿਤ 'ਸੁੰਦਰੀ' (ਧਾਰਮਿਕ-ਇਤਿਹਾਸਕ ਨਾਵਲ) ਤੋਂ ਲੈ ਕੇ ਹੁਣ ਤਕ ਪੰਜਾਬੀ ਨਾਵਲਕਾਰੀ ਨੇ ਜ਼ਿਕਰਯੋਗ ਅਤੇ ਸਲਾਹੁਣਯੋਗ ਵਿਕਾਸ ਕੀਤਾ ਹੈ। ਪਿਛਲੇ ਦੋ ਦਹਾਕਿਆਂ ਤੋਂ ਪੰਜਾਬੀ ਨਾਵਲਕਾਰੀ ਨੇ ਕਵਿਤਾ, ਨਾਟਕ ਅਤੇ ਕਹਾਣੀ ਖੇਤਰਾਂ ਨੂੰ ਪਿਛਾੜ ਦਿੱਤਾ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬੀ ਨਾਵਲਾਂ 'ਚ ਵਿਸ਼ਾਗਤ ਵਿਭਿੰਨਤਾ ਅਤੇ ਵੱਖਰਤਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਪੰਜਾਬੀ ਨਾਵਲਕਾਰੀ ਵਧੇਰੇ ਕਰਕੇ ਅਤੀਤਮੁਖੀ ਹੈ। ਇਸ ਤਰ੍ਹਾਂ ਵੀ ਕਹਿਣਾ ਵਾਜਬ ਹੈ ਕਿ ਪੰਜਾਬ ਦੇ ਨਾਵਲਕਾਰਾਂ ਨੇ ਭੂਤ ਕਾਲ ਦੇ ਇਤਿਹਾਸ, ਸਮਾਜਿਕ-ਸਭਿਆਚਾਰਕ, ਰਾਜਨੀਤਕ-ਆਰਥਿਕ ਸੰਰਚਨਾਵਾਂ ਨੂੰ ਹੀ ਆਪਣੇ ਨਾਵਲਾਂ ਦੇ ਧਰਾਤਲ 'ਤੇ ਅੰਕਿਤ ਕੀਤਾ ਹੈ। ਕੋਈ-ਕੋਈ ਨਾਵਲ ਹੀ ਵਰਤਮਾਨ ਤਕ ਪੁੱਜਦਾ ਹੈ। ਨਾਵਲਕਾਰਾਂ ਨੇ ਖੇਤੀ-ਕਿਸਾਨੀ ਸੰਕਟ ਅਤੇ ਇਤਿਹਾਸਕ ਨਾਵਲ ਰਚਣ ਤੋਂ ਬਿਨਾਂ ਹੋਰ ਵੀ ਕਈ ਸਮਾਜਿਕ, ਆਰਥਿਕ, ਸੱਭਿਆਚਾਰਕ, ਰਾਜਨੀਤਕ ਅਤੇ ਮਨੋਵਿਗਿਆਨਕ ਮਸਲਿਆਂ, ਸਮੱਸਿਆਵਾਂ ਤੇ ਸੰਕਟਾਂ 'ਤੇ ਵੀ ਆਪਣੇ ਨਾਵਲ ਕੇਂਦਰਤ ਕੀਤੇ ਹਨ।

**ਮੁੱਖ/ਕੇਂਦਰੀ ਸ਼ਬਦ:**

ਕਥਾਨਕ – ਵਸਤੂ/ਪਲਾਟ

ਪ੍ਰਾਚੀਨ – ਪੁਰਾਤਨ

ਪਰਵਾਸ- ਇਕ ਧਰਤੀ ਤੋ ਦੂਸਰੀ ਧਰਤੀ ਤੇ ਪਲਾਇਨ ਕਰਨਾ

ਸਭਿਆਚਾਰਕ ਤਣਾਓ: ਦੋਵੇ ਸਭਿਆਚਾਰਾ ਵਿਚਲਾ ਦਵੰਦ

**ਸਵੈ-ਮੁਲਾਂਕਣ:**

**ਪ੍ਰ.1 ਨਾਵਲ ਨੂੰ ਹਿੰਦੀ ਵਿਚ ਕੀ ਕਿਹਾ ਜਾਂਦਾ ਹੈ?**

ੳ. ਉਪਨਿਆਸ

ਅ. ਨਾਵਲ

ੲ. ਕਥਾ

ਸ. ਉਪਰੋਕਤ ਸਾਰੇ

**ਪ੍ਰ.2 ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਕਿਹੜਾ ਹੈ?**

ੳ. ਮਸੀਹੀ ਮੁਸਾਫਿਰ ਦੀ ਯਾਤਰਾ

ਅ, ਸੁੰਦਰੀ

ੲ. ਬਾਬਾ ਬੰਤੂ

ਸ. ਉਪਰੋਕਤ ਕੋਈ ਨਹੀਂ

**3.ਪੰਜਾਬੀ ਵਿਚ ਪਹਿਲਾ ਨਾਵਲ ਕਿਸਨੇ ਲਿਖਿਆ ਸੀ?**

ੳ. ਭਾਈ ਵੀਰ ਸਿੰਘ

ਅ, ਨਾਨਕ ਸਿੰਘ

ੲ. ਚਰਨ ਸਿੰਘ ਸ਼ਹੀਦ

**ਪ੍ਰ.4 ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਵਧੇਰੇ ਕੀ ਪੇਸ਼ ਹੋਇਆ ਮਿਲਦਾ ਹੈ?**

ੳ. ਯਥਾਰਥ

ਅ. ਆਂਚਕਿਲਤਾ

ੲ. ਆਮ ਪੇਡੂ ਜੀਵਨ

ਸ. ਉਪਰੋਕਤ ਸਾਰੇ

**ਪ੍ਰ.5 ਪਰਵਾਸੀ ਪੰਜਾਬੀ ਨਾਵਲ ਦੀ ਸ਼ੁਰੂਆਤ ਕਿਵੇਂ ਹੋਈ?**

ੳ. ਨਸਲੀ ਵਿਤਕਰੇ ਕਾਰਣ

ਅ, ਭੂ-ਹੇਰਵੇ ਕਾਰਣ

ੲ. ਸਭਿਆਚਾਰਕ ਤਣਾਓ ਕਾਰਣ

ਸ. ਉਪਰੋਕਤ ਸਾਰੇ

**ਪ੍ਰ.6 ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਨਾਵਲਕਾਰ ਦੀ ਪਛਾਣ ਕਰੋ?**

ੳ. ਦਲੀਪ ਕੌਰ ਟਿਵਾਣਾ

ਅ, ਅਜੀਤ ਕੌਰ

**ਪ੍ਰ.7 ਪਰਵਾਸੀ ਪੰਜਾਬੀ ਨਾਵਲਕਾਰ ਦੀ ਪਛਾਣ ਕਰੋ।**

ੳ. ਹਰਜੀਤ ਅਟਵਾਲ

ਅ, ਸਵਰਨ ਚੰਦਨ

ੲ. ਸੰਤੋਖ ਧੀਰ

ਸ. ਉਪਰੋਕਤ ਸਾਰੇ

**ਪ੍ਰ.8 ਪਰਵਾਸੀ ਪੰਜਾਬੀ ਨਾਵਲਾਂ ਵਿਚ ਕਿਹੜੇ ਮਸਲੇ ਪੇਸ਼ ਹੋਏ ਮਿਲਦੇ ਹਨ?**

ੳ. ਪੀੜੀ ਪਾੜਾ

ਅ, ਆਪੇ ਦੀ ਪਛਾਣ

ੲ. ਹੇਰਵਾ

ਸ. ਉਪਰੋਕਤ ਸਾਰੇ

**ਪ੍ਰ.9 ਮਿੱਤਰ ਸੈਨ ਮੀਤ ਦੇ ਨਾਵਲਾਂ ਦਾ ਸਹੀ ਜੁੱਟ ਪਛਾਣੋ।**

ੳ. ਕੋਰਵ ਸਭਾ/ਤਫਤੀਸ਼

ਅ, ਸੁਧਾਰ ਘਰ/ਮੜੀ ਦਾ ਦੀਵਾ

ੲ. ਅੱਗ ਦਾ ਕਾਫਲਾ/ ਚਿੱਟਾ ਲਹੂ

ਸ. ਉਪਰੋਕਤ ਕੋਈ ਨਹੀ

**ਪ੍ਰ.10 ਨਾਨਕ ਸਿੰਘ ਦੇ ਨਾਵਲਾਂ ਦਾ ਸਹੀ ਜੁੱਟ ਪਛਾਣੋ।**

ੳ. ਚਿੱਟਾ ਲਹੂ/ਪਰਸਾ

ਅ, ਸੁੰਦਰੀ/ਆਹਣ

ੲ. ਨਾਸੂਰ/ਇਕ ਮਿਆਨ ਦੋ ਤਲਵਾਰਾ

**ਪ੍ਰ.11 ਅੰਮ੍ਰਿਤਾ ਪ੍ਰੀਤਮ ਦਾ ਦੇਸ਼ ਵੰਡ ਨਾਲ ਸੰਬੰਧਿਤ ਨਾਵਲ ਪਛਾਣੋ।**

ੳ. ਡਾ. ਦੇਵ

ਅ, ਪਿੰਜਰ

**ਪ੍ਰ.12 ਇੱਕਵੀ ਸਦੀ ਨਾਵਲ ਦਾ ਰਚੇਤਾ ਕੋਣ ਹੈ?**

ੳ. ਗੁਰਦਿਆਲ ਸਿੰਘ

ਅ, ਬਲਦੇਵ ਸਿੰਘ

ੲ. ਬਲਬੀਰ ਪਰਵਾਨਾ

**ਪ੍ਰ.13 ਤੀਵੀਆਂ ਨਾਵਲ ਕਿਸਦੀ ਰਚਨਾ ਹੈ?**

ੳ. ਪ੍ਰਗਟ ਸਤੌਜ

ਅ, ਸਵਰਨ ਚੰਦਨ

ੲ. ਅਜੀਤ ਕੌਰ

**ਪ੍ਰ.14 ਬਲਦੇਵ ਸਿੰਘ ਦੇ ਕਿਸ ਨਾਵਲ ਉਪਰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ ਹੈ?**

ੳ. ਸਤਲੁਜ ਵਹਿੰਦਾ ਰਿਹਾ

ਅ, ਢਾਹਵਾਂ ਦਿੱਲੀ ਦੇ ਕਿੰਗਰੇ

ੲ. ਗੰਧਲੇ ਪਾਣੀ

**ਪ੍ਰ.15 ਕੰਜਕਾ ਨਾਵਲ ਕਿਸਦੀ ਰਚਨਾ ਹੈ?**

ੳ. ਹਰਜੀਤ ਅਟਵਾਲ

ਅ, ਨਦੀਮ ਪਰਮਾਰ

ੲ. ਸਵਰਨ ਚੰਦਨ

## ਅਭਿਆਸ ਪ੍ਰਸ਼ਨ

1. **ਨਾਵਲ ਦਾ ਅਰਥ ਤੇ ਪਰਿਭਾਸ਼ਾ ਸਪੱਸ਼ਟ ਕਰੋ।**
2. **ਵਿਸ਼ਵੀਕਰਨ ਵਿਚ ਨਾਵਲ ਦਾ ਵਿਸ਼ਾ ਵਸਤੂ ਕਿਵੇ ਬਦਲ ਰਿਹਾ ਹੈ।**
3. **ਨਾਵਲ ਦੇ ਮੁੱਖ ਤੱਤ ਕਿਹੜੇ ਹਨ?**

## ਸੰਦਰਭ ਪੁਸਤਕਾਂ:


1. ਸਰਬਜੀਤ ਸਿੰਘ, ਪੰਜਾਬੀ ਆਲੋਚਨਾ: ਵਿਚਾਰਧਾਰਕ ਪਰਿਪੇਖ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 1957
2. ਸੰਧੂ, ਸਤਿਨਾਮ ਸਿੰਘ(ਸੰਪ.), ਪੰਜਾਬੀ ਆਲੋਚਨਾ: ਸਰੂਪ ਤੇ ਸੰਭਾਵਨਾਵਾਂ, ਮਦਾਨ ਪਬਲਿਸ਼ਰਜ਼, ਪਟਿਆਲਾ, 1996
3. ਕੇਸਰ, ਕੇਸਰ ਸਿੰਘ, ਸਾਹਿਤ ਖੋਜ ਅਤੇ ਸਾਹਿਤ ਆਲੋਚਨਾ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984
4. ਗੁਰਇਕਬਾਲ ਸਿੰਘ(ਸੰਪ.), ਪੰਜਾਬੀ ਆਲੋਚਨਾ ਅਤੇ ਚਿੰਤਨ ਪ੍ਰਣਾਲੀਆਂ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2003


## ਮਹੱਤਵਪੂਰਨ ਲਿੰਕ

http://panjabialochana.com/

https://pa.warbletoncouncil.org/elementos-de-la-novela-7681

https://www.punjabisahit.in/2020/07/novel%20da%20ithaas.html

**ਉੱਤਰਮਾਲਾ:**

| | | | | |
|---|---|---|---|---|
| 1 ੳ | 2. ਅ | 3. ੳ | 4. ਸ | 5. ਸ |
| 6 ੳ | 7. ਸ | 8. ਸ | 9. ੳ | 10. ੲ |
| 11. ਅ | 12. ਅ | 13. ੳ | 14. ਅ | 15. ੲ |

# ਅਧਿਆਇ-7: **ਨਾਵਲ ਲੇਖਣ: ਲੰਮੇ ਨਾਵਲ, ਲਘੂ ਨਾਵਲ ਦਾ ਸਿਧਾਂਤਕ ਪਰਿਪੇਖ**

*Harjot Kaur, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਨਾਵਲ ਦੀਆਂ ਵੱਖ ਵੱਖ ਕਿਸਮਾਂ ਨੂੰ ਸਮਝਣ ਦੇ ਯੋਗ ਹੋਣਗੇ
- ਲਘੂ ਨਾਵਲ ਦੀ ਬਣਤਰ ਬਾਰੇ ਜਾਣਕਾਰੀ ਹਾਸਲ ਕਰਨਗੇ
- ਨਾਵਲ ਦੀ ਸਿਰਜਣਾ ਕਰਨ ਦੇ ਕਾਬਲ ਹੋਣਗੇ
- ਵਿਸ਼ਵੀਕਰਨ ਦੇ ਪੈ ਰਹੇ ਪ੍ਰਭਾਵਾਂ ਨੂੰ ਸਮਝਣ ਦੇ ਕਾਬਲ ਹੋਣਗੇ

**ਪ੍ਰਸਤਾਵਨਾ**: ਵਿਦਿਆਰਥੀਆਂ ਵਿਚ ਵਿਸ਼ਵੀਕਰਨ ਦੇ ਯੁੱਗ ਵਿਚ ਰਚਨਾਤਮਕ ਲੇਖਣ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਨਾਵਲ /ਲਘੂ ਨਾਵਲ/ਨਾਵਲੈਟ ਦੇ ਸਰੂਪ ਨੂੰ ਨਿਰਧਾਰਿਤ ਕੀਤਾ ਜਾਵੇਗਾ। ਇਸ ਰੂਪ ਦੇ ਰਚਨਾਤਮਕ ਲੇਖਣ ਰਾਹੀ ਵਿਦਿਆਰਥੀਆਂ ਨੂੰ ਸਾਹਿਤ ਦੀ ਵੱਡੀ ਵਿਧਾਂ ਦਾ ਸਿਧਾਂਤਕ ਸਰੂਪ ਸਮਝ ਆਵੇਂਗਾ, ਜਿਸ ਰਾਹੀ ਉਹ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ।

## ਵਿਸ਼ਾ ਵਸਤੂ:

**ਲੰਮੇ ਨਾਵਲ:** ਨਾਵਲ ' ਸ਼ਬਦ ਦਾ ਧਾਤੂ ਰੋਸ਼ਨ ਸ਼ਬਦ ' ਨਾਵਲੋਂ ' ਵਿੱਚ ਮਿਲਦਾ ਹੈ ਜਿਸਦੇ ਅਰਥ ਨਵਾਂ ਜਾਂ ਨਵੀਨ ਬਣਦੇ ਹਨ ਨਾਵਲ ਪਹਿਲਾਂ ਸੋਹਣੇ ਸੋਹਣੇ ਖਤਾਂ ਤੇ ਚਿੱਠੀਆਂ ਲੇਖਾਂ ਤੇ ਹੋਰ ਇਤਿਹਾਸਿਕ ਮਸਲੇ ਵਾਸਤੇ ਜਾਣਿਆ ਜਾਂਦਾ ਸੀ ਜਿਸ ਵਿੱਚ ਨਵੀਂ

ਵਾਕਫੀਅਤ ਮਿਲਦੀ ਹੋਵੇ। ਪਰੰਤੂ ਬਾਅਦ ਵਿੱਚ ਨਾਵਲ ਕੇਵਲ ਇੱਕ ਲੰਮੀ ਕਹਾਣੀ ਜਾਂ ਜੀਵਨ ਕਥਾ ਲਈ ਹੀ ਜਾਣਿਆ ਜਾਣ ਲੱਗਾ। ਨਾਵਲ ਦੀ ਕਹਾਣੀ ਇੱਕ ਜੀਵਨ ਕਥਾ ਬੜੇ ਸਵਿਸਥਾਰ ਰੂਪ ਵਿੱਚ ਬਿਆਨੀ ਗਈ ਹੁੰਦੀ ਹੈ। ਇਹ ਕਥਾ ਦਿਲ ਪਰਚਾਵੇ ਤੇ ਮਨ ਤੁਲਾਵੇ ਲਈ ਵੀ ਦੱਸੀ ਜਾਂਦੀ ਸੀ। ਚੰਗਾ ਨਾਵਲ ਉਹੋ ਹੋ ਸਕਦਾ ਹੈ ਜਿਸ ਦੀ ਕਹਾਣੀ ਨਿਰੇ ਦਿਲ ਪਰਚਾਵੇ ਲਈ ਨਾ ਲਿਖੀ ਗਈ ਹੋਵੇ,ਸਗੋਂ ਉਸ ਵਿੱਚੋਂ ਕੁਝ ਸਿੱਖਿਆ ਵੀ ਨਿਕਲ ਸਕੇ ਕੁਝ ਅਗਵਾਈ ਵੀ, ਜੋ ਜੀਵਨ ਮਾਰਗ ਵਿੱਚ ਉੱਨਤੀ ਵੱਲ ਬੰਨੇ ਲਿਜਾਣ ਵਿੱਚ ਸਹਾਈ ਹੋਵੇ। ਨਾਵਲ ਦੀ ਉਪਜ ਉਸ ਵੇਲੇ ਹੋਈ ਜਦੋਂ ਵਿਗਿਆਨ ਨੇ ਉੱਨਤੀ ਕੀਤੀ ਅਤੇ ਸਨਅਤੀ-ਇਨਕਲਾਬ ਦਾ ਸਮਾਂ ਆਇਆ। ਇਸ ਮਸ਼ੀਨੀ ਕ੍ਰਾਂਤੀ ਦੇ ਆਉਣ ਨਾਲ ਜਦੋਂ ਪੈਦਾਵਾਰ ਵੱਡੇ ਪੈਮਾਨੇ ਤੇ ਹੋਣ ਲੱਗ ਪਈ ਤਾਂ ਵਿਗਿਆਨਕ ਤੌਰ 'ਤੇ ਨਵੀਨ ਜਗ ਸ਼ੁਰੂ ਹੋਇਆ। ਕਿਉਂਜੋ ਨਾਵਲ ਇਸ ਜੁਗ ਵਿੱਚ ਹੀ ਵਧੀਆ ਫੁਲਿਆ ਇਸ ਲਈ ਆਯੂ ਦੇ ਲਿਹਾਜ ਨਾਲ ਵੀ ਇਹ ਕਵਿਤਾ ਤੇ ਨਾਟਕ ਨਾਲੋਂ ਬਹੁਤ ਨਵਾਂ ਹੈ। ਨਾਵਲ ਜੀਵਨ ਦੇ ਬਹੁਤ ਸਾਰੇ ਭਾਗ ਨੂੰ ਆਪਣੀ ਲਪੇਟ ਵਿੱਚ ਲਿਆ ਸਕਦਾ ਹੈ। ਅਤੇ ਉਸ ਦੇ ਬਹੁਤੇ ਤੇ ਅਨੇਕ ਅੰਗਾਂ ਨੂੰ ਪ੍ਰਗਟਾ ਸਕਦਾ ਹੈ। ਇਸੇ ਤਰਾਂ ਜਿਥੇ ਇੱਕ ਨਾਟਕ ਵਿੱਚ ਬਹੁਤ ਸਾਰੇ ਸਟੇਜ਼ ਦੇ ਤੇ ਹੋਰ ਨਾਟਕੀ ਬੰਧਨ ਆ ਲਾਗੂ ਹੁੰਦੇ ਹਨ ਉਥੇ ਨਾਵਲ ਇੱਕ ਸੁਤੰਤਰ ਕਲਾ ਹੈ। ਅਤੇ ਇਹ ਇਹਨਾਂ ਸਾਰਿਆਂ ਬੰਧਨਾਂ ਤੇ ਕੈਦਾਂ ਤੋਂ ਆਜਾਦ ਹੈ।

### 1) **ਰੋਮਾਂਟਿਕ ਨਾਵਲ: -**

ਪੂੰਜਵਾਦੀ ਸਮਾਜ ਦੇ ਪਹਿਲੇ ਦੌਰ ਵਿੱਚ ਲਿਖੇ ਗਏ। ਜਦੋਂ ਪੂੰਜਵਾਦੀ ਸਮਾਜ ਚੜਦੀਆਂ ਕਲਾ ਵਿੰਚ ਆਉਣ ਲੱਗਾ ਤਾ ਵਿਗਿਆਨ ਦੇ ਬੇ-ਉੜਕ ਵਾਧੇ ਨੇ ਅਤੇ ਵੱਡੇ ਪੈਮਾਨੇ ਦੀ ਪੈਦਾਵਾਰ ਨੇ ਮਨੁੱਖ ਨੂੰ ਇਸ ਯੋਗ ਬਣਾ ਦਿੱਤਾ ਕਿ ਆਪਣੀ ਹਿੰਮਤ ਅਤੇ ਦਿਮਾਗ ਦੀ ਵਰਤੋਂ ਨਾਲ ਉਹ ਹਰ ਕੁਦਰਤੀ ਸ਼ਕਤੀ ਉੱਤੇ ਵਿਜੈ ਪਾ ਸਕੇ।

### 2) ਇਤਿਹਾਸਿਕ ਨਾਵਲ: -

ਇਤਿਹਾਸਿਕ ਨਾਵਲ ਬਾਰੇ ਕੁਝ ਵਧੇਰੇ ਦੱਸਣ ਦੀ ਲੋੜ ਹੈ। ਇਸ ਵੰਨਗੀ ਦੀ ਨਾਵਲ ਦਾ ਲਿਖਣਾ ਵਧੇਰੀ ਕਠਿਨ ਕਲਾ ਹੈ। ਇਤਿਹਾਸਿਕ ਨਾਵਲਕਾਰ ਨੂੰ ਨਾ ਕੇਵਲ ਬੀਤੀਆਂ ਇਤਿਹਾਸਿਕ ਘਟਨਾਵਾ ਨੂੰ ਜਾਨਣ ਦੀ ਲੋੜ ਹੈ। ਸਗੋਂ ਉਸ ਨੂੰ ਇਤਿਹਾਸਿਕ ਸਮੇਂ ਦੀ ਰੂਹ ਵਿੱਚ ਦਾਖਲ ਹੋਣਾ ਪੈਂਦਾ ਹੈ। ਉਸ ਦੀ ਕਲਪਨਾ ਵਿਚ ਨਾਵਲ ਦਾ ਸਮਾਂ, ਉਸ ਦੇ ਰਸਮ ਰਿਵਾਜ ਉਸ ਸਮੇਂ ਦੀ ਬੋਲੀ, ਲੋਕਾਂ ਦਾ ਰਹਿਣ-ਸਹਿਣ, ਪਹਿਰਾਵਾ ਸਭ ਪ੍ਰਤੱਖ ਹੋਵੇ। ਅਜਿਹਾ ਕਰਨ ਲਈ ਉਸ ਨੂੰ ਬਹੁਤ ਕੁਝ ਪੜਨਾ, ਪੁਰਾਣੇ ਕਲਾ ਕੇਂਦਰ ਵਿੱਚ ਜਾਕੇ ਤਸਵੀਰਾਂ, ਬੁਤਾਂ ਆਦਿ ਦਾ ਅਧਿਐਨ ਕਰਨਾ ਪੈਂਦਾ ਹੈ। ਉਹ ਇੱਕ ਵਧੀਆ ਇਤਿਹਾਸਿਕ ਸੂਝ ਦਾ ਮਾਲਕ ਹੋਵੇ।

### 3) ਯਥਾਰਥਵਾਦੀ ਨਾਵਲ: -

ਰੋਮਾਂਟਿਕ ਨਾਵਲ ਨਾਵਲਕਾਰੀ ਦੇ ਆਰੰਭ ਵਿੱਚ ਲਿਖੀ ਜਾਂਦੀ ਸੀ। ਫੇਰ ਹੋਲੀ-ਹੋਲੀ ਯਥਾਰਥਵਾਦੀ ਨਾਵਲ ਦਾ ਰਿਵਾਜ ਪਿਆ ।ਇਹ ਯਥਾਰਥ ਵਧੇਰੇ ਕਰ ਕੇ ਸਮਾਜਿਕ ਰਹਿਣ ਸਹਿਣ ਦਾ ਯਥਾਰਥ ਸੀ ਅਤੇ ਪਾਤਰਾਂ ਦੇ ਯਥਾਰਥ ਵਲ ਇਸ ਦੇ ਪਿੱਛੋਂ ਧਿਆਨ ਦਿੱਤਾ ਜਾਣ ਲੱਗਾ ਜਿਉਂ ਜਿਉਂ ਸਰਮਾਏਦਾਰੀ ਨਜਾਮ ਦਾ ਵਿਕਾਸ ਹੁੰਦਾ ਗਿਆ ਨਾਵਲ ਵਿੱਚ ਵੀ ਵਿਅਕਤੀ ਨੂੰ ਮਹੱਤਤਾ ਮਿਲਦੀ ਗਈ। ਪੰਜਾਬੀ ਵਿੱਚ ਪਹਿਲੋਂ ਇਤਿਹਾਸਿਕ ਰੋਮਾਂਸ ਤੇ ਫੇਰ ਛੇਤੀ ਹੀ ਸਮਾਜਕ ਯਥਾਰਥਵਾਦੀ ਨਾਵਲ ਦੀ ਰਚਨਾ ਸ਼ੁਰੂ ਹੋ ਗਈ। ਚਾਹੇ ਇਹਨਾਂ ਨਾਵਲਾਂ ਦਾ ਯਥਾਰਥਵਾਦ ਕਾਫੀ ਸਮੇਂ ਤਕ ਪਹਿਲੇ ਰੋਮਾਂਸੀ ਤੱਤਾਂ ਨੂੰ ਤਿਆਗ ਨਾ ਸਕਿਆ। ਇਸ ਵਿਚ ਸਭ ਤੋਂ ਪਹਿਲਾ ਸੰਤ ਸਿੰਘ ਸੇਖੋਂ ,ਗੁਰਦਿਆਲ ਸਿੰਘ,ਸੁਰਿੰਦਰ ਨਰੂਲਾ ,ਬਲਦੇਵ ਸਿੰਘ ਦੇ ਨਾਵਲ ਸਮਾਜਿਕ ਯਥਾਰਥ ਨੂੰ ਵਧੇਰੇ ਕਾਰਗਰ ਢੰਗ ਨਾਲ ਪੇਸ਼ ਕਰ ਪਾਏ ਹਨ।

### ਪ੍ਰੋ ਕਿਰਪਾਲ ਸਿੰਘ ਕਸੇਲ ਦੀ ਧਾਰਣਾ ਇਹ ਹੈ ਕਿ

> ਨਾਵਲ ਇਤਿਹਾਸਕ ਵਾਸਤਵਿਕਤਾ ਨਾਲ ਮੇਲ ਖਾਂਦੇ, ਵਿਗਿਆਨਕ ਤਰਕ ਉੱਤੇ ਆਧਾਰਿਤ ਘਟਨਾਵੀ ਪ੍ਰਬੰਧ ਨੂੰ ਸਾਕਾਰ ਕਰਨ ਵਾਲੀ ਰਚਨਾ ਹੁੰਦੀ ਹੈ, ਜਿਸ ਵਿਚ ਜੀਵਨ-ਸਰਗਰਮੀ ਦੇ ਵਿਭਿੰਨ ਖੇਤਰਾਂ ਦੀ ਦਾਰਸ਼ਨਿਕ ਸਮਝ ਸਮਾਈ ਹੁੰਦੀ ਹੈ।

ਨਾਵਲ ਦਾ ਜ਼ਿੰਦਗੀ ਦੀ ਵਾਸਤਵਿਕਤਾ ਦੀ ਪੇਸ਼ਕਾਰੀ ਪ੍ਰਤਿ ਈਮਾਨਦਾਰ ਹੋਣਾ ਭਾਵ ਨਾਵਲੀ ਜਗਤ ਵਿਚਲੀਆਂ ਘਟਨਾਵਾਂ ਦਾ ਸੁਭਾਵਿਕਤਾ ਦੇ ਪੈਮਾਨੇ ਦਾ ਅਨੁਸਾਰੀ ਹੋਣਾ, ਉਸ ਦੇ ਵਸਤੂ ਦਾ ਸਮਾਜਕ ਜੀਵਨ ਵਿਚੋਂ ਲਿਆ ਹੋਣਾ, ਜੀਵਨ ਕਥਾ ਨੂੰ ਬੜੇ ਵਿਸਥਾਰ ਵਿਚ ਬਿਆਨ ਕਰਨਾ ਅਤੇ ਨਾਵਲ ਦੇ ਸਮੁੱਚੇ ਬਿਰਤਾਂਤ ਦਾ ਮਹਿਜ ਦਿਲ ਪਰਚਾਵੇ ਤੋਂ ਅੱਗੇ ਲੰਘ ਕੇ ਜੀਵਨ ਮਾਰਗ ਵਿਚ ਉੱਨਤੀ ਵਾਲੇ ਪਾਸੇ

ਲਿਜਾਣ ਲਈ ਕੋਈ ਸਿੱਖਿਆ ਅਤੇ ਅਗਵਾਈ ਪ੍ਰਦਾਨ ਕਰਨਾ ਆਦਿ ਕੁਝ ਹੋਰ ਅਜਿਹੀਆਂ ਸ਼ਰਤਾਂ ਹਨ ਜਿਨ੍ਹਾਂ ਦੀ ਪੂਰਤੀ ਦੀ ਮੰਗ ਇਕ ਸਫ਼ਲ ਨਾਵਲ ਤੋਂ ਕੀਤੀ ਗਈ ਹੈ। ਉਨ੍ਹਾਂ ਦੀ ਆਧੁਨਿਕ ਗਲਪ ਰੂਪ ਵਜੋਂ ਨਾਵਲ ਇਸ ਵਿਚ ਪੇਸ਼ ਗਲਪ ਜਗਤ 'ਇਤਿਹਾਸਕ ਦੌਰ ਤੇ ਸਮਾਜਕ ਜੀਵਨ ਅਨੁਸਾਰ ਜੇ ਸੱਚਾ ਨਹੀਂ ਤਾਂ ਸੱਚੇ ਵਰਗਾ ਜ਼ਰੂਰ ਹੋਵੇ' ਨਾਵਲੀ ਜਗਤ ਵਿਚ ਇਤਿਹਾਸ ਵਾਤਾਵਰਣ ਦੀ ਸਿਰਜਣਾ ਦੀ ਜ਼ਰੂਰਤ ਵਲ ਹੀ ਇਸ਼ਾਰਾ ਕਰਦੀ ਹੈ। ਕਿ ਨਾਵਲ ਕਾਫ਼ੀ ਲੰਮੇ ਅਰਸੇ ਦੇ ਜੀਵਨ ਨੂੰ ਵਿਸਤਾਰ ਨਾਲ ਪੇਸ਼ ਕਰਨ ਵਾਲਾ ਰੂਪ ਹੈ ਜਿਸ ਕਰਕੇ ਇਸ ਦਾ ਆਕਾਰ ਬਹੁਤ ਵਧ ਜਾਂਦਾ ਹੈ'।

**ਡਾ ਵਿਨੋਦ ਅਨੁਸਾਰ,**

> 'ਪ੍ਰਕਿਰਤੀ ਅਤੇ ਸੰਸਕ੍ਰਿਤੀ ਦੀ ਹਰੇਕ ਬਣਤਰ ਨਾਵਲ ਵਿਚ ਪੇਸ਼ ਹੋ ਸਕਦੀ ਹੈ।ਪਰ ਸੰਸਕ੍ਰਿਤੀ ਦੀ ਇਕ ਬਣਤਰ ਐਸੀ ਵੀ ਹੈ ਜਿਸ ਦੀ ਪੇਸ਼ਕਾਰੀ ਨਾਵਲ ਵਿਚ ਹੀ ਸੰਭਵ ਹੈ। ਇਸ ਦਾ ਸੰਬੰਧ ਸਧਾਰਣ ਮਨੁੱਖ ਦੇ ਰੋਜ਼-ਮੱਰਾ ਦੇ ਕਿਰਦਾਰ ਅਤੇ ਵਿਹਾਰ ਨਾਲ ਹੈ।

ਇਸ ਵਰਤਾਰੇ ਦਾ ਮੁੱਖ ਲੱਛਣ 'ਤਰਲਤਾ' ਹੈ ਅਰਥਾਤ ਵਿਅਕਤੀ-ਚਰਿੱਤਰ ਦੀ ਅਨਿਸ਼ਚਿਤਤਾ ਦਾ ਹਾਲਾਤ ਦੇ ਪ੍ਰਸੰਗ ਵਿਚ ਵਿਸਤਾਰ-ਚਿੱਤਰ ਨਾਵਲ ਵਿਚ ਹੀ ਸੰਭਵ ਹੈ। ਇਹ ਸੰਸਥਾਈ ਬਣਤਰਾਂ ਨੂੰ ਸ਼ੰਕਾਵਾਦੀ ਦ੍ਰਿਸ਼ਟੀ ਤੋਂ ਵੇਖਦਾ ਹੋਇਆ ਉਨ੍ਹਾਂ ਦੀਆਂ ਸੀਮਾਵਾਂ ਦੀ ਸੋਝੀ ਪ੍ਰਦਾਨ ਕਰਦਾ ਹੈ। ਇਉਂ ਇਹ ਬੁੱਤ-ਸਿਰਜਕ ਦੀ ਨਹੀਂ ਬੁੱਤ-ਸ਼ਿਕਨ ਦੀ ਭੂਮਿਕਾ ਨਿਭਾਉਂਦਾ ਹੈ। ਨਾਵਲ-ਸ਼ਾਸਤਰੀ ਇਸ ਨੂੰ ਅਮਿੱਥੀਕਰਨ ਦੀ ਪ੍ਰਕਿਰਿਆ ਕਹਿੰਦੇ ਹਨ। ਮਨੁੱਖੀ ਚੇਤਨਾ ਨੂੰ ਭ੍ਰਾਂਤੀਆਂ ਤੋਂ ਮੁਕਤ ਕਰਨਾ ਨਾਵਲ ਦਾ ਮੁੱਖ ਉਦਸ਼ ਹੈ'। ਡਾ.ਟੀ.ਆਰ.ਵਿਨੋਦ ਅਨੁਸਾਰ,

> 'ਮੋਟੇ ਤੌਰ ਤੇ ਨਾਵਲ 'ਵਾਰਤਕ ਵਿਚ ਲਿਖਿਆ ਹੋਇਆ ਲੰਮਾ ਬਿਰਤਾਂਤ' ਹੈ...... ।

ਪਰ ਵਾਰਤਕ ਵਿਚ ਲਿਖੇ ਬਿਰਤਾਂਤ-ਰੂਪ ਵੀ ਕਈ ਤਰ੍ਹਾਂ ਦੇ ਹੁੰਦੇ ਹਨ। ਨਿੱਕੀ ਕਹਾਣੀ ਜਾਂ ਲਘੂ ਨਾਵਲ ਨਾਲੋਂ ਨਾਵਲ ਦਾ ਨਿਖੇੜਾ ਆਕਾਰ ਦੇ ਆਧਾਰ ਤੇ ਸੰਭਵ ਹੈ। ਡਾ. ਜੋਗਿੰਦਰ ਸਿੰਘ ਰਾਹੀ ਅਨੁਸਾਰ,

> 'ਵਿਧਾ ਦੇ ਜ਼ਾਵੀਏ ਤੋਂ ਨਾਵਲ ਇਕ ਲੰਮੀ ਗਦ ਕਥਾ ਦੇ ਰੂਪ ਵਿਚ ਯਥਾਰਥ ਦੇ ਚਿਤਰਣ ਨਾਲ ਸੰਬੰਧਿਤ ਸੰਭਾਵਨਾਵਾਂ ਵਾਲਾ ਰੂਪ ਹੈ। ਥੀਮ ਸਿਰਜਣ ਅਤੇ ਰੂਪਨ-ਪ੍ਰਤਿਰੂਪਨ ਦੀਆਂ ਵਿਵਿਧ ਸੰਭਾਵਨਾਵਾਂ ਕਰਕੇ ਬੇਸ਼ੱਕ ਇਹ ਖੁੱਲ੍ਹਾ ਰੂਪ ਹੈ।"

ਮਿੱਥਕ ਤੋਂ ਯਥਾਰਥਕ ਤਕ ਅਤੇ ਯਥਾਰਥਕ ਤੋਂ ਫੈਂਟਸੀ ਤਕ ਦੀਆਂ ਜੁਗਤਾਂ ਇਸ ਵਿਚ ਅਨੇਕ ਰੂਪ ਲੈਂਦੀਆਂ ਹਨ। ਪਰ ਪਾਤਰਾਵਲੀ, ਕਾਰਜ ਅਤੇ ਵਾਰਤਾਲਾਪ ਆਦਿ ਵਿਚ ਜ਼ਿੰਦਗੀ ਦੀ ਵਾਸਤਵਿਕਤਾ ਨਾਲ ਮੇਲ ਖਾਂਦੇ ਹਵਾਲੇ ਜਿਵੇਂ ਨਾਵਲ ਵਿਚ ਉਭਰਦੇ ਹਨ, ਉਸ ਤਰਾਂ ਸਾਹਿਤ ਦੇ ਕਿਸੇ ਹੋਰ ਰੂਪ ਵਿਚ ਨਹੀਂ ਉਭਰਦੇ, ਖਾਸ ਕਰ ਪਾਤਰਾਂ ਦੀ ਉਚਾਰਣੀ ਭਾਸ਼ਾ ਦੇ ਰੁਪ ਵਿਚ। ਕਲਪਨਾ ਦੀ ਰਚਨਾ ਹੋਣ ਕਰਕੇ ਸਾਹਿਤ ਦੇ ਹੋਰ ਰੂਪਾਂ ਵਾਂਗ ਨਾਵਲ ਵੀ ਇਕ ਗਾਲਪਨਿਕ ਵਸਤੂ ਹੈ। ਪਰ ਵਾਸਤਵਿਕ ਹਵਾਲਿਆਂ ਕਰਕੇ ਯਥਾਰਥਕ ਹੋਣ ਦਾ ਜੋ ਪ੍ਰਭਾਵ ਨਾਵਲ ਤੋਂ ਮਿਲਦਾ ਹੈ, ਸਾਹਿਤ ਦੇ ਕਿਸੇ ਹੋਰ ਰੂਪ ਤੋਂ ਨਹੀਂ ਮਿਲਦਾ।

ਨਾਵਲ ਦੇ ਖੁੱਲ੍ਹਾ ਰੂਪ ਹੋਣ ਦੇ ਬਾਵਜੂਦ ਨਾ ਸਿਰਫ਼ ਇਸ ਦਾ ਧਰਮ ਯਥਾਰਥ ਦੇ ਸਿਰਜਣ ਨੂੰ ਮੰਨਿਆਂ ਹੈ, ਬਲਕਿ ਇਸ ਸਿਰਜਣ ਦੀ ਇਕ ਖਾਸ ਵਿਧਾ ਵੀ ਨਿਸ਼ਚਿਤ ਕੀਤੀ ਹੈ। ਇਹ ਵਿਧਾ ਵਿਡੰਬਨਾ ਦੀ ਹੈ'। ਨਾਵਲ ਜ਼ਿੰਦਗੀ ਦੀ ਹਕੀਕਤ ਨੂੰ ਨੇੜਿਉਂ ਮਿਲਣ ਵਾਲਾ ਰੂਪ ਹੈ। ਇਸ ਲਈ ਵਿਡੰਬਨਾ ਇਸ ਦੀ ਸੁਭਾਵਿਕ ਵਸਤੂ ਹੈ। ਪਰ ਵਿਡੰਬਨਾ ਸਿਰਫ਼ ਵਸਤੂ ਨਹੀਂ, ਪ੍ਰਕਿਰਿਆ ਵੀ ਹੈ: ਸੁਪਨਿਆਂ ਦੇ ਉੱਸਰਣ ਤੇ ਬਿਨਸਣ ਦੀ ਪ੍ਰਕਿਰਿਆ।ਵਿਧਾ ਸ਼ਾਸਤਰੀ ਨਾਵਲ ਦਾ ਧਰਮ ਇਸ ਪ੍ਰਕਿਰਿਆ ਦ ਸਿਰਜਣ ਵਿਚ ਧਰਦੇ ਹਨ। ਨਾਵਲ ਉਨ੍ਹਾਂ ਅਨੁਸਾਰ ਇਸ ਪ੍ਰਕਿਰਿਆ ਦੇ ਸਿਰਜਣ ਵਿਚੋਂ ਹੀ ਆਕਾਰ ਲੈਂਦਾ ਹੈ। ਇਸ ਰੂਪ ਵਿਚ ਵਿਡੰਬਨਾ ਉਨ੍ਹਾਂ ਲਈ ਮਨੁੱਖ ਦੀ ਸਮਾਜਕ ਹੋਂਦ ਦੀ ਖ਼ਾਸੀਅਤ ਨਹੀਂ ਰਹਿ ਜਾਂਦੀ, ਬਲਕਿ ਨਾਵਲ ਦੀ ਰੂਪ-ਵਿਧਾਈ ਵਿਸ਼ੇਸ਼ਤਾ ਬਣ ਜਾਂਦੀ ਹੈ'। ਵਿਧਾ ਸ਼ਾਸਤਰੀਆਂ ਦੀ ਨਜ਼ਰ ਵਿਚ ਵਿਡੰਬਨਾ ਤਨਜ਼ ਅਤੇ ਸੰਜੀਦਗੀ ਦੇ ਦਰਮਿਆਨ ਕੰਬਦਾ ਹੋਇਆ ਸੰਤੁਲਨ ਹੈ। ਇਸ ਸੰਤੁਲਨ ਦਾ ਰਹੱਸ ਇਸ ਗਿਆਨ ਵਿਚ ਹੀ ਹੈ। ਇਸ ਗੁਣ ਕਰਕੇ ਨਾਵਲ ਨੂੰ 'ਦੂਹਰੀ

ਦ੍ਰਿਸ਼ਟੀ' ਵਾਲੀ ਵਿਧਾ ਮੰਨਿਆ ਜਾਂਦਾ ਹੈ ਤੇ ਦੀਰਘ ਦ੍ਰਿਸ਼ਟੀ ਵਾਲੀ ਵੀ। ਡਾ|ਰਾਹੀ ਅਨੁਸਾਰ ਨਾਵਲ ਵਿਚ ਮਿੱਥਕ ਸਿਰਜਣਾ ਹੁੰਦੀ ਹੈ ਪਰ ਇਸ ਦੇ ਬਿਰਤਾਂਤਕ ਜਗਤ ਵਿਚ ਮਿੱਥ ਦਾ ਭੰਜਨ ਹੋਣਾ ਅਨਿਵਾਰੀ ਹੈ। ਉਨ੍ਹਾਂ ਅਨੁਸਾਰ ਨਾਵਲ ਵਿਚ ਨਿੱਜੀ ਦੀ ਥਾਂ ਸਮਾਜਿਕ ਸੁਪਨਿਆਂ ਦਾ ਗੌਰਵਸ਼ਾਲੀ ਬਿਰਤਾਂਤ ਹੁੰਦਾ ਹੈ ਪਰ ਇਹ ਸੁਪਨੇ ਵੀ ਅਖੀਰ ਨੂੰ ਤਿੜਕਦੇ ਹਨ, ਇਨ੍ਹਾਂ ਦੇ ਖੌਰੂ-ਖੋਰੂ ਹੋਣ ਦੀ ਪ੍ਰਕਿਰਿਆ ਦਾ ਬਿਰਤਾਂਤ ਅਜਿਹਾ ਹੁੰਦਾ ਹੈ ਕਿ ਇਹ ਮਹਿਜ ਸੰਤਾਪ ਉਪਜਾਉਣ ਦੀ ਬਜਾਏ ਗਿਆਨ ਪ੍ਰਾਪਤੀ ਦਾ ਸੰਤੋਖ ਉਪਜਾਉਂਦਾ ਹੈ। ਉਨ੍ਹਾਂ ਅਨੁਸਾਰ ਨਾਵਲ ਵਿਚ ਪਾਤਰਾਂ ਅਤੇ ਖ਼ਾਸ ਕਰਕੇ ਕੇਂਦਰੀ ਪਾਤਰ ਨੂੰ ਰੋਮਾਂਸ ਵਾਂਗ ਅਸਲ ਨਾਲੋਂ ਵਡੇਰਾ ਤਾਂ ਦਿਖਾਇਆ ਜਾਂਦਾ ਹੈ ਪਰ ਅਖੀਰ ਨੂੰ ਉਨ੍ਹਾਂ ਨੂੰ ਆਪਣੇ ਵਾਸਤਵਿਕ ਆਕਾਰ ਵਿਚ ਘਟਾਇਆ ਜਾਂਦਾ ਹੈ ਅਤੇ ਉਨ੍ਹਾਂ ਦੇ ਸੁਪਨਿਆਂ ਦੇ ਰੋਮਾਂਸਕ ਫੁਲਾਉ ਦੀ ਥਾਂ ਵਿਫਲਾਉ ਦੀ ਰੀਤ ਅਪਣਾਈ ਜਾਂਦੀ ਹੈ। ਇਸ ਰੀਤ ਅਨੁਸਾਰ ਨਾਵਲੀ ਪਾਤਰਾਂ ਦੇ ਸੁਪਨਿਆਂ ਦੇ ਗੁਬਾਰੇ ਉਨ੍ਹਾਂ ਦੇ ਵਾਤਾਵਰਣ ਦੀ ਰਗੜ ਨਾਲ ਫਟਦੇ ਅਤੇ ਚੀਥੜਿਆਂ ਦੀ ਸ਼ਕਲ ਵਿਚ ਧਰਤੀ ਡਿਗਦੇ ਦਿਖਾਏ ਜਾਂਦੇ ਹਨ। ਪਰ ਸੁਪਨਿਆਂ ਦੇ ਸੰਤਾਪ ਨੂੰ ਨਾਵਲ ਦੀ ਵਿਧਾ ਦੇਸ਼ ਅਤੇ ਕਾਲ ਨਾਲ ਸੰਬੰਧਿਤ ਵਾਸਤਵਿਕਤਾ ਦੇ ਗਿਆਨ ਵਿਚ ਬਦਲ ਦਿੰਦੀ ਹੈ। ਡਾ| ਰਾਹੀ ਮੁਤਾਬਿਕ ਨਾਵਲ ਯਥਾਰਥ ਚਿਤਰਣ ਦੀਆਂ ਵਸੀਹ ਸੰਭਾਵਨਾਵਾਂ ਵਾਲਾ ਖੁੱਲ੍ਹਾ ਰੂਪ ਹੈ ਜਿਸ ਦੀ ਵਸਤੂ ਅਤੇ ਵਿਧੀ ਵਿਡੰਬਨਾ ਹੈ। ਉਨ੍ਹਾਂ ਦੀ ਧਾਰਣਾਂ ਅਨੁਸਾਰ ਨਾਵਲੀ ਵਿਧਾ ਵਿਚ ਤਨਜ਼ ਅਤੇ ਸੰਜੀਦਗੀ ਦਰਮਿਆਨ ਸੰਤੁਲਨ ਉੱਤੇ ਟਿਕਿਆ ਨਾਵਲੀ ਜਗਤ ਆਮ ਤੋਂ ਵਡੇਰੇ ਕਾਰਜ ਵਿਚ ਉੱਤਰ੍ਹਣ ਵਾਲੇ ਪਾਤਰਾਂ ਦੇ ਸੁਪਨਿਆਂ ਦੇ ਵਿਫ਼ਲਾਉ ਵਿਚੋਂ ਪੈਦਾ ਹੋਣ ਵਾਲੇ ਸੰਤਾਪ ਨੂੰ ਗਿਆਨਮਈ ਸੰਤੋਖ ਵਿਚ ਰੂਪਾਂਤਰਿਤ ਕਰਨ ਦਾ ਪ੍ਰਕਾਰਜ ਨਿਭਾਉਂਦਾ ਹੈ। ਡਾ. ਕੇਸਰ ਸਿੰਘ ਕੇਸਰ ਨਾਵਲ ਨੂੰ ਵਰਗ ਸੰਘਰਸ਼ ਦੇ ਗਲਪੀ ਬਿੰਬ ਦੇ ਤੌਰ ਤੇ ਪਰਿਭਾਸ਼ਿਤ ਕਰਦਾ ਹੈ। ਉਸ ਅਨੁਸਾਰ ਨਾਵਲ ਦਾ ਥੀਮਕ ਵਿਕਾਸ, ਘਟਨਾਵੀ ਤਣਾਓ, ਪਾਤਰਾਂ ਦੇ ਵਾਰਤਾਲਾਪ, ਬਹੁ-ਵਚਨੀ ਪ੍ਰਵਚਨ ਤੇ ਖੁਲ੍ਹੇ ਅੰਤ ਵਾਲੇ ਕਥਾਨਕ ਦੀ ਵਿਲੱਖਣ ਰਚਨਾ-ਵਿਧੀ ਆਦਿ ਦਾ ਪ੍ਰਯੋਜਨ ਵਰਗ-ਸੰਘਰਸ਼ ਦੇ ਦਵੰਦਮਈ ਵਿਵੇਕ ਨੂੰ ਪੇਸ਼ ਕਰਨਾ ਹੈ। ਇਸ ਕਥਨ ਵਿਚ ਭਾਵੇਂ ਕੁਝ ਤੱਤ ਤਾਂ ਅਜਿਹੇ ਹਨ ਜਿਹੜੇ ਸਾਰੇ ਆਧੁਨਿਕ ਵਾਰਤਕ ਬਿਰਤਾਂਤ ਰੂਪਾਂ ਦੇ ਸਾਂਝ ਹਨ ਜਿਵੇਂ ਘਟਨਾਵੀ ਤਣਾਓ ਤੇ ਵਾਰਤਾਲਾਪ। ਪਰ ਇਸ ਕਥਨ ਵਿਚ ਨਾਵਲ ਵਿਚ ਇਨ੍ਹਾਂ ਤੱਤਾਂ ਦੀ ਵਿਲੱਖਣ ਹੋਂਦ ਅਤੇ ਪ੍ਰਕਾਰਜ ਵਲ ਇਸ਼ਾਰਾ ਧੁਨੀ ਰੂਪ ਵਿਚ ਸਮਾਇਆ ਹੋਇਆ ਹੈ। ਘਟਨਾਵੀ ਤਣਾਓ ਦੇ ਨਿਰੰਤਰ ਬਣੇ ਰਹਿਣ ਨਾਲ ਹੀ ਨਾਵਲ ਵਿਚ ਥੀਮਕ-ਵਿਕਾਸ ਹੁੰਦਾ ਹੈ ਅਤੇ ਪਾਤਰਾਂ ਦੇ ਆਪਸੀ ਵਾਰਤਾਲਾਪ ਵਿਚ ਉਚਾਰਣੀ ਭਾਸ਼ਾ ਦੀ ਵਰਤੋਂ ਨਾਲ ਯਥਾਰਥ ਦਾ ਵਧੇਰੇ ਠੋਸ ਬਿੰਬ ਉੱਸਰਦਾ ਜਾਂਦਾ ਹੈ ਅਤੇ ਇਸ ਰਾਹੀਂ ਜੀਵਨ ਹਕੀਕਤਾਂ ਪ੍ਰਤਿ ਬਹੁ-ਵਚਨੀ ਪ੍ਰਵਚਨ ਦੀ ਸਿਰਜਣਾ ਹੁੰਦੀ ਹੈ। ਇਸ ਲਿਹਾਜ਼ ਨਾਲ ਜਿਸ ਰਚਨਾ ਵਿਚ ਬਹੁ-ਵਚਨੀ ਪ੍ਰਵਚਨ ਦੀ ਸਿਰਜਣਾ ਦਾ ਨਾਵਲੀ ਪ੍ਰਕਾਰਜ ਪੂਰਾ ਨਹੀਂ ਹੁੰਦਾ ਉਹ ਬਹੁ-ਭਾਸ਼ਾਈ ਸਰੂਪ ਦੀ ਅਨੁਸਾਰੀ ਤਾਂ ਹੋਵੇਗੀ ਪਰ ਬਹੁ-ਬਚਨੀ ਪ੍ਰਵਚਨ ਦੀ ਸਿਰਜਕ ਨਹੀ ਬਣ ਸਕਗੀ।

ਨਾਵਲੀ ਬਿਰਤਾਂਤ ਦਾ ਵਿਸਤ੍ਰਿਤ ਆਕਾਰ, ਇਸ ਵਿਚ ਇਤਿਹਾਸ ਦੀਆਂ ਵਾਸਤਵਿਕ ਪ੍ਰਕਿਰਿਆਵਾਂ ਦੀ ਈਮਾਨਦਾਰ ਪੇਸ਼ਕਾਰੀ ਦੀ ਜ਼ਿੰਮੇਵਾਰੀ, ਯਥਾਰਥ ਚਿਤਰਣ ਦੀਆਂ ਵਸੀਹ ਸੰਭਾਵਨਾਵਾਂ, ਸਧਾਰਣ ਮਨੁੱਖ ਦੇ ਵਿਅਕਤੀ-ਚਰਿੱਤਰ ਦੀ ਅਨਿਸ਼ਚਿਤਤਾ ਦਾ ਹਾਲਾਤ ਦੇ ਪ੍ਰਸੰਗ ਵਿਚ ਵਿਸਤਾਰ-ਚਿੱਤਰ ਸਿਰਜਣ ਦੀ ਸੰਭਵਾਨਾ, ਸੰਸਥਾਈ ਬਣਤਰਾਂ ਨੂੰ ਸ਼ੰਕਾਵਦੀ ਦ੍ਰਿਸ਼ਟੀ ਤੋਂ ਵੇਖਣਾ, ਬਿਰਤਾਂਤ ਵਿਚਲੀ ਅਮਿੱਥੀਕਰਣ ਦੀ ਪ੍ਰਕਿਰਿਆ, ਘਟਨਾਵੀ-ਤਣਾਓ ਦਾ ਲੰਮੇ ਵਕਫ਼ੇ ਵਿਚ ਫੈਲਣਾ, ਪਾਤਰਾਂ ਵਿਚ ਨਿਰੰਤਰ ਚੱਲਦੇ ਵਾਰਤਾਲਾਪ ਵਿਚ ਉਚਾਰਣੀ ਭਾਸ਼ਾ ਦੀ ਵਰਤੋਂ, ਖੁਲ੍ਹੇ ਅੰਤ ਵਾਲੇ ਕਥਾਨਕ ਦੀ ਵਿਲੱਖਣ ਰਚਨਾ-ਵਿਧੀ, ਵਿਭਿੰਨ ਰਚਨਾ-ਵਿਧਾਵਾਂ ਦੇ ਮੋਟਿਫ਼ਾਂ ਦੀ ਵਰਤੋਂ ਅਤੇ ਜੀਵਨ ਦੇ ਵਿਭਿੰਨ ਖੇਤਰਾਂ ਤੇ ਅਨੁਭਵਾਂ ਨੂੰ ਆਪਣੇ ਵਿਚ ਸਮੋ ਲੈਣ ਦੀ ਸੰਭਾਵਨਾ ਕਾਰਣ ਪੈਦਾ ਹੋਈਆਂ ਥੀਮਕ ਸੰਭਾਵਨਾਵਾਂ ਕਾਰਣ ਹੋਂਦ ਵਿਚ ਆਇਆ ਇਸ ਦਾ ਇਕ ਖੁੱਲ੍ਹਾ ਰੂਪ-ਵਿਧਾਈ ਚੌਖਟਾ, ਵਿਡੰਬਨਾ ਦਾ ਇਸ ਦੀ ਵਸਤੂ ਅਤੇ ਵਿਧੀ ਹੋਣਾ, ਨਾਵਲੀ ਜਗਤ ਵਿਚ ਆਮ ਤੋਂ ਵਡੇਰੇ ਕਾਰਜ ਵਿਚ ਉੱਤਰ੍ਹਣ ਵਾਲੇ ਪਾਤਰਾਂ ਦੇ ਸੁਪਨਿਆਂ ਦੇ ਫੈਲਾਅ ਨੂੰ ਠੋਸ ਹਕੀਕਤਾਂ ਦੇ ਪ੍ਰਸੰਗ ਵਿਚ ਪੇਸ਼ ਕਰਨਾ, ਸੁਪਨਿਆਂ ਦੇ

ਵਿਫ਼ਲਾਉ ਵਿਚੋਂ ਪੈਦਾ ਹੋਣ ਵਾਲੇ ਸੰਤਾਪ ਨੂੰ ਗਿਆਨਮਈ ਸੰਤੋਖ ਵਿਚ ਰੁਪਾਂਤਰਿਤ ਕਰਨ ਦਾ ਪ੍ਰਕਾਰਜ ਅਤੇ ਬਹੁ-ਵਚਨੀ ਪ੍ਰਵਚਨ ਅਜਿਹੇ ਕੁਝ ਲੱਛਣ ਹਨ ਜਿਨ੍ਹਾਂ ਦੇ ਹਵਾਲੇ ਨਾਲ ਨਾਵਲੀ ਬਿਰਤਾਂਤ ਦੀ ਵਿਲੱਖਣਤਾ ਨੂੰ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

**ਲੰਮੇ ਨਾਵਲ ਦੀਆਂ ਉਦਾਹਰਨਾਂ:**

| | |
|---|---|
| ਰਾਮ ਸਰੂਪ ਅਣਖੀ | ਕੋਠੇ ਖੜਕ ਸਿੰਘ |
| ਬਲਦੇਵ ਸਿੰਘ | ਆਫਲਾਤੂ, ਸੂਰਜ ਦੀ ਅੱਖ, ਸਤਲੁਜ ਵਹਿੰਦਾ ਰਿਹਾ |
| ਦਲੀਪ ਕੌਰ ਟਿਵਾਣਾ | ਕਥਾ ਕਹੋ ਉਰਵਸ਼ੀ |
| ਸੁਰਿੰਦਰ ਨੀਰ | ਮਾਇਆ |
| ਨਦੀਮ ਪਰਮਾਰ | ਰੇਪ |
| ਜਸਵਿੰਦਰ | ਮਾਤਲੋਕ |
| ਡਾ. ਮਨਮੋਹਨ | ਨਿਰਵਾਣ |

ਲਘੂ ਨਾਵਲ/ਨਾਵਲੈਟ: ਪੰਜਾਬੀ ਵਿਚ ਨਾਵਲਿਟ ਦੀ ਰਚਨਾ ਭਾਵੇਂ ਘੱਟ ਹੋਈ ਹੈ ਪਰ ਇਸ ਬਾਰੇ ਪੰਜਾਬੀ ਸਾਹਿਤਕਾਰ ਅਤੇ ਸਾਹਿਤ-ਸਿਧਾਂਤਕਾਰ ਮੁੱਢ ਤੋਂ ਹੀ ਚੇਤੰਨ ਹੈ।

ਡਾ. ਸੁਤਿੰਦਰ ਸਿੰਘ ਨੂਰ ਨਾਵਲੈਟ

> " ਇਕ ਟਰਾਂਸਿਟਰੀ ਵਿਧਾ ਦੇ ਤੌਰ ਤੇ ਸਵੀਕਾਰ ਕਰਦੇ ਹਨ ਉਨ੍ਹਾਂ ਅਨੁਸਾਰ 'ਯੂਰਪ ਵਿਚ ਜਦੋਂ ਨਾਵਲ ਦਾ ਵਿਕਾਸ ਹੋਣਾ ਸ਼ੁਰੂ ਹੋਇਆ ਤਾਂ ਪਹਿਲਾਂ ਪਹਿਲ ਵੱਖ ਵੱਖ ਯੂਰਪੀ ਭਾਸ਼ਾਵਾਂ ਵਿਚ ਇਸ ਲਈ ਸ਼ਬਦ ਨਵੇਲੋ, ਨਵਲੋ, ਨਾਵਲਿਟ ਸਾਹਮਣੇ ਆਏ ਤੇ ਫਿਰ ਨਾਵਲ। ਜੋ ਨਾਵਲ ਛੋਟੇ ਆਕਾਰ ਦੇ ਹੁੰਦੇ ਸਨ, ਉਨ੍ਹਾਂ ਨੂੰ ਨਾਵਲਿਟ ਆਖ ਲਿਆ ਗਿਆ ਤੇ ਜਦੋਂ ਨਾਵਲ ਦਾ ਰੂਪਾਕਾਰ ਸਥਾਪਿਤ ਹੁੰਦਾ ਗਿਆ, ਉਦੋਂ ਸਮੁੱਚੇ ਨਾਵਲ ਲਈ ਸ਼ਬਦ ਨਾਵਲ ਹੀ ਵਰਤਿਆ ਗਿਆ'। "

ਇਕ ਰੂਪਾਕਾਰ ਦੇ ਤੌਰ ਤੇ ਨਾਵਲਿਟ ਅੰਗਰੇਜ਼ੀ ਅਤੇ ਜਰਮਨ ਵਿਚ ਵਧੇਰੇ ਮਕਬੂਲ ਰਿਹਾ ਹੈ।

ਜਰਮਨ ਲੇਖਕ ਇਸ ਲਈ ਨੋਵੇਲਾ ਸ਼ਬਦ ਦੀ ਵਰਤੋਂ ਕਰਦੇ ਹਨ। ਉਨ੍ਹਾਂ ਅਨੁਸਾਰ ਨੋਵੇਲਾ ਦਰਮਿਆਨੇ ਆਕਾਰ ਦਾ ਗਲਪੀ ਬਿਰਤਾਂਤ ਹੁੰਦਾ ਹੈ ਜਿਸ ਵਿਚ ਇਕ ਰੌਚਕ ਘਟਨਾਕ੍ਰਮ, ਸਥਿਤੀ ਜਾਂ ਤਣਾਉ ਦੀ ਪੇਸ਼ਕਾਰੀ ਹੁੰਦੀ ਹੈ ਜਿਸ ਦੀ ਕਹਾਣੀ ਵਿਚ ਇਕ ਅਣਕਿਆਸਿਆ ਮੋੜ ਆਉਂਦਾ ਹੈ। ਇਸ ਬਿਰਤਾਂਤ ਦਾ ਅੰਤ ਹੈਰਾਨੀ ਭਰਿਆ, ਉਮੀਦ ਤੋਂ ਬਾਹਰਾ ਪਰ ਤਾਰਕਿਕ ਹੁੰਦਾ ਹੈ। ਇਸ ਦੀ ਰਚਨਾ ਵਿਉਂਤ ਵਿਚ ਕਈ ਠੋਸ ਪ੍ਰਤੀਕ ਘੜਿਆ ਜਾਂਦਾ ਹੈ ਜੋ ਜੋ ਇਸ ਦੇ ਬਿਰਤਾਂਤ ਨੂੰ ਨਿਰੰਤਰਤਾ ਅਤੇ ਗਤੀ ਪ੍ਰਦਾਨ ਕਰਦਾ ਹੈ। ਇਸੇ ਤਰ੍ਹਾਂ ਇਕ ਹੋਰ ਕਥਨ ਮੁਤਾਬਿਕ ਨੋਵੇਲਾ ਗਲਪੀ ਵਾਰਤਕ ਦੀ ਬਿਰਤਾਂਤਕ ਰਚਨਾ ਹੁੰਦੀ ਹੈ ਜੋ ਆਕਾਰ ਵਿਚ ਨਿੱਕੀ ਕਹਾਣੀ ਤੋਂ ਵਡੇਰੀ ਪਰ ਨਾਵਲ ਤੋਂ ਛੋਟੀ ਹੁੰਦੀ ਹੈ। ਇਸ ਬਾਰੇ ਸਹਿਮਤੀ ਨਹੀਂ ਕਿ ਨੋਵਲਾ ਦਾ ਆਕਾਰ ਕਿੰਨਾ ਹੋਵੇ। ਇਕ ਅਮਰੀਕੀ ਸਾਹਿਤਕ ਸੰਸਥਾ ਦੁਆਰਾ ਦਿੱਤੀ ਪਰਿਭਾਸ਼ਾ ਅਨੁਸਾਰ ਇਸ ਦਾ ਆਕਾਰ 17,500 ਤੋਂ 40,000 ਸ਼ਬਦਾਂ ਤਕ ਜਾਂ 60 ਤੋਂ 130 ਪੰਨਿਆਂ ਤਕ ਫ਼ੈਲਿਆ ਹੋ ਸਕਦਾ ਹੈ। ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਸਾਹਿਤ ਕੋਸ਼ ਵਿਚ ਨਾਵਲਿਟ ਦਾ ਇੰਦਰਾਜ ਉਪਨਿਆਸਿਕਾ ਦੇ ਤੌਰ ਤੇ ਕੀਤਾ ਗਿਆ ਹੈ। ਉਸ ਅਨੁਸਾਰ,

> 'ਉਪਨਿਆਸਿਕਾ ਜਾਂ ਲਘੂ ਉਪਨਿਆਸ (ਨਾਵਲ) ਜਾਂ ਨਾਵਲੈੱਟ ਗਲਪ ਸਾਹਿਤ ਦੇ ਉਸ ਰੂਪ ਨੂੰ ਆਖਦੇ ਹਨ ਜਿਹੜਾ ਆਕਾਰ ਵਿਚ ਸਾਧਾਰਣ ਕਹਾਣੀ ਨਾਲੋਂ ਲੰਮਾਂ ਅਤੇ ਸੰਪੂਰਣ ਉਪਨਿਆਸ ਨਾਲੋਂ ਛੋਟਾ ਹੁੰਦਾ ਹੈ। ਪੱਛਮ ਵਿਚ ਛਪੀਆਂ ਹੋਈਆਂ

> ਉਪਨਿਆਸਿਕਾਵਾਂ ਦਾ ਆਕਾਰ ਲਗਭਗ 30000 ਤੋਂ ਲੈ ਕੇ 50000 ਸ਼ਬਦਾਂ ਤਕ ਮਿਲਦਾ ਹੈ। ਉਪਨਿਅਸਿਕਾ ਜਾਂ ਨਾਵਲੈੱਟ ਜਰਮਨ ਸ਼ਬਦ ਨੋਵੇਲਾ ਦਾ ਪਰਾਇਵਾਚੀ ਹੈ ਜਿਹੜਾ ਛੋਟੇ ਆਕਾਰ ਵਾਲੇ ਨੋਵੇਲ ਲਈ ਵਰਤਿਆ ਜਾਂਦਾ ਹੈ।

ਜਰਮਨ ਨੋਵੇਲਾ ਇਕ ਘਟਨਾ ਅਤੇ ਇਸ ਘਟਨਾ ਦਾ ਇਕ ਪਾਤਰ ਜਾਂ ਪਾਤਰਾਂ ਦੇ ਇਕ ਸਮੂਹ ਦੇ ਪ੍ਰਭਾਵ ਨਾਲ ਸੰਬੰਧਿਤ ਹੁੰਦਾ ਹੈ। ਉਪਨਿਆਸਿਕਾ ਵਿਚ 'ਛਾਇਆ ਚਿਤ੍ਰ' ਪ੍ਰਯੋਗ ਉਲੀਕ ਕੇ ਇਕਦਮ ਉਸ ਨੂੰ ਸਿਖਰ ਤੇ ਪਹੁੰਚਾਇਆ ਜਾਂਦਾ ਹੈ। ਸਾਧਾਰਣ ਤੌਰ ਤੇ ਉਪਨਿਆਸਿਕਾ ਵਿਚ ਉਪਨਿਆਸ ਦੇ ਸਾਰੇ ਤੱਤ ਮਿਲ ਜਾਂਦੇ ਹਨ, ਪਰੰਤੂ ਇਕ ਕਥਾ ਸੁਤੰਤਰ ਜਾਂ ਥੀਮ, ਇਕ ਕਥਾ, ਉਪ-ਕਥਾਵਾਂ ਦੀ ਅਣਹੋਂਦ, ਨਾਟਕੀ ਵਿਅੰਗ, ਸੰਘਰਸ਼ ਅਤੇ ਸਿਖਰ ਦੀ ਨੇੜਤਾ, ਪਾਤਰਾਂ ਦੀ ਅਲਪ ਗਿਣਤੀ ਅਤੇ ਸੰਵਾਦ ਵਿਚ ਸੰਜਮ ਇਸ ਦੇ ਵਿਸ਼ੇਸ਼ ਗੁਣ ਹਨ।

ਨਾਵਲੈਟ ਨੂੰ ਜ਼ਿਆਦਾਤਰ ਉਸ ਦੇ ਆਕਾਰ ਦੇ ਹਵਾਲੇ ਨਾਲ ਹੀ ਪਰਿਭਾਸ਼ਾਬੱਧ ਕੀਤਾ ਗਿਆ ਹੈ। ਇਨ੍ਹਾਂ ਵਿਚ ਇਸ ਦੇ ਵੱਖਰੇ ਬਿਰਤਾਂਤਕ ਸੰਗਠਨ ਵਲ ਤਾਂ ਕੁਝ ਸੰਕੇਤ ਕੀਤਾ ਗਿਆ ਹੈ ਪਰ ਵੱਖਰੇ ਵਿਚਾਰਧਾਰਾਈ ਅਤੇ ਸੁਹਜ-ਸ਼ਾਸਤਰੀ ਪ੍ਰਕਾਰਜ ਦੀ ਨਿਸ਼ਾਨਦੇਹੀ ਪ੍ਰਤਿ ਇਹ ਪਰਿਭਾਸ਼ਾਵਾਂ ਖ਼ਾਮੋਸ਼ ਹਨ। ਇਕਹਿਰੀ ਸਥਿਤੀ ਜਾਂ ਘਟਨਾ ਵਿਚ ਪੱਸਰਿਆ ਤਣਾਉ, ਇਕ ਕਥਾ ਸੂਤਰ ਜਾਂ ਥੀਮ, ਉਪ-ਕਥਾਵਾਂ ਦੀ ਅਣਹੋਂਦ, ਨਾਟਕੀ ਵਿਅੰਗ,ਤਿੱਖੇ ਘਟਨਾਵੀ ਮੋੜ ਉਪਰੰਤ ਅਣਕਿਆਸਿਆ ਅੰਤ, ਸੰਘਰਸ਼ ਅਤੇ ਸਿਖਰ ਦੀ ਨੇੜਤਾ, ਪਾਤਰਾਂ ਦੀ ਅਲਪ ਗਿਣਤੀ ਅਤੇ ਸੰਵਾਦ ਵਿਚ ਸੰਜਮ ਅਤੇ ਪ੍ਰਤੀਕ-ਜੁਗਤ ਨਾਵਲਿਟ ਦੇ ਬਿਰਤਾਂਤਕ ਸੰਗਠਨ ਦੀਆਂ ਕੁਝ ਖ਼ਾਸੀਅਤਾਂ ਹਨ। ਨਾਵਲਿਟ ਦੀ ਇਸ ਸਮਝ ਵਿਚ ਵਿਸਤਾਰ ਕਰਨ ਲਈ ਅਤੇ ਨਾਵਲ ਦੀ ਤੁਲਨਾ ਵਿਚ ਇਸ ਦੇ ਰੂਪ ਅਤੇ ਪ੍ਰਕਾਰਜ ਦੀ ਵਿਲੱਖਣਤਾ ਦੀ ਪਛਾਣ ਲਈ ਡਾ| ਸਵਿੰਦਰ ਸਿੰਘ ਉੱਪਲ ਦੀ ਧਾਰਣਾ ਹੈ ਕਿ

> ਇਸ ਸਾਹਿਤਕ ਰੂਪ (ਨਾਵਲਿਟ) ਵਿਚ ਪਾਤਰ-ਗਿਣਤੀ ਅਤੇ ਪਾਤਰ ਵਿਸ਼ਾਲਤਾ ਵੀ ਘੱਟ ਹੁੰਦੀ ਹੈ। ਲੇਖਕ ਆਪਣੇ ਪਾਤਰਾਂ ਦਾ ਮਨੋਵਿਸ਼ਲੇਸ਼ਣ ਪੇਸ਼ ਕਰਨ ਵੇਲੇ ਬਹੁਤੀ ਡੂੰਘਾਈ ਵਿਚ ਨਹੀਂ ਜਾਂਦਾ। ਉਸ ਦਾ ਬਹੁਤਾ ਧਿਆਨ ਆਪਣੇ ਪ੍ਰਮੁੱਖ ਪਾਤਰ ਜਾਂ ਮੁੱਖ ਪਾਤਰਾਂ (ਨਾਇਕ, ਨਾਇਕਾ) ਵਲ ਰਹਿੰਦਾ ਹੈ; ਸਹਾਇਕ ਪਾਤਰਾਂ ਦੀ ਸ਼ਖ਼ਸੀਅਤ ਉਸਾਰਨ ਵਲ ਉਹ ਬਹੁਤੀ ਸੂਝ ਨਹੀਂ ਰੱਖਦਾ।
>
> ਮੁੱਖ ਪਾਤਰਾਂ ਦੀ ਪਾਤਰ ਉਸਾਰੀ ਕਰਨ ਵੇਲੇ ਵੀ ਉਹ ਉਹਨਾਂ ਨੂੰ ਬਹੁ-ਪੱਖੀ ਨਹੀਂ ਬਣਾਉਂਦਾ ਸਗੋਂ ਆਪਣੇ ਵਿਸ਼ੇ ਦੇ ਮੁੱਖ ਨੁਕਤੇ ਦੇ ਨੇੜੇ ਨੇੜੇ ਰਖਦਾ ਹੈ। ਇਸ ਵਿਚ ਵਾਤਾਵਰਣ ਕੇਵਲ ਸਹਾਇਕ ਰੂਪ ਵਿਚ ਪਰ ਸੰਖਿਪਤ ਹੁੰਦਾ ਹੈ। ਵਿਸਥਾਰ ਘੱਟ ਅਤੇ ਲੋੜੀਂਦੇ ਹੁੰਦੇ ਹਨ। ਨਿੱਕਾ ਨਾਵਲ ਦਿਲ ਨੂੰ ਜ਼ਿਆਦਾ ਅਤੇ ਦਿਮਾਗ ਨੂੰ ਘੱਟ ਟੁੰਬਦਾ ਹੈ।ਡਾ. ਉੱਪਲ ਨਾਵਲਿਟ ਲਈ ਨਿੱਕਾ ਨਾਵਲ ਜਾਂ ਉਪਨਿਆਸਿਕਾ ਸ਼ਬਦ ਦੀ ਵਰਤੋਂ ਕਰਦੇ ਹਨ। ਨਾਵਲ ਅਤੇ ਨਾਵਲਿਟ ਵਿਚ ਅੰਤਰ ਇਸ ਪ੍ਰਕਾਰ ਹੈ:

- ਨਿੱਕੇ ਨਾਵਲ ਅਤੇ ਪੂਰੇ ਨਾਵਲ ਨੂੰ ਵੱਖਰਿਆਉਣ ਵਾਲੀ ਅਸਲੀ ਵਸਤੂ ਵਿਸ਼ੇ ਦੀ ਚੋਣ ਅਤੇ ਉਸ ਦਾ ਨਿਭਾਬ ਹੈ।
- ਨਿੱਕਾ ਨਾਵਲ ਲਿਖਣ ਲਈ ਨਾਵਲਕਾਰ ਨਾ ਤਾਂ ਬਹੁਤਾ ਗੁੰਝਲਦਾਰ ਵਿਸ਼ਾ ਚੁਣਦਾ ਹੈ ਅਤੇ ਨਾ ਹੀ ਬਹੁ-ਪੱਖੀ।
- ਇਸ ਦਾ ਉਦੇਸ਼ ਵੀ ਬਹੁਤਾ ਮਹਾਨ ਨਹੀਂ ਹੁੰਦਾ।
- ਨਿਭਾਬ ਵਿਚ ਵੀ ਉਹ ਬਹੁਤਾ ਡੂੰਘਾਈ ਵਿਚ ਨਹੀਂ ਜਾਂਦਾ ਜਿਸ ਕਾਰਣ ਉਸ ਰਚਨਾ ਦਾ ਬੌਧਿਕ ਪੱਧਰ ਵੀ ਬਹੁਤਾ ਉੱਚਾ ਨਹੀਂ ਹੁੰਦਾ'।

ਹੁਣ ਗੱਲ ਨਾਵਲਿਟ ਦੇ ਬਿਰਤਾਂਤਕ ਸੰਗਠਨ ਤੋਂ ਅੱਗੇ ਉਸ ਦੇ ਕਲਾਤਮਕ ਅਤੇ ਵਿਚਾਰਧਾਰਾਈ ਪ੍ਰਕਾਰਜ ਦੀ ਪਛਾਣ ਦੀ ਕੋਸ਼ਿਸ਼ ਤਕ ਅੱਪੜ ਗਈ ਹੈ। ਨਾਵਲਿਟ ਦੇ ਬਿਰਤਾਂਤਕ ਪਾਸਾਰ ਵਿਚ ਕੇਂਦਰੀ ਪਾਤਰ ਦੇ ਮੁਕਾਬਲੇ ਤੇ ਸਹਾਇਕ ਪਾਤਰਾਂ ਦੀ ਗੌਣ ਸਥਿਤੀ ਦੇ ਨਾਲ ਨਾਲ ਇਸ ਪੱਖ ਵਲ ਇਹ ਸੰਕੇਤ ਕੀਤਾ ਗਿਆ ਹੈ ਕਿ ਇਸ ਵਿਚ ਨਾ ਕੇਵਲ ਮੁੱਖ ਪਾਤਰ ਦਾ ਬਹੁ-ਪੱਖੀ ਚਿੱਤਰ ਉੱਸਰਣ ਦੀ ਸੰਭਾਵਨਾ ਨਹੀਂ ਹੁੰਦੀ ਸਗੋਂ ਸਹਾਇਕ ਪਾਤਰਾਂ ਦੀ ਸ਼ਖ਼ਸੀਅਤ ਨੂੰ ਉਨ੍ਹਾਂ ਦੇ ਮਨੋ-ਹੁੰਗਾਰਿਆਂ ਸਮੇਤ ਪੇਸ਼ ਨਹੀਂ ਕੀਤਾ ਜਾਂਦਾ। ਨਾਵਲਿਟ ਦਾ ਦਿਲ ਨੂੰ

ਜ਼ਿਆਦਾ ਟੁੰਬਣਾ ਅਤੇ ਮਨੁੱਖੀ ਜੀਵਨ ਪ੍ਰਤਿ ਬੌਧਿਕ ਜਗਿਆਸਾ ਨੂੰ ਤ੍ਰਿਪਤ ਕਰਨਾ ਜਾਂ ਉਸ ਅਵਸਥਾ ਨੂੰ ਪੈਦਾ ਕਰਨਾ, ਜਿਸ ਨੂੰ ਨਾਵਲ ਵਿਚ ਗਿਆਨ ਦਾ ਸੰਤੋਖ ਕਿਹਾ ਗਿਆ ਹੈ, ਸ਼ਾਇਦ ਮੁਸ਼ਕਿਲ ਹੋ ਜਾਵੇਗਾ।

ਹੈਮਿੰਗਵੇ ਦੇ ਨਾਵਲ 'ਬੁੱਢਾ ਤੇ ਸਮੁੰਦਰ' ਦਾ ਆਕਾਰ ਲਘੂ ਨਾਵਲ ਨਾਲੋਂ ਛੋਟਾ ਹੈ, ਫੇਰ ਵੀ ਇਸ ਨੂੰ ਮਹਾਂ-ਕਾਵਿਕ ਪੱਧਰ ਦਾ ਨਾਵਲ ਗਿਣਿਆ ਜਾਂਦਾ ਹੈ।ਸਪੱਸ਼ਟ ਹੈ ਕਿ ਇਸ ਨਾਵਲ ਨੂੰ ਇਹ ਦਰਜਾ ਇਸ ਦੀ ਥੀਮਕ ਅਹਿਮੀਅਤ ਕਰਕੇ ਮਿਲਿਆ ਹੈ। ਇਥੋਂ ਇਹ ਪ੍ਰਭਾਵ ਪੈਦਾ ਹੁੰਦਾ ਹੈ ਕਿ ਜਦੋਂ ਛੋਟੇ ਆਕਾਰ ਵਾਲੇ ਬਿਰਤਾਂਤ ਅੰਦਰ ਥੀਮਕ ਵਿਸਤਾਰ ਅਤੇ ਅਰਥਾਂ ਦੀ ਗਹਿਰਾਈ ਆ ਜਾਵੇ ਤਾਂ ਉਹ ਰਚਨਾ ਲਘੂ-ਨਾਵਲ ਜਾਂ ਨਾਵਲਿਟ ਨਾ ਹੋਕੇ ਨਾਵਲ ਦੀ ਕੋਟੀ ਵਿਚ ਹੀ ਆ ਜਾਵੇਗੀ। ਇਸ ਤੋਂ ਇਹ ਧਾਰਣਾ ਵੀ ਬਣਾਈ ਜਾ ਸਕਦੀ ਹੈ ਕਿ ਨਾਵਲ ਤੇ ਨਾਵਲਿਟ ਦਾ ਅੰਤਰ ਕੇਵਲ ਬਾਹਰੀ ਆਕਾਰ ਦਾ ਹੀ ਨਹੀਂ ਹੁੰਦਾ ਸਗੋਂ ਜ਼ਿਆਦਾ ਮਹੱਤਵਪੂਰਣ ਅੰਤਰ ਅੰਦਰੂਨੀ ਵਿਸਤਾਰ ਅਤੇ ਗਹਿਰਾਈ ਦਾ ਹੁੰਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਪੰਜਾਬੀ ਦੇ ਕਈ ਲਘੂ ਆਕਾਰ ਦੇ ਨਾਵਲ ਆਪਣੇ ਅੰਦਰਲੇ ਵਿਸਤਾਰ ਕਾਰਣ ਨਾਵਲਿਟ ਨਾ ਰਹਿ ਕੇ ਨਾਵਲ ਅਖਵਾਉਣ ਦੇ ਹੱਕਦਾਰ ਬਣ ਜਾਣਗੇ ਜਿਵੇਂ ਫ਼ਖ਼ਰ ਜ਼ਮਾਨ ਦੀਆਂ ਦੋ ਰਚਨਾਵਾਂ 'ਬੇਵਤਨਾ' ਅਤੇ 'ਇਕ ਮਰੇ ਬੰਦੇ ਦੀ ਕਹਾਣੀ' ਆਪਣੇ ਛੋਟੇ ਆਕਾਰ ਦੇ ਬਾਵਜੂਦ ਅੰਦਰਲੇ ਵਿਸਤਾਰ ਕਾਰਣ; ਜੋ ਉਨ੍ਹਾਂ ਦੇ ਪ੍ਰਤੀਕ-ਪ੍ਰਬੰਧ ਨੂੰ ਡੀਕੋਡ ਕਰਨ ਉਪਰੰਤ ਦ੍ਰਿਸ਼ਟੀਗੋਚਰ ਹੋ ਜਾਵੇਗਾ।

**ਲਘੂ ਨਾਵਲ ਦੀਆਂ ਉਦਾਹਰਨਾਂ:**

| | |
|---|---|
| ਅੰਮ੍ਰਿਤਾ ਪ੍ਰੀਤਮ | ਪਿੰਜਰ |
| ਗੁਰਦਿਆਲ ਸਿੰਘ | ਮੜ੍ਹੀ ਦਾ ਦੀਵਾ |
| ਦਲੀਪ ਕੌਰ ਟਿਵਾਣਾ | ਇਹ ਹਮਾਰਾ ਜੀਵਣਾ, ਤੀਲੀ ਦਾ ਨਿਸ਼ਾਨ, ਦੂਸਰੀ ਸੀਤਾ |
| ਹਰਜੀਤ ਅਟਵਾਲ | ਮੁੰਦਰੀ ਡੌਟ ਕੌਮ |
| ਅਜੀਤ ਕੌਰ | ਪੋਸਟਮਾਰਟਮ, ਫਾਲਤੂ ਔਰਤ, |
| ਪ੍ਰਗਟ ਸਤੌਜ | ਖ਼ਬਰ ਇਕ ਪਿੰਡ ਦੀ |
| ਫ਼ਖ਼ਰ ਜ਼ਮਾਨ | ਕਮਜਾਤ |
| ਕ੍ਰਿਸ਼ਨ ਚੰਦਰ | ਗੱਦਾਰ |
| ਬਲਦੇਵ ਸਿੰਘ | ਲਾਲ ਬੱਤੀ |
| ਰਸ਼ਪਿੰਦਰ ਰਿਸ਼ਮ | ਔਰਤ ਮਨਫ਼ੀ ਮਰਦ |

ਪੰਜਾਬੀ ਵਿਚ ਨਾਵਲਿਟ ਦੀ ਰਚਨਾ ਏਨੀ ਨਹੀਂ ਹੋਈ ਕਿ ਇਸ ਨੂੰ ਇਕ ਸੁਤੰਤਰ ਅਤੇ ਨਿਸ਼ਚਿਤ ਰੂਪਾਕਾਰਕ ਵਰਤਾਰੇ ਦੇ ਤੌਰ ਤੇ ਮਾਨਤਾ ਪ੍ਰਾਪਤ ਹੋ ਸਕਦੀ। ਜਿੰਨੇ ਵੀ ਨਾਵਲਿਟ ਪੰਜਾਬੀ ਵਿਚ ਲਿਖੇ ਗਏ ਹਨ ਉਨ੍ਹਾਂ ਦੀ ਬਣਤਰ ਨੂੰ ਧਿਆਨ ਨਾਲ ਵਾਚੀਏ ਤਾਂ ਇਸ ਦੇ ਨਾਵਲ ਤੋਂ

ਵੱਖਰੇ ਕੁੱਝ ਲੱਛਣ ਪਕੜ ਵਿਚ ਆ ਸਕਦੇ ਹਨ। ਇਸ ਵਿਚ ਇਕ ਪਾਸੇ ਤਾਂ ਸਧਾਰਣ ਮਨੁੱਖ ਦੇ ਸੰਘਰਸ਼ ਦਾ ਬਿਰਤਾਂਤ ਉੱਸਰਦਾ ਹੈ ਅਤੇ ਦੂਜੇ ਪਾਸੇ ਉਸ ਦੇ ਭੌਤਿਕ ਕਾਰਜ ਦੇ ਵਸਤੂ-ਪ੍ਰਸੰਗ ਵਜੋਂ ਇਤਿਹਾਸਿਕ ਸਥਿਤੀਆਂ ਦਾ ਨਕਸ਼ਾ ਬਿਰਤਾਂਤਕ ਧਰਾਤਲ ਉੱਤੇ ਫੈਲਦਾ ਜਾਂਦਾ ਹੈ। ਇਸ ਦੇ ਮੁਕਾਬਲੇ ਨਾਵਲਿਟ ਵਿਚ ਬਿਰਤਾਂਤਕਾਰੀ ਦਾ ਬਹੁਤਾ ਜ਼ੋਰ ਪਾਤਰਾਂ ਦੇ ਕਾਰਜ, ਭਾਵਨਾਤਮਕ ਹੁੰਗਾਰੇ ਅਤੇ ਸੋਚ ਦੇ ਵੇਰਵਿਆਂ ਦੀ ਪੇਸ਼ਕਾਰੀ ਤੇ ਹੀ ਹੁੰਦਾ ਹੈ ਅਤੇ ਵਸਤੂ-ਪ੍ਰਸੰਗ ਜਾਂ ਤਾਂ ਬਹੁਤ ਸੀਮਿਤ ਆਕਾਰ ਵਿਚ ਪ੍ਰਗਟ ਹੁੰਦਾ ਹੈ ਤੇ ਜਾਂ ਫਿਰ ਪ੍ਰਤੀਕਾਤਮਕ ਤੇ ਸੰਕੇਤਕ ਪੱਧਰ ਤੇ ਹੀ ਹਾਜ਼ਰ ਹੋ ਸਕਦਾ ਹੈ। ਪੰਜਾਬੀ ਦੇ ਕਈ ਨਾਵਲਿਟਾਂ ਵਿਚ ਬਿਰਤਾਂਤ ਕੇਂਦਰੀ ਪਾਤਰ ਦੇ ਅਤਿ ਨੇੜੇ ਦੇ ਵੇਰਵਿਆਂ ਨੂੰ ਸਿਰਜਦਾ ਹੋਇਆ ਉਨ੍ਹਾਂ ਦੇ ਮਨੋ-ਭਾਵੁਕ ਹੁੰਗਾਰਿਆਂ ਦੀ ਪੇਸ਼ਕਾਰੀ ਤਕ ਸਿਮਟਿਆ ਰਹਿੰਦਾ ਹੈ। ਵਸਤੂ-ਪ੍ਰਸੰਗ ਦੀ ਨਾਮਾਲੂਮ ਹੋਂਦ ਕਾਰਣ ਅਜਿਹੀਆਂ ਰਚਨਾਵਾਂ ਜੀਵਨ ਦਾ ਜੋ ਬਿੰਬ ਘੜਦੀਆਂ ਹਨ, ਉਹ ਜ਼ਿੰਦਗੀ ਦੇ ਯਥਾਰਥ ਜਾਂ ਐਬਸਰਡਿਟੀ ਨੂੰ ਉਭਾਰਣ ਦੀ ਥਾਂ ਰੋਮਾਂਚ ਨੂੰ ਉਭਾਰਣ ਤੋਂ ਅੱਗੇ ਨਹੀਂ ਜਾ ਸਕਦੀਆਂ। ਨਾਵਲਿਟ ਦੇ ਬਿਰਤਾਂਤ ਵਿਚ ਪੇਸ਼ ਸਥਿਤੀ ਇਕਹਿਰੀ ਹੁੰਦੀ ਹੈ ਅਤੇ ਮੁੱਖ ਘਟਨਾ ਰਾਹੀਂ ਸਾਕਾਰ ਹੁੰਦੇ ਤਣਾਉ ਦਾ ਵਿਸਤਾਰ ਹੋਰ ਬਹਤ ਸਾਰੀਆਂ ਘਟਨਾਵਾਂ ਰਾਹੀਂ ਸਾਹਮਣੇ ਆਉਂਦਾ ਹੈ। ਇੰਝ ਇਸ ਵਿਚ ਨਿੱਕੀਆਂ ਨਿੱਕੀਆਂ ਕਈ ਘਟਨਾਵਾਂ ਦਾ ਬਿਰਤਾਂਤ ਉੱਸਰਦਾ ਹੈ। ਇਹ ਘਟਨਾਵਾਂ ਭਾਵੇਂ ਲੰਮੀ ਕਹਾਣੀ ਤੋਂ ਉਲਟ ਇਕ ਦੂਜੇ ਵਿਚੋਂ ਜਨਮ ਲੈਂਦੀਆਂ ਹਨ ਪਰ ਇਹ ਕੇਂਦਰੀ ਪਾਤਰ ਦੇ ਨੇੜ ਤੇੜੇ ਵਾਪਰਦੀਆਂ ਹਨ ਅਤੇ ਉਸ ਨਾਲ ਸਿੱਧੇ ਤੌਰ ਤੇ ਸੰਬੰਧਿਤ ਹੁੰਦੀਆਂ ਹਨ। ਨਾਵਲਿਟ ਵਿਚ ਘਟਨਾਵੀ ਬਿਰਤਾਂਤ ਕੇਂਦਰੀ ਪਾਤਰ ਤੋਂ ਦੂਰ ਇਤਿਹਾਸਕ ਪ੍ਰਕਿਰਿਆਵਾਂ ਦੀ ਪੇਸ਼ਕਾਰੀ ਤਕ ਨਹੀਂ ਪੱਸਰਦਾ, ਜਿਸ ਕਰਕੇ ਇਸ ਵਿਚ ਦੇ ਵਸਤੂ ਪ੍ਰਸੰਗ ਦੇ ਵੇਰਵੇ ਬਹੁਤੇ ਵਿਸਤ੍ਰਿਤ ਨਾ ਹੋ ਕੇ ਸੰਕੇਤਕ ਹੀ ਰਹਿੰਦੇ ਹਨ। ਇਸ ਨਾਲ ਜੋ ਬਿੰਬ ਉੱਸਰਦਾ ਹੈ ਉਹ ਕੇਂਦਰੀ ਪਾਤਰ ਨੂੰ ਆਮ ਨਾਲੋਂ ਸੰਵੇਦਨਸ਼ੀਲ ਤੇ ਵਡੇਰਾ ਬਣਾ ਦਿੰਦਾ ਹੈ ਪਰ ਹੋਰ ਪਾਤਰਾਂ ਦੇ ਕਾਰਜ, ਮਨੋ-ਵਿਹਾਰ ਅਤੇ ਸ਼ਖ਼ਸੀਅਤ ਦੇ ਘਟਨਾਵੀ ਪ੍ਰਸੰਗ ਦੀ ਗ਼ੈਰ-ਹਾਜ਼ਰੀ ਵਿਚ ਕੇਂਦਰੀ ਪਾਤਰ ਦੀ ਉਚੇਰੀ ਸਥਿਤੀ ਬਣੀ ਰਹਿੰਦੀ ਹੈ। ਇਸ ਨਾਲ ਭਾਵਨਾਤਮਕ ਟਕਰਾਓ ਵਾਲਾ ਬਿਰਤਾਂਤ ਤਾਂ ਉੱਸਰਦਾ ਹੈ ਕਾਰਜੀ-ਟਕਰਾਓ ਦੀ ਬਹੁਤੀ ਸੰਭਾਵਨਾ ਨਹੀਂ ਬਣਦੀ। ਇਨ੍ਹਾਂ ਕਾਰਣਾਂ ਕਰਕੇ ਘਟਨਾਵਾਂ ਦਾ ਏਨਾ ਵਿਸਤਾਰ ਵੀ ਸਾਹਮਣੇ ਨਹੀਂ ਆਉਂਦਾ ਕਿ ਜੀਵਨ-ਕਹੀਕਤਾਂ ਦਾ ਬਹੁ-ਪਾਸਾਰੀ ਚਿੱਤਰ ਅਤੇ ਡੂੰਘਾ ਬੋਧ ਪ੍ਰਾਪਤ ਹੋ ਸਕੇ। ਇੰਝ ਨਾਵਲਿਟ ਤੇਜ ਗਤੀ ਨਾਲ ਵਾਪਰੀਆਂ ਘਟਨਾਵਾਂ ਦੀ ਬਹੁਤਾਤ ਦੇ ਬਾਵਜੂਦ ਮੁਕਾਬਲਤਨ ਸੰਖੇਪ ਪਰ ਇਕਸੁਰੀ ਬਿਰਤਾਂਤਕ ਪ੍ਰਬੰਧ ਬਣ ਜਾਂਦਾ ਹੈ ਜਿਸ ਵਿਚ ਜ਼ਿੰਦਗੀ ਦੇ ਯਥਾਰਥਕ ਬੋਧ ਅਤੇ ਐਬਸਰਡਿਟੀ ਦੀ ਥਾਂ ਵਿਕਰਤ ਰੋਮਾਂਚ ਦੀ ਪ੍ਰਬਲ ਭਾਵਨਾ ਹੀ ਉਤਪੰਨ ਹੁੰਦੀ ਹੈ। ਸ਼ਾਇਦ ਇਹੀ ਕਾਰਣ ਹੈ ਕਿ ਕਿ ਇਕ ਅੰਗਰੇਜ਼ ਵਿਦਵਾਨ ਹੈਵਰਡ ਅਨੁਸਾਰ ਨਾਵਲਿਟ ਸਿਰਫ਼ ਆਕਾਰ ਵਿਚ ਹੀ ਛੋਟਾ ਨਹੀਂ ਹੁੰਦਾ ਸਗੋਂ ਉਪਭਾਵੁਕ ਅਤੇ ਸਨਸਨੀਖ਼ੇਜ਼ ਹੁੰਦਾ ਹੈ। ਇੱਥੇ ਨਾਵਲਿਟ ਬਾਰੇ ਇਹ ਗੱਲ ਜ਼ਰੂਰ ਕਰਨੀ ਬਣਦੀ ਹੈ ਕਿ ਨਿਸ਼ਚੇ ਹੀ ਨਾਵਲਿਟ ਦਾ ਪ੍ਰਕਾਰਜ ਨਾਵਲ ਨਾਲੋਂ ਵੱਖਰਾ ਹੈ ਪਰ ਇਹ ਨਿਰਪੇਖ ਤੌਰ ਤੇ ਨਿਗੂਣਾ ਨਹੀਂ ਹੈ। ਨਾਵਲਿਟ ਇਕ ਤਰ੍ਹਾਂ ਨਾਲ ਸਾਹਿਤ ਅਧਿਐਨ ਦੀ ਪਹਿਲੀ ਸਟੇਜ ਤੇ ਪਾਠਕ ਪੈਦਾ ਕਰਨ ਵਾਲੀ ਵਿਧਾ ਹੈ। ਇਹ ਪਾਠਕ ਨੂੰ ਪਹਿਲਾਂ ਪਹਿਲ ਆਪਣੇ ਰੋਮਾਂਚਕ ਜਗਤ ਵਲ ਆਕਰਸ਼ਿਤ ਕਰਦੀ ਹੈ ਅਤੇ ਉਸ ਵਿਚ ਬਿਰਤਾਂਤਕ ਰਚਨਾਵਾਂ ਪੜ੍ਹਨ ਦੀ ਰੁਚੀ ਜਗਾਉਂਦੀ ਹੈ। ਇਕ ਵਾਰ ਨਾਵਲਿਟ ਵਰਗੀਆਂ ਹਲਕੀਆਂ ਫੁਲਕੀਆਂ ਰਚਨਾਵਾਂ ਰਾਹੀਂ ਜਦੋਂ ਪਾਠਕ ਸਾਹਿਤ ਅਧਿਐਨ ਨਾਲ ਜੁੜ ਜਾਂਦਾ ਹੈ ਤਾਂ ਉਸ ਦੀ ਜਗਿਆਸਾ ਵਧਦੀ ਜਾਂਦੀ ਹੈ। ਇਸ ਦੀ ਪੂਰਤੀ ਲਈ ਫਿਰ ਉਹ ਨਾਵਲ ਅਤੇ ਹੋਰ ਦਾਰਸ਼ਿਨਕ ਗਹਿਰਾਈ ਵਾਲੀਆਂ ਰਚਨਾਵਾਂ ਵਲ ਮੁੜ ਜਾਂਦਾ ਹੈ। ਇੰਝ ਨਾਵਲਿਟ ਦਾ ਪ੍ਰਕਾਰਜ ਨਾਵਲ ਨਾਲੋਂ ਵੱਖਰਾ ਤਾਂ ਹੋ ਜਾਂਦਾ ਹੈ ਪਰ ਇਸ ਵਿਚ ਕਾਮਯਾਬ ਹੋਣ ਵਾਲੀ ਰਚਨਾ ਵੀ ਸੁੱਟ ਪਾਉਣ ਵਾਲੀ ਨਹੀਂ ਹੁੰਦੀ। ਸਾਹਿਤ ਖਤਰ ਵਿਚ ਉਸ ਦੀ ਆਪਣੀ ਸਾਰਥਕਤਾ ਹੁੰਦੀ ਹੈ। ਇਸ ਦੇ ਮੁਕਾਬਲੇ ਨਾਵਲਿਟ ਅਜਿਹਾ ਰੂਪਾਕਾਰ ਹੈ ਜਿਸ ਦੇ ਸਥਾਪਿਤ ਨਾ ਹੋਣ ਦਾ ਕਾਰਣ ਇਹ ਹੈ ਕਿ ਇਹ ਬਹੁਤ ਘੱਟ ਮਾਤਰਾ ਵਿਚ ਲਿਖਿਆ ਗਿਆ ਹੈ। ਜਾਂ ਘੱਟੋ ਘੱਟ ਅਜਿਹੀਆਂ ਰਚਨਾਵਾਂ ਘੱਟ ਪ੍ਰਕਾਸ਼ਿਤ ਹੋਈਆਂ ਹਨ ਜਿਨ੍ਹਾਂ ਨੂੰ ਨਾਵਲਿਟ ਕਿਹਾ ਗਿਆ ਹੋਵੇ। (ਭਾਵੇਂ ਨਾਵਲਿਟ ਦੀਆਂ ਉਪਲਬਧ ਪਰਿਭਾਸ਼ਾਵਾਂ ਦੇ ਨੁਕਤੇ ਤੋਂ ਵਿਚਾਰਿਆਂ ਬਹੁਤ ਸਾਰੀਆਂ ਨਾਵਲ ਦੇ ਤੌਰ ਛਪੀਆਂ ਤੇ ਲੋਕ-ਪ੍ਰਿਯ ਹੋਈਆਂ ਰਚਨਾਵਾਂ ਨਾਵਲਿਟ ਦੇ ਚੌਖਟੇ ਦੀਆਂ ਅਨੁਸਾਰੀ ਹੀ ਨਿੱਕਲ ਆਉਣਗੀਆਂ।

ਸ਼ਾਇਦ ਇਸ ਕਰਕੇ ਨਾਵਲਿਟ ਨੂੰ ਵਿਕੋਲਿੱਤਰੀਆਂ ਸਾਹਿਤਕ ਘਟਨਾਵਾਂ ਦੇ ਤੌਰ ਤੇ ਹੀ ਸਵੀਕਾਰ ਕੀਤਾ ਗਿਆ (ਜੋ ਕਿ ਪੰਜਾਬੀ ਪਤ੍ਰਿਕਾਵਾਂ ਦੀਆਂ ਫ਼ੌਰੀ ਲੋੜਾਂ ਦੀ ਪੂਰਤੀ ਦੇ ਯਤਨਾਂ ਵਿਚੋਂ ਉਪਜੀਆਂ ਨਾ ਕਿ ਇਕ ਗੰਭੀਰ ਨਿਰੰਤਰ ਵਰਤਾਰੇ ਦੇ ਤੌਰ ਤੇ ਜਿਸ ਨੂੰ ਪਰਿਭਾਸ਼ਾਬੱਧ ਕਰਨਾ ਸਾਹਿਤ ਆਲੋਚਕਾਂ ਤੇ ਸਿੱਧਾਂਤਕਾਰਾਂ ਨੂੰ ਜ਼ਰੂਰੀ ਹੈ।

**ਸਾਰ-ਅੰਸ਼:**

ਪੰਜਾਬੀ ਨਾਵਲਕਾਰੀ ਕਾਫ਼ੀ ਵਿਕਸਤ ਹੋ ਚੁੱਕੀ ਹੈ ਪਰ ਫਿਰ ਵੀ ਅਜੇ ਇਹ ਹਿੰਦੀ, ਮਰਾਠੀ, ਬੰਗਾਲੀ ਨਾਵਲਾਂ ਤੋਂ ਕਾਫ਼ੀ ਪਿੱਛੇ ਹੈ। ਵਿਦੇਸ਼ੀ ਨਾਵਲ ਤਾਂ ਪੰਜਾਬੀ ਨਾਵਲਾਂ ਤੋਂ ਕਈ ਕਦਮ ਅੱਗੇ ਹਨ। ਸਾਡੀ ਨਾਵਲਕਾਰੀ ਅਜਿਹੀ ਕਿਉਂ ਹੈ, ਇਸ ਦੇ ਕੁਝ ਕਾਰਨ ਹਨ। ਸਭ ਤੋਂ ਵੱਡਾ ਪ੍ਰਮੁੱਖ ਕਾਰਨ ਇਹ ਹੈ ਕਿ ਸਾਡੇ ਨਾਵਲਕਾਰਾਂ ਨੂੰ ਵੱਖ-ਵੱਖ ਵਿਗਿਆਨਾਂ (ਜਿਵੇਂ ਸਮਾਜ ਵਿਗਿਆਨ, ਆਰਥਿਕ ਵਿਗਿਆਨ, ਰਾਜਨੀਤੀ ਵਿਗਿਆਨ, ਸੱਭਿਆਚਾਰਕ ਵਿਗਿਆਨ, ਮਨੋਵਿਗਿਆਨ) ਦਾ ਭਰਪੂਰ ਤੇ ਵਸੀਹ ਗਿਆਨ-ਬੋਧ ਨਹੀਂ ਹੈ। ਕਿਸੇ ਸਮਾਜ ਦੀਆਂ ਇਹ ਪ੍ਰਮੁੱਖ ਸੰਰਚਨਾਵਾਂ ਹੁੰਦੀਆਂ ਹਨ, ਜੇ ਸਾਡੇ ਲੇਖਕਾਂ ਯਾਨੀ ਨਾਵਲਕਾਰਾਂ ਨੂੰ ਇਨ੍ਹਾਂ ਦਾ ਪਦਾਰਥਵਾਦੀ, ਤਾਰਕਿਕ, ਵਿਗਿਆਨਕ ਗਿਆਨ-ਬੋਧ ਹੀ ਨਹੀਂ ਤਾਂ ਉਹ ਕੋਈ ਸ਼ਾਹਕਾਰ ਰਚਨਾ ਲਿਖਣ ਤੋਂ ਅਸਮਰੱਥ ਰਹਿਣਗੇ। ਸੀਮਤ ਤੇ ਸਤਹੀ ਗਿਆਨ ਨਾਲ ਕੋਈ ਵੱਡ-ਸਮਰੱਥ ਰਚਨਾ ਨਹੀਂ ਸਿਰਜੀ ਜਾ ਸਕਦੀ। ਇਸ ਦਾ ਇਕ ਕਾਰਨ ਹੋਰ ਵੀ ਮਹਿਸੂਸ ਹੁੰਦਾ ਕਿ ਨਾਵਲਕਾਰ ਜਦੋਂ ਨਾਵਲ ਲਿਖਦਾ ਹੈ ਤਾਂ ਉਹ ਵਧੇਰੇ ਮਿਹਨਤ ਵੀ ਨਹੀਂ ਕਰਦਾ। ਹੁਤੇ ਨਾਵਲਕਾਰ ਮਹਿਜ਼ ਯਥਾਰਥ ਸਿਰਜਣ ਤਕ ਸੀਮਤ ਰਹਿੰਦੇ ਹਨ। ਉਹ ਨਵ-ਯਥਾਰਥ ਜਾਂ ਯਥਾਰਥ ਦੀਆਂ ਹੋਰ ਪਰਤਾਂ (ਪ੍ਰਸ਼ਨਾਤਮਕ, ਸੰਕੇਤਾਤਮਕ, ਵਿਅੰਗਾਤਮਕ, ਆਲੋਚਨਾਤਮਕ, ਦੁਖਾਂਤਕ, ਇਤਿਹਾਸਕ-ਮਿਥਿਹਾਸਕ ਇੱਛਤ ਯਥਾਰਥ, ਸਮਾਜਵਾਦੀ ਯਥਾਰਥ) ਰਾਹੀਂ ਸਥਿਤੀ-ਪ੍ਰਸਥਿਤੀ, ਘਟਨਾ ਨੂੰ ਪੇਸ਼ ਨਹੀਂ ਕਰ ਸਕੇ। ਕਲਾਗਤ-ਸੁਹਜਗਤ ਵਿਧੀਆਂ ਤੋਂ ਵੀ ਪੰਜਾਬੀ ਨਾਵਲਕਾਰ ਕੋਰੇ ਹਨ। ਉਹ ਪ੍ਰੰਪਰਾਗਤ ਸੁਹਜਗਤ-ਕਲਾਗਤ ਵਿਧੀਆਂ ਹੀ ਵਰਤੀ ਜਾ ਰਹੇ ਹਨ। ਪੰਜਾਬੀ ਨਾਵਲ 'ਚ ਵਿਸ਼ਾਗਤ ਦੁਹਰਾਉ ਵੀ ਮਿਲ ਰਿਹਾ ਹੈ। ਬਹੁਤੇ ਨਾਵਲ ਅਜੇ ਵੀ ਪਾਤਰ ਪ੍ਰਧਾਨ ਰਚੇ ਜਾ ਰਹੇ ਹਨ ਪਰ ਅਜਿਹਾ ਕੋਈ ਪ੍ਰਤੀਨਿਧ ਪਾਤਰ ਦ੍ਰਿਸ਼ਟੀਗੋਚਰ ਨਹੀਂ ਹੁੰਦਾ, ਜੋ ਨਾਵਲ ਦੀ ਜਿੰਦ-ਜਾਨ ਬਣਿਆ ਹੋਵੇ ਤੇ ਸਮਾਜ ਨੂੰ ਬਦਲਣ ਲਈ ਅਹਿਮ ਯੋਗਦਾਨ ਪਾ ਰਿਹਾ ਹੋਵੇ। ਕਈ ਨਾਵਲਕਾਰ ਆਪਣੇ ਨਾਵਲ ਦੇ ਆਕਾਰ ਨੂੰ ਬੇਲੋੜਾ ਵਿਸਥਾਰ ਦੇ ਕੇ ਉਸ ਦੀ ਪੜ੍ਹਨ ਯੋਗਤਾ ਹੀ ਖ਼ਤਮ ਕਰ ਦਿੰਦੇ ਹਨ। ਕਈ ਨਾਵਲਕਾਰ ਤਾਂ ਆਦਰਸ਼ਾਂ, ਕਲਪਨਾਵਾਂ ਤੇ ਭਰਾਂਤਕ ਸਥਿਤੀਆਂ ਉਸਾਰਨ 'ਚ ਉਲਝੇ ਰਹਿੰਦੇ ਹਨ। ਪੰਜਾਬੀ ਨਾਵਲਕਾਰਾਂ ਕੋਲ ਅਗਾਂਹਵਧੂ ਜੀਵਨ ਤੇ ਆਲਮੀ ਨਜ਼ਰੀਏ ਦੀ ਘਾਟ ਹੈ, ਜਿਸ ਤੋਂ ਬਿਨਾਂ ਵਧੀਆ ਨਾਵਲ ਸਿਰਜਣਾ ਮੁਸ਼ਕਲ ਕੰਮ ਹੈ।ਹੁਣ ਵੱਡੀ ਗਿਣਤੀ 'ਚ ਪੰਜਾਬੀ ਨਾਵਲ ਛਪ ਰਹੇ ਹਨ। ਨਵੇਂ ਤੋਂ ਨਵੇਂ ਨਾਵਲਕਾਰ ਜਨਮ ਰਹੇ ਹਨ। ਇਸ ਨੂੰ ਪੰਜਾਬੀ ਨਾਵਲਕਾਰੀ ਲਈ ਸ਼ੁੱਭ ਸ਼ਗਨ ਤੇ ਹਾਂ-ਪੱਖੀ ਰੁਝਾਨ ਕਹਿਣਾ ਉੱਚਿਤ ਹੈ। ਵੱਡੀ ਗਿਣਤੀ 'ਚ ਨਾਵਲ ਛਪਣਾ ਮਾੜੀ ਗੱਲ ਨਹੀਂ। ਇਸ ਨਾਲ ਨਾਵਲਕਾਰੀ ਦਾ ਖੇਤਰ ਮੋਕਲਾ ਹੁੰਦਾ ਹੈ। ਇਸ ਸੱਚ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਮਕਾਲੀ ਨਾਵਲਕਾਰੀ ਪੰਜਾਬੀ ਦੀਆਂ ਹੋਰ ਸਾਹਿਤਕ ਵਿਧਾਵਾਂ ਤੋਂ ਇਕ ਕਦਮ ਜ਼ਰੂਰ ਅੱਗੇ ਚੱਲ ਰਹੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਕਈ ਨਾਵਲਕਾਰਾਂ ਨੇ ਇਤਿਹਾਸ-ਮਿਥਿਹਾਸ ਦੇ ਵੱਖੋ-ਵੱਖ ਪਹਿਲੂਆਂ, ਪੱਖਾਂ ਤੇ ਘਟਨਾਵਾਂ ਨੂੰ ਨਾਵਲਾਂ 'ਚ ਲਿਆਂਦਾ ਹੈ। ਇਤਿਹਾਸਕ ਨਾਇਕਾਂ ਬਾਰੇ ਕਈ ਨਾਵਲ ਰਚੇ ਗਏ ਹਨ। ਬਲਦੇਵ ਸਿੰਘ ਸੜਕਨਾਮਾ, ਮਨਮੋਹਨ ਬਾਵਾ, ਜਸਵੀਰ ਮੰਡ, ਗੁਰਬਚਨ ਭੁੱਲਰ, ਹਰੀ ਸਿੰਘ ਢੁੱਡੀਕੇ, ਹਰਜੀਤ ਸਿੰਘ ਅਟਵਾਲ, ਮਹਿੰਦਰਪਾਲ ਧਾਲੀਵਾਲ, ਡਾ. ਮਨਮੋਹਨ, ਇੰਦਰ ਸਿੰਘ ਖ਼ਾਮੋਸ਼ ਆਦਿ ਨਾਵਲਕਾਰਾਂ ਨੇ ਪਿਛਲੇ ਕੁਝ ਸਾਲਾਂ 'ਚ ਇਤਿਹਾਸ-ਮਿਥਿਹਾਸ ਨਾਲ ਸਬੰਧਤ ਘਟਨਾਵਾਂ ਤੇ ਨਾਇਕਾਂ ਨੂੰ ਆਪਣੇ ਨਾਵਲਾਂ 'ਚ ਸਿਰਜਿਆ ਹੈ। ਇਨ੍ਹਾਂ ਨਾਵਲਾਂ ਦਾ ਹਾਂ-ਪੱਖੀ ਪਹਿਲੂ ਇਹ ਹੈ ਕਿ ਨਾਵਲਕਾਰਾਂ ਨੇ ਸ਼ਰਧਾਵੱਸ ਹੋ ਕੇ ਨਾਵਲ ਨਹੀਂ ਸਿਰਜੇ ਸਗੋਂ ਇਤਿਹਾਸ 'ਚ ਪ੍ਰਚਲਤ ਮਿੱਥਾਂ ਤੇ ਭਰਾਂਤੀਆਂ, ਤਰਕਹੀਣ ਤੇ ਗ਼ੈਰ ਵਿਗਿਆਨਕ ਪਹਿਲੂਆਂ ਨੂੰ ਕੋਈ ਜਗ੍ਹਾ ਨਹੀਂ ਦਿੱਤੀ। ਇਨ੍ਹਾਂ ਨਾਵਲਕਾਰਾਂ ਨੇ ਤਾਂ ਸਗੋਂ ਆਦਰਸ਼ਵਾਦ ਤੋਂ ਵੀ ਦੂਰੀ ਬਣਾਈ ਰੱਖੀ ਹੈ।

## ਮੁੱਖ/ਕੇਂਦਰੀ ਸ਼ਬਦ:

ਪ੍ਰਕਾਰਜ- ਕੰਮ

ਵਿਕੋਲਿੱਤਰੀਆਂ-ਵੱਖਰਾ ਵੱਖਰਾ

ਚੌਖਟਾ-ਸਰੂਪ

ਲੋਕ-ਪ੍ਰਿਯ- ਲੋਕ ਵਿਚ ਪ੍ਰਸਿੱਧ ਹੋਣ

## ਸਵੈ-ਮੁਲਾਂਕਣ:

**ਪ੍ਰ 1. ਡਾ. ਕੇਸਰ ਸਿੰਘ ਕੇਸਰ ਨਾਵਲ ਨੂੰ ਕਿਸ ਰੂਪ ਵਿਚ ਪਰਿਭਾਸ਼ਤ ਕਰਦਾ ਹੈ?**

ੳ.ਵਰਗ ਸੰਘਰਸ਼

ਅ.ਗਲਪੀ ਬਿੰਬ

ੲ.ਦੋਵੇ ਪੂਰਨ ਸਹੀ

ਸ.ਦੋਵੇ ਅੰਸ਼ਕ ਗਲਤ

**ਪ੍ਰ 2. ਹੇਠਾ ਲਿਖਿਆ ਵਿਚ ਲੰਮੇ ਨਾਵਲ ਦੀ ਪਛਾਣ ਕਰੋ:**

ੳ.ਪਰਤਾਪੀ

ਅ.ਕੋਠੇ ਖੜਕ ਸਿੰਘ

ੲ.ਮੜੀ ਦਾ ਦੀਵਾ

ਸ. ਚਿੱਟਾ ਲਹੂ

**ਪ੍ਰ 3. ਲਘੂ ਨਾਵਲ ਦਾ ਸਹੀ ਜੁੱਟ ਪਛਾਣੋ:**

ੳ.ਅੰਮ੍ਰਿਤਾ ਪ੍ਰੀਤਮ- ਪਿੰਜਰ

ਅ.ਨਾਨਕ ਸਿੰਘ – ਪਵਿਤਰ ਪਾਪੀ

ੲ.ਗੁਰਦਿਆਲ ਸਿੰਘ – ਪਰਸਾ

ਸ.ਬਲਦੇਵ ਸਿੰਘ - ਅਫਲਾਤੂ

**ਪ੍ਰ 4. ਯਥਾਰਥਵਾਦੀ ਨਾਵਲ ਦਾ ਆਰੰਭ ਕਿਸ ਪ੍ਰਭਾਵ ਅਧੀਨ ਹੋਇਆ?**

ੳ.ਸਰਮਾਏਦਾਰੀ ਯੁੱਗ ਅਧੀਨ

ਅ.ਪੂੰਜੀਵਾਦੀ ਪ੍ਰਭਾਵ ਅਧੀਨ

ੲ.ਦੋਵੇ ਪੂਰਨ ਸਹੀ

ਸ.ਦੋਵੇ ਅੰਸ਼ਕ ਗਲਤ

**ਪ੍ਰ 5.ਨਾਵਲਿਟ ਕਿਸ ਪੱਛਮੀ ਦੇਸ਼ ਵਿਚ ਵਧੇਰੇ ਮਕਬੂਲ ਰਿਹਾ ਹੈ?**

ੳ.ਜਰਮਨੀ

ਅ.ਇੰਗਲੈਂਡ

ੲ.ਦੋਵੇ ਪੂਰਨ ਸਹੀ

ਸ,ਦੋਵੇ ਅੰਸ਼ਕ ਗਲਤ

**ਪ੍ਰ 6.ਨਾਵਲ ਕਿਸ ਪ੍ਰਕਾਰ ਦੀ ਰਚਨਾ ਹੈ?**

ੳ.ਸੰਖੇਪ

ਅ.ਵਿਸਤ੍ਰਿਤ

ੲ.ਉਪਰੋਕਤ ਕੋਈ ਨਹੀ

**ਪ੍ਰ 7. ਔਰਤ ਮਨਫੀ ਮਰਦ ਨਾਵਲ ਕਿਸਦੀ ਰਚਨਾ ਹੈ?**

ੳ.ਰਸ਼ਪਿੰਦਰ ਰਿਸ਼ਮ

ਅ.ਸੁਰਿੰਦਰ ਨੀਰ

ੲ,ਬਲਦੇਵ ਸਿੰਘ

**ਪ੍ਰ 8. ਕਥਾ ਕਹੋ ਉਰਵਸ਼ੀ ਨੂੰ ਕਿਹੜਾ ਪੁਰਸਕਾਰ ਪ੍ਰਾਪਤ ਹੋਇਆ ਹੈ?**

ੳ. ਸਰਸਵਤੀ ਪੁਰਸਕਾਰ

ਅ. ਭਾਰਤੀ ਸਾਹਿਤ ਅਕਾਦਮੀ ਪੁਰਸਕਾਰ

**ਪ੍ਰ 9.ਪਰਸਾ ਨਾਵਲ ਨੂੰ ਕਿਹੜਾ ਪੁਰਸਕਾਰ ਪ੍ਰਾਪਤ ਹੋਇਆ ਹੈ?**

ੳ.ਗਿਆਨਪੀਠ ਪੁਰਸਕਾਰ

ਅ.ਸ਼੍ਰੋਮਣੀ ਪੁਰਸਕਾਰ

ੲ. ਉਪਰੋਕਤ ਕੋਈ ਨਹੀ

**ਪ੍ਰ 10. "ਮੋਟੇ ਤੌਰ ਤੇ ਨਾਵਲ 'ਵਾਰਤਕ ਵਿਚ ਲਿਖਿਆ ਹੋਇਆ ਲੰਮਾ ਬਿਰਤਾਂਤ' ਹੈ" ਇਹ ਧਾਰਨਾ ਕਿਸਦੀ ਹੈ?**

ੳ.ਡਾ.ਟੀ. ਆਰ ਵਿਨੋਦ

ਅ.ਡਾ. ਦਵੇਸ਼ਵਰ

ੲ.ਨਰਿੰਜਨ ਤਸਨੀਮ

**ਪ੍ਰ 11. ਇਹ ਹਮਾਰਾ ਜੀਵਣਾ ਕਿਸਦੀ ਰਚਨਾ ਹੈ?**

ੳ.ਦਲੀਪ ਕੌਰ ਟੀਵਾਣਾ

ਅ.ਅੰਮ੍ਰਿਤਾ ਪ੍ਰੀਤਮ

ੲ.ਦੇਵਿੰਦਰ ਕੌਰ

**ਪ੍ਰ12.ਪਰਵਾਸੀ ਸਾਹਿਤ ਵਿਚ ਲੰਮੇ ਨਾਵਲ ਲ਼ਿਖਣ ਵਾਲਾ ਲੇਖਕ ਪਛਾਣੋ।**

ੳ.ਸਵਰਨ ਚੰਦਨ

ਅ.ਨਦੀਮ ਪਰਮਾਰ

ੲ.ਉਪਰੋਕਤ ਦੋਵੇ

**ਪ੍ਰ13. ਸਾਊਥਹਾਲ ਨਾਵਲ ਕਿਸ ਖੇਤਰ ਦੇ ਜੀਵਨ ਦੀ ਪੇਸ਼ਕਾਰੀ ਕਰਦਾ ਹੈ?**

ੳ.ਇੰਗਲੈਂਡ

ਅ.ਭਾਰਤ

ੲ.ਅਮਰੀਕਾ

**ਪ੍ਰ.14. ਦੇਸ਼ ਵੰਡ ਨਾਲ ਸੰਬੰਧਿਤ ਨਾਵਲ ਦੀ ਪਛਾਣ ਕਰੋ?**

ੳ.ਤੂਤਾ ਵਾਲਾ ਖੂਹ

ਅ.ਦਿੱਲੀ

ੲ.ਉਜਾੜਾ

ਸ.ਉਪਰੋਕਤ ਸਾਰੇ

ਪ੍ਰ 15. **ਹੈਮਿੰਗਵੇ ਦੇ ਕਿਹੜਾ ਨਾਵਲ ਪੰਜਾਬੀ ਵਿਚ ਅਨੁਵਾਦ ਹੋਇਆ ਮਿਲਦਾ ਹੈ?**

ੳ.ਬੁੱਢਾ ਤੇ ਸਮੁੰਦਰ

ਅ.ਚੰਗਾ ਅਧਿਆਪਕ

ੲ.ਆਪਣੀ ਧਰਤੀ

## ਅਭਿਆਸ ਪ੍ਰਸ਼ਨ

1. **ਲੰਮੇ ਨਾਵਲ ਤੇ ਲਘੂ ਨਾਵਲ ਵਿਚ ਕੀ ਅੰਤਰ ਹੈ?**
2. **ਲੰਮੇ ਨਾਵਲ ਦੀ ਬਣਤਰ ਦੱਸੋ।**
3. **ਲਘੂ ਨਾਵਲ ਦੀ ਬਣਤਰ ਉਪਰ ਰੋਸ਼ਨੀ ਪਾਓ।**
4. **ਲੰਮੇ ਨਾਵਲ ਦੀਆਂ ਉਦਾਹਰਨ ਦਵੋ।**
5. **ਸਮਾਜਿਕ ਸਮੱਸਿਆਂ ਉਪਰ ਲਘੂ ਨਾਵਲ ਦੀ ਸਿਰਜਣਾ ਕਰੋ।**

## ਸੰਦਰਭ ਪੁਸਤਕਾਂ:


1. ਸੁਖਦੇਵ ਸਿੰਘ ਖਾਹਰਾ, ਨਾਵਲ ਅਤੇ ਸਾਂਸਕ੍ਰਿਤਕ ਚੇਤਨਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2016,
2. ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005,
3. ਜੋਗਿੰਦਰ ਸਿੰਘ ਰਾਹੀ, ਪੰਜਾਬੀ ਨਾਵਲ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2006,
4. ਟੀ ਆਰ ਵਿਨੋਦ, ਪੰਜਾਬੀ ਨਾਵਲ ਅਧਿਐਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ,
5. ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005,
6. ਸੁਰਜੀਤ ਸਿੰਘ, ਪੰਜਾਬੀ ਨਾਵਲ: ਦਿਸ਼ ਅਤੇ ਦ੍ਰਿਸ਼ਟੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012,


## ਮਹੱਤਵਪੂਰਨ ਲਿੰਕ

http://panjabialochana.com/

https://pa.warbletoncouncil.org/elementos-de-la-novela-7681

https://%E0%A8%A8%E0%A8%BE%E0%A8%B5%E0%A8%B2

https://www.punjabisahit.in/2020/07/novel%20da%20ithaas.html

**ਉੱਤਰਮਾਲਾ:**

| | | | | |
|---|---|---|---|---|
| 1 ੲ | 2. ਅ | 3. ੳ | 4. ੲ | 5. ਅ |
| 6 .ਅ | 7. ੳ | 8. ੳ | 9. ੳ | 10.ੳ |
| 11 ਅ | 12. ੲ | 13. ੳ | 14. ਸ | 15. ੳ |

# ਅਧਿਆਇ-8. ਨਾਟਕ ਦਾ ਆਰੰਭ, ਵਿਕਾਸ ਅਤੇ ਰੂਪ

*Harjot Kaur, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਨਾਟਕ ਦੇ ਸਿੱਧਾਂਤਕ ਸਰੂਪ ਨੂੰ ਸਮਝਣ ਦੇ ਕਾਬਲ ਹੋਣਗੇ
- ਨਾਟਕ ਦੀ ਸਿਰਜਣਾ ਵਿਚ ਤੱਤਾਂ ਦੀ ਮਹੱਤਤਾ ਤੋ ਜਾਣੂ ਹੋਣਗੇ
- ਸਮਾਜਿਕ, ਆਰਥਿਕ, ਰਾਜਨੀਤਿਕ ਆਦਿ ਸਮੱਸਿਆਵਾਂ ਸੰਬੰਧੀ ਨਾਟਕ ਸਿਰਜਣਾ ਦੇ ਕਾਬਲ ਹੋਣਗੇ
- ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਆ ਰਹੇ ਬਦਲਾਵ ਨੂੰ ਨਾਟਕ ਵਿਧਾ ਰਾਹੀ ਪਛਾਨਣ ਦੇ ਕਾਬਲ ਹੋਣਗੇ

**ਪ੍ਰਸਤਾਵਨਾ:** ਵਿਦਿਆਰਥੀਆਂ ਵਿਚ ਵਿਸ਼ਵੀਕਰਨ ਦੇ ਯੁੱਗ ਵਿਚ ਰਚਨਾਤਮਕ ਲੇਖਣ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਨਾਟਕ ਦਾ ਸਿੱਧਾਂਤ ਸਮਝਦੇ ਹੋਏ ਇਸਦੇ ਸਰੂਪ ਨੂੰ ਨਿਰਧਾਰਿਤ ਕੀਤਾ ਜਾਵੇਗਾ। ਇਸ ਰਾਹੀ ਵਿਦਿਆਰਥੀਆਂ ਨੂੰ ਨਾਟਕ ਦੀ ਵਿਧਾਂ ਦਾ ਸਿਧਾਂਤਕ ਸਰੂਪ ਸਮਝ ਆਵੇਂਗਾ ,ਜਿਸ ਰਾਹੀ ਉਹ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ।

## ਵਿਸ਼ਾ ਵਸਤੂ:

### ਨਾਟਕ ਦਾ ਆਰੰਭ:

ਨਾਟਕ ਸੰਸਕ੍ਰਿਤ ਸ਼ਬਦ 'ਨਾਟਯ' ਤੋਂ ਬਣਿਆ ਹੈ। 'ਨਾਟਯ' 'ਨਟ' ਅਤੇ 'ਨਾਟ' ਧਾਤੂਆਂ ਤੋਂ ਵਿਕਸਿਤ ਹੋਇਆ ਹੈ। ਪੱਛਮ ਵਿੱਚ ਨਾਟਕ ਕਲਾ ਦਾ ਵਿਕਾਸ ਯੂਨਾਨ ਦੇਸ਼ ਵਿੱਚ ਹੋਇਆ। ਅੰਗਰੇਜ਼ੀ ਵਿੱਚ ਨਾਟਕ ਲਈ 'ਡਰਾਮਾ' ਸ਼ਬਦ ਵਰਤਿਆ ਜਾਂਦਾ ਹੈ। 'ਡਰਾਮਾ' ਸ਼ਬਦ 'ਡਰਾਓ' ਤੋਂ ਨਿਕਲਿਆ ਹੈ, ਜਿਸਦਾ ਭਾਵ ਕਾਰਜ ਜਾਂ ਕਰਮ ਰਾਹੀਂ ਕੁਝ ਕਰ ਕੇ ਦਰਸਾਉਣਾ ਹੈ। ਇੱਕ ਹੋਰ ਧਾਰਨਾ ਅਨੁਸਾਰ 'ਡਰਾਮਾ' ਸ਼ਬਦ ਯੂਨਾਨੀ ਸ਼ਬਦ 'Dran' ਤੋਂ ਨਿਕਲਿਆ ਹੈ, ਜਿਸਦਾ ਅਰਥ 'To do' (inaction) ਹੈ। ਜੋ ਵੀ ਹੈ ਡਰਾਮੇ ਵਿੱਚ ਕਾਰਜ ਜਾਂ ਕਿਰਿਆ ਸ਼ਾਮਲ ਹੈ ਅਤੇ ਇਹ ਨ੍ਰਿਤ, ਨਕਲ ਅਤੇ ਸ੍ਵਾਂਗ ਤੋਂ ਸ੍ਰੇਸ਼ਠ ਸਾਹਿਤ ਰੂਪ ਹੈ। ਨਾਟਕਕਾਰ ਮੌਲਿਕ ਲੇਖਕ ਦੇ ਨਾਲ-ਨਾਲ ਕਰਾਫ਼ਟਮੈਨ ਵੀ ਹੈ। ਇਸੇ ਲਈ ਅੰਗਰੇਜ਼ੀ ਵਿੱਚ ਨਾਟਕਕਾਰ ਲਈ 'ਪਲੇਰਾਈਟ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਭਾਵ 'ਨਾਟਕ ਘੜਨ ਵਾਲਾ' ਦੇ ਹਨ। ਅੰਗਰੇਜ਼ੀ ਵਿੱਚ 'ਡਰਾਮਾ' ਦੇ ਬਰਾਬਰ ਦਾ ਇੱਕ ਸ਼ਬਦ 'ਪਲੇ' (play) ਹੈ, ਜੋ ਭਾਰਤੀ ਸ਼ਬਦ 'ਰੂਪਕ' ਨਾਲ ਮਿਲਦਾ ਹੈ। 'ਡਰਾਮੇ' ਅਤੇ 'ਪਲੇ' ਵਿੱਚ ਸੂਖਮ ਅੰਤਰ ਹੈ।

## ਪਰਿਭਾਸ਼ਾ:

### ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ

> 'ਨਟ' ਸ਼ਬਦ ਦਾ ਅਰਥ ਨੱਚਣਾ, ਹੇਠਾਂ ਡਿਗਣਾ, ਭਾਵ ਦਿਖਾਉਣਾ, ਕੰਬਣਾ, ਸਰਕਣਾ ਅਤੇ ਨਾਟਕ ਦੇਖਣ ਵਾਲਾ ਦੱਸੇ ਹਨ। 'ਨਾਟਯ' ਸ਼ਬਦ ਤੋਂ ਭਾਵ ਨਾਟਕ ਜਾਂ ਸ੍ਵਾਂਗ ਵੀ ਮੰਨੇ ਗਏ ਹਨ।

### ਡਾ.ਅਤਰ ਸਿੰਘ ਦੀ ਧਾਰਣਾ ਅਨੁਸਾਰ,

> "ਨਾਟਕ ਇਕ ਸਮੂਹਿਕ ਕਲਾ ਹੈ, ਇਸਦੀ ਸਮਾਜਿਕ ਸਾਰਥਿਕਤਾ ਬਾਕੀ ਸਾਹਿਤਕ ਕਲਾ-ਅੰਗਾਂ ਨਾਲੋਂ ਵਧੇਰੇ ਹੈ ਤੇ ਇਸਦਾ ਪ੍ਰਭਾਂਵ ਵਧੇਰੇ ਡੂੰਘਾ ਤੇ ਵਿਸ਼ਾਲ ਖੇਤਰ ਵਿਚ ਮਾਰ ਕਰਨ ਵਾਲਾ ਹੁੰਦਾ ਹੈ।"

ਪੰਜਾਬੀ ਨਾਟਕ ਦੇ ਜਨਮ ਤੇ ਵਿਕਾਸ ਅੰਗਰੇਜ਼ਾਂ ਦੀ ਆਮਦ ਨਾਲ ਪੱਛਮੀ ਸਾਹਿਤ ਅਤੇ ਚਿੰਤਨ ਦੇ ਪ੍ਰਭਾਵ ਅਧੀਨ ਹੋਇਆ। ਵਰਤਮਾਨ ਸਮੇਂ ਪੰਜਾਬੀ ਨਾਟਕ ਦਾ ਖੇਤਰ ਭਾਰਤੀ ਪੰਜਾਬ ਹੀ ਨਹੀਂ ਸਗੋਂ ਭਾਰਤ ਤੋਂ ਬਾਹਰ ਜਿਥੇ ਜਿਥੇ ਪੰਜਾਬੀ ਵੱਸਦੇ ਹਨ, ਉੱਥੇ-ਉੱਥੇ ਆਪਣੀ ਹੋਂਦ ਦੀ ਗੁਆਹੀ ਭਰ ਚੁੱਕਾ ਹੈ। 19 ਵੀਂ ਸਦੀ ਦੇ ਅੰਤਿਮ ਦਹਾਕਿਆ ਵਿਚ ਪੱਛਮੀ ਪ੍ਰਭਾਵ ਕਰਕੇ ਨਾਟਕ ਦੀ ਚੇਤਨਾ ਵਿਕਸਤ ਹੋਈ। ਜਿਸਨੇ ਪੰਜਾਬੀ ਨਾਟਕ ਦੇ ਵਿਕਾਸ ਦਾ ਰਾਹ ਪੱਧਰਾ ਕੀਤਾ। ਆਈ.ਸੀ.ਨੰਦਾ.ਦੁਆਰਾ ਨੋਰਾ ਰਿਚਰਡਜ਼ ਦੀ ਅਗਵਾਈ ਹੇਠ ਖੇਡਿਆ ਗਿਆ ਨਾਟਕ ਦੁਲਹਨ ਪੰਜਾਬੀ ਨਾਟਕ ਦਾ ਆਰੰਭ ਬਣਿਆ। 20 ਵੀਂ ਸਦੀ ਦੇ ਆਰੰਭ ਵਿਚ ਭਾਈ ਵੀਰ ਸਿੰਘ ਤੇ ਬਾਵਾ ਬੁੱਧ ਸਿੰਘ ਦੁਆਰਾ ਲਿਖੇ ਨਾਟਕਾਂ ਵਿਚ ਵਿਚ ਵਿਰੋਧ ਦੇਖਣ ਨੂੰ ਮਿਲਦਾ ਹੈ। 1913 ਤੋ ਬਾਅਦ ਲਾਹੌਰ ਵਿਚ ਥੀਏਟਰ ਉਸਾਰਨ ਦਾ ਸਿਲਸਲੇ ਵਾਰ ਯਤਨ ਆਰੰਭ ਹੁੰਦਾ ਹੈ। 20 ਵੀਂ ਸਦੀ ਦੇ ਅੰਤ ਵਿਚ ਨਾਟਕ ਵਿਚਾਰਧਾਰਕ ਦ੍ਰਿਸ਼ਟੀ ਤੋਂ ਸ਼ਹਿਰੀ ਮੱਧਵਰਗੀ ਪਹੁੰਚ ਦੀ ਜਕੜ 'ਚੋਂ ਨਿਕਲ ਕੇ ਕਿਸਾਨੀ ਵਿਸ਼ੇ ਤੇ ਦ੍ਰਿਸ਼ਟੀ ਨੂੰ ਉਭਾਰਨ ਦਾ ਯਤਨ ਕਰਦਾ ਹੈ। 60 ਸਾਲਾਂ ਦੇ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਪੰਜਾਬੀ ਨਾਟਕ ਦਾ ਜੋ ਸਰੂਪ ਵਿਕਸਤ ਹੋਇਆ ਹੈ, ਉਸ ਵਿਚ ਰੰਗਮੰਚ ਦੀਆਂ ਸੰਭਾਵਨਾਵਾਂ ਬਣੀਆਂ ਰਹੀਆਂ। 1947 ਦੀ ਵੰਡ ਨਾਲ ਪੰਜਾਬੀ ਨਟਕ ਦੀ ਸਿਰਜਣਾ ਦਾ ਇਹ ਸਿਲਸਿਲਾ ਰੁੱਕਿਆ ਨਹੀਂ ਸਗੋਂ ਵੱਡੀਆਂ ਚਨੌਤੀਆਂ ਦਾ ਮੁਕਾਬਲਾ ਕਰਨ ਤੇ ਨਵੇਂ ਰਾਹ ਲੱਭਣ ਲਈ ਯਤਨਸ਼ੀਲ ਰਿਹਾ।ਨਾਟਕ ਇੱਕ ਮਿਸ਼ਰਿਤ ਕਲਾ ਹੈ। ਇਸ ਦੀ ਸਿਰਜਣਾ ਵਿੱਚ ਗੀਤ, ਕਾਵਿ ਆਦਿ ਅੰਸ਼ਾਂ ਤੋਂ ਬਿਨਾਂ ਨਾਟਕਕਾਰ, ਐਕਟਰ, ਸੂਤਰਧਾਰ, ਨਿਰਮਾਤਾ, ਪ੍ਰਬੰਧਕ ਅਤੇ ਦਰਸ਼ਕ ਯੋਗਦਾਨ ਪਾਉਂਦੇ ਹਨ। ਇਸ ਨੂੰ ਗਿਆਨ ਦਾ ਸੋਮਾ ਮੰਨਦਿਆਂ ਭਰਤਮੁਨੀ ਨੇ ਨਾਟਯ ਸ਼ਾਸਤ੍ਰ ਦੀ ਰਚਨਾ ਕੀਤੀ ਅਤੇ ਨਾਟਕ ਨੂੰ 'ਪੰਚਮ ਵੇਦ' ਹੋਣ ਦਾ ਗੌਰਵ ਬਖ਼ਸ਼ਿਆ। ਨਾਟਕ ਮਨੁੱਖੀ ਸੁਭਾਅ ਦੀ ਨਕਲ ਹੈ, ਉਸ ਦੇ ਅੰਦਰਲੇ ਸੰਘਰਸ਼ ਦੀ ਕਹਾਣੀ ਹੈ, ਜੋ ਮੰਚ ਉੱਤੇ ਪੇਸ਼ ਕੀਤੀ ਜਾਂਦੀ ਹੈ। ਮੰਚਨ ਨਾਲ ਇਹ ਕਹਾਣੀ ਏਨੀ ਸ਼ਕਤੀਸ਼ਾਲੀ ਹੋ ਜਾਂਦੀ ਹੈ ਕਿ ਸਾਰੇ ਮਾਨਵ ਸਮਾਜ ਨੂੰ ਪ੍ਰਭਾਵਿਤ ਕਰ ਸਕਦੀ ਹੈ। ਨਾਟਕ ਮਨੋਰੰਜਨ ਦੇ ਮਾਧਿਅਮ ਦੇ ਨਾਲ-ਨਾਲ ਕਿਸੇ ਸਾਰਥਕ ਉਦੇਸ਼ ਦੀ ਧਾਰਨੀ ਵੀ ਹੈ।ਅਜੋਕੇ ਸਮੇਂ ਵਿੱਚ ਰੰਗ-ਮੰਚ ਵਿੱਚ ਬਹੁਭਾਂਤੀ ਵਿਕਾਸ ਆਉਣ ਕਾਰਨ ਨਾਟ-ਲਿਖਤ ਵਿੱਚ ਵਿਵਿਧਤਾ ਆਈ ਹੈ। ਰੇਡੀਓ, ਫ਼ਿਲਮ ਅਤੇ ਟੀ.ਵੀ. ਦੀ ਆਮਦ ਨਾਲ ਨਾਟ ਲਿਖਤ ਤੇ ਵਿਆਪਕ ਪ੍ਰਭਾਵ ਪਿਆ ਹੈ। ਇਸ ਨਾਲ ਨਾਟਕ ਆਪਣੇ ਪਰੰਪਰਿਕ ਰੂਪ ਬਦਲ ਕੇ ਨਵੇਂ ਰੂਪ ਅਖ਼ਤਿਆਰ ਕਰ ਰਿਹਾ ਹੈ। ਪਹਿਲਾਂ ਕੇਵਲ ਪੂਰੇ ਨਾਟਕ ਅਤੇ ਇਕਾਂਗੀ ਹੀ ਰਚੇ ਤੇ ਖੇਡੇ ਜਾਂਦੇ ਸਨ ਪਰੰਤੂ ਹੁਣ ਰੰਗ-ਮੰਚ ਵਿੱਚ ਰੋਸ਼ਨੀਆਂ ਦੀ ਵਰਤੋਂ ਅਤੇ ਪਿੱਠ- ਵਰਤੀ ਅਵਾਜ਼ਾਂ ਵਰਗੇ ਸਾਧਨਾਂ ਦੀ ਆਮਦ ਨਾਲ ਮੰਚ ਪੱਖ ਵੀ ਬਦਲ ਗਿਆ ਹੈ। ਨਤੀਜੇ ਵਜੋਂ ਕਾਵਿ- ਨਾਟਕ, ਲਘੂ-ਨਾਟਕ, ਨੁਕੜ-ਨਾਟਕ, ਬਾਲ- ਨਾਟਕ, ਸੰਗੀਤ- ਨਾਟਕ, ਨ੍ਰਿਤ-ਨਾਟਕ, ਕੋਰਿਓਗਰਾਫ਼ੀ, ਇੱਕ ਪਾਤਰੀ ਨਾਟਕ ਅਤੇ ਅਬੋਲ ਨਾਟਕ (Mime) ਆਦਿ ਨਾਟਕੀ ਸਰੂਪ ਉੱਘੜ ਕੇ ਸਾਮ੍ਹਣੇ ਆਏ ਹਨ। ਵਿਸ਼ਵ ਨਾਟ- ਸ਼ੈਲੀਆਂ ਨੇ ਇਹਨਾਂ ਤੇ ਵਿਆਪਕ ਪ੍ਰਭਾਵ ਵੀ ਪਾਇਆ ਹੈ। ਵਿਸ਼ਵੀਕਰਨ ਅਤੇ ਕੰਪਿਊਟਰੀਕਰਨ ਕਾਰਨ ਵੀ ਨਾਟਕ ਦੀ ਵਿਧਾ ਵਿੱਚ ਇਨਕਲਾਬੀ ਪਰਿਵਰਤਨ ਆਇਆ ਹੈ। ਇਸ ਸਾਰੀ ਰੱਦੋ-ਬਦਲ ਨੇ ਵਿਚਾਰ, ਪ੍ਰਕਾਰ ਅਤੇ ਸੰਚਾਰ ਦੀ ਦ੍ਰਿਸ਼ਟੀ ਤੋਂ ਨਾਟਕ ਦੇ ਨਵੇਂ ਪ੍ਰਤਿਮਾਨ ਸਿਰਜੇ ਹਨ।

## ਨਾਟਕਾਰ: ਪਹਿਲਾ ਪੜਾਅ

| | |
|---|---|
| 1.ਭਾਈ ਵੀਰ ਸਿੰਘ | ਰਾਜਾ ਲੱਖਦਾਤਾ |

| | |
|---|---|
| 2.ਗਿਆਨੀ ਦਿਤ ਸਿੰਘ | ਸੁਪਨ ਨਾਟਕ |
| 3.ਬਾਵਾ ਬੁੱਧ ਸਿੰਘ | ਚੰਦਰ ਹਰੀ |
| 4.ਲਾਲਾ ਕਿਰਪਾ ਸਾਗਰ | ਮਹਾਰਾਜਾ ਰਣਜੀਤ ਸਿੰਘ |
| 5.ਬ੍ਰਿਜ਼ ਲਾਲ ਸ਼ਾਸਤਰੀ | ਪੂਰਨ ਨਾਟਕ |

**ਦੂਸਰਾ ਪੜਾਅ:**

| | |
|---|---|
| 1. ਆਰੀ.ਸੀ.ਨੰਦਾ | ਸੁਭੱਦਰਾ, ਵਰਘਰ |
| 2.ਜੋਸ਼ੂਆਂ ਫਜਲਦੀਂ | ਪਿੰਡ ਦੇ ਵੈਰੀ |
| 3.ਗੁਰਬਖਸ਼ ਸਿੰਘ ਪ੍ਰੀਤਲੜੀ | ਪ੍ਰੀਤ ਮੁਕਟ, ਕੋਧਰੇ ਦੀ ਰੋਟੀ |
| 4.ਡਾ,ਹਰਚਰਨ ਸਿੰਘ | ਕਮਲਾ ਕੁਮਾਰੀ, ਅਨਜੋੜ |
| 5.ਸੰਤ ਸਿੰਘ ਸੇਖੋਂ | ਕਲਾਕਾਰ, ਬਾਬ ਬੋਹੜ |
| 6.ਬਲਵੰਤ ਗਾਰਗੀ | ਲੋਹਾ ਕੁੱਟ, ਕਣਕ ਦੀ ਬੱਲੀ |
| 7.ਕਰਤਾਰ ਸਿੰਘ ਦੁੱਗਲ | ਮਿੱਠਾ ਪਾਣੀ |
| 8.ਡਾ.ਰੋਸ਼ਨ ਲਾਲ ਆਹੂਜਾ | ਕਲਿੰਗਾ ਦਾ ਦੁਖਾਂਤ |

**ਤੀਸਰਾ ਪੜਾਅ:**

| | |
|---|---|
| 1.ਕਪੂਰ ਸਿੰਘ ਘੁੰਮਣ | ਜ਼ਿੰਦਗੀ ਤੋਂ ਦੂਰ |
| 2.ਡਾ.ਸੁਰਜੀਤ ਸਿੰਘ ਸੇਠੀ | ਕਿੰਗ ਮਿਰਜ਼ਾ ਤੇ ਸਪੇਰਾ |
| 3.ਗੁਰਚਰਨ ਸਿੰਘ ਜਸੂਜਾ | ਪਾਰਸ ਦੀ ਛੂਹ |
| 4.ਹਰਸ਼ਰਨ ਸਿੰਘ | ਅਪਰਾਧੀ |

**ਚੌਥਾਂ ਪੜਾਅ:**

| | |
|---|---|
| 1.ਅਜ਼ਮੇਰ ਔਲਖ | ਬਗਾਨੇ ਬੋਹੜ ਦੀ ਛਾਂ |
| 2.ਆਤਮਜੀਤ | ਰਿਸ਼ਤਿਆਂ ਦਾ ਕੀ ਰੱਖੀਏ ਨਾਂ |
| 3.ਗੁਰਸ਼ਰਨ ਸਿੰਘ | ਧਮਕ ਨਗਾਰੇ ਦੀ |
| 4.ਚਰਨ ਦਾਸ ਸਿੱਧੂ | ਬਾਬਾ ਬੰਤੂ |

**ਪੰਜਵਾਂ ਪੜਾਅ:**

| | |
|---|---|
| 1.ਅਮਰਜੀਤ ਗਰੇਵਾਲ | ਚੂਹੇ ਦੌੜ |
| 2.ਸ਼ਤੀਸ ਕੁਮਾਰ ਵਰਮਾ | ਮਸਲਾ ਪੰਜਾਬ ਦਾ |
| 3.ਵਰਿਆਮ ਮਸਤ | ਨਾਟਕ ਬਾਕੀ ਹੈ |
| 4. ਟੋਨੀ ਬਾਤਸ਼ | ਕੁਦਰਤ ਦੇ ਸਭ ਬੰਦੇ |
| 5.ਦਵਿੰਦਰ ਦਮਨ | ਛਿਪਣ ਤੋਂ ਪਹਿਲਾ |
| 6.ਪਾਲੀ ਭੁਪਿੰਦਰ | ਮੈਂ ਭਗਤ ਸਿੰਘ |

## ਨਾਟਕ ਦੇ ਲੱਛਣ: -

1. ਨਾਟਕ ਨਿਰਾ ਦ੍ਰਿਸ਼ ਨਹੀਂ

2. ਨਾਟਕ ਦਾ ਮੂਲ ਆਧਾਰ ਜੀਵਨ

3. ਨਾਟਕ ਜੀਵਨ ਦਾ ਪ੍ਰਤੀਬਿੰਬ ਹੈ

4. ਟੱਕਰ, ਗੁੰਝਲ ਨਾਟਕ ਲਈ ਜਰੂਰੀ

## ਨਾਟਕ ਰੂਪ:

**ੳ) ਪੂਰਾ ਨਾਟਕ:** ਇਸ ਵਿਚ ਘਟਨਾਵਾਂ ਸਿਰਜੀਆਂ ਜਾਂਦੀਆਂ ਹਨ ਜਿਹਨਾਂ ਦੀ ਦ੍ਰਿਸ਼ਗਤ ਵਰਗ ਵੰਡ ਕਰਕੇ ਅਭਿਨੇਤਾਵਾਂ ਦੁਆਰਾ ਰੰਗਮੰਚ ਉੱਪਰ ਅੰਕਾ ਵਿਚ ਪੂਰਾ ਨਾਟਕ ਪੇਸ਼ ਕੀਤਾ ਜਾਂਦਾ ਹੈ।

**ਅ) ਕਾਵਿ ਨਾਟਕ:** ਨਾਟਕ ਦੇ ਵਾਰਤਾਲਾਪ ਕਵਿਤਾ ਦੇ ਰੂਪ ਵਿਚ ਹੁੰਦੇ ਹਨ। ਕਾਵਿ ਨਾਟਕ ਵਿਚ ਨਾਟਕਕਾਰ ਦੇ ਸੰਚਾਰ ਦੇ ਅਰਥ ਡੂੰਘੇ ਅਤੇ ਪ੍ਰਭਾਵਸ਼ਾਲੀ ਹੁੰਦੇ ਹਨ ਜੋ ਪਾਠਕਾਂ ਅਤੇ ਦਰਸ਼ਕਾਂ ਨੂੰ ਆਪਣੀ ਮਨ ਬਚਨੀ ਤੇ ਯਥਾਰਥ ਦੇ ਨਾਲ-ਨਾਲ ਕਲਪਨਾ ਪਰਦਾਨ ਹੁੰਦੀ ਹੈ।

**ੲ) ਸੰਗੀਤ ਨਾਟਕ:** ਇਸ ਤੋਂ ਭਾਵ ਨਾਟਕ ਵਿਚ ਪਾਤਰਾਂ ਦਾ ਆਪਸੀ ਸੰਵਾਦ ਗੀਤ ਗਾ ਕੇ ਕਰਦੇ ਹਨ। ਗੀਤ ਨਾਟਕ ਖੇਡਣ ਲਈ ਪਾਤਰ ਜਾਂ ਅਭਿਨੇਤਾ ਨਾਟਕੀ ਵਾਤਾਵਰਣ ਦੇ ਅਨੁਕੂਲ ਹੋਣੇ ਚਾਹੀਦੇ ਹਨ ਕਿਉਂਕਿ ਅਭਿਨੈ ਗੀਤ ਦੀ ਧੁਨੀ ਤੇ ਹੀ ਕੀਤਾ ਜਾਂਦਾ ਹੈ।

**ਸ) ਪ੍ਰਛਾਵਾਂ ਨਾਟਕ:** ਇਸ ਵਿਚ ਮੰਚ ਤੇ ਚਿੱਟਾ ਪਰਦਾ ਕੀਤਾ ਜਾਂਦਾ ਹੈ। ਇਸ ਪਰਦੇ ਦੇ ਪਿਛੇ ਅਭਿਨੇਤਾ ਅਭਿਨੈ ਕਰਦੇ ਹਨ ਅਤੇ ਉਹਨਾਂ ਦਾ ਪ੍ਰਛਾਵਾਂ ਚਿੱਟੇ ਪਰਦੇ ਤੇ ਅਭਿਨੈ ਕਰਦਾ ਹੋਇਆ ਦਰਸ਼ਕਾ ਨੂੰ ਦਿਖਾਈ ਦਿੰਦਾ ਹੈ।

**ਹ) ਰੇਡੀਓ ਨਾਟਕ:** ਰੇਡੀਓ ਨਾਟਕ ਸਾਹਿਤ ਦੀ ਅਜਿਹੀ ਕਲਾ ਹੈ ਜਿਸ ਨੂੰ ਕੇਵਲ ਸੁਣਿਆ ਹੀ ਜਾ ਸਕਦਾ ਹੈ ਅਤੇ ਰੰਗਮੰਚ ਦੀ ਅਣਹੋਂਦ ਹੁੰਦੀ ਹੈ। ਰੇਡੀਓ ਨਾਟਕ ਵਿਚ ਧੁਨੀ ਦੇ ਪ੍ਰਭਾਵ ਅਧੀਨ ਦਰਸ਼ਕਾਂ ਨੂੰ ਕੀਲ ਲਿਆ ਜਾਂਦਾ ਹੈ। ਅਭਿਨੇਤਾ ਦੀ ਆਵਾਜ਼ ਵਿਚ ਰਸ, ਲੈਅ, ਤਾਲ ਅਤੇ ਭਾਵ ਭਰਪੂਰ ਹੋਣੇ ਚਾਹੀਦੇ ਹਨ ਜੋ ਵਿਅਕਤੀ ਦੇ ਮਨ ਤੇ ਆਪਣੀ ਗਹਿਰੀ ਛਾਪ ਛੱਡ ਜਾਣ ਤੇ ਸੁਣਨ ਵਾਲੇ ਵਿਅਕਤੀ ਨੂੰ ਮਨੋਰੰਜਨ ਦੇ ਨਾਲ-ਨਾਲ ਸੁਹਜ ਸੁਆਦ ਦੀ ਪ੍ਰਾਪਤੀ ਹੋਵੇ।

**ਕ) ਲਘੂ ਨਾਟਕ:** ਲਘੂ ਨਾਟਕ ਅਕਾਰ ਦੇ ਵਿੱਚ ਛੋਟਾ ਹੁੰਦਾ ਹੈ ਪਰ ਇਸ ਨੂੰ ਇੱਕ ਤੋਂ ਵੱਧ ਦ੍ਰਿਸ਼ ਝਾਕੀਆ ਵਿੱਚ ਪੇਸ਼ ਕੀਤਾਂ ਜਾ ਸਕਦਾ ਹੈ। ਇਤਿਹਾਸਿਕ, ਮਿਥਿਹਸਿਕ ਸਮਾਜਿਕ ਘਟਨਾਵਾਂ ਨੂੰ ਚੁਣ ਕੇ ਪਾਤਰਾਂ ਦੇ ਅਭਿਨੈ ਦੁਆਰਾ ਰੰਗਮੰਚ ਤੇ ਪੇਸ਼ ਕੀਤਾ ਜਾਂਦਾ ਹੈ।

**ਖ) ਟੀ. ਵੀ ਨਾਟਕ:** ਟੀ. ਵੀ ਨਾਟਕ ਨਾਟਕ ਸਾਹਿਤ ਦੀ ਅਜਿਹੀ ਵੰਨਗੀ ਹੈ ਜਿਸ ਵਿਚ ਪਾਤਰਾਂ ਦੇ ਅਭਿਨੈ ਨੂੰ ਪਹਿਲਾ ਸਟੂਡੀਓ ਜਾ ਸਟੂਡੀਓ ਤੋਂ ਬਾਹਰ ਸ਼ੂਟ ਕੀਤਾ ਜਾਂਦਾ ਹੈ ਤੇ ਬਾਅਦ ਵਿਚ ਇਸ ਨੂੰ ਵਿਉਂਤ ਅਨੁਸਾਰ ਜੋੜ ਕੇ ਟੀ.ਵੀ ਸਕਰੀਨ ਤੇ ਪੇਸ਼ ਕੀਤਾ ਜਾਂਦਾ ਹੈ।

**ਗ) ਇਕ ਪਾਤਰੀ ਨਾਟਕ**: ਇਕ ਹੀ ਪਾਤਰ ਦੁਆਰਾ ਸਟੇਕ ਉੱਪਰ ਆ ਕੇ ਕਹਾਣੀ ਨੂੰ ਪਾਤਰਾਂ ਦੇ ਅਨੁਸਾਰ ਆਵਾਜ਼ ਬਦਲ-ਬਦਲ ਕੇ ਫ਼ਲੈਸ਼ ਬੈਕ ਵਿਧੀ ਰਾਹੀਂ ਪੇਸ਼ ਕੀਤਾ ਜਾਂਦਾ ਹੈ।

**ਘ) ਮੂਕ ਨਾਟਕ:** ਵਿਧਾ ਰਾਹੀਂ ਅਭਿਨੇਤਾ ਮੂਕ ਅਭਿਨੈ ਪ੍ਰਸਤੁਤ ਕਰਦੇ ਹਨ। ਮੂਕ ਨਾਟਕ ਵਿਚ ਸੰਗੀਤ ਪ੍ਰਧਾਨ ਹੁੰਦਾ ਹੈ। ਸਟੇਜ ਦੇ ਪਿੱਛੇ ਸੰਗੀਤ ਚਲਦਾ ਹੈ ਅਤੇ ਸੰਗੀਤ ਦੀ ਧੁਨਾਂ ਤੇ ਮੂਕ ਅਭਿਨੈ ਕੀਤਾ ਜਾਂਦਾ ਹੈ।

**ਸਾਰ-ਅੰਸ਼:** ਸਮਕਾਲੀ ਸਾਹਿਤ ਦਾ ਰੁਝਾਨ ਇਤਿਹਾਸਕ ਅਤੇ ਮਿਥਿਹਾਸਕ ਤੱਤਾਂ ਦਾ ਰਾਜਨੀਤਕ ਅਵਚੇਤਨ ਦੀ ਪ੍ਰਤੱਖਣ ਦ੍ਰਿਸ਼ਟੀ ਨਾਲ ਜਾਇਜ਼ਾ ਲੈਣ ਵਾਲਾ ਹੈ। ਇਸ ਦ੍ਰਿਸ਼ਟੀ ਨਾਲ ਸੰਗਠਤ ਹੋਣ ਵਾਲੀ ਵਿਚਾਰਧਾਰਕ ਸੁਰ ਨੂੰ ਅਗੋਂ ਸਾਹਿਤਕ ਟੈਕਸਟ ਰਾਹੀਂ ਪ੍ਰਸਤੁਤ ਕੀਤਾ ਜਾਂਦਾ ਹੈ। ਯਥਾਰਥ ਵਿਚ ਜੋ ਅਣਸੁਲਝੇ ਸਮਾਜਕ-ਸਭਿਆਚਾਰਕ ਤਨਾਓ ਭਾਰੂ ਵਿਚਾਰਧਾਰਾ ਜਾਂ ਭਾਰੂ ਸਮਾਜ-ਸਭਿਅਚਾਰ ਦੀ ਬਣਤਰ ਹੇਠ ਦੱਬੇ ਜਾਂਦੇ ਹਨ ਸਾਹਿਤ ਟੈਕਸਟ ਉਨ੍ਹਾਂ ਅਵਚੇਤਨ ਵਿਚ ਦੱਬੇ ਪਏ ਤਨਾਓ ਤੇ ਸੰਘਰਸ਼ਾਂ ਨੂੰ ਪੇਸ਼ ਵੀ ਕਰਦਾ ਹੈ ਅਤੇ ਨਾਲ ਹੀ ਉਸਦਾ ਸਾਹਿਤਕ ਹੱਲ ਦੇਣ ਦਾ ਉਪਰਾਲਾ ਵੀ ਕਰਦਾ ਹੈ। ਅਜਿਹਾ ਉਪਰਾਲਾ ਅਗੋਂ ਵੱਡੀ ਪੱਧਰ ‘ਤੇ ਸਮਾਜ ਵਿਚ ਸੰਘਰਸ਼ ਕਰ ਰਹੇ ਵਰਗਾਂ ਦੀ ਵਿਚਾਰਧਾਰਕ ਸੁਰ ਦਾ ਸੰਕੇਤ ਵੀ ਬਣ ਜਾਂਦਾ ਹੈ। ਇਸ ਦੀ ਬੁਨਿਆਦ ਵਿਚ ਇਨ੍ਹਾਂ ਸਮਾਜਕ ਵਰਗਾਂ ਦਾ ਰਾਜਨੀਤਕ ਅਵਚੇਤਨ ਕਾਰਜਸ਼ੀਲ ਹੁੰਦਾ ਹੈ ਜੋ ਸਮਾਜਕ-ਸਭਿਆਚਾਰਕ ਇਤਿਹਾਸ ਵਿਚ ਆਪਣੀ ਥਾਂ ਦੀ ਤਲਾਸ਼ ਕਰਨ ਅਤੇ ਨਿਰਧਾਰਿਤ ਕਰਨ ਦਾ ਜਤਨ ਕਰਦੇ ਹਨ। ਅਜੋਕੇ ਸਮੇਂ ਵਿਚ ਜੋ ਪੰਜਾਬੀ ਨਾਟਕ ਸਾਡੇ ਸਾਹਮਣੇ ਆ ਰਿਹਾ ਹੈ ਉਸ ਵਿਚ ਅਜਿਹੀ ਚੇਤਨਾ ਵਾਲੇ ਨਾਟਕਾਂ ਦੀ ਸੁਰ ਪ੍ਰਧਾਨ ਪ੍ਰਤੀਤ ਹੁੰਦੀ ਹੈ। ਭਾਵੇਂ ਕਿ ਉਨ੍ਹਾਂ ਵਿਚ ਕੋਈ ਸਿੱਧਾ ਰਾਜਨੀਤਕ ਸੰਵਾਦ ਨਾਂ ਵੀ ਨਜ਼ਰ ਆਵੇ ਪਰ ਫਿਰ ਵੀ ਉਨ੍ਹਾਂ ਦੇ ਅਵਚੇਤਨ ਵਿਚ ਇਹ ਨਵੀਆਂ ਚਿੰਤਨਦ੍ਰਿਸ਼ਟੀਆਂ ਕਾਰਜਸ਼ੀਲ ਰਹਿੰਦੀਆਂ ਹਨ।ਪੰਜਾਬੀ ਸਾਹਿਤ ਦਾ ਜੋ ਦੌਰ ਪ੍ਰਗਤੀਵਾਦੀ ਚਿੰਤਨ ਦੇ ਅਸਰ ਹੇਠ ਵਿਕਸਤ ਹੋਇਆ ਸੀ ਉਸੇ ਦੇ ਵਿਕਾਸ ਦੀ ਅਵਸਥਾ ਵਿਚ ਪੰਜਾਬੀ ਨਾਟਕਕਾਰਾਂ ਨੇ ਮਾਰਕਸਵਾਦੀ ਵਿਚਾਰਧਾਰਾ ਅਧੀਨ ਉਭਰੇ ਰਾਜਨੀਤਕ ਅਵਚੇਤਨ ਦੇ ਵਿਚਾਰ ਨੂੰ ਵੀ ਅਨੁਭਵ ਕੀਤਾ ਹੈ । ਸਮਾਜਕ-ਸਭਿਆਚਾਰਕ ਸਮੱਸਿਆਵਾਂ ਨੂੰ ਵੇਖਣ ਦੀ ਸਮਝ ਵਿਚ ਵਿਕਾਸ ਆਉਣ ਨਾਲ ਨਾਟਕਕਾਰਾਂ ਨੇ ਵੀ ਭਾਰਤੀ ਇਤਿਹਾਸ-ਮਿਥਿਹਾਸ ਨੂੰ ਪੁਨਰ ਪਰਿਭਾਸ਼ਿਤ ਕਰਨ ਦਾ ਅਮਲ ਸ਼ੁਰੂ ਕੀਤਾ। ਇਤਿਹਾਸਕਾਰੀ ਵਿਚ ਤਾਂ ਨਵੀਆਂ ਅਧਿਐਨ ਵਿਧੀਆਂ ਨੇ ਸਮਾਜ-ਸਭਿਆਚਾਰ ਦੀ ਬਣਤਰ ਵਿਚ ਪਈਆਂ ਅਨੇਕਾਂ ਪਰਤਾਂ ਨੂੰ ਫਰੋਲਿਆ ਹੀ ਤੇ ਨਾਲ ਹੀ ਅਜਿਹੀ ਨਵ-ਇਤਿਹਾਸਵਾਦੀ ਚੇਤਨਾ ਨੇ ਪੰਜਾਬੀ ਸਾਹਿਤਕਾਰੀ ਨੂੰ ਵੀ ਪ੍ਰਭਾਵਿਤ ਕੀਤਾ। ਸਾਹਿਤ ਵਿਚ ਚਲ ਰਹੇ ਪ੍ਰਗਤੀਵਾਦੀ ਚਿੰਤਨ ਰਾਹੀਂ ਹੀ ਦੂਜੀਆਂ ਪੱਛਮੀ ਚਿੰਤਨ-ਦ੍ਰਿਸ਼ਟੀਆਂ ਵੀ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰ ਰਹੀਆਂ ਹਨ।ਆਧੁਨਿਕ ਪੰਜਾਬੀ ਨਾਟਕ ਨੂੰ ਹੋਂਦ ਵਿਚ ਆਇਆਂ ਕਰੀਬ ਇਕ ਸਦੀ ਦਾ ਸਮਾਂ ਬੀਤ ਚੁੱਕਾ ਹੈ ਤੇ ਇਸਨੇ ਇਸ ਸਮੇਂ ਦੌਰਾਨ ਨਿਰੰਤਰ ਵਿਕਾਸ ਦਾ ਰਾਹ ਤੈਅ ਕੀਤਾ ਹੈ। ਵਿਸ਼ੇ-ਵਸਤੂ ਪੱਖੋਂ ਪੰਜਾਬੀ ਨਾਟਕ ਨੇ ਵਧੇਰੇ ਵਿਕਾਸ ਕੀਤਾ ਹੈ ਬੇਸ਼ਕ ਪੇਸ਼ਕਾਰੀ ਦੇ ਲਿਹਾਜ ਨਾਲੋਂ ਇਸ ਖੇਤਰ ਵਿਚ ਵਧੇਰੇ ਗੁੰਜਾਇਸ਼ ਵੀ ਸੀ। ਗਿਆਨਚਿੰਤਨ ਦੇ ਖੇਤਰ ਵਿਚ ਚਲ ਰਹੀਆਂ ਤਬਦੀਲੀਆਂ ਦਾ ਅਸਰ ਸਾਹਿਤ ਵਿਚ ਵੀ ਨਾਲੋ ਨਾਲ ਦੇਖਣ ਨੂੰ ਮਿਲਦਾ ਰਿਹਾ ਹੈ। ਪੰਜਾਬੀ ਨਾਟਕ ਨੇ ਵੀ ਪਿਛਲੇ ਦੋ ਕੁ ਦਹਾਕਿਆਂ ਵਿਚ ਸਮਾਜਕ-ਸਭਿਆਚਾਰਕ ਚੌਗਿਰਦੇ ਨੂੰ ਵੱਖਰੇ ਨਜ਼ਰੀਏ ਤੋਂ ਗ੍ਰਹਿਣ ਕਰਨ ਅਤੇ ਪੇਸ਼ ਕਰਨ ਦਾ ਜਤਨ ਕੀਤਾ ਹੈ। ਪਹਿਲਾਂ ਪਹਿਲ ਪੰਜਾਬੀ ਨਾਟਕ ਦਾ ਸਰੋਕਾਰ ਪੰਜਾਬ ਦੀਆਂ ਸਮਾਜਕ ਕੁਰੀਤੀਆਂ ਜਿਵੇਂ ਬਾਲ-ਵਿਵਾਹ, ਵਿਧਵਾ-ਵਿਆਹ, ਨਸ਼ਾਖੋਰੀ, ਭ੍ਰਿਸ਼ਟਾਚਾਰ ਆਦਿ ਨਾਲ ਤਾਂ ਰਿਹਾ ਹੀ ਹੈ ਸਗੋਂ ਨਾਟਕ ਦੇ ਵਿਕਾਸ ਨਾਲ ਇਸਨੇ ਮਾਨਵੀ ਰਿਸ਼ਤਿਆਂ ਦੀਆਂ ਗਹਿਰਾਈਆਂ ਵਿਚ ਝਾਕਣ ਦਾ ਜਤਨ ਵੀ ਕੀਤਾ ਹੈ। ਇਸ ਤਰ੍ਹਾਂ ਪੰਜਾਬੀ ਨਾਟਕ ਸਿਰਜਣਾ ਅਤੇ ਆਲੋਚਨਾ ਦਾ ਖੇਤਰ ਵੀ ਸਮਾਜਕ ਸਮੱਸਿਆ ਦੀ ਨਿਰੋਲ ਪੇਸ਼ਕਾਰੀ ਤੋਂ ਵਿਕਸਤ ਹੋਕੇ ਮਨੋਵਿਗਿਆਨਕ ਵਿਸ਼ਲੇਸ਼ਣ ਵਾਲੀਆਂ ਵਿਧੀਆਂ ਦੀ ਆਮਦ ਨਾਲ ਵਧੇਰੇ ਪਰਪੱਕ ਹੋਇਆ ਹੈ।

**ਮੁੱਖ/ਕੇਂਦਰੀ ਸ਼ਬਦ:**

ਬਹੁਭਾਂਤੀ- ਵਿਭਿੰਨਤਾ

ਰੰਗਮੰਚ-ਸਟੇਜ

ਅਭਿਨੈ-ਅਦਾਕਾਰੀ

ਝਾਕੀਆਂ-ਭਾਗ/ਦ੍ਰਿਸ਼

ਸਵੈ-ਮੁਲਾਂਕਣ:

**ਪ੍ਰ1.ਪੰਜਾਬੀ ਦਾ ਨਿਰੋਲ ਪਹਿਲਾ ਨਾਟਕ ਕਿਹੜਾ ਹੈ?**

ੳ.ਤੱਤੀ ਤਵੀ ਦਾ ਸੱਚ

ਅ.ਦੁਲਹਨ

ੲ.ਮੈਂ ਭਗਤ ਸਿੰਘ

ਸ.ਉਪਰੋਕਤ ਕੋਈ ਨਹੀ

**ਪ੍ਰ.2ਪੰਜਾਬੀ ਵਿਚ ਨਾਟਕ ਦਾ ਆਰੰਭ ਕਿਸਦੇ ਪ੍ਰਭਾਵ ਅਧੀਨ ਹੋਇਆ ਹੈ?**

ੳ.ਆਈ.ਸੀ.ਨੰਦਾ

ਅ.ਨੋਰਾ ਰਿਚਰਡਜ

ੲ.ਬਲਵੰਤ ਗਾਰਗੀ

ਸ.ਹਰਚਰਨ ਸਿੰਘ

**ਪ੍ਰ 3.ਪੰਜਾਬੀ ਵਿਚ ਪਹਿਲਾ ਨਾਟਕ ਕਿਸਨੇ ਖੇਡਿਆ ਸੀ?**

ੳ.ਸੰਤ ਸਿੰਘ ਸੇਖੋ

ਅ.ਆਈ.ਸੀ.ਨੰਦਾ

ੲ.ਆਤਮਜੀਤ

ਸ.ਪਾਲੀ ਭੁਪਿੰਦਰ

**ਪ੍ਰ 4.ਨਾਟਕ ਦੇ ਇਤਿਹਾਸਕ ਪੜਾਅ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾਂਦਾ ਹੈ?**

ੳ.ਤਿੰਨ

ਅ.ਪੰਜ

ੲ.ਚਾਰ

ਸ.ਸੱਤ

ਪ੍ਰ **5.ਕੀ ਨਾਟਕ ਲੋਕ ਨਾਟ ਤੋ ਵਿਕਸਤ ਹੋਇਆ ਰੂਪ ਹੈ?**

ੳ.ਸਹੀ

ਅ.ਗਲਤ

**ਪ੍ਰ 6. ਸੰਗੀਤ ਨਾਟਕ ਤੋ ਕੀ ਭਾਵ ਹੈ?**

ੳ.ਸੰਵਾਦ ਨੂੰ ਗਾ ਕੇ ਪੇਸ਼ ਕਰਨਾ

ਅ.ਵਾਰਤਾਲਾਪ ਨੂੰ ਗਾ ਕੇ ਪੇਸ਼ ਕਰਨਾ

ੲ.ਉਪਰੋਕਤ ਸਾਰੇ

**ਪ੍ਰ 7.ਟੀ.ਵੀ ਨਾਟਕ ਦੀ ਪੇਸ਼ਕਾਰੀ ਕਿੱਥੇ ਹੁੰਦੀ ਹੈ?**

ੳ.ਰੰਗਮੰਚ ਉਪਰ

ਅ.ਸਕਰੀਨ ਉਪਰ

**ਪ੍ਰ 8. ਮੂਕ ਨਾਟਕ ਵਿਚ ਕੀ ਪ੍ਰਧਾਨ ਹੁੰਦਾ ਹੈ?**

ੳ.ਸਟੇਜ਼ ਪਿਛੇ ਸੰਗੀਤ ਸੁਣਾਇਆ ਜਾਂਦਾ

ਅ.ਇਹ ਬਿਨਾ ਵਾਰਤਾਲਾਪ ਤੋ ਅਭਿਨੈ ਕੀਤਾ ਜਾਂਦਾ

ੲ.ਦੋਵੇ ਪੂਰਨ ਸਹੀ

ਸ,ਦੋਵੇ ਪੂਰਨ ਗਲਤ

**ਪ੍ਰ 9. ਰੇਡਿਓ ਨਾਟਕ ਦੀ ਵੱਖਰਤਾ ਕੀ ਹੈ?**

ੳ.ਇਹ ਰੇਡਿਓ ਸੇਟਸ਼ਨ ਤੇ ਖੇਡਿਆ ਜਾਂਦਾ

ਅ,ਇਹ ਰੇਡਿਓ ਤੋ ਸੁਣਿਆ ਜਾਂਦਾ ਹੈ

**ਪ੍ਰ 10. ਲੂਣਾ ਕਿਹੜੀ ਨਾਟਕ ਵੰਨਗੀ ਹੈ?**

ੳ.ਲੋਕ ਨਾਟਕ

ਅ.ਕਾਵਿ ਨਾਟਕ

ੲ.ਲਘੂ ਨਾਟਕ

**ਪ੍ਰ11. ਇਕ ਪਾਤਰੀ ਨਾਟਕ ਕਿੰਨੇ ਪਾਤਰ ਹੁੰਦੇ ਹਨ?**

ੳ.ਇਕ ਪਾਤਰ ਹੀ ਸਭ ਪਾਤਰਾ ਦੀ ਭੂਮਿਕਾ ਨਿਭਾਉਦਾ

ਅ.ਵੱਖ ਵੱਖ ਪਾਤਰ ਇਕ ਪਾਤਰ ਦੀ ਭੂਮਿਕਾ ਨਿਭਾਉਦੇ

**ਪ੍ਰ 12. ਲਘੂ ਨਾਟਕ ਦਾ ਰੂਪ ਕਿਸ ਪ੍ਰਕਾਰ ਦਾ ਹੁੰਦਾ ਹੈ?**

ੳ.ਸੀਮਤ

ਅ.ਸੰਖੇਪ

ੲ.ਉਪਰੋਕਤ ਦੋਵੇ ਸਹੀ

ਸ.ਉਪਰੋਕਤ ਦੋਵੇ ਗਲਤ

**ਪ੍ਰ 13. ਪੂਰਾ ਨਾਟਕ ਦਾ ਘੇਰਾ ਕਿਸ ਪ੍ਰਕਾਰ ਦਾ ਹੁੰਦਾ ਹੈ?**

ੳ.ਬਹੁਤ ਸਾਰੇ ਅੰਕ/ਭਾਗ ਹੁੰਦੇ

ਅ.ਵਿਸਤ੍ਰਿਤ ਰੂਪ

ੲ,ਉਪਰੋਕਤ ਸਾਰੇ

**ਪ੍ਰ 14.ਨਾਟਕ ਦੇ ਮੁੱਖ ਲੱਛਣ ਕਿਹੜੇ ਹਨ?**

ੳ.ਗੁੰਝਲ

ਅ.ਟੱਕਰ

ੲ. ਉਪਰੋਕਤ ਸਾਰੇ

**ਪ੍ਰ 15. ਸਿਰਜਣਾ ਨਾਟਕ ਦਾ ਰਚੇਤਾ ਕੋਣ ਹੈ?**

ੳ.ਬਲਵੰਤ ਗਾਰਗੀ

ਅ.ਪਾਲੀ ਭੁਪਿੰਦਰ

ੲ.ਸ਼ਤੀਸ਼ ਵਰਮਾ

**ਅਭਿਆਸ ਪ੍ਰਸ਼ਨ**

1. ਨਾਟਕ ਦਾ ਅਰਥ ਦੱਸੋ।
2. ਪੰਜਾਬੀ ਵਿਚ ਨਾਟਕ ਲਿਖਣ ਦਾ ਆਰੰਭ ਕਦੋਂ ਹੋਇਆਂ?
3. ਨਾਟਕ ਦੀ ਵੰਡ ਕਿੰਨੇ ਪ੍ਰਕਾਰ ਦੀ ਹੁੰਦੀ ਹੈ?
4. ਨਾਟਕ ਦਾ ਕਥਾਨਕ ਕਿਵੇ ਦਾ ਹੁੰਦਾ ਹੈ?
5. ਇਕ ਵਧੀਆਂ ਨਾਟਕ ਦੀ ਸਿਰਜਣਾ ਸਮੇਂ ਕਿਹੜੇ ਤੱਤਾਂ ਨੂੰ ਆਧਾਰ ਬਣਾਉਣਾ ਚਾਹੀਦਾ ਹੈ।
6. ਵਿਸ਼ਵੀਕਰਨ ਨਾਲ ਆ ਰਹੇ ਬਦਲਾਵ ਸੰਬੰਧੀ ਨਾਟਕ ਦੀ ਸਿਰਜਣਾ ਕਰੋ ।

ਸੰਦਰਭ ਪੁਸਤਕਾਂ:

1. ਤਿਆਗੀ, ਮੋਹਨ (ਸੰਪ.) ਸੰਵਾਦ ਦਰ ਸੰਵਾਦ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006
2. ਧਰਮ ਸਿੰਘ, ਪੰਜਾਬੀ ਖੋਜ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2004
3. ਪਲੈਖਾਨੋਵ, ਜੀ.ਵੀ., ਕਲਾ ਤੇ ਸਮਾਜਕ ਜੀਵਨ (ਅਨੁ.) ਹਰਿਭਜਨ ਸਿੰਘ, ਨਵਯੁਗ ਪਬਲਿਸ਼ਰਜ਼, ਦਿੱਲੀ, 1979
4. ਫੁੱਲ, ਗੁਰਦਿਆਲ ਸਿੰਘ, ਪੰਜਾਬੀ ਨਾਟਕ ਸਰੂਪ, ਸਿੱਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998
5. ਭਾਟੀਆ, ਹਰਿਭਜਨ ਸਿੰਘ, ਪੰਜਾਬੀ ਆਲੋਚਨਾ: ਸਿੱਧਾਂਤ ਤੇ ਵਿਹਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988
6. ਜੱਗੀ, ਰਤਨ ਸਿੰਘ, ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, ਪੰਜਾਬੀ ਯੂਨੀਵਰਸਿਟੀ, ਅੰਮ੍ਰਿਤਸਰ, 1989

ਮਹੱਤਵਪੂਰਨ ਲਿੰਕ

http://panjabialochana.com/

http://panjabialochana.com/%E0%A8%86%E0%A8%A7%E0%A9%81%E0%A8%A8%E0%A8%BF%E0%A8%95_%E0%A8%B8%E0%A8%BE%E0%A8%B9%E0%A8%BF%E0%A8%A4/%E0%A8%A8%E0%A8%BE%E0%A8%9F%E0%A8%95_%E0%A8%A4%E0%A9%87_%E0%A8%B0%E0%A9%B0%E0%A8%97%E0%A8%AE%E0%A9%B0%E0%A8%9A

http://panjabialochana.com/yahoo_site_admin1/assets/docs/Samkali_Punjabi_Natak_Rajneetak_Avchetan_Ravinder_Singh.6511610.pdf

**ਉੱਤਰਮਾਲਾ:**

| | | | | |
|---|---|---|---|---|
| **1. ਅ** | **2. ੳ** | **3. ਅ** | **4. ੲ** | **5.ੳ** |

| | | | | |
|---|---|---|---|---|
| 6 ੲ | 7. ਅ | 8. ੲ | 9. ਅ | 10.ਅ |
| 11 ੳ | 12. ੲ | 13. ੲ | 14. ੲ | 15. ਅ |

# ਅਧਿਆਇ-9: ਨਾਟਕ ਅਤੇ ਲਘੂ ਨਾਟਕ ਦਾ ਸਿੱਧਾਂਤ ਅਤੇ ਸਿਰਜਣਾ

*Harjot Kaur, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਲਘੂ ਨਾਟਕ ਦੇ ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਨਾਟਕ ਸਿਰਜਣਾ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਨਾਟਕ ਸਿਰਜਣਾ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਨਾਟਕ ਤੇ ਲਘੂ ਨਾਟਕ ਵਿਚ ਅੰਤਰ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਵਿਦਿਆਰਥੀਆਂ ਵਿਚ ਵਿਸ਼ਵੀਕਰਨ ਦੇ ਯੁੱਗ ਵਿਚ ਰਚਨਾਤਮਕ ਲੇਖਣ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਨਾਟਕ ਅਤੇ ਇਕਾਂਗੀ ਦਾ ਰਚਨਾਤਮਕ ਲੇਖਣ ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੇ ਸਰੂਪ ਨੂੰ ਨਿਰਧਾਰਿਤ ਕੀਤਾ ਜਾਵੇਗਾ। ਨਾਟਕ ਅਤੇ ਇਕਾਂਗੀ ਦੇ ਰਚਨਾਤਮਕ ਲੇਖਣ ਰਾਹੀ ਵਿਦਿਆਰਥੀਆਂ ਨੂੰ ਸਾਹਿਤ ਦੀ ਹਰ ਦ੍ਰਿਸ਼ ਵਿਧਾਂ ਬਾਰੇ ਸਿਧਾਂਤਕ ਸਰੂਪ ਸਮਝ ਆਵੇਂਗਾ, ਜਿਸ ਰਾਹੀ ਉਹ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ।

## ਵਿਸ਼ਾ ਵਸਤੂ:

## <u>ਨਾਟਕ ਦੇ ਤੱਤ:</u>

### ੳ) ਪਲਾਟ:

ਨਾਟਕ ਦ੍ਰਿਸ਼ ਕਲਾ ਹੈ ਇਸ ਲਈ ਨਾਟਕ ਦੀ ਸਿਰਜਣਾ ਸਮੇਂ ਮੁੱਖ ਕਥਾ/ਵਿਸ਼ਾ/ਕਥਾਨਕ ਨੂੰ ਹੀ ਅਧਾਰ ਬਣਾਉਣਾ ਚਾਹੀਦਾ ਹੈ। ਕਥਾਨਕ ਵਿਚ ਕਥਾ 2 ਪ੍ਰਕਾਰ ਦਾ ਹੁੰਦੀ ਹੈ:

**1. ਮੁੱਖ ਕਥਾ          2. ਗੌਣ ਕਥਾ**

## <u>ਨਾਟਕ ਦੇ ਪਲਾਟ ਦੀਆਂ ਪ੍ਰਮੁੱਖ 6 ਅਵਸਥਾਵਾਂ ਮੰਨੀਆਂ ਗਈਆਂ ਹਨ:</u>

| | |
|---|---|
| 1.ਪ੍ਰਸਤਾਵਨਾ | ਕਾਰਜ ਦੀ ਰੂਪ ਰੇਖਾ |
| 2.ਪ੍ਰਾਰੰਭਕ ਘਟਨਾ | ਕਥਾ ਦਾ ਆਰੰਭ |
| 3.ਵਿਕਾਸ | ਪ੍ਰਾਰੰਭਕ ਘਟਨਾ ਦਾ ਵਿਕਾਸ |
| 4.ਸਿਖ਼ਰ | ਪੂਰਨ ਵਿਕਾਸ ਤੇ ਸੰਘਰਸ਼ ਬਾਅਦ ਨਾਟਕ ਸਿਖ਼ਰ ਉਪਰ ਜਾਂਦਾ |
| 5. ਉਤਾਰ | ਇਕ ਪੱਖ ਦੀ ਜਿੱਤ ਤੋ ਬਾਅਦ ਨਿਸ਼ਕਰਸ਼ ਨੇੜੇ ਆਉਣ ਕਰਕੇ ਉਤਾਰ ਆਉਦਾ |
| 6.ਸਮਾਪਤੀ | ਇਹ ਅੰਤ ਸੁਖਾਂਤਕ ਅਤੇ ਦੁਖਾਂਤਕ ਵੀ ਹੋ ਸਕਦਾ ਹੈ |

### ਅ) ਪਾਤਰ ਚਿਤਰਨ:

ਨਾਟਕ ਵਿਚ ਘਟਨਾਵਾਂ ਦੇ ਅਨੁਸਾਰ ਪਾਤਰਾ ਦਾ ਪ੍ਰਵੇਸ਼ ਹੁੰਦਾ ਹੈ। ਨਾਇਕ, ਨਾਇਕਾ, ਵਿਰੋਧੀ ਪਾਤਰ ਆਦਿ।ਰੰਗਮੰਚ ਉਪਰ ਪਾਤਰ ਚਿਤਰਨ 2 ਪ੍ਰਕਾਰ ਨਾਲ ਹੁੰਦਾ ਹੈ:

1. ਵਾਰਤਾਲਾਪ ਰਾਹੀਂ          2.ਮਨੋਬਚਨੀ ਰਾਹੀਂ

### ੲ) ਵਾਰਤਾਲਾਪ:

ਵਾਰਤਾਲਾਪ ਉਪਰ ਹੀ ਨਾਟਕ ਦੀ ਸਫਲਤਾ ਨਿਰਭਰ ਕਰਦੀ ਹੈ। ਵਧੀਆਂ ਨਾਟਕ ਦੀ ਸਿਰਜਣਾ ਸਮੇਂ ਇਹ ਸਾਰਥਕ ਹੋਣੀ ਜ਼ਰੂਰੀ ਹੈ। ਸੰਖੇਪ, ਚੁਸਤ, ਰੋਚਿਕ ਅਤੇ ਤਾਰਕਿਕ ਹੋਣੀ ਜ਼ਰੂਰੀ ਹੈ।

### ਸ) ਵਾਤਾਵਰਨ:

ਇਸ ਨਾਲ ਪਾਤਰਾਂ ਦੀ ਦੀ ਸ਼ਖਸੀਅਤ ਅਤੇ ਯਥਾਰਥ ਬਾਰੇ ਪਤਾ ਚੱਲਦਾ ਹੈ।ਘਟਨਾ ਦੇ ਅਨੁਸਾਰ ਹੀ ਉਸ ਪ੍ਰਕਾਰ ਦੇ ਵਾਤਾਵਰਨ ਦੀ ਸਿਰਜਣਾ ਹੋਣੀ ਚਾਹੀਦੀ ਹੈ।

### ਹ) ਸ਼ੈਲੀ:

ਵਾਰਤਾਲਾਪ ਹੀ ਨਾਟਕ ਦੀ ਪ੍ਰਮੁੱਖ ਸ਼ੈਲੀ ਹੈ।ਗੀਤ ਅਤੇ ਨਾਚ ਇਸਦੀ ਸਹਾਇਕ ਸ਼ੈਲੀ ਹਨ।ਇਹ ਪਾਤਰਾਂ ਦੀ ਚਰਿਤਰ ਨੂੰ ਉਘਾੜਨ ਵਿਚ ਸਹਾਇਕ ਹੁੰਦੀ ਹੈ।

### ਕ) ਉਦੇਸ਼:

ਹਰ ਰਚਨਾ ਦਾ ਉਦੇਸ਼ ਹੁੰਦਾ ਹੈ।ਨੈਤਿਕ ਆਦਰਸ਼, ਸਮਾਜਿਕ ਹਾਲਤਾਂ ਦੀ ਪੇਸ਼ਕਾਰੀ ਅਤੇ ਉਸਦੇ ਹੱਲ ਸੁਝਾਉਣੇ ਆਦਿ।

### ਖ) ਰੰਗਮੰਚ:

ਨਾਟਕ ਰੰਗਮੰਚ ਉਪਰ ਖੇਡਣ ਵਾਲੀ ਸਾਹਿਤਕ ਵਿਧਾਂ ਹੈ।ਇਸਦੀ ਸਾਰੀ ਸਫਲਤਾ ਹੀ ਇਸ ਉਪਰ ਅਧਾਰਿਤ ਹੁੰਦੀ ਹੈ।ਰੰਗਮੰਚ ਨੂੰ ਧਿਆਨ ਵਿਚ ਰੱਖ ਕੇ ਹੀ ਨਾਟਕ ਦੀ ਸਿਰਜਣਾ ਕਰਨੀ ਚਾਹੀਦੀ ਹੈ।

## ਇਕਾਂਗੀ:

ਪੰਜਾਬੀ ਵਿਚ ਰਚੇ ਜਾ ਰਹੇ ਸਾਹਿਤ ਦਾ ਪ੍ਰਮੁੱਖ ਅੰਗ ਹੈ।ਪੰਜਾਬੀ ਵਿਚ ਇਹ ਵੀ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਸ਼ੁਰੂ ਹੋਇਆਂ ਹੈ।ਇਕਾਂਗੀ ਪੂਰੇ ਨਾਟਕ ਦਾ ਸੰਖੇਪ ਨਹੀਂ ਬਲਕਿ ਕਿਸੇ ਇਕ ਝਾਕੀ ਦਾ ਹਿੱਸਾ ਹੁੰਦੀ ਹੈ।ਇਸ ਵਿਚ ਘਟਨਾ, ਸਥਿਤੀ, ਵਿਚਾਰ, ਦਾ ਕੁਝ ਪ੍ਰਗਟਾਵਾਂ ਹੁੰਦੀ ਹੈ।ਇਕਾਂਗੀ ਇੱਕ ਅੰਕ () ਵਿਚ ਪੂਰਾ ਹੋਣ ਵਾਲਾ ਨਾਟਕ ਹੈ।

### ਪਰਿਭਾਸ਼ਾਂ:

### ਵਾਲਟਰ ਏਟਨ ਅਨੁਸਾਰ,

> "ਆਪਣੇ ਰੂਪ ਅਤੇ ਮਾਧਿਅਮ ਦੇ ਬੰਧਨਾਂ ਕਰਕੇ ਇਕਾਂਗੀ ਆਪਣੇ ਆਪ ਨੂੰ ਇਕ ਘਟਨਾ ਜਾਂ ਸਥਿਤੀ ਉਤੇ ਹੀ ਸੀਮਤ ਰੱਖਦਾ ਹੈ ਅਤੇ ਇਸ ਸਥਿਤੀ ਤੇ ਘਟਨਾ ਵਿਚੋਂ ਹੀ ਉਹ ਆਪਣੀ ਉਤਪਤੀ ਤੇ ਵਿਕਾਸ ਕਰਦਾ ਹੈ।"

### ਬਲਵੰਤ ਗਾਰਗੀ ਦੇ ਅਨੁਸਾਰ

> "ਇਕਾਂਗੀ ਇਕੋ ਘਟਨਾ ਨੂੰ ਇਕ ਅਜਿਹੇ ਦ੍ਰਿਸਟੀਕੋਣ ਤੋਂ ਜਾਚਦਾ ਹੈ, ਅਜਿਹੇ ਤਰੀਕੇ ਨਾਲ ਪੇਸ਼ ਕਰਦਾ ਹੈ ਕਿ ਉਹ ਇਕ ਸਿਖਰ ਉਤੇ ਪੁਜ ਕੇ ਇਕ ਨਾਟਕੀ ਭਰਮ ਨਾਲ ਮੁਕ ਜਾਂਦਾ ਹੈ।"

ਇਕਾਂਗੀ ਨਾਟਕ ਤੋਂ ਭਾਵ ਇੱਕ ਅੰਗ ਵਿਚ ਰੰਗਮੰਚ ਤੇ ਪੇਸ਼ ਕੀਤੀ ਗਈ ਝਾਕੀ ਜਿਸ ਵਿਚ ਨਾਟਕ ਦੀਆਂ ਘਟਨਾਵਾਂ ਇੱਕ ਹੀ ਸਥਾਨ ਤੇ ਵਾਪਰਦੀਆਂ ਹਨ। ਇਕਾਂਗੀ ਅਤੇ ਨਾਟਕ ਦੋਵੇਂ ਇੱਕ ਦੂਜੇ ਤੋਂ ਵੱਖ ਹਨ। ਇਕਾਂਗੀ ਨਾਟਕ ਦਾ ਇੱਕ ਭਾਗ ਹੈ ਜਿਸ ਵਿਚ ਨਾਟਕ ਦੇ ਸਾਦੇ ਤੱਤ ਮੌਜੂਦ ਹੁੰਦੇ ਹਨ ਪਰ ਇਕਾਂਗੀ ਨਾਟਕ ਤੋਂ ਆਕਾਰ ਵਿਚ ਛੋਟੀ ਹੁੰਦੀ ਹੈ ਇਕਾਂਗੀ ਦਾ ਸਮਾਂ ਲਗਭਗ 45 ਮਿੰਟ ਨਿਸਚਿਤ ਕੀਤਾ ਗਿਆ ਹੈ ਪਰ ਵਰਤਮਾਨ ਸਮੇਂ ਵਿਚ ਇਕਾਂਗੀ ਨੂੰ 20 -25 ਮਿੰਟਾ ਦੇ ਵਿਚ ਰੰਗਮੰਚ ਤੇ ਪਾਤਰਾਂ ਰਾਹੀਂ ਪ੍ਰਦਰਸ਼ਨ ਕੀਤਾ ਜਾ ਸਕਦਾ ਹੈ। ਇਕਾਂਗੀ ਦਾ ਆਕਾਰ ਨਿੱਕਾ ਹੋਣ ਕਰਕੇ ਇਹ ਦਰਸ਼ਕਾਂ ਦੀ ਹਰਮਨ ਪਿਆਰੀ ਵੰਨਗੀ ਸਿੱਧ ਹੋਈ ਹੈ। ਇਕਾਂਗੀ ਜੀਵਨ ਦੀ ਕਿਸੇ ਇੱਕ ਘਟਨਾ ਨੂੰ ਪਾਤਰਾਂ ਦੇ ਸਮੂਹ ਦੁਆਰਾ ਰੰਗਮੰਚ ਤੇ ਪੇਸ਼ ਕੀਤੀ ਜਾਂਦੀ ਹੈ। ਜਿਸ ਵਿਚ ਪਾਤਰਾਂ ਦੇ ਸੰਘਰਸ਼ ਦੁਆਰਾ ਕਿਸੇ ਸਮੱਸਿਆਂ ਨੂੰ ਹੱਲ ਕੀਤਾ ਜਾਂਦਾ ਹੈ ਅਤੇ ਦਰਸ਼ਕ ਵਰਗ ਨੂੰ ਸਿੱਖਿਆ ਦਿੱਤੀ ਜਾਂਦੀ ਹੈ।

ਇਕ ਵਧੀਆਂ ਇਕਾਂਗੀ ਦੀ ਸਿਰਜਣਾ ਲਈ ਹੇਠ ਲਿਖੇ ਨੁਕਤਿਆਂ ਨੂੰ ਦੇਖਣਾ /ਵਾਚਣਾ ਜ਼ਰੂਰੀ ਹੁੰਦਾ ਹੈ:

- ਇਕਾਂਗੀ ਆਕਾਰ ਵਿਚ ਸੰਖੇਪ ਹੋਣੀ ਚਾਹੀਦੀ ਹੈ।
- ਇਹ ਅੱਧੇ ਜਾਂ ਪੌਣੇ ਘੰਟੇ ਦੇ ਸਮੇਂ ਵਿਚ ਸਮਾਪਤ ਹੋਣੀ ਚਾਹੀਦੀ ਹੈ।
- ਇਸ ਵਿਚ ਜੀਵਨ ਦੀ ਕਿਸੇ ਇੱਕ ਮੂਲ ਸਮੱਸਿਆਂ ਘਟਨਾ, ਵਿਚਾਰ ਦੇ ਕਿਸੇ ਖ਼ਾਸ ਪਲ ਨੂੰ ਇਸ ਢੰਗ ਨਾਲ ਪੇਸ਼ ਕਰਨਾ ਚਾਹੀਦਾ ਹੈ ਕਿ ਦਰਸ਼ਕ ਇਸ ਤੋਂ ਪ੍ਰਭਾਵਿਤ ਹੋ ਸਕੇ।
- ਇਕਾਂਗੀਕਾਰ ਆਪਣੀ ਅਨੁਭੂਤੀ ਤੇ ਪ੍ਰਗਟਾਅ ਵਿਚ ਸਮਾਨਯੋਜਕ ਸਥਾਪਤ ਕਰੇ।
- ਇਸ ਵਿਚ ਪਾਤਰਾਂ, ਘਟਨਾਵਾਂ, ਤੇ ਪ੍ਰਸੰਗਾਂ ਦੀ ਗਿਣਤੀ ਵਧੇਰੇ ਨਹੀਂ ਹੋਣੀ ਚਾਹੀਦੀ।
- ਇਸ ਦੀ ਅਦਾਕਾਰੀ ਉੱਚ ਦਰਜ਼ੇ ਦੀ ਹੋਵੇ।
- ਇਸ ਵਿਚ ਰੰਗ ਸੰਕਤਾ ਦੀ ਵਰਤੋਂ ਵਿਚ ਸੱਪਸ਼ਟਤਾ ਜ਼ਰੂਰੀ ਹੈ।

## ਇਕਾਂਗੀ ਦੇ ਤੱਤ:

**ੳ) ਕਥਾਂਨਕ** **ਅ) ਪਾਤਰ ਚਿਤਰਨ**

**ੲ) ਵਾਰਤਾਲਾਪ** **ਸ) ਵਾਤਾਵਰਨ**

**ਹ) ਭਾਸ਼ਾ/ਸ਼ੈਲੀ** **ਕ) ਮੰਤਵ**

**ਖ) ਰੰਗਮੰਚ**

## ਇਕਾਂਗੀ ਦਾ ਵਰਗੀਕਰਨ

### ੳ) ਵਿਸ਼ੇ ਦੇ ਆਧਾਰ ਉਪਰ:

- **ਧਾਰਮਿਕ ਇਕਾਂਗੀ**
- **ਇਤਿਹਾਸਕ ਇਕਾਂਗੀ**
- **ਸਮਾਜਿਕ ਇਕਾਂਗੀ**
- **ਪ੍ਰਚਾਰਤਮਕ ਇਕਾਂਗੀ**
- **ਰਾਜਨੀਤਿਕ ਇਕਾਂਗੀ**

### ਅ) ਪ੍ਰਭਾਵ ਦੇ ਆਧਾਰ ਉਪਰ:

- **ਦੁਖਾਂਤ**
- **ਹਲਕਾ ਦੁਖਾਂਤ**
- **ਸੁਖਾਂਤਕ**
- **ਹਲਕਾ ਸੁਖਾਂਤਕ**
- **ਦੁਖਾਂਤ ਸੁਖਾਂਤ**
- **ਐਬਸਰਡ**

## ਨਾਟਕ ਅਤੇ ਇਕਾਂਗੀ ਵਿਚ ਅੰਤਰ;

| ਨਾਟਕ | ਇਕਾਂਗੀ |
|---|---|
| ਨਾਟਕ ਦੇ ਕਥਾਨਕ ਵਿਚ ਮੁੱਖ ਕਥਾ ਦੇ ਨਾਲ ਗੌਣ ਕਥਾ ਵੀ ਹੁੰਦੀ ਹੈ।ਉਸ ਵਿਚ ਜੀਵਨ ਦੀ ਕਿਸੇ ਸਮੱਸਿਆਂ ਦੀ ਵਿਸ਼ੇਸ ਪੇਸ਼ਕਾਰੀ ਹੁੰਦੀ ਹੈ। | ਇਖਾਂਗੀ ਵਿਚ ਜੀਵਨ ਦੀ ਕੋਈ ਮਹੱਤਵਪੂਰਨ ਘਟਨਾ ਦਾ ਥੋੜਾ ਪਲ ਹੀ ਪੇਸ਼ ਕੀਤਾ ਜਾਂਦਾ ਹੈ। |
| ਨਾਟਕ ਪਲਾਟ ਦੇ ਕਈ ਅੰਕ ਹੁੰਦੇ ਹਨ,ਪ੍ਰਸਤਾਵਨਾ,ਆਰੰਭਕ ਘਟਨਾ,ਕਾਰਜ ਵਿਕਾਸ,ਸਿਖ਼ਰ,ਉਤਰਾਅ,ਸਮਾਪਤੀ | ਇਕਾਂਗੀ ਦਾ ਕਾਰਣ ਸ਼ੁਰੂ ਹੋਣ ਦੇ ਨਾਲ ਬਹੁਤ ਤੇਜ਼ੀ ਨਾਲ ਸਿਖਰ ਵੱਲ ਵੱਧਦਾ ਤੇ ਸਮਾਪਤ ਹੋ ਜਾਂਦਾ ਹੈ |
| ਨਾਟਕ ਦਾ ਪਲਾਟ ਕਈ ਝਾਕੀਆਂ ਵਿਚ ਵੰਡਿਆਂ ਹੁੰਦਾ ਹੈ | ਇਕਾਂਗੀ ਦਾ ਪਲਾਟ ਐਕਟਾਂ ਅਤੇ ਝਾਕੀਆਂ ਵਿਚ ਨਹੀਂ ਵੰਡਿਆਂ ਹੁੰਦਾ |
| ਨਾਟਕ ਵਿਚ ਸਮਾਂ,ਸਥਾਨ,ਕਾਰਜ ਦੀ ਏਕਤਾ ਦਾ ਹੋਣਾ ਜ਼ਰੂਰੀ ਨਹੀਂ ਹੁੰਦਾ | ਇਕਾਂਗੀ ਵਿਚ ਸਮਾਂ,ਸਥਾਨ,ਕਾਰਜ ਦੀ ਏਕਤਾ ਦਾ ਹੋਣਾ ਜ਼ਰੂਰੀ ਹੁੰਦਾ |
| ਨਾਟਕ ਵਿਚ ਪਾਤਰ ਬਹੁਤ ਹੁੰਦੇ ਹਨ ਤੇ ਸਮੁੱਚੇ ਜੀਵਨ ਦੀ ਪੇਸ਼ਕਾਰੀ ਹੁੰਦੀ ਹੈ | ਇਕਾਂਗੀ ਵਿਚ 5 ਤੋਂ ਲੈ ਕੇ 6 ਹੀ ਪਾਤਰ ਹੁੰਦੇ ਹਨ।ਇਸ ਵਿਚ ਸਮੁੱਚੇ ਜੀਵਨ ਨੂੰ ਨਹੀ ਪੇਸ਼ ਕੀਤਾ ਜਾਂਦਾ ਹੈ। |
| ਨਾਟਕ ਵਿਚ ਵਾਰਤਾਲਾਪ ਲਮਕਾ ਕੇ ਮੱਠੀ ਚਾਲ ਵਿਚ ਚੱਲਦੀ ਹੈ | ਵਾਰਤਾਲਾਪ ਸੰਖੇਪ ,ਚੁਸਤ,ਬਹੁਤ ਤੇਜ਼ ਚਲਦੀ ਹੈ |

| | |
|---|---|
| ਨਾਟਕਕਾਰ ਉਦੇਸ਼ ਨੂੰ ਪੂਰੀ ਤਰਾਂ ਸਪਸ਼ਟ ਕਰ ਦਿੰਦਾ ਹੈ।ਨਾਟਕ ਵਿਚ ਕਈ ਉਦੇਸ਼ ਪੇਸ਼ ਕੀਤੇ ਜਾ ਸਕਦੇ ਹਨ | ਇਕਾਂਗੀਗਾਰ ਆਪਣੇ ਉਦੇਸ਼ ਨੂੰ ਸੁਝਾਉ ਰੱਖਦਾ ,ਇਕਾਂਗੀ ਦਾ ਉਦੇਸ਼ ਇਕੋ ਹੁੰਦਾ ਹੈ। |
| ਪੂਰਾ ਨਾਟਕ ਰੰਗਮੰਚ ਉਪਰ ਖੇਡਣ ਲਈ 3 ਘੰਟੇ ਲੱਗਦੇ ਹਨ ,ਇਸਦਾ ਪ੍ਰਭਾਂਵ ਇਕਾਂਗੀ ਜਿੰਨਾ ਫਿਰ ਜੋਰਦਾਰ ਨਹੀ ਹੁੰਦਾ | ਇਕਾਂਗੀ ਨਾਟਕ ਰੰਗਮੰਚ ਉਪਰ ਅੱਧੇ ਘੰਟੇ ਵਿਚ ਪੂਰਾ ਹੋ ਜਾਂਦਾ ਹੈ। |

## ਉਦਾਹਰਨ: *ਦੁਲਹਨ(ਆਈ.ਸੀ.ਨੰਦਾ)*

ਲਾਜੋ- ਛਿਆਂ ਸੱਤਾਂ ਸਾਲਾਂ ਦੀ ਕੁੜੀ

ਮੇਲੋ- ਇਹਦੀ ਵੱਡੀ ਭੈਣ, ਸਤਾਰਾਂ ਅਠਾਰਾਂ ਸਾਲਾਂ ਦੀ

ਹੁਸ਼ਿਆਰ ਚੰਦ- ਇਨ੍ਹਾਂ ਦਾ ਪਿਉ

ਕੌਰਾਂ- ਇਨ੍ਹਾਂ ਦੀ ਮਾਂ

ਬਸੰਤੋ- ਮੇਲੋ ਦੀ ਸਹੇਲੀ

ਇਕ ਬੁੱਢੀ ਜਨਾਨੀ

ਇਕ ਨੈਣ

ਇਕ ਨਿੱਕਾ ਜਿਹਾ ਮੁੰਡਾ

ਇਕ ਪਾਂਧਾ

ਸਥਾਨ-ਪੰਜਾਬ ਦਾ ਇਕ ਪਿੰਡ

ਵੇਲਾ-ਢਲਿਆ ਦਿਨ, ਤਰਕਾਲਾਂ ਹੋਣ ਵਾਲੀਆਂ

ਝਾਕੀ-ਪਰਦਾ ਉੱਠਣ ਉੱਤੇ ਇੱਕ ਵੱਡਾ ਸਾਰਾ ਦਾਲਾਨ ਦਿਸਦਾ ਹੈ। ਇਹਦੇ ਪਿੱਛੇ ਇੱਕ ਨਿੱਕੀ ਜਿਹੀ ਕੋਠੜੀ ਦਾ ਬੂਹਾ ਭੀੜਿਆ ਹੋਇਆ ਹੈ। ਦਾਲਾਨ ਦੀ ਸਾਮ੍ਹਣੀ ਕੰਧ ਨਾਲ ਇੱਕ ਸੰਦੂਕ ਪਿਆ ਹੋਇਆ ਹੈ। ਲਾਗੇ ਹੀ ਇੱਕ ਟੰਗਣੇ ਉੱਤੇ ਕੁਝ ਕਪੜੇ ਲੱਤੇ ਲਮਕਦੇ ਹਨ। ਦਲਾਨ ਦੇ ਇਕ ਖੂੰਜੇ ਵਲ ਚੁਲ੍ਹਾ ਚੌਂਕਾ ਦਿਸਦਾ ਹੈ। ਇਹਦੇ ਲਾਗੇ ਹੀ ਇਕ ਨਿੱਕੀ ਜਿਹੀ ਮੰਜੀ ਡੱਠੀ ਪਈ ਹੈ।ਕੌਰਾਂ ਜਿਹਦੀ ਉਮਰ ਕੋਈ ਪੈਂਤੀ ਚਾਲੀ ਸਾਲ ਦੀ ਲਗਦੀ ਹੈ ਇੱਕ ਪੀੜ੍ਹੀ ਉੱਤੇ ਬੈਠੀ ਚਰਖਾ ਕੱਤ ਰਹੀ ਹੈ। ਉਹਦੇ ਨਾਲ ਇਕ ਬੁੱਢੀ ਜਨਾਨੀ ਬੈਠੀ ਗੱਲਾਂ ਪਈ ਕਰਦੀ ਹੈ। ਮੇਲੋ ਪਰੇ ਇੱਕ ਪੀੜ੍ਹੀ ਉੱਤੇ ਬੈਠੀ ਫੁਲਕਾਰੀ ਕਢ ਰਹੀ ਹੈ ਤੇ ਲਾਜੋ ਮੰਜੀ ਉੱਤੇ ਬੈਠੀ ਗੁੱਡੀਆਂ ਨਾਲ ਖੇਡ ਰਹੀ ਹੈ।

ਕੌਰਾਂ-ਬੇਬੇ, ਸੱਚ ਇਹ ਕੀ ਭੈੜਾ ਰਵਾਜ ਪੈਂਦਾ ਜਾਂਦਾ ਏ, ਲੋਕੀਂ ਹੁਣ ਕੁੜੀਆਂ ਨੂੰ ਵੱਡਾ ਵੱਡਾ ਕਰ ਕੇ ਵਿਆਹੁੰਦੇ ਨੇ। ਏਹ ਵੇਖਾਂ ਹੁਣ, ਕਰਮੋਂ ਨੇ ਧੀ ਵਿਆਹੀ ਤਾਂ ਅਠਾਰਾਂ ਵਰ੍ਹਿਆਂ ਦੀ ਕਰਕੇ ਤੇ ਜੇ ਹੁਣ ਭਾਗਾਂ ਨੇ ਆਪਣੀ ਕੁੜੀ ਦੀ ਕੁੜਮਾਈ ਕੀਤੀ ਏ ਤਾਂ ਕੋਠੇ ਜੇਡੀ ਕਰਕੇ।

ਬੁੱਢੀ-ਬੁੱਢੀਆਂ ਦਾ ਕੋਈ ਦੋਸ਼ ਨਹੀਂ, ਇਹ ਸਾਰ ਕੀੜਾ ਤਾਂ ਮਰਦਾਂ ਦੇ ਸਿਰ ਵਿੱਚ ਏ।

ਕੌਰਾਂ-ਪਿਛਲਿਆਂ ਜਮਾਨਿਆਂ ਵਿੱਚ ਕੁੜੀ ਪੰਜਵਾਂ ਟੱਪਦੀ ਨਹੀਂ ਸੀ ਤੇ ਉਹਦਾ ਵਿਆਹ ਕਰ ਦਿੰਦੇ ਸਨ। ਲੈ ਮੈਨੂੰ ਆਪਣੇ ਵਿਆਹ ਦੀ ਕੋਈ ਸਾਰ ਨਹੀ ਕਦੋਂ ਹੋਇਆ।

ਬੁੱਢੀ-ਭੈਣ, ਸਮੇਂ ਹੋਰ ਦੇ ਹੋਰ ਹੋ ਗਏ ਨੇ। ਕਲਜੁਗ ਆ ਗਿਆ ਏ, ਕਲਜੁਗ ! ਤੀਵੀਆਂ ਦੀ ਤਾਂ ਸੁਣਦਾ ਈ ਕੋਈ ਨਹੀਂ, ਮਰਦਾਂ ਦੇ ਜੋ ਮਨ ਆਉਂਦਾ ਏ ਕਰਦੇ ਨੇ। ਮੇਰੀ ਤਾਂ ਉਮਰ ਬੀਤ ਗਈ ਸਿਰ ਖਪਾਉਂਦਿਆਂ ਮਰਦਾਂ ਨਲ। ਮੇਰੀ ਪੋਤਰੀ ਦੁਰਗੋ ਨੇ ਦੋ ਮਹੀਨਿਆਂ ਨੂੰ ਪੂਰੇ ਪੰਜਾਂ ਵਰ੍ਹਿਆਂ ਦੀ ਹੋ ਜਾਣਾ ਏਂ ਤੇ ਮੈਂ ਆਪਣੇ ਵੱਲੋਂ ਉਹਦੀ ਲਈ ਮੁੰਡਾ ਵੀ ਲੱਭ ਰੱਖਿਆ ਏ, ਪਰ ਕੁੜੀ ਦਾ ਪਿਉ ਨਹੀਂ ਮੰਨਦਾ।

ਕੌਰਾਂ-ਹੋਰ ਤਾਂ ਹੋਰ, ਸਾਡੀ ਮੇਲੋ ਨੂੰ ਸੁੱਖ ਨਾਲ ਹੁਣ ਅਠਾਰਵਾਂ ਚੜ੍ਹਣ ਵਾਲਾ ਏ ਤੇ ਪਿਉ ਉਹਦਾ ਅਜੇ ਤੀਕ ਘੇਸ ਮਾਰੀ ਬੈਠਾ ਏ।

ਬੁੱਢੀ-ਸੱਚੀ ਪੁੱਛੇਂ ਤਾਂ ਘੇਸ ਤੂੰ ਆਪ ਮਾਰੀ ਬੈਠੀ ਏਂ। ਜੇ ਉੱਠਦੇ ਬੈਠਦੇ ਨੂੰ ਆਖਦੀ ਰਹਵੇਂ ਤਾਂ ਉਹ ਕਿਉਂ ਨਾ ਖਿਆਲ ਰੱਖੇ।

ਕੌਰਾਂ-ਮੈਂ ਆਖ ਆਖ ਕੇ ਖਪ ਗਈ ਆਂ, ਬੇਬੇ, ਪਰ ਉਹਦਾ ਇੱਕੋ ਜਵਾਬ ਏ, "ਅੱਜ ਕਰਨੇ ਆਂ, ਕਲ੍ਹ ਕਰਨੇ ਆਂ।" ਬਸ 'ਅੱਜ ਕੱਲ੍ਹ' ਕਹਿੰਦਿਆਂ ਮੁੱਦਤਾਂ ਲੰਘਾ ਛਡੀਆਂ ਸੂ।

ਬੁੱਢੀ-ਭੈਣੇ, ਜਮਾਨਾ ਬੁਰਾ ਜਾਂਦਾ ਏ। ਮੇਲੋ ਦਾ ਪਿਉ ਆਉਂਦਾ ਏ ਤਾਂ ਉਹਨੂੰ ਜੋਰ ਦੇ। ਏਡੀਆਂ ਵੱਸਣ ਰੱਸਣ ਜੋਗੀਆਂ ਕੁੜੀਆਂ ਨੂੰ ਘਰ ਕੌਣ ਬਠਾਲ ਛਡਦਾ ਏ ? ਸਿਆਣਿਆਂ ਕਿਹਾ ਏ, ਧੀਆਂ ਆਪਣੇ ਸੌਹਰੀਂ ਹੀ ਸੋਹੰਦੀਆਂ ਨੇ।

ਕੌਰਾਂ-ਬੇਬੇ, ਮੇਰੀ ਤਾਂ ਜਾਨ ਸੁੱਕ ਗਈ ਏ ਫਿਕਰ ਨਾਲ। ਰਾਤ ਦਿਨ ਇਹੋ ਈ ਚਿੰਤਾ ਲੱਗੀ ਰਹਿੰਦੀ ਏ।

ਬੁੱਢੀ-ਪਰ ਹਾਲ ਦੀ ਘੜੀ ਤਾਂ ਤੁਸੀਂ ਡੱਕੇ ਗਏ। ਪੰਡਤਾਣੀ ਗੱਲ ਕਰਦੀ ਸੀ ਪਈ ਕੱਲ੍ਹ ਤੋਂ ਸਿੰਘਤ ਪੈ ਜਾਣੀ ਏਂ।

ਕੌਰਾਂ-ਮੈਨੂੰ ਤਾਂ ਕੁਝ ਔੜ੍ਹਦਾ ਨਹੀ ਪਈ ਕੀ ਕਰਾਂ । ਉਹਨੂੰ ਮੈਂ ਕਈ ਵਾਰ ਕਹਿ ਚੁੱਕੀ ਆਂ । ਸੁਣ ਕੇ 'ਹੂੰ ਹਾਂ' ਕਰ ਛੱਡਦਾ ਏ । ਗੱਲਾਂ ਬਥੇਰੀਆਂ ਕਰਦਾ ਏ ਪਰ ਬਣਾਉਂਦਾ ਕੁਝ ਨਹੀਂ ।

ਬੁੱਢੀ-ਚੰਗਾ ਫੇਰ, ਜਦੋਂ ਮੈਨੂੰ ਮਿਲੇਗਾ ਤੇ ਮੈਂ ਉਹਦੇ ਕੰਨ ਚੰਗੀ ਤਰ੍ਹਾਂ ਖੋਲ੍ਹਾਂਗੀ।

(ਬਾਹਰੋਂ ਪੈਰਾਂ ਦਾ ਖੜਕਾਰ ਸੁਣਾਈ ਦਿੰਦਾ ਹੈ)

ਕੌਰਾਂ-ਲੈ ਭਾਵੇਂ ਉਹੋ ਈ ਆਇਆ ਈ । ਹੁਣੇ ਈ ਤੂੰ ਉਹਨੂੰ ਕਹੁ ਤਾਂ ਮੈਂ ਵੀ ਨਾਲ ਲਗਨੀ ਆਂ ।

ਬੁੱਢੀ-ਨਾ, ਨਾ ਭੈਣ, ਇਹ ਵੇਲਾ ਠੀਕ ਨਹੀਂ । ਕਿਸੇ ਹੋਰ ਦਿਨ ਸਹੀ । ਹੁਣ ਮੈਨੂੰ ਜਾਣ ਦੀ ਕਾਹਲੀ ਏ, ਕਾਕਾ ਉਡੀਕਦਾ ਹੋਵੇਗਾ ।

(ਹੁਸ਼ਿਆਰ ਚੰਦ ਆਉਂਦਾ ਹੈ)

ਬੁੱਢੀ-(ਉੱਠ ਕੇ ਤੇ ਚਾਦਰ ਦਾ ਪੱਲਾ ਮੂੰਹ ਉੱਤੇ ਨੀਵਾਂ ਕਰਕੇ) ਲੈ ਭਾਈ, ਪੀੜ੍ਹੀ ।

ਹੁਸ਼ਿਆਰ ਚੰਦ-ਬਹਿ ਜਾ, ਬੇਬੇ, ਬਹਿ ਜਾ, ਏਡੀ ਕਾਹਲੀ ਕਾਹਦੀ ਏ ?

(ਇੱਕ ਨਿੱਕਾ ਜਿਹਾ ਮੁੰਡਾ ਆਉਂਦਾ ਹੈ)

ਮੁੰਡਾ-ਦਾਦੀ, ਦਾਦੀ, ਭਾਈਆ ਸਦਦਾ ਏ । ਕਹਿੰਦਾ ਏ, ਛੇਤੀ ਆ, ਮੈਂ ਕੰਮ ਜਾਣਾ ਏਂ ।

ਬੁੱਢੀ-ਚੱਲ ਪੁੱਤਰ, ਮੈਂ ਆਵੇ ਕਰਨੀ ਆਂ । ਮੈਂ ਅੱਗੇ ਈ ਆਖਿਆ ਸੀ ਪਈ ਉਡੀਕਦਾ ਹੋਵੇਗਾ ।

(ਬੁੱਢੀ ਤੇ ਮੁੰਡਾ ਚਲੇ ਜਾਂਦੇ ਹਨ)

ਕੌਰਾਂ-ਮੇਲੋ ਦਾ ਭਾਈਆ, ਮੈਂ ਤੈਨੂੰ ਹਜਾਰ ਵਾਰੀ ਕੁੜੀ ਵੱਲੋਂ ਆਖਿਆ ਏ ਤੂੰ ਸੁਣ ਸੁਣ ਕੇ ਕੰਨਾਂ ਕੋਲੋਂ ਦੀ ਲੰਘਾ ਛਡਣਾ ਏਂ । ਮੇਲੋ ਨੂੰ ਸੁਖ ਨਾਲ ਅਠਾਰਵਾਂ ਲੱਗਣ ਨੂੰ ਫਿਰਦਾ ਏ ਤੇ ਤੈਨੂੰ ਉਹਦੇ ਮੰਗਣ ਦਾ ਕੋਈ ਖਿਆਲ ਨਹੀਂ ।

ਹੁਸ਼ਿਆਰ ਚੰਦ-(ਪੀੜ੍ਹੀ ਨੂੰ ਪੈਰ ਨਾਲ ਅੱਗੇ ਕਰਕੇ ਉਹਦੇ ਉੱਤੇ ਬੈਠਦਾ ਹੈ ਤੇ ਕੁਰਤੇ ਦੇ ਅੱਗੇ ਨਾਲ ਆਪਣੇ ਆਪ ਨੂੰ ਝਲ ਮਾਰਦਾ ਹੈ ।) ਤੂੰ ਤਾਂ ਐਵੇਂ ਬੜ ਬੜ ਲਾਈ ਹੋਈ ਏ । ਨਾ, ਤੇਰੀ ਧੀ ਬਹੁਤੀ ਏ ਤੇ ਮੇਰੀ ਘੱਟ ਏ ? ਮੈਂ ਨਹੀਂ ਜਾਣਦਾ ਪਈ ਵੱਡੀ ਹੋ ਗਈ ਏ ? ਤੈਨੂੰ ਕੀ ਪਤਾ ਏ ਪਈ ਮੈ ਕਦੋਂ ਦਾ ਢੂੰਡ ਤਲਾਸ਼ ਵਿੱਚ ਲਗਾ ਹੋਇਆ ਆਂ । ਪਰ ਕੋਈ ਕੰਮ ਦਾ ਵਰ ਘਰ ਲੱਭੇ ਤਾਂ ਈ ਕਰੀਏ ਨਾ ।

ਕੌਰਾਂ-ਮੈਨੂੰ ਦੁੱਖ ਤਾਂ ਇਸ ਗੱਲ ਦਾ ਏ ਪਈ ਦੁਨੀਆਂ ਕੀ ਕਹਿੰਦੀ ਹੋਵੇਗੀ ? ਐਹ ਹੁਣੇ ਬੇਬੇ ਗੱਲਾਂ ਕਰਦੀ ਗਈ ਏ ।

ਹੁਸ਼ਿਆਰ ਚੰਦ-ਬਸ, ਬੇਬੇ ਗੱਲਾਂ ਈ ਕਰਨ ਜੋਗੀ ਏ ਨਾ, ਕੁਝ ਕੰਮ ਤਾਂ ਨਹੀਂ ਕਰਨ ਵਾਲੀ । ਇਹ ਤਾਂ ਬੁੱਢੀਆਂ ਦਾ ਕੈਦਾ ਏ, ਜਿੱਥੇ ਬੈਠਣਗੀਆਂ, ਏਧਰ ਉਧਰ ਦੀਆਂ ਗੱਲਾਂ ਮਾਰਨਗੀਆਂ । ਹੋਰ ਇਨ੍ਹਾਂ ਨੂੰ ਕੰਮ ਕੀ ਹੋਇਆ ?

ਕੌਰਾਂ-ਲੈਂ ਖਾਂ ਭਲਾ, ਮੁਖਤ ਦੇ ਨਹੋਰੇ ਦੇਣ ਦਾ ਕੀ ਰਾਹ ਹੋਇਆ ? ਉੜਕ ਮਰਦ ਮਿਲ ਕੇ ਬੈਠਦੇ ਨੇ ਤਾਂ ਗੱਲਾਂ ਨਹੀ ਕਰਦੇ ? ਪਰ ਦਸ ਉਹਦੇ ਵੱਲੋਂ.....ਖਸਮਾਂ ਖਾਣੀ ਦਾ ਨਾਂ ਕੁਲ ਗਿਆ ਈ ਤੇ ਮੇਰੇ ਮੂੰਹ ਅੱਗੇ ਫ਼ਿਰਦਾ ਈ......ਹਾਂ, ਹਾਂ ਜੰਡਪੁਰਾ ਜਿਥੇ ਰਾਜੇ ਨੂੰ ਭੇਜਿਆ ਸੀ, ਉੱਥੋਂ ਕੀ ਪਤਾ ਆਇਆ ਏ ?

ਹੁਸ਼ਿਆਰ ਚੰਦ-ਮੈਂ ਇਹੋ ਤਾਂ ਤੈਨੂੰ ਦੱਸਣ ਲੱਗਾ ਸੀ ਪਰ ਤੂੰ ਬੇਬੇ ਦੀਆਂ ਗੱਲਾਂ ਵਿਚ ਲੱਗ ਪਈ ।

ਕੌਰਾਂ-ਚੰਗਾ, ਚੰਗਾ, ਦੱਸ ਫੇਰ ।

ਹੁਸ਼ਿਆਰ ਚੰਦ-ਮੈਂ ਹੁਣੇ ਈ ਰਾਜੇ ਨੂੰ ਮਿਲ ਕੇ ਆਇਆ ਆਂ । ਉਹ ਏਧਰ ਈ ਪਿਆ ਆਉਂਦਾ ਸੀ ਤੇ ਮੈਨੂੰ ਰਾਹ ਵਿਚ ਮਿਲ ਪਿਆ ।

ਕੌਰਾਂ-ਤੂੰ ਉਹਨੂੰ ਆਉਣ ਕਿਉਂ ਨਾ ਦਿੱਤਾ । ਸਾਰੀ ਗੱਲ ਮੈਂ ਉਹਦੇ ਮੂੰਹੋਂ ਸੁਣ ਲੈਂਦੀ ।

ਹੁਸ਼ਿਆਰ ਚੰਦ-ਉਹ ਏਧਰ ਆ ਰਿਹਾ ਸੀ ਤੇ ਮੈਂ ਅੱਗੇ ਕੰਮ ਜਾ ਰਿਹਾ ਸੀ, ਸੋਈ ਮੈਂ ਉਹਨੂੰ ਨਾਲ ਈ ਲੈ ਗਿਆ । ਗੱਲ ਸਾਰੀ ਤੂੰ ਮੇਰੇ ਕੋਲੋਂ ਸੁਣ ਲੈ । ਕਹਿੰਦਾ ਏ ਪਈ ਕੋਈ ਚੰਗੇ ਭਾਗ ਹੋਣ ਤਾਂ ਇਹੋ ਜਿਹਾ ਘਰ ਲਭਦਾ ਏ । ਬੜੇ ਭਾਗਵਾਨ ਨੇ, ਰਿਜ਼ਕ ਤਾਂ ਰੱਬ ਨੇ ਰਜ ਕੇ ਦਿੱਤਾ ਹੋਇਆ ਏ । ਬੜਾ ਵੱਡਾ ਖਲਜਗਣ ਏਂ, ਪਰਾਕਮੀ ਖਾਨਦਾਨ ਏ, ਆਹਰੇ ਬਾਹਰੇ ਵਿਚ ਮੰਨੇ ਤੰਨੇ ਹੋਏ । ਹਰ ਥਾਂ ਬੁਕ ਬੁਕ ਕੇਸਰ ਪੈਂਦਾ ਏ ।

ਕੌਰਾਂ-ਸ਼ੁਕਰ ਏ ਰੱਬ ਦਾ, ਇਹ ਵੀ ਰਾਤ ਦਿਨ ਦਾ ਸਹਿਸਾ ਲੱਥਾ । ਮੇਰੀ ਤਾਂ ਫਿਕਰ ਨਾਲ ਜਾਨ ਸੁੱਕਦੀ ਜਾਂਦੀ ਸੀ ।

ਹੁਸ਼ਿਆਰ ਚੰਦ-ਵੇਖ ਰੱਬ ਨੇ ਕਿਹਾ ਚੰਗਾ ਢੋ ਮਿਲਾਇਆ ਏ । ਸਹਿਜ ਪੱਕੇ ਸੋ ਮਿਠਾ ਹੋ । ਤੂੰ ਬੜੀ ਕਾਹਲੀ ਪਈ ਹੋਈ ਸੈਂ, ਕਾਹਲੀ ਨਾਲ ਕੁਝ ਨਹੀਂ ਬਣਦਾ । ਮੇਲੋ ਬੜੀ ਨਸੀਬਾਂ ਵਾਲੀ ਏ ਤੇ ਉਹਦੇ ਨਸੀਬਾਂ ਨੂੰ ਸਾਰੇ ਕੰਮ ਆਪਣੇ ਅਪ ਰਾਸ ਹੁੰਦੇ ਜਾਂਦੇ ਨੇ ।

ਕੌਰਾਂ-ਸੁਖ ਨਾਲ ਮੁੰਡਾ ਕੇਡੀ ਕੁ ਉਮਰ ਦਾ ਏ ? ਕਵਾਰਾ ਏ ਕਿ ਦੁਹਾਜੂ ?

ਹੁਸ਼ਿਆਰ ਚੰਦ-(ਹੱਥ ਦੀ ਸੈਨਤ ਨਾਲ ਕੌਰਾਂ ਨੂੰ ਚੁਪ ਕਰਾਉਂਦਾ ਹੈ ਤੇ ਫੇਰ ਮੇਲੋ ਨੂੰ) ਕਾਕੋ, ਤੂੰ ਜਾ, ਇਕ ਕੰਮ ਕਰ ਆ ।

ਮੇਲੋ-ਮੈਂ ਫੁਲਕਾਰੀ ਕੱਢਣੀ ਪਈ ਆਂ, ਠਹਿਰ ਕੇ ਜਾਉਂ ।

ਕੌਰਾਂ-ਫੁਲਕਾਰੀ ਫੇਰ ਨਾ ਕੱਢੀ ਜਾਊ? ਜਾ ਮੇਰੀ ਬੀਬੀ ਧੀ!

ਮੇਲੋ-ਕੀ ਕੰਮ ਏ ?

ਹੁਸ਼ਿਆਰ ਚੰਦ-ਪੰਡਤਾਣੀ ਵਲ ਜਾ । ਉਹਨੂੰ ਕਹੁ ਪਈ ਪਾਂਧਾ ਜਦੋ ਬਾਹਰੋਂ ਆਵੇ ਤਾਂ ਉਹਨੂੰ ਝਟ ਪਟ ਏਧਰ ਭੇਜੇ ।

ਮੇਲੋ-ਕਿਹੜੀ ਪੰਡਤਾਣੀ ?

ਕੌਰਾਂ-ਏਥੇ ਕੋਈ ਦਸ ਵੀਹ ਪੰਡਤਾਣੀਆਂ ਹੈਨ ! ਉਹੋ ਬੁਢੇ ਪਾਂਧੇ ਦੀ ਵਹੁਟੀ, ਹੋਰ ਕਿਹੜੀ ?

ਮੇਲੋ-ਮੈਨੂੰ ਠੀਕ ਪਤਾ ਨਹੀਂ ਉਹਦਾ ਘਰ ਕਿੱਥੇ ਏ ?
ਕੌਰਾਂ-ਜਾ, ਪਰਿਓਂ ਬਸੰਤੋ ਨੂੰ ਨਾਲ ਲੈ ਜਾ, ਉਹਨੂੰ ਪਤਾ ਏ ।
(ਮੇਲੋ ਚਲੀ ਜਾਂਦੀ ਹੈ)

ਹੁਸ਼ਿਆਰ ਚੰਦ-ਮੈਂ ਕਹਿਣ ਲਗਾ ਸੀ ਪਈ......,
(ਲਾਜੋ ਮੰਜੀ ਤੋਂ ਉਤਰ ਕੇ ਫੁਲਕਾਰੀ ਚੁਕ ਲੈਂਦੀ ਹੈ ਤੇ ਮਾਂ ਕੋਲ ਆ ਕੇ)
ਲਾਜੋ-ਮਾਂ, ਮੈਂ ਫੁਲਕਾਰੀ ਕੱਢਾਂ ? ਮੇਰਾ ਜੀ ਕਰਦਾ ਏ ।
ਕੌਰਾਂ-ਨਾ, ਨਾ, ਤੂੰ ਖਰਾਬ ਕਰ ਦਏਂਗੀ । ਪਹਿਲੋਂ ਭੈਣ ਕੋਲੋਂ ਸਿਖੀਂ, ਫੇਰ ਕੱਢੀਂ।
ਲਾਜੋ-ਮੈਂ ਪਿੱਛੋਂ ਸਿਖ ਲਵਾਂਗੀ, ਹੁਣ ਮੈਨੂੰ ਕੱਢਣ ਦੇ, ਮੇਰਾ ਜੀ ਕਰਦਾ ਏ।
ਹੁਸ਼ਿਆਰ ਚੰਦ-ਹੇ ਸਿਰਮੁੰਨੀ, ਰੌਲਾ ਨਾ ਪਾ; ਸਾਨੂੰ ਗੱਲ ਕਰਨ ਦੇ ।
ਲਾਜੋ-(ਰੋਣ ਵਾਲਾ ਮੂੰਹ ਬਣਾ ਕੇ) ਫੇਰ ਫੁਲਕਾਰੀ ਕੱਢਣ ਦਿਓ ਨਾ ।
ਕੌਰਾਂ-ਚਲ, ਝਿੜਕ ਨਾ, ਅੰਞਾਣੀ ਜੂ ਹੋਈ (ਲਾਜੋ ਨੂੰ ਫੁਲਕਾਰੀ ਦੇ ਕੇ) ਲੈ, ਮਰ ਖਸਮੜਾ ਖਾਣੀ, ਖਰਾਬ ਨਾ ਕਰੀਂ ।
ਲਾਜੋ-(ਫੁਲਕਾਰੀ ਨੂੰ ਸਿਰ ਉੱਤੇ ਲੈ ਕੈ ਤੇ ਏਧਰ ਉਧਰ ਆਪਣੇ ਵਲ ਵੇਖ ਕੇ ਖੁਸ਼ੀ ਨਾਲ ਟਪਦੀ ਹੋਈ) ਆਹਾ ਜੀ, ਬੜੀ ਚੰਗੀ ਲਗਦੀ ਏ ।
ਕੌਰਾਂ-ਹੈਂ ! ਕੀ ਕਰਨੀ ਏਂ ? ਖਰਾਬ ਨਾ ਕਰ ।
ਲਾਜੋ-ਇਹ ਤਾਂ ਮੈਂ ਲੈ ਲੈਣੀ ਏਂ, ਮੈਨੂੰ ਬੜੀ ਚੰਗੀ ਲਗਦੀ ਏ ।
(ਪੀੜ੍ਹੀ ਉੱਤੇ ਬੈਠ ਜਾਂਦੀ ਏ ਤੇ ਫੁਲਕਾਰੀ ਦਾ ਇੱਕ ਖੂੰਜਾ ਕੱਢਣ ਲਗ ਪੈਂਦੀ ਏ)
ਹੁਸ਼ਿਆਰ ਚੰਦ-ਮੈਂ ਮੇਲੋ ਨੂੰ ਭੇਜਿਆ ਸੀ ਪਈ ਕੁਝ ਗਲ ਬਾਤ ਕਰ ਲਈਏ, ਸੋਈ ਏਸ ਛੋਕਰੀ ਨੇ ਵਿੱਚ ਰੌਲਾ ਪਾ ਦਿੱਤਾ ਏ ।
ਕੌਰਾਂ-ਚਲ ਛੱਡ ਇਹਨੂੰ ਹੁਣ, ਆਪੇ ਚੁਪ ਬੈਠੀ ਰਹੇਗੀ । ਹਾਂ, ਫੇਰ ਦੱਸ ਨਾ ਪਈ ਕਵਾਰਾ ਏ ਕਿ ਦੁਹਾਜੂ ?
ਹੁਸ਼ਿਆਰ ਚੰਦ-ਤੂੰ ਤਾਂ ਅੰਞਾਣਿਆਂ ਵਾਲੀਆਂ ਗੱਲਾਂ ਕਰਨੀ ਏਂ । ਭਲਾ ਚੰਗੇ ਘਰਾਂ ਦੇ ਮੁੰਡੇ ਕਵਾਰੇ ਬੈਠੇ ਰਹਿੰਦੇ ਨੇ ?
ਕੌਰਾਂ-ਤਾਂ ਫੇਰ ਦੁਹਾਜੂ ਹੋਇਆ ਨਾ! ਕੋਈ ਬਾਲ ਬੱਚਾ ਵੀ ਹੈ ?
ਹੁਸ਼ਿਆਰ ਚੰਦ-ਦੋ ਮੁੰਡੇ ਤੇ ਇਕ ਕੁੜੀ ।
ਕੌਰਾਂ-ਇਹ ਤਾਂ ਕੁਝ ਨਾ ਹੋਇਆ । ਲੋਕੀਂ ਕੀ ਕਹਿਣਗੇ ਪਈ ਸਾਨੂੰ ਕੋਈ ਕਵਾਰਾ ਨਹੀਂ ਸੀ ਮਿਲਦਾ ਜੇ ਦੁਹਾਜੂ ਦੇ ਲੜ ਲਾਈ ?
ਹੁਸ਼ਿਆਰ ਚੰਦ-ਲੋਕਾਂ ਨੂੰ ਕਹਿਣ ਦੇ ਜੋ ਕਹਿੰਦੇ ਨੇ । ਉਨ੍ਹਾਂ ਤਾਂ ਕਹਿਣਾ ਈ ਏ। ਕਦੀਂ ਸਾਰੀ ਦੁਨੀਆਂ ਨੂੰ ਵੀ ਕਿਸੇ ਨੇ ਖੁਸ਼ ਕੀਤਾ ਏ?
ਕੌਰਾਂ-ਮੈਂ ਇਹ ਕਹਿਣੀ ਆਂ ਸਾਡੇ ਸਾਕ ਅੰਗ ਕੀ ਕਹਿਣਗੇ ? ਸਾਰੇ ਮੈਨੂੰ ਛਿੱਬੀਆਂ ਦੇਣਗੇ । ਅਸੀਂ ਕਿਸੇ ਦੀ ਜਬਾਨ ਤਾਂ ਨਹੀਂ ਫੜ ਲੈਣੀ । ਘਰ ਘਰ ਗੱਲਾਂ ਹੋਣਗੀਆਂ ।
ਹੁਸ਼ਿਆਰ ਚੰਦ-ਤੂੰ ਇਨ੍ਹਾਂ ਭਰਮਾਂ ਵਿਚ ਪਈ ਰਹਿਣਾ ਏਂ ਤੇ ਸਾਕ ਹਥੋਂ ਨਿਕਲ ਜਾਣ ਏਂ । ਇਕ ਵੱਡੇ ਖਾਨਦਾਨ ਨਾਲ ਮਥਾ ਲੱਗਣ ਲੱਗਾ ਏ, ਸਗੋਂ ਸ਼ੁਕਰ ਕਰ । ਉਹਨੂੰ ਤਾਂ ਏਸ ਵੇਲੇ ਵੀਹ ਆਉਂਦੀਆਂ ਨੇ ।
ਕੌਰਾਂ-ਆਮਦਣ ਕਿੰਨੀ ਕੁ ਸੂ ?
ਹੁਸ਼ਿਆਰ ਚੰਦ-ਤੈਨੂੰ ਆਖਿਆ ਜੂ ਏ ਬੜੇ ਰੱਜੇ ਹੋਏ ਨੇ । ਆਪ ਜਿਲ੍ਹਾ ਕਚਹਿਰੀ ਵਿਚ ਨਾਜਰ ਸੀ। ਹੋਰ ਘਰ ਦੀਆਂ ਜ਼ਮੀਨਾਂ, ਖੂਹ, ਬਾਗ, ਜਾਇਦਾਤਾਂ । ਹੋਰ ਨਹੀਂ ਤਾਂ ਕੁੜੀ ਕਿਸੇ ਗੱਲੋਂ ਥੁੜੀ ਤਾਂ ਨਾ ਰਹੂ । ਗਊ ਉੱਥੇ ਛਡੀਏ ਜਿਥੇ ਘਾਹ ਹੋਵੇ । (ਉੱਠ ਖੜਾ ਹੁੰਦਾ ਹੈ)
ਕੌਰਾਂ-ਹਾਂ, ਇਹ ਤਾਂ ਠੀਕ ਏ ਪਰ ਲੋਕਾਂ ਦਾ ਮੂੰਹ ਰੱਖਣਾ ਵੀ ਔਖਾ ਏ । ਹੱਛਾ, ਸਾਡੇ ਕੀ ਵਸ ਏ ? ਸਭ ਸੰਜੋਗਾਂ ਦੇ ਹੱਥ ਏ ।
ਹੁਸ਼ਿਆਰ ਚੰਦ-ਕੁੜੀ ਸਾਡੀ ਬੜੇ ਭਾਗਾਂ ਵਾਲੀ ਏ । ਇਹਨੇ ਬੜਾ ਸੁਖ ਪਾਉਣਾ ਏਂ ।
ਕੌਰਾਂ-ਪਰ ਤੂੰ ਜਾਤ ਵੱਲੋਂ ਤਾਂ ਕੁਝ ਦਸਿਆ ਈ ਨਹੀਂ ।
ਹੁਸ਼ਿਆਰ ਚੰਦ-ਤੈਨੂੰ ਜੂ ਦਸਿਆ ਏ ਸਬ ਕੁਝ ਠੀਕ ਏ । ਜਾਤਾਂ ਸਾਡੀਆਂ ਰਲਦੀਆਂ ਮਿਲਦੀਆਂ ਨੇ, ਤੂੰ ਕੋਈ ਤੌਖਲਾ ਨਾ ਕਰ । ਬਾਕੀ ਤੈਨੂੰ ਮੈਂ ਫੇਰ ਦੱਸਾਂਗਾ। ਹੁਣ ਜਰਾ ਬਾਵੇ ਵੱਲੋਂ ਹੋ ਆਵਾਂ ।
(ਹੁਸ਼ਿਆਰ ਚੰਦ ਚਲਿਆ ਜਾਂਦਾ ਹੈ)

ਕੌਰਾਂ-(ਆਪਣੇ ਆਪ ਨਾਲ) ਸ਼ੁਕਰ ਏ, ਇਹ ਵੀ ਮੇਰਾ ਫਿਕਰ ਲੱਥਾ, ਕੁੜੀ ਆਪਣੇ ਘਰ ਵੱਸੂ ਰੱਸੂ । ਐਵੇਂ ਕਹਿੰਦੇ ਨੇ, ਰੱਬ ਥੰਮ੍ਹਾਂ ਚੋਂ ਬੌਹੜਦਾ ਏ । ਜੇ ਦਿਨ ਆਵਣ ਚੰਗੜੇ, ਭੁੱਜੇ ਉੱਗਣ ਮੋਠ । ਰਾਤ ਦਿਨ ਚਿੰਤਾ ਵਿਚ ਲੰਘਦਾ ਸੀ ਤੇ ਲਭ ਲਭ ਥੱਕ ਗਏ ਸਾਂ ਪਰ ਜਦੋਂ ਰਬ ਦੀ ਨਜਰ ਸਵੱਲੀ ਹੋਈ ਤਾਂ ਸਬ ਕੁਝ ਆਪੇ ਈ ਹੋ ਜਾਇਗਾ ।
(ਖੁਸ਼ੀ ਨਾਲ ਗਾਉਂਦੀ ਹੈ ਤੇ ਫੇਰ ਕੱਤਣਾ ਬੰਦ ਕਰਕੇ ਚਰਖੇ ਨੂੰ ਚੁੱਕ ਕੇ ਕੰਧ ਨਾਲ ਖੜਾ ਕਰ ਦਿੰਦੀ ਹੈ)
ਲਾਜੋ-(ਉੱਠ ਕੇ ਫੁਲਕਾਰੀ ਨੂੰ ਘਸੀਟਦੀ ਘਸੀਟਦੀ ਮਾਂ ਕੋਲ ਲੈ ਜਾਂਦੀ ਹੈ ਤੇ ਆਪਣਾ ਕਢਿਆ ਹੋਇਆ ਵਖਾ ਕੇ) ਵੇਖ ਮਾਂ, ਮੈਂ ਮੇਲੋ ਕੋਲੋਂ ਵੀ ਚੰਗਾ ਕਢਿਆ ਏ (ਉਂਗਲ ਨਾਲ ਵਖਾ ਕੇ) ਹੈ ਨਾ ਬੜਾ ਸੋਹਣਾ ।
ਕੌਰਾਂ-(ਵੇਖ ਕੇ ਤੇ ਖਿਜ ਕੇ) ਕੀ ਕਢਿਆ ਈ, ਸਿਰ ਖਸਮ ਦਾ ? ਆਖਿਆ ਸੀ ਪਈ ਨਾ ਕਢ, ਸਾਰਾ ਖਰਾਬ ਕਰ ਦਿੱਤਾ ਈ ।

ਲਾਜੋ-ਤੈਨੂੰ ਤਾਂ ਵੇਖਣ ਦੀ ਜਾਚ ਨਹੀ ਮਾਂ । ਮੈਨੂੰ ਤਾਂ ਬੜਾ ਈ ਚੰਗਾ ਲਗਦਾ ਏ । ਮੈਂ ਆਪਣੀਆਂ ਗੁੱਡੀਆਂ ਲਈ ਸਾਰੇ ਪਟੋਲੇ ਕਢ ਲੈਣੇ ਨੇ । ਜਦੋਂ ਉਨ੍ਹਾਂ ਦਾ ਵਿਆਹ ਕਰੂੰ ਤਾਂ ਦਾਜ ਵਿਚ ਦਊਂ ।

ਕੌਰਾਂ-ਕਮਲੀ ਜਹੀ । ਗੁੱਡੀਆਂ ਦੇ ਸਿਰ ਮੁੰਨ ਛਡ ਪਰੇ । (ਬੈਠ ਕੇ ਲਾਜੋ ਨੂੰ ਗੋਦੀ ਵਿਚ ਲੈ ਲੈਂਦੀ ਹੈ)

ਲਾਜੋ-ਮੇਰੀਆਂ ਗੁੱਡੀਆਂ ਨੂੰ ਗਾਲਾਂ ਨਾ ਕੱਢ ਭਲਾ ।

(ਬਾਹਰੋਂ ਦਰਵਾਜਾ ਖੜਕਣ ਦੀ ਆਵਾਜ਼ ਆਉਂਦੀ ਹੈ)

ਆਵਾਜ-(ਸਟੇਜ ਤੋਂ ਪਰੇ) ਬੇਬੇ ਜੀ, ਭਾਜੀ !

ਕੌਰਾਂ-ਲਾਜੋ ਵੇਖ ਖਾਂ, ਕੌਣ ਏਂ ? ਨੈਣ ਜਾਪਦੀ ਏ ।

(ਲਾਜੋ ਦਰਵਾਜੇ ਕੋਲ ਜਾਂਦੀ ਹੈ ਤੇ ਨੈਣ ਨੂੰ ਚਾਦਰ ਤੋਂ ਫੜੀ ਲਈ ਆਉਂਦੀ ਹੈ)

ਲਾਜੋ-ਮਾਂ, ਇਹ ਉਹੋ ਈ ਊ ਜਿਹੜੀ ਅੱਗੇ ਵੀ ਇੱਕ ਵਾਰੀ ਆਈ ਸੀ ।

ਕੌਰਾਂ-ਆ, ਰਾਣੀ ਬੜੇ ਚਿਰਾਂ ਪਿਛੋਂ ਆਈ ਏਂ, ਕੀ ਗੱਲ ਏ ?

ਨੈਣ-ਭਲਾ ਬੇਬੇ ਜਿਨ੍ਹਾਂ ਦਾ ਰੋਜ ਦਿੱਤਾ ਖਾਣਾ ਹੋਇਆ ਉਨ੍ਹਾਂ ਦੇ ਨਹੀਂ ਆਉਣਾ ਤਾਂ ਫੇਰ ਜਾਣਾ ਕਿਨ੍ਹਾਂ ਦੇ ਹੋਇਆ ? ਇਹ ਪਿੱਛੇ ਜਿਹੇ ਮੈਂ ਭਗਤਾਂ ਦੇ ਸੌਹਰੇ ਗਈ ਹੋਈ ਸਾਂ ।

(ਜ਼ਮੀਨ ਉਤੇ ਬੈਠ ਜਾਂਦੀ ਹੈ ਤੇ ਭਾਜੀ ਦਿੰਦੀ ਹੈ)

ਕੌਰਾਂ-ਹੈਂ, ਭੁੰਜੇ ਕਿਉਂ ਬੈਹਣਾ ਸੀ ? ਪੀੜ੍ਹੀ ਦਾ ਸਿਰ ਤੇ ਨਹੀਂ ਦੁਖਦਾ, ਇਹਦੇ ਉੱਤੇ ਬਹੋ (ਭਾਜੀ ਵਲ ਇਸ਼ਾਰਾ ਕਰਕੇ) ਕਿਨ੍ਹਾਂ ਦਿਉਂ ਆਈ ਏ ?

ਨੈਣ-ਬੇਬੇ, ਮੁੰਡਾ ਹੋਇਆ ਏ ਨਾ ਭਗਤਾਂ ਦੇ, ਇਹ ਪਿੱਛੇ ਜਿਹੇ ਰੀਤਾਂ ਚੜ੍ਹੀਆਂ ਸੀ ਨਾ । ਉਹਦੀ ਮਾਂ ਨੇ ਏਸ ਗੱਲ ਦੀ ਬੜੀ ਖੁਸ਼ੀ ਕੀਤੀ ਏ । ਭਾਜੀ ਵੰਡੀ ਏ ਤੇ ਗਾਉਣ ਬਹਾਇਆ ਏ, ਤੁਹਾਨੂੰ ਵੀ ਨਾਲੇ ਸੱਦਾ ਜੈ ।

ਕੌਰਾਂ-ਕਿਉਂ ਨਾ ਖੁਸ਼ੀਆਂ ਕਰੇ, ਪਲੇਠੀ ਦਾ ਦੋਹਤਰਾ ਹੋਇਆ ਏ । ਬੜੇ ਭਾਗਾਂ ਵਾਲੀ ਏ । ਸੋ ਹੁਣ ਭਗਤਾਂ ਵੀ ਮੁੰਡੇ ਦੀ ਮਾਂ ਬਣ ਗਈ ਏ । (ਇਕ ਨਿੱਕਾ ਜਿਹਾ ਬੇ-ਮਲੂਮਾ ਹੌਕਾ ਲੈ ਕੇ) ਵੇਖਾ ! ਸਾਡੀ ਮੇਲੋ ਦੀ ਹਵਾਨਣ ਏਂ!

ਨੈਣ-ਤੇ ਬੇਬੇ ਤੁਸੀਂ ਮੇਲੋ ਦਾ ਵਿਆਹ ਕਿਉਂ ਨਹੀਂ ਕਰਦੇ ? ਸੁਖ ਨਾਲ ਉਹਦੇ ਨਾ ਅਜ ਨੂੰ ਅੰਵਾਣਾ ਹੁੰਦਾ ।

ਕੌਰਾਂ-ਅਸੀਂ ਤਾਂ ਬੜੀਆਂ ਮੁੱਦਤਾਂ, ਦੇ ਢੂੰਡ ਤਲਾਸ਼ ਵਿਚ ਲੱਗੇ ਹੋਏ ਸਾਂ ਪਰ ਕੰਮ ਦਾ ਮੁੰਡਾ ਮਿਲਦਾ ਨਹੀਂ ਸੀ । ਹੁਣ ਮੇਲੋ ਦੇ ਭਾਈਏ ਨੇ ਬੜਾ ਸੋਧ ਸੋਧ ਕੇ ਮੁੰਡਾ ਲਭ ਲਿਆ ਏ, ਜੰਡ ਪੁਰੇ ।

ਨੈਣ-ਇਹ ਉਹੋ ਜੰਡ ਪੁਰਾ ਤਾਂ ਨਹੀ ਜਿਹੜਾ ਮੇਰੇ ਪੇਕੇ ਪਿੰਡ ਦੇ ਕੋਲ ਏ ?

ਕੌਰਾਂ-ਇਹ ਤਾਂ ਮੈਨੂੰ ਪਤਾ ਨਹੀਂ, ਪਰ ਸੁਣਿਆ ਏ ਪਈ ਏਧਰ ਕਰਕੇ ਉੱਨੀ ਵੀਹ ਕੋਹਾਂ ਤੇ ਏ ।

ਨੈਣ-ਹਾਂ, ਹਾਂ, ਠੀਕ ਏ ਆ ਗਿਆ ਏ ਮੈਨੂੰ ਯਾਦ । ਹੈ ਓਥੇ ਇਕ ਚੰਗਾ ਘਰ ।

ਕੌਰਾਂ-ਦਸ ਫੇਰ ਉਥੋਂ ਦੀ ਕੁਝ ਗਲ ਬਾਤ ।

ਨੈਣ-ਮੈਨੂੰ ਪੱਕੀ ਤਾਂ ਕੁਝ ਯਾਦ ਨਹੀਂ ਕਿਉਂ ਜੁ ਮੈਨੂੰ ਓਥੇ ਗਿਆਂ ਬੜਾ ਚਿਰ ਹੋ ਗਿਆ ਏ । ਪਰ ਸੁਣਨ ਵਿਚ ਬਥੇਰੀਆਂ ਆਈਆਂ ਨੇ। ਕਹਿੰਦੇ-ਨੇ ਬੜੇ ਰੱਜੇ ਹੋਏ ਨੇ । ਆਪੂੰ ਉਹ ਪਿਨਸ਼ਨ ਪਾਉਂਦਾ ਏ।

ਕੌਰਾਂ-ਪਿਨਸ਼ਨ ਪਾਉਂਦਾ ਏ ! ਪਰ ਉਹਦੀ ਉਮਰ ਕੇਡੀ ਕੁ ਏ ?

ਨੈਣ-ਠੀਕ ਤਾਂ ਪਤਾ ਨਹੀਂ । ਕਹਿੰਦੇ ਨੇ ਪੁਤਰਾਂ ਧੀਆਂ ਵਾਲਾ ਏ ।

ਕੌਰਾਂ-ਮੇਲੋ ਦੇ ਭਾਈਏ ਵੀ ਇਹ ਗਲ ਤਾਂ ਮੈਨੂੰ ਦੱਸੀ ਸੀ । ਡਰਨੇ ਆਂ ਪਈ ਲੋਕੀਂ ਕੀ ਕਹਿਣਗੇ । ਰਾਣੀ, ਤਦ ਵੀ ਉਮਰ ਵੱਲੋਂ ਕੁਝ ਤਾਂ ਦੱਸ ।

ਨੈਣ-ਉਮਰ ਤਾਂ ਸੁਖ ਨਾਲ ਚੋਖੀ ਹੋਈ ਏ । ਦੋ ਮੁੰਡੇ ਨੌਕਰ ਨੇ ਤੇ ਪਿਛਲੇ ਵਰ੍ਹੇ ਧੀ ਦਾ ਵਿਆਹ ਵੀ ਕੀੜਾ ਸੂ ।

ਕੌਰਾਂ-ਹੈਂ ! ਹੈਂ! ਸ਼ੁਕਰ ਏ ਕਿਤੇ ਸ਼ਗਨ ਨਹੀ ਘਲ ਬੈਠੇ । ਮੇਲੋ ਦੇ ਭਾਈਏ ਤਾਂ ਮੈਨੂੰ ਇਹ ਕੁਝ ਨਹੀਂ ਦੱਸਿਆ ।

ਨੈਣ-ਪਰ ਉਂਜ ਜਾਇਦਾਤ ਵਾਲਾ ਬੜਾ ਏ ।

ਕੌਰਾਂ-ਅੱਗ ਲਾ ਇਹੋ ਜਿਹੀ ਜਾਇਦਾਤ ਨੂੰ ! ਪਰ ਮੈਨੂੰ ਇਹ ਸਮਝ ਨਹੀਂ ਆਉਂਦਾ ਪਈ ਏਡੀ ਵਡੇਰੀ ਉਮਰ ਉੱਤੋਂ ਹੁਣ ਉਹ ਵਿਆਹ ਕਿਉਂ ਕਰਦਾ ਏ ? ਉਹ ਤਾਂ ਅੱਗੇ ਈ ਪੁੱਤਰਾਂ ਧੀਆਂ ਵਾਲਾ ਏ ।

ਨੈਣ-ਬੇਬੇ, ਗੱਲ ਹੋਰ ਏ। ਹੁਣ ਤੇਰੇ ਕੋਲ ਕੀ ਲੁਕਾ ਏ ? ਜਦੋ ਪਿਛਲੀ ਵਾਰੀ ਮੈਂ ਪੇਕੇ ਗਈ ਸਾਂ ਤਾਂ ਆਪਣੇ ਲਾਲੇ ਦੀ ਜਬਾਨੀ ਸੁਣਿਆ ਸੀ । ਉਹ ਉੱਥੇ ਆਉਂਦਾ ਜਾਂਦਾ ਰਹਿੰਦਾ ਏ । ਪਿੰਡ ਲਾਗੇ ਜੁ ਹੋਇਆ । ਆਖਦੇ ਨੇ ਕਿਤੇ ਪਿਉ ਪੁਤਰਾਂ ਵਿਚ ਬੋਲ ਬੁਲਾਰਾ ਦੋ ਗਿਆ ਤੇ ਵਡੇ ਪੁਤਰ ਨੇ ਬੋਲੀ ਮਾਰੀ ਪਈ ਚੰਗਾ ਹੁਨ ਹੋਰ ਕਿਹੜਾ ਜਾਇਜਾਤ ਵੰਡਾਉਣ ਵਾਲਾ ਜੰਮ ਪੈਣਾ ਏਂ। ਪਿਉ ਨੂੰ ਏਸ ਗੱਲੋਂ ਗੱਚ ਚੜ੍ਹਿਆ ਤੇ ਉਹ ਹੁਣ ਜਿਦੇ ਚੜ੍ਹ ਕੇ ਵਿਆਹ ਕਰਾਉਣ ਲੱਗਾ ਏ ਪਈ ਛੇਤੀ ਨਾਲ ਸਾਰੀ ਤੇ ਨਾ ਸਾਂਭ ਲੈਣਗੇ । ਇਹ ਤਾਂ ਸਾਰੀ ਗਲ ਜਿਦ ਦੀ ਏ।

ਕੌਰਾਂ-(ਉਂਗਲ ਮੂੰਹ ਵਿਚ ਪਾਕੇ ਤੇ ਸਿਰ ਹਲਾ ਕੇ) ਹਾਏ ! ਹਾਏ ! ਬੁੱਢੇ ਵਾਰੇ ਮਤ ਮਾਰੀ ਗਈ ! ਧੌਲਾ ਝਾਟਾ ਤੇ ਆਟਾ ਖਰਾਬ ! ਪਰ ਰਾਣੀ, ਇਹ ਗਲ ਹੈ ਸੱਚੀ ?

ਨੈਣ-ਬੇਬੇ, ਕੀ ਕਹਿਵਾਂ, ਸਚ ਏ ਕਿ ਝੂਠ ? ਸੁਨਣੇ ਵਿਚ ਏਸੇ ਤਰ੍ਹਾਂ ਆਈ ਏ।

ਕੌਰਾਂ-ਠੀਕ ਹੋਣਾ ਏ, ਠੀਕ ਹੋਣਾ ਏ। ਖਲਕਤ ਏਵੇਂ ਨਹੀਂ ਲੈ ਉੱਠਦੀ ।

ਨੈਣ-ਬੇਬੇ, ਸਭ ਕੁਝ ਸੰਜੋਗਾਂ ਦੇ ਵੱਸ ਏ। ਬੰਦਾ ਕੀ ਕਰ ਸਕਦਾ ਏ ? ਹੱਛਾ, ਮੈਂ ਹੁਣ ਚਲਨੀ ਆਂ, ਅਜੇ ਮੈਂ ਬਹੁਤੀਂ ਘਰੀ ਜਾਣਾ ਏ ।

ਕੌਰਾਂ-ਹਾਏ, ਜਾਨ ਬੜੀ ਦੁਖ ਦੇ ਮੂੰਹ ਆਈ ਏ !

ਨੈਣ-ਨਹੀਂ ਬੇਬੇ, ਏਡੀ ਘਾਬਰਨ ਦੀ ਕੀ ਲੋੜ ਏ ? ਵਰ ਹੋਰ ਬਥੇਰੇ । ਕੁੜੀਆਂ ਵੀ ਕਦੀ ਕਵਾਰੀਆਂ ਰਹੀਆਂ ਨੇ ?

(ਤੁਰਨ ਲਈ ਉੱਠਦੀ ਹੈ)

ਕੌਰਾਂ-(ਉੱਠ ਕੇ ਤੇ ਨੈਣ ਦੇ ਕੋਲ ਜਾ ਕੇ) ਵੇਖੇਂ ਨਾ ਰਾਣੀ, ਸਾਡੇ ਤੁਹਾਡੇ ਲੋਕਾਂ ਦੇ ਪੜਦੇ ਇਕ ਹੁੰਦੇ ਨੇ । ਵੇਖੀਂ, ਅੱਗੇ ਨਾ ਗੱਲ ਕਰੀਂ ਕਿਤੇ, ਨਹੀਂ ਤਾਂ ਸਾਰੇ ਉਡ ਜਾਇਗੀ । ਤੇ ਇੱਜਤ ਲੱਖੀਂ ਤੇ ਹਜ਼ਾਰੀਂ ਹੱਥ ਨਹੀ ਆਉਂਦੀ ।

ਨੈਣ-ਨਹੀਂ ਬੇਬੇ, ਤੂੰ ਤਸੱਲੀ ਰੱਖ । ਅਸੀਂ ਇਹੋ ਜਿਹੇ ਲੋਕੀ ਨਹੀਂ । ਸਾਨੂੰ ਸਾਰਿਆਂ ਦੀਆਂ ਗੱਲਾਂ ਦਾ ਪਤਾ ਏ । ਜੇ ਏਦਾਂ ਅਸੀਂ ਦਸਦੇ ਫਿਰੀਏ ਤਾਂ ਗੁਜ਼ਾਰਾ ਕਿੱਦਾਂ ਚੱਲੇ ?

ਕੌਰਾਂ-ਹੱਛਾ ਰਾਣੀ, ਚੇਤਾ ਰੱਖੀਂ, ਭੁੱਲੀਂ ਨਾ ।

ਨੈਣ-ਤੂੰ ਜਰਾ ਵੀ ਤੌਖਲਾ ਨਾ ਕਰ ।

(ਨੈਣ ਚਲੀ ਜਾਂਦੀ ਹੈ)

ਕੌਰਾਂ-ਵੇਖੋ, ਕੋਈ ਕਰਮਾਂ ਦੀ ਗਲ ਜੇ ! ਜਿਹੜਾ ਢੋ ਬਣਾਉਣੇ ਆਂ ਉਹਦੇ ਵਿਚ ਈ ਕੋਈ ਵਿਘਨ ਪੈ ਜਾਂਦਾ ਏ। ਬੜੇ ਵਖਤਾਂ ਨਾਲ ਕੁਝ ਸਬਬ ਬਣਿਆ ਸੀ, ਸੋ ਇਹਦੇ ਤੋਂ ਵੀ ਜੀ ਖੱਟਾ ਹੋ ਗਿਆ । ਸਗੋਂ ਉਲਟੀ ਚਿੰਤਾ ਚੰਬੜ ਗਈ ਏ ਪਈ ਜੇ ਨੈਣ ਨੇ ਕਿਤੇ ਅੱਗੇ ਗੱਲ ਕਰ ਦਿੱਤੀ ਤਾਂ ਸਾਰੇ ਉੱਡ ਜਾਊ । ਘਰੋਂ ਖਾਲੀ ਨਹੀਂ ਸੀ ਜਾਣ ਦੇਣਾ ਚਾਹੀਦਾ।ਹੱਛਾ, ਹੁਣ ਜਾ ਕੇ ਕੁਝ ਦੇ ਆਉਨੀ ਆਂ । (ਸੰਦੂਕ ਖੋਲ੍ਹ ਕੇ ਉਹਦੇ ਵਿਚੋਂ ਇਕ ਚੁੰਨੀ ਕੱਢਦੀ ਏ ਤੇ ਥੋੜ੍ਹੇ ਜਿਹੇ ਚੌਲ ਉਹਦੇ ਲੜ ਬੰਨ੍ਹ ਲੈਂਦੀ ਹੈ) ਲਾਜੋ, ਤੂੰ ਇਥੇ ਰਹੋ । ਜਦੋਂ ਤੇਰਾ ਭਾਈਆ ਆਵੇ ਤਾਂ ਉਹਨੂੰ ਕਹੀਂ ਪਈ ਮੈਂ ਹੁਣੇ ਈ ਆਉਨੀ ਆਂ ।

ਲਾਜੋ-ਨਾ, ਨਾ, ਮੈਂ ਵੀ ਨਾਲ ਚੱਲੂੰ, ਮੈਂ ਕੱਲੀ ਨਹੀਂ ਬੈਹਣਾ ਏਥੇ ।

ਕੌਰਾਂ-ਮੈਂ ਆਈ ਕਿ ਆਈ, ਤੂੰ ਬੈਠ ਇਥੇ । ਚਲ ਉੱਥੋਂ ਚੀਜੀ ਲੈ ਲੈ ਤੇ ਨਾਲੇ ਗੁੱਡੀਆਂ ਨਾਲ ਖੇਡ ।

ਲਾਜੋ-(ਚੀਜੀ ਵਲੋਂ ਖੁਸ਼ ਹੋ ਕੇ) ਹੱਛਾ, ਹੱਛਾ, ਛੇਤੀ ਆਵੀਂ

(ਆਪਣੀਆਂ ਗੁੱਡੀਆਂ ਵੱਲ ਦੌੜ ਜਾਂਦੀ ਹੈ) (ਕੌਰਾਂ ਚਲੀ ਜਾਂਦੀ ਹੈ)

ਲਾਜੋ-ਆਹਾ ਜੀ, ਅਸੀਂ ਗੁਡੀਆਂ ਨੂੰ ਨਵੇ ਕਪੜੇ ਪਾਵਾਂਗੇ (ਗੁਡੀਆਂ ਨੂੰ ਪੱਛੀ ਵਿਚੋਂ ਕਢਦੀ ਹੈ) ਬੈਹ ਜਾ (ਗੁੱਡੀ ਡਿੱਗ ਪੈਂਦੀ ਹੈ) ਕਿਉਂ ਨੀ, ਰੁਸ ਗਈ ਏ ? (ਉਹਨੂੰ ਫੇਰ ਚੁੱਕ ਕੇ ਬਿਠਾਲਦੀ ਹੈ) ਬੈਹ ਜਾ, ਬੈਹ ਜਾ, ਮੈਂ ਤੈਨੂੰ ਚੀਜੀ ਦਵਾਂਗੀ । (ਗੁੱਡੀ ਫੇਰ ਡਿੱਗ ਪੈਂਦੀ ਹੈ) ਨੀ ਅਜੇ ਵੀ ਰੁੱਸੀ ਪਈ ਏਂ? ਜਾਂ ਫੇਰ ਸਿੱਧਾ ਕਹੁ ਪਈ ਨੀਂਦਰ ਆਈ ਏ। (ਗੁੱਡੀ ਨੂੰ ਜ਼ਮੀਨ ਉਤੇ ਲਿਟਾ ਕੇ ਦੋਹਾਂ ਹਥਾਂ ਨਾਲ ਥਾਪੜਦੀ ਹੈ) ਚੰਗਾ, ਸੌਂ ਜਾ ਭਲਾ। (ਇਕ ਹੋਰ ਗੁੱਡੀ ਨੂੰ ਕੱਢ ਕੇ ਬਿਠਾਲਦੀ ਹੈ । ਉਹ ਵੀ ਡਿੱਗ ਪੈਂਦੀ ਹੈ) ਨੀ ਤੂੰ ਵੀ ਰੁੱਸ ਗਈ ? ਚੰਗਾ, ਮੈਂ ਤੇਰਾ ਵਿਆਹ ਕਰ ਦੇਨੀ ਆਂ । (ਦੋ ਹੋਰ ਗੁੱਡੀਆਂ ਕਢ ਕੇ, ਇਕ ਵੱਡੀ ਹੈ ਤੇ ਇੱਕ ਛੋਟੀ, ਦੋਹਾਂ ਨੂੰ ਚੰਗੀ ਤਰ੍ਹਾਂ ਵੇਖ ਕੇ) ਇਹਦੇ ਨਾਲ ਕਿ ਇਹਦੇ ਨਾਲ ? ਇਹਦੇ ਨਾਲ । (ਦੋਹਾਂ ਨੂੰ ਜ਼ਮੀਨ ਤੇ ਬਿਠਾਲ ਕੇ) ਉਂ ਹੂੰ, ਇਹ ਨਿੱਕੀ ਏ, ਉਹਦੇ ਨਾਲ ਸਹੀ, ਉਹ ਵੱਡੀ ਏ । (ਗੁੱਡੀਆਂ ਨੂੰ ਬਦਲ ਦੇਂਦੀ ਹੈ)

(ਹੁਸ਼ਿਆਰ ਚੰਦ ਆਉਂਦਾ ਹੈ)

ਹੁਸ਼ਿਆਰ ਚੰਦ-ਮੁੰਨੀ, ਮਾਂ ਕਿੱਥੇ ਈ ?

ਲਾਜੋ-(ਹੈਰਾਨ ਹੋ ਕੇ ਸਿਰ ਚੁੱਕ ਕੇ ਪਿਓ ਵਲ ਵੇਖਦੀ ਹੈ) ਕਹਿੰਦੀ ਸੀ, ਹੁਣੇ ਆਉਨੀ ਆਂ ।

ਹੁਸ਼ਿਆਰ ਚੰਦ-ਮੈਾਂ ਪੁੱਛਨਾ ਆਂ ਉਹ ਹੈ ਕਿੱਥੇ ?

ਲਾਜੋ-ਉਹ ਕਹਿੰਦੀ ਸੀ ਮੈਂੱ ਛੇਤੀ ਆਵਾਂਗੀ। ਭਾਈਆ ਆਵੇ ਤੇ ਉਹਨੂੰ ਕਹਿ ਦਈਂ ਮੈਂ ਛੇਤੀ ਆਵਾਂਗੀ ।

ਹੁਸ਼ਿਆਰ ਚੰਦ-ਕੇਡੀ ਕਮਲੀ ਏ । ਜਾ, ਸਦ ਲਿਆ, ਉਹਨੂੰ ਕਹੁ ਛੇਤੀ ਆਵੇ ।

ਲਾਜੋ-ਠਹਿਰ ਜਾ, ਮੈਂ ਗੁਡੀਆਂ ਨੂੰ ਰੱਖ ਕੇ ਜਾਊਂ ।

ਹੁਸ਼ਿਆਰ ਚੰਦ-ਭੱਜ ਕੇ ਜਾ, ਛੇਤੀ ।

ਲਾਜੋ-(ਦੌੜੀ ਜਾਂਦੀ ਹੈ) ਬੇਬੇ !

ਹੁਸ਼ਿਆਰ ਚੰਦ-ਜਦੋਂ ਵੇਖੋ ਓਦੋਂ ਬਾਹਰ, ਪਤਾ ਨਹੀਂ ਬੁੱਢੀਆਂ ਦੇ ਘਰ ਪੈਰ ਕਿਉਂ ਨਹੀਂ ਲਗਦੇ ।

(ਲਾਜੋ ਤੇ ਕੌਰਾਂ ਆਉਂਦੀਆਂ ਹਨ)

ਲਾਜੋ-(ਮਾਂ ਨੂੰ ਦੁਪੱਟੇ ਤੋਂ ਫੜੀ ਆਉਂਦੀ ਹੈ) ਲੈ, ਭਾਈਆ, ਆ ਗਈ ਊ। ਇਹ ਅੱਗੇ ਈ ਹੋਲੀ ਹੋਲੀ ਆਉਂਦੀ ਸੀ ਪਈ । (ਆਪਣੀਆਂ ਗੁੱਡੀਆਂ ਵੱਲ ਚਲੀ ਜਾਂਦੀ ਹੈ)

ਹੁਸ਼ਿਆਰ ਚੰਦ-ਤੂੰ ਕਿੱਥੇ ਜਾ ਕੇ ਬੈਹ ਗਈ ਸੈਂ ?

ਕੌਰਾਂ-ਤੇਰੇ ਕਾਰੇ ਮੈਨੂੰ ਜਹਿਰ ਲਗਦੇ ਨੇ । ਤੂੰ ਮੈਨੂੰ ਕੋਈ ਗੱਲ ਠੀਕ ਨਹੀਂ ਦਸਦਾ, ਜਦੋਂ ਦਸਨਾ ਏਂ, ਝੂਠ ਦਸਨਾ ਏਂ । ਮੈਂ ਤੇਰੇ ਹੱਥੋਂ ਸਤ ਗਈ ਆਂ ।

ਹੁਸ਼ਿਆਰ ਚੰਦ-ਕੀ ਹੋ ਗਿਆ ਏ ਤੈਨੂੰ ? ਭੰਗ ਪੀਤੀ ਊ ਕਿ ਕੁਝ ਚੰਬੜ ਗਿਆ ਈ ਕਿਤੇ ? ਕਿਉਂ ਏਡਾ ਰੌਲਾ ਪਾਉਣ ਡਈ ਹੋਈ ਏਂ ਐਵੇਂ ?

ਕੌਰਾਂ-ਜੇ ਉਹ ਮੈਨੂੰ ਨਾ ਦਸਦੀ ਤਾਂ ਖਬਰ ਏ ਕੀ ਹੋ ਜਾਣਾ ਸੀ ? ਤੂੰ ਮੇਰਾ ਜੀ ਸਾੜ ਸੁੱਟਿਆ ਏ।

ਹੁਸ਼ਿਆਰ ਚੰਦ-ਪਰ ਤੂੰ ਗੱਲ ਤਾਂ ਦੱਸ ਹੋਇਆ ਕੀ ਏ ?

ਕੌਰਾਂ-ਸੁਣ ਲੈ ਮੇਰੀ ਇੱਕੋ ਗੱਲ, ਏਧਰ ਦਾ ਸੂਰਜ ਓਧਰ ਹੋ ਜਾਏ ਪਰ ਮੈਂ ਤੈਨੂੰ ਆਪਣੀ ਮੋਰਨੀ ਵਰਗੀ ਧੀ ਦਾ ਗਲ ਨਹੀਂ ਵੱਢਣ ਦੇਣਾ । ਅਸੀਂ ਜੰਡਪੁਰੇ ਵਾਲਾ ਸਾਕ ਨਹੀਂ ਕਰਨਾ । ਮੈ ਸਭੇ ਕੁਝ ਸੁਣ ਬੈਠੀ ਆਂ ।

ਹੁਸ਼ਿਆਰ ਚੰਦ-ਕਿਹੜੀ ਖਸਮਖਾਣੀ ਤੇਰੇ ਕੰਨ ਭਰ ਗਈ ਏ ? ਦਸ ਖਾਂ ਮੈਂ ਉਹਨੂੰ ਗੁੱਤੋਂ ਫੜਾਂ ।

ਕੌਰਾਂ-ਬਸ, ਮੈਂ ਤੈਨੂੰ ਕਹਿ ਦਿੱਤਾ ਈ । ਮੈਂ ਬੁੱਢੇ ਦੇ ਲੜ ਧੀ ਨਹੀਂ ਲਾਉਣੀ ।ਮੈਂ ਲੋਕਾਂ ਨੂੰ ਕੀ ਮੂੰਹ ਵਖਾਵਾਂਗੀ ।

ਹੁਸ਼ਿਆਰ ਚੰਦ-ਹੈਂ ਵੇਖੋ, ਬਕਰੀ ਜਾਨੋ ਗਈ ਤੇ ਖਾਣ ਵਾਲਿਆਂ ਸਵਾਦ ਨਾ ਪਾਇਆਂ । ਰੋਜ ਕਹਿੰਦੀ ਸੀ ਤੇ ਮੈਂ ਢੂੰਡ ਤਲਾਸ਼ ਵਿਚ ਖਪ ਗਿਆ ਆਂ, ਤੇ ਜੇ ਹੁਣ ਮਰ ਮਰ ਕੇ ਸਾਕ ਲੱਭਿਆ ਏ ਤਾਂ ਉਲਟਾ ਮੇਰੇ ਸਿਰ ਹੋਣ ਡਈ ਏ ।

ਕੌਰਾਂ-ਮੈਥੋਂ ਇਹ ਨਮੋਸ਼ੀ ਨਹੀਂ ਜਰੀ ਜਾਂਦੀ । ਕਿੱਦਾਂ ਮੂੰਹ ਵਖਾਵਾਂਗੇ ਅਸੀਂ ਕਿਤੇ ? ਤੂੰ ਮੈਨੂੰ ਪਹਿਲੋਂ ਈ ਕਿਉਂ ਨਹੀਂ ਠੀਕ ਦਸਿਆ ? ਮੈਂ ਇਹ ਸਾਕ ਕਦੀ ਨਹੀਂ ਮੰਨਣਾ ।

ਹੁਸ਼ਿਆਰ ਚੰਦ-ਚੰਗਾ, ਨਹੀਂ ਮੰਨਣਾ ਤਾਂ ਨਾਂ ਮੰਨ । ਗੱਲ ਤੇਰੇ ਉੱਤੇ ਨਹੀਂ ਅੜੀ ਬੈਠੀ । ਮੈਂ ਆਪਣਾ ਫਾਇਦਾ ਵੇਖਾਂ ਕਿ ਤੈਨੂੰ ਮਨਾਉਂਦਾ ਫਿਰਾਂ । ਮੈਨੂੰ ਪਤਾ ਸੀ ਤੂੰ ਇਵੇਂ ਕਰਨਾ ਏਂ ਤੇ ਇਹਦਾ ਬੰਦੋਬਸਤ ਮੈਂ ਪਹਿਲੇ ਈ ਕਰ ਲਿਆ ਹੋਇਆ ਏ । ਹੁਣ ਮੰਨ ਭਾਵੇ ਨਾ ਮੰਨ, ਮੈਂ ਸ਼ਗਨ ਅੱਗੇ ਈ ਭੇਜ ਛਡਿਆ ਹੋਇਆ ਏ ਤੇ ਵਿਆਹ ਦੀਆਂ ਤਿਆਰੀਆਂ ਵੀ ਸਾਰੀਆਂ ਠੀਕ ਠਾਕ ਨੇ । ਮਰਦ ਜਨਾਨੀਆਂ ਦੀਆਂ ਸਲਾਹਾਂ ਲੈਣ ਲੱਗਣ ਤਾਂ ਢੇਰ ਪੂਰੀਆਂ ਪਾਉਣ ।

ਕੌਰਾਂ-ਵਿਆਹ ਦੇ ਫੇਰ ਜਿਹੜੀ ਮਾਂ ਨੂੰ ਵਿਆਹੁਣਾ ਈ। ਮੈਂ ਮੇਲੋ ਨੂੰ ਲੈ ਕੇ ਕੱਲ੍ਹ ਪੇਕੇ ਚਲੀ ਜਾਵਾਂਗੀ । ਤੇ ਮੁੜ ਤੇਰਾ ਕਦੀ ਮੂੰਹ ਨਾ ਵੇਖਾਂਗੀ ।

ਹੁਸ਼ਿਆਰ ਚੰਦ-ਵਾਹ, ਵਾਹ ! ਕੱਲ੍ਹ ਜਾਂਦੀ ਤੂੰ ਮੇਰੀ ਵੱਲੋਂ ਅਜ ਈ ਚਲੀ ਜਾ, ਸਗੋਂ ਚੰਗਾ । ਜੰਜ ਆਉਣ ਵਾਲੀ ਏ ਤੇ ਲਾਵਾਂ ਅਜ ਰਾਤ ਈ ਹੋ ਜਾਣੀਆਂ ਨੇਂ । ਜਾ, ਸੌ ਵਾਰੀ ਜਾ, ਹੁਣ ਤੈਨੂੰ ਜੰਞਦਿਆਂ ਦੀ ਸੁਗੰਦ ਈ ਜੇ ਅਟਕੇਂ ਤਾਂ । ਜਾ, ਜਾ, ਹੁਣ ਪਾਂਧਾ ਨਾ ਪੁਛ !

ਕੌਰਾਂ-ਹਾਏ ਵੇ, ਮੈਂ ਤਾਂ ਜੀਊਂਦੀ ਮਰ ਗਈ ! ਨਿਜ ਤੇਰੇ ਲੜ ਲਗਦੀ ! ਮੈਂ ਫਾਹ ਲੈ ਲਊਂ, ਤੇਰੇ ਸਿਰ ਚੜ੍ਹ ਕੇ ਮਰ ਜਾਊਂ (ਏਸ ਵੇਲੇ ਮੇਲੋ ਆਉਂਦੀ ਹੈ ਤੇ ਦਰਵਾਜ਼ੇ ਪਿੱਛੇ ਲੁਕ ਕੇ ਇਹ ਗੱਲਾਂ ਸੁਣਦੀ ਹੈ) ਤੂੰ ਵੀ ਆਪਣੀ ਆਈ ਕਰ ਲੈ ! ਹਾਏ ਵੇ, ਹਨੇਰ ਜੇ !

ਹੁਸ਼ਿਆਰ ਚੰਦ-ਵੇਖੋ ਜੀ, ਨਿਹਕ ਛਾੜਾ ਪਾਇਆ ਹੋਇਆ ਜੇ । ਕਿੱਥੋਂ ਜਾਨਵਰਾਂ ਨਾਲ ਵਾਹ ਪੈ ਗਿਆ ਏ !

ਕੌਰਾਂ-ਬਸ, ਇਕ ਤੂੰ ਈ ਚਤਰਾ ਰਹਿ ਗਿਆ ਏਂ । ਖ਼ਬਰ ਏ ਤੇਰੀਆਂ ਚਤਰਾਈਆਂ ਕੀ ਚੰਦ ਚਾੜ੍ਹਣਾ ਏਂ ? ਲੋਕ ਲਜ ਤੈਨੂੰ ਨਾ, ਸ਼ਰਮ ਹਯਾ ਤੈਨੂੰ ਨਾ । ਤੈਨੂੰ ਤਾਂ ਆਪਣੇ ਸਾਕਾਂ ਅੰਗਾਂ ਦੀ ਵੀ ਸ਼ਰਮ ਨਹੀਂ ।

ਹੁਸ਼ਿਆਰ ਚੰਦ-ਐਵੇਂ ਬਕੜਵਾਹ ਨਾ ਕਰੀ ਜਾ, ਸੁਣ ਧਿਆਨ ਨਾਲ ਮੇਰੀ ਗੱਲ ਸੁਣ । ਮੈਂ ਜੋ ਕੁਝ ਕੀਤਾ ਏ ਆਪਣੇ ਫਾਇਦੇ ਲਈ ਕੀਤਾ ਏ ।

ਕੌਰਾਂ-ਸਵਾਹ ਤੇ ਮਿੱਟੀ !

ਹੁਸ਼ਿਆਰ ਚੰਦ-ਪਾਗਲ ਹੋ ਗਈ ਏਂ ਤੂੰ ? ਸਿਰ ਫਿਰ ਗਿਆ ਈ ਤੇਰਾ ? ਸੁਣ, ਸੁਖ ਨਾਲ ਦੋ ਕੁੜੀਆਂ ਵਿਆਹੁਣ ਵਾਲੀਆਂ ਬੂਹੇ ਬੈਠੀਆਂ ਨੀਂ ।

ਕੌਰਾਂ-ਫੇਰ ?

ਹੁਸ਼ਿਆਰ ਚੰਦ-ਤੇ ਸਾਰੀ ਉਮਰ ਖਾਣ ਲਈ ਪਈ ਊ।

ਕੌਰਾਂ-ਫੇਰ ?

ਹੁਸ਼ਿਆਰ ਚੰਦ- ਤੇ ਕਰਜੇ ਵਾਲਿਆਂ ਨੇ ਗਲ ਗੂਠਾ ਦਿੱਤਾ ਹੋਇਆ ਈ ।

ਕੌਰਾਂ-ਫੇਰ ?

ਹੁਸ਼ਿਆਰ ਚੰਦ-ਰਹਿੰਦੀ ਖੂੰਹਦੀ ਰਿਣੀ ਚੁਣੀ ਵੀ ਕੁਰਕ ਕਰਾ ਲੈਣਗੇ ।

ਕੌਰਾਂ-ਫੇਰ ?

ਹੁਸ਼ਿਆਰ ਚੰਦ-ਤੇ ਤੇਰੇ ਘਰ ਤਾਂ ਰਾਤ ਦੇ ਖਾਣ ਜੋਗਾ ਵੀ ਨਹੀਂ ਹੈਗਾ ।

ਕੌਰਾਂ-ਫੇਰ ?

ਹੁਸ਼ਿਆਰ ਚੰਦ-ਫੇਰ ਕੀ, ਮੈ ਤਾਂ ਉਹ ਹੀਲਾ ਸੋਚਿਆ ਸੀ ਜੀਹਦੇ ਨਾਲ ਸੱਪ ਵੀ ਮਰ ਜਾਏ ਤੇ ਸੋਟਾ ਵੀ ਨਾ ਟੁੱਟੇ।

ਕੌਰਾਂ-ਮੈਂ ਤੇਰੀ ਗੱਲ ਨਹੀਂ ਸਮਝੀ ।

ਹੁਸ਼ਿਆਰ ਚੰਦ-ਤੱਦੇ ਤਾਂ ਮੈਂ ਕਹਿਨਾਂ ਆਂ ਪਈ ਤੂੰ ਬੇਵਕੂਫ ਏਂ ਹੋਰ ਬੇਵਕੂਫਾਂ ਦੇ ਸਿਰ ਕੋਈ ਸਿੰਗ ਹੁੰਦੇ ਨੇ ?

ਕੌਰਾਂ-ਫੇਰ ਵਲ ਕਿਉਂ ਪਾਉਂਨਾ ਏਂ, ਸਿੱਧੀ ਗੱਲ ਕਿਉਂ ਨਹੀਂ ਕਰਦਾ ?

ਹੁਸ਼ਿਆਰ ਚੰਦ-ਮੈਂ ਪੁੱਛਨਾ ਆਂ ਇਹ ਸਾਰਾ ਖਰਚ ਕਿਥੋਂ ਕਰਨਾ ਈਂ ?

ਕੌਰਾਂ-ਮੈਂ ਕੀ ਜਾਣਾ, ਕਿੱਥੋਂ ?

ਹੁਸ਼ਿਆਰ ਚੰਦ-ਤੱਦੇ ਐਡਾ ਰੌਲਾ ਪਾਉਣ ਡਈ ਹੋਈ ਏਂ। ਠਹਿਰ (ਕੋਠੜੀ ਦੇ ਅੰਦਰ ਜਾਂਦਾ ਹੈ ਤੇ ਰੁਪਇਆਂ ਦੀ ਥੈਲੀ ਲਿਆ ਕੇ ਉਹਦੇ ਪੈਰਾਂ ਕੋਲ ਸੁਟਦਾ ਹੈ) ਵੇਖ, ਫਾਹ ਨਾ ਲੈ, ਇਹ ਲੈ ।

ਕੌਰਾਂ-(ਥੈਲੀ ਨੂੰ ਟਿਕਟਿਕੀ ਬੰਨ੍ਹੀ ਵੇਖਦੀ ਹੈ) ਰੁਪੈਈਏ !

ਹੁਸ਼ਿਆਰ ਚੰਦ-ਹਾਂ, ਰੁਪੈਈਏ ।

ਕੌਰਾਂ-ਕਿੱਥੋਂ ?

ਹੁਸ਼ਿਆਰ ਚੰਦ-ਜੰਡਪੁਰਿਓਂ !

ਕੌਰਾਂ-(ਚੌਂਕ ਕੇ) ਜੰਡਪੁਰਿਓਂ !

ਹੁਸ਼ਿਆਰ ਚੰਦ-(ਥੈਲੀ ਨੂੰ ਚੁਕ ਕੇ) ਲੈ, ਫੜ ਇਹਨੂੰ, ਟੋਹ ਕੇ ਵੇਖ ।

ਕੌਰਾਂ-(ਹੌਲੀ ਹੌਲੀ ਹਥ ਕੱਢਦੀ ਹੈ ਤੇ ਹੁਸ਼ਿਆਰ ਚੰਦ ਰੁਪੈਇਆਂ ਦੀ ਥੈਲੀ ਉਹਦੇ ਹਥਾਂ ਤੇ ਰੱਖ ਦਿੰਦਾ ਹੈ) ਹੈਂ, ਹੈਂ ! ਏਨਾਂ ! (ਜ਼ਮੀਨ ਤੇ ਬੈਠ ਜਾਂਦੀ ਹੈ ਤੇ ਥੈਲੀ ਖੋਲ੍ਹ ਕੇ ਦੋਵੇਂ ਮੁੱਠਾਂ ਰੁਪੈਇਆਂ ਦੀਆਂ ਭਰ ਭਰ ਕੱਢਦੀ ਹੈ) ਆਹਾ ! ਆਹਾ !! ਪਰ, ਪਰ ਲੋਕੀਂ ਕੀ ਕਹਿਣਗੇ ! ਸਾਡੇ ਸਾਕ ਅੰਗ ਕੀ ਆਖਣਗੇ ! (ਮੇਲੋ ਇਸ ਵੇਲੇ ਫੇਰ ਦਰਵਾਜੇ ਵਿਚ ਖੜੀ ਸੁਣਦੀ ਦਿਖਾਈ ਦੇਂਦੀ ਹੈ)

ਹੁਸ਼ਿਆਰ ਚੰਦ-ਗੋਲੀ ਮਾਰ ਸਾਕਾਂ ਅੰਗਾਂ ਨੂੰ, ਖਾਣ ਨੂੰ ਦੇ ਜਾਂਦੇ ਨੇ ਸਾਨੂੰ ਕੋਈ ? (ਫੇਰ ਰੁਪੈਇਆਂ ਵਲ ਇਸ਼ਾਰਾ ਕਰਕੇ) ਅਸੀਂ ਕੋਈ ਏਡੀ ਅਨੋਖੀ ਗਲ ਕੀਤੀ ਏ ? ਲੱਭੂ ਸ਼ਾਹ ਨੇ ਵਹੁਟੀ ਲਿਆਂਦੀ ਸੀ ਤੇ ਰੁਪੈਈਆ ਤੋਲ ਕੇ ਦੇ ਕੇ ਆਇਆ ਸੀ।

ਕੌਰਾਂ-(ਸਿਰ ਹਿਲਾ ਕੇ) ਹਾਂ, ਇਹ ਤਾਂ ਠੀਕ ਏ ਤੇ ਨਾਲੇ ਲੋਕਾਂ ਤਾਂ ਗੱਲਾਂ ਕਰਨੀਆਂ ਈ ਹੋਈਆਂ । ਪਰ ਤੂੰ ਤਾਂ ਕਿਹਾ ਸੀ ਪਈ ਸ਼ਾਦੀ ਅਜ ਰਾਤੀਂ ਕਰ ਦੇਣੀ ਏਂ ਤੇ ਅਸਾਂ ਤਾਂ ਤਿਆਰੀ ਕੋਈ ਨਹੀਂ ਕੀਤੀ ।

ਹੁਸ਼ਿਆਰ ਚੰਦ-ਤਸੱਲੀ ਰੱਖ, ਮੈਂ ਰਾਜੇ ਦੀ ਰਾਹੀਂ ਸਬ ਤਿਆਰੀਆਂ ਕੀਤੀਆਂ ਹੋਈਆਂ ਨੇ ਦੂਜੇ ਘਰ । ਬਸ ਹੁਣ ਫੇਰਿਆਂ ਦੀ ਡੇਰ ਏ। ਪਾਂਧਾ ਦਸਦਾ ਸੀ ਪਈ ਅੱਜ ਰਾਤ ਈ ਸੁਭ ਲਗਣ ਏ, ਕੱਲ੍ਹ ਤੋਂ ਸਿੰਘਤ ਪੈ ਜਾਣੀ ਏਂ । (ਰੁਪੈਆਂ ਵੱਲ ਇਸ਼ਾਰਾ ਕਰਕੇ) ਇਨ੍ਹਾਂ ਨੂੰ ਸਾਂਭ ਕੇ ਰੱਖ ਲੈ। ਮੈਂ ਜਰਾ ਜੰਜ ਵਲੋਂ ਹੋ ਆਵਾਂ। ਘਰ ਛੱਡ ਕੇ ਨਾ ਜਾਈਂ।

(ਹੁਸ਼ਿਆਰ ਚੰਦ ਚਲਿਆ ਜਾਂਦਾ ਹੈ)

ਕੌਰਾਂ-(ਹੱਥ ਰੁਪੈਇਆਂ ਵਾਲੀ ਥੈਲੀ ਵਿੱਚ ਪਾਈ) ਚੰਗਾ ਹੋਇਆ, ਸ਼ੁਕਰ ਏ ਰਬ ਦਾ । ਕੁੜੀ ਸਾਡੇ ਘਰੋਂ ਨਿਕਲੂ ਤੇ ਸਾਡੀ ਚਿੰਤਾ ਮੁੱਕੂ । ਰਬ ਕੁੜੀਆਂ ਕਿਸੇ ਨੂੰ ਨਾ ਦਏ, ਧੀਆਂ ਬਿਗਾਨਾ ਮਾਲ, ਇਨ੍ਹਾਂ ਦੇ ਬੜੇ ਫਿਕਰ ਹੁੰਦੇ ਨੇ । ਇੱਜਤ ਨਾਲ ਆਪਣੇ ਘਰ ਜਾਣ ਤਾਂ ਲਖ ਵੱਟੀ ਦਾ । ਹੁਣ ਮੈਂ ਰਾਣੀ ਨੂੰ ਮਿਲ ਆਵਾਂ, ਪਲ ਪਲਾਂ ਵਿੱਚ ਸੌ ਕੰਮ ਪੈ ਜਾਣੇ ਨੇ ! (ਲਾਜੋ ਨੂੰ) ਤੂੰ ਮੇਰੇ ਨਾਲ ਚੱਲੇਂਗੀ ਜਾਂ ਇੱਥੇ ਬੈਠਣਾ ਈ ?

ਲਾਜੋ-ਮੈਂ ਤਾਂ ਨਾਲ ਈ ਚੱਲਾਂਗੀ ।

( ਕੌਰਾਂ ਤੇ ਲਾਜੋ ਚਲੀਆਂ ਜਾਂਦੀਆਂ ਹਨ)

(ਉਸੇ ਵੇਲੇ ਮੇਲੋ ਅੱਖ ਬਚਾ ਕੇ ਅੰਦਰ ਆਉਂਦੀ ਹੈ)

ਮੇਲੋ-ਸਮਝ ਨਹੀਂ ਕੁਝ ਆਉਂਦੀ। ਅਜ ਰਾਤੀਂ ਸ਼ਾਦੀ ? ਕੀਹਦੀ ਸ਼ਾਦੀ ? ਜੰਞ ਢੁਕਣ ਵਾਲੀ ਏ ? ਕੀਹਦੀਆਂ ਗੱਲਾਂ ਕਰਦੇ ਸਨ ? ਆਪਣੀਆਂ? ਨਹੀਂ, ਨਹੀਂ । ਰੁਪੈਈਏ ? ਕਿੱਥੋਂ ? ਭਾਈਆ ਏਡਾ ਗੁੱਸੇ ਕਿਉਂ ਹੁੰਦਾ ਸੀ ? ਹੱਛਾ, ਬੇਬੇ ਨੂੰ ਆ ਲੈਣ ਦਿਓ, ਆਪੇ ਸਾਰਾ ਪਤਾ ਲੱਗ ਜਾਊ । ਬੜੀ ਹੈਰਾਨੀ ਵਾਲੀ ਗੱਲ ਏ, ਹੱਛਾ ।

ਇਕ ਆਵਾਜ਼-(ਬਾਹਰੋਂ ਈ) ਨੀ ਮੇਲੋ, ਨੀ ਮੇਲੋ !

ਮੇਲੋ-(ਆਵਾਜ਼ ਪਛਾਣ ਕੇ) ਬਸੰਤੋਂ ਏਂ? ਨੀ ਬਾਹਰੋਂ ਕਿਉਂ ਟਾਹਰਾਂ ਮਾਰਨੀ ਏਂ, ਅੰਦਰ ਕਿਉ ਨਹੀਂ ਆਉਂਦੀ ? (ਬਸੰਤੋ ਆਉਂਦੀ ਹੈ)

ਬਸੰਤੋ-(ਮਸ਼ਕਰੀ ਨਾਲ) ਨੀ ਕੁੜੇ ਵਧਾਈਆਂ ।

ਮੇਲੋ-ਕਿਉਂ ਨੀ, ਹਰ ਵੇਲੇ ਨਾ ਛੇੜਦੀ ਰਿਹਾ ਕਰ ।

ਬਸੰਤੋ-ਹਛਾ, ਤੂੰ ਸਮਝਨੀ ਏਂ ਪਈ ਮੈਂ ਤੈਨੂੰ ਛੇੜਨੀ ਆਂ । ਜਿੱਦਾਂ ਮੈਨੂੰ ਪਤਾ ਨਹੀਂ ਪਈ ਤੇਰਾ ਵਿਆਹ ਹੋਣ ਵਾਲਾ ਏ। ਕੁੜੇ ਸੌਹਰੇ ਜਾ ਕੇ ਤਾਂ ਉੱਕਾ ਈ ਵਸਾਰ ਦਏਂਗੀ ।

ਮੇਲੋ-ਵਿਆਹ ਕਿਸੇ ਦਾ ਭਾਵੇਂ ਹੋਣਾ ਹੋਵੇ ਭਾਵੇਂ ਨਾ, ਤੂੰ ਛੇੜਨਾ ਜੁ ਹੋਇਆ ।

ਬਸੰਤੋ-ਭਲਾ ਇਹੋ ਜਹੀਆਂ ਗੱਲਾਂ ਵੀ ਕਦੀ ਲੁਕੀਆਂ ਰਹਿੰਦੀਆਂ ਨੇ ? ਤੂੰ ਮੈਨੂੰ ਦਸ ਨਾ ਦਸ, ਮੈਨੂੰ ਅੱਗੇ ਈ ਪਤਾ ਏ ।

ਮੇਲੋ-ਹੈਂ ! ਤੂੰ ਕੀ ਪਈ ਗੱਲਾਂ ਕਰਨੀ ਏਂ ?

ਬਸੰਤੋ-ਜਿਵੇਂ ਤੈਨੂੰ ਪਤਾ ਨਹੀਂ ਹੁੰਦਾ, ਹੇਖਾਂ ! ਭੁੱਲੀ ਨੈਣ ਹੁਣੇ ਈ ਤੁਹਾਡੇ ਘਰੋਂ ਗਈ ਏ । ਮੈਂ ਉਹਦੇ ਮੂੰਹੋਂ ਸਬ ਕੁਝ ਸੁਣ ਲਿਆ ਏ। ਕਹਿੰਦੀ ਏ ਤੇਰੇ ਸੌਹਰੇ ਉਹਦੇ ਪੇਕਿਆਂ ਦੇ ਲਾਗੇ ਈ ਹਨ ।

ਮੇਲੋ-ਮੈਨੂੰ ਭੁਚਲਾਣ ਲਈ ਸਾਰੀਆਂ ਗੱਲਾਂ ਤੂੰ ਆਪਣੇ ਮਣੋਂ ਪਈ ਬਨਾਉਨੀ ਏਂ ।

ਬਸੰਤੋ-ਨਹੀਂ ਨੀ, ਸਚ ਕਹਿਨੀ ਆਂ, ਸੌਹਰੇ ਤੇਰੇ ਬੜੇ ਅਮੀਰ ਨੇ । ਤੂੰ ਬੜੀ ਭਾਗਾਂ ਵਾਲੀ ਏਂ, ਤੇਰੀ ਸੱਸ ਵੀ ਨਹੀਂ, ਸਗੋ ਚੰਗਾ, ਲੜਿਆ ਨਾ ਕਰੂ ।

ਮੇਲੋ-ਤੂੰ ਛੇੜਨਾ ਜੁ ਹੋਇਆ । ਜਦੋਂ ਵੇਖੋ ਓਦੋਂ ਈ ਠੱਠਾ ਮਸ਼ਕਰੀ, ਆਹੋ ਜੀ ਵਿਆਹੀ ਹੋਈ ਜੁ ਹੋਈ, ਦੂਜਿਆਂ ਨੂੰ ਛੇੜਨਾ ਤਾਂ ਹੋਇਆ ਫੇਰ ਆਪੇ ।

ਬਸੰਤੋ-ਘਾਬਰ ਨਾ ਨੀ, ਤੂੰ ਵੀ ਹੁਣੇ ਛੇਤੀ ਈ ਵਿਆਹੀ ਜਾਏਂਗੀ । ਤੇਰਾ ਘਰ ਵਾਲਾ ਸੁਖ ਨਾਲ ਬਾਬਿਆਂ ਵਰਗਾ ਏ । ਤੇਰੇ ਭਾਈਏ ਕੋਲੋਂ ਵੀ ਦਸ ਵਰ੍ਹੇ ਵੱਡਾ ਦਸਦੇ ਨੇ ।

ਮੇਲੋ-ਚੁਪ ਨੀ, ਬਹੁਤਾ ਨਾ ਬੋਲ । ਰਬ ਕਰੇ, ਤੈਨੂੰ ਇਹੋ ਜਿਹਾ ਜਵਾਈ ਜੁੜੇ !

ਬਸੰਤੋ-ਪਰ ਮੈਂ ਤਾਂ ਮੇਲੋ, ਸਚ ਕਹਿ ਰਹੀ ਆਂ, ਮਖੌਲ ਨਹੀਂ ਕਰਦੀ । ਪੁੱਤਾਂ ਪੋਤਰਿਆਂ ਵਾਲਾ ਏ ਤੇ ਨਾਲੇ ਨੈਣ ਪਈ ਕਹਿੰਦੀ ਸੀ ਪਈ ਅਜੇ ਪਿਛਲੇ ਵਰ੍ਹੇ ਉਹਨੇ ਤੇਰੀ ਜੇਡੀ ਧੀ ਵਿਆਹੀ ਏ ।

ਮੇਲੋ-ਬਸ, ਬਹੁਤਾ ਠੱਠਾ ਨਾ ਕਰ ।

ਬਸੰਤੋ-ਠੱਠਾ ਨਹੀਂ ਅੜੀਏ, ਮੈ ਸੱਚ ਕਹਿਨੀ ਆਂ ਪਈ ।

ਮੇਲੋ-ਮੈਨੂੰ ਤੇਰਾ ਯਕੀਨ ਨਹੀਂ ।

ਬਸੰਤੋ-(ਗੰਭੀਰ ਹੋ ਕੇ) ਦੇਵੀ ਦੀ ਸੌਂਹ, ਮੈਂ ਮਖੌਲ ਨਹੀ ਕਰਦੀ । ਮੈਂ ਝੂਠ ਆਖ ਕੇ ਕੀ ਲੈਣਾ ਏਂ ? ਮੈਨੂੰ ਸਗੋਂ ਸੁਣ ਕੇ ਬੜਾ ਅਮਸੋਸ ਲੱਗਾ ।

ਮੇਲੋ-ਹੈਂ ! ਹੈਂ ! (ਵੱਡਾ ਸਾਰਾ ਹੌਕਾ ਲੈ ਕੇ ਜ਼ਮੀਨ ਉੱਤੇ ਬੈਠ ਜਾਂਦੀ ਹੈ ਤੇ ਚੁੰਨੀ ਦੇ ਪੱਲੂ ਨਾਲ ਮੂੰਹ ਢੱਕਕੇ) ਹਾਏ, ਹੁਣ ਸਾਰੀ ਸਮਝ ਆ ਗਈ ਏ! (ਸਿਰ ਨੂੰ ਫੜ ਕੇ ਦੁਖ ਨਾਲ ਅੱਗੇ ਪਿੱਛੇ ਝੂਲਦੀ ਹੈ ਤੇ ਉਭੇ ਸਾਹ ਲੈ ਲੈ ਕੇ) ਮੇਰੀ ਕਿਸਮਤ ਸੜ ਗਈ ! ਮੇਰੇ ਨਸੀਬ ਫੁਟ ਗਏ ! ਮੈ ਕੀ ਕਰਾਂ ?

ਬਸੰਤੋ-(ਹਮਦਰਦੀ ਨਾਲ ਮੇਲੋ ਨੂੰ ਬਾਂਹ ਪਾ ਕੇ) ਨਾ, ਨਾ, ਮੇਰੀ ਭੈਣ, ਏਦਾਂ ਨਹੀ ਰੋਈਦਾ ! ਚੁੱਪ ।

ਮੇਲੋ-(ਰੋਂਦੀ ਰੋਂਦੀ) ਮੈਨੂੰ ਛੱਡ ਦੇ, ਮੈਨੂੰ ਕੱਲ੍ਹੀ ਰਹਣ ਦੇ । ਹਾਏ ! ਮੈਂ ਨਿਜ ਜੰਮਦੀ, ਮੈਂ ਕੀ ਕਰਾਂ ! ਮਾਪੇ ਈ ਮੇਰੇ ਵੈਰੀ ਹੋ ਗਏ । ਮੈਂ ਮਰ ਜਾਵਾਂਗੀ, ਮੈਂ ਜੀਊਂ ਕੇ ਕੀ ਬਨਾਉਣਾ ਏਂ ?

ਬਸੰਤੋ-ਕਿਉਂ, ਕਿਉਂ, ਮਰਨ ਤੇਰੇ ਵੈਰੀ, ਸੁੱਖੀ ਸਾਂਦੀ ਤੂੰ ਕਿਉਂ ਮਰੇਂ !

ਮੇਲੋ-ਮੈਂ ਫੀਮ ਖਾ ਲਵਾਂਗੀ, ਫਾਹ ਲੈ ਲਵਾਂਗੀ, ਖੂਹ ਵਿਚ ਛਾਲ ਮਾਰ ਦਵਾਂਗੀ । ਉਮਰ ਦੇ ਦੁੱਖ ਨਾਲੋ ਘੜੀ ਦਾ ਦੁੱਖ ਚੰਗਾ । ਤੂੰ ਜਾ, ਮੈਨੂੰ ਕੱਲ੍ਹੀ ਰਹਿਣ ਦੇ ।

ਬਸੰਤੋ-ਧੀਰਜ ਕਰ ਮੇਲੋ, ਤੈਨੂੰ ਮੈਂ ਦੱਸਾਂ ?

ਮੇਲੋ-ਤੂੰ ਕੀ ਦੱਸਣਾ ਏਂ ਭੈਣ । ਜੋ ਲੇਖੀਂ ਲਿਖਿਆ ਏ, ਹੋ ਕੇ ਰਹਿਣਾ ਏਂ । ਘੜੀਓ ਘੜੀ ਨੂੰ ਮੇਰੇ ਨਸੀਬ ਸੜ ਜਾਣੇ ਨੇ ।

ਬਸੰਤੋ-ਸੁਣ ਮੇਰੀ ਗੱਲ ਮੇਲੋ, ਉੱਠ ਤੂੰ ਨਸ ਜਾ ਆਪਣੀ ਮਾਸੀ ਦੇ ਪਿੰਡ ਨੂੰ। ਚੁੰਨੀ ਮੂੰਹ ਤੇ ਕਰ ਲੈ, ਕੋਈ ਨਹੀਂ ਜਾਣੇਗਾ । ਏਸ ਵੇਲੇ ਚਲੀ ਜਾ, ਪਿੱਛੋਂ ਸਭ ਵੇਖੀ ਜਾਏਗੀ । ਚਲੀ ਜਾ, ਨਸ ਜਾ, ਛੇਤੀ ।

ਮੇਲੋ-ਨਹੀਂ,, ਨਹੀਂ, ਇਹ ਨਹੀਂ ਹੋ ਸਕਦਾ । ਮੈਨੂੰ ਮਰਨ ਈ ਦੇ, ਤੱਦੇ ਮੇਰੀ ਖਲਾਸੀ ਹੋਊ ।

ਬਸੰਤੋ-(ਮੇਲੋ ਦੀ ਬਾਂਹ ਫੜ ਕੇ) ਮੇਲੋ, ਉੱਠ (ਉਹਨੂੰ ਜੋਰ ਨਾਲ ਉਠਾਲਦੀ ਹੈ)

ਮੇਲੋ-ਛੱਡ ਦੇ, ਮੈਨੂੰ ਮਰਨ ਈ ਦੇ ।

ਇਕ ਆਵਾਜ਼-(ਬਾਹਰ ਸਟੇਜ ਤੋਂ ਪਰੇ) ਮੇਲੋ ਦੀ ਮਾਂ !

ਬਸੰਤੋ-ਮੇਲੋ, ਮੇਲੋ, ਉੱਠ ਛੇਤੀ ਹੋ, ਵੇਲਾ ਨਾ ਗਵਾ । (ਉਹਨੂੰ ਖਿੱਚਦੀ ਹੈ)।

ਮੇਲੋ-(ਹੌਕੇ ਲੈ ਲੈ ਕੇ) ਮੈਂ ਖੂਹ ਵਿੱਚ ਛਾਲ ਮਾਰ ਦਊਂ, ਮੈ ਖੂਹ ਵਿੱਚ ਛਾਲ ਮਾਰ ਦਊਂ, ਮੈਂ ਨਹੀਂ, ਮੈਂ ਨਹੀਂ.......

(ਬਸੰਤੋ ਉਹਨੂੰ ਬਦੋ ਬਦੀ ਖਿੱਚ ਕੇ ਲੈ ਜਾਂਦੀ ਹੈ)

ਮੇਲੋ-(ਬਾਹਰੋਂ ਮੇਲੋ ਦੀ ਆਵਾਜ਼ ਆਉਂਦੀ ਹੈ) ਮੈਂ ਮਰ ਜਾਵਾਂਗੀ, ਮੈ ਮਰ ਜਾਵਾਂਗੀ ।

ਆਵਾਜ਼-(ਬਾਹਰੋਂ ਸਟੇਜ ਦੇ ਕੋਲੋਂ) ਮੇਲੋ ਦੀ ਮਾਂ, ਮੇਲੋ ਦੀ ਮਾਂ ।

(ਹੁਸ਼ਿਆਰ ਚੰਦ ਆਉਂਦਾ ਹੈ)

ਹੁਸ਼ਿਆਰ ਚੰਦ-ਮੇਲੋ ਦੀ ਮਾਂ, (ਕੋਠੜੀ ਦੇ ਅੰਦਰ ਝਾਕਦਾ ਹੈ) ਮੇਲੋ ਦੀ ਮਾਂ, ਬਾਹਰ ਚਲੀ ਗਈ ਹੋਣੀ ਏ । ਸਿਆਣਿਆਂ ਠੀਕ ਕਿਹਾ ਏ ਬੁਢੀਆਂ ਦੀ ਮਤ ਖੁਰੀ ਪਿੱਛੇ ਹੁੰਦੀ ਏ । ਸੌ ਕੰਮ ਕਰਨ ਵਾਲੇ ਪਏ ਜੇ, ਉਹਨੂੰ ਘਰ ਛੱਡ ਕੇ ਜਾਣਾ ਨਹੀਂ ਚਾਹੀਦਾ ਸੀ । ਪਰ ਬੁੱਢੀਆਂ ਕੋਲੋਂ ਘਰ ਬੈਠ ਨਹੀਂ ਹੁੰਦਾ । ਜਦ ਤੀਕ ਸੱਤ ਘਰ ਬਿੱਲੀ ਵਾਂਗ ਫਿਰ ਨਾ ਲੈਣ, ਇਨ੍ਹਾਂ ਨੂੰ ਚੈਂ ਨਹੀਂ ਆਉਂਦੀ ।

(ਕੌਰਾਂ ਤੇ ਲਾਜੋ ਆਉਂਦੀਆਂ ਹਨ)

(ਲਾਜੋ ਨਚਦੀ ਟੱਪਦੀ ਗੁਡੀਆਂ ਕੋਲ ਜਾ ਬੈਠਦੀ ਹੈ )

ਹੁਸ਼ਿਆਰ ਚੰਦ-ਬਾਹਰ ਕਿਉਂ ਚਲੀ ਗਈ ਸੈਂ ? ਤੂੰ ਕਦੀ ਮੇਰੇ ਆਖੇ ਵੀ ਲਗੇਂਗੀ ਕਿ ਨਾ ?

ਕੌਰਾਂ-ਜਰਾ ਨੈਣ ਵੱਲ ਚੱਲੀ ਸਾਂ । ਰਾਹ ਵਿਚ ਕਰਮੋ ਦੀ ਮਾਂ ਮਿਲ ਪਈ, ਗੱਲਾਂ ਕਰਦਿਆਂ ਕਰਦਿਆਂ ਜਰਾ ਡੇਰ ਹੋ ਗਈ ।

ਹੁਸ਼ਿਆਰ ਚੰਦ-ਬੁੱਢੀਆਂ ਗੱਲਾਂ ਨੂੰ ਨਹੀਂ ਛਡਦੀਆਂ ਤੇ ਨਾਂ ਗੱਲਾਂ ਬੁੱਢੀਆਂ ਨੂੰ ਛਡਦੀਆਂ ਨੇ । ਬੇ-ਵਕੂਫਾਂ ਨਾਲ ਵਾਹ ਪੈਣਾ ਵੀ ਪਚਾਨਵਿਆਂ ਦਾ ਘਾਟਾ ਏ ।

ਕੌਰਾਂ-ਬਸ, ਤੂੰ ਤਾਂ ਸਦਾ ਏਸੇ ਤਰ੍ਹਾਂ ਈ ਕਰਦਾ ਰਹਿਨਾ ਏਂ । ਹੱਛਾ, ਹੁਣ ਮੈਨੂੰ ਜੰਜ ਵਲੋਂ ਦਸ ਕੁਝ ।

ਹੁਸ਼ਿਆਰ ਚੰਦ-ਜੰਜ ਆ ਗਈ ਹੋਈ ਏ ਤੇ ਸਾਰਾ ਇੰਤਜ਼ਾਮ ਠੀਕ ਏ। ਬਸ ਉਹ ਦੂਜੇ ਘਰ ਢੁਕਣ ਈ ਵਾਲੇ ਨੇ (ਇਸ ਵੇਲੇ ਦੂਰੋਂ ਢੋਲ ਵਾਜਿਆਂ ਦੀ ਆਵਾਜ਼ ਆਉਂਦੀ ਹੈ) ਲੈ, ਆ ਗਏ ਨੀ, ਹੁਣ ਬਸ ਸਾਨੂੰ ਸੱਦਾ ਆਇਆ ਕਿ ਆਇਆ ।

ਕੌਰਾਂ-ਫੇਰ ਮੈਂ ਲਾਲ ਸਾਲੂ ਲੈ ਲਵਾਂ (ਸੰਦੂਕ ਚੋਂ ਲਾਲ ਸਾਲੂ ਕੱਢ ਕੇ ਉੱਤੇ ਲੈਂਦੀ ਹੈ)

ਪਾਂਧਾ-(ਬਾਹਰੋਂ ਈ) ਏ ਮਹਾਰਾਜ ਛੇਤੀ ਕਰੋ, ਡੇਰੀ ਕਿਉਂ ਕਰਦੇ ਓ ?

ਹੁਸ਼ਿਆਰ ਚੰਦ-ਡੇਰੀ ਕੋਈ ਨਹੀਂ, ਪਾਂਧਾ ਜੀ। ਤੁਸੀਂ ਚਲੋ, ਅਸੀਂ ਆਏ ਤੁਹਾਡੇ ਮਗਰੇ ਮਗਰ । (ਕੌਰਾਂ ਨੂੰ) ਕੁੜੀ ਨੂੰ ਸਦ, ਉਹਨੂੰ ਨਵੇਂ ਕਪੜੇ ਪਾ ਤੇ ਛੇਤੀ ਕਰ ।

ਕੌਰਾਂ-ਕੁੜੀ ਤਾਂ ਇਥੇ ਹੈ ਨਹੀਂ, ਅੰਦਰ ਹੋਣੀ ਏਂ (ਕੋਠੜੀ ਵਲ ਜਾ ਕੇ) ਨੀ ਮੇਲ, ਨੀ ਮੇਲੋ, ਕੁੜੀਏ ਲੁਕਦੀ ਕਿਉਂ ਫਿਰਨੀ ਏਂ ? ਛੇਤੀ ਕਰ, ਇਹ ਵੇਲਾ ਸ਼ਰਮਾਉਣ ਦਾ ਨਹੀਂ । ਛੇਤੀ ਕਰ, ਮੇਰੀ ਬੀਬੀ ਧੀ ।

ਹੁਸ਼ਿਆਰ ਚੰਦ-ਕੁੜੀਏ, ਤੂੰ ਕਿੱਥੇ ਪਈ ਹੋਈ ਏਂ ? ਆਉਂਦੀ ਕਿਉਂ ਨਹੀਂ ? ਛੇਤੀ ਕਰ ।

ਪਾਂਧਾ-(ਬਾਹਰੋਂ ਈ) ਏ ਮਹਾਰਾਜ, ਵੇਲਾ ਲੰਘਦਾ ਜਾਂਦਾ ਏ, ਤੁਹਾਨੂੰ ਸਦਦੇ ਨੇ ।

ਹੁਸ਼ਿਆਰ ਚੰਦ-ਚਲੋ ਪਾਂਧਾ ਜੀ, ਅਸੀਂ ਆਏ ਹੁਣੇ ਈ। ਕੁੜੀ ਨੂੰ ਕਪੜੇ ਪਏ ਪਾਉਣੇ ਆਂ । (ਕੌਰਾਂ ਨੂੰ) ਬੋਲਦੀ ਨਹੀਂ, ਜਾ ਅੰਦਰ ਵੇਖ ਤੇ ਉਹਨੂੰ ਬਾਹਰ ਲਿਆ । ਭਲਾ ਇਹ ਕਿਹੜਾ ਵੇਲਾ ਹੋਇਆ ਸ਼ਰਮਾਉਣ ਦਾ ?

ਕੌਰਾਂ-(ਕੋਠੜੀ ਦੇ ਅੰਦਰ ਜਾਂਦੀ ਹੈ) ਨੀ ਮੇਲੋ, ਆ ਜਾ ਬਾਹਰ ਮੇਰੀ ਬੀਬੀ ਧੀ । ਡਰਨੀ ਕਾਹਨੂੰ ਫਿਰਣੀ ਏਂ ? ਆ ਜਾ, ਮੇਲੋ, ਨੀ ਮੇਲੋ । (ਹੱਥ ਮਲਦੀ ਮਲਦੀ ਬਾਹਰ ਆਉਂਦੀ ਹੈ) ਕੁੜੀ ਤਾਂ ਏਥੇ ਹੈ ਨਹੀ । ਹੁਣ ਕੀ ਕਰਾਂਗੇ, ਹਾਏ ਹੁਣ ਕੀ ਕਰਾਂਗੇ !

ਹੁਸ਼ਿਆਰ ਚੰਦ-ਨਹੀਂ, ਨਹੀਂ, ਏਥੇ ਈ ਹੋਣੀ ਏ, ਵਾਜ ਮਾਰ ਉਹਨੂੰ, ਵਾਜ ਮਾਰ ।

ਕੌਰਾਂ-ਮੇਲੋ, ਨੀ ਮੇਲੋ ! ਵੇਲੇ ਸਿਰ ਕਿੱਥੇ ਮਰ ਗਈਓਂ ? (ਹੁਸ਼ਿਆਰ ਚੰਦ ਵੀ ਏਧਰ ਉਧਰ ਵੇਖਦਾ ਏ ਤੇ ਨਾਲੇ ਵਾਜਾਂ ਮਾਰਦਾ ਏ) ਹਾਏ, ਅਸੀਂ ਭੰਡੇ ਗਏ, ਕੁੜੀ ਤਾਂ ਇੱਥੇ ਹੈ ਨਹੀਂ, ਹੁਣ ਕੀ ਕਰਾਂਗੇ ? ਭਾਵੇਂ ਕਿਤੇ ਨੱਠ ਗਈ ਏ, ਹਾਏ, ਸਿਰ ਸਵਾਹ ਪੈ ਗਈ ਸਾਡੇ !

ਹੁਸ਼ਿਆਰ ਚੰਦ-ਮੈਂ ਤੈਨੂੰ ਆਖਿਆ ਸੀ ਪਈ ਘਰ ਛਡ ਕੇ ਨਾ ਜਾਈਂ । ਹੁਣ ਰੋ ਬੈਠ ਕੇ ਜੰਣਦਿਆਂ ਨੂੰ ।

ਕੌਰਾਂ-ਨੀ ਕੁੜੀਏ, ਨੀ ਕੁੜੀਏ ! ਹਾਏ, ਲੋਕਾਂ ਵਿਚ ਬੜੀ ਭੰਡੀ ਹੋਊ ਸਾਡੀ ! ਹੁਣ ਲਾਵਾਂ ਤੇ ਕਿਨੂੰ ਬਠਾਵਾਂਗੇ । ਹਾਏ, ਮੈਂ ਮਰ ਜਾਵਾਂ, ਕੀ ਕਰਾਂ !

ਪਾਂਧਾ-(ਬਾਹਰੋਂ) ਏ ਮਹਾਰਾਜ, ਮਹਾਰਾਜ, ਮੈਂ ਤਿੰਨ ਵਾਰੀ ਆਇਆ ਆਂ, ਤੁਸੀ ਆਉਂਦੇ ਕਿਉਂ ਨਹੀਂ ? ਸ਼ੁਭ ਲਗਨ ਦੀਆਂ ਘੜੀਆਂ ਤਾਂ ਬੀਤਦੀਆਂ ਜਾਂਦੀਆਂ ਨੇ । ਦੂਜੇ ਬੰਨ੍ਹੇ ਦਾ ਪਰੋਹਤ ਨਰਾਜ ਹੁੰਦਾ ਪਿਆ ਏ ।

ਹੁਸ਼ਿਆਰ ਚੰਦ-(ਟੁੱਟੀ ਹੋਈ ਆਵਾਜ਼ ਵਿਚ) ਚਲੋ, ਚਲੋ, ਪਾਂਧਾ ਜੀ, ਅਸੀਂ ਆਵੇ ਕਰਨੇ ਆਂ । (ਕੌਰਾਂ ਨੂੰ) ਹੁਣ ਦਸ ਕੀ ਕਰਣਾ ਏਂ ? ਹੁਣ ਵੇਲਾ ਕਿੱਦਾਂ ਪੂਰਨਾ ਈਂ?

ਕੌਰਾਂ-ਹਾਏ ਕੁੜੀ ਨਿੱਜ ਜੰਮਦੀ, ਮੈਂ ਕੀ ਦੱਸਾਂ ? ਮੈਨੂੰ ਕੁਝ ਨਹੀ ਔੜ੍ਹਦੀ ।

ਹੁਸ਼ਿਆਰ ਚੰਦ-ਛੇਤੀ ਕਰ, ਲਾਵਾਂ ਵਾਲੀ ਚੁੰਨੀ ਪਾ ਲਾਜ ਤੇ, ਨਹੀਂ ਤਾਂ ਰਹਿ ਨਹੀਓਂ ਆਉਂਦੀ ।

ਕੌਰਾਂ-(ਤਰੱਬਕ ਕੇ ਹੁਸ਼ਿਆਰ ਚੰਦ ਕੋਲੋਂ ਪਰੇ ਹਟ ਜਾਂਦੀ ਹੈ ਤੇ ਚੁੰਨੀ ਨੂੰ ਘੁੱਟ ਕੇ ਫੜ ਲੈਂਦੀ ਹੈ) ਹਾਏ, ਨਹੀਂ, ਨਹੀਂ, ਹਾਏ ਜ਼ੁਲਮ, ਜ਼ੁਲਮ !

ਹੁਸ਼ਿਆਰ ਚੰਦ-ਜ਼ੁਲਮ ਦੀ ਲਗਦੀ ਨਾ ਹੋਵੇ (ਚੁੰਨੀ ਖੋਹ ਕੇ ਲਾਜੋ ਉੱਤੇ ਪਾਉਂਦਾ ਹੈ ਤੇਂ ਉਹਨੂੰ ਗੁੱਡੀਆਂ ਨਾਲ ਖੇਡਦੀ ਨੂੰ ਚੁੱਕ ਕੇ ਲੈ ਜਾਂਦਾ ਹੈ)।

ਕੌਰਾਂ-(ਪਿੱਛੇ ਪਿੱਛੇ ਕੁਰਲਾਂਦੀ ਤੇ ਦੁਹੱਥੜਾਂ ਮਾਰਦੀ ਏ) ਹਾਏ ਵੇ ਜ਼ੁਲਮ ਹੋ ਗਿਆ, ਜ਼ੁਲਮ ਹੋ ਗਿਆ !

ਲਾਜੋ-(ਪਿਉ ਦੇ ਕੁਛੜੋਂ ਉਤਰਨ ਲਈ ਲੱਤਾਂ ਬਾਹੀਆਂ ਮਾਰਦੀ ਹੈ) ਮੇਰੀਆਂ ਗੁਡੀਆਂ, ਹਾਏ ਮੇਰੀਆਂ ਗੁੱਡੀਆਂ । ਮੈਨੂੰ ਗੁੱਡੀਆਂ ਨਾਲ ਖੇਡਣ ਦਿਉ ।

ਪਰਦਾ

**ਸਾਰ-ਅੰਸ਼:** ਆਈ. ਸੀ. ਨੰਦਾ ਤੋਂ ਮਗਰੋਂ ਪੰਜਾਬੀ ਨਾਟਕ ਸਹੀ ਅਰਥਾਂ ਵਿਚ ਸੇਖੋਂ, ਹਰਚਰਨ ਸਿੰਘ ਅਤੇ ਗਾਰਗੀ ਦੇ ਹੱਥਾਂ ਵਿਚ ਮੌਲਦਾ ਹੈ। ਇਹ ਉਹ ਸਮਾਂ ਹੈ ਜਦੋਂ ਪੰਜਾਬੀ ਸਾਹਿਤ ਸਿਰਜਣਾ ਵਿਚ ਇਕ ਵਿਸ਼ੇਸ਼ ਮੋੜ ਆਉਂਦਾ ਹੈ। ਹੋਰ ਭਾਰਤੀ ਲੇਖਕਾਂ ਵਾਂਗ ਪੰਜਾਬੀ ਦੇ ਸਾਹਿਤਕਾਰ ਵੀ ਰੂਸ ਅਤੇ ਹੋਰ ਸਮਾਜਵਾਦੀ ਦੇਸ਼ਾਂ ਤੋਂ ਉਪਜੀ ਪ੍ਰਗਤੀਸ਼ੀਲ ਸਾਹਿਤਕ ਲਹਿਰ ਦੇ ਪ੍ਰਭਾਵ ਥੱਲੇ ਆਉਂਦੇ ਹਨ। ਇਨ੍ਹਾਂ ਦੀਆਂ ਰਚਨਾਵਾਂ ਵਿਚ ਪਹਿਲੇ ਸਾਹਿਤਕਾਰਾਂ ਨਾਲੋਂ ਵੱਖਰਾ ਅਤੇ ਨਵੇਕਲਾ ਦ੍ਰਿਸ਼ਟੀਕੋਣ ਉਭਰਦਾ ਹੈ। ਇਹ ਸਾਹਿਤਕਾਰ ਪਹਿਲੇ ਸਾਹਿਤਕਾਰਾਂ ਨਾਲੋਂ ਸਮਾਜ ਅਤੇ ਜਨ-ਸਮੂਹ ਪ੍ਰਤੀ ਵਧੇਰੇ ਸੁਚੇਤ ਸਨ। ਪ੍ਰਗਤੀਸ਼ੀਲ ਲੇਖਕ ਸੰਘ ਨਾਲ ਸੰਬੰਧਿਤ ਲੇਖਕਾਂ ਨੇ ਮਾਰਕਸਵਾਦੀ ਵਿਚਾਰਧਾਰਾ ਤੋਂ ਸੇਧ ਪ੍ਰਾਪਤ ਕਰਕੇ, ਭਾਰਤੀ ਜੀਵਨ ਦੇ ਪ੍ਰਸੰਗ ਵਿਚ ਸਾਹਿਤ ਦੇ ਕੁਝ ਵਿਸ਼ੇਸ਼ ਮਨੋਰਥ ਅੰਕਿਤ ਕੀਤੇ। ਉਨ੍ਹਾਂ ਵਿਚੋਂ ਕੁੱਝ ਪ੍ਰਮੁੱਖ ਇਹ ਹਨ ਕਿ ਬਰਤਾਨਵੀ ਸਮਰਾਜ ਦਾ ਵਿਰੋਧ ਕੀਤਾ ਜਾਵੇ। ਲੋਕਾਂ ਵਿਚ ਜਾਗ੍ਰਿਤੀ ਲਿਆਂਦੀ ਜਾਵੇ। ਵੱਖਰੀ ਜਾਤੀਆਂ ਤੇ ਧਰਮਾਂ ਵਿਚ ਹੁੰਦੇ ਝਗੜਿਆਂ ਨੂੰ ਰੋਕਿਆ ਜਾਵੇ।ਭਾਰਤੀ ਕਿਸਾਨੀ ਜੀਵਨ ਦੇ ਕਲਿਆਣ ਹਿਤ ਕੀਤੇ ਸੰਘਰਸ਼ ਦਾ ਸਮੱਰਥਨ ਕੀਤਾ ਜਾਵੇ। ਇਹ ਕੁਝ ਉਦੇਸ਼ ਸਨ ਜਿੰਨ੍ਹਾਂ

ਨੇ 1940 ਈ: ਦੇ ਸਮੇਂ ਉਪਜੇ ਸਾਹਿਤ ਵਿਚ ਭਾਰਤੀ ਪਰਿਵਰਤਨ ਲਿਆਂਦਾ। ਵੀਹਵੀਂ ਸਦੀ ਦੇ ਆਰੰਭਲੇ ਦਹਾਕੇ ਦਾ ਸਾਹਿਤ, ਧਾਰਮਿਕ ਅਤੇ ਸਮਾਜ ਸੁਧਾਰਕ ਲਹਿਰਾ ਦੇ ਪ੍ਰਭਾਵ ਅਧੀਨ ਆਦਰਸ਼ਕ ਅਤੇ ਉਪਦੇਸ਼ਾਤਮਕ ਬਿਰਤੀ ਵਾਲਾ ਰਹਿੰਦਾ ਹੈ ਜਦੋਂਕਿ 1940–50 ਦੇ ਨੇੜੇ ਆ ਕੇ ਇਸਦਾ ਰੂਪ ਯਥਾਰਥਕ ਅਤੇ ਸਮਾਜਕ ਚੇਤਨਾ ਵਾਲਾ ਹੋ ਜਾਂਦਾ ਹੈ।

## ਮੁੱਖ/ਕੇਂਦਰੀ ਸ਼ਬਦ:

ਨਾਟਕਕਾਰ-ਨਾਟਕ ਲਿਖਣ ਵਾਲਾ ਲੇਖਕ

ਪ੍ਰੋਯਜਨ---ਮੰਤਵ

ਕਲਿਆਣ-ਭਲਾਈ

ਪ੍ਰਗਤੀ-ਵਿਕਾਸ

ਪ੍ਰਸਤਾਵਨਾ -ਰੂਪ ਰੇਖਾ

## ਸਵੈ-ਮੁਲਾਂਕਣ:

## ਪ੍ਰ1. ਸਹੀ ਜੁੱਟ ਚੁਣੋ

| | | |
|---|---|---|
| ੳ.ਰੰਗਮੰਚ | ----- | A.ਨਰੇਟ |
| ਅ.ਨਾਟਕਕਾਰ | ----- | B ਨਾਟਕੀ |
| ੲ.ਸੂਤਰਧਾਰ | ------ | C ਆਤਮ ਸ਼ੁਧੀ |
| ਸ.ਪਾਤਰ | ------ | D ਅਭਿਨੈ |

**ਪ੍ਰ2. ਇਕਾਂਗੀ ਦਾ ਸ਼ਬਦੀ ਅਰਥ ਕੀ ਹੈ?**

ੳ.ਇਕ ਅੰਗ

ਅ.ਇਕ ਭਾਗ

ੲ.ਇਕ ਹਿੱਸਾ

ਸ.ਉਪਰੋਕਤ ਕੋਈ ਨਹੀ

**ਪ੍ਰ 3.ਮੁੱਖ ਇਕਾਂਗੀਕਾਰ ਦੀ ਪਛਾਣ ਕਰੋ।**

ੳ.ਪਾਲੀ ਭੁਪਿੰਦਰ

ਅ,ਸ਼ਿਵ ਕੁਮਾਰ ਬਟਾਲਵੀ

ੲ.ਮੋਹਨ ਕਾਹਲੋ

ਸ.ਬਾਵਾ ਬਲਵੰਤ

**ਪ੍ਰ 4.ਨਾਟਕ ਤੇ ਇਕਾਂਗੀ ਵਿਚ ਮੁੱਖ ਸਾਂਝ ਕੀ ਹੈ?**

ੳ.ਪਾਤਰ

ਅ.ਕਥਾਨਕ

ੲ.ਰੰਗਮੰਚ

ਸ.ਵਾਤਾਵਰਣ

**ਪ੍ਰ 5.ਹੇਠਾ ਲਿਖਿਆ ਵਿਚ ਸਹੀ ਜੁੱਟ ਪਛਾਣੋ?**

ੳ.ਪਾਲੀ ਭੁਪਿੰਦਰ----- ਮੈਂ ਭਗਤ ਸਿੰਘ

ਅ.ਆਈ.ਸੀ.ਨੰਦਾ------ ਤੱਤੀ ਤਵੀ ਦਾ ਸੱਚ

ੲ.ਆਤਮਜੀਤ ------ ਬੇਬੇ ਰਾਮ ਭਜਨੀ

**ਪ੍ਰ 6ਇਕਾਂਗੀ ਕਿਹੜੇ ਕਾਲ ਦਾ ਸਾਹਿਤ ਰੂਪ ਹੈ?**

ੳ.ਆਧੁਨਿਕ

ਅ.ਮੱਧਕਾਲ

ੲ.ਆਦਿ ਕਾਲ

ਸ.ਉਪਰੋਕਤ ਕੋਈ ਨਹੀ

**ਪ੍ਰ 7.ਨਾਟਕ ਦੇ ਮੁੱਖ ਤੱਤ ਪਛਾਣੋ?**

ੳ.ਕਥਾਨਕ

ਅ.ਰੰਗਮੰਚ

ੲ.ਸੂਤਰਧਾਰ

ਸ.ਉਪਰੋਕਤ ਸਾਰੇ

**ਪ੍ਰ 8.ਨਾਟਕ ਦੀ ਸਿਰਜਣਾ ਸਮੇ ਕਿਸਦਾ ਹੋਣਾ ਸਭ ਤੋ ਜਰੂਰੀ ਹੈ?**

ੳ.ਰੰਗਮੰਚ

ਅ.ਕਥਾਨਕ

ੲ.ਪਾਤਰ

ਸ.ਉਪਰੋਕਤ ਕੋਈ ਨਹੀ

**ਪ੍ਰ 9.ਕਿਸ ਨਾਟਕਕਾਰ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ?**

ੳ.ਅਜਮੇਰ ਔਲਖ

ਅ.ਮੋਹਨ ਸਿੰਘ

ੲ.ਗੁਰਦਿਆਲ ਫੁੱਲ

**ਪ੍ਰ 10.ਕਿਸ ਨਾਟਕਕਾਰ ਨੂੰ ਉਸਦੀ ਨਾਟਕ ਦੀ ਸਿੱਧਾਂਤਕ ਪੁਸਤਕ ਲਈ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ?**

ੳ.ਸੰਤ ਸਿੰਘ ਸੇਖੋ

ਅ.ਬਲਵੰਤ ਗਾਰਗੀ

ੲ.ਹਰਚਰਨ ਸਿੰਘ

ਸ.ਆਮਤਜੀਤ

**ਪ੍ਰ 11.ਪਰਵਾਸੀ ਨਾਟਕਕਾਰ ਦੀ ਪਛਾਣ ਕਰੋ।**

ੳ.ਹਰਜੀਤ ਅਟਵਾਲ

ਅ.ਅਜਮੇਰ ਰੋਡੇ

ੲ.ਸੁਰਜੀਤ ਕਲਸੀ

ਸ.ਸਤੀਸ਼ ਵਰਮਾ

**ਪ੍ਰ 12. ਨਾਟਕ ਦੀ ਸਮਾਪਤੀ ਕਿਸ ਰੂਪ ਵਿਚ ਹੁੰਦੀ ਹੈ?**

ੳ.ਸੁਖਾਂਤਕ

ਅ.ਦੁਖਾਂਤਕ

ੲ.ਦੋਵੇ ਪੂਰਨ ਸਹੀ

ਸ.ਦੋਵੇ ਪੂਰਨ ਗਲਤ

**ਪ੍ਰ 13. ਇਕ ਪੱਖ ਦੀ ਜਿੱਤ ਤੋ ਬਾਅਦ ਨਿਸ਼ਕਰਸ਼ ਨੇੜੇ ਆਉਣ ਕਰਕੇ ----- ਆਉਦਾ ਹੈ?**

ੳ.ਸਿਖਰ

ਅ.ਉਤਾਰ

ੲ.ਦੋਵੇ ਪੂਰਨ ਸਹੀ

ਸ.ਦੋਵੇ ਪੂਰਨ ਗਲਤ

**ਪ੍ਰ 14._ਨਾਟਕ ਦੇ ਪਲਾਟ ਦੀਆਂ ਪ੍ਰਮੁੱਖ ਅਵਸਥਾਵਾਂ ਮੰਨੀਆਂ ਗਈਆਂ ਹਨ?**

ੳ.ਛੇਂ

ਅ.ਅੱਠ

ੲ.ਦੱਸ

ਸ.ਚਾਰ

**ਪ੍ਰ 15.ਕੀ ਇਕਾਂਗੀ ਆਕਾਰ ਵਿਚ ਸੰਖੇਪ ਹੋਣੀ ਚਾਹੀਦੀ ਹੈ?**

ੳ.ਸਹੀ

ਅ. ਗਲਤ

## ਅਭਿਆਸ ਪ੍ਰਸ਼ਨ

1. ਨਾਟਕ ਦੇ ਤੱਤਾਂ ਬਾਰੇ ਜਾਣਕਾਰੀ ਦਵੋ।
2. ਇਕਾਂਗੀ ਤੋਂ ਕੀ ਭਾਵ ਹੈ?
3. ਨਾਟਕ ਅਤੇ ਇਕਾਂਗੀ ਵਿਚ ਅੰਤਰ ਦੱਸੋ।
4. ਵਰਤਮਾਨ ਯੁੱਗ ਵਿਚ ਨਾਟਕ ਸਿਰਜਣਾ ਰਾਹੀ ਕਿਵੇ ਕਰੀਅਰ ਬਣਾਇਆ ਜਾ ਸਕਦਾ ਹੈ?
5. ਕਿਸੇ ਸਮਾਜਿਕ ਸਮੱਸਿਆਂ ਨੂੰ ਆਧਾਰ ਬਣਾ ਕੇ ਇਕਾਂਗੀ ਦੀ ਸਿਰਜਣਾ ਕਰੋ।

## ਸੰਦਰਭ ਪੁਸਤਕਾਂ:

1. ਤਿਆਗੀ, ਮੋਹਨ (ਸੰਪ.) ਸੰਵਾਦ ਦਰ ਸੰਵਾਦ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006
2. ਧਰਮ ਸਿੰਘ, ਪੰਜਾਬੀ ਖੋਜ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2004
3. ਪਲੈਖਾਨੋਵ, ਜੀ.ਵੀ., ਕਲਾ ਤੇ ਸਮਾਜਕ ਜੀਵਨ (ਅਨੁ.) ਹਰਿਭਜਨ ਸਿੰਘ, ਨਵਯੁਗ ਪਬਲਿਸ਼ਰਜ਼, ਦਿੱਲੀ, 1979

4. ਫੁੱਲ, ਗੁਰਦਿਆਲ ਸਿੰਘ, ਪੰਜਾਬੀ ਨਾਟਕ ਸਰੂਪ, ਸਿੱਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998
5. ਭਾਟੀਆ, ਹਰਿਭਜਨ ਸਿੰਘ, ਪੰਜਾਬੀ ਆਲੋਚਨਾ: ਸਿੱਧਾਂਤ ਤੇ ਵਿਹਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988
6. ਜੱਗੀ, ਰਤਨ ਸਿੰਘ, ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, ਪੰਜਾਬੀ ਯੂਨੀਵਰਸਿਟੀ, ਅੰਮ੍ਰਿਤਸਰ, 1989

## ਮਹੱਤਵਪੂਰਨ ਲਿੰਕ

http://panjabialochana.com/

http://panjabialochana.com/%E0%A8%86%E0%A8%A7%E0%A9%81%E0%A8%A8%E0%A8%BF%E0%A8%95_%E0%A8%B8%E0%A8%BE%E0%A8%B9%E0%A8%BF%E0%A8%A4/%E0%A8%A8%E0%A8%BE%E0%A8%9F%E0%A8%95_%E0%A8%A4%E0%A9%87_%E0%A8%B0%E0%A9%B0%E0%A8%97%E0%A8%AE%E0%A9%B0%E0%A8%9A

http://panjabialochana.com/yahoo_site_admin1/assets/docs/Samkali_Punjabi_Natak_Rajneetak_Avchetan_Ravinder_Singh.6511610.pdf

**ਉੱਤਰਮਾਲਾ:**

| | | | | |
|---|---|---|---|---|
| 1 ਸ | 2. ੳ | 3. ੳ | 4. ੲ | 5. ੳ |
| 6 ੳ | 7. ੲ | 8. ਅ | 9. ੳ | 10. ਅ |
| 11 ਅ | 12. ੲ | 13. ਅ | 14. ੳ | 15. ੳ |

# ਅਧਿਆਇ–10. ਵਾਰਤਕ ਅਰਥ ਅਤੇ ਵਾਰਤਕ ਦਾ ਇਤਿਹਾਸ

*Harjot Kaur, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਵਾਰਤਕ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਵਾਰਤਕ ਦੇ ਤੱਤ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਵਾਰਤਕ ਸਿਰਜਣਾ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਵਾਰਤਕ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਅੱਜ ਦੇ ਸਮੇਂ ਦੌਰਾਨ ਰਚਨਾਤਮਕ ਲੇਖਣ ਰਾਹੀ ਵਿਸ਼ਵੀਕਰਨ ਦੇ ਯੁੱਗ ਵਿਚ ਵਾਰਤਕ ਦੀ ਸਿਰਜਣਾ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਵਾਤਰਕ ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੇ ਸਰੂਪ ਨੂੰ ਨਿਰਧਾਰਿਤ ਕੀਤਾ ਜਾਵੇਗਾ। ਇਸ ਰਾਹੀ ਵਿਦਿਆਰਥੀਆਂ ਨੂੰ ਵਾਰਤਕ ਵਿਧਾਂ ਦਾ ਸਿਧਾਂਤਕ ਸਰੂਪ ਸਮਝ ਆਵੇਂਗਾ ,ਜਿਸ ਰਾਹੀ ਉਹ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ।


## ਵਿਸ਼ਾ ਵਸਤੂ:

### ਵਾਰਤਕ ਦਾ ਅਰਥ ਤੇ ਪਰਿਭਾਸ਼ਾ:

- ਪੰਜਾਬੀ: ਵਾਰਤਕ
- ਹਿੰਦੀ: ਗੱਦ
- ਉਰਦੂ: ਨਸਰ
- ਅੰਗਰੇਜੀ: Prose

Prose ਲਾਤੀਨੀ ਭਾਸ਼ਾ ਦੇ ਸ਼ਬਦ ਬਣਿਆ ਹੈ। ਇਸ ਸ਼ਬਦ ਦੇ ਧਾਤੂਮੂਲਕ ਅਰਥ ਹਨ: ਭਾਵ ਸਿੱਧੀ ਗੱਲ, ਸਰਲ ਸ਼ਬਦ ਰਚਨਾ ਆਦਿ। ਇਸ ਨੂੰ ਇਉਂ ਵੀ ਬਿਆਨ ਕੀਤਾ ਜਾ ਸਕਦਾ ਹੈ ਕਿ ਸ਼ਬਦਾਂ ਦੀ ਸਿੱਧੀ ਸਾਦੀ ਰਚਨਾ ਜੋ ਛੰਦਾ-ਬੰਦੀ ਤੋਂ ਰਹਿਤ
ਵਾਰਤਕ` ਸ਼ਬਦ ਸੰਸਕ੍ਰਿਤ ਭਾਸ਼ਾ ਦੇ ਧਾਤੂ 'ਵ੍ਰਿਤਿ` ਤੋਂ ਬਣਿਆ ਹੈ, ਜਿਸ ਦਾ ਅਰਥ ਹੈ: ਟੀਕਾ ਜਾਂ ਸੂਤਰਾਂ ਦੀ ਵਿਆਖਿਆ ਕਰਨ ਵਾਲਾ ਗ੍ਰੰਥ, ਰਚਨਾ ਸ਼ੈਲੀ ਆਦਿ। ਇਸ ਦੇ ਵਿਉਂਤਪੱਤੀ ਮੂਲਕ ਅਰਥ ਹਨ। ਸਿੱਧਾ ਤੇ ਸਰਲ ਬਿਆਨ ਸਪੱਸ਼ਟ ਢੰਗਗੱਦ` ਸ਼ਬਦ 'ਗਦ੍` ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਅਜਿਹਾ ਬੋਲ ਜੋ ਸਮਝ ਵਿਚ ਆ ਜਾਵੇ। 'ਨਸ਼ਰ` ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਬਿਖੇਰਨਾ, ਯਾਨੀ ਉਹ ਇਬਾਰਤ ਜਿਹੜੀ ਨਜ਼ਮ ਨਾ ਕੀਤੀ ਗਈ ਹੋਵੇ। ਇਸ ਲਈ ਜਿਹੜੀ ਲਿਖਤ ਛੰਦ ਬੱਧ ਨਹੀਂ, ਸਗੋਂ ਖਿੰਡੀ ਹੋਈ ਹੈ। ਉਹ ਨਸ਼ਰ (ਵਾਰਤਕ) ਅਖਵਾਉਂਦੀ ਹੈ।

## ਵਾਰਤਕ ਦੇ ਤੱਤ:




### ਵਿਸ਼ਾ:

- ਗਿਆਨਮਈ ਤੇ ਗਿਆਨਕਾਰੀ ਵਾਰਤਕ
- ਬਿਰਤਾਂਤਮਈ ਵਾਰਤਕ
- ਦਾਰਸ਼ਨਿਕ ਵਾਰਤਕ
- ਵਿਆਖਿਆਮਈ ਵਾਰਤਕ
- ਇਤਿਹਾਸਕ ਵਾਰਤਕ
- ਧਾਰਮਿਕ ਵਾਰਤਕ

### ਪੇਸ਼ਕਾਰੀ:

- ਕਵਿਕ ਵਾਰਤਕ
- ਸ਼ੁੱਧ ਵਾਰਤਕ
- ਨਾਟਕੀ ਵਾਰਤਕ
- ਵਿਅੰਗਾਮਈ ਵਾਰਤਕ

### ਉਦੇਸ਼

- ਮਨੋਰੰਜਕ
- ਉਪਦੇਸ਼ਆਤਮਕ
- ਪ੍ਰਚਾਰਆਤਮਕ
- ਸੁਧਾਰਆਤਮਕ

### ਮੱਧਕਾਲੀ ਪੰਜਾਬੀ ਵਾਰਤਕ ਨਿਕਾਸ ਤੇ ਵਿਕਾਸ

- 9ਵੀਂ -10ਵੀਂ ਸਦੀ
- ਮੁਗਲ ਸਾਮਰਾਜ

- ਸਭਿਆਚਾਰਕ ਅਦਾਨ-ਪ੍ਰਦਾਨ

  ਪ੍ਰਭਾਵ
- ਬੁੱਧ ਧਰਮ ਦੀਆਂ ਜਾਤਕ ਕਥਾਵਾਂ
- ਸੰਸਕ੍ਰਿਤ / ਫ਼ਾਰਸੀ ਦੇ ਟੀਕਿਆਂ,
- ਸੰਸਕ੍ਰਿਤ ਗੋਸ਼ਟਾਂ / ਵੈਸ਼ਨਵ ਅਵਤਾਰਾਂ ਦੀਆਂ ਕਥਾਵਾਂ

## 1.ਸਰਲ ਅਤੇ ਸਪੱਸ਼ਟ ਵਾਰਤਕ ਲਿਖਣ ਦੀ ਪ੍ਰਵਿਰਤੀ:

ਪਾਠਕ ਨੂੰ ਤੁਰੰਤ ਸਮਝ ਆ ਜਾਵੇ ਇਸ ਲਈ ਸਪੱਸ਼ਟ ਅਤੇ ਸਰਲ ਵਾਰਤਕ ਲਿਖਣ ਦੀ ਪ੍ਰਵਿਰਤੀ ਆਧੁਨਿਕ ਪੰਜਾਬੀ ਵਾਰਤਕ ਦਾ ਵਧੀਆ ਇਹ ਗੁਣ ਸਮਝਿਆ ਜਾਂਦਾ ਹੈ। ਗੁੰਝਲਦਾਰ ਵਾਕਾਂ ਤੋਂ ਬੱਚ ਕੇ ਛੋਟੇ ਛੋਟੇ ਵਾਕਾਂ ਦੀ ਵਰਤੋਂ ਕੀਤੀ ਜਾਵੇ ਅਤੇ ਫਾਲਤੂ ਦੇ ਅਲੰਕਾਰਾਂ ਤੋਂ ਵੀ ਬਚਿਆ ਜਾਵੇ ਕਿਉਂਕਿ ਇਹ ਵਾਰਤਕ ਨੂੰ ਬੋਝਲ ਕਰਦੇ ਹਨ। ਇਸ ਪ੍ਰਵਿਰਤੀ ਵਾਲੀ ਵਾਰਤਕ ਪ੍ਰਿੰ. ਤੇਜਾ ਸਿੰਘ ਦੀ ਹੈ। ਉਨ੍ਹਾਂ ਨੇ ਨਾ ਕੇਵਲ ਇਸ ਪ੍ਰਕਾਰ ਦੀ ਵਾਰਤਕ ਲਿਖੀ ਸਗੋਂ ਹੋਰਨਾਂ ਨੂੰ ਵੀ ਇਸ ਪ੍ਰਕਾਰ ਦੀ ਵਾਰਤਕ ਲਿਖਣ ਲਈ ਪ੍ਰੇਰਿਆ ਹੈ। ਪ੍ਰਿੰਸੀਪਲ ਤੇਜਾ ਸਿੰਘ ਦੀ ਵਾਰਤਕ ਦਾ ਨਮੂਨਾ ਇਸ ਪ੍ਰਕਾਰ ਹੈ, ''ਮੈਂ ਕਈ ਵੱਡੇ ਵੱਡੇ ਕਥੱਕੜ ਵੇਖੇ ਹਨ ਜੋ ਬਾਹਰ ਪੰਡਾਲਾਂ ਵਿਚ ਕਥਾ ਕਰਦਿਆਂ ਜਾਂ ਵਖਿਆਨ ਦਿੰਦਿਆਂ ਲੋਕਾਂ ਨੂੰ ਆਪਣੀ ਸਿਆਣਪ ਤੇ ਵਿਦਿਆ ਚਮਤਕਾਰ ਦਸ ਕੇ ਹੈਰਾਨ ਕਰ ਦਿੰਦੇ ਹਨ। ਪਰ ਜੇ ਕਦੇ ਕੋਈ ਦੁਖੀਆ ਜਾਂ ਲੋੜਵੰਦ ਉਨ੍ਹਾਂ ਦੇ ਦਰ 'ਤੇ ਜਾ ਖੜੋਵੇ ਤਾਂ ਚਾਰ-ਚਾਰ ਘੰਟੇ ਸ਼ਾਇਦ ਮੁਲਾਕਾਤ ਲਈ ਉਡੀਕਣਾ ਪਵੇ ਅਤੇ ਜੇ ਮਿਲਣ ਵੀ ਤਾਂ ਉਹਨਾਂ ਦਾ ਦਿਲ ਹਮਦਰਦੀ ਨਾਲ ਨਹੀਂ ਪੰਘਰਦਾ, ਅੱਖਾਂ ਨਮਰੂਦ ਦੀ ਕਬਰ ਵਾਂਗ ਸਦਾ ਸੁੱਕੀਆਂ ਹੀ ਰਹਿੰਦੀਆਂ ਹਨ। ਕਦੀ ਤਰਸ ਜਾਂ ਪਿਆਰ ਨਾਲ ਸੇਜਲ ਨਹੀਂ ਹੋਈਆਂ ਏਡੀ ਕਰੜਾਈ ਦਾ ਕਾਰਨ? ਕੇਵਲ ਇਹ ਕਿ ਇਹੋ ਜਿਹੇ ਸੱਜਣ ਸਾਰਾ ਸਮਾਂ ਪੋਥੀਆਂ ਫੋਲਣ, ਲਿਖਣ ਜਾਂ ਜਿਵੇਂ ਇਕ ਸੱਜਣ ਦੀ ਵਹੁਟੀ ਕਿਹਾ ਕਰਦੀ ਹੈ, 'ਭਾਈ ਜੀ ਹੁਰੀਂ ਆਪਣੀ ਸਾਰੀ ਜ਼ਿੰਦਗੀ ਹੈਂਡ ਬੈਗ ਨਾਲ ਮੰਦਰਾਂ ਜਾਂ ਗੱਡੀਆਂ ਦੇ ਸਫ਼ਰ ਵਿਚ ਹੀ ਟਪਾ ਛਡਦੇ ਹਨ।' ਉਨ੍ਹਾਂ ਵਿਚ ਘਰ ਦਾ ਪਿਆਰ ਨਹੀਂ ਹੁੰਦਾ। ਇਸ ਲਈ ਉਨ੍ਹਾਂ ਦੀ ਜ਼ਿੰਦਗੀ ਰਸ ਤੋਂ, ਨਿੱਘ ਤੋਂ ਖਾਲੀ ਕੋਰੀ ਜਿਹੀ ਹੁੰਦੀ ਹੈ।''

ਉਪਰੋਕਤ ਸਤਰਾਂ ਪ੍ਰਿੰ. ਤੇਜਾ ਸਿੰਘ ਦੇ ਨਿਬੰਧ 'ਘਰ ਦਾ ਪਿਆਰ' ਵਿਚੋਂ ਹਨ। ਇਸ ਪੈਰ੍ਹੇ ਨੂੰ ਵੇਖਣ 'ਤੇ ਪਤਾ ਚਲਦਾ ਹੈ ਕਿ ਇਸ ਵਿਚ ਸਾਧਾਰਣ, ਆਮ ਸਮਝ ਵਿਚ ਆ ਸਕਣ ਵਾਲੇ ਸ਼ਬਦਾਂ ਵਿਚ ਸਾਰੀ ਗੱਲ ਨੂੰ ਪ੍ਰਗਟ ਕੀਤਾ ਗਿਆ ਹੈ। ਅਲੰਕਾਰਾਂ ਦੀ ਵਰਤੋਂ ਵੀ ਨਾਂਹ ਦੇ ਬਰਾਬਰ ਹੈ। ਕੁਲ ਮਿਲਾ ਕੇ ਕਹਿ ਸਕਦੇ ਹਾਂ ਕਿ ਵਾਰਤਕ ਨੂੰ ਕਿਸੇ ਵੀ ਪ੍ਰਕਾਰ ਦੀ ਬੋਝਲ ਹੋਣ ਤੋਂ ਬਚਾਇਆ ਹੈ।

## 2.ਕਾਵਿਕ ਪ੍ਰਵਿਰਤੀ ਵਾਲੀ ਵਾਰਤਕ:

ਕਾਵਿਮਈ ਵਾਰਤਕ ਉਦੋਂ ਹੋਂਦ ਵਿਚ ਆਉਂਦੀ ਹੈ ਜਦੋਂ ਵਾਰਤਕ ਵਿਚ ਜਜ਼ਬਾ ਵਧੇਰੇ ਪ੍ਰਧਾਨ ਹੋਵੇ। ਇਸ ਤੋਂ ਇਹ ਭਾਵ ਨਹੀਂ ਕਿ ਵਾਰਤਕਕਾਰ ਦੀ ਵਾਰਤਕ ਵਿਚ ਬੁੱਧੀ ਜਾਂ ਬੌਧਿਕਤਾ ਦੀ ਕੋਈ ਥਾਂ ਨਹੀਂ ਹੰੁਦੀ। ਵਾਰਤਕਕਾਰ ਇਸ ਪ੍ਰਕਾਰ ਦੀ ਵਾਰਤਕ ਅੰਦਰ ਬੌਧਿਕ ਤੱਤ ਤਾਂ ਪੇਸ਼ ਕਰਦਾ ਹੈ ਪਰ ਉਸ ਦੀ ਲਿਖਤ ਅੰਦਰ ਬੁੱਧੀ ਦੀ ਥਾਂ ਜਜ਼ਬਾ ਵਧੇਰੇ ਭਾਰੂ ਹੋ ਜਾਂਦਾ ਹੈ। ਇਥੇ ਪੂਰਨ ਸਿੰਘ ਦੀ ਵਾਰਤਕ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ:

''ਪਿਆਰੇ ਦੀ ਪਾਤਸ਼ਾਹੀ ਰੂਹ ਦੀ ਪਾਤਸ਼ਾਹੀ ਹੈ ਅਤੇ ਜਦ ਕਦੀ ਲੋੜ ਹੋਵੇ ਤਾਂ ਰੂਹ ਵਿਚ ਇਹ ਬਲ ਆ ਜਾਂਦਾ ਹੈ ਜਿਹੜਾ ਦੁਨੀਆਂ ਦੀਆਂ ਬਾਦਸ਼ਾਹੀਆਂ ਦੇ ਕੂੜ ਦੇ ਬਲਾਂ ਨੂੰ ਹਰਾ ਦਿੰਦਾ ਹੈ। ਪ੍ਰਹਿਲਾਦ ਨੇ ਆਪਣੇ ਚੱਕਰਵਰਤੀ ਰਾਜੇ ਤੇ ਆਪਣੇ ਪਿਤਾ ਦੇ ਤਸੀਹੇ ਇਕ ਕਣੀ ਪਿਆਰ ਨਾਲ ਸਹੇ ਤੇ ਸਾਰੀ ਸਲਤਨਤ 'ਇਕ ਹਰੀ ਹਰੀ' ਦੀ ਧੁਨੀ ਨਾਲ ਜਿੱਤੀ। ਪਿਆਰ ਉਸ ਮਹਾਂ ਬਲ ਦਾ ਦਾਇਕ ਹੈ, ਜਿਸ ਨਾਲ ਕਮਜ਼ੋਰ ਨਵਾਂ ਜੰਮਿਆਂ ਵੱਛਾ ਉਠ ਖੜਾ ਹੁੰਦਾ ਹੈ। ਨਿੱਕਾ ਜਿਹਾ ਬਾਲਕ ਆਪਣੀਆਂ ਨਿੱਕੀਆਂ ਨਿੱਕੀਆਂ ਟੰਗਾਂ 'ਤੇ ਖੜਾ ਹੋ ਵੱਡੀਆਂ ਵੱਡੀਆਂ ਬਾਦਸ਼ਾਹੀਆਂ ਸਣੇ ਉਨ੍ਹਾਂ ਦੇ ਖੂਹਣੀਆਂ ਲਸ਼ਕਰਾਂ ਨੂੰ ਇਕ ਨੈਣ ਮਟੱਕੇ ਨਾਲ ਨੀਵਾਂ ਕਰ ਸੁਟਦਾ ਹੈ।''

ਇਹ ਪ੍ਰਵਿਰਤੀ ਵਾਰਤਕਕਾਕਰ ਅੰਦਰ ਉਸ ਦੀ ਅੰਦਰਲੀ ਕਾਵਿਕ ਪ੍ਰਵਿਰਤੀ ਕਾਰਨ ਆ ਗਈ ਹੈ। ਇਥੇ ਕਿਰਤ ਸੰਬੰਧੀ ਉਨ੍ਹਾਂ ਦੇ ਵਿਚਾਰ ਇਸ ਪ੍ਰਕਾਰ ਦੀ ਸ਼ੈਲੀ ਵਿਚ ਮਿਲਦੇ ਹਨ:

''ਸੁੱਚੀ ਕਿਰਤ ਕਰਨ ਵਾਲੇ ਦੇ ਹੱਥ ਪੈਰ ਆਪ ਮੁਹਾਰੇ ਪੱਕੇ ਹੋ ਜਾਂਦੇ ਹਨ। ਮਾਨਸਿਕ ਚਿਤਵਨ ਕਿੰਨਾ ਹੀ ਉੱਚਾ ਕਿਉ ਨਾ ਹੋਵੇ ਰੂਹ ਨੂੰ ਸਾਫ਼ ਨਹੀਂ ਕਰਦਾ, ਸਗੋਂ ਮੈਲਾ ਕਰਦਾ ਹੈ।''

ਇਸ ਪ੍ਰਕਾਰ ਦੀ ਵਾਰਤਕ ਅੰਦਰ ਜਜ਼ਬੇ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਦੂਜੇ ਇਸ ਪ੍ਰਕਾਰ ਦੀ ਵਾਰਤਕ ਲਿਖਣ ਵਾਲਿਆਂ ਅੰਦਰ ਕਾਵਿ ਰੂਪ ਵਲਵਲਿਆਂ ਦਾ ਹੜ੍ਹ ਹੁੰਦਾ ਹੈ। ਪਰ ਜਦੋਂ ਉਹ ਵਾਰਤਕ ਲਿਖ ਰਹੇ ਹੁੰਦੇ ਹਨ ਤਾਂ ਉਹ ਆਪਣੇ ਆਪ ਕਾਵਿ ਰੂਪ ਬਣ ਜਾਂਦੀ ਹੈ। ਇਸ ਵਿਚ ਦ੍ਰਵ ਤੱਤ ਵਧੇਰੇ ਹੁੰਦਾ ਹੈ ਅਤੇ ਇਸ ਦਾ ਸੁਆਦ ਕਾਵਿਕ ਵਰਗਾ ਹੁੰਦਾ ਹੈ।

## 3.ਧਾਰਮਿਕ ਪ੍ਰਵਿਰਤੀ ਵਾਲੀ ਵਾਰਤਕ:

ਮੁੱਢਲੀ ਵਾਰਤਕ ਧਾਰਮਿਕ ਕਿਸਮ ਦੀ ਵਾਰਤਕ ਸੀ ਜਿਸ ਨੂੰ ਅਸੀਂ ਪੁਰਾਤਨ ਵਾਰਤਕ ਵੀ ਕਹਿ ਦਿੰਦੇ ਹਾਂ। ਜਨਮ ਸਾਖੀਆਂ, ਰਹਿਤਨਾਮਿਆਂ, ਬਚਨ, ਹੁਕਮਨਾਮੇ, ਪਰਚੀਆਂ ਆਦਿ ਇਸੇ ਪ੍ਰਕਾਰ ਦੀ ਵਾਰਤਕ ਸੀ। ਧਾਰਮਿਕ ਵਿਸ਼ਿਆਂ 'ਤੇ ਲਿਖੀ ਜਾਣ ਵਾਲੀ ਵਾਰਤਕ ਵੀ ਇਸੇ ਸ਼ੈਲੀ ਵਿਚ ਆਉਦੀ ਹੈ। ਭਾਈ ਵੀਰ ਸਿੰਘ ਦੀ ਧਾਰਮਿਕ ਵਿਸ਼ਿਆਂ 'ਤੇ ਲਿਖੀ ਵਾਰਤਕ ਇਸੇ ਕਿਸਮ ਦੀ ਵਾਰਤਕ ਦਾ ਆਧੁਨਿਕ ਰੂਪ ਹੈ। ਜਿਥੋਂ ਤੱਕ ਇਸ ਵਾਰਤਕ ਦੀ ਅੰਤਰੀਵ ਆਤਮਾ ਦਾ ਸੰਬੰਧ ਹੈ, ਇਸ ਅੰਦਰਲੀ ਸ਼ਬਦਾਵਲੀ ਸ਼ਰਧਾ ਭਰਪੂਰ ਹੁੰਦੀ ਹੈ। ਇਥੇ ਨਮੂਨਾ ਦਿੱਤਾ ਜਾਂਦਾ ਹੈ:

''ਬੇਬੇ ਆਪਣੇ ਘਰ ਬੈਠੀ ਲੱਸੀ ਰਿੜਕ ਰਹੀ ਸੀ, ਇਕ ਹੱਥ ਮੱਖਣ ਭਰਿਆ ਸੀ, ਆਸਾ ਦੀ ਵਾਰ ਦਾ ਪਾਠ ਕਰ ਰਹੀ ਸੀ ਕਿ ਸਤਿਗੁਰੂ ਭਾਈ ਵੀਰ ਦੀ ਨੂਰ ਭਰੀ ਨੁਹਾਰ ਡੇਉਢੀ ਲੰਘ ਕੇ ਵਿਹੜੇ ਵਿਚ ਆਉਦੀ ਤੇ 'ਨਿਰੰਕਾਰ' ਦੀ ਗੂੰਜ ਨਾਲ ਗੂੰਜਦੀ ਦਿੱਸ ਪਈ। ਦਿਸ ਹੀ ਨਹੀਂ ਪਈ, ਕੰਨਾਂ ਨੇ ਵਰ੍ਹਿਆਂ ਮਗਰੋਂ ਫੇਰ ਉਹ ਪ੍ਰੇਮ ਦੇ ਦੋ ਅੱਖਰ ਸੁਣੇ 'ਬੇਬੇ'। ਸੁਣਦਿਆਂ ਸਾਰ, 'ਧੰਨ ਬੇਬੇ' ਉਠੀ। ਧਾ ਕੇ ਵੀਰ ਦੇ ਪੈਰਾਂ 'ਤੇ ਢੱਠੀ, ਸਿਰ ਵਿਚੋਂ ਵੈਰਾਗ, ਸ਼ੁਕਰ ਤੇ ਆਤਮ ਹੁਲਾਰੇ ਨੇ ਇਕ ਐਸੀ ਝਰਨਾਟ ਛੇੜੀ ਕਿ ਸਰੀਰ ਬੇਸੁੱਧ ਜਿਹਾ ਹੋ ਕੇ ਢੱਠਾ। ਪਰ ਉਸ ਸੱਚੇ ਜਗ ਤਾਰਕ ਨੇ ਭੈਣ ਦਾ ਸੀਸ ਹੱਥ 'ਤੇ ਬੋਚਿਆ ਅਰ ਡਾਢੇ ਪਿਆਰ ਨਾਲ ਦਿਲਾਸਾ ਤੇ ਅਸੀਸ ਦਿੱਤੀ। ਜਾਣਦੇ ਸਨ ਕਿ ਬੇਬੇ ਨੂੰ ਤਾਂ ਆਪੇ ਦੀ ਸੁੱਧ ਨਹੀਂ, ਆਪ ਹੀ ਮੰਜੇ ਪਰ ਬੈਠ ਗਏ। ਭੈਣ ਨੇ ਹੁਣ ਸਿਰ ਚੁਕਿਆ, ਸਤਿਗੁਰੂ ਮਿਲਿਆਂ ਅਨੰਦ ਆਉਦਾ ਹੈ।''

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਆਧੁਨਿਕ ਪੰਜਾਬੀ ਵਾਰਤਕ ਵਿਚ ਧਾਰਮਿਕ ਪ੍ਰਵਿਰਤੀ ਵਾਲੀ ਵਾਰਤਕ ਭਾਈ ਵੀਰ ਸਿੰਘ ਵਿਚ ਵਧੇਰੇ ਮਿਲਦੀ ਹੈ। ਜਿਥੇ ਧਾਰਮਿਕ ਪ੍ਰਵਿਰਤੀ ਦਾ ਆਰੰਭ ਪੁਰਾਤਨ ਪੰਜਾਬੀ ਵਾਰਤਕ ਵਿਚ ਮਿਲਦਾ ਹੈ ਅਤੇ ਆਧੁਨਿਕ ਧਾਰਮਿਕ ਵਾਰਤਕ ਉਸ ਦਾ ਹੀ ਵਿਕਾਸ ਮੰਨੀ ਜਾਂਦੀ ਹੈ। ਕੇਵਲ ਭਾਸ਼ਾ ਅਤੇ ਸ਼ੈਲੀ ਦਾ ਅੰਤਰ ਆਧੁਨਿਕ ਵਾਰਤਕ ਦੇ ਪੜਾਅ 'ਤੇ ਪਹੁੰਚ ਕੇ ਆ ਗਿਆ ਹੈ। ਭਾਈ ਵੀਰ ਸਿੰਘ ਦੁਆਰਾ ਰਚਿਤ ਧਾਰਮਿਕ ਵਾਰਤਕ ਦਾ ਇਕ ਹੋਰ ਨਮੂਨਾ ਪੇਸ਼ ਹੈ: ''ਇਸ ਕੀਰਨੇ ਨੂੰ ਬੇਬੇ ਨੇ ਸੁਣਿਆ। ਆਹ! ਜਗਤ ਗੁਰੂ ਨਾਨਕ ਦੀ ਇਸਤਰੀ 'ਸੁਲੱਖਣੀ' ਵਿਲਕ ਰਹੀ ਹੈ, ਭਾਵੇਂ ਪਤੀ ਦੇ ਦੈਵੀ ਸਰੂਪ ਨੂੰ ਨਹੀਂ ਸਿਆਣਦੀ ਪਰ ਪਤੀ ਨੂੰ ਪਿਆਰਾ ਪਤੀ ਕਰਕੇ ਪਿਆਰਦੀ ਤੇ ਵਿਲਕਦੀ ਹੈ। ਬਰਸਾਂ ਹੀ ਜਿਸ ਵਿਲਕਦੀ ਦੇ ਪਿਆਰੇ ਨੂੰ ਵਿਛੜਿਆਂ ਬੀਤ ਗਏ ਤੇ ਸੋ ਤਕ ਨਾ ਆਈ, ਉਸ ਬਿਰਹਣੀ ਦੇ ਦੁੱਖ ਨੂੰ ਉਹ ਆਪ ਹੀ ਜਾਣ ਸਕਦੀ ਹੈ। ਇਸ ਤਰ੍ਹਾਂ ਦੀਆਂ ਵਿਚਾਰਾਂ ਕਰਦੀ ਬੇਬੇ ਅੱਗੇ ਵਧੀ, ਜਾ ਕੇ ਭਾਬੀ ਨੂੰ ਗਲਵੱਕੜੀ ਪਾ ਲਈ, ਨੈਣ ਪੂੰਝੇ ਤੇ ਕਿਹਾ, ''ਪਿਆਰੀ ਭਾਬੀ ! ਰੋ ਨਹੀਂ।''

ਪੁਰਾਤਨ ਵਾਰਤਕ ਤੋਂ ਇਹੀ ਅੰਤਰ ਪਿਆ ਹੈ ਕਿ ਸੰਜੋਗਾਤਮਕਤਾ ਘਟ ਗਈ ਹੈ, ਲਹਿੰਦੀ ਦਾ ਪ੍ਰਭਾਵ ਮੁੱਕ ਗਿਆ ਹੈ ਅਤੇ ਆਧੁਨਿਕ ਸਮੇਂ ਵਿਚ ਆਸਾਨੀ ਨਾਲ ਸਮਝੇ ਜਾਣ ਵਾਲੀ ਧਾਰਮਿਕ ਵਾਰਤਕ ਲਿਖਣੀ ਆਰੰਭ ਹੋ ਗਈ ਹੈ। ਪੁਰਾਤਨ ਧਾਰਮਿਕ ਵਾਰਤਕ ਨਾਲੋਂ ਬਹੁਤ ਫਰਕ ਹੈ।

## 4.ਅਲੰਕਾਰਿਕ ਪ੍ਰਵਿਰਤੀ ਵਾਲੀ ਵਾਰਤਕ:

ਇਸ ਪ੍ਰਕਾਰ ਦੀ ਵਾਰਤਕ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਲਿਖੀ ਹੈ ਜਿਹੜੇ ਆਪਣੀ ਵਾਰਤਕ ਵਿਚ ਕਈ ਪ੍ਰਕਾਰ ਦੇ ਬੋਝਲ ਅਲੰਕਾਰਾਂ ਅਤੇ ਵਿਸ਼ੇਸ਼ਣਾਂ ਦੀ ਵਰਤੋਂ ਕਰਦੇ ਹਨ। ਇਸ ਪ੍ਰਕਾਰ ਕਈ ਵਾਰ ਪ੍ਰਿੰ. ਤੇਜਾ ਸਿੰਘ ਵਰਗੀ ਸਪੱਸ਼ਟਤਾ ਨਹੀਂ ਰਹਿੰਦੀ ਅਤੇ ਧੁੰਦਲਾਪਨ ਜਿਹਾ ਆ ਜਾਂਦਾ ਹੈ। ਪੜ੍ਹਨ ਵਿਚ ਇਹ ਵਾਰਤਕ ਭਾਸ਼ਾ ਦੀ ਜਾਦੂਗਰੀ ਕਾਰਨ ਸੁਆਦ ਦਿੰਦੀ ਹੈ।

## 5.ਦਾਰਸ਼ਨਿਕ ਪ੍ਰਵਿਰਤੀ ਵਾਲੀ ਵਾਰਤਕ:

ਦਾਰਸ਼ਨਿਕ ਪ੍ਰਵਿਰਤੀ ਵਾਲੀ ਵਾਰਤਕ ਵੀ ਆਧੁਨਿਕ ਸਮੇਂ ਵਿਚ ਲਿਖੀ ਗਈ ਹੈ। ਇਸ ਪ੍ਰਕਾਰ ਦੀ ਵਾਰਤਕ ਪੁਰਾਣੀ ਕਿਸਮ ਦੀ ਦਾਰਸ਼ਨਿਕ ਵਾਰਤਕ ਨਾਲੋਂ ਵੱਖਰੀ ਕਿਸਮ ਦੀ ਹੈ। ਪੁਰਾਤਨ ਦਾਰਸ਼ਨਿਕ ਵਾਰਤਕ ਵਿਚ 'ਪਾਰਸ ਭਾਗ' ਦਾ ਨਮੂਨਾ ਪੇਸ਼ ਹੈ: ''ਇਸ ਸਮੇਂ ਦੀ ਇਕ ਬੜੀ ਪ੍ਰਸਿੱਧ ਰਚਨਾ ਪਾਰਸ ਭਾਗ ਹੈ। ਜਿਸ ਨੂੰ ਭਾਈ ਅੱਡਣ ਸ਼ਾਹ ਦੀ ਕਿਰਤ ਆਖਿਆ ਜਾਂਦਾ ਹੈ। ਇਹ ਪੁਸਤਕ ਫ਼ਾਰਸੀ ਦੀ ਬੜੀ ਹੀ ਪ੍ਰਸਿੱਧ ਪੁਸਤਕ 'ਕੀਮੀਆ ਏ ਸਆਦਤ' (ਨੇਕੀ ਦੀ ਦਵਾ) ਦੇ ਆਧਾਰ 'ਤੇ ਪੰਜਾਬੀ ਵਿਚ ਲਿਖੀ ਗਈ ਹੈ। ਇਸ ਦੀ ਵਾਰਤਕ ਕਿਧਰੇ ਕਿਧਰੇ ਤਾਂ ਬਿਲਕੁਲ ਠੇਠ ਪੰਜਾਬੀ ਹੋ ਜਾਂਦੀ ਹੈ ਪਰ ਬਹੁਤੀ ਥਾਂ ਇਹ ਸਾਧ ਭਾਸ਼ਾ ਦੇ ਪ੍ਰਛਾਵੇਂ ਹੇਠ ਆਈ ਜਾਪਦੀ ਹੈ।''

## 6.ਆਧੁਨਿਕ ਦਾਰਸ਼ਨਿਕ ਵਾਰਤਕ:

ਪ੍ਰੋ. ਸ. ਸ. ਅਮੋਲ ਦੁਆਰਾ ਲਿਖੀ ਗਈ ਹੈ। ਇਸ ਦਾਰਸ਼ਨਿਕ ਵਾਰਤਕ ਉਪਰ ਪੁਰਾਤਨ ਵਾਰਤਕ ਵਾਂਗ ਸਾਧ ਭਾਸ਼ਾ ਦਾ ਪ੍ਰਭਾਵ ਨਹੀਂ ਹੈ। ਔਖੇ ਵਿਚਾਰਾਂ ਨੂੰ ਆਮ ਭਾਸ਼ਾ ਵਿਚ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਵਾਰਤਕਕਾਰ ਇਸ ਗੱਲ ਵਿਚ ਸਫ਼ਲ ਵੀ ਹੋਇਆ ਹੈ। ਉਸ ਨੇ ਆਮ ਸਮਝਣ ਵਾਲੇ ਸ਼ਬਦ ਵਰਤੇ ਹਨ। ਨਮੂਨਾ ਇਸ ਪ੍ਰਕਾਰ ਹੈ: ''ਅਸੀਂ ਅਨੇਕਾਂ ਵਾਰ ਇਸ ਸੰਸਾਰ ਵਿਚ ਮਨੁੱਖਾਂ ਮਨੁੱਖਾਂ ਵਿਚ ਅੰਤਰ ਵੇਖ ਕੇ ਸੋਚਦੇ ਹਾਂ ਕਿ ਇਹ ਕੇਹਾ ਪ੍ਰਬੰਧ ਹੈ ਜੋ ਕੋਈ ਗਰੀਬ ਹੈ ਅਤੇ ਕੋਈ ਅਮੀਰ, ਕੋਈ ਵਿਦਵਾਨ ਹੈ ਅਤੇ ਕੋਈ ਅਵਿੱਦਿਯ ਅਤੇ

ਕੋਈ ਕਰੜੀ ਘਾਲਣਾ ਘਾਲ ਕੇ ਉਪਜੀਵਕਾ ਉਪਜਾਉਂਦਾ ਹੈ ਅਤੇ ਕੋਈ ਬੜੀ ਸੁਖੈਨਤਾ ਨਾਲ। ਇਉ ਪਰਤੀਤ ਹੁੰਦਾ ਹੈ ਕਿ ਇਸ ਜੀਵਨ ਦਾ ਸਾਰਾ ਪ੍ਰਬੰਧ ਚੱਲ ਹੀ ਇਸ ਅੰਤਰ ਦੇ ਸਹਾਰੇ ਰਿਹਾ ਹੈ।

## 7.ਗਿਆਨ ਪ੍ਰਵਿਰਤੀ ਵਾਲੀ ਵਾਰਤਕ:

ਇਸ ਪ੍ਰਕਾਰ ਦੀ ਪ੍ਰਵਿਰਤੀ ਸਾਨੂੰ ਆਧੁਨਿਕ ਵਾਰਤਕ ਵਿਚ ਲਾਲ ਸਿੰਘ ਕਮਲਾ ਅਕਾਲੀ ਦੇ ਨਿਬੰਧਾਂ ਵਿਚ ਮਿਲਦੀ ਹੈ ਜਿਸ ਦੇ ਨਿਬੰਧ ਸੰਗ੍ਰਹਿਆਂ ਵਿਚ 'ਮੌਤ ਰਾਣੀ ਦਾ ਘੁੰਡ', 'ਜੀਵਨ ਨੀਤੀ', 'ਮਨ ਦੀ ਮੌਜ' ਹਨ।

ਇਸ ਪ੍ਰਕਾਰ ਦੀ ਵਾਰਤਕ ਦੀ ਪ੍ਰਵਿਰਤੀ ਪ੍ਰੋ. ਕਿਰਪਾਲ ਸਿੰਘ ਕਸੇਲ ਵਿਚ ਵੀ ਵੇਖੀ ਜਾ ਸਕਦੀ ਹੈ। ਇਹ ਵੀ ਸਾਧਾਰਨ ਅਤੇ ਆਮ ਸਮਝੇ ਜਾਣ ਵਾਲੇ ਸ਼ਬਦਾਂ ਰਾਹੀਂ ਡੂੰਘੇ ਗਿਆਨਾਤਮਕ ਵਿਚਾਰਾਂ ਨੂੰ ਪ੍ਰਗਟਾਉਂਦੇ ਹਨ।

ਨਮੂਨਾ ਇਸ ਪ੍ਰਕਾਰ ਹੈ: ''ਸੁੱਚੀ ਕਿਰਤ ਦੇ ਉਪਜਾਊ ਹੋਣ ਬਾਰੇ ਤਾਂ ਕੋਈ ਸੰਦੇਹ ਹੋ ਹੀ ਨਹੀਂ ਸਕਦਾ, ਇਹ ਸਦਾ ਉਪਜਾਊ ਹੁੰਦੀ ਹੈ। ਕੇਵਲ ਇੰਨਾ ਹੀ ਨਹੀਂ ਸਗੋਂ ਇਸ ਵਿਚ ਸੱਚੀ ਲਗਨ ਅਤੇ ਅਦੁੱਤੀ ਮਾਨਵੀ ਸੱਧਰਾਂ ਕੇਂਦਰਿਤ ਹਨ। ਇਹ ਮਨੁੱਖ ਦੀ ਪਰਮ ਚੇਤੰਨਤਾ, ਕਮਾਈ ਅਤੇ ਸਾਧੀ ਹੋਈ ਸੁਯੋਗਤਾ ਦਾ ਅਮਰ ਫਲ ਹੈ। ਇਸ ਵਿਚ ਸਵੱਛਤਾ, ਸੇਵਾ, ਪਰਉਪਕਾਰ, ਖ਼ੂਬਸੂਰਤੀ, ਪ੍ਰਗਤੀਸ਼ੀਲਤਾ ਅਤੇ ਆਦਰਸ਼ ਸਮਾਜ ਦਾ ਪੁੰਨਯ ਨਿਰਮਾਣ ਸਭ ਸੰਮਲਿਤ ਹਨ। ਹਰ ਉਚੀ ਕਲਾ ਤਾਂ ਸੁੱਚੀ ਕਿਰਤ ਵੀ ਹੈ, ਪਰ ਕਮਾਲ ਤਾਂ ਇਹ ਹੈ ਕਿ ਹਰ ਸੁੱਚੀ ਕਿਰਤ ਕਲਾ ਦੀ ਉਚਤਾ ਤਕ ਪਹੁੰਚ ਜਾਂਦੀ ਹੈ। ਭਾਵੇਂ ਇਸ ਵਿਚ ਆਸ਼ਾ ਉਪਯੋਗਤਾ ਦਾ ਹੀ ਮੁੱਖ ਹੁੰਦਾ ਹੈ।''

## 8.ਤਰਕਸ਼ੀਲ ਵਾਰਤਕ:

ਇਸ ਪ੍ਰਕਾਰ ਦੀ ਵਾਰਤਕ ਦਾ ਉਦੇਸ਼ ਪਾਠਕ ਨੂੰ ਕੋਈ ਡੂੰਘੀ ਗੱਲ ਸਮਝਾਉਣਾ ਹੈ। ਗੰਭੀਰ ਵਿਸ਼ਾ ਇਸ ਪ੍ਰਕਾਰ ਦੀ ਅੰਤਰੀਵ ਆਤਮਾ ਕਿਹਾ ਜਾ ਸਕਦਾ ਹੈ। ਕਈ ਪ੍ਰਕਾਰ ਦੀਆਂ ਵਿਧੀਆਂ ਦੀ ਵਰਤੋਂ ਗੱਲ ਨੂੰ ਸਮਝਾਉਣ ਲਈ ਕੀਤੀ ਜਾਂਦੀ ਹੈ ਅਤੇ ਕਈ ਪ੍ਰਕਾਰ ਦੀਆਂ ਦਲੀਲਾਂ ਵੀ ਦਿੱਤੀਆਂ ਜਾਂਦੀਆਂ ਹਨ। ਕਈ ਪ੍ਰਕਾਰ ਦੀਆਂ ਉਦਾਹਰਨਾਂ ਵੀ ਅਜਿਹੀ ਵਾਰਤਕ ਵਿਚ ਆਉਂਦੀਆਂ ਹਨ। ਇਥੇ ਮੰਤਵ ਕਹੀ ਗੱਲ ਦੀ ਪੁਸ਼ਟੀ ਕਰਨਾ ਹੁੰਦਾ ਹੈ। ਡਾ. ਬਲਬੀਰ ਸਿੰਘ ਨੇ ਆਪਣੇ ਇਕ ਨਿਬੰਧ 'ਦੁੱਖ-ਸੁੱਖ' ਵਿਚ ਰਾਵੀਆ (ਰਾਬੀਆ), ਸੂਫ਼ੀ ਫ਼ਕੀਰ ਦੀ ਉਦਾਹਰਣ ਗੱਲ ਸਮਝਾਉਣ ਲਈ ਦਿੱਤੀ ਗਈ ਹੈ।

'ਰਾਵੀਆ ਬੀਮਾਰ ਹੈ, ਦਰਦ ਵਿਚ ਤੜਫ ਰਹੀ ਹੈ, ਪੀੜ ਨਾਲ ਮੇਜ਼ ਉਪਰ ਦੂਹਰੀ ਹੋ ਹੋ ਪੈਂਦੀ ਹੈ। ਦੋ ਸ਼ਰਈ ਉਲਮਾ ਉਸ ਨੂੰ ਵੇਖਣ ਆਏ । ਇਕ ਨੇ ਹੱਸ ਕੇ ਕਿਹਾ, 'ਉਸ ਦਾ ਸਿਦਕ ਕਬੂਲ ਨਹੀਂ ਜਿਸ ਵਿਚ ਦਰਦ ਸਹਾਰਨ ਦਾ ਸਬਰ ਨਾ ਹੋਵੇ।''

ਇਸੇ ਵਾਰਤਕ ਵਿਚ ਇਹ ਵੀ ਲਿਖਿਆ ਹੈ।

''ਇਸੇ ਤਰ੍ਹਾਂ ਕਿਸੇ ਦਾਰਸ਼ਨਿਕ ਸ਼ਕਲ ਵਿਚ ਇਹ ਜੀਵਨ ਹੈ, ਜਿਸ ਵਿਚ ਕੋਮਲ ਹੁਨਰਾਂ ਦੀ ਜ਼ਮੀਨ ਉਤੇ ਸੁਖ ਦੁਖ ਖੇਡਦੇ ਹਨ। ਕਿਸੇ ਵੇਲੇ ਇਕ ਦਾ ਪਾਸਾ ਭਾਰਾ ਹੁੰਦਾ ਹੈ, ਕਿਸੇ ਵੇਲੇ ਦੂਜੇ ਦਾ।''

ਇਸ ਕਿਸਮ ਦੀ ਵਾਰਤਕ ਰਚਨਾ ਵਿਚ ਪ੍ਰੋ. ਨਰਿੰਦਰ ਸਿੰਘ ਕਪੂਰ ਦੀਆਂ ਪੁਸਤਕਾਂ 'ਅੰਤਰ ਝਾਤ' ਅਤੇ 'ਬੂਹੇ ਬਾਰੀਆਂ' ਨੂੰ ਤਰਕਸ਼ੀਲ ਅਤੇ ਗਿਆਨਾਤਮਕ ਵਾਰਤਕ ਦੀ ਪ੍ਰਵਿਰਤੀ ਵਿਚ ਰੱਖ ਸਕਦੇ ਹਾਂ।

## 9.ਨਾਟਕੀ ਵਾਰਤਕ:

ਜਿਸ ਵਾਰਤਕ ਵਿਚ ਨਾਟਕੀ ਅੰਸ਼ ਵਧੇਰੇ ਆ ਜਾਣ ਜਾਂ ਵਾਰਤਾਲਾਪ ਬਹੁਤ ਜ਼ਿਆਦਾ ਆ ਜਾਵੇ ਉਸ ਪ੍ਰਕਾਰ ਦੀ ਵਾਰਤਲਾਪ ਨੂੰ ਨਾਟਕੀ ਵਾਰਤਕ ਕਿਹਾ ਜਾ ਸਕਦਾ ਹੈ।

ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਆਧੁਨਿਕ ਪੰਜਾਬੀ ਵਾਰਤਕ ਵਿਚ ਵੱਖ ਵੱਖ ਪ੍ਰਕਾਰ ਦੀਆਂ ਪ੍ਰਵਿਰਤੀਆਂ ਮਿਲਦੀਆਂ ਹਨ, ਜਿਹੜੀ ਪੁਰਾਤਨ ਪੰਜਾਬੀ ਵਾਰਤਕ ਵਿਚ ਨਹੀਂ ਮਿਲਦੀਆਂ।

## ਪੰਜਾਬੀ ਵਾਰਤਕ ਦੇ ਮੂਲ ਸਰੋਕਾਰ ਇਸ ਪ੍ਰਕਾਰ ਹਨ:

### ਧਰਮ ਚੇਤਨਾ:

ਇਸ ਸੰਦਰਭ ਵਿਚ ਪਹਿਲਾ ਸਰੋਕਾਰ ਧਰਮ ਚੇਤਨਾ ਹੈ। ਧਰਮ ਹਮੇਸ਼ਾ ਪੰਜਾਬੀਆਂ ਦੀ ਸੋਚ ਅਤੇ ਰਹਿਤਲ ਦਾ ਪ੍ਰੇਰਕ ਸੋਮਾ ਰਿਹਾ ਹੈ। ਪ੍ਰੋ. ਪੂਰਨ ਸਿੰਘ ਦਾ ਇਹ ਕਥਨ ਹੈ ਕਿ ''ਪੰਜਾਬ ਜੀਉਂਦਾ ਗੁਰੂ ਦੇ ਨਾਮ 'ਤੇ'' ਇਸੇ ਤੱਥ ਦਾ ਸੂਚਕ ਹੈ ਕਿ ਪੰਜਾਬੀਆਂ ਨੇ ਹਮੇਸ਼ਾ ਧਰਮ ਨੂੰ ਆਪਣੀ ਟੇਕ ਮੰਨਿਆ ਹੈ। ਇਹ ਧਰਮ ਭਾਵਨਾ ਹੀ ਮੱਧਕਾਲੀ ਸਾਹਿਤ ਚਿੰਤਨ ਦਾ ਵੱਡਾ ਸਰੋਕਾਰ ਰਹੀ ਹੈ। ਪੰਜਾਬੀ ਵਾਰਤਕ ਦੇ

ਪ੍ਰਸੰਗ ਵਿਚ ਵੀ ਇਹੀ ਧਰਮ ਚੇਤਨਾ ਮੂਲ ਸਰੋਕਾਰ ਬਣੀ ਰਹੀ ਹੈ। ਪ੍ਰੋ. ਪੂਰਨ ਸਿੰਘ ਜਦੋਂ ਇਹ ਕਹਿੰਦਾ ਹੈ ਕਿ ''ਨਸ਼ਰ ਪਹਿਲੀ ਵਾਰ ਉਨ੍ਹਾਂ ਲੋਕਾਂ ਨੇ ਲਿਖੀ ਜਿਨ੍ਹਾਂ ਦੇ ਹੋਂਠ ਗੁਰੂ ਸਾਹਿਬ ਦੇ ਪਿਆਰ ਅੰਮ੍ਰਿਤ ਨਾਲ ਸਿੰਚੇ ਗੁਲਾਬ ਦੀਆਂ ਪੱਤੀਆਂ ਵਾਂਗ ਸਿਫ਼ਤ ਸਮੀਰ ਨਾਲ ਹਿੱਲਦੇ ਸਨ'' ਤਾਂ ਇਸ ਦਾ ਸੰਕੇਤ ਹੀ ਇਹ ਹੈ ਕਿ ਧਰਮ ਪੰਜਾਬੀ ਵਾਰਤਕ ਦੀ ਪਹਿਲੀ ਸੁਰਤਿ ਹੀ ਨਹੀਂ ਸਗੋਂ ਇਹ ਸਰੋਕਾਰ ਨਿਰੰਤਰ ਕਾਰਜਸ਼ੀਲ ਰਿਹਾ ਹੈ। ਮੱਧਕਾਲੀ ਪੰਜਾਬੀ ਵਾਰਤਕ ਦਾ ਸਮੁੱਚਾ ਚਰਿੱਤਰ ਹੀ ਧਰਮ ਬਿਰਤੀ ਵਾਲਾ ਹੈ ਇਸ ਕਾਲ ਦੀਆਂ ਸਾਰੀਆਂ ਵਾਰਤਕ ਵੰਨਗੀਆਂ ਵਿਚ ਧਰਮ, ਗੁਰੂ ਜਾਂ ਗੁਰੂ ਦਾ ਬੋਲ ਹੀ ਫੈਲਿਆ ਹੋਇਆ ਹੈ। ਸਾਖੀ, ਜਨਮਸਾਖੀ, ਪਰਮਾਰਥ, ਟੀਕੇ, ਗੋਸ਼ਟਾਂ ਅਤੇ ਪਰਚੀਆਂ ਸਾਡੇ ਮੱਤ ਦੀ ਪੁਸ਼ਟੀ ਕਰਦੀਆਂ ਹਨ ਕਿ ਪੰਜਾਬੀ ਵਾਰਤਕ ਦਾ ਆਦਿ ਬਿੰਦੂ ਹੀ ਧਰਮ ਭਾਵਨਾ ਸੀ ਜੋ ਭਵਿੱਖ ਵਿਚ ਵੀ ਕੇਂਦਰੀ ਸਰੋਕਾਰ ਬਣੀ ਰਹੀ ਹੈ। ਪੰਜਾਬੀ ਵਾਰਤਕ ਦਾ ਇਕ ਵੱਡਾ ਹਿੱਸਾ ਗੁਰੂ ਸਾਹਿਬਾਨ ਦੀਆਂ ਜੀਵਨੀਆਂ, ਉਨ੍ਹਾਂ ਦੀ ਬਾਣੀ ਦੀ ਵਿਆਖਿਆ, ਟੀਕਾਕਾਰੀ ਅਤੇ ਗੁਰਮਤਿ ਸਿਧਾਂਤਾਂ ਨਾਲ ਜੁੜਿਆ ਹੋਇਆ ਹੈ। ਇਸ ਸਰੋਕਾਰ ਨਾਲ ਮੱਧਕਾਲੀ ਪੰਜਾਬੀ ਵਾਰਤਕ ਹੀ ਨਹੀਂ ਬਲਕਿ ਵੀਹਵੀਂ ਸਦੀ ਦੀ ਪੰਜਾਬੀ ਵਾਰਤਕ ਵੀ ਆਪਣਾ ਵਿਕਾਸ ਪ੍ਰਾਪਤ ਕਰਦੀ ਹੈ। ਸਿੰਘ ਸਭਾ ਲਹਿਰ ਦੀ ਸਾਰੀ ਪੰਜਾਬੀ ਵਾਰਤਕ ਇਸੇ ਸਰੋਕਾਰ ਵਿਚੋਂ ਪ੍ਰੇਰਣਾ ਲੈ ਰਹੀ ਹੈ। ਭਾਈ ਵੀਰ ਸਿੰਘ, ਭਾਈ ਜੋਧ ਸਿੰਘ , ਡਾ. ਬਲਬੀਰ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਤਾਰਨ ਸਿੰਘ, ਡਾ. ਗੰਡਾ ਸਿੰਘ, ਸਿਰਦਾਰ ਕਪੂਰ ਸਿੰਘ ਆਦਿ ਵਿਦਵਾਨਾਂ ਦੀ ਪੰਜਾਬੀ ਵਰਤਕ ਧਰਮ ਚਿੰਤਨ ਨਾਲ ਜੁੜੀ ਹੋਈ ਹੈ। ਦਿਲਚਸਪ ਤੱਥ ਤਾਂ ਇਹ ਹੈ ਕਿ ਪ੍ਰੋ. ਪੂਰਨ ਸਿੰਘ ਵਰਗਾ ਵਿਗਿਆਨੀ ਆਪਣੀ ਲਿਖਤ ਸੰਬੰਧੀ 'ਖੁਲ੍ਹੇ ਲੇਖ' ਦੀ ਭੂਮਿਕਾ ਵਿਚ ਇਹ ਕਹਿੰਦਾ ਹੈ ਕਿ ''ਖਿਆਲ ਸੋਚੇ ਨਹੀਂ ਜਾਂਦੇ-ਆਪ ਮੁਹਾਰੇ ਚਿੱਟੇ ਬਾਜਾਂ ਵਾਂਗ ਉਡਾਰੀ ਮਾਰ ਨੀਲੇ ਗਗਨ ਵਿਚ ਆਪਣੇ ਸੁਹਣੇ ਫੰਦਾਂ ਦੀ ਫਰਫਰਾਹਟ ਵਿਚ ਰੂਪਮਾਨ ਹੁੰਦੇ ਹਨ।''

ਨਿਰੰਸਦੇਹ ਪੰਜਾਬੀ ਵਾਰਤਕ ਦੇ ਆਦਿ ਤੋਂ ਵਰਤਮਾਨ ਤੀਕ ਧਰਮ ਚੇਤਨਾ ਦੇ ਸਰੋਕਾਰ ਫੈਲੇ ਹੋਏ ਹਨ। ਅਜਿਹੇ ਸਰੋਕਾਰਾਂ ਨਾਲ ਜੁੜੀ ਵਾਰਤਕ ਵਿਚ ਗਿਆਨ ਨਾਲੋਂ ਵਧੇਰੇ ਵਿਸ਼ਵਾਸ, ਕਲਪਨਾ ਅਤੇ ਸ਼ਰਧਾ ਦੇ ਅੰਸ਼ ਵਿਦਮਾਨ ਹੁੰਦੇ ਹਨ। ਸੰਵਾਦ ਅਜਿਹੀ ਵਾਰਤਕ ਦਾ ਚਰਿਤਰ ਨਹੀਂ ਬਣਦਾ। ਇਹੀ ਕਾਰਨ ਹੈ ਕਿ ਪੰਜਾਬੀ ਵਾਰਤਕ ਦਾ ਵੱਡਾ ਹਿੱਸਾ ਸੰਵਾਦ ਮੁਕਤ ਵਿਸ਼ਵਾਸ ਨੂੰ ਦ੍ਰਿੜ੍ਹ ਕਰਾਉਣ ਵਾਲਾ ਹੈ। ਅਜਿਹੀ ਵਾਰਤਕ ਵਿਚ ਦੁਹਰਾਓ ਹੁੰਦਾ ਹੈ ਜਿਸ ਵਿਚ ਲੇਖਕ ਅਤੇ ਪਾਠਕ ਦੋਵੇਂ ਹੀ ਰਚਨਾਤਮਕ ਵਿੱਥ ਭੰਗ ਕਰਦੇ ਹਨ। ਇਸ ਵਾਰਤਕ ਵਿਚ ਗਲਪ, ਜਜ਼ਬਾ, ਵਿਸ਼ਵਾਸ ਅਤੇ ਡੂੰਘੀ ਸ਼ਰਧਾ ਫੈਲਦੀ ਰਹਿੰਦੀ ਹੈ। ਇਹ ਵਾਰਤਕ ਆਪਣੇ ਸੁਭਾਅ ਵਿਚ ਸਰਲ ਅਤੇ ਅਤੀਤ ਦੇ ਗੌਰਵ ਨਾਲ ਜੁੜੀ ਰਹਿੰਦੀ ਹੈ। ਅਜਿਹੀ ਵਾਰਤਕ ਵਿਚੋਂ ਜੀਵਨ ਦੀ ਵੰਨਗੀ, ਅੰਤਰ ਵਿਰੋਧਾਂ ਜਾਂ ਵਿਵੇਕ ਪ੍ਰਗਟ ਨਹੀਂ ਹੁੰਦਾ, ਕਿਉਕਿ ਇਹ ਵਾਰਤਕ ਭਵਿੱਖ ਨਾਲੋਂ ਵਧੇਰੇ ਅਤੀਤ ਵਿਚ ਵਿਚਰਦੀ ਹੈ, ਨਵੇਂ ਚਿੰਤਨ ਦੀ ਥਾਂ ਪੁਰਾਣੇ ਦੀ ਮੁੜ ਮੁੜ ਵਿਆਖਿਆ ਕਰਕੇ ਉਸ ਦੀ ਸਮਕਾਲੀ ਪ੍ਰਾਸੰਗਿਕਤਾ ਨਿਸ਼ਚਿਤ ਕਰਦੀ ਹੈ। ਪੰਜਾਬੀ ਵਾਰਤਕ ਵਿਚ ਜੇਕਰ ਤਿੱਖੀ ਗਿਆਨ ਵਿਗਿਆਨ ਚੇਤਨਾ ਦੇ ਦਰਸ਼ਨ ਨਹੀਂ ਹੁੰਦੇ ਤਾਂ ਇਸ ਦਾ ਵੱਡਾ ਰਹੱਸ ਹੀ ਇਹ ਹੈ ਕਿ ਧਰਮ ਚੇਤਨਾ ਪੰਜਾਬੀਆਂ ਦੀ ਜੀਵਨ ਸ਼ੈਲੀ ਦਾ ਆਧਾਰ ਰਿਹਾ ਹੈ। ਸੀਮਾਵਰਤੀ ਪ੍ਰਾਂਤ ਵਿਚ ਜਿਥੇ ਜੀਵਨ ਦੀ ਅਨਿਸ਼ਚਿਤਤਾ ਬਣੀ ਰਹਿੰਦੀ ਹੈ, ਉਥੇ ਸੁਭਾਵਕ ਹੀ ਹੁੰਦਾ ਹੈ ਕਿ ਲੋਕ ਮਨ ਦਾ ਝੁਕਾਅ ਧਰਮ ਦੀ ਟੇਕ ਵਿਚ ਰਹਿੰਦਾ ਹੈ ਪੰਜਾਬੀ ਵਾਰਤਕ ਵਿਚ ਇਹ ਝੁਕਾਅ ਆਰ ਪਾਰ ਫੈਲਿਆ ਹੋਇਆ ਹੈ।

## ਆਦਰਸ਼ ਚੇਤਨਾ:

ਪੰਜਾਬੀ ਵਾਰਤਕ ਦਾ ਦੂਜਾ ਪ੍ਰਮੁੱਖ ਸਰੋਕਾਰ ਆਦਰਸ਼ ਚੇਤਨਾ ਹੈ। ਇਹ ਆਦਰਸ਼ ਵੀ ਧਰਮ ਭਾਵਨਾ ਵਾਂਗ ਇਕਹਿਰੇ ਚਰਿਤਰ ਵਾਲਾ ਹੈ, ਜਿਸ ਵਿਚ ਜੀਵਨ ਮੁੱਲਾਂ ਦੀ ਨਿੱਠ ਕੇ ਪੈਰਵੀ ਕੀਤੀ ਗਈ ਹੰੁਦੀ ਹੈ। ਪੰਜਾਬੀਆਂ ਦਾ ਸੁਭਾਅ ਹੀ ਇਹ ਹੈ ਕਿ ਉਹ ਯਥਾਰਥ ਦੀ ਥਾਂ ਆਦਰਸ਼ ਵੱਲ ਪ੍ਰੇਰਿਤ ਹੁੰਦੇ ਹਨ। ਕਿਸੇ ਨਾ ਕਿਸੇ ਆਦਰਸ਼ ਨਾਲ ਜੁੜੀਆਂ ਰਚਨਾਵਾਂ ਪੰਜਾਬੀਆਂ ਲਈ ਹਮੇਸ਼ਾ ਪ੍ਰੇਰਨਾ ਸਰੋਤ ਰਹੀਆਂ ਹਨ। ਇਸ ਆਦਰਸ਼ ਚੇਤਨਾ ਦੇ ਦੋ ਪ੍ਰਮੁੱਖ ਵਾਰਤਕਕਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਪ੍ਰਿੰ. ਤੇਜਾ ਸਿੰਘ ਪੰਜਾਬੀ ਵਾਰਤਕ ਵਿਚ ਬੜੇ ਪ੍ਰਵਾਣ ਹਸਤਾਖਰ ਰਹੇ ਹਨ। ਗੁਰਬਖਸ਼ ਸਿੰਘ ਦੀ ਸਮੁੱਚੀ ਵਾਰਤਕ ਰਚਨਾ ਦਾ ਕੇਂਦਰੀ ਪੈਰਾਡਾਇਮ ਪ੍ਰੀਤ ਦੇ ਝਰੋਖੇ ਵਿਚੋਂ ਇਕ ਆਦਰਸ਼ਕ ਸੁਹਜਮਈ ਜੀਵਨ ਦਾ ਬਿੰਬ ਪ੍ਰਗਟਾਉਦਾ ਰਿਹਾ ਹੈ। ਧਰਮ ਚੇਤਨਾ ਵਾਂਗ ਉਸਦੀ ਲੇਖਣੀ ਦਾ ਹਰ ਪਹਿਲੂ ਪ੍ਰਤਿਮਾਨ ਸਿਰਜਣ ਵਾਲਾ ਹੈ। ਗੁਰਬਖਸ਼ ਸਿੰਘ ਦੇ ਪ੍ਰਵੇਸ਼ ਨਾਲ ਇਕ ਨਵਾਂ ਪ੍ਰਤਿਮਾਨ ਉਸਰਦਾ ਹੈ ਜੋ ਮਾਨਵੀ ਭਵਿੱਖ ਨੂੰ ਰੌਸ਼ਨ ਕਰਨ ਦਾ ਵਾਅਦਾ ਕਰਦਾ ਹੈ। ਪੰਜਾਬੀ ਦਾ ਉਹ ਅਜਿਹਾ ਵਾਰਤਕਕਾਰ ਹੈ ਜਿਸ ਨੇ ਮਾਨਵੀ ਜੀਵਨ ਨਾਲ ਜੁੜੇ ਹਰ ਵੇਰਵੇ ਨੂੰ ਸੁਹਜ ਦੇ ਪ੍ਰਸੰਗ ਵਿਚ ਵਿਚਾਰਿਆ ਹੈ। ਪ੍ਰੀਤਲੜੀ ਦੇ ਪੰਨਿਆਂ ਰਾਹੀਂ ਉਸ ਨੇ ਪੰਜਾਬੀ ਪਾਠਕ ਦਾ ਇਕ ਵੱਡਾ ਸਮੂਹ ਪੈਦਾ ਕੀਤਾ ਹੈ ਜੋ ਗੁਰਬਖਸ਼ ਸਿੰਘ ਦੀ ਆਦਰਸ਼ ਚੇਤਨਾ ਤੋਂ ਪੂਰੀ ਤਰ੍ਹਾਂ ਪ੍ਰਾਵਾਵਿਤ ਅਤੇ ਭਾਵਿਤ ਰਿਹਾ ਹੈ। ਗੁਰਬਖਸ਼ ਸਿੰਘ ਦੀ ਆਦਰਸ਼ ਚੇਤਨਾ ਵਰਗਾ ਰੰਗ ਹੀ ਪ੍ਰਿੰ. ਤੇਜਾ ਸਿੰਘ ਦੀ ਵਾਰਤਕ ਵਿਚ ਝਲਕਦਾ ਹੈ। ਉਸ ਦੇ ਲੇਖ ਜ਼ਿੰਦਗੀ ਨਾਲ ਜੁੜੇ ਮਸਲਿਆਂ ਨੂੰ ਬੜੇ ਸਹਿਜ ਨਾਲ ਸੁਲਝਾਉਦੇ ਹਨ। ਘਰ ਦਾ ਪਿਆਰ, ਸਾਊਪੁਣਾ, ਸ਼ਹਿਰ ਦਾ ਨਲਕਾ, ਗੁਸਲਖ਼ਾਨਾ ਵਰਗੇ ਲੇਖ ਇਸ ਤੱਥ ਦੇ ਪ੍ਰਤੀਕ ਹਨ ਕਿ ਉਹ ਆਪਣੀ ਵਾਰਤਕ ਰਾਹੀਂ ਆਦਰਸ਼ ਦੇ ਨਿੱਕੇ ਵੱਡੇ ਪ੍ਰਤਿਮਾਨ ਸਿਰਜਦਾ ਹੈ। ਉਸ ਦੀ ਵਾਰਤਕ ਰਚਨਾ ਗੁਰਬਖਸ਼ ਸਿੰਘ ਵਾਗ ਪ੍ਰੇਰਣਾਮੂਲਕ ਹੈ, ਆਦਰਸ਼ ਸਿਰਜਣ ਵਾਲੀ ਹੈ ਅਜਿਹੀ ਵਾਰਤਕ ਦਾ ਚਰਿਤਰ ਜੀਵਨ ਦੇ ਰਹੱਸ ਨੂੰ ਫਰੋਲਣ ਦੀ ਥਾਂ ਜੀਵਨ ਨੂੰ ਸਰਲ ਬਣਾਉਣ ਵਿਚ ਰੁਚਿਤ ਰਹਿੰਦਾ ਹੈ। ਗੁਰਬਖਸ਼ ਸਿੰਘ ਦਾ ਪ੍ਰੀਤ ਦਾ ਫਲਸਫ਼ਾ ਪੰਜਾਬੀ ਵਾਰਤਕ ਵਿਚ  ਇਕ ਵੱਡਾ ਆਦਰਸ਼ ਬਣਿਆ ਜਿਹਾ ਹੈ। ਤੇਜਾ ਸਿੰਘ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਵਾਰਤਕ ਰਚਨਾ ਇਕ ਨਵੇਂ ਸ਼ਬਦ ਸਭਿਆਚਾਰ ਨੂੰ ਸਾਕਾਰ ਕਰਨ ਵਿਚ ਯਤਨਸ਼ੀਲ ਰਹੀ ਹੈ।

## ਨਾਇਕ ਦਾ ਬਿੰਬ:

ਪੰਜਾਬੀ ਸਭਿਆਚਾਰ ਅਤੇ ਪੰਜਾਬੀਆਂ ਦੀ ਸਿਮਰਤੀ ਵਿਚ ਹਮੇਸ਼ਾ ਨਾਇਕ ਦੀ ਤਲਾਸ਼ ਰਹੀ ਹੈ। ਇਸ ਤਲਾਸ਼ ਨਾਲ ਜੁੜੇ ਸਰੋਕਾਰ ਵਿਚੋਂ ਹੀ ਜਨਮਸਾਖੀ, ਜੀਵਨੀ ਅਤੇ ਰੇਖਾ ਚਿੱਤਰ ਵਰਗੀਆਂ ਵਾਰਤਕ ਰਚਨਾਵਾਂ ਉਦੈ ਹੁੰਦੀਆਂ ਹਨ। ਪੰਜਾਬ ਸੀਮਾਵਰਤੀ ਪ੍ਰਾਂਤ ਹੈ ਜਿਥੇ ਜੀਵਨ ਦਾ ਸੱਚ ਜੂਝਣ ਵਿਚ ਹੈ। ਜੁਝਾਰੂ ਚਰਿਤਰ ਵਾਲੀ ਧਰਤੀ ਦੇ ਲੋਕ ਹਮੇਸ਼ਾ ਉਨ੍ਹਾਂ ਰਚਨਾਵਾਂ ਵਿਚ ਵਧੇਰੇ ਦਿਲਚਸਪੀ ਲੈਂਦੇ ਹਨ ਜਿਨ੍ਹਾਂ ਵਿਚੋਂ ਕਿਸੇ ਨਾਇਕ ਦਾ ਬਿੰਬ ਉਜਾਗਰ ਹੁੰਦਾ ਹੋਵੇ। ਇਹੀ ਕਾਰਨ ਹੈ ਕਿ ਪੰਜਾਬੀ ਵਾਰਤਕ ਵਿਚ ਜਨਮਸਾਖੀਆਂ ਅਤੇ ਜੀਵਨੀਆਂ ਨੂੰ ਸਮੂਹ ਵੱਲੋਂ ਪ੍ਰਵਾਨਗੀ ਮਿਲੀ ਹੈ। ਇਸੇ ਤਰ੍ਹਾਂ ਰੇਖਾ ਚਿੱਤਰ ਵੀ ਆਪਣੇ ਨਿਵੇਕਲੇ ਸੁਭਾਅ ਵਿਚ ਵਿਅਕਤੀ ਬਿੰ ੰਬ ਨੂੰ ਪ੍ਰਗਟਾਉਣ ਵਾਲਾ ਹੈ। ਇਸ ਬਿੰਬ ਵਿਚੋਂ ਪਾਠਕ ਉਨ੍ਹਾਂ ਵਿਅਕਤੀਆਂ ਦੀ ਤਲਾਸ਼ ਕਰਦਾ ਹੈ ਜੋ ਉਸ ਲਈ ਨਾਇਕ ਦਾ ਪ੍ਰਤਿਮਾਨ ਬਣ ਸਕਣ। ਮੂਲ ਭਾਵਨਾ ਨਾਇਕ ਨੂੰ ਚਿਤਵਣਾ ਹੈ। ਜਨਮਸਾਖੀ, ਜੀਵਨੀ ਅਤੇ ਰੇਖਾ ਚਿੱਤਰ ਆਪਣੇ ਮੂਲ ਵਿਚ ਇਕੋ ਜਿਹੀ ਚੇਤਨਾ ਅਤੇ ਸਰੋਕਾਰ ਨਾਲ ਜੁੜੇ ਹੋਏ ਹਨ। ਮੱਧਕਾਲ ਦੀ ਵਾਰਤਕ ਦਾ ਇਕ ਵੱਡਾ ਹਿੱਸਾ ਜਨਮਸਾਖੀ ਨਾਲ ਜੁੜਿਆ ਹੋਇਆ ਹੈ। ਬਲਵੰਤ ਗਾਰਗੀ ਅਤੇ ਡਾ. ਕੁਲਬੀਰ ਸਿੰਘ ਕਾਂਗ ਦੇ ਰੇਖਾ ਚਿੱਤਰਾਂ ਵਾਲੀ ਵਾਰਤਕ ਪੰਜਾਬੀਆਂ ਲਈ ਪ੍ਰੇਰਨਾ ਸਰੋਤ ਬਣੀਆਂ ਹਨ। ਇਸ ਵਾਰਤਕ ਰਚਨਾ ਦਾ ਮੂਲ ਸਰੋਕਾਰ ਅਜਿਹੇ ਵਿਅਕਤੀਆਂ ਦਾ ਬਿੰਬ ਉਸਾਰਨਾ ਹੈ ਜਿਨ੍ਹਾਂ ਨੇ ਪੰਜਾਬੀ ਰਹਿਤਲ, ਪੰਜਾਬੀ ਚੇਤਨਾ ਅਤੇ ਪੰਜਾਬੀਆਂ ਲਈ ਨਵਾਂ ਆਦਰਸ਼ ਸਥਾਪਤ ਕੀਤਾ ਹੈ।

## ਗੌਰਵਮਈ ਤੱਤਾਂ ਦੀ ਭਾਲ:

ਪੰਜਾਬੀਆਂ ਦੀ ਜੀਵਨ ਸ਼ੈਲੀ ਦਾ ਇਕ ਵੱਡਾ ਸਰੋਕਾਰ ਇਹ ਹੈ ਕਿ ਉਹ ਹਮੇਸ਼ਾ ਆਪਣੇ ਅਤੀਤ ਵਿਚੋਂ ਗੌਰਵਮਈ ਤੱਤਾਂ ਦੀ ਭਾਲ ਕਰਦੇ ਰਹਿੰਦੇ ਹਨ। ਇਸੇ ਲਈ ਧਰਮ ਅਤੇ ਇਤਿਹਾਸ ਨੂੰ ਆਧਾਰ ਬਣਾ ਕੇ ਪੰਜਾਬੀ ਵਾਰਤਕ ਰਚੀ ਜਾਂਦੀ ਰਹੀ ਹੈ। ਅਤੀਤ ਨੂੰ ਪ੍ਰਤਿਮਾਨ ਬਣਾ ਕੇ ਪ੍ਰਸਤੁਤ ਕਰਨ ਵਾਲਾ ਵਾਰਤਕ ਰੂਪ ਸਵੈ-ਜੀਵਨੀ ਹੈ। ਇਸ ਵਾਰਤਕ ਵੰਨਗੀ ਵਿਚ ਲੇਖਕ ਆਪਣੇ ਅਨੁਭਵਾਂ ਅਤੇ ਜੀਵਨ ਘਟਨਾਵਾਂ ਨੂੰ ਇੰਜ ਪ੍ਰਗਟਾਉਂਦਾ ਹੈ ਕਿ ਉਹ ਵਰਤਮਾਨ ਜ਼ਿੰਦਗੀ ਲਈ ਪ੍ਰੇਰਨਾ ਬਣ ਸਕਣ। ਪ੍ਰਮਾਣ ਵਜੋਂ ਤੇਜਾ ਸਿੰਘ ਦੀ ਆਰਸੀ, ਅੰਮ੍ਰਿਤਾ ਪ੍ਰੀਤਮ ਦੀ ਰਸੀਦੀ ਟਿਕਟ, ਅਜੀਤ ਕੌਰ ਦੀ ਕੂੜਾ ਕਬਾੜਾ, ਗੁਰਬਖਸ਼ ਸਿੰਘ ਦੀ ਮੇਰੀ ਜੀਵਨ ਕਹਾਣੀ, ਨਾਨਕ ਸਿੰਘ ਦੀ ਮੇਰੀ ਦੁਨੀਆਂ, ਮਹਿੰਦਰ ਸਿੰਘ ਰੰਧਾਵਾ ਦੀ ਆਪ ਬੀਤੀ, ਦਲੀਪ ਕੌਰ ਟਿਵਾਣਾ ਦੀ ਨੰਗੇ ਪੈਰਾਂ ਦਾ ਸਫ਼ਰ ਅਜਿਹੀਆਂ ਵਾਰਤਕ ਰਚਨਾਵਾਂ ਹਨ ਜੋ ਆਪਣੇ ਝਰੋਖੇ ਵਿਚੋਂ ਦੂਜਿਆਂ ਲਈ ਪ੍ਰਤਿਮਾਨ ਸਿਰਜਦੀਆਂ ਹਨ। ਅਤੀਤ ਵਿਚੋਂ ਵਰਤਮਾਨ ਅਤੇ ਭਵਿੱਖ ਲਈ ਦਿਸ਼ਾ ਲੱਭੀ ਗਈ ਹੁੰਦੀ ਹੈ। ਇਸ ਵਾਰਤਕ ਦਾ ਚਰਿੱਤਰ ਦੂਜਿਆਂ ਦੇ ਅਨੁਭਵ ਵਿਚੋਂ ਸੱਚ ਦੀ ਤਲਾਸ਼ ਕਰਨਾ ਹੈ। ਇਹ ਵਾਰਤਕ ਵੰਨਗੀ ਦਿਲਚਸਪ ਅਤੇ ਪਾਠਕ ਲਈ ਪ੍ਰੇਰਨਾ ਸਰੋਤ ਬਣੀ ਹੈ। ਜਨਮਸਾਖੀ, ਜੀਵਨੀ, ਸਵੈ-ਜੀਵਨੀ ਅਤੇ ਰੇਖਾ ਚਿੱਤਰ ਦੇ ਸਰੋਕਾਰ ਪਾਠਕ ਅੰਦਰੀ ਅਜਿਹੀ ਚੇਤਨਾ ਪੈਦਾ ਕਰਨਾ ਹੈ ਕਿ ਉਹ ਦੂਜਿਆਂ ਦੇ ਝਰੋਖੇ ਵਿਚੋਂ ਆਪਣੇ ਜੀਵਨ ਨੂੰ ਅਰਥ ਦੇ ਸਕੇ। ਇਹ ਵਾਰਤਕ ਵੰਨਗੀਆਂ ਪੰਜਾਬੀ ਵਾਰਤਕ ਪਰੰਪਰਾ ਨੂੰ ਵਿਕਸਿਤ ਕਰਨ ਵਾਲੀਆਂ ਹਨ।

## ਨਵੀਂਆਂ ਧਰਤੀਆ ਦੀ ਤਲਾਸ਼:

ਪੰਜਾਬੀਆਂ ਦਾ ਸੱਚ ਇਹ ਹੈ ਕਿ ਉਹ ਹਮੇਸ਼ਾ ਨਵੀਂਆਂ ਧਰਤੀਆਂ ਦੀ ਤਲਾਸ਼ ਵਿਚ ਵਿਚਰ ਰਹੇ ਹਨ। ਘਰੋਂ ਬਾਹਰ ਜਾਣਾ ਉਨ੍ਹਾਂ ਦੀ ਹੋਣੀ ਵੀ ਰਿਹਾ ਹੈ। ਅਕਸਰ ਕਿਹਾ ਜਾਂਦਾ ਹੈ ਕਿ ਪੰਜਾਬੀ ਨਾਇਕ ਨੂੰ ਘਰੋਂ ਬਾਹਰ ਹੀ ਆਪਣੀ ਮੰਜ਼ਿਲ ਮਿਲੀ ਹੈ। ਗੁਰੂ ਨਾਨਕ ਦੀਆਂ ਉਦਾਸੀਆਂ ਇਸੇ ਤੱਥ ਦਾ ਪ੍ਰਤੀਕ ਹਨ। ਦੂਜੀਆਂ ਧਰਤੀਆਂ ਦੀ ਤਲਾਸ਼ ਅਤੇ ਦੂਜਿਆਂ ਨੂੰ ਜਾਨਣ ਦੀ ਇੱਛਾ ਨੇ ਹੀ ਮਨੁੱਖ ਨੂੰ ਸਫ਼ਰ ਦੇ ਰਾਹ ਉਪਰ ਤੋਰਿਆ ਹੈ। ਯਾਤਰਾਵਾਂ ਕਰਨ ਉਪਰੰਤ ਆਪਣੇ ਅਨੁਭਵਾਂ ਨੂੰ ਸਾਂਝੇ ਕਰਨ ਦੀ ਇੱਛਾ ਵਿਚੋਂ ਰਚੇ ਸਫ਼ਰਨਾਮੇ ਅਜਿਹੀ ਵੰਨਗੀ ਹਨ ਜਿਨ੍ਹਾਂ ਦੀ ਸਭਿਆਚਾਰਕ ਅਹਿਮੀਅਤ ਬੜੀ ਮੁੱਲਵਾਨ ਹੈ। ਸਫ਼ਰਨਾਮਾ ਦੂਸਰੇ ਦੇਸ਼/ਘਰ ਦੀ ਯਾਤਰਾ ਦਾ ਕਲਾਤਮਕ ਪ੍ਰਗਟਾਵਾ ਹੁੰਦਾ ਹੈ ਜੋ ਪਾਠਕ ਲਈ ਬੜੀ ਉਤਸੁਕਤਾ ਪੈਦਾ ਕਰਦਾ ਹੈ। ਪੰਜਾਬੀ ਵਾਰਤਕ ਵਿਚ ਲਾਲ ਸਿੰਘ ਕਮਲਾ ਅਕਾਲੀ ਦੇ ਸਫ਼ਰਨਾਮੇ ''ਮੇਰਾ ਵਲਾਇਤੀ ਸਫ਼ਰਨਾਮਾ'' ਤੋਂ ਲੈ ਕੇ ਵਰਤਮਾਨ ਤੱਕ ਇਕ ਲੰਮੀ ਵਾਰਤਕ ਪਰੰਪਰਾ ਹੈ। ਇਸ ਪਰੰਪਰਾ ਵਿਚ ਗੁਰਬਖਸ਼ ਸਿੰਘ, ਬਲਰਾਜ ਸਾਹਨੀ, ਪਿੰ੍ਰਸੀਪਲ ਸ.ਸ. ਅਮੋਲ, ਹਰਭਜਨ ਹਲਵਾਰਵੀ, ਡਾ. ਨਰਿੰਦਰ ਸਿੰਘ ਕਪੂਰ, ਕੇ. ਐਲ. ਗਰਗ ਅਤੇ ਸਵਰਨ ਸਿੰਘ ਦੇ ਸਫ਼ਰਨਾਮੇ ਬੜੇ ਪ੍ਰਵਾਣ ਹੋਏ ਹਨ। ਵਿਭਿੰਨ ਸਭਿਆਚਾਰਕ ਝਾਕੀਆਂ ਦੇ ਪ੍ਰਸੰਗ ਵਿਚ ਇਹ ਵਾਰਤਕ ਬੜੀ ਮੁੱਲਵਾਨ ਕਹੀ ਜਾ ਸਕਦੀ ਹੈ।

ਪੰਜਾਬੀ ਵਾਰਤਕ ਦੀ ਰਚਨਾਤਮਕ ਪ੍ਰਾਪਤੀ ਸੰਬੰਧੀ ਅਕਸਰ ਇਹੀ ਕਿਹਾ ਜਾਂਦਾ ਹੈ ਕਿ ਪੰਜਾਬੀ ਵਰਾਤਕ ਵਿਚ ਇਕ ਖੜੋਤ ਹੈ, ਅਤੀਤ ਵੱਲ ਝਾਕ ਹੈ, ਗਿਆਨ ਵਿਗਿਆਨ ਦੀ ਥਾਂ ਜਜ਼ਬਾ ਅਤੇ ਤਰਕ ਦੀ ਥਾਂ ਕਾਵਿ-ਤੱਤ ਦੀ ਪ੍ਰਧਾਨਤਾ ਹੈ। ਇਹ ਕਿੰਤੂ ਇਸ ਪ੍ਰਸੰਗ ਵਿਚ ਵਿਚਾਰੇ ਜਾ ਸਕਦੇ ਹਨ ਕਿ ਪੰਜਾਬੀ ਜੀਵਨ ਵਿਚ ਉਹ ਗਤੀ ਜਾਂ ਤਿੱਖਾ ਪਰਿਵਰਤਨ ਨਹੀਂ ਜੋ ਇਕ ਅਸਲੋਂ ਨਵੇਂ ਚਿੰਤਨ, ਗਿਆਨ ਵਿਗਿਆਨ ਵਾਲੀ ਸੁਰਤਿ ਨੂੰ ਪੈਦਾ ਕਰ ਸਕੇ। ਜੇਕਰ ਸਥਿਤੀਆਂ ਵਿਚ ਖੜੋਤ ਹੈ ਤਾਂ ਇਸ ਦਾ ਅਸਰ ਰਚਨਾਤਮਕ ਪ੍ਰਾਪਤੀ ਉਪਰ ਸੁਭਾਵਕ ਹੀ ਦੇਖਿਆ ਜਾ ਸਕਦਾ ਹੈ। ਭਵਿੱਖ ਵਿਚ ਇਹ ਆਸ ਕੀਤੀ ਜਾ ਸਕਦੀ ਹੈ ਕਿ ਗਿਆਨ ਵਿਗਿਆਨ ਦੀ ਰੌਸ਼ਨੀ ਨਾਲ ਜੁੜ ਕੇ

ਪੰਜਾਬੀ ਵਾਰਤਕਕਾਰ ਅਜਿਹੀ ਰਚਨਾਤਮਕ ਪ੍ਰਾਪਤੀ ਕਰ ਸਕੇਗਾ ਜੋ ਸ਼ੁੱਧ ਵਾਰਤਕ ਦੇ ਚਰਿਤਰ ਵਾਲੀ ਹੋਵੇਗੀ, ਜਿਸ ਵਿਚ ਸੰਵਾਦ, ਤਰਕ, ਜ਼ਿੰਦਗੀ ਦੇ ਅੰਤਰ ਵਿਰੋਧ ਅਤੇ ਦਰਸ਼ਨ ਦੀ ਪ੍ਰਮਾਣਕ ਅਭਿਵਿਅਕਤੀ ਹੋਵੇਗੀ।

## ਪੰਡਤ ਸ਼ਰਧਾ ਰਾਮ ਫਿਲੌਰੀ

ਪੰਡਤ ਸ਼ਰਧਾ ਰਾਮ ਫਿਲੌਰੀ ਨੇ 1866 ਵਿਚ 'ਸਿੱਖਾਂ ਦੇ ਰਾਜ ਦੀ ਵਿਥਿਆ' ਅਤੇ 1875 ਵਿਚ 'ਪੰਜਾਬੀ ਬਾਤ ਚੀਤ' ਨਾਉ ਦੀਆਂ ਪੁਸਤਕਾਂ ਦੀ ਰਚਨਾ ਕੀਤੀ। ਪੁਸਤਕ ਅੰਦਰਲੀ ਗਲਪ ਸ਼ੈਲੀ, ਸਰਲ, ਸਾਦੇ ਵਾਕ, ਲੌਕਿਕ ਪੰਜਾਬੀ ਦਾ ਪ੍ਰਯੋਗ, ਸ਼ਰਧਾ ਰਾਮ ਦੀ ਕਲਾ ਦਾ ਨਮੂਨਾ ਪੇਸ਼ ਕਰਦੇ ਹਨ। ਉਸ ਨੇ ਇਹ ਦੋਵੇਂ ਪੁਸਤਕਾਂ ਅੰਗਰੇਜ਼ਾਂ ਨੂੰ ਖੁਸ਼ ਕਰਨ ਲਈ ਅਤੇ ਅੰਗਰੇਜ਼ਾਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਬਾਰੇ ਜਾਣਕਾਰੀ ਦੇਣ ਲਈ ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮੈਕਲੋਡ ਸਾਹਿਬ ਦੀ ਇੱਛਾ ਅਨੁਸਾਰ ਲਿਖੀਆਂ ਸਨ। ਉਹ ਟਕੋਰ ਲਗਾਉਣ ਦਾ ਉਸਤਾਦ ਹੈ। ਉਸ ਦਾ ਗਿਆਨ ਭੰਡਾਰ ਵਿਸ਼ਾਲ ਹੈ ਪਰ ਉਹ ਸਿੱਖ ਜਗਤ ਲਈ ਉਸ ਪ੍ਰਕਾਰ ਦੀ ਭਾਵਨਾ ਨਹੀਂ ਰੱਖਦਾ, ਜਿਸ ਕਿਸਮ ਦੀ ਪੰਜਾਬੀ ਪ੍ਰੇਮੀ ਨੂੰ ਰੱਖਣੀ ਚਾਹੀਦੀ ਹੈ। ਇਸ ਤੋਂ ਲੱਗਦਾ ਹੈ ਕਿ ਫਿਲੌਰੀ ਨੇ ਜੋ ਕੁਝ ਲਿਖਿਆ ਹੈ, ਕਿਸੇ ਪ੍ਰੇਮ ਭਾਵ ਨਾਲ ਨਹੀਂ ਬਲਕਿ ਅੰਗਰੇਜ਼ਾਂ ਨੂੰ ਖੁਸ਼ ਕਰਨ ਲਈ ਲਿਖਿਆ ਹੈ ਜਾਂ ਉਸ ਕੋਲੋਂ ਲਿਖਵਾਇਆ ਗਿਆ ਹੈ।

## ਲਾਲਾ ਬਿਹਾਰੀ ਲਾਲ ਪੁਰੀ (1830-1885)

ਲਾਲਾ ਬਿਹਾਰੀ ਲਾਲ ਪੁਰੀ ਜ਼ਿਲ੍ਹਾ ਗੁਰਦਾਸਪੁਰ ਵਿਚ ਪੈਦਾ ਹੋਏ ਸਨ। ਮਾਧੋਪੁਰ ਅਤੇ ਲਾਹੌਰ ਵਿਚ ਆਪ ਨੇ ਦੋ ਸਕੂਲ ਖੋਲ੍ਹੇ ਸਨ। ਪੰਜਾਬੀ ਵਾਰਤਕ ਦੇ ਮੁੱਢਲੇ ਦੌਰ ਵਿਚ ਲਾਲਾ ਬਿਹਾਰੀ ਲਾਲ ਪੁਰੀ ਦਾ ਵਡਮੁੱਲਾ ਯੋਗਦਾਨ ਰਿਹਾ ਹੈ। ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲੇ ਲਾਲਾ ਜੀ ਨੇ ਲੜਕੀਆਂ ਲਈ ਸਕੂਲ ਪੱਧਰ ਦੀਆਂ ਰਚਨਾਵਾਂ ਕਰਨ ਹਿੱਤ ਵੀ ਵਡੇਰਾ ਯੋਗਦਾਨ ਪਾਇਆ ਹੈ। ਲਾਲਾ ਜੀ ਨੇ ਲਗਭਗ 30 ਪੁਸਤਕਾਂ ਦੀ ਰਚਨਾ ਕੀਤੀ ਹੈ। ਉਨ੍ਹਾਂ ਨੇ ਇਤਿਹਾਸ, ਮਿਥਿਹਾਸ, ਧਰਮ, ਸਦਾਚਾਰ ਅਤੇ ਸਾਹਿਤ ਦੇ ਖੇਤਰ ਨਾਲ ਸੰਬੰਧਿਤ ਵਿਸ਼ਿਆਂ 'ਤੇ ਰਚਨਾ ਕੀਤੀ ਹੈ। ਆਪ ਦੀਆਂ ਸਾਹਿਤਕ ਰਚਨਾਵਾਂ ਵਿਚ 'ਵਿੱਦਿਆ ਰਤਨਾਕਰ', 'ਅਨੇਕ ਦਰਸ਼ਨ', 'ਚਰਿਤਾਵਲੀ', 'ਪਿੰਗਲ ਮੰਜਰੀ' ਅਤੇ 'ਪੰਜਾਬੀ ਵਿਆਕਰਨ' ਵਿਸ਼ੇਸ਼ ਮਹੱਤਵ ਰੱਖਦੇ ਹਨ। ਆਪ ਦੀ ਬੋਲੀ 'ਤੇ ਦੁਆਬੀ ਦਾ ਵਧੇਰੇ ਪ੍ਰਭਾਵ ਹੈ। ਪੰਜਾਬੀ ਵਿਚ ਲਾਲਾ ਜੀ ਨੇ ਨਿੱਕੇ ਨਿੱਕੇ ਲੇਖ ਲਿਖਣ ਦੀ ਰਵਾਇਤ ਕਾਇਮ ਕੀਤੀ ਹੈ। ਆਪ ਦੀ ਸ਼ੈਲੀ ਵਿਚ ਨਵੀਨਤਾ ਅਤੇ ਪੁਰਾਤਨਤਾ ਦਾ ਸੁਮੇਲ ਹੈ।

## ਭਾਈ ਵੀਰ ਸਿੰਘ (1872-1957)

ਭਾਈ ਵੀਰ ਸਿੰਘ ਦੀ ਵਾਰਤਕ ਧਾਰਮਿਕ ਰੰਗਤ ਵਾਲੀ ਵਾਰਤਕ ਹੈ। ਇਸ ਵਿਚ ਸਿੱਖੀ ਅਸੂਲਾਂ, ਸਿੱਖ ਗੁਰੂ ਸਾਹਿਬਾਨ ਜਾਂ ਗੁਰੂ ਘਰ ਦੇ ਪ੍ਰੇਮੀਆਂ ਦਾ ਜੀਵਨ ਬਿਰਤਾਂਤ ਦਰਜ ਹੈ। ਭਾਈ ਸਾਹਿਬ ਦੀ ਰਚਨਾ ਮੂਲ ਰੂਪ ਵਿਚ ਟ੍ਰੈਕਟਾਂ ਦੇ ਰੂਪ ਵਿਚ ਰਚੀ ਗਈ ਹੈ। ਉਨ੍ਹਾਂ ਦੀ ਜਾਣਕਾਰੀ ਦਾ ਮੂਲ ਸ੍ਰੋਤ ਭਾਈ ਸੰਤੋਖ ਸਿੰਘ ਦਾ ਮਹਾਨ ਗ੍ਰੰਥ, ਸੂਰਜ ਪ੍ਰਕਾਸ਼ ਗ੍ਰੰਥ ਰਿਹਾ ਹੈ। ਭਾਈ ਵੀਰ ਸਿੰਘ ਦੀਆਂ ਵਾਰਤਕ ਰਚਨਾਵਾਂ ਵਿਚ 'ਗੁਰੂ ਨਾਨਕ ਚਮਤਕਾਰ', 'ਅਸ਼ਟ ਗੁਰੂ ਚਮਤਕਾਰ', 'ਕਲਗੀਧਰ ਚਮਤਕਾਰ' ਹਨ। ਭਾਈ ਸਾਹਿਬ ਦੇ ਜੀਵਨ ਚਿਤਰਨ ਦਾ ਸਿਧਾਂਤ ਅਤੇ ਆਦਰਸ਼ ਇਹੀ ਰਿਹਾ ਹੈ ਕਿ ਜ਼ਿੰਦਗੀ ਹਰ ਹਾਲਤ ਵਿਚ ਉਸ ਦੀ ਮਿਹਰ ਵਿਚ ਵਿਚ ਗੁਜਰੇ। ਆਪ ਜੀ ਦਾ ਆਸ਼ਾ 'ਲੋਕ ਸੁਖੀਏ ਪ੍ਰਲੋਕ ਸੁਹੇਲੇ' ਵਾਲਾ ਰਿਹਾ ਹੈ।

ਭਾਈ ਸਾਹਿਬ ਦੀ ਇਤਿਹਾਸਕ ਵਾਰਤਕ ਹੀ ਉਸਦੀ ਵਾਰਤਕ ਰਚਨਾ ਦਾ ਮਹਾਨ ਅਤੇ ਵੱਡਾ ਅੰਗ ਹੈ। ਭਾਈ ਸਾਹਿਬ ਦੀ ਰਚਨਾ ਵਿਚ ਕਲਪਨਾ ਦੀ ਉਡਾਰੀ ਹੈ। ਜਜ਼ਬੇ ਦੀ ਤੀਬਰਤਾ ਹੈ। ਮਨੁੱਖੀ ਕੋਮਲਤਾ ਨੂੰ ਹਲੂਣਨ ਦਾ ਬਲ ਹੈ। ਨਿਮਰਤਾ ਭਰਪੂਰ ਮਿੱਠੇ ਸ਼ਰਧਾ ਤੇ ਸਤਿਕਾਰ ਵਾਲੇ ਵਾਕਾਂ ਨਾਲ ਇਹ ਵਾਰਤਕ ਭਰਪੂਰ ਹੈ। ਚਿਤਰ ਤੇ ਦ੍ਰਿਸ਼ ਵਰਣਨ ਭਾਈ ਸਾਹਿਬ ਦੀ ਵਾਰਤਕ ਕਲਾ ਦਾ ਇਕ ਹੋਰ ਅਮੀਰੀ ਗੁਣ ਹੈ। ਭਾਈ ਸਾਹਿਬ ਮੂਲ ਰੂਪ ਵਿਚ ਕਵੀ ਹਨ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਵਾਰਤਕ ਵੀ ਕੋਮਲ ਭਾਵਾਂ ਨਾਲ ਭਰੀ, ਭਾਵਾਂ ਦੀ ਬਹੁਲਤਾ ਵਾਲੀ ਵਾਰਤਕ ਹੈ। ਇਹ ਕਿਧਰੇ ਵੀ ਨਿਰਬਲ ਰਸਹੀਣ ਅਤੇ ਫਿੱਕੀ ਨਹੀਂ ਲਗਦੀ। ਜੁਗਤੀ, ਦਲੀਲ, ਸ਼ੀਲ, ਠਰੰਮਾ, ਤੇ ਨਿਰਵੈਰਤਾ, ਨਿਰਭੈਤਾ ਤੇ ਉਦਾਰਤਾ ਇਸ ਦੇ ਵੱਡੇ ਗੁਣ ਹਨ। ਭਾਈ ਸਾਹਿਬ ਦੀ ਵਾਰਤਕ ਵਿਚ ਸਿਖਿਆਦਾਇਕ ਅੰਸ਼ਾਂ ਦੀ ਬਹੁਲਤਾ ਹੈ। ਦਰਅਸਲ ਭਾਈ ਵੀਰ ਸਿੰਘ ਜੀ ਸਿੱਖ ਸਿਧਾਂਤਾ ਦੇ ਵਿਆਖਿਆਕਾਰ ਹਨ।

## ਪ੍ਰੋ. ਪੂਰਨ ਸਿੰਘ (1881-1931)

ਪ੍ਰੋ. ਪੂਰਨ ਸਿੰਘ ਆਧੁਨਿਕ ਵਾਰਤਕ ਲੇਖਕਾਂ ਵਿਚੋਂ ਮੋਢੀਆਂ ਵਾਲਾ ਸਥਾਨ ਰੱਖਦਾ ਹੈ। ਅੰਗਰੇਜ਼ੀ ਰੰਗਤ ਵਾਲੀ ਚੁਸਤ ਵਾਰਤਕ ਦਾ ਮੋਢੀ ਪ੍ਰੋਰ. ਪੂਰਨ ਸਿੰਘ ਨੂੰ ਮੰਨਣਾ ਉਚਿਤ ਹੈ। ਪ੍ਰੋ. ਪੂਰਨ ਸਿੰਘ ਅਲਬੇਲੀ ਸ਼ਖ਼ਸੀਅਤ ਦਾ ਮਾਲਕ ਸਾਹਿਤਕਾਰ ਹੈ। ਉਸ ਨੇ ਕਵਿਤਾ ਵਿਚ ਛੰਦਾਬੰਦੀ ਨੂੰ ਨਵਾਬੀ ਕੈਦ ਦੀ ਜੁੱਤੀ ਦੀ ਕੈਦ ਕਰਾਰ ਦਿੱਤਾ ਹੈ ਅਤੇ ਨਵੀਂ ਸ਼ੈਲੀ ਦੀ ਛੰਦ-ਮੁਕਤ ਕਾਵਿ ਰਚਨਾ ਕਰਨ ਦੀ ਰਵਾਇਤ ਕਾਇਮ ਕੀਤੀ ਹੈ। ਕਿਹਾ ਜਾਂਦਾ ਹੈ ਕਿ ਪ੍ਰੋਰ. ਪੂਰਨ ਸਿੰਘ ਨੂੰ ਕਿਸੇ ਨੇ ਮਿਹਣਾ ਮਾਰ ਦਿੱਤਾ ਸੀ ਕਿ ਤੁਸੀਂ ਪੰਜਾਬੀ ਭਾਸ਼ਾ ਵਿਚ ਉਚੀਆਂ

ਗੱਲਾਂ ਤਾਂ ਕਰਦੇ ਹੋ ਪਰ ਤੁਹਾਡੇ ਪਾਸ ਉਚੇਰੀ ਪੱਧਰ ਦੀ ਵਾਰਤਕ (ਨਿਬੰਧ ਰਚਨਾ) ਨਹੀਂ ਹੈ। ਜਿਸ ਦੇ ਨਤੀਜੇ ਵਜੋਂ ਪ੍ਰੋ. ਪੂਰਨ ਸਿੰਘ ਨੇ 'ਖੁੱਲ੍ਹੇ ਲੇਖ' ਨਾਂ ਦੀ ਇਹ ਨਵੀਨ ਵਾਰਤਕ ਦੀ ਪੁਸਤਕ ਰਚਨਾ ਤਿਆਰ ਕਰ ਦਿੱਤੀ ਜੋ ਆਧੁਨਿਕ ਪੰਜਾਬੀ ਵਾਰਤਕ ਦੇ ਇਤਿਹਾਸ ਵਿਚ ਨਿਬੰਧ ਸੰਗ੍ਰਹਿ ਵਜੋਂ ਪ੍ਰਥਮ ਸਥਾਨ ਰਖਦੀ ਹੈ। ਇਸ ਤੋਂ ਪਹਿਲਾਂ ਦੀ ਵਾਰਤਕ ਵਿਚ ਰਹੱਸਵਾਦੀ ਨਜ਼ਰੀਏ ਤੋਂ ਧਾਰਮਿਕ ਵਿਚਾਰਾਂ ਦੀ ਪੇਸ਼ਕਾਰੀ ਹੁੰਦੀ ਸੀ ਪਰ ਪ੍ਰੋ. ਪੂਰਨ ਸਿੰਘ ਨੇ ਵਾਰਤਕ ਰਚਨਾ ਵਿਚ ਵਤਨ ਦਾ ਪਿਆਰ, ਜਜ਼ਬਾ, ਵਰਗੇ ਵਿਸ਼ੇ ਲਿਆ ਕੇ ਇਸ ਦਾ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕੀਤਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਧਰਮ ਦੀ ਕੱਟੜਤਾ ਅਤੇ ਸੰਕੀਰਣਤਾ ਤੋਂ ਰਹਿਤ ਸਭ ਤੋਂ ਵੱਧ ਧਾਰਮਿਕ ਨਿਬੰਧ ਲਿਖਣ ਵਾਲ ਲੇਖਕ ਪ੍ਰੋ. ਪੂਰਨ ਸਿੰਘ ਹੈ। ਖੁੱਲ੍ਹੇ ਲੇਖ ਦੇ ਸਾਰੇ ਨਿਬੰਧ ਉਸ ਦੀ ਵਿਲੱਖਣ ਸ਼ੈਲੀ ਦਾ ਬੋਧ ਕਰਵਾਉਂਦੇ ਹਨ। ਇਸ ਵਾਰਤਕ ਵਿਚ ਭਾਵਾਂ ਦੀ ਬਹੁਲਤਾ ਹੈ। ਖ਼ਿਆਲ ਦੀ ਰਵਾਨੀ ਹੈ, ਵਿਚਾਰਾਂ ਦੀ ਡੂੰਘਾਈ ਹੈ। ਇਹ ਵਾਰਤਕ ਕਵਿਤਾ ਵਰਗਾ ਰਸ ਪ੍ਰਦਾਨ ਕਰਦੀ ਹੈ। ਇਸ ਵਿਚ ਦਰਿਆਵਾਂ ਵਰਗੀ ਮੌਲਿਕਤਾ ਅਤੇ ਸੱਜਰਾਪਨ ਹੈ, ਗਹਿਰਾਈ ਹੈ, ਵਿਚਾਰਾਂ ਦੀ ਉਚਤਾ ਹੈ, ਖ਼ਿਆਲਾਂ ਦੀ ਨਿਰਛਲਤਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਵਿਚ ਲੇਖਕ ਦੀ ਸ਼ਖ਼ਸੀਅਤ ਉਸਰੀ ਹੋਈ ਹੈ।

## ਪ੍ਰਿੰ ਤੇਜਾ ਸਿੰਘ (1894-1958)

ਆਧੁਨਿਕ ਪੰਜਾਬੀ ਵਾਰਤਕ ਦੇ ਖੇਤਰ ਵਿਚ ਪਿੰ੍ਰਸੀਪਲ ਤੇਜਾ ਸਿੰਘ ਦਾ ਨਾਮ ਵਿਸ਼ੇਸ਼ ਜ਼ਿਕਰਯੋਗ ਹੈ। ਪੰਜਾਬੀ ਨਿਬੰਧ ਦਾ ਮੂੰਹ ਮੁਹਾਂਦਰਾ ਨਿਖਾਰਨ, ਸੁਆਰਨ ਤੇ ਇਸ ਨੂੰ ਪ੍ਰਸਾਰਨ ਦਾ ਸਿਹਰਾ ਪ੍ਰਿੰ. ਤੇਜਾ ਸਿੰਘ ਦੇ ਸਿਰ ਬੱਝਦਾ ਹੈ। ਬੌਧਿਕ ਜਟਿਲਤਾ ਤੋਂ ਰਹਿਤ ਨਿਰੋਲ ਸਾਹਿਤਕ ਸੰਬੰਧਾਂ ਦੀ ਸਿਰਜਨਾ ਕਰਨ ਵਾਲੇ ਪ੍ਰਿੰ. ਤੇਜਾ ਸਿੰਘ ਦਾ ਜਨਮ ਅਡਿਆਲਾ ਜ਼ਿਲ੍ਹਾ ਰਾਵਲਪਿੰਡੀ ਮੌਜੂਦਾ ਪਾਕਿਸਤਾਨ ਵਿਚ ਭਾਈ ਭਲਾਕਰ ਸਿੰਘ ਦੇ ਘਰ ਹੋਇਆ ਸੀ। ਖਾਲਸਾ ਕਾਲਜ ਅੰਮ੍ਰਿਤਸਰ ਵਿਚ ਬਤੌਰ ਲੈਕਚਰਾਰ ਸੇਵਾ ਕੀਤੀ ਅਤੇ ਖਾਲਸਾ ਕਾਲਜ ਬੰਬਈ ਵਿਖੇ ਅਤੇ ਮਹਿੰਦਰਾ ਕਾਲਜ ਪਟਿਆਲਾ ਵਿਖੇ ਪ੍ਰਿੰਸੀਪਲ ਲੱਗੇ ਰਹੇ। ਪੈਪਸੂ ਦੇ ਸਿੱਖਿਆ ਵਿਭਾਗ ਦੇ ਡਾਇਰੈਕਟਰ ਵੀ ਬਣੇ। ਉੱਤਮ ਅਧਿਆਪਕ ਅਤੇ ਸੁਚੱਜੇ ਸਾਹਿਤਕਾਰ ਦੇ ਨਾਲ ਆਪ ਇਕ ਸੁਹਰਿਦ ਆਲੋਚਕ ਵੀ ਸਨ। ਨਵੇਂ ਲੇਖਕਾਂ ਨੂੰ ਮੁੱਖ ਬੰਧਾਂ ਰਾਹੀਂ ਉਤਸ਼ਾਹਿਤ ਕਰਨ ਦਾ ਹੁਨਰ ਵੀ ਆਪ ਦਾ ਕਮਾਲ ਦਰਜੇ ਦਾ ਸੀ। ਰਸਦਾਇਕ ਭਾਵਪੂਰਤ ਸ਼ੈਲੀ, ਠੇਠ, ਸਰਲ, ਮੁਹਾਵਰੇਦਾਰ ਬੋਲੀ, ਆਪ ਦੀ ਵਾਰਤਕ ਦਾ ਅਮੀਰੀ ਗੁਣ ਹੈ। ਗੁਰਬਾਣੀ ਦਾ ਅਨੁਵਾਦ ਵੀ ਆਪ ਨੇ ਕੀਤਾ ਹੈ। ਅੰਗਰੇਜ਼ੀ ਪੰਜਾਬੀ ਡਿਕਸ਼ਨਰੀ ਤੋਂ ਇਲਾਵਾ ਤੇਜਾ ਸਿੰਘ 'ਸਹਿਜ ਸੁਭਾਅ', 'ਨਵੀਆਂ ਸੋਚਾਂ', 'ਘਰ ਦਾ ਪਿਆਰ', 'ਸਭਿਆਚਾਰ', 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਰਚਨਾਵਾਂ ਦਾ ਰਚਨਾਕਾਰ ਹੈ।

ਆਰਸੀ ਤੇਜਾ ਸਿੰਘ ਦੀ ਸਵੈ ਜੀਵਨੀ ਹੈ। ਆਪ ਜੀ ਨੇ ਅਨੇਕ ਟੀਕੇ ਅਤੇ ਟ੍ਰੈਕਟਾਂ ਦੀ ਰਚਨਾ ਵੀ ਕੀਤੀ ਹੈ। ਪੰਜਾਬੀ ਵਾਰਤਕ ਨੂੰ ਅੰਗਰੇਜ਼ੀ ਵਾਰਤਕ ਦੀਆਂ ਲੀਹਾਂ 'ਤੇ ਤੋਰਨ ਅਤੇ ਇਸ ਨੂੰ ਉਚੇ ਪੱਧਰ ਦੀ ਬਣਾਉਣ ਲਈ ਤੇਜਾ ਸਿੰਘ ਨੇ ਸਿਰਤੋੜ ਯਤਨ ਕੀਤਾ ਹੈ। ਆਪ ਨੇ ਨਮੂਨੇ ਦੀ ਵਾਰਤਕ ਲਿਖ ਕੇ ਦੂਜੇ ਵਾਰਤਕ ਲੇਖਕਾਂ ਦੀ ਅਗਵਾਈ ਵੀ ਕੀਤੀ ਹੈ। ਭਾਵੇਂ ਆਕਾਰ ਪੱਖੋਂ ਆਪ ਦੀ ਰਚਨਾ ਵਧੇਰੇ ਨਹੀਂ ਪਰੰਤੂ ਆਪ ਜੀ ਨੇ ਜੋ ਕੁਝ ਵੀ ਰਚਿਆ ਹੈ, ਉਹ ਅਤਿਅੰਤ ਭਾਵਪੂਰਤ ਹੈ।

ਪ੍ਰ ਤੇਜਾ ਸਿੰਘ ਦੀ ਸ਼ੈਲੀ ਦਾ ਵੱਡਾ ਗੁਣ ਸਹਿਜਤਾ, ਸਪੱਸ਼ਟਤਾ ਅਤੇ ਸਰਲਤਾ ਹੈ। ਆਪ ਨੇ ਜੋ ਕੁਝ ਵੀ ਕਹਿਣਾ ਹੁੰਦਾ ਹੈ ਬੜੇ ਹੀ ਸਰਲ, ਸਾਦੇ ਅਤੇ ਸਪੱਸ਼ਟ ਢੰਗ ਨਾਲ ਕਹਿ ਦਿੰਦੇ ਹਨ। ਇਸੇ ਕਾਰਨ ਤੇਜਾ ਸਿੰਘ ਨੂੰ ਪੰਜਾਬੀ ਦਾ ਉਸਤਾਦ ਸ਼ੈਲੀਕਾਰ ਮੰਨਿਆ ਜਾਂਦਾ ਹੈ। ਉਸ ਦਾ ਕਹਿਣ ਦਾ ਢੰਗ ਹੀ ਸਿੱਧਾ ਨਹੀਂ ਸਗੋਂ ਉਹ ਹਰ ਗੱਲ ਪਾਠਕ ਦੀ ਪੱਧਰ 'ਤੇ ਲਿਆ ਕੇ ਕਰਨ ਦਾ ਹੁਨਰ ਵੀ ਜਾਣਦਾ ਹੈ। ਤੇਜਾ ਸਿੰਘ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਦਲੀਲ ਦਿੰਦਾ ਹੈ। ਗੁਰਬਾਣੀ ਜਾਂ ਸੰਸਾਰ ਪ੍ਰਸਿੱਧ ਸਾਹਿਤਕਾਰਾਂ ਦੀਆ ਟੂਕਾਂ ਦੇ ਕੇ ਆਪਣੀ ਗੱਲ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾ ਲੈਂਦਾ ਹੈ। ਤੇਜਾ ਸਿੰਘ ਦੀ ਬੋਲੀ ਠੁਕਦਾ, ਟਕਸਾਲੀ ਅਤੇ ਮੁਹਾਵਰੇਦਾਰ ਹੈ। ਉਸ ਦੀ ਵਾਰਤਕ ਵਿਚ ਕੋਈ ਵੀ ਵਿਚਾਰ, ਗੱਲ ਜਾਂ ਭਾਵ ਅਸਪਸ਼ਟ ਨਹੀਂ ਹੁੰਦੇ। ਤੇਜਾ ਸਿੰਘ ਬਾਰੇ ਇਹ ਗੱਲ ਪ੍ਰਸਿੱਧ ਹੈ ਕਿ ਉਹ ਬੌਧਿਕਤਾ ਦੀ ਜਟਿਲਤਾ ਤੋਂ ਬਿਨਾਂ ਬੌਧਿਕ ਨਿਬੰਧ ਲਿਖਣ ਦਾ ਹੁਨਰ ਜਾਣਦਾ ਹੈ। ਉਸ ਦੇ ਨਿਬੰਧਾਂ ਵਿਚ ਸ਼ਹਿਰ ਦਾ ਨਲਕਾ, ਗੰਗਾ ਦੀਨ ਦਾ ਸੁਭਾਉ, ਵਿਹਲੀਆਂ ਗੱਲਾਂ, ਆਮ ਵਾਕਫ਼ੀ ਤੇ ਸਭਿਆਚਾਰਾਂ ਦਾ ਘਾਟਾ ਆਦਿ ਪਿੰ੍ਰ. ਤੇਜਾ ਸਿੰਘ ਦੇ ਉਤਮ ਨਿਬੰਧ ਹਨ। ਪ੍ਰਿੰ. ਤੇਜਾ ਸਿੰਘ ਨੇ ਪੰਜਾਬੀ ਬੋਲੀ ਤੇ ਸ਼ੈਲੀ ਨੂੰ ਸਚਮੁੱਚ ਉਤਿਸ਼ਟਤਾ ਪ੍ਰਦਾਨ ਕੀਤੀ ਹੈ। ਇਸ ਵਡਮੁੱਲੇ ਯੋਗਦਾਨ ਲਈ ਪੰਜਾਬੀ ਪਾਠਕ ਪ੍ਰਿੰ. ਤੇਜਾ ਸਿੰਘ ਦੇ ਸਦਾ ਰਿਣੀ ਰਹਿਣਗੇ ਅਤੇ ਸਾਹਿਤ ਇਤਿਹਾਸ ਵਿਚ ਉਨ੍ਹਾਂ ਦਾ ਸਦਾ ਵਿਸ਼ੇਸ਼ ਸਥਾਨ ਰਹੇਗਾ। ਸੋ ਪੰਜਾਬੀ ਵਾਰਤਕ ਸਾਹਿਤ ਵਿਚ ਤੇਜਾ ਸਿੰਘ ਨੂੰ ਕਦੇ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ।

## ਪ੍ਰੋ. ਸਾਹਿਬ ਸਿੰਘ (1894-1977)

ਪ੍ਰੋ. ਸਾਹਿਬ ਸਿੰਘ ਦੀ ਵਾਰਤਕ ਸ਼ੈਲੀ ਦੇ ਵਿਸ਼ੇਸ਼ ਗੁਣ ਇਸ ਪ੍ਰਕਾਰ ਹਨ:

- ਪ੍ਰੋ. ਸਾਹਿਬ ਸਿੰਘ ਮੂਲ ਰੂਪ ਵਿਚ ਇਕ ਧਾਰਮਿਕ ਰੁਚੀਆਂ ਵਾਲਾ ਲੇਖਕ ਹੈ। ਪ੍ਰੋ. ਸਾਹਿਬ ਸਿੰਘ ਦੀ ਵਾਰਤਕ ਦੇ ਕੁਝ ਲੱਛਣ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨਾਲ ਮੇਲ ਖਾਂਦੇ ਹਨ।

- ਗੁਰਮਤਿ ਦਰਸ਼ਨ ਦੀ ਵਿਆਖਿਆ ਕਰਨਾ ਹੀ ਆਪ ਦੀ ਰਚਨਾ ਦਾ ਮਨੋਰਥ ਹੈ। ਲੇਖਕ ਦੇ ਰੂਪ ਵਿਚ ਸਾਹਿਬ ਸਿੰਘ ਨੇ ਵਿਸ਼ੇਸ਼ ਮਹੱਤਵ ਪ੍ਰਾਪਤ ਕੀਤਾ ਹੈ।

- ਵਿਸਥਾਰਮਈ ਵਾਰਤਕ ਸ਼ੈਲੀ ਸਾਹਿਬ ਸਿੰਘ ਦੀ ਵਾਰਤਕ ਦਾ ਅਮੀਰੀ ਗੁਣ ਹੈ।

- ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਅਤੇ ਭਗਤ ਬਾਣੀ ਸਟੀਕ (ਪੰਜ ਜਿਲਦਾਂ) ਵੰਡ ਤੋਂ ਪਿਛੋਂ ਦੀਆਂ ਰਚਨਾਵਾਂ ਹਨ।

- ਧਾਰਮਿਕ ਲੇਖ, ਗੁਰਮਤਿ ਪ੍ਰਕਾਸ਼, ਧਰਮ ਅਤੇ ਸਦਾਚਾਰ ਆਪ ਦੀਆਂ ਮਹੱਤਵਪੂਰਨ ਰਚਨਾਵਾਂ ਹਨ।

ਗੁਰੂ ਗ੍ਰੰਥ ਦਰਪਣ ਆਪ ਦੀ ਸ਼ਾਹਕਾਰ ਰਚਨਾ ਹੈ। ਇਸ ਕਿਰਤ ਤੋਂ ਆਪ ਦੇ ਉਚੇਰੇ ਗਿਆਨ ਦਾ ਪਤਾ ਲੱਗਦਾ ਹੈ। ਸੰਸਿਤ ਦੇ ਵਿਦਵਾਨ ਹੋਣ ਦੇ ਬਾਵਜੂਦ ਆਪ ਨੇ ਬੜੀ ਸਾਦਾ, ਸਰਲ ਅਤੇ ਆਮ ਲੋਕਾਂ ਦੇ ਬੋਲਚਾਲ ਦੀ ਪੰਜਾਬੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਆਪ ਦੇ ਬਿਆਨ ਢੰਗ ਦੀ ਤਾਰੀਫ਼ ਕਰਦੇ ਕਿਹਾ ਗਿਆ ਹੈ ਕਿ ਇਉ ਲਗਦਾ ਹੈ ਕਿ ਜਿਵੇਂ ਕਿਸੇ ਬੱਚੇ ਨਾਲ ਗੱਲਾਂ ਕਰ ਰਹੇ ਹੋਣ। ਰਚਨਾ ਦਲੀਲਯੁਕਤ ਹੁੰਦੀ ਹੈ ਭਾਵੇਂ ਵਿਸ਼ੇ ਰਵਾਇਤੀ ਰੰਗਤ ਵਾਲੇ ਹਨ। ਪਰੰਤੂ ਪਗਟਾਉਣ ਦਾ ਨਿਰਾਲਾ ਅਤੇ ਦਿਲਚਸਪ ਪੱਖ ਉਨ੍ਹਾਂ ਨੂੰ ਇਕ ਸੁਘੜ ਵਾਰਤਕਾਰ ਵਜੋਂ ਪੇਸ਼ ਕਰਦਾ ਹੈ। ਟੀਕਿਆਂ ਤੇ ਲੇਖਾਂ ਤੋਂ ਬਿਨਾਂ ਜਿਹੜੀ ਰਚਨਾ ਆਪ ਜੀ ਨੂੰ ਉਚ ਕੋਟੀ ਦੇ ਧਾਰਮਿਕ ਵਿਦਵਾਨਾਂ ਵਿਚ ਸ਼ਾਮਲ ਕਰਦੀ ਹੈ, ਉਹ ਗੁਰਬਾਣੀ ਦਾ ਵਿਆਕਰਣ ਹੈ। ਇਹ ਵਿਦਵਾਨ ਲੇਖਕ ਦੀ ਵੀਹਾਂ ਸਾਲਾਂ ਦੀ ਘਾਲਣਾ ਹੈ। ਇਸ ਵਿਆਕਰਣ ਦੇ ਆਧਾਰ ’ਤੇ ਪ੍ਰੋ. ਸਾਹਿਬ ਸਿੰਘ ਨੂੰ ਗੁਰਬਾਣੀ ਦਾ ਪਾਣਿਨੀ ਕਿਹਾ ਜਾਂਦਾ ਹੈ। ਪ੍ਰੋ. ਸਾਹਿਬ ਸਿੰਘ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਨ੍ਹਾਂ ਮਹਾਨ ਕਿਰਤਾਂ ਸਦਕਾ 1970 ਵਿਚ ਡਾਕਟਰ ਆਫ਼ ਫ਼ਿਲਾਸਫ਼ੀ ਦੀ ਆਨਰਜ਼ ਡਿਗਰੀ ਨਾਲ ਸਨਮਾਨਿਤ ਕੀਤਾ ਸੀ। ਉਂਜ ਤਾਂ ਪ੍ਰੋ. ਸਾਹਿਬ ਸਿੰਘ ਧਾਰਮਿਕ ਲੇਖਕਾਂ ਤੇ ਸਿੱਖ ਚਿੰਤਕਾਂ ਵਿਚ ਗਿਣਿਆ ਜਾਂਦਾ ਹੈ, ਪਰੰਤੂ ਅਸਲ ਵਿਚ ਉਹ ਇਕ ਨਿਪੁੰਨ ਨਿਬੰਧਕਾਰ ਤੇ ਸੁਘੜ ਸ਼ੈਲੀਕਾਰ ਹੋਣ ਦਾ ਮਾਣ ਵੀ ਰੱਖਦਾ ਹੈ। ਉਸ ਕੋਲ ਸਰਲ, ਸਪੱਸ਼ਟ ਅਤੇ ਸਿੱਧ ਪੱਧਰੀ ਭਾਸ਼ਾ ਹੈ। ਸ਼ੈਲੀ ਰੋਚਕ ਹੈ। ਪ੍ਰਗਟਾਅ ਵਿਧੀ ਪ੍ਰਭਾਵਸ਼ਾਲੀ ਹੈ। ਉਸ ਦੀ ਲਿਖਤ ਵਿਚ ਮੌਲਿਕਤਾ ਦਾ ਗੁਣ ਝਲਕਦਾ ਹੈ ਅਤੇ ਲਿਖਤ ਵਿਚ ਕਿਧਰੇ ਵੀ ਬੋਝਲਤਾ ਦਾ ਅਹਿਸਾਸ ਨਹੀਂ ਹੁੰਦਾ। ਉਹ ਧਾਰਮਿਕ ਖ਼ਿਆਲਾਂ ਦਾ ਹੁੰਦਾ ਹੋਇਆ ਵੀ ਧਾਰਮਿਕ ਸੰਕੀਰਣਤਾ ਤੋਂ ਮੁਕਤ ਹੈ। ਉਹ ਸਹੀ ਅਰਥਾਂ ਵਿਚ ਉਦਾਰਵਾਦੀ ਲੇਖਕ ਹੈ ਜਿਸ ਦੀਆਂ ਰਚਨਾਵਾਂ ਸਾਹਿਤਕ ਗੁਣਾਂ ਨਾਲ ਭਰਪੂਰ ਹਨ।

- ਡਾ. ਬਲਬੀਰ ਸਿੰਘ
- ਗੁਰਬਖ਼ਸ਼ ਸਿੰਘ ਪ੍ਰੀਤਲੜੀ
- ਲਾਲ ਸਿੰਘ ਕਮਲਾ ਅਕਾਲੀ
- ਕਪੂਰ ਸਿੰਘ
- ਸੂਬਾ ਸਿੰਘ
- ਬਲਰਾਜ ਸਾਹਨੀ

ਭਾਰਤੀ ਸਾਹਿਤ ਚਿੰਤਕਾਂ ਨੇ ਸਾਹਿਤ ਦੇ ਦੋ ਰੂਪ ਗਦ (ਵਾਰਤਕ) ਅਤੇ ਪਦ (ਕਵਿਤਾ) ਪ੍ਰਵਾਨ ਕੀਤੇ ਹਨ। ਪੁਰਾਤਨ ਪੰਜਾਬੀ ਸਾਹਿਤ ਅੰਦਰ ਪੁਰਾਤਨ ਗਦ ਦੇ ਕਾਫੀ ਨਮੂਨੇ ਪ੍ਰਾਪਤ ਹੁੰਦੇ ਹਨ। ਅਜਰਾ ਪਾਉਂਡ ਨੇ ਕਵਿਤਾ ਅਤੇ ਵਾਰਤਕ ਦਾ ਨਿਖੇੜ ਕਰਦਿਆਂ ਲਿਖਿਆ ਹੈ ਕਿ ਕਵਿਤਾ ਵਿਚ ਅਸਾਧਾਰਨ ਭਾਸ਼ਾ ਦਾ ਪ੍ਰਯੋਗ ਹੁੰਦਾ ਹੈ ਜਦੋਂ ਕਿ ਵਾਰਤਕ ਲਈ ਸਾਧਾਰਨ ਕਿਸਮ ਦੀ ਭਾਸ਼ਾ ਦਾ ਪ੍ਰਯੋਗ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਸਿੱਧੇ, ਸਰਲ, ਸਪੱਸ਼ਟ ਅਤੇ ਸੁਭਾਵਿਕ ਮੁਹਾਵਰੇ ਅਨੁਸਾਰ ਕੀਤੀ ਸ਼ਬਦ ਰਚਨਾ ਹੀ ਗੱਦ ਅਖਵਾਉਦੀ ਹੈ। ਸਰਲਤਾ, ਸੰਖੇਪਤਾ, ਸੁਭਾਵਿਕਤਾ ਅਤੇ ਸਹਿਤਜਤਾ ਇਸ ਦੇ ਵਿਸ਼ੇਸ਼ ਗੁਣ ਹੁੰਦੇ ਹਨ। ਆਮ ਲੋਕਾਂ ਦਾ ਕਹਿਣਾ ਹੈ ਕਿ ਕਵਿਤਾ ਦਿਲ ਦੀ ਬੋਲੀ ਹੈ ਅਤੇ ਵਾਰਤਕ ਦਿਮਾਗ਼ ਦੀ ਭਾਸ਼ਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਵਾਰਤਕ ਵਿਚ ਵਿਚਾਰ ਪ੍ਰਧਾਨ ਹੁੰਦਾ ਹੈ। ਬਣਤਰ ਦੀ ਦ੍ਰਿਸ਼ਟੀ ਤੋਂ ਕਵਿਤਾ ਵਿਚ ਲੈ, ਤਾਲ, ਛੰਦ, ਮਧੁਰਤਾ ਅਤੇ ਭਾਵਾਂ ਦਾ ਵੇਗ ਭਾਰੂ ਹੁੰਦਾ ਹੈ, ਜਦੋਂ ਕਿ ਵਾਰਤਕ ਵਿਚ ਵਿਚਾਰ, ਪੈਰ੍ਹਾ, ਵਿਉਤਬੰਦੀ ਵਰਗੇ ਪੱਖ ਵੱਧ ਮਹੱਤਵ ਰੱਖਦੇ ਹਨ।

ਵਾਰਤਕ ਦੇ ਖੇਤਰ ਵਿਚ ਗਲਪ ਵੀ ਸ਼ਾਮਲ ਕੀਤਾ ਜਾਂਦਾ ਹੈ। ਪਰੰਤੂ ਵਾਤਰਕ ਦਾ ਸ਼ੁੱਧ ਰੂਪ ਨਿਬੰਧ, ਜੀਵਨੀ, ਸਵੈ ਜੀਵਨੀ, ਰੇਖਚਿੱਤਰ, ਡਾਇਰੀ, ਸੰਸਮਰਣ ਆਦਿ ਹੀ ਮੰਨੇ ਜਾਂਦੇ ਹਨ। ਇਹ ਵੀ ਧਾਰਨਾ ਪ੍ਰਚਿਲਤ ਰਹੀ ਹੈ ਕਿ ਜਦੋਂ ਕਿਸੇ ਭਾਸ਼ਾ ਦਾ ਸਾਹਿਤ ਰੂਪ ਆਪਣੀ ਵਿਕਸਿਤ ਹਾਲਤ ’ਤੇ ਪੁੱਜ ਜਾਂਦਾ ਹੈ ਤਾਂ ਵਾਰਤਕ ਦਾ ਜਨਮ ਹੁੰਦਾ ਹੈ। ਜਦੋਂ ਵਾਰਤਕ ਵਿਕਾਸ ਕਰ ਜਾਂਦੀ ਹੈ ਤਾਂ ਨਿਬੰਧ ਦੇ ਸਾਹਿਤ ਰੂਪ ਦਾ ਜਨਮ ਹੁੰਦਾ ਹੈ। ਇਉ ਵਾਰਤਕ ਦਾ ਸੁਧਰਿਆ ਅਤੇ ਵਿਕਸਿਤ ਰੂਪ ਨਿਬੰਧ ਨੂੰ ਮੰਨਿਆ ਜਾਂਦਾ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਪੰਜਾਬੀ ਸਾਹਿਤ ਵਿਚ ਵਾਰਤਕ ਦਾ ਜਨਮ ਸੋਲ੍ਹਵੀਂ-ਸਤਾਰ੍ਹਵੀਂ ਸਦੀ ਵਿਚ ਹੋਇਆ ਹੈ। ਭਾਵੇਂ ਡਾ. ਤਰਲੋਚਨ ਸਿੰਘ ਬੇਦੀ ਵੱਲੋਂ ਤੇਰ੍ਹਵੀਂ ਸਦੀ ਦੀ ਵਾਰਤਕ ਰਚਨ ‘ਇਕਾਦਸ਼ੀ ਮਹਾਤਮ’ ਨੂੰ ਪ੍ਰਥਮ ਵਾਰਤਕ ਦੇ ਨਮੂਨੇ ਵਜੋਂ ਪੇਸ਼ ਕਰਨ ਦੀ ਪਹਿਲ ਕਦਮੀ ਕੀਤੀ ਗਈ ਹੈ ਅਤੇ ਸੰਤ ਇੰਦਰ ਸਿੰਘ ਚਕਰਵਰਤੀ ਨੇ ‘ਪਧਤੀਨਾਮਾ’ ਨਾਮ ਦੀ ਵਾਰਤਕ ਰਚਨਾ ਨੂੰ ਬਾਬਾ ਫ਼ਰੀਦ ਦੀ ਰਚਨਾ ਦੱਸਦੇ ਹੋਏ ਇਸ ਨੂੰ ਗਿਆਰਵੀਂ ਸਦੀ ਨਾਲ ਜੋੜਨ ਦਾ ਉਪਰਾਲਾ ਕੀਤਾ ਹੈ। ਪਰ ਇਹ ਨਮੂਨੇ ਪ੍ਰਮਾਣਿਕ ਨਹੀਂ ਹਨ।

## ਪੰਜਾਬੀ ਵਾਰਤਕ ਦਾ ਨਿਕਾਸ

ਅਧਿਐਨ ਕਰਨ 'ਤੇ ਪਤਾ ਚਲਦਾ ਹੈ ਕਿ ਮੁੱਢਲੀ ਪੰਜਾਬੀ ਵਾਰਤਕ 'ਤੇ ਬੁੱਧ ਧਰਮ ਦੀਆਂ ਜਾਤਕ ਕਥਾਵਾਂ, ਸੰਸਿਤ ਅਤੇ ਫ਼ਾਰਸੀ ਦੇ ਟੀਕਿਆਂ, ਸੰਸਿਤ, ਗੋਸ਼ਟਾਂ ਅਤੇ ਵੈਸ਼ਨਵ ਅਵਤਾਰਾਂ ਦੀਆਂ ਕਥਾਵਾਂ ਦਾ ਵਧੇਰੇ ਪ੍ਰਭਾਵ ਰਿਹਾ ਹੈ। ਇਸੇ ਕਾਰਨ ਮੁੱਢਲੀ ਪੰਜਾਬੀ ਵਾਰਤਕ ਵਿਚ ਵੀ ਇਹੋ ਗੱਦ ਰੂਪ ਵਧੇਰੇ ਵਿਕਸਿਤ ਹੋਏ ਹਨ। ਮੁੱਢਲੀ ਪੰਜਾਬੀ ਵਾਰਤਕ ਵਧੇਰੇ ਕਰਕੇ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਨੂੰ ਲੋਕਧਾਰਾਈ ਰੰਗਤ ਵਿਚ ਪੇਸ਼ ਕੀਤਾ ਗਿਆ ਹੈ ਜਾਂ ਫਿਰ ਸੰਤਾਂ, ਭਗਤਾਂ ਦੀਆਂ ਗੋਸ਼ਟਾਂ (ਗੱਲਬਾਤ) ਦਾ ਨਮੂਨਾ ਮਿਲਦਾ ਹੈ। ਇਸ ਤੋਂ ਬਿਨਾਂ ਫੁਟਕਲ ਰੰਗਤ ਦੇ ਹੋਰ ਵਾਰਤਕ ਨਮੂਨੇ ਵੀ ਮਿਲਦੇ ਹਨ।

### ਸਾਰ-ਅੰਸ਼:

ਇਸ ਪਿੱਛੋਂ ਪੰਜਾਬੀ ਵਾਰਤਕ ਦੇ ਖੇਤਰ ਵਿੱਚ ਉਹ ਲੇਖਕ ਆਏ ਜੋ ਕਾਫ਼ੀ ਪੜ੍ਹੇ ਲਿਖੇ ਸਨ ਤੇ ਜਿਨ੍ਹਾਂ ਨੇ ਅੰਗਰੇਜ਼ੀ ਤੋਂ ਇਲਾਵਾ ਹੋਰਨਾਂ ਜ਼ਬਾਨਾਂ ਦਾ ਵੀ ਕਾਫ਼ੀ ਸਾਹਿਤ ਪੜ੍ਹਿਆ ਹੋਇਆ ਸੀ। ਅਜਿਹੇ ਲੇਖਕਾਂ ਵਿੱਚ ਪ੍ਰੋ. ਪੂਰਨ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਲਾਲ ਸਿੰਘ ਕਮਲਾ ਅਕਾਲੀ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਡਾ, ਮੋਹਨ ਸਿੰਘ, ਸ. ਕਪੂਰ ਸਿੰਘ, ਡਾ. ਮਹਿੰਦਰ ਸਿੰਘ ਰੰਧਾਵਾ, ਸ. ਸੂਬਾ ਸਿੰਘ ਤੇ ਹੋਰ ਬਹੁਤ ਸਾਰੇ ਲੇਖਕ ਆ ਜਾਂਦੇ ਹਨ। ਇਹਨਾਂ ਵਿੱਚੋਂ ਬਹੁਤੇ ਲੇਖਕਾਂ ਨੇ ਨਾ ਕੇਵਲ ਬਾਹਰਲੇ ਦੇਸ਼ਾਂ ਦਾ ਸਾਹਿਤ ਹੀ ਪੜ੍ਹਿਆ ਸੀ ਸਗੋਂ ਇਹ ਖੁਦ ਵੀ ਬਾਹਰਲੇ ਦੇਸ਼ਾਂ ਵਿੱਚ ਘੁੰਮੇ-ਫਿਰੇ ਸਨ। ਇਹੋ ਕਾਰਨ ਹੈ ਕਿ ਇਹਨਾਂ ਦੀ ਵਾਰਤਕ ਅਨੁਭਵ ਤੇ ਸ਼ੈਲੀ ਦੇ ਪੱਖੋਂ ਬਹੁਤ ਅਮੀਰ ਹੈ,ਜਿਸ ਵਾਰਤਕ-ਰੂਪ ਨੂੰ ਅਸੀਂ ਹੁਣ ਸਾਹਿਤਕ-ਹੋਂਦ ਵਜੋਂ ਸਵੀਕਰਦੇ ਹਾਂ ਉਸ ਨੂੰ ਇਹ ਹਸਤੀ ਦਿਵਾਉਣ ਵਿੱਚ ਉਪਰੋਕਤ ਸਾਹਿਤਕਾਰਾਂ ਦਾ ਹੀ ਹਿੱਸਾ ਹੈ ਤੇ ਇਸ ਦਾ ਸੁਤੰਤਰ ਮੂੰਹ ਮੁਹਾਂਦਰਾ ਵੀਹਵੀਂ ਸਦੀ ਵਿੱਚ ਹੀ ਬਣਿਆ ਹੈ।ਇਸ ਵੇਲੇ ਤੱਕ ਪੰਜਾਬੀ ਵਾਰਤਕ ਦੇ ਵਿਭਿੰਨ ਰੂਪ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕੇ ਹਨ। ਨਾਵਲ, ਨਾਟਕ, ਕਹਾਣੀ ਤੋਂ ਇਲਾਵਾ ਨਿਰੋਲ ਵਾਰਤਕ ਦੀਆਂ ਹੀ ਵਿਭਿੰਨ ਵੰਨਗੀਆਂ ਆਪਣੀ ਨਿਵੇਕਲੀ ਹਸਤੀ ਬਣਾ ਚੁੱਕੀਆਂ ਹਨ। ਵਿਚਾਰਾਤਮਕ, ਅਲੋਚਨਾਤਮਕ ਤੇ ਦਾਰਸ਼ਨਿਕ ਨਿਬੰਧ, ਪ੍ਰਬੰਧ ਗੰਭੀਰ ਤੇ ਹਲਕੇ ਫੁਲਕੇ ਲੇਖ, ਜੀਵਨੀਆਂ, ਸਫ਼ਰਨਾਮੇ, ਯਾਦਾਂ, ਰਿਪੋਰਤਾਜ, ਡਾਇਰੀਆਂ, ਰੇਖਾ-ਚਿੱਤਰ ਤੇ ਹੋਰ ਕਿੰਨੇ ਹੀ ਵਾਰਤਕ ਰੂਪ ਪੰਜਾਬੀ ਵਿੱਚ ਆਪਣੀ ਪਰੰਪਰਾ ਕਾਇਮ ਕਰ ਚੁੱਕੇ ਹਨ।

ਮੁੱਖ/ਕੇਂਦਰੀ ਸ਼ਬਦ:

ਬਿਖੇਰਨਾ-ਖਲਾਰਣਾ

ਇਬਾਰਤ- ਭਗਤੀ

ਯਥਾਰਥ- ਸੱਚ

ਕਾਵਿਮਈ-ਕਵਿਤਾ ਦੇ ਅੰਸ਼ ਵਾਲੀ

ਅੰਤਰੀਵ-ਡੂੰਘਾਈ

 ਸਵੈ-ਮੁਲਾਂਕਣ:

**ਪ੍ਰ1. ਵਾਰਤਕ ਕਿਹੜੀ ਭਾਸ਼ਾ ਦਾ ਸ਼ਬਦ ਹੈ?**
ੳ.ਸੰਸਕ੍ਰਿਤ
ਅ.ਅਰਬੀ
ੲ.ਹਿੰਦੀ
**ਪ੍ਰ2. ਵਾਰਤਕ ਨੂੰ ਫਾਰਸੀ ਵਿਚ ਕੀ ਕਿਹਾ ਜਾਂਦਾ ਹੈ?**
ੳ.ਤਕਰੀਰ
ਅ.ਤਨਕੀਦ
ੲ.ਨਸ਼ਰ
ਸ.ਉਪਰੋਕਤ ਕੋਈ ਨਹੀ
**ਪ੍ਰ3. ਵਿਸ਼ੇ ਅਧਾਰਿਤ ਵਾਰਤਕ ਦੀ ਕਿਸਮ ਦਾ ਸਹੀ ਜੁੱਟ ਪਛਾਣੋ।**

ੳ.ਵਿਗਿਆਨਕ

ਅ.ਧਾਰਮਿਕ

ੲ.ਵਿਆਖਿਆਮਈ

ਸ.ਉਪਰੋਕਤ ਸਾਰੇ

**ਪ੍ਰ 4. ਪੇਸ਼ਕਾਰੀ ਅਧਾਰਿਤ ਵਾਰਤਕ ਦੀ ਕਿਸਮ ਦਾ ਸਹੀ ਜੁੱਟ ਪਛਾਣੋ।**

ੳ.ਸ਼ੁੱਧ

ਅ.ਨਾਟਕੀ

ੲ.ਦੋਵੇ ਪੂਰਨ ਸਹੀ

ਸ.ਦੋਵੇ ਅੰਸ਼ਕ ਗਲਤ

**ਪ੍ਰ 5. ਉਦੇਸ਼ ਅਧਾਰਿਤ ਵਾਰਤਕ ਦੀ ਕਿਸਮ ਦਾ ਸਹੀ ਜੁੱਟ ਪਛਾਣੋ।**

ੳ.ਮੰਨੋਰੰਜਨ

ਅ.ਉਪਦੇਸ਼ਤਾਮਕ

ੲ.ਉਪਰੋਕਤ ਸਾਰੇ

**ਪ੍ਰ 6. ਅਲੰਕਾਰਿਕ ਵਾਰਤਕ ਕਿਸਨੇ ਲਿਖੀ ਹੈ?**

ੳ.ਧਨੀ ਰਾਮ ਚ੍ਰਾਤਿਕ

ਅ.ਗੁਰਬਖਸ ਸਿੰਘ ਪ੍ਰੀਤਲੜੀ

ੲ.ਰਾਮ ਸਿੰਘ

**ਪ੍ਰ 7. ਵਾਰਤਕ ਦਾ ਆਰੰਭ ਕਿਸ ਪ੍ਰਭਾਵ ਅਧੀਨ ਹੋਇਆ ਸੀ?**

ੳ.ਹਿੰਦੂ ਪ੍ਰਭਾਵ ਅਧੀਨ

ਅ.ਬੁੱਧ ਪ੍ਰਭਾਵ ਅਧੀਨ

ੲ.ਸਾਮੀ ਪ੍ਰਭਾਵ ਅਧੀਨ

ਸ.ਉਪਰੋਕਤ ਕੋਈ ਨਹੀ

**ਪ੍ਰ 8. ਮੱਧਕਾਲੀ ਵਾਰਤਕ ਵਿਚ ਨਾਇਕ ਨੂੰ ਕਿਸ ਰੂਪ ਵਿਚ ਪੇਸ਼ ਕੀਤਾ ਗਿਆ ਹੈ?**

ੳ.ਨਾਇਕ

ਅ.ਮਹਾਨਾਇਕ

ੲ.ਦੋਵੇ ਪੂਰਨ ਸਹੀ

ਸ.ਦੋਵੇ ਅੰਸ਼ਕ ਸਹੀ

**ਪ੍ਰ9. ਕਾਵਿਕ ਪ੍ਰਵਿਰਤੀ ਦੀ ਵਧੇਰੇ ਵਰਤੋ ਕਿਸ ਲੇਖਕ ਨੇ ਕੀਤੀ ਹੈ?**

ੳ.ਨਰਿੰਦਰ ਸਿੰਘ ਕਪੂਰ

ਅ.ਪ੍ਰੋ.ਪੂਰਨ ਸਿੰਘ

ੲ.ਹਰਚਰਨ ਸਿੰਘ

ਸ.ਦੇਵਿੰਦਰ ਕੌਰ

**ਪ੍ਰ10. ਧਾਰਮਿਕ ਪ੍ਰਵਿਰਤੀ ਵਾਲੀ ਵਾਰਤਕ ਦਾ ਲੇਖਕ ਪਛਾਣੋ?**

ੳ.ਭਾਈ ਵੀਰ ਸਿੰਘ

ਅ.ਬਲਰਾਜ ਸਾਹਨੀ

ੲ.ਬਲਵੰਤ ਗਾਰਗੀ

ਸ.ਭੀਸ਼ਮ

**ਪ੍ਰ 11. ਤਰਕਮਈ ਪ੍ਰਵਿਰਤੀ ਵਾਲੀ ਵਾਰਤਕ ਕਿਹੜੀ ਹੁੰਦੀ ਹੈ?**

ੳ.ਵਿਚਾਰ ਦਲੀਲਮਈ ਹੋਣ

ਅ.ਵਿਚਾਰ ਵਿਗਿਆਨਕ ਆਧਾਰ ਤੇ ਹੋਣ

ੲ.ਦੋਵੇ ਪੂਰਨ ਸਹੀ

ਸ.ਦੋਵੇ ਅੰਸ਼ਕ ਸਹੀ

**ਪ੍ਰ 12. ਭਾਈ ਵੀਰ ਸਿੰਘ ਦੀ ਵਾਰਤਕ ਸੰਬੰਧੀ ਰਚਨਾ ਦਾ ਨਾਮ ਦੱਸੋ।**

ੳ.ਪੁਰਾਤਨ ਜਨਮ ਸਾਖੀ

ਅ.ਗੁਰੂ ਨਾਨਕ ਚਮਤਕਾਰ

ੲ.ਕਲਗੀਧਰ ਚਮਤਕਾਰ

ਸ.ਉਪਰੋਕਤ ਸਾਰੇ

**ਪ੍ਰ 13. ਘਰ ਦਾ ਪਿਆਰ ਰਚਨਾ ਕਿਸਦੀ ਹੈ?**

ੳ.ਭਾਈ ਵੀਰ ਸਿੰਘ

ਅ.ਪ੍ਰੋ. ਮੋਹਨ ਸਿੰਘ

ੲ.ਪ੍ਰਿੰ. ਤੇਜਾ ਸਿੰਘ

ਸ.ਉਪਰੋਕਤ ਕੋਈ ਨਹੀ

**ਪ੍ਰ 14. ਖੁੱਲੇ ਲੇਖ ਦਾ ਰਚੇਤਾ ਕੌਣ ਹੈ?**

ੳ.ਮੋਹਨ ਸਿੰਘ ਵੈਦ

ਅ.ਚਰਨ ਸਿੰਘ ਸ਼ਹੀਦ

ੲ.ਪ੍ਰੋ. ਪੂਰਨ ਸਿੰਘ

ਸ,ਬਲਬੀਰ ਸਿੰਘ

**ਪ੍ਰ 15. ਜਿਸ ਵਿਚ ਨਾਟਕੀ ਅੰਸ਼ ਵਧੇਰੇ ਆ ਜਾਣ ਉਹ ਵਾਰਤਕ ਦੀ ਕਿਹੜੀ ਕਿਸਮ ਹੈ?**

ੳ.ਕਾਵਿਕ

ਅ.ਨਾਟਕੀ

ੲ.ਬਿਰਤਾਂਤਕ

ਸ.ਉਪਰੋਕਤ ਸਾਰੇ

**ਅਭਿਆਸ ਪ੍ਰਸ਼ਨ**

- **1.ਵਾਰਤਕ ਤੋਂ ਕੀ ਭਾਵ ਹੈ ?**
- **2. ਨਸ਼ਰ ਕਿਹੜੀ ਭਾਸ਼ਾ ਦਾ ਸ਼ਬਦ ਹੈ ?**
- **3. ਵਾਰਤਕ ਲਈ ਅੰਗਰੇਜ਼ੀ ਭਾਸ਼ਾ ਵਿਚ ਕਿਹੜੇ ਸ਼ਬਦ ਦਾ ਪ੍ਰਯੋਗ ਹੁੰਦਾ ਹੈ?**
- **4.ਵਾਰਤਕ ਵਿਚ ਕਿਹੜੇ ਵਿਸ਼ਿਆਂ ਨੂੰ ਆਧਾਰ ਬਣਾਇਆ ਜਾਂਦਾ ਹੈ?**
- **5.ਵਾਰਤਕ ਦੀ ਪੇਸ਼ਕਾਰੀ ਤੋਂ ਕੀ ਭਾਵ ਹੈ?**
- **6. ਵਾਰਤਕ ਦਾ ਉਦੇਸ਼ ਦੱਸੋ।**

ਸੰਦਰਭ ਪੁਸਤਕਾਂ:


1. ਕਰਨਜੀਤ ਸਿੰਘ.ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸ.ਪੰਜਾਬੀ ਅਕਾਦਮੀ ਦਿੱਲੀ,2005.
2. ਸਤਿੰਦਰ ਸਿੰਘ(ਡਾ.).ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ. ਪੰਜਾਬੀ ਅਕਾਦਮੀ ਦਿੱਲੀ,2005.
3. ਕੁਲਵੰਤ ਸਿੰਘ.ਪੰਜਾਬੀ ਵਾਰਤਕ:ਸੰਚਾਰ ਅਤੇ ਵਿਉਹਾਰ. ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ,2006.
4. ਪ੍ਰੀਤਲੜੀ,ਗੁਰਬਖਸ਼ ਸਿੰਘ. ਜ਼ਿੰਦਗੀ ਦੀ ਰਾਸ. ਨਵਯੁਗ ਪ੍ਰਕਾਸ਼ਨ ਨਵੀ ਦਿੱਲੀ,2009.
5. ਕਿਰਪਾਲ ਸਿੰਘ(ਡਾ).ਜਨਮਸਾਖੀ ਪਰੰਪਰਾ. ਪਬਲੀਕੇਸ਼ਨ ਬਿਊਰੋ ਪਟਿਆਲਾ,2009.

6. ਸਾਹਨੀ,ਬਲਰਾਜ. ਗ਼ੈਰ ਜਜ਼ਬਾਤੀ ਡਾਇਰੀ. ਆਰਸੀ ਪਬਲਿਸ਼ਰਜ਼ ਨਵੀ ਦਿੱਲੀ,2010.
7. ਜੱਗੀ,ਰਤਨ ਸਿੰਘ (ਸੰਪ).ਪੁਰਾਤਨ ਜਨਮਸਾਖੀ ਵਿਸ਼ੇਸ਼ ਅੰਕ 21 ਖੋਜ ਪ੍ਰਤਿਕਾ. ਪਬਲੀਕੇਸ਼ਨ ਬਿਊਰੋ ਪਟਿਆਲਾ,ਮਾਰਚ 2014.

ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%B5%E0%A8%BE%E0%A8%B0%E0%A8%A4%E0%A8%95

https://www.veerpunjab.com/page.php?id=308&t=m

http://www.ggssc.net/files/magazine/2014,-12-(December,-2014)/Sada-Virsa-Sada-Gourav.pdf

**ਉੱਤਰਮਾਲਾ:**

| | | | | |
|---|---|---|---|---|
| **1 A** | **2. C** | **3. D** | **4. C** | **5. C** |
| **6 B** | **7. D** | **8. B** | **9. B** | **10. A** |
| **11. C** | **12. D** | **13. C** | **14. C** | **15. B** |

# ਅਧਿਆਇ–11. ਆਧੁਨਿਕ ਵਾਰਤਕ ਰੂਪ: ਸਿੱਧਾਂਤਕ ਪਰਿਪੇਖ

*Harjot Kaur, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਆਧੁਨਿਕ ਵਾਰਤਕ ਰੂਪਾਂ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਸਫਰਨਾਮੇ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਨਿੰਬੰਧ ਸਿਰਜਣਾ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਨਿੰਬੰਧ ਤੇ ਲੇਖ ਵਿਚ ਅੰਤਰ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਰਚਨਾਤਮਕ ਲੇਖਣ ਪੰਜਾਬੀ ਸਾਹਿਤ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਵਿਸ਼ਵੀਕਰਨ ਦੇ ਯੁੱਗ ਵਿਚ ਰਚਨਾਤਮਕ ਲੇਖਣ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਰਚਨਾਤਮਕ ਲੇਖਣ ਦਾ ਅਰਥ ਸਪੱਸ਼ਟ ਕਰਦੇ ਹੋਏ ਸਫਰਨਾਮਾ, ਲੇਖ, ਨਿਬੰਧ ਦਾ ਸਰੂਪ ਨਿਰਧਾਰਿਤ ਕੀਤਾ ਜਾਵੇਗਾ। ਇਸ ਰਾਹੀ ਵਿਦਿਆਰਥੀਆਂ ਨੂੰ ਸਫਰਨਾਮਾ, ਲੇਖ, ਨਿਬੰਧ ਦੀ ਵਿਧਾਂ ਦਾ ਸਿਧਾਂਤਕ ਸਰੂਪ ਸਮਝ ਆਵੇਂਗਾ, ਜਿਸ ਰਾਹੀ ਉਹ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ।

## ਵਿਸ਼ਾ ਵਸਤੂ:

## ਸਫ਼ਰਨਾਮਾ:

ਸਫ਼ਰਨਾਮਾ ਵਾਰਤਕ ਸਾਹਿਤ ਦਾ ਇਕ ਰੂਪ ਹੈ, ਜੋ ਆਪਣੇ ਨਾਮ ਤੋਂ ਹੀ ਸਪੱਸ਼ਟ ਹੁੰਦਾ ਹੈ: ਸਫ਼ਰ+ਨਾਮਾ=ਸਫ਼ਰਨਾਮਾ। ਕਿਸੇ ਯਾਤਰਾ, ਭ੍ਰਮਣ, ਫੇਰੀ ਜਾਂ ਸਫ਼ਰ ਦੌਰਾਨ ਵੇਖੀਆਂ, ਪਰਖੀਆਂ, ਅਨੁਭਵ ਕੀਤੀਆਂ ਘਟਨਾਵਾਂ ਦਾ ਆਲੋਚਕ ਨਜ਼ਰੀਏ ਤੋਂ ਸਾਹਿਤਕ ਬਿਰਤਾਂਤ ਹੈ। ਪੰਜਾਬੀ ਸਾਹਿਤ ਵਿਚ ਸਫ਼ਰਨਾਮਾ ਲਿਖਣ ਦੀ ਰਵਾਇਤ ਕੋਈ ਬਹੁਤੀ ਪੁਰਾਣੀ ਨਹੀਂ ਹੈ। ਵਿਸ਼ਵੀਕਰਨ ਦੇ ਵਰਤਮਾਨ ਸਮੇਂ ਵਿਚ ਇਸ ਵੰਨਗੀ ਦੀ ਇਕ ਵਿਸ਼ੇਸ਼ ਮਹੱਤਤਾ ਹੈ।

ਸਫ਼ਰਨਾਮਾ ਦੀ ਪਰਿਭਾਸ਼ਾ:

**ਮਾਨਕ ਹਿੰਦੀ ਕੋਸ਼ ਅਨੁਸਾਰ**: ਇਕ ਥਾਂ ਤੋਂ ਦੂਜੀ ਥਾਂ 'ਤੇ ਜਾਣ ਦੀ ਕਿਰਿਆ ਨੂੰ ਸਫ਼ਰਨਾਮਾ ਕਹਿੰਦੇ ਹਨ।

**ਡਿਕਸ਼ਨਰੀ ਆਫ਼ ਲਿਟਰੇਰੀ ਟਰਮਜ਼ ਅਨੁਸਾਰ**:

> ਸਫ਼ਰਨਾਮੇ ਵਿਚ ਖੋਜ ਯਾਤਰਾ ਅਤੇ ਮੁਹਿੰਮ ਸਬੰਧੀ ਰਚਨਾ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਾਂ ਵਿਦੇਸ਼ ਵਿਚ ਪਰਵਾਸ ਦੌਰਾਨ ਦਾ ਵਰਣਨ ਜਾਂ ਇਸ ਤਰ੍ਹਾਂ ਦੀ ਹੋਰ ਰਚਨਾ ਨੂੰ ਰੱਖਿਆ ਜਾ ਸਕਦਾ ਹੈ।

## ਸਫ਼ਰਨਾਮਾ ਦੇ ਤੱਤ:

- **ਭੂਗੋਲਿਕਤਾ**
- **ਨਵੇਂ ਸਭਿਆਚਾਰ ਸੰਬੰਧੀ ਜਾਣਕਾਰੀ**
- **ਵਿਸਥਾਰਮਈ ਵਰਣਨ**
- **ਗਿਆਨ ਅਤੇ ਰੌਚਿਕਤਾ**
- **ਸਰਲ ਭਾਸ਼ਾ**
- **ਇਤਿਹਾਸਕਤਾ**
- **ਸਥਾਨਿਕਤਾ**
- **ਤੀਬਰਤਾ ਅਤੇ ਉਤਸੁਕਤਾ**
- **ਵਿਅਕਤੀਗਤਤਾ**
- **ਦ੍ਰਿਸ਼ ਵਰਣਨ**
- **ਯਥਾਰਥਕਤਾ**

## ਪ੍ਰਮੁੱਖ ਸਫਰਨਾਮਾਕਾਰ:

ਲਾਲ ਸਿੰਘ ਕਮਲਾ ਅਕਾਲੀ ਨੇ ਸਫ਼ਰਨਾਮਾ ਸਾਹਿਤ ਵਿਚ ਵਿਸ਼ੇਸ਼ ਨਾਮ ਕਮਾਇਆ ਹੈ। ਉਸ ਦੁਆਰਾ ਲਿਖਿਆ 'ਮੇਰਾ ਵਲਾਇਤੀ ਸਫ਼ਰਨਾਮਾ' ਸਮੁੱਚੇ ਪੰਜਾਬੀ ਸਫ਼ਰਨਾਮਾ ਸਾਹਿਤ ਦੀ ਇਕ ਉਤਮ ਰਚਨਾ ਹੈ। ਉਸ ਦੁਆਰਾ ਲਿਖਿਆ 'ਸੈਲਾਨੀ ਦੇਸ਼-ਭਗਤ' ਵੀ ਚਰਚਿਤ ਰਿਹਾ ਹੈ। 1980 ਵਿਚ ਉਸ ਦਾ ਸਫ਼ਰਨਾਮਾ 'ਮੇਰਾ ਆਖ਼ਰੀ ਸਫ਼ਰਨਾਮਾ' ਰਚਨਾ ਪ੍ਰਕਾਸ਼ਿਤ ਹੋਈ ਸੀ ਪਰ ਇਸ ਰਚਨਾ ਵਿਚ ਸਫ਼ਰਨਾਮਾ ਵਾਲਾ ਸੰਗਠਨ ਨਾ ਹੋਣ ਕਾਰਨ ਵਧੇਰੇ ਚਰਚਾ ਦਾ ਵਿਸ਼ਾ ਨਾ ਬਣ ਸਕੀ।

## ਡਾ. ਈਸ਼ਰ ਸਿੰਘ ਤਾਂਘ ਅਨੁਸਾਰ:

> ''ਸਫ਼ਰਨਾਮਾ, ਸਾਹਿਤ ਦਾ ਇਕ ਅਜਿਹਾ ਰੂਪ ਹੈ, ਜਿਹੜਾ ਯਾਤਰਾਵਾਂ ਨਾਲ ਸੰਬੰਧਿਤ ਹੈ। ਸਫ਼ਰਨਾਮਾ ਵਿਚ ਦੇਸ਼ ਦੇ ਭੂਗੋਲਿਕ ਵਾਤਾਵਰਣ ਤੋਂ ਇਲਾਵਾ ਰੀਤਾਂ-ਰਸਮਾਂ, ਹਾਸਿਆਂ, ਖੇਡਾਂ, ਸਮਾਜਿਕ ਮੁੱਲਾਂ, ਰਾਜਨੀਤਿਕ ਅਵਸਥਾ, ਧਾਰਮਿਕ ਵਿਸ਼ਵਾਸਾਂ, ਜੀਵਨ ਪੱਧਰ ਬਾਰੇ ਗਹਿਰੀ ਅਤੇ ਇਤਿਹਾਸਕ-ਸਭਿਆਚਾਰਕ ਚਰਚਾ ਹੁੰਦੀ ਹੈ।"

ਇਹ ਰਚਨਾ ਨਾ ਹੋ ਕਿ ਲੇਖਕ ਦੀ ਰੁਚੀ-ਅਰੁਚੀ, ਪ੍ਰਤੀਕਰਮ, ਲੇਖਕ ਦੇ ਦੇਸ਼ ਦੀਆਂ ਕਦਰਾਂ-ਕੀਮਤਾਂ ਦੀ ਤੁਲਨਾਤਮਕ ਦ੍ਰਿਸ਼ਟੀ ਨੂੰ ਵੀ ਰੂਪਮਾਨ ਕਰਦੀ ਹੈ। ਇਸ ਤਰ੍ਹਾਂ ਯਾਤਰੀ ਲੇਖਕ ਨੂੰ ਦੋਹਾਂ ਦੇਸ਼ਾਂ ਦੀ ਸਭਿਅਤਾ, ਧਰਮ, ਨੈਤਿਕ ਮੁੱਲਾਂ, ਰਾਜਨੀਤਕ ਢਾਂਚਿਆਂ, ਆਰਥਿਕ ਮੁੱਲਾਂ ਆਦਿ ਬਾਰੇ ਗਹਿਰੀ ਸਮਝ ਹੁੰਦੀ ਹੈ। ਉਹ ਦੂਰ ਦ੍ਰਿਸ਼ਟੀ ਨਾਲ ਦੋਹਾਂ ਦੇਸ਼ਾਂ ਦੇ ਹਰ ਪੱਖ ਦੀਆਂ ਪ੍ਰਸਥਿਤੀਆਂ ਨੂੰ ਘੋਖਦਾ ਪਰਖਦਾ ਹੈ ਅਤੇ ਤੁਲਨਾਤਮਕ ਢੰਗ ਨਾਲ ਪੇਸ਼ ਕਰਦਾ ਹੈ। ਉਸ ਨੂੰ ਇਤਿਹਾਸਕ ਪਿਛੋਕੜ ਦੀ ਵੀ ਪੂਰੀ ਜਾਣਕਾਰੀ ਹੁੰਦੀ ਹੈ।

### ਮੁੱਢਲੇ ਸਫ਼ਰਨਾਮੇ:

ਈਸਾਈ ਮਿਸ਼ਨਰੀਆਂ ਵੱਲੋਂ ਸਫ਼ਰਨਾਮਾ 'ਏਸ਼ੀਆ ਦੀ ਸੈਰ' ਪੁਸਤਕ ਨੂੰ 1898 ਈਸਵੀ ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਨੂੰ ਡਾ. ਪਰਮਿੰਦਰ ਸਿੰਘ ਨੇ ਪੰਜਾਬੀ ਦਾ ਪਹਿਲਾ ਸਫ਼ਰਨਾਮਾ ਆਖਿਆ ਹੈ। ਇਸ ਪੁਸਤਕ ਦੇ 80 ਪੰਨੇ ਹਨ ਅਤੇ ਇਸ ਪੁਸਤਕ 'ਤੇ ਲੇਖਕ ਦਾ ਨਾਮ ਨਹੀਂ ਦਿੱਤਾ ਗਿਆ। ਇਸ ਸਫ਼ਰਨਾਮੇ ਵਿਚ ਫਲਸਤੀਨ, ਸੀਰੀਆ, ਅਰਬ, ਏਸ਼ੀਆਈ, ਰੋਮ, ਕੰਬੋਡੀਆ, ਚੀਨ, ਮੈਸੋਪੋਟਾਮੀਆ, ਹਿੰਦੁਸਤਾਨ, ਜਾਰਜੀਆ, ਤੁਰਕੀਸਤਾਨ ਅਤੇ ਕੈਪਸੀਅਨ ਸਾਗਰ ਸੰਬੰਧੀ ਮੁਢਲੀ ਅਤੇ ਲਾਭਦਾਇਕ ਜਾਣਕਾਰੀ ਦਿੱਤੀ ਗਈ ਹੈ।

**ਡਾ. ਰਸ਼ਪਾਲ ਕੌਰ ਦੀ ਖੋਜ ਅਨੁਸਾਰ:** ਲਾਲ ਸਿੰਘ ਕਮਲਾ ਅਕਾਲੀ ਦੀ ਰਚਨਾ 'ਮੇਰਾ ਵਲਾਇਤੀ ਸਫ਼ਰਨਾਮਾ' ਤੋਂ ਪਹਿਲਾਂ ਭਾਈ ਕਾਨ੍ਹ ਸਿੰਘ ਨਾਭਾ 'ਪਹਾੜ ਦਾ ਸਫ਼ਰ' ਨਾਮ ਦਾ ਸਫ਼ਰਨਾਮਾ 1906 ਈ: ਵਿਚ ਲਿਖ ਚੁੱਕੇ ਸਨ। ਇਸ ਸਫ਼ਰਨਾਮੇ ਬਾਰੇ ਲੇਖਿਕਾ ਦਾ ਕਹਿਣਾ ਹੈ, ''ਲੇਖਕ ਨੇ ਪਹਾੜੀ ਸਫ਼ਰਨਾਮੇ ਵਿਚ ਤੁਲਨਾਤਮਿਕ, ਬ੍ਰਿਤਾਂਤਕ, ਪਿਛਲਝਾਤ ਵਿਧੀ ਦੀ ਵਰਤੋਂ ਕੀਤੀ ਹੈ, ਪਰ ਮੁਖ ਰੂਪ ਵਿਚ ਡਾਇਰੀ ਅਤੇ ਪੱਤਰ ਦੋਹਾਂ ਵਿਧੀਆਂ ਨੂੰ ਅਪਣਾਇਆ ਹੈ।

### ਪੰਜਾਬੀ ਸਾਹਿਤ ਦਾ ਮੌਲਿਕ ਸਫ਼ਰਨਾਮਾ ਸਾਹਿਤ

- **ਭਾਈ ਕਾਨ੍ਹ ਸਿੰਘ ਨਾਭਾ** ਦਾ 'ਪਹਾੜੀ ਰਿਆਸਤ ਦਾ ਸਫ਼ਰ' (1907) ਅਤੇ 'ਵਲਾਇਤ ਦਾ ਸਫ਼ਰਨਾਮਾ' (1907-08) ਵਿਚ ਤਿੰਨ ਯੂਰਪ ਦੀਆਂ ਵਲਾਇਤੀ ਫੇਰੀਆਂ ਦਾ ਜ਼ਿਕਰ ਹੈ।
- **ਭਾਈ ਸੂਰਜ ਸਿੰਘ** ਦੁਆਰਾ 'ਬਰਮਾ ਦੀ ਸੈਰ' (1908)
- **ਜੀਵਨ ਸੇਵਕ** ਦਾ 'ਜਾਪਾਨ ਦੀ ਝਾਕੀ' (1911)
- **ਰਘਬੀਰ ਸਿੰਘ ਕੋਇਟਾ** ਦਾ 'ਅਮਰੀਕਾ ਦੀ ਸੈਰ' (1914)
- **ਗੁਰਬਖ਼ਸ਼ ਸਿੰਘ ਨੈਰੰਗ** ਦਾ 'ਕਸ਼ਮੀਰ ਰਿਆਸਤਾਂ ਦਾ ਸਫ਼ਰ' (1925)

### ਲਾਲ ਸਿੰਘ ਕਮਲਾ ਅਕਾਲੀ

ਸਾਹਿਤਕ ਸਫ਼ਰਨਾਮਾ ਸਾਹਿਤ ਦੇ ਮੋਢੀ ਹਨ। ਉਸ ਦੁਆਰਾ ਲਿਖਿਆ 1931 ਵਿਚ 'ਮੇਰਾ ਵਲਾਇਤੀ ਸਫ਼ਰਨਾਮਾ' ਸਮੁੱਚੇ ਪੰਜਾਬੀ ਸਫ਼ਰਨਾਮਾ ਸਾਹਿਤ ਦੀ ਇਕ ਉਤਮ ਰਚਨਾ ਹੈ। ਇਸ ਸਫ਼ਰਨਾਮੇ ਅੰਦਰ ਸਾਨੂੰ ਅੰਗਰੇਜ਼ਾਂ ਦਾ ਰਹਿਣ ਸਹਿਣ ਅਤੇ ਉਨ੍ਹਾਂ ਦੇ ਰਸਮ ਰਿਵਾਜ਼ ਮਿਲਦੇ ਹਨ। ਕਮਲਾ ਅਕਾਲੀ ਨੇ ਇਸ ਸਫ਼ਰਨਾਮੇ ਅੰਦਰ ਇੰਗਲੈਂਡ ਦੇ ਜੀਵਨ ਦਾ ਭਾਰਤੀ ਜੀਵਨ ਨਾਲ ਮੁਕਾਬਲਾ ਕਰਨ ਦਾ ਜ਼ਿਕਰ ਕੀਤਾ ਹੈ। ਮਿਸਾਲ ਵਜੋਂ:

''ਬਸ ਲੰਦਨ ਕੀ ਹੈ? ਆਵਾਗੌਣ! ਸਵੇਰ ਹੋਈ ਤਾਂ ਨਾਚ ਅਤੇ ਸ਼ਰਾਬ ਨਾਲ ਥੱਕੇ ਹੋਏ ਬੰਦੇ ਅੱਖੀਆਂ ਮਲਦੇ ਉਠਦੇ ਹਨ ਤੇ ਪੇਟ ਪੂਜਾ ਕਰਕੇ ਆਪਣੇ ਆਪਣੇ ਕੰਮਾਂ ਵਿਚ ਜਾ ਹਾਜ਼ਰ ਹੁੰਦੇ ਹਨ। ਦੁਕਾਨਾਂ, ਬੈਂਕ, ਸਕੂਲ, ਕਾਲਜ ਅਤੇ ਹੋਟਲ ਮਸ਼ੀਨਾਂ ਵਾਂਗ ਖੁੱਲ੍ਹ ਪੈਂਦੇ ਹਨ ਅਤੇ ਮਸ਼ੀਨਾਂ ਵਰਗੇ ਤੀਵੀਂਆਂ, ਮਰਦ ਆਪਣੀ ਆਪਣੀ ਸ਼ਤਰੰਜ ਦੇ ਮਹੁਰਿਆਂ ਵਾਂਗ ਖਲੋ ਜਾਂਦੇ ਹਨ। ਜ਼ਮੀਨ ਦੇ ਉਪਰ ਅੰਦਰ ਦੀਆਂ ਸੁਰੰਗਾਂ ਵਿਚ ਲੱਖਾਂ ਤੀਵੀਂਆਂ ਮਰਦ ਸ਼ਹਿਰ ਵੱਲ ਨੂੰ ਢੋਏ ਜਾਂਦੇ ਹਨ ਅਤੇ ਲੰਦਨ ਦਾ ਧੰਦਾ ਆਰੰਭ ਹੋ ਜਾਂਦਾ ਹੈ।''

ਉਸ ਦੁਆਰਾ 1955 ਈਸਵੀ ਵਿਚ ਲਿਖਿਆ 'ਸੈਲਾਨੀ ਦੇਸ਼ ਭਗਤ' ਵੀ ਚਰਚਿਤ ਰਿਹਾ ਹੈ। 1980 ਵਿਚ ਉਸ ਦਾ ਸਫ਼ਰਨਾਮਾ 'ਮੇਰਾ ਆਖ਼ਰੀ ਸਫ਼ਰਨਾਮਾ' ਰਚਨਾ ਪ੍ਰਕਾਸ਼ਿਤ ਹੋਈ ਸੀ ਪਰ ਇਸ ਰਚਨਾ ਵਿਚ ਸਫ਼ਰਨਾਮਾ ਵਾਲਾ ਸੰਗਠਨ ਨਾ ਹੋਣ ਕਾਰਨ ਵਧੇਰੇ ਚਰਚਾ ਦਾ ਵਿਸ਼ਾ ਨਾ ਬਣ ਸਕੀ।

- ### ਡਾ. ਸ਼ੇਰ ਸਿੰਘ

ਨੇ ਇਕ ਸਫ਼ਰਨਾਮਾ 'ਇੰਗਲੈਂਡ ਅਤੇ ਫਰਾਂਸ' ਦੇ ਸੰਬੰਧ ਵਿਚ ਲਿਖਿਆ ਹੈ। ਇਸ ਸਫ਼ਰਨਾਮੇ ਅੰਦਰ ਕਈ ਤਰ੍ਹਾਂ ਦੀ ਜਾਣਕਾਰੀ ਮਿਲਦੀ ਹੈ, ਜਿਹੜੀ ਨ੍ਹਿਾਂ ਦੋਹਾਂ ਦੇਸ਼ਾਂ ਦੇ ਅੰਦਰਲੇ ਜੀਵਨ ਨਾਲ ਸੰਬੰਧਿਤ ਹੈ।

➢ **ਡਾ. ਹਰਦਿੱਤ ਸਿੰਘ**

ਨੇ 'ਅਮਰੀਕਾ ਦੀ ਯਾਤਰਾ' ਦੇ ਸੰਬੰਧ ਵਿਚ ਆਪਣਾ ਸਫ਼ਰਨਾਮਾ 1951 ਨੂੰ ਲਿਖਿਆ ਅਤੇ 1954 ਈਸਵੀ ਨੂੰ ਪ੍ਰਕਾਸ਼ਿਤ ਕਰਵਾਇਆ ਹੈ ਜੋ ਕਾਫ਼ੀ ਦਿਲਚਸਪ ਹੈ ਅਤੇ ਲੋਕ ਪ੍ਰਿਯ ਵੀ ਹੋਇਆ ਹੈ।

➢ **ਗਿਆਨੀ ਹੀਰਾ ਸਿੰਘ ਦਰਦ** ਦਾ ਸਫ਼ਰਨਾਮਾ 'ਬ੍ਰਜ ਭੂਮੀ ਤੇ ਮਲਾਇਆ ਦੀ ਯਾਤਰਾ' ਹੈ।

➢ **ਸੋਹਣ ਸਿੰਘ ਜੋਸ਼** ਦਾ ਸਫ਼ਰਨਾਮਾ 'ਮੇਰੀ ਰੂਸੀ ਯਾਤਰਾ' ਹੈ।

➢ **ਐਸ. ਐਸ. ਅਮੋਲ**

ਨੇ ਪੰਜਾਬੀ ਯਾਤਰਾ ਸਾਹਿਤ ਨੂੰ ਤਿੰਨ ਪੁਸਤਕਾਂ ਦਿੱਤੀਆਂ ਹਨ, ਇਨ੍ਹਾਂ ਦੇ ਨਾਮ ਹਨ: 'ਅਮੋਲ ਯਾਤਰਾ', 'ਯਾਤਰੀ ਦੀ ਡਾਇਰੀ' ਅਤੇ ਇੰਗਲੈਂਡ ਦੀ ਯਾਤਰਾ (1981)। ਇਨ੍ਹਾਂ ਸਫ਼ਰਨਾਮਿਆਂ ਵਿਚ ਅਮੋਲ ਨੇ ਆਪਣੀਆਂ ਇੰਗਲੈਂਡ ਯਾਤਰਾਵਾਂ ਦਾ ਵਰਣਨ ਕੀਤਾ ਹੈ।

➢ **ਕਰਨਲ ਨਰਿੰਦਰਪਾਲ ਸਿੰਘ**

ਨੇ ਕਈ ਸਫ਼ਰਨਾਮੇ ਲਿਖੇ ਹਨ, ਜਿਵੇਂ: 'ਦੇਸ਼ਾਂ ਪ੍ਰਦੇਸ਼ਾਂ ਤੋਂ', 'ਮੇਰਾ ਰੂਸੀ ਸਫ਼ਰਨਾਮਾ' ਉਨ੍ਹਾਂ ਦੀਆਂ ਮਹੱਤਵਪੂਰਨ ਸਫ਼ਰਨਾਮਾ ਰਚਨਾਵਾਂ ਹਨ, ਜਿਨ੍ਹਾਂ ਵਿਚ ਉਸ ਨੇ ਰੂਸ ਦੇ ਜੀਵਨ ਦੇ ਬਹੁਤ ਸਾਰੇ ਆਮ ਤੌਰ 'ਤੇ ਨਾ ਨਜ਼ਰ ਆਉਣ ਵਾਲੇ ਪੱਖਾਂ ਨੂੰ ਦਿਲਚਸਪੀ ਨਾਲ ਬਿਆਨ ਕੀਤਾ ਹੈ। 'ਮੇਰਾ ਰੂਸੀ ਸਫ਼ਰਨਾਮਾ' ਵਿਚ ਸੋਵੀਅਤ ਯੂਨੀਅਨ ਦੇ ਆਪਣੇ ਸਫ਼ਰ ਨੂੰ ਬਿਆਨ ਕੀਤਾ ਹੈ।

➢ **ਡਾ.ਗੰਡਾ ਸਿੰਘ**

ਨੇ 'ਅਫ਼ਗਾਨਿਸਤਾਨ ਦਾ ਸਫ਼ਰ' ਵਿਚ ਵਿਸਥਾਰ ਨਾਲ ਉਸ ਖੇਤਰ ਦੇ ਲੋਕਾਂ ਦੇ ਸਮਾਜਿਕ ਜੀਵਨ, ਸੁਭਾਅ, ਰਹਿਣ ਸਹਿਣ ਅਤੇ ਰੁਚੀਆਂ ਨੂੰ ਵਧੀਆ ਢੰਗ ਨਾਲ ਬਿਆਨ ਕੀਤਾ ਹੈ।

➢ **ਪ੍ਰੋ. ਰਾਮ ਸਿੰਘ**

ਨੇ ਸਫ਼ਰਨਾਮਾ 'ਕਸ਼ਮੀਰ ਅਤੇ ਕੁੱਲੂ ਵਿਚ ਉਸ ਖੇਤਰ ਦੇ ਲੋਕਾਂ ਦਾ ਰਹਿਣ ਸਹਿਣ ਅਤੇ ਪ੍ਰਕਿਰਤਕ ਸੁੰਦਰਤਾ ਨੂੰ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ ਜੋ ਉਸ ਦੀਆਂ 1947 ਤੋਂ 1949 ਵਿਚਕਾਰ ਦੀਆਂ ਕੁੱਲੂ ਅਤੇ ਕਸ਼ਮੀਰ ਦੀਆਂ ਯਾਤਰਾਵਾਂ ਨਾਲ ਸੰਬੰਧਿਤ ਹੈ।

➢ **ਗੁਰਬਖ਼ਸ਼ ਸਿੰਘ ਪ੍ਰੀਤਲੜੀ**

ਦਾ ਸਫ਼ਰਨਾਮਾ 'ਇਕ ਝਾਤ ਪੂਰਬ ਤੇ ਪੱਛਮ ਤੋਂ' 1962 ਈਸਵੀ ਵਿਚ ਲਿਖਿਆ ਹੈ। ਇਸ ਵਿਚ ਲੇਖਕ ਨੇ ਪੂਰਬੀ ਏਸ਼ੀਆ, ਅਮਰੀਕਾ ਅਤੇ ਦੇਸ਼ ਵਾਪਸੀ ਨਾਲ ਸੰਬੰਧਿਤ ਸਫ਼ਰਾਂ ਨੂੰ ਬਿਆਨ ਕੀਤਾ ਹੈ। 'ਦੁਨੀਆਂ ਇਕ ਮਹੱਲ' 1966 ਈਸਵੀ ਵਿਚ ਉਸ ਦੀ ਇਕ ਹੋਰ ਰਚਨਾ ਪ੍ਰਕਾਸ਼ਿਤ ਹੋਈ ਹੈ, ਜਿਸ ਦਾ ਸੰਬੰਧ ਮੱਧ ਏਸ਼ੀਆਂ, ਅਮਰੀਕਾ ਅਤੇ ਯੂਰਪ ਦੇ ਸਫ਼ਰਾਂ ਨਾਲ ਹੈ।

➢ **ਬਲਰਾਜ ਸਾਹਨੀ**

ਨੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ' (1962-63) ਅਤੇ 'ਮੇਰਾ ਰੂਸੀ ਸਫ਼ਰਨਾਮਾ' (1966-67) ਵਿਚ ਲਿਖੇ ਹਨ। ਇਨ੍ਹਾਂ ਸਫ਼ਰਨਾਮਿਆਂ ਵਿਚ ਦੋਹਾਂ ਦੇਸ਼ਾਂ ਦੇ ਸਭਿਆਚਾਰ, ਜੀਵਨ, ਕਲਾ, ਸਾਹਿਤ ਅਤੇ ਸਮਾਜਕ ਪੱਖ ਨੂੰ ਪੂਰੀ ਕਲਾ ਨਾਲ ਬਿਆਨ ਕੀਤਾ ਹੈ।

➢ **ਬਲਵੰਤ ਗਾਰਗੀ**

ਦਾ ਸਫ਼ਰਨਾਮਾ 'ਪਾਤਾਲ ਦੀ ਧਰਤੀ' ਹੈ ਜਿਸ ਵਿਚ ਉਸ ਨੇ ਆਪਣੇ ਅਧਿਆਪਨ ਸਮੇਂ ਦੌਰਾਨ ਅਮਰੀਕਾ ਵਿਚ ਕੀਤੇ ਸਫ਼ਰ ਅਤੇ ਹੋਰ ਤਜ਼ਰਬਿਆਂ ਨੂੰ ਕਲਮੀ ਰੂਪ ਦਿੱਤਾ ਹੈ।

➢ **ਡਾ. ਹਰਿਭਜਨ ਸਿੰਘ**

ਦਾ ਸਫ਼ਰਨਾਮਾ 'ਨਿਰਭਉ ਨਿਰਵੈਰ' ਲੇਖਕ ਦੀ ਸੋਵੀਅਤ ਯੂਨੀਅਨ ਦੀ 1981 ਵਿਚ ਕੀਤੀ ਯਾਤਰਾ ਨਾਲ ਸੰਬੰਧਿਤ ਹੈ ਜੋ 1984 ਈਸਵੀ ਵਿਚ ਪ੍ਰਕਾਸ਼ਿਤ ਹੋਇਆ ਹੈ।

## ➢ਡਾ .ਨਰਿੰਦਰ ਸਿੰਘ ਕਪੂਰ

ਨੇ ਨੌਵੇਂ ਦਹਾਕੇ (1990) ਵਿਚ ਪੰਜਾਬੀ ਸਾਹਿਤ ਨੂੰ ਅਮਰੀਕਾ ਦੀ ਯਾਤਰਾ ਬਾਰੇ ਇਕ ਸਫ਼ਰਨਾਮਾ 'ਸੱਚੋ ਸੱਚ' ਦਿੱਤਾ ਹੈ। ਇਹ ਪੁਸਤਕ ਯਾਤਰਾ ਦੇ ਮਾਧਿਅਮ ਰਾਹੀਂ ਅਮਰੀਕੀ ਜੀਵਨ ਦੀ ਤਹਿ ਤੱਕ ਪਹੁੰਚਦਿਆਂ, ਉਥੋਂ ਦੇ ਸਮਾਜਿਕ-ਸਭਿਆਚਾਰਕ ਵਰਤਾਰੇ ਨੂੰ ਪੇਸ਼ ਕਰਦੀ ਹੈ। ਇਸ ਵਿਚ ਯਾਤਰਾ ਇਕ ਮਾਧਿਅਮ ਹੀ ਨਹੀਂ, ਸਗੋਂ ਜੀਵਨ ਅਨੁਭਵ ਅਤੇ ਕਲਾ ਸਮਝ ਦੇ ਅਨੂਠੇ ਸੁਮੇਲ ਰਾਹੀਂ ਪ੍ਰਮਾਣਿਕ ਸਿਰਜਨ ਦੀ ਮਿਸਾਲ ਨੂੰ ਪ੍ਰਸਤੁਤ ਕਰਦੀ ਹੈ। ਇਸ ਸਫ਼ਰਨਾਮਾ ਵਿਚ ਲੇਖਕ ਦੀ ਪ੍ਰਾਪਤੀ ਇਹ ਹੈ ਕਿ ਉਹ ਅਮਰੀਕਨ ਲੋਕਾਂ ਦੀ ਵਸਤੂ ਸਥਿਤੀ, ਉਨ੍ਹਾ ਦੇ ਪਿਛੋਕੜ ਅਤੇ ਮਾਨਸਿਕਤਾ ਦੇ ਇਤਿਹਾਸਕ ਸੰਦਰਭ ਨੂੰ ਅੱਖੋਂ ਉਹਲੇ ਨਹੀਂ ਕਰਦਾ।

## ➢ਪ੍ਰੋ. ਪ੍ਰੀਤਮ ਸਿੰਘ

ਨੇ 1981 ਈਸਵੀ ਨੂੰ 'ਨਵੇਂ ਆਕਾਸ਼' ਨਾਮ ਦਾ ਸਫ਼ਰਨਾਮਾ ਪੰਜਾਬੀ ਸਾਹਿਤ ਨੂੰ ਦਿੱਤਾ ਹੈ। ਇਸ ਸਫ਼ਰਨਾਮਾ ਵਿਚ ਮਨੁੱਖ ਦੇ ਜੀਵਨ, ਪ੍ਰਕਿਰਤੀ ਤੋਂ ਸੰਸਿਤੀ ਵੱਲ ਦੀ ਯਾਤਰਾ ਦੀ ਸੁੰਦਰ ਤਸਵੀਰ ਪੇਸ਼ ਹੈ।

## ➢ ਰਾਮ ਨਾਰਾਇਣ ਦਰਦੀ

ਨੇ 1984 ਵਿਚ 'ਸੱਜਣ ਸਮੁੰਦਰੋਂ ਪਾਰ ਦੇ' ਸਫ਼ਰਨਾਮਾ ਵਿਚ ਇੰਗਲੈਂਡ ਦੀ ਯਾਤਰਾ ਨੂੰ ਬਿਆਨ ਕੀਤਾ ਹੈ ਜਿਸ ਵਿਚ ਉਸ ਨੇ ਲਾਲ ਸਿੰਘ ਕਮਲਾ ਅਕਾਲੀ ਦੇ ਸਫ਼ਰਨਾਮਾ 'ਮੇਰਾ ਵਲਾਇਤੀ ਸਫ਼ਰਨਾਮਾ' ਵਾਲੀ ਵਿਉਤ ਨੂੰ ਪ੍ਰਗਟਾਇਆ ਹੈ।

## ➢ਡਾ. ਸੁਰਜੀਤ ਸਿੰਘ ਸੇਠੀ

ਨੇ 'ਪਟਿਆਲੇ ਤੋਂ ਪਟਿਆਲੇ ਤੱਕ' ਸਫ਼ਰਨਾਮਾ ਵਿਚ ਲੇਖਕ ਨੇ ਆਪਣੇ ਸੰਵੇਦਨ ਅਨੁਭਵ, ਚਿੰਤਨਸ਼ੀਲ ਦ੍ਰਿਸ਼ਟੀਕੋਣ ਅਤੇ ਜੀਵਨ ਦੇ ਵਿਭਿੰਨ ਤੱਥਾਂ ਦੀ ਵਿਸ਼ਲੇਸ਼ਣ ਵਿਆਖਿਆ ਕੀਤੀ ਹੈ। ਸੇਠੀ ਦੀ ਸਾਹਿਤਕ ਸਿਰਜਣਾ ਦੇ ਸਾਰੇ ਰਚਨਾਤਮਕ ਗੁਣ ਇਸ ਪੁਸਤਕ ਵਿਚ ਮੌਜੂਦ ਹਨ।

## ➢ ਤਲੋਚਨ ਸਿੰਘ ਗਿੱਲ

ਨੇ ਚਾਰ ਸਫ਼ਰਨਾਮੇ 'ਕੁਝ ਮੁਢਲੇ ਸਫ਼ਰ' (1953), 'ਅੱਧਾ ਚੱਕਰ' (1970), 'ਨਵਾਂ ਚੱਕਰ' (1973) ਅਤੇ 'ਦੇਸ਼ ਪ੍ਰਦੇਸ਼ ਦੇ ਸਫ਼ਰ' (1976) ਵਿਚ ਲਿਖ ਕੇ ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਇਨ੍ਹਾਂ ਸਫ਼ਰਨਾਮਿਆਂ ਵਿਚ ਉਸ ਦੀਆਂ ਵੱਖ ਵੱਖ ਯਾਤਰਾਵਾਂ ਦਾ ਜ਼ਿਕਰ ਹੈ।

## ➢ ਪਿਆਰਾ ਸਿੰਘ ਦਾਤਾ

ਦੇ ਦੋ ਸਫ਼ਰਨਾਮੇ 'ਸੈਲਾਨੀ ਦੇਸ਼ ਦੀ ਯਾਤਰਾ' (1982) ਅਤੇ 'ਬਿਖੜੇ ਪੈਂਡੇ' (1988) ਵਿਚ ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਇਨ੍ਹਾਂ ਦੋਹਾਂ ਸਫ਼ਰਨਾਮਿਆਂ ਵਿਚ ਸਫ਼ਰਨਾਮਾ ਸਾਹਿਤ ਦੇ ਸਾਰੇ ਗੁਣ ਮੌਜੂਦ ਹਨ।

## ➢ਤਾਰਾ ਸਿੰਘ ਸੰਧੂ

ਦਾ ਕੋਰੀਆ ਦੇਸ਼ ਦੀ ਯਾਤਰਾ ਬਾਰੇ 'ਸੱਦੀ ਹੋਈ ਮਿੱਤਰਾਂ ਦੀ' 1984 ਵਿਚ ਪ੍ਰਕਾਸ਼ਿਤ ਹੋਇਆ ਸਫ਼ਰਨਾਮਾ ਹੈ।

## ➢ਹਰਿਭਜਨ ਹਲਵਾਰਵੀ

ਦੇ ਦੋ ਸਫ਼ਰਨਾਮੇ ਮਿਲਦੇ ਹਨ, ਜਿਨ੍ਹਾਂ ਵਿਚ 'ਚੀਨ ਵਿਚ ਕੁਝ ਦਿਨ' (1986) ਅਤੇ 'ਯਾਦਾਂ ਮਿੱਤਰ ਦੇਸ਼ ਦੀਆਂ' (1991) ਵਿਚ ਚੀਨ ਦੇਸ਼ ਵਿਚ ਆ ਰਹੀਆਂ ਤਬਦੀਲੀਆਂ ਦਾ ਜ਼ਿਕਰ ਹੈ।

## ➢ ਬਰਜਿੰਦਰ ਸਿੰਘ ਹਮਦਰਦ

'ਧਰਤੀਆਂ ਦੇ ਗੀਤ' (2010) ਵਿਚ ਲਿਖਿਆ ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਆਪਣੇ ਆਪ ਵਿਚ ਇਕ ਨਿਵੇਕਲਾ ਸਫ਼ਰਨਾਮਾ ਹੈ। ਕਿੱਤੇ ਵਜੋਂ ਹਮਦਰਦ ਇਕ ਪੱਤਰਕਾਰੀ ਖਿੱਤੇ ਨਾਲ ਜੁੜਿਆ ਹੋਣ ਕਾਰਨ ਇਸ ਸਫ਼ਰਨਾਮੇ ਵਿਚ ਪਾਠਕ ਨੂੰ ਅਕਾ ਦੇਣ ਵਾਲਾ ਕੋਈ ਫਾਲਤੂ ਅੰਸ਼ ਨਹੀਂ ਮਿਲਦਾ।

## ➢ ਬਲਬੀਰ ਸਿੰਘ ਮੋਮੀ

ਜੋ ਕਿ ਬਹੁ ਵਿਧਾਵੀ ਪੰਜਾਬੀ ਸਾਹਿਤਕਾਰ ਹਨ। ਉਨ੍ਹਾਂ ਨੇ 'ਮੇਰੀ ਕਿਊਬਾ ਦੀ ਯਾਤਰਾ' ਅਤੇ 'ਪਾਕਿਸਤਾਨੀ ਯਾਤਰਾ' ਨੂੰ ਸਫ਼ਰਨਾਮਾ ਰੂਪ ਵਿਚ ਲਿਖਿਆ ਹੈ, ਜਿਸ ਨੂੰ ਪ੍ਰਿੰ. ਪਾਖਰ ਸਿੰਘ ਦੀ ਸੰਪਾਦਨਾ ਹੇਠ 2012 ਵਿਚ ਪ੍ਰਕਾਸ਼ਿਤ ਹੋਇਆ ਹੈ। ਇਸ ਸਫ਼ਰਨਾਮਾ ਵਿਚ ਕਿਊਬਾ ਅਤੇ ਪਾਕਿਸਤਾਨ ਦੇਸ਼ਾਂ ਦੇ ਸਭਿਆਚਾਰ ਨੂੰ ਬਾਰੀਕੀ ਨਾਲ ਪੇਸ਼ ਕੀਤਾ ਗਿਆ ਹੈ।

## ➢ ਡਾ. ਰਛਪਾਲ ਕੌਰ

ਨੇ ਆਪਣੀ ਪੁਸਤਕ 'ਪੰਜਾਬੀ ਸਫ਼ਰਨਾਮਾ' ਵਿਚ ਲਗਭਗ 50 ਤੋਂ ਵਧੇਰੇ ਸਫ਼ਰਨਾਮਿਆਂ ਦੀ ਸੂਚੀ ਦਿੱਤੀ ਗਈ ਹੈ। ਇਸ ਪੁਸਤਕ ਵਿਚ ਸਫ਼ਰਨਾਮਿਆਂ ਦੇ ਸੰਖੇਪ ਭਾਵ ਬਾਰੇ ਵੀ ਬਿਆਨ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਕੁਝ ਸਫ਼ਰਨਾਮੇ ਇਸ ਪ੍ਰਕਾਰ ਹਨ:- ਬੰਬਈ ਯਾਤਰਾ (ਦਮੋਦਰ ਸਿੰਘ), ਗਿਆਨ ਦੀ ਖੋਜ (ਡਾ. ਜਗਦੀਸ਼ ਸ਼ਰਨ), ਆਰੀਆਨਾ, ਪੈਰਿਸ ਦੇ ਪੋਰਟਰੇਟ (ਨਰਿੰਦਰਪਾਲ ਸਿੰਘ), ਸ਼ਾਂਤੀ ਨਿਕੇਤਨ ਬਾਰੇ (ਅਮਰ ਭਾਰਤੀ), ਬਾਰੀਆਂ ਝਰੋਖੇ, ਅੱਗ ਦੀਆਂ ਲੀਕਾਂ (ਅੰਮ੍ਰਿਤਾ ਪ੍ਰੀਤਮ), ਮੇਰਾ ਸੰਸਾਰ ਚੱਕਰ (ਆਤਮਾ ਸਿੰਘ), ਕਸ਼ਮੀਰ ਧਰਤੀ ਦਾ ਸਵਰਗ (ਡਾ. ਗੁਰਦਿਆਲ ਸਿੰਘ ਫੁੱਲ), ਨਿਆਰਾ ਜਰਮਨੀ (ਜਗਜੀਤ ਸਿੰਘ ਅਨੰਦ), ਅੱਖੀਂ ਡਿੱਠਾ ਰੂਸ (ਸਾਧੂ ਸਿੰਘ ਹਮਦਰਦ), ਕਾਰ ਰਾਹੀਂ ਲੰਦਨ ਤੋਂ ਦਿੱਲੀ (ਜੋਗਿੰਦਰ ਸਿੰਘ ਸਮਸ਼ੇਰ), ਸਮੁੰਦਰੋਂ ਪਾਰ (ਸਾਥੀ ਲੁਧਿਆਣਵੀ), ਮੇਰੀਆਂ ਪਰਬਤ ਫੇਰੀਆਂ (ਪਰਤਾਪ ਸਿੰਘ ਐਮ.ਏ.) ਆਦਿ ਹਨ।

## ➢ ਸਫ਼ਰਨਾਮਿਆਂ ਤੋਂ ਬਿਨਾਂ ਕੁਝ ਹੋਰ ਵੀ ਪ੍ਰਕਾਸ਼ਿਤ ਸਫ਼ਰਨਾਮੇ ਹਨ ਜੋ ਇਸ ਪ੍ਰਕਾਰ ਹਨ:-

ਲੰਬੀ ਉਡਾਰੀ (ਦਲੀਪ ਕੌਰ ਟਿਵਾਣਾ), ਇੰਗਲੈਂਡ ਦੀ ਯਾਦ (ਸ.ਸ. ਅਮੋਲ), ਕਸ਼ਮੀਰ ਵਾਦੀ ਦੀ ਯਾਤਰਾ (ਮੋਹਨ ਸਿੰਘ ਰਤਨ), ਦੁਨੀਆਂ ਦੁਆਲੇ (ਤ੍ਰਿਲੋਚਨ ਸਿੰਘ ਗਿੱਲ), ਸ਼ਾਮ ਰੰਗ ਦੇ ਲੋਕ (ਪ੍ਰੋ. ਹਿਰਦੇਜੀਤ ਸਿੰਘ ਭੋਗਲ), ਡਿਜ਼ਨੀਲੈਂਡ ਦਾ ਦੇਸ਼ (ਡਾ. ਹਰਕੀਰਤ ਸਿੰਘ), ਆਪਣੀ ਧਰਤੀ (ਸਵਰਨ ਚੰਦਨ), ਵਤਨੋਂ ਦੂਰ (ਰਣਜੀਤ ਧੀਰ), ਜਾਅਲੀ ਦੁਨੀਆਂ (ਹਰੀਸ਼ ਮਲਹੋਤਰਾ), ਜ਼ਿੰਦਗੀ ਦੇ ਚਿੰਨ੍ਹ (ਸੋਹਣ ਸਿੰਘ ਕਮਲ), ਮੇਰੀ ਚੀਨ ਯਾਤਰਾ (ਡਾ. ਵਨੀਤਾ), ਜੰਗਲ-ਜੰਗਲ ਪਰਬਤ-ਪਰਬਤ (ਮਨਮੋਹਨ ਬਾਵਾ), ਪਰਦੇਸ ਪੰਜਾਬ (ਵਰਿਆਮ ਸਿੰਘ ਸੰਧੂ), ਅੱਧੀ ਰਾਤ ਦੇ ਸੂਰਜ ਦੀ ਧਰਤੀ (ਮਿਹਰ ਸਿੰਘ ਰੰਧਾਵਾ), ਕੰਧ ਓਹਲੇ ਪ੍ਰਦੇਸ (ਭੁਪਿੰਦਰ ਸਿੰਘ ਸੰਧੂ), ਪੀਨਾਂਗ ਦਾ ਬੋਹੜ-ਮਲੇਸ਼ੀਆ (ਅਭੈ ਸਿੰਘ), ਸਫ਼ਰਨਾਮਾ ਪਾਕਿਸਤਾਨ (ਗੁਰਮੁਖ ਸਿੰਘ ਸਹਿਗਲ), ਥੇਮਜ਼ ਨਾਲ ਵਗਦਿਆਂ (ਬਲਦੇਵ ਸਿੰਘ ਧਾਲੀਵਾਲ), ਪੈਰਿਸ ਦਾ ਟਰਿੱਪ (ਮੋਹਨ ਲਾਲ), ਪਰਬਤਾਂ ਸੰਗ ਸੰਵਾਦ (ਰਜਨੀਸ਼ ਬਹਾਦਰ ਸਿੰਘ), ਕਿਨੌਰ ਤੋਂ ਕਾਰਗਿਲ (ਧਰਮ ਪਾਲ ਸਾਹਿਲ), ਨਿੱਕੇ ਵੱਡੇ ਸਫ਼ਰ (ਹਰਭਜਨ ਹਲਵਾਰਵੀ), ਪਰਦੇਸ ਪੰਜਾਬ (ਵਰਿਆਮ ਸੰਧੂ) ਆਦਿ ਸਫ਼ਰਨਾਮੇ ਹਨ।

**ਸਫਰਨਾਮੇ ਦੀ ਸਿਰਜਣਾ:** ਆਪਣੀ ਕਿਸੇ ਵੀ ਯਾਤਰਾ ਦਾ ਬਿਆਨ ਉਪਰੋਕਤ ਤੱਤਾਂ ਨੂੰ ਆਧਾਰ ਬਣਾ ਕੇ, ਸਿਰਲੇਖ ਦੇ ਕੇ ਕਰੋ।ਇਸ ਯਾਤਰਾ ਦਾ ਅਨੁਭਵ ਗਿਆਨਮਈ ਅਤੇ ਰੋਚਕ ਹੋਣ ਦਾ ਨਾਲ ਨਾਲ ਉਦੇਸ਼ਮਈ ਹੋਣਾ ਬਹੁਤ ਜਰੂਰੀ ਹੈ।

**ਲੇਖ ਅਤੇ ਨਿਬੰਧ:** 'ਨਿਬੰਧ' ਆਧੁਨਿਕ ਪੰਜਾਬੀ ਵਾਰਤਕ ਦਾ ਇਕ ਚਰਚਿਤ ਅਤੇ ਉਤਿਸ਼ਟ ਰੂਪ ਹੈ। ਇਹ ਵਾਰਤਕ ਰੂਪ ਆਧੁਨਿਕ ਪੰਜਾਬੀ ਵਾਰਤਕ ਅੰਦਰ ਪੱਛਮ ਦੇ ਪ੍ਰਭਾਵ ਅਧੀਨ ਹੋਂਦ ਵਿਚ ਆਇਆ, ਜਦੋਂ ਕਿ ਭਾਰਤੀ ਅਤੇ ਪੁਰਾਤਨ ਪੰਜਾਬੀ ਸਾਹਿਤ ਅੰਦਰ ਇਸ ਦੇ ਅੰਸ਼ ਮੌਜੂਦ ਹਨ। ਭਾਵੇਂ ਪੰਜਾਬੀ ਨਿਬੰਧਕਾਰਾਂ ਨੇ ਉਨ੍ਹਾਂ ਨੂੰ ਅਪਣਾਇਆ ਵੀ ਹੋਵੇ, ਪਰ ਫਿਰ ਵੀ ਇਸ ਵਾਰਤਕ ਵਿਧਾ ਲਈ ਉਹ ਪੱਛਮ ਦੇ ਰਿਣੀ ਹਨ। ਨਿਬੰਧ ਦੇ ਤੱਤਾਂ ਦਾ ਵਿਵੇਚਨ ਕਰਨ ਤੋਂ ਪਹਿਲਾਂ ਇਸ ਦੀ ਪਰਿਭਾਸ਼ਾ ਸੰਬੰਧੀ ਚਰਚਾ ਕਰਨੀ ਜ਼ਰੂਰੀ ਹੈ।

ਨਿਬੰਧ ਨੂੰ ਅੰਗਰੇਜ਼ੀ ਵਿਚ Essay ਕਿਹਾ ਜਾਂਦਾ ਹੈ। ਬ੍ਰਿਟੇਨਿਕਾ ਵਿਸ਼ਵਕੋਸ਼ ਅਨੁਸਾਰ ਨਿਬੰਧ ਤੋਂ ਭਾਵ ਅਜਿਹੀ ਸਾਹਿਤਕ ਰਚਨਾ ਹੈ ਜੋ ਦਰਮਿਆਨੇ ਜਾਂ ਉਚਿਤ ਆਕਾਰ ਦੀ ਹੁੰਦੀ ਹੈ। ਇਸ ਦੁਆਰਾ ਲੇਖਕ ਆਪਣੇ ਨਿੱਜੀ ਅਨੁਭਵ ਅਤੇ ਨਿੱਜੀ ਦ੍ਰਿਸ਼ਟੀਕੋਣ ਦੇ ਆਧਾਰ 'ਤੇ ਕਿਸੇ ਇਕ ਵਿਸ਼ੇ ਬਾਰੇ ਆਪਣੇ ਵਿਚਾਰ ਸਹਿਜ ਸੁਭਾਅ ਜਾਂ ਸਰਸਰੀ ਤੌਰ 'ਤੇ ਪ੍ਰਗਟ ਕਰਦਾ ਹੈ।

ਅਸਲ ਵਿਚ ਨਿਬੰਧ ਲੇਖਕ ਵੱਲੋਂ ਨਿੱਜੀ ਅਨੁਭਵ ਅਤੇ ਨਿੱਜੀ ਦ੍ਰਿਸ਼ਟੀਕੋਣ ਦੇ ਆਧਾਰ 'ਤੇ ਪਾਠਕਾਂ ਨੂੰ ਨਿਬੰਧ ਵਿਚਲੀ ਲਿਖਤ ਰਾਹੀਂ ਲਿਖਿਆ ਗਿਆ ਇਕ ਖੁੱਲ੍ਹਾ ਪੱਤਰ ਹੁੰਦਾ ਹੈ। ਨਿੱਜੀ ਨੇੜਤਾ ਭਰਪੂਰ ਅਤੇ ਸੋਚ ਵਿਚਾਰ ਵਾਲੇ ਸਰੂਪ ਵਿਚ ਲਿਖੇ ਨਿਬੰਧ ਦੀ ਸ਼ੈਲੀ ਕਿਸੇ ਬੰਧਨ ਦੀ ਮੁਥਾਜ ਨਹੀਂ ਹੁੰਦੀ। ਨਿਬੰਧ ਸੀਮਤ ਆਕਾਰ ਅਤੇ ਪ੍ਰਕਾਰ ਵਾਲੀ ਆਪਣੇ ਆਪ ਵਿਚ ਇਕ ਸੰਪੂਰਨ ਅਜਿਹੀ ਵਾਰਤਕ ਹੁੰਦੀ ਹੈ, ਜਿਸ ਵਿਚ ਨਿਬੰਧਕਾਰ ਆਪਣਾ ਨਿੱਜ, ਦ੍ਰਿਸ਼ਟੀਕੋਣ ਅਤੇ ਭਾਵ, ਵਰਣਿਤ ਵਿਸ਼ੇ ਦੇ ਸੰਬੰਧ ਵਿਚ ਇਕ ਸਰਲ, ਸਪੱਸ਼ਟ, ਸਾਦੀ ਅਤੇ ਸੁਹਿਰਦ ਪਰ ਦਲੀਲ ਭਰਪੂਰ ਵਿਚਾਰ ਲੜੀ ਦੇ ਰੂਪ ਵਿਚ ਪੇਸ਼ ਕਰਦਾ ਹੈ। ਨਿਬੰਧਕਾਰ ਕਿਸੇ ਨਾਵਲਕਾਰ ਵਾਂਗ ਪਾਤਰ ਨਹੀਂ ਸਿਰਜਦਾ, ਸਗੋਂ ਸੰਬੰਧਿਤ ਵਿਸ਼ੇ ਦੀ ਵਿਆਖਿਆ ਆਪ ਹੀ ਕਰਦਾ ਹੈ। ਨਿਬੰਧਕਾਰ ਦੀ ਰਚਨਾ ਦਾ ਆਧਾਰ ਮਨੁੱਖੀ ਸਰੋਕਾਰਾਂ ਨਾਲ ਜੁੜੇ ਮਨੋਭਾਵ ਹੀ ਹੁੰਦੇ ਹਨ। ਨਿਬੰਧਕਾਰ ਇਨ੍ਹਾਂ ਦੀ ਵਿਆਖਿਆ ਅਜਿਹੇ ਢੰਗ ਨਾਲ ਕਰਦਾ ਹੈ ਕਿ ਮੂਲ ਭਾਵ ਖੰਡਿਤ ਨਹੀਂ ਹੁੰਦਾ, ਸਗੋਂ ਪਾਠਕ ਨੂੰ ਉਸ ਵਿਚ ਇਕ ਅਪੂਰਣ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

## ਨਿਬੰਧ ਦੇ ਤੱਤ/ਲੱਛਣ/ ਵਿਸ਼ੇਸ਼ਤਾਵਾਂ :

1.**ਵਿਸ਼ਾ ਅਤੇ ਭਾਵ**: ਨਿਬੰਧ ਦਾ ਕੇਂਦਰੀ ਭਾਵ ਵਿਚਾਰ ਹੋਣਾ ਚਾਹੀਦਾ ਹੈ, ਜਿਸ ਨੂੰ ਰੋਚਿਕਤਾ ਅਤੇ ਕਲਾਪੂਰਨ ਢੰਗ ਨਾਲ ਪ੍ਰਗਟਾਇਆ ਗਿਆ ਹੋਵੇ। ਨਿਬੰਧ ਦਾ ਵਿਸ਼ਾ ਧਰਤੀ ਤੋਂ ਆਕਾਸ਼ ਤੱਕ, ਕਿਸੇ ਨਿੱਕੀ ਜਿਹੀ ਗੱਲ ਤੋਂ ਲੈ ਕੇ ਮਨੁੱਖੀ ਜੀਵਨ ਨਾਲ ਸੰਬੰਧਿਤ ਵੱਡੇ ਤੋਂ ਵੱਡੇ ਸਵਾਲ ਜਾਂ ਸਿਧਾਂਤ ਤਕ ਫੈਲਿਆ ਹੋ ਸਕਦਾ ਹੈ। ਨਿਬੰਧਕਾਰ ਦੀ ਵਡਿਆਈ ਇਹ ਹੈ ਕਿ ਉਹ ਬੇਸ਼ਕ ਨਿਗੁਣੀ ਜਿਹੀ ਗੱਲ ਆਪਣੇ ਨਿਬੰਧ ਦਾ ਵਿਸ਼ਾ ਬਣਾਵੇ ਪਰ ਆਪਣੇ ਚਿੰਤਨ ਅਤੇ ਅਨੁਭਵ ਦੇ ਲਿਸ਼ਕਾਰਿਆਂ ਨਾਲ ਸੰਬੰਧਿਤ ਵਿਸ਼ੇ ਨੂੰ ਮਹੱਤਵਪੂਰਨ ਸਿੱਧ ਕਰ ਸਕੇ।

2.**ਮੰਤਵ ਅਤੇ ਮਨੋਰਥ**: ਨਿਬੰਧਕਾਰ ਦਾ ਨਿਬੰਧ ਲਿਖਣ ਵਿਚ ਕੋਈ ਵਿਸ਼ੇਸ਼ ਮਨੋਰਥ ਹੁੰਦਾ ਹੈ। ਉਹ ਕਿਸੇ ਆਸ਼ੇ, ਸਿਧਾਂਤ ਜਾਂ ਭਾਵ ਨੂੰ ਆਪਣੇ ਵਿਚਾਰ ਅਨੁਸਾਰ ਪ੍ਰਗਟਾਉਣਾ ਜਾਂ ਦ੍ਰਿੜਾਉਣਾ ਚਾਹੁੰਦਾ ਹੈ। ਨਿਬੰਧਕਾਰ ਕਿਸੇ ਖਾਸ ਨੁਕਤੇ ਨੂੰ ਉਘਾੜਨਾ ਅਤੇ ਪਾਠਕਾਂ ਤੱਕ ਪਹੁੰਚਾਉਣਾ ਚਾਹੁੰਦਾ ਹੈ।

3.**ਮੌਲਿਕਤਾ**: ਨਿਬੰਧ ਵਿਚ ਮੌਲਿਕਤਾ ਦੀ ਸਥਿਤੀ ਇਕ ਅਜਿਹੀ ਪ੍ਰਭਾਵਸ਼ਾਲੀ ਜੁਗਤ ਹੈ ਜੋ ਵਿਸ਼ੇ ਅਤੇ ਕਲਾ ਦੋਹਾਂ ਤੋਂ ਪੈਦਾ ਹੁੰਦੀ ਹੈ। ਮੌਲਿਕਤਾ, ਭਾਵਾਂ ਜਾਂ ਵਿਚਾਰਾਂ ਦੀ ਨਵੀਨਤਾ ਅਤੇ ਕਥਨ ਦੀ ਵਿਲੱਖਣਤਾ 'ਤੇ ਨਿਰਭਰ ਕਰਨ ਵਾਲਾ ਅਹਿਸਾਸ ਹੈ। ਇਹ ਅਹਿਸਾਸ ਸੁੰਦਰ ਨਿਬੰਧ ਲਈ ਬਹੁਤ ਜ਼ਰੂਰੀ ਹੈ।

4.**ਕਲਪਨਾ**:_ਕਲਪਨਾ ਲੇਖਕ ਦੀ ਸੋਚ ਉਡਾਰੀ ਦਾ ਨਾਮ ਹੈ। ਇਹ ਸੋਚ ਉਡਾਰੀ ਸਿਤਾਰਿਆਂ ਤੋਂ ਪਾਰ ਅਣਦਿਸਦੇ ਮੰਡਲਾਂ ਵਿਚ ਪਹੁੰਚ ਕੇ ਅਗੰਮੀ ਨਜ਼ਾਰਿਆਂ ਦੇ ਗੁੱਝੇ ਭੇਤ ਮਨੁੱਖਤਾ ਨੂੰ ਪ੍ਰਦਾਨ ਕਰਦੀ ਹੈ।

5.**ਵਿਅਕਤੀਗਤ ਦੀ ਛਾਪ**:ਨਿਬੰਧ ਵਿਚ ਲੇਖਕ ਦੇ ਨਿੱਜੀ ਅਨੁਭਵਾਂ, ਅਨੁਭਵਾਂ ਦੇ ਉਸਾਰੂ ਰੂਪਾਂ ਦਾ ਜ਼ਿੰਦਗੀ ਪ੍ਰਤੀ ਹਾਂ ਪੱਖੀ ਨਜ਼ਰੀਆ, ਪ੍ਰੇਰਨਾਦਾਇਕ ਜੀਵਨ ਅਗਵਾਈ, ਜ਼ਿੰਦਗੀ ਵਿਚ ਆਈਆਂ ਮੁਸ਼ਕਲਾਂ ਵਿਚ ਸਫ਼ਲਤਾ ਨਾਲ ਨਿਕਲਣ ਦੀ ਜੁਗਤ, ਸਵੈ ਭਰੋਸੇਯੋਗਤਾ ਆਦਿ ਪੱਖਾਂ ਦੀ ਪੇਸ਼ਕਾਰੀ ਕਰਨ ਵਿਚ ਲੇਖਕ ਜਾਂ ਨਿਬੰਧਕਾਰ ਦੀ ਵਿਅਗਤੀਗਤ ਦੀ ਛਾਪ ਭਰਵੇਂ ਰੂਪ ਵਿਚ ਵੇਖੀ ਜਾ ਸਕਦੀ ਹੈ। ਮਿਸਾਲ ਵਜੋਂ ਪਿੰ੍ਰਸੀਪਲ ਤੇਜਾ ਸਿੰਘ ਨਿਬੰਧ ਸੰਗ੍ਰਹਿ ''ਨਵੀਂਆਂ ਸੋਚਾਂ'' ਵਿਚਲੇ ਲੇਖ 'ਸਾਊਪੁਣਾ' ਆਦਿ ਤੋਂ ਇਲਾਵਾ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਪੁਸਤਕ ''ਸਾਵੀਂ ਪੱਧਰੀ ਜ਼ਿੰਦਗੀ'' ਵਿਚਲੇ ਪੱਖਾਂ ਨੂੰ ਉਕਤ ਹਵਾਲੇ ਰਾਹੀਂ ਵੇਖਿਆ ਜਾ ਸਕਦਾ ਹੈ।

6.**ਗੱਦ ਬੱਧਤਾ**:ਨਿਬੰਧ ਇਕ ਗੱਦ ਰਚਨਾ ਹੋਣ ਕਾਰਨ ਵਾਰਤਕ ਦੇ ਇਸ ਰੂਪ ਨੂੰ ਗੱਦਬੱਧਤਾ ਦਾ ਖੇਤਰ ਕਿਹਾ ਜਾਂਦਾ ਹੈ। ਮਿਸਾਲ ਵਜੋਂ ਪੰਜਾਬੀ ਵਾਰਤਕ ਦੇ ਰੂਪਾਂ ਜੀਵਨੀ, ਸਵੈਜੀਵਨੀ, ਸਫ਼ਰਨਾਮਾ, ਡਾਇਰੀ, ਨਿਬੰਧ, ਵਿਅੰਗ, ਰੇਖਾ ਚਿੱਤਰ, ਸੰਸਮਰਣ ਆਦਿ ਸਾਰੇ ਗੱਦ ਰਚਨਾ ਵਿਚ ਹੋਣ ਕਾਰਨ ਗੱਦਬੱਧ ਰੂਪ ਹਨ। ਉਕਤ ਰੂਪਾਂ ਵਿਚੋਂ ਨਿਬੰਧ ਇਕ ਵਾਰਤਕ ਦੀ ਅਜਿਹੀ ਵੰਨਗੀ ਹੈ ਜੋ ਕਿ ਵਧੇਰੇ ਲੋਕ ਪ੍ਰਿਯ ਹੋਈ ਹੈ।

7.**ਬੁੱਧੀ ਅਤੇ ਹਿਰਦੇ ਦੀ ਸੁਮੇਲਤਾ**: ਨਿਬੰਧ ਦੀ ਪਛਾਣ ਇਹ ਹੈ ਕਿ ਨਿਬੰਧ ਇਕ ਤਰਕ, ਦਲੀਲ, ਬੁੱਧੀ, ਵਿਗਿਆਨਕ ਸੋਚ, ਵਿਚਾਰ ਪ੍ਰਧਾਨਤਾ ਹੋਣ ਕਾਰਨ ਦਿਲੀ ਵਲਵਲਿਆਂ ਦੀ ਸਫ਼ਲ ਪੇਸ਼ਕਾਰੀ ਹੈ। ਇਸ ਵਾਰਤਕ ਰੂਪ ਵਿਚ ਬੁੱਧੀ ਅਤੇ ਹਿਰਦੇ ਭਾਵ ਦਿਲ ਦੀ ਸੁਮੇਲਤਾ ਹੋਣੀ ਬਹੁਤੀ ਲੋੜੀਂਦੀ ਹੈ।

8.**ਲੜੀ ਰਚਨਾ**: ਨਿਬੰਧ ਵਿਚ ਵਿਚਾਰਾਂ ਦੀ ਲੜੀ, ਪ੍ਰਬੰਧ ਜਾਂ ਸੰਗਲੀ ਰੂਪ ਵਿਚ ਪਰੋਏ ਹੋਣੇ ਚਾਹੀਦੇ ਹਨ। ਸਫ਼ਲ ਨਿਬੰਧਕਾਰ ਉਸ ਲੇਖਕ ਨੂੰ ਮੰਨਿਆਂ ਜਾਂਦਾ ਹੈ ਜੋ ਵਿਚਾਰਾਂ ਦੀ ਲੜੀ ਵਿਸ਼ੇ ਦੀ ਮੰਗ ਅਨੁਸਾਰ ਟੁੱਟਣ ਨਾ ਦੇਵੇ। ਵਿਚਾਰ ਜ਼ਿੰਦਗੀ ਦੇ ਅੰਗਸੰਗ ਵਾਲੇ ਹੋਣੇ ਚਾਹੀਦੇ ਹਨ।

9.**ਲਹਿਜ਼ਾ ਜਾਂ ਤਕਨੀਕ**:ਨਿਬੰਧਕਾਰ ਦਾ ਆਪਣੀ ਗੱਲ ਕਹਿਣ ਦਾ ਲਹਿਜ਼ਾ ਉਸਾਰੂ ਦ੍ਰਿਸ਼ਟੀਕੋਣ ਵਾਲਾ ਹੋਣਾ ਚਾਹੀਦਾ ਹੈ। ਜੋ ਵੀ ਵਿਚਾਰ ਨਿਬੰਧ ਵਿਚ ਪੇਸ਼ ਕੀਤਾ ਜਾ ਰਿਹਾ ਹੈ ਉਹ ਵਿਗਿਆਨਕ ਦ੍ਰਿਸ਼ਟੀਕੋਣ ਦੇ ਮਾਪਦੰਡਾਂ 'ਤੇ ਖ਼ਰਾ ਉਤਰਨਾ ਚਾਹੀਦਾ ਹੈ। ਨਿਬੰਧਕਾਰ ਦੀ ਜੁਗਤ ਜਾਂ ਤਕਨੀਕ ਨਿਬੰਧ ਲਿਖਣ ਵਿਚ ਅਜਿਹੀ ਹੋਣੀ ਚਾਹੀਦੀ ਹੈ ਕਿ ਕਿ ਨਿਬੰਧ ਨੂੰ ਪੜ੍ਹਦਿਆਂ ਹੋਇਆਂ ਪਾਠਕ ਉਕਤਾਵੇ ਨਾ। ਬਲਕਿ ਅੱਗੇ ਕੀ ਹੈ ਆਦਿ ਪੜ੍ਹਨ ਲਈ ਉਤਸੁਕਤਾ ਦਿਖਾਵੇ।

10. **ਤਰਕ ਸ਼ਾਸਤਰ ਦੀ ਮੁਹਾਰਤ**:ਤਰਕ ਜਾਂ ਦਲੀਲ ਨਿਬੰਧਕਾਰ ਦਾ ਉਹ ਹਥਿਆਰ ਹਨ ਜਿਨ੍ਹਾਂ ਦੇ ਆਸਰੇ ਨਿਬੰਧਕਾਰ ਵਾਰਤਕ ਲੇਖਣ ਦੇ ਪਿੜ ਵਿਚ ਯੋਧਾ ਅਖਵਾਉਦਾ ਹੈ। ਪੰਜਾਬੀ ਵਾਰਤਕ ਦੇ ਨਿਬੰਧਕਾਰਾਂ ਵਿਚੋਂ ਨਰਿੰਦਰ ਸਿੰਘ ਕਪੂਰ ਦੇ ਨਿਬੰਧਾਂ ਵਿਚ ਅਜਿਹੀ ਵੰਨਗੀ ਦੀ ਭਰਪੂਰਤਾ ਵੇਖੀ ਜਾ ਸਕਦੀ ਹੈ।

# ਨਿਬੰਧ ਅਤੇ ਲੇਖ ਵਿਚ ਅੰਤਰ:

ਦੋਵੇਂ ਵਾਰਤਕ ਸਾਹਿਤ ਦੀ ਵੰਨਗੀਆਂ ਹਨ।

| | |
|---|---|
| ਪੰਜਾਬੀ ਭਾਸ਼ਾ ਵਿਚ ਲੇਖ ਕਿਹਾ ਜਾਂਦਾ ਹੈ | ਹਿੰਦੀ ਭਾਸ਼ਾ ਵਿਚ ਨਿਬੰਧ ਅਤੇ ਅੰਗਰੇਜ਼ੀ ਵਿਚ Essay ਕਿਹਾ ਜਾਂਦਾ ਹੈ। |
| ਲੇਖ ਵਿਚ ਭਾਵ ਜਾਂ ਜਜ਼ਬਾਤ ਵਧੇਰੇ ਪ੍ਰਧਾਨ ਹੁੰਦੇ ਹਨ। | ਨਿਬੰਧ ਵਿਚ ਵਿਚਾਰ ਪ੍ਰਧਾਨ ਹੁੰਦੇ ਹਨ |
| ਲੇਖ ਅੰਤਰਮੁਖੀ ਅਤੇ ਵਿਅਕਤੀਗਤ ਵਧੇਰੇ ਹੁੰਦਾ ਹੈ। | ਨਿਬੰਧ ਬਾਹਰਮੁਖੀ ਹੁੰਦਾ ਹੈ ਜਦਕਿ |
| ਲੇਖ ਅਤੇ ਪਾਠਕ ਦਾ ਰਿਸ਼ਤਾ ਭਾਵਾਤਮਕ ਵਾਲਾ ਹੁੰਦਾ ਹੈ। | ਨਿਬੰਧਕਾਰ ਅਤੇ ਪਾਠਕ ਦਾ ਰਿਸ਼ਤਾ ਬੌਧਿਕ ਅਤੇ ਵਿਚਾਰਧਾਰਕ ਦੇ ਤੌਰ 'ਤੇ ਹੁੰਦਾ ਹੈ, |
| ਲੇਖ ਗ਼ੈਰ ਰਸਮੀ ਹੋਣ ਕਾਰਨ ਨੇਮਬੱਧਤਾ ਦੀ ਪ੍ਰਵਾਹ ਨਹੀਂ ਕਰਦੀ। | ਨਿਬੰਧ ਰਸਮੀ ਰਚਨਾ ਹੋਣ ਕਾਰਨ ਨੇਮਬੱਧ ਹੁੰਦੀ ਹੈ। |
| ਲੇਖ ਵਿਚ ਵਿਸ਼ੇ ਦਾ ਵਿਸ਼ਲੇਸ਼ਣ ਲੇਖਕ ਦੇ ਨਿੱਜੀ ਦ੍ਰਿਸ਼ਟੀਕੋਣ ਦੇ ਆਧਾਰ 'ਤੇ ਹੋਣ ਕਰਕੇ ਤਰਕ ਸੰਗਤ ਅਤੇ ਦਲੀਲ ਪੂਰਨ ਨਹੀਂ ਹੁੰਦਾ। | ਨਿਬੰਧ ਤਰਕਪੂਰਨ ਅਤੇ ਦਲੀਲਪੂਰਨ ਹੋਣ ਕਾਰਨ ਮੁਲਾਂਕਣ ਦੇ ਵਧੇਰੇ ਨੇੜੇ ਹੁੰਦਾ ਹੈ, |
| ਲੇਖ ਵਿਚ ਕਲਪਨਾ ਦੀ ਉਡਾਰੀ ਲਗਾਉਣ ਲਈ ਲੇਖਕ ਨੂੰ ਵਧੇਰੇ ਖੁੱਲ੍ਹ ਹੁੰਦੀ ਹੈ। | ਨਿਬੰਧ ਵਿਚ ਲੇਖਕ ਦੀ ਮੌਲਿਕਤਾ ਵਧੇਰੇ ਹੋਣ ਕਰਕੇ ਕਲਪਨਾ ਤੋਂ ਘੱਟ ਹੀ ਕੰਮ ਲਿਆ ਜਾਂਦਾ ਹੈ |
| ਪਰ ਇਹ ਵਿਚਾਰ ਲੇਖ 'ਤੇ ਪੂਰਨ ਨਹੀਂ ਢੁਕਦਾ। | ਨਿਬੰਧ ਦੀ ਗੋਂਦ ਗੁੰਦਵੀਂ ਅਤੇ ਸ਼ੈਲੀ ਸੰਖੇਪਤ ਹੁੰਦੀ ਹੈ। ਸੰਖੇਪਤਾ ਨਿਬੰਧ ਦਾ ਵਿਸ਼ੇਸ਼ ਲੱਛਣ ਹੈ। |
| ਲੇਖ ਵਿਚ ਅਲੰਕਾਰਾਂ ਅਤੇ ਵਿਸ਼ੇਸ਼ਣਾਂ ਦੀ ਬਹੁਲਤਾ ਹੁੰਦੀ ਹੈ। | ਨਿਬੰਧ ਵਿਚ ਅਲੰਕਾਰਾਂ ਅਤੇ ਸ਼ਬਦਾਂ ਨਾਲੋਂ ਵਿਚਾਰਾਂ 'ਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ |

**ਸਾਰ-ਅੰਸ਼:** ਆਧੁਨਿਕ ਵਾਰਤਕ ਦੇ ਸੰਦਰਭ ਵਿਚ ਕਹਿ ਸਕਦੇ ਹਾਂ ਕਿ ਇਹ ਮੱਧਕਾਲੀ ਵਾਰਤਕ ਨਾਲੋ ਹਰ ਪੱਧਰ ਉਪਰੋ ਵੱਖਰੀ ਹੈ।ਪੁਰਾਤਨ ਵਾਰਤਕ ਨੇ ਆਪਣੇ ਸਮੇ ਦੇ ਸਾਹਿਤ ਰੂਪਾਂ: ਜਨਮਸਾਖੀ/ਸਾਕੀ/ਗੋਸ਼ਿਟਿ/ਟੀਕਾ/ਪਰਮਾਰਥ/ਬਚਨ/ਸੁਖਨ/ਨਾਮਾ ਸਾਹਿਤ ਆਦਿ ਵਿਚ ਮੁੱਲਵਾਨ ਵਿਸ਼ਿਆ ਤੇ ਯੁਗਤਾ ਦੀ ਪੇਸ਼ਕਾਰੀ ਕੀਤੀ ਹੈ।ਆਧੁਨਿਕ ਵਾਰਤਕ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਆਪਣਾ ਵਿਸ਼ਾ ਤੇ ਕਲਾ ਪੱਖ ਧਾਰਨ ਕਰਦੀ ਹੋਈ ਕਈ ਵਾਰਤਕ ਰੂਪਾਂ ਦੀ ਸਿਰਜਣਾ ਕਰਦੀ ਹੈ। ਪੁਰਤਾਨ ਵਾਰਤਕ ਦਾਰਸ਼ਨਿਕਤਾ/ਧਰਮ/ਵਿਸ਼ਵਾਸ ਦੇ ਨਾਲ ਅਧਿਆਤਮਵਾਦ ਦੀ ਪੇਸ਼ਕਾਰੀ ਕਰਦੀ ਹੈ।ਆਧੁਨਿਕ ਵਾਰਤਕ ਸਮੇ ਦੇ ਬਦਲਾਵ ਨਾਲ ਤਰਕ,ਵਿਗਿਆਨਕ ਸੋਚ ਦੀ ਧਾਰਣੀ ਹੋ ਨਿਬੜਦੀ ਹੈ।ਵਿਸ਼ਵੀਕਰਨ ਦੇ ਦੋਰ ਵਿਚ ਇਸਦੀ ਵਿਸ਼ਿਆ ਵਿਚ ਕਾਫੀ ਪਰਿਵਤਰਤਨ ਦੇਖਣ ਨੂੰ ਮਿਲ ਰਿਹਾ ਹੈ।ਰਚਨਾਮਤਕ ਲੇਖਣ ਵਿਚ ਜੇਕਰ ਨਿੰਬੰਧ ਸਿਰਜਣਾ ਦੀ ਗੱਲ ਕੀਤੀ ਜਾਵੇ ਤਾਂ ਰੋਜ਼ਾਨਾ ਅਖਬਾਰਾ/ਰਸਾਲਿਆ ਵਿਚ ਨਿੰਬਧ ਰੂਪ ਵਿਚ ਵਾਰਤਕ ਸਿਰਜਣਾ ਹੋ ਰਹੀ ਹੈ। ਲਗਾਤਾਰ ਨਿੰਬੰਧ ਕਾਲਮ ਪ੍ਰਕਾਸ਼ਿਤ ਹੋ ਰਹੇ ਹਨ।

**ਲੇਖ/ਨਿਬੰਧ ਦੀ ਸਿਰਜਣਾ:**

**1.ਵਰਤਮਾਨ ਸਮੱਸਿਆਵਾਂ ਉਪਰ ਲੇਖ ਰਚਨਾ:**

**2.ਸਮਾਜਿਕ ਲੇਖ**

**3.ਰਾਜਨੀਤਿਕ ਲੇਖ**

**4.ਧਾਰਮਿਕ ਲੇਖ**

**5.ਸਭਿਆਚਾਰਕ ਲੇਖ**

### ਮੁੱਖ/ਕੇਂਦਰੀ ਸ਼ਬਦ:

ਥੀਮਕ-ਵਿਸ਼ਾ

ਸ੍ਰਮਿਤੀ-ਯਾਦ

ਜ਼ਜ਼ਬਾਤ-ਭਾਵਨਾਵਾਂ

ਦ੍ਰਿਸ਼ਟੀ-ਨਜ਼ਰੀਆਂ

ਮੰਤਵ- ਮਕਸਦ/ਉਦੇਸ਼

### ਸਵੈ-ਮੁਲਾਂਕਣ:

**ਪ੍ਰ1. ਸਹੀ ਮੇਲ ਕਰੋ-**

ੳ.ਭਾਈ ਸੂਰਜ ਸਿੰਘ --- 'ਜਾਪਾਨ ਦੀ ਝਾਕੀ'

ਅ.ਜੀਵਨ ਸੇਵਕ ---- 'ਬਰਮਾ ਦੀ ਸੈਰ'

ੲ.ਰਘਬੀਰ ਸਿੰਘ ਕੋਇਟਾ---- 'ਅਮਰੀਕਾ ਦੀ ਸੈਰ'

ਸ.ਗੁਰਬਖ਼ਸ਼ ਸਿੰਘ ਨੌਰੰਗ ---- 'ਕਸ਼ਮੀਰ ਰਿਆਸਤਾਂ ਦਾ ਸਫ਼ਰ'

**ਪ੍ਰ 2. ਸਫਰਨਾਮੇ ਦੇ ਤੱਤ ਪਛਾਣੋ।**

ੳ.ਭੂਗੋਲਿਕਤਾ

ਅ.ਨਵਾਂ ਸੱਭਿਆਚਾਰ

ੲ.ਭਾਸ਼ਾ/ਸ਼ੈਲੀ

ਸ.ਉਪਰੋਕਤ ਸਾਰੇ

**ਪ੍ਰ 3. ਸਫਰਨਾਮਾ ਕਿਹੜੀ ਭਾਸ਼ਾ ਦਾ ਸ਼ਬਦ ਹੈ?**

ੳ.ਅਰਬੀ

ਅ.ਫਾਰਸੀ

ੲ.ਦੋਵੇ ਪੂਰਨ ਸਹੀ

ਸ.ਦੋਵੇ ਅੰਸ਼ਕ ਗਲਤ

**ਪ੍ਰ 4. ਪੰਜਾਬੀ ਦਾ ਪਹਿਲਾ ਨਿਰੋਲ ਸਫਰਨਾਮਾ ਕਿਹੜਾ ਹੈ?**

ੳ.ਮੇਰੀ ਬਰਮਾ ਯਾਤਰਾ

ਅ.ਮੇਰਾ ਵਲਾਇਤੀ ਸਫਰਨਾਮਾ

ੲ.ਸੱਚੋ ਸੱਚ

ਸ.ਉਪਰੋਕਤ ਕੋਈ ਨਹੀ

**ਪ੍ਰ 5. ਪਹਿਲਾ ਪ੍ਰਮਾਣਿਕ ਸਫਰਨਾਮਾਕਾਰ ਕੌਣ ਹੈ?**

ੳ.ਭਾਈ ਕਾਨ ਸਿੰਘ ਨਾਭਾ

ਅ.ਲਾਲ ਸਿੰਘ ਕਮਲਾ ਅਕਾਲੀ

ੲ.ਨਰਿੰਦਰ ਕਪੂਰ

ਸ.ਭਾਈ ਵੀਰ ਸਿੰਘ

**ਪ੍ਰ 6. ਕੀ ਲੇਖ ਤੇ ਨਿੰਬੰਧ ਅੰਤਰ ਸੰਬੰਧਿਤ ਹਨ?**

ੳ.ਹਾਂ

ਅ.ਨਹੀਂ

**ਪ੍ਰ 7.ਮੇਰਾ ਪਾਕਿਸਤਾਨੀ ਸਫਰਨਾਮਾ ਕਿਸਦੀ ਰਚਨਾ ਹੈ?**

ੳ.ਕਪੂਰ ਸਿੰਘ

ਅ.ਬਲਰਾਜ ਸਾਹਨੀ

ੲ.ਡਾ.ਗੰਡਾ ਸਿੰਘ

ਸ.ਉਪਰੋਕਤ ਕੋਈ ਨਹੀ

**ਪ੍ਰ 8. ਪਤਾਲ ਦੀ ਧਰਤੀ ਦਾ ਲੇਖਕ ਕੋਣ ਹੈ?**

ੳ.ਮੋਹਨ ਕਾਹਲੋਂ

ਅ.ਬਲਵੰਤ ਗਾਰਗੀ

ੲ.ਬਰਜਿੰਦਰ ਸਿੰਘ ਹਮਦਰਦ

ਸ.ਪ੍ਰੀਤਮ ਸਿੰਘ

**ਪ੍ਰ 9.ਕੀ ਨਿੰਬੰਧ ਤੇ ਲੇਖ ਦੋਵੇ ਸਾਹਿਤਕ ਵੰਨਗੀਆਂ ਹਨ?**

ੳ.ਸਹੀ

ਅ.ਗਲਤ

**ਪ੍ਰ10. ਕੀ ਲੇਖ ਅੰਤਰਮੁਖੀ ਅਤੇ ਵਿਅਕਤੀਗਤ ਵਧੇਰੇ ਹੁੰਦਾ ਹੈ।**

ੳ.ਸਹੀ

ਅ.ਗਲਤ

ੲ.ਪਹਿਲਾ ਅੰਸ਼ਕ ਸਹੀ

ਸ.ਦੂਸਰਾ ਅੰਸ਼ਕ  ਗਲਤ

**ਪ੍ਰ11.ਨਿੰਬੰਧ ਰਚਨਾ ਦਾ ਮੁੱਖ ਤੱਤ ਕਿਹੜਾ ਹੈ?**

ੳ.ਤਰਕ

ਅ.ਦਲੀਲ

ੲ.ਦੋਵੇ ਪੂਰਨ ਸਹੀ

ਸ.ਦੋਵੇ ਅੰਸ਼ਕ ਗਲਤ

**ਪ੍ਰ 12. ਪ੍ਰੋ.ਰਾਮ ਸਿੰਘ ਦੁਆਰਾ ਰਚਿਤ ਸਫਰਨਾਮੇ ਦਾ ਨਾਮ ਦੱਸੋ**

ੳ.ਕਸ਼ਮੀਰ ਤੋ ਕੁੱਲੂ

ਅ.ਮਲਾਇਆ ਦੀ ਯਾਤਰਾ

ੲ.ਆਪਣੀ ਧਰਤੀ

ਸ.ਸ਼ਾਮ ਰੰਗ ਦੇ ਲੋਕ

**ਪ੍ਰ 13. ਕਿਸ ਫਿਲਮੀ ਅਦਾਕਾਰ ਨੇ ਪੰਜਾਬੀ ਵਿਚ ਸਫਰਨਾਮੇ ਦੀ ਰਚਨਾ ਕੀਤੀ ?**

ੳ.ਬਲਵੰਤ ਗਾਰਗੀ

ਅ.ਬਲਰਾਜ ਸਾਹਨੀ

**ਪ੍ਰ 14. ਸਫਰਨਾਮੇ ਵਿਚ ਲੇਖਕ ਕਿਸ ਰੂਪ ਵਿਚ ਪ੍ਰਗਟ ਹੁੰਦਾ ਹੈ?**

ੳ.ਵਿਅਕਤੀਗਤ

ਅ.ਉਤਮ ਪੁਰਖ

ੲ.ਉਪਰੋਕਤ ਦੋਵੇ

**ਪ੍ਰ 15. ਕੀ ਆਧੁਨਿਕ ਵਾਰਤਕ ਰੂਪ ਪੱਛਮੀ ਪ੍ਰਭਾਵ ਅਧੀਨ ਰਚੇ ਗਏ ਹਨ?**

ੳ.ਸਹੀ

ਅ. ਗਲਤ

**ਅਭਿਆਸ ਪ੍ਰਸ਼ਨ**

ਪ੍ਰ 1. ਸਫਰਨਾਮਾਂ ਤੋਂ ਕੀ ਭਾਵ ਹੈ?
ਪ੍ਰ 2. ਸਫਰਨਾਮੇ ਦੇ ਮੁੱਖ ਤੱਤ ਕਿਹੜੇ ਹਨ?
ਪ੍ਰ 3. ਨਿਬੰਧ ਲਈ ਅੰਗਰੇਜ਼ੀ ਭਾਸ਼ਾ ਵਿਚ ਕਿਹੜੇ ਸ਼ਬਦ ਦਾ ਪ੍ਰਯੋਗ ਹੁੰਦਾ ਹੈ?
ਪ੍ਰ 4. ਨਿਬੰਧ/ਲੇਖ ਵਿਚ ਕਿਹੜੇ ਵਿਸ਼ਿਆਂ ਨੂੰ ਆਧਾਰ ਬਣਾਇਆ ਜਾਂਦਾ ਹੈ?
ਪ੍ਰ 5. ਸਮਾਜਿਕ ਸਮੱਸਿਆ ਉਪਰ ਨਿਬੰਧ ਰਚਨਾ ਕਰੋ?

ਸੰਦਰਭ ਪੁਸਤਕਾਂ:


1. ਕਰਨਜੀਤ ਸਿੰਘ. ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸ. ਪੰਜਾਬੀ ਅਕਾਦਮੀ ਦਿੱਲੀ,2005.
2. ਸਤਿੰਦਰ ਸਿੰਘ(ਡਾ.). ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ. ਪੰਜਾਬੀ ਅਕਾਦਮੀ ਦਿੱਲੀ,2005.
3. ਕੁਲਵੰਤ ਸਿੰਘ. ਪੰਜਾਬੀ ਵਾਰਤਕ: ਸੰਚਾਰ ਅਤੇ ਵਿਉਹਾਰ. ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ,2006.
4. ਪ੍ਰੀਤਲੜੀ, ਗੁਰਬਖਸ਼ ਸਿੰਘ. ਜ਼ਿੰਦਗੀ ਦੀ ਰਾਸ. ਨਵਯੁਗ ਪ੍ਰਕਾਸ਼ਨ ਨਵੀ ਦਿੱਲੀ,2009.
5. ਕਿਰਪਾਲ ਸਿੰਘ(ਡਾ). ਜਨਮਸਾਖੀ ਪਰੰਪਰਾ. ਪਬਲੀਕੇਸ਼ਨ ਬਿਊਰੋ ਪਟਿਆਲਾ,2009.
6. ਸਾਹਨੀ, ਬਲਰਾਜ. ਗ਼ੈਰ ਜਜ਼ਬਾਤੀ ਡਾਇਰੀ. ਆਰਸੀ ਪਬਲਿਸ਼ਰਜ਼ ਨਵੀ ਦਿੱਲੀ,2010.
7. ਜੱਗੀ, ਰਤਨ ਸਿੰਘ (ਸੰਪ). ਪੁਰਾਤਨ ਜਨਮਸਾਖੀ ਵਿਸ਼ੇਸ਼ ਅੰਕ 21 ਖੋਜ ਪ੍ਰਤਿਕਾ. ਪਬਲੀਕੇਸ਼ਨ ਬਿਊਰੋ ਪਟਿਆਲਾ, ਮਾਰਚ 2014.

## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%B5%E0%A8%BE%E0%A8%B0%E0%A8%A4%E0%A8%95

https://www.veerpunjab.com/page.php?id=308&t=m

http://www.ggssc.net/files/magazine/2014,-12-(December,-2014)/Sada-Virsa-Sada-Gourav.pdf

**ਉੱਤਰਮਾਲਾ:**

| | | | | |
|---|---|---|---|---|
| 1 ੳ | 2. ਸ | 3. ੲ | 4. ਅ | 5. ਅ |
| 6 ੳ | 7. ਅ | 8. ੲ | 9. ੳ | 10. ੳ |
| 11. ੲ | 12. ੳ | 13. ੳ | 14.ੲ | 15. ੳ |

# ਅਧਿਆਇ-12. ਵਾਰਤਕ ਲੇਖਣ ਭਾਗ 2: ਸਿੱਧਾਂਤਕ ਪਰਿਪੇਖ

*Harjot Kaur, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪੰਜਾਬੀ ਵਾਰਤਕ ਰੂਪਾਂ ਦਾ ਸਿੱਧਾਂਤਕ ਸਰੂਪ ਸਮਝ ਆਵੇਗਾ।
- ਪੰਜਾਬੀ ਜੀਵਨੀ/ਸਵੈਜੀਵਨੀ ਦੀ ਉਤਪਤੀ ਤੇ ਵਿਕਾਸ ਸੰਬੰਧੀ ਜਾਣਕਾਰੀ ਮਿਲੇਗੀ।
- ਪੰਜਾਬੀ ਜੀਵਨੀ ਤੇ ਸਵੈ-ਜੀਵਨੀ ਵਿਚ ਅੰਤਰ ਸਪੱਸ਼ਟ ਹੋਵੇਗਾ।
- ਵਰਤਮਾਨ ਸਮੱਸਿਆਵਾਂ ਸੰਬੰਧੀ ਵਾਰਤਕ ਸਿਰਜਣਾ ਕਰਨੀ ਆਵੇਗੀ ।

**ਪ੍ਰਸਤਾਵਨਾ:** ਵਿਸ਼ਵੀਕਰਨ ਦੇ ਯੁੱਗ ਵਿਚ ਰਚਨਾਤਮਕ ਲੇਖਣ ਰਾਹੀ ਪੰਜਾਬੀ ਵਾਰਤਕ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਰਚਨਾਤਮਕ ਲੇਖਣ ਦਾ ਅਰਥ ਸਪੱਸ਼ਟ ਕਰਦੇ ਹੋਏ ਜੀਵਨੀ,ਸਵੈ-ਜੀਵਨੀ,ਰੇਖਾ ਚਿੱਤਰ ਦਾ ਸਰੂਪ ਨਿਰਧਾਰਿਤ ਕੀਤਾ ਜਾਵੇਗਾ। ਰਚਨਾਤਮਕ ਲੇਖਣ ਰਾਹੀ ਵਿਦਿਆਰਥੀਆਂ ਨੂੰ ਜੀਵਨੀ,ਸਵੈ-ਜੀਵਨੀ,ਰੇਖਾ ਚਿੱਤਰ ਵਿਧਾਂ ਦਾ ਸਿਧਾਂਤਕ ਸਰੂਪ ਸਮਝ ਆਵੇਂਗਾ ,ਜਿਸ ਰਾਹੀ ਉਹ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ।

## ਵਿਸ਼ਾ ਵਸਤੂ:

## 1.ਜੀਵਨੀ :

ਜੀਵਨੀ ਦਾ ਅਰਥ ਹੈ ਜੀਵਨ ਦਾ ਕਲਾਤਮਕ ਵੇਰਵਾ। ਜੀਵਨੀ ਆਧੁਨਿਕ ਵਾਰਤਕ ਸਾਹਿਤ ਦੀ ਲੋਕਪ੍ਰਿਯ ਵੰਨਗੀ ਹੈ। 'ਜੀਵਨੀ' ਤੋਂ ਭਾਵ ਅਜਿਹੀ ਰਚਨਾ ਹੈ ਜਿਸ ਵਿਚੋਂ ਕਿਸੇ ਵਿਅਕਤੀ ਦਾ ਜੀਵਨ ਵਿਸਥਾਰ ਪੜ੍ਹਨ ਨੂੰ ਮਿਲਦਾ ਹੋਵੇ।

ਅੰਗਰੇਜ਼ੀ ਵਿਚ ਜੀਵਨੀ ਲਈ ਬਾਇਓਗ੍ਰਾਫੀ (Biography) ਸ਼ਬਦ ਵਰਤਿਆ ਜਾਂਦਾ ਹੈ ਅਤੇ ਪੰਜਾਬੀ ਵਿਚ ਇਸ ਨੂੰ 'ਜੀਵਨ ਚਰਿੱਤਰ' ਅਤੇ 'ਜੀਵਨ ਕਥਾ' ਵੀ ਆਖ ਲਿਆ ਜਾਂਦਾ ਹੈ। ਇਹ ਸਾਹਿਤ ਰੂਪ ਇਕੋ ਸਮੇਂ ਇਤਿਹਾਸਕ ਮਹੱਤਵ ਵੀ ਰੱਖਦਾ ਹੈ ਅਤੇ ਨਾਲ ਹੀ ਸਾਹਿਤਕ ਮਹੱਤਵ ਵੀ ਰੱਖਦਾ ਹੈ। ਜੀਵਨੀ ਦਾ ਮੁਹਾਂਦਰਾ ਕਿਸੇ ਹੱਦ ਤਕ ਜਨਮ ਸਾਖੀ ਸਾਹਿਤ ਨਾਲ ਮੇਲ ਖਾਂਦਾ ਹੈ। ਪਰੰਤੂ ਜੀਵਨੀ ਆਧੁਨਿਕ ਸਮੇਂ ਦੀ ਪੈਦਾਵਾਰ ਹੈ ਜਿਹੜੀ ਪੱਛਮ ਦੇ ਪ੍ਰਭਾਵ ਅਧੀਨ ਪੈਦਾ ਹੋਈ ਹੈ। ਇਸ ਭਾਸ਼ਾ ਵਿਚ ਗੁਰੂ ਸਾਹਿਬਾਨ, ਭਗਤਾਂ, ਮਹਾਂਪੁਰਸ਼ਾਂ, ਰਾਜਸੀ ਆਗੂਆਂ, ਸਾਹਿਤਕਾਰਾਂ ਆਦਿ ਦੀਆਂ ਜੀਵਨੀਆਂ ਪੜ੍ਹਨ ਨੂੰ ਮਿਲਦੀਆਂ ਹਨ। ਇਸ ਪਰੰਪਰਾ ਦੀ ਉਮਰ ਲਗਭਗ ਇਕ ਸੌ ਸਾਲ ਤੋਂ ਵਧੇਰੇ ਦੀ ਹੋ ਚੁੱਕੀ ਹੈ।

## ਵਿਸ਼ਵਕੋਸ਼ ਬ੍ਰਿਟੇਨਿਕਾ ਅਨੁਸਾਰ:

ਜੀਵਨੀ ਉਹ ਬਿਰਤਾਂਤ ਹੈ, ਜਿਸ ਵਿਚ ਕਿਸੇ ਵਿਅਕਤੀ ਦੇ ਜੀਵਨ ਦੀਆਂ ਗਤੀਵਿਧੀਆਂ ਨੂੰ ਸੁਚੇਤ ਰੂਪ ਵਿਚ ਕਲਾਤਮਕ ਢੰਗ ਨਾਲ ਲਿਪੀਬੱਧ ਕੀਤਾ ਗਿਆ ਹੋਵੇ ਅਤੇ ਉਸ ਦੇ ਵਿਅਕਤੀਤਵ ਨੂੰ ਪੁਨਰ ਸਿਰਜਤ ਕੀਤਾ ਗਿਆ ਹੋਵੇ। ਇਤਿਹਾਸ ਦੇ ਮੁਕਾਬਲੇ ਜੀਵਨੀ ਵਿਅਕਤੀ ਦਾ ਵਰਣਨ ਕਰਦੀ ਹੈ ਅਤੇ ਗਲਪ ਦੇ ਮੁਕਾਬਲੇ ਵਿਚ ਉਸ ਜੀਵਨ ਨੂੰ ਕਲਮਬੱਧ ਕਰਦੀ ਹੈ, ਜਿਹੜਾ ਵਾਸਤਵਿਕ ਰੂਪ ਵਿਚ ਹੋਂਦ ਵਿਚ ਆ ਚੁੱਕਿਆ ਹੋਵੇ।

ਜੀਵਨੀ ਦਾ ਅਰਥ ਹੈ ਜੀਵਨ ਦਾ ਕਲਾਤਮਕ ਵੇਰਵਾ। ਜੀਵਨੀ ਆਧੁਨਿਕ ਵਾਰਤਕ ਸਾਹਿਤ ਦੀ ਲੋਕਪ੍ਰਿਯ ਵੰਨਗੀ ਹੈ। ਇਹ ਸਾਹਿਤ ਰੂਪ ਇਕੋ ਸਮੇਂ ਇਤਿਹਾਸਕ ਮਹੱਤਵ ਵੀ ਰੱਖਦਾ ਹੈ ਅਤੇ ਨਾਲ ਹੀ ਸਾਹਿਤਕ ਮਹੱਤਵ ਵੀ ਰੱਖਦਾ ਹੈ। ਜੀਵਨੀ ਦਾ ਮੁਹਾਂਦਰਾ ਕਿਸੇ ਹੱਦ ਤਕ ਜਨਮ ਸਾਖੀ ਸਾਹਿਤ ਨਾਲ ਮੇਲ ਖਾਂਦਾ ਹੈ। ਪਰੰਤੂ ਜੀਵਨੀ ਆਧੁਨਿਕ ਸਮੇਂ ਦੀ ਪੈਦਾਵਾਰ ਹੈ ਜਿਹੜੀ ਪੱਛਮ ਦੇ ਪ੍ਰਭਾਵ ਅਧੀਨ ਪੈਦਾ ਹੋਈ ਹੈ। ਇਸ ਭਾਸ਼ਾ ਵਿਚ ਗੁਰੂ ਸਾਹਿਬਾਨ, ਭਗਤਾਂ, ਮਹਾਂਪੁਰਸ਼ਾ, ਰਾਜਸੀ ਆਗੂਆਂ, ਸਾਹਿਤਕਾਰਾਂ ਆਦਿ ਦੀਆਂ ਜੀਵਨੀਆਂ ਪੜ੍ਹਨ ਨੂੰ ਮਿਲਦੀਆਂ ਹਨ। ਇਸ ਪਰੰਪਰਾ ਦੀ ਉਮਰ ਲਗਭਗ ਇਕ ਸੌ ਸਾਲ ਤੋਂ ਵਧੇਰੇ ਦੀ ਹੋ ਚੁੱਕੀ ਹੈ।

## ਜੀਵਨੀਆਂ ਦੀਆਂ ਕਿਸਮਾਂ:

**1.ਧਾਰਮਿਕ ਜੀਵਨੀਆਂ-**1850 ਤੋਂ 1900ਈ: ਤੱਕ ਖਾਸ ਕਰਕੇ ਧਾਰਮਿਕ ਜੀਵਨੀਆਂ ਦੀ ਰਚਨਾ ਹੋਈ। ਇਹਨਾ ਜੀਵਨੀਆਂ ਦਾ ਕੇਂਦਰ ਖਾਸ ਕਰਕੇ-ਭਗਤ, ਧਾਰਮਿਕ ਮਹਾਪੁਰਸ਼ ਅਤੇ ਗੁਰੂ-ਸਾਹਿਬਾਨ ਸਨ।ਇਹਨਾ ਦਾ ਖਾਸ ਉਦੇਸ਼ ਨੇਤਿਕਤਾ, ਗੁਰੂ ਆਦਰਸਾ, ਧਾਰਮਿਕ ਆਦਰਸ਼ਾ ਉੱਤੇ ਅਧਾਰਿਤ ਸੀ।

**2.ਇਤਿਹਾਸਿਕ ਜੀਵਨੀਆਂ:** ਇਤਿਹਾਸਿਕ ਜੀਵਨੀਆਂ ਵਿੱਚ ਸਭ ਤੋਂ ਵਧ ਬਾਬਾ ਪ੍ਰੇਮ ਸਿੰਘ ਹੋਤੀ ਜੀ ਨੇ ਲਿਖੀਆਂ,ਇਹਨਾ ਜੀਵਨੀਆ ਵਿੱਚ ਵਿਅਕਤੀਆਂ ਦਾ ਜੀਵਨ, ਉਹਨਾਂ ਦੇ ਇਤਿਹਾਸਕ ਸੱਚ ਦੇ ਹਵਾਲੇ ਨਾਲ ਪੇਸ਼ ਕੀਤਾ ਜਾਂਦਾ ਹੈ।

**3.ਸਾਹਿਤਕ ਜੀਵਨੀਆਂ :**ਇਸ ਵਿੱਚ ਵਿਸ਼ੇਸ਼ ਤੋਰ ਤੇ ਸਾਹਿਤਕਾਰਾ ਦੇ ਜੀਵਨ ਅਤੇ ਉਹਨਾਂ ਦੀ ਸ਼ਖਸੀਅਤ ਬਾਰੇ ਦਸਿਆ ਜਾਂਦਾ ਹੈ।ਅਭਿਨੰਦਨ ਗ੍ਰੰਥਾਂ ਰਾਹੀਂ ਸਾਹਿਤਕਾਰਾ ਨੂੰ ਵਿਸ਼ੇਸ਼ ਰੂਪ ਵਿੱਚ ਸਨਮਾਨ ਦਿਤਾ ਜਾਂਦਾ ਹੈ।ਸਾਹਿਤ ਵਿੱਚ ਉਹਨਾਂ ਦਾ ਕਿ ਯੋਗਦਾਨ ਰਿਹਾ, ਉਹਨਾਂ ਦੀ ਲਿਖਣ ਸ਼ੈਲੀ, ਵਿਚਾਰ, ਉਹਨਾਂ ਦਾ ਵਿਸ਼ੇਸ ਵਰਤੀ ਸਾਹਿਤਕ ਵਿਧਾ, ਦੱਸਣ ਢੰਗ ਆਦਿ ਬਾਰੇ ਪੂਰਨ ਜਾਣਕਾਰੀ ਦਿੱਤੀ ਜਾਂਦੀ ਹੈ।

| ਲੇਖਕ | ਜੀਵਨੀਆਂ |
|---|---|
| ਭਾਈ ਵੀਰ ਸਿੰਘ | ਕਲਗੀਧਰ ਚਮਤਕਾਰ |
| ਸੁਰਜੀਤ ਸਿੰਘ ਸੇਠੀ | ਜੀਵਨ ਜਰਨੈਲ ਸਿੰਘ |
| ਗੁਰਬਖਸ਼ ਸਿੰਘ ਪ੍ਰੀਤਲੜੀ | ਪਰਮ ਮਨੁੱਖ |

## ਸਵੈ-ਜੀਵਨੀ ਦਾ ਅਰਥ:

ਕਿਸੇ ਵਿਦਵਾਨ ਦੁਆਰਾ ਆਪਣੀ ਲਿਖੀ ਆਤਮ-ਕਥਾ ਨੂੰ ਸਵੈ-ਜੀਵਨੀ ਕਿਹਾ ਜਾਂਦਾ ਹੈ।

ਬ੍ਰਿਟੇਨਿਕਾ ਵਿਸ਼ਵਕੋਸ਼ ਵਿਚ ਐਡਰੇ ਮੋਰਸ ਅਨੁਸਾਰ ਸਵੈ-ਜੀਵਨੀ ਦੀ ਪਰਿਭਾਸ਼ਾ ਹੈ:

''ਸਵੈ-ਜੀਵਨੀ ਸਵੈ ਦਾ ਸਵੈ-ਸੰਬੰਧੀ ਕੀਤਾ ਗਿਆ ਸਵੈ-ਬਿਰਤਾਂਤ ਹੈ।''

## ਸਵੈ-ਜੀਵਨੀ ਦੀ ਬਣਤਰ:

ਸਵੈ-ਜੀਵਨੀ ਭਾਵੇਂ ਲੇਖਕ ਦੀ ਨਿੱਜੀ ਜ਼ਿੰਦਗੀ ਨਾਲ ਪੂਰੀ ਤਰ੍ਹਾਂ ਸੰਬੰਧਿਤ ਹੁੰਦੀ ਹੈ, ਪਰੰਤੂ ਜੀਵਨ ਦੀ ਅੰਨ੍ਹੇਵਾਹ ਨਕਲ ਨਹੀਂ ਹੁੰਦੀ। ਉਹ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਚੁਣਦਾ ਹੈ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਦਾ ਹੈ। ਸਵੈ-ਜੀਵਨੀ ਦੀ ਸਫ਼ਲਤਾ ਇਸ ਚੋਣ 'ਤੇ ਆਧਾਰਿਤ ਹੈ ਕਿ ਕਿਵੇਂ ਲੇਖਕ ਘਟਨਾਵਾਂ ਦੀਆਂ ਲੜੀਆਂ ਨੂੰ ਤਰਤੀਬ ਵਿਚ ਯੋਜਨਾਬੱਧ ਕਰਦਾ ਹੈ ਅਤੇ ਉਸ ਨੂੰ ਕਿੰਨਾ ਦਿਲਚਸਪ ਅਤੇ ਰੌਚਕ ਤੇ ਗਿਆਨਦਾਇਕ ਬਣਾਉਂਦਾ ਹੈ। ਸਵੈ-ਜੀਵਨੀ ਕਿਸੇ ਲੜੀ ਤਰਤੀਬ ਵਿਚ ਬੱਝੀ ਹੁੰਦੀ ਹੈ। ਇਸ ਵਿਚ ਲੇਖਕ ਆਪਣੇ ਜੀਵਨ ਦੇ ਲੰਬੇ ਸਫ਼ਰ ਨੂੰ ਵਿਅਕਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਵੈ-ਜੀਵਨੀ ਉਤਮ ਪੁਰਖ ਵੱਲੋਂ ਲਿਖੀ ਜਾਂਦੀ ਹੈ ਅਤੇ ਲਿਖਣ ਵਿਚ ਪੱਤਰ, ਕਹਾਣੀ, ਨਾਵਲ ਅਤੇ ਨਿਬੰਧ ਸ਼ੈਲੀ ਅਪਣਾਈ ਜਾ ਸਕਦੀ ਹੈ।ਪੰਜਾਬੀ ਜਗਤ ਅੰਦਰ ਜੀਵਨੀਆਂ ਅਤੇ ਸਵੈ-ਜੀਵਨੀਆਂ ਲਿਖਣ ਦੀ ਪਰੰਪਰਾ ਕਾਫ਼ੀ ਪੁਰਾਣੀ ਹੈ। ਪੰਜਾਬੀ ਵਿਚ ਗੁਰੂ ਸਾਹਿਬਾਨ ਦੀਆਂ ਜੀਵਨੀਆਂ, ਯੋਧਿਆਂ ਦੀਆਂ ਜੀਵਨੀਆਂ, ਰਾਜਨੀਤਕ ਨੇਤਾਵਾਂ ਦੀਆਂ ਜੀਵਨੀਆਂ ਅਤੇ ਧਾਰਮਕ ਨੇਤਾਵਾਂ ਦੀਆਂ ਜੀਵਨੀਆਂ ਲਿਖਣ ਦੀ ਪਰੰਪਰਾ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਹੀ ਵਿਕਸਿਤ ਹੋਈ ਪ੍ਰਤੀਤ ਹੋਈ ਹੈ। ਕੁਲ ਮਿਲਾ ਕਿ ਆਧੁਨਿਕ ਪੰਜਾਬੀ ਵਾਰਤਕ ਅੰਦਰ ਲਿਖੀਆਂ ਗਈਆਂ ਪ੍ਰਮੁਖ ਸਵੈ-ਜੀਵਨੀਆਂ ਇਸ ਪ੍ਰਕਾਰ ਹੈ:

| **ਲੇਖਕ** | **ਸਵੈ-ਜੀਵਨੀਆਂ** |
|---|---|
| ਪ੍ਰਿੰ. ਤੇਜਾ ਸਿੰਘ | ਆਰਸੀ |
| ਨਾਨਕ ਸਿੰਘ | ਮੇਰੀ ਦੁਨੀਆਂ |
| ਗੁਰਬਖ਼ਸ਼ ਸਿੰਘ ਪ੍ਰੀਤਲੜੀ | ਮੰਜ਼ਿਲ ਦਿਸ ਪਈ' ਅਤੇ 'ਸਾਵੀਂ ਪੱਧਰੀ ਜ਼ਿੰਦਗੀ' |
| ਸਾਹਿਬ ਸਿੰਘ | 'ਮੇਰੀ ਜੀਵਨ ਕਹਾਣੀ' |
| ਪ੍ਰੀਤਮ | 'ਰਸੀਦੀ ਟਿਕਟ' |
| ਤਾਰਾ ਸਿੰਘ | 'ਮੇਰੀਆਂ ਯਾਦਾਂ' |
| ਨਰੈਣ ਸਿੰਘ | 'ਕੁਝ ਜੱਗ ਬੀਤੀ ਕੁਝ ਹੱਡ ਬੀਤੀ' |
| ਨਿਰੰਜਨ ਸਿੰਘ | ਜੀਵਨ ਵਿਕਾਸ' |
| ਅਵਤਾਰ ਸਿੰਘ ਆਜ਼ਾਦ | 'ਯੁੱਗ ਜੋ ਬੀਤ ਗਿਆ' |
| ਗਿਆਨੀ ਹੀਰਾ ਸਿੰਘ | 'ਮੇਰੀਆਂ ਕੁਝ ਇਤਿਹਾਸਕ ਯਾਦਾਂ' |
| ਸੋਹਿੰਦਰ ਸਿੰਘ ਵਣਜਾਰਾ ਬੇਦੀ | ਸਵੈ-ਜੀਵਨੀ ਤਿੰਨ ਭਾਗਾਂ ਵਿਚ ਹੈ ਜੋ 'ਅੱਧੀ ਮਿੱਟੀ ਅੱਧਾ ਸੋਨਾ', 'ਗਲੀਏ ਚਿੱਕੜ ਦੂਰ ਘਰਿ' ਅਤੇ 'ਮੇਰਾ ਨਾਨਕਾ ਪਿੰਡ' |
| ਅਜੀਤ ਕੌਰ | 'ਖਾਨਾ ਬਦੋਸ਼' |

| | |
|---|---|
| ਬਲਵੰਤ ਗਾਰਗੀ ਦੀ | 'ਨੰਗੀ ਧੁੱਪ' |
| ਦਲੀਪ ਕੌਰ ਟਿਵਾਣਾ | 'ਨੰਗੇ ਪੈਰਾਂ ਦਾ ਸਫ਼ਰ' ਅਤੇ ਸਾਹਿਤਕ ਸਵੈ-ਜੀਵਨੀ ਵਿਚ 'ਪੁਛਤੇ ਹੋ ਤੋ ਸੁਨੋ' |
| ਕਰਤਾਰ ਸਿੰਘ ਦੁੱਗਲ | 'ਕਿਸੁ ਪਹਿ ਖੋਲਹੁ ਗਠੜੀ' |
| ਡਾ. ਹਰਿਭਜਨ ਸਿੰਘ | 'ਚੋਲਾ ਟਾਕੀਆਂ ਵਾਲਾ' |
| ਪ੍ਰੇਮ ਪ੍ਰਕਾਸ਼ | 'ਬੰਦੇ ਅੰਦਰ ਬੰਦੇ' |
| ਬਲਰਾਜ ਸਾਹਨੀ ਦੀ | ਮੇਰੀ ਫ਼ਿਲਮੀ ਆਤਮਕਥਾ' |
| ਰਾਮ ਸਰੂਪ ਅਣਖੀ | ਮੱਲ੍ਹੇ ਝਾੜੀਆਂ |
| ਗੁਰਦਿਆਲ ਸਿੰਘ | ਦੂਜੀ ਦੇਹੀ |

## ਸਵੈ-ਜੀਵਨੀ ਦੇ ਤੱਤ:

1. **ਸਚਾਈ ਪੇਸ਼ ਕਰਨਾ**
2. **ਨਿੱਜੀ ਅਨੁਭਵ**
3. **ਘਟਨਾਵਾਂ ਦੀ ਤਰਤੀਬ**
4. **ਸਵੈ-ਜੀਵਨੀ ਦੇ ਪਾਤਰ**
5. **ਬੀਤੀਆਂ ਘਟਨਾਵਾਂ ਅਤੇ ਯਾਦਾਂ**
6. **ਬੋਲੀ ਸ਼ੈਲੀ**
7. **ਸਰਲਅਤੇ ਸਾਹਿਤਕ ਭਾਸ਼ਾ**
8. **ਵਿਚਾਰਾਂ ਦੀ ਸਪੱਸ਼ਟਤਾ**
9. **ਅਸ਼ਲੀਲਤਾ ਮੁਕਤ**
10. **ਜੀਵਨ ਲਈ ਅਗਵਾਈ**
11. **ਕਮਜ਼ੋਰੀਆਂ ਦੀ ਨਿਝੱਕ ਪੇਸ਼ਕਾਰੀ**

ਡਾ. ਧਨਵੰਤ ਕੌਰ ਦਾ ਮੰਨਣਾ ਹੈ ਕਿ

> "ਰਸੀਦੀ ਟਿਕਟ ਵਿਚ ਨਾਰੀ ਲੇਖਣ ਦੀਆਂ ਅਜਿਹੀਆਂ ਅੰਤਰਮੁਖਤਾਵਾਂ ਨੂੰ ਨਾ ਕੇਵਲ ਖੁੱਲ੍ਹੇ ਮਨ ਨਾਲ ਕਬੂਲਿਆ ਹੈ ਸਗੋਂ ਇਸ ਦੇ ਪ੍ਰਮਾਣ ਵੀ ਦਿੱਤੇ ਹਨ। ਅੰਮ੍ਰਿਤਾ ਪ੍ਰੀਤਮ ਨੇ ਆਪਣੇ ਹੋਣ ਅਤੇ ਥੀਣ ਨੂੰ ਉਹ ਤਰਤੀਬ ਦਿੱਤੀ ਜਿਹੜੀ ਉਹ ਸੋਚਦੀ ਸੀ ਕਿ ਕੋਈ ਵੀ ਹੋਰ ਨਹੀਂ ਦੇਵੇਗਾ ਜਾਂ ਨਹੀਂ ਦੇ ਸਕੇਗਾ। ਅੰਮ੍ਰਿਤਾ ਨੇ ਆਪਣੇ ਸਵੈ ਨੂੰ ਠੋਸ ਰੂਪ ਵਿਚ ਪਛਾਣ ਕੇ, ਨਿਰਸੰਕੋਚ, ਪਾਠਕਾਂ ਦੇ ਸਨਮੁੱਖ ਕੀਤਾ ਹੈ। ਉਸ ਦਾ ਸਵੈ-ਮੋਹ ਕਈ ਥਾਂ ਅਜਿਹੇ ਪ੍ਰਵਚਨ ਸਿਰਜਣ ਲਾ ਦਿੰਦਾ ਹੈ ਜਿਹੜੇ ਉਸ ਦੇ ਫ਼ੈਸਲਿਆਂ ਨੂੰ ਸਹੀ ਤੇ ਜਾਇਜ਼ ਸਿੱਧ ਕਰਦੇ ਹਨ। "

ਡਾ. ਵਨੀਤਾ ਨੇ ਸਵੈ-ਜੀਵਨੀ ਦੇ ਸਿਧਾਂਤ ਤੋਂ ਜਾਣੂੰ ਕਰਾਉਂਦਿਆਂ 'ਖ਼ਾਨਾਬਦੋਸ਼' ਤੇ 'ਕੂੜਾ ਕਬਾੜਾ' ਦੀ ਵਿਧੀ ਦੀ ਚਰਚਾ ਕਰਦਿਆਂ ਧਾਰਨਾ ਦਿੰਦੀ ਹੈ ਕਿ

> ਸਭ ਤੋਂ ਵੱਧ ਪ੍ਰਭਾਵਸ਼ਾਲੀ ਅਧਿਆਇ ਉਸ ਨੂੰ 'ਵਨ ਜ਼ੀਰੋ ਵਨ' ਲੱਗਿਆ ਜਿਸ ਵਿਚ ਕੈਂਡੀ ਦੇ ਮੌਤ ਦੇ ਦੁਖਾਂਤ ਨੂੰ ਬਹੁਤ ਹੀ ਕਰੁਣਾਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ ਅਤੇ 'ਖ਼ਾਨਾਬਦੋਸ਼' ਦੀ ਵਿਧੀ ਪ੍ਰਤੀਕਾਤਮਕ ਹਨ ਅਤੇ ਇਸ ਦੇ ਸੱਤੇ ਅਧਿਆਇ ਵੀ ਇਸ ਤਰ੍ਹਾਂ ਦੇ ਹਨ। ਉਸ ਦੀ ਸਵੈਜੀਵਨੀ ਦੇ ਆਰ ਪਾਰ ਫੈਲੇ ਚਿਹਨਿਕ, ਔਰਤ ਦੀ ਜ਼ਿੰਦਗੀ ਦੇ ਕਈ ਪਹਿਲੂਆਂ ਨੂੰ ਰੂਪਮਾਨ ਕਰਦੇ ਹਨ।

ਡਾ. ਧਰਮ ਸਿੰਘ ਨੇ ਬਚਿੰਤ ਕੌਰ ਰਚਿਤ 'ਪਗਡੰਡੀਆਂ' ਦਾ ਮੁਲਾਂਕਣ ਕਰਦੇ ਹੋਏ ਵਿਚਾਰ ਸਪੱਸ਼ਟ ਕਰਦੇ ਹਨ ਕਿ

> ਇਸ ਦੀ ਸਿਰਜਣ ਪ੍ਰਕਿਰਿਆ ਦਾ ਇਤਿਹਾਸ ਉਸ ਦੀ ਜੀਵਨੀ ਦੇ ਪ੍ਰਸੰਗਾਂ ਵਿਚੋਂ ਪੇਸ਼ ਕਰਦਿਆਂ ਲਿਖਿਆ ਹੈ ਕਿ ਬਚਿੰਤ ਕੌਰ ਦੀ ਸਵੈਜੀਵਨੀ ਸੰਘਰਸ਼ ਦੀ ਗਾਥਾ ਹੈ ਅਤੇ ਅਸਲ ਗਾਥਾ ਉਸ ਦੇ ਵਿਆਹ ਤੋਂ ਸ਼ੁਰੂ ਹੁੰਦੀ ਹੈ, ਹਰ ਘੜੀ ਉਸ ਲਈ ਇਮਤਿਹਾਨ ਸੀ ਅਤੇ ਉਹ ਹਰ ਇਮਤਿਹਾਨ ਵਿਚੋਂ ਪਾਸ ਹੋਣਾ ਚਾਹੁੰਦੀ ਸੀ। ਸਮਕਾਲੀ ਇਤਿਹਾਸ ਅਤੇ ਉਸ ਵੇਲੇ ਦੀ ਸਿੱਖਿਆ ਪ੍ਰਣਾਲੀ ਦੀ ਸਥਿਤੀ ਵੀ ਸਵੈਜੀਵਨੀ ਵਿਚੋਂ ਵੇਖਣ ਨੂੰ ਮਿਲਦੀ ਹੈ।

ਡਾ. ਸਰਬਜੀਤ ਸਿੰਘ, ਬਲਬੀਰ ਮਾਧੋਪੁਰੀ ਦੀ ਸਵੈਜੀਵਨੀ 'ਛਾਂਗਿਆ ਰੁੱਖ' ਨੂੰ ਸਮਾਜ ਤੇ ਸਭਿਆਚਾਰ ਦਾ ਦੁਖਾਂਤਕ ਬਿਰਤਾਂਤ ਮੰਨਦਿਆਂ ਪਹਿਲਾਂ ਆਪਣੇ ਲੇਖ ਵਿਚ ਵਰਣ-ਵਿਵਸਥਾ ਦਾ ਗਹਿਣ ਵਿਸ਼ਲੇਸ਼ਣ ਕਰਦਾ ਹੈ ਕਿਉਂਕਿ

> ਇਹ ਬਲਬੀਰ ਮਾਧੋਪੁਰੀ ਦੀ ਰਚਨਾ ਦੇ ਪਾਸਾਰਾਂ ਵਿਚੋਂ ਅਹਿਮ ਪਾਸਾਰ ਦਲਿਤ ਮਨੁੱਖ ਦੀ ਜਾਤ-ਪਾਤ ਕੇਂਦਰਿਤ ਭਿੱਟ ਅਤੇ ਅਛੂਤ ਨਾਲ ਜੁੜਿਆ ਹੋਇਆ ਹੈ ਜਿਹੜਾ ਮਾਧੋਪੁਰ ਤੋਂ ਲੈ ਕੇ ਦਿੱਲੀ ਤੱਕ ਦੇ ਜੀਵਨ ਨੂੰ ਘੇਰੇ ਵਿਚ ਲੈਂਦਾ ਹੈ। ਡਾ. ਸਰਬਜੀਤ ਸਿੰਘ ਨੇ ਇਹ ਚਿੰਤਾ ਪ੍ਰਗਟਾਈ ਹੈ ਕਿ ਜਦੋਂਕਿ ਸਿੱਖ ਲਹਿਰ ਅਤੇ ਸੂਫ਼ੀ ਲਹਿਰ ਹੋਰ ਸਭਿਆਚਾਰਾਂ ਨਾਲੋਂ ਵਧੇਰੇ ਕ੍ਰਾਂਤੀਕਾਰੀ ਸੀ, ਪਰ ਇੱਥੇ ਵੀ ਜਾਤ-ਪਾਤ ਦੀ ਬਿਮਾਰੀ ਦਾ ਅੰਤ ਨਹੀਂ ਹੋਇਆ। ਭਾਵੇਂ ਇਸ ਸਵੈ-ਬਿਰਤਾਂਤ ਦੇ ਕੇਂਦਰ ਵਿਚ ਕਰਤਾ ਹੈ, ਪਰ ਇਹ ਟੈਕਸਟ ਦਲਿਤ ਭਾਈਚਾਰੇ ਦਾ ਬਿਰਤਾਂਤ ਬਣ ਜਾਂਦੀ ਹੈ।

ਡਾ. ਜਸਵੀਰ ਕੌਰ ਨੇ ਰਾਮ ਸਰੂਪ ਅਣਖੀ ਦੀ ਸਵੈ-ਜੀਵਨੀ 'ਮਲ੍ਹੇ ਝਾੜੀਆਂ' ਦਾ ਮੁਲਾਂਕਣ ਕਰਦਿਆਂ ਉਸ ਦੇ ਸਾਹਿਤਕ ਅਤੇ ਸਮਾਜਿਕ ਜੀਵਨ ਦਾ ਮੁਲਾਂਕਣ ਕਰਦਿਆ ਕਿਹਾ ਕਿ

> ਇਸ ਸਵੈਜੀਵਨੀ ਵਿਚ ਪੇਸ਼ ਬਿਰਤਾਂਤ 'ਅੰਤਰ-ਦ੍ਰਿਸ਼ਟੀ' ਅਤੇ 'ਅਤਮ-ਜੀਵਨ' ਦੇ ਪ੍ਰਯੋਜਨ ਨੂੰ ਦਰਸਾਉਂਦਾ ਹੈ। ਭਾਵੇਂ ਇਸ ਸਵੈਜੀਵਨੀ ਵਿਚ ਇਤਿਹਾਸਕ ਕਾਲਕ੍ਰਮ ਨਹੀਂ, ਪਰ ਲੇਖਾਂ ਦਾ ਸੰਗ੍ਰਹਿ ਕੜੀਦਾਰ ਤੇ ਲੜੀਦਾਰ ਹੈ ਜਿਹੜਾ ਪਾਠਕ ਨੂੰ ਨਾਲ ਜੋੜੀ ਰੱਖਦਾ ਹੈ।

ਡਾ. ਜਸਵਿੰਦਰ ਕੌਰ ਬਿੰਦਰਾ ਨੇ ਡਾ. ਕਰਨਜੀਤ ਸਿੰਘ ਦੀ ਸਵੈਜੀਵਨੀ 'ਹਾਸ਼ੀਏ ਦੀ ਇਬਾਰਤ' ਦਾ ਮੁਲਾਂਕਣ ਰਦੇ ਹੋਏ ਕਿਹਾ ਕਿ

> ਇਹ ਸਵੈ-ਜੀਵਨੀ ਯਥਾਰਥ ਕੇਂਦਰਿਤ ਹੈ ਅਤੇ ਸਵੈ-ਜੀਵਨੀਕਾਰ ਨੂੰ ਜੋ ਵੀ ਕੰਮ ਜਿੱਥੇ ਵੀ ਮਿਲਿਆ ਉਸ ਨੇ ਬਿਨਾਂ ਕਿਸੇ ਨੁਕਤਾਚੀਨੀ ਤੋਂ ਲਗਨ ਨਾਲ ਕੀਤਾ। ਡਾ. ਅਮੀਆ ਕੁੰਵਰ ਨੇ ਪੰਜਾਬੀ ਲੇਖਿਕਾਵਾਂ ਦੀਆਂ ਸਵੈ-ਜੀਵਨੀਆਂ ਦਾ ਮੁਲਾਂਕਣ ਕੀਤਾ ਹੈ। ਇਸ ਲੇਖ ਦੀ ਵਿਲੱਖਣਤਾ ਇਹ ਹੈ ਕਿ ਲੇਖਿਕਾਵਾਂ ਵੱਲੋਂ ਸਵੈਜੀਵਨੀ ਲਿਖਣ ਦੇ ਮੁੱਢ (ਭਾਵ ਬਾਹਿਨਾ ਬਾਈ) ਤੋਂ ਲੈ ਕੇ ਪੰਜਾਬੀ ਲੇਖਿਕਾਵਾਂ ਦੀਆਂ ਸਵੈਜੀਵਨੀ ਤੱਕ ਦਾ ਉਲੇਖ ਹੈ। ਉਸ ਨੇ ਪੰਜਾਬੀ ਲੇਖਿਕਾਵਾਂ ਦੀਆਂ ਸਵੈਜੀਵਨੀਆਂ ਦਾ ਮੁਲਾਂਕਣ ਕਰਦਿਆਂ ਨਾਲ-ਨਾਲ ਨਾਰੀਵਾਦ ਦੇ ਮਸਲਿਆਂ ਨੂੰ ਵੀ ਨਾਲ ਵਿਚਾਰਿਆ ਹੈ।

ਡਾ. ਜਸਪਾਲ ਕੌਰ ਨੇ ਦੇਵਿੰਦਰ ਕੌਰ ਦੀ ਸਵੈਜੀਵਨੀ ਸੰਬੰਧੀ ਧਾਰਨਾ ਦਿੰਦੀ ਹੈ ਕਿ,

> 'ਵਹੀਖਾਤਾ' ਨੂੰ ਦਮਿਤ ਸਵੈ ਦਾ ਬਿਰਤਾਂਤ ਮੰਨਦਿਆਂ ਦੇਵਿੰਦਰ ਕੌਰ ਦੇ ਵੰਨ-ਸੁਵੰਨੇ ਰੰਗਾਂ ਦਾ, ਬਾਲ ਅਵਸਥਾ ਤੋਂ ਵਰਤਮਾਨ ਦਾ ਤੇ ਜੀਵਨ ਦੀਆਂ ਤਲਖ਼ ਹਕੀਕਤਾਂ ਦਾ ਬਿਰਤਾਂਤ ਕਿਹਾ ਹੈ। ਦੇਵਿੰਦਰ ਕੌਰ ਦੀ ਜੀਵਨੀ ਦੇ ਹਰ ਪੱਖ ਦਾ ਗਹਿਣ ਮੁਲਾਂਕਣ ਕਰਦਿਆਂ ਡਾ. ਜਸਪਾਲ ਕੌਰ ਇਸ ਨਤੀਜੇ 'ਤੇ ਪਹੁੰਚਦੀ ਹੈ ਕਿ ਲੇਖਿਕਾ ਜਟਿਲ ਸਥਿਤੀਆਂ ਵਿਚ ਤਾਂ ਅਡੋਲ ਖੜ੍ਹੀ ਰਹੀ ਤੇ ਬਹੁਤ ਕੁਝ ਚੁੱਪ-ਚਾਪ ਸਹਿੰਦੀ ਰਹੀ, ਪਰ ਸਵੈ-ਬਿਰਤਾਂਤ ਦਾ ਜਾਮਾ ਪਹਿਨਾਉਣ ਵੇਲੇ ਦਲੇਰੀ ਤੇ ਬੇਬਾਕੀ ਨਾਲ ਸੱਚ ਨੂੰ ਪੇਸ਼ ਕਰਦੀ ਹੈ।

ਡਾ. ਭੀਮਇੰਦਰ ਸਿੰਘ ਨੇ ਲਾਲ ਸਿੰਘ ਦਿਲ ਦੀ ਸਵੈਜੀਵਨੀ 'ਦਾਸਤਾਨ' ਦਾ ਮੁਲਾਂਕਣ ਕੀਤਾ ਹੈ।

> ਲਾਲ ਸਿੰਘ ਦਿਲ ਨੇ ਆਪਣੀਆਂ ਰਚਨਾਵਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਚੁਣੌਤੀਆਂ ਅਤੇ ਉਸ ਪ੍ਰਸੰਗ ਵਿਚ ਮਾਪਿਆਂ, ਰਿਸ਼ਤੇਦਾਰਾਂ ਅਤੇ ਯਾਰਾਂ-ਦੋਸਤਾਂ ਦੀ ਭੂਮਿਕਾ ਸਬੰਧੀ ਬੇਖ਼ੌਫ਼ ਅਤੇ ਬੇਲਿਹਾਜ਼ ਚਰਚਾ ਕੀਤੀ ਹੈ।

ਰਜਿੰਦਰ ਕੌਰ ਨੇ ਗੁਲਜ਼ਾਰ ਸਿੰਘ ਸੰਧੂ ਦੀ ਸਵੈਜੀਵਨੀ 'ਬਿਨ ਮਾਂਗੇ ਮੋਤੀ ਮਿਲੇ' ਨੂੰ ਬੱਲੇ ਦੀ ਬੱਲੇਬਾਜ਼ੀ ਮੰਨਿਆ ਹੈ।

> ਉਸ ਦੀ ਸਵੈਜੀਵਨੀ ਵਿਅਕਤੀਨੁਮਾ ਰਹਿਕੇ ਸੰਸਥਾ ਨੁਮਾ ਬਣ ਜਾਂਦੀ ਹੈ ਅਤੇ ਇਸ ਰਚਨਾ ਦੀ ਖ਼ੂਬੀ ਇਹ ਹੈ ਕਿ ਇਹ ਪਾਠਕ ਨੂੰ ਨਾਲੋ ਨਾਲ ਤੋਰੀ ਰੱਖਦਿਆਂ ਸੰਧੂ ਦੇ ਸਵੈ ਦਾ ਪ੍ਰਗਟਾਵਾ ਕਰਦੀ ਹੈ।

## ਰੇਖਾ ਚਿੱਤਰ :

ਇੱਕ ਤਰ੍ਹਾਂ ਦਾ ਜੀਵਨੀ ਨਾਲ ਮਿਲਦਾ ਜੁਲਦਾ ਵਾਰਤਕ ਦਾ ਇੱਕ ਰੂਪ ਹੈ ਕਿਉਂਕਿ ਦੋਹਾਂ ਦਾ ਨਾਇਕ ਵਿਅਕਤੀ ਵਿਸ਼ੇਸ਼ ਹੁੰਦਾ ਹੈ। ਨਾਇਕ ਦੀ ਸ਼ਖ਼ਸੀਅਤ, ਆਚਰਣ, ਚਿਹਨ-ਚੱਕਰ ਨੂੰ ਵਿਅੰਗਾਤਮਕ ਢੰਗ ਨਾਲ ਪਾਠਕਾਂ ਸਾਹਮਣੇ ਪੇਸ਼ ਕੀਤਾ ਜਾਂਦਾ ਹੈ ਅਤੇ ਕਈ ਵਾਰ ਲੇਖਕ ਜੀਵਨ ਜਾਂ ਸੁਭਾਅ ਅਤੇ ਪ੍ਰਭਾਵ ਆਦਿ ਦਾ ਆਂਸ਼ਿਕ ਜਾਂ ਪ੍ਰਤੁਨਿਧ ਪੱਖਾਂ ਤੋਂ ਚਿੱਤਰ ਪੇਸ਼ ਕਰਦਾ ਹੈ। ਵਿਅਕਤੀ ਦੀ ਸ਼ਖ਼ਸੀਅਤ ਜਾਂ ਕਿਸੇ ਮਹੱਤਵਪੂਰਨ ਘਟਨਾ ਜਾਂ ਸਥਿਤੀ ਨੂੰ ਅੰਕਿਤ ਕਰਨ ਲਈ ਜਦ ਉਸ ਪੱਖ ਦਾ ਸੰਪੂਰਨ ਵੇਰਵਾ ਤਿਆਰ ਕੀਤਾ ਜਾਏ ਤਾਂ ਰੇਖਾ ਚਿੱਤਰ ਕਹਿਲਾਉਂਦਾ ਹੈ।

ਪਹਿਲਾਂ ਰੇਖਾ-ਚਿੱਤਰ ਲਈ ਨਿਬੰਧ ਜਾਂ ਲੇਖ ਸ਼ਬਦ ਦੀ ਵਰਤੋਂ ਵਿਚ ਆਉਂਦੇ ਰਹੇ ਹਨ ਪਰ ਹੁਣ ਇਸ ਵਿਧਾ ਨੇ ਆਪਣਾ ਸਥਾਪਿਤ ਰੂਪ ਅਖ਼ਤਿਆਰ ਕਰ ਲਿਆ ਹੈ। ਆਧੁਨਿਕ ਵਾਰਤਕ ਰੂਪਾਂ ਵਿਚ ਰੇਖਾ ਚਿੱਤਰ ਇਕ ਅਜਿਹੀ ਮਿਸ਼ਰਤ ਕਲਾ ਹੈ ਜਿਸ ਵਿਚ ਜੀਵਨੀ, ਨਿਬੰਧ, ਸੰਸਮਰਣ, ਮੁਲਾਕਾਤਾਂ ਆਦਿ ਵਾਰਤਕ ਵੰਨਗੀਆਂ ਦੇ ਅਵਸ਼ੇਸ਼ ਦੇਖਣ ਨੂੰ ਮਿਲਦੇ ਹਨ। ਪਰ ਅਨੇਕਾਂ ਅਭੇਦ ਵੀ ਪਾਏ ਮਿਲਦੇ ਹਵ, ਜੋ ਇਸਨੂੰ ਵੱਖਰੀ ਵਿਧਾ ਵਜੋਂ ਸਥਾਪਤ ਕਰਦੇ ਹਨ।ਰੇਖਾ ਚਿੱਤਰ ਵਿੱਚ ਕਿਸੇ ਵਿਅਕਤੀ ਦੇ ਜੀਵਨ ਰੂਪੀ ਤਸਵੀਰ ਦੇ ਕੁਝ ਰੰਗਾਂ ਨੂੰ ਅਧਾਰ ਬਣਾ ਕੇ ਚਿਤਰਿਆ ਜਾਂਦਾ ਹੈ।ਦੂਜੇ ਸ਼ਬਦਾਂ ਵਿੱਚ ਇਕ ਦ੍ਰਿਸ਼,ਇੱਕ ਪਾਤਰ ਅਤੇ ਇਕਹਿਰੀ ਘਟਨਾ ਨੂੰ ਰੇਖਾ ਚਿਤਰ ਦਾ ਅਧਾਰ ਬਣਾਇਆ ਜਾਂਦਾ ਹੈ।ਇਥੇ ਲੇਖਕ ਚਰਿਤ੍ਰ,ਨਾਇਕ ਦੇ ਗੁਣਾਂ ਨੂੰ ਉਘਾੜਨ ਦੇ ਨਾਲ -ਨਾਲ ਦੋਸ਼ਾਂ ਤੇ ਕਮੀਆਂ ਨੂੰ ਵੀ ਅੰਕਿਤ ਕਰਦਾ ਹੈ। ਵਿਅਕਤੀ ਦੀ ਸ਼ਖਸ਼ੀਅਤ ਜਾਂ ਕਿਸੇ ਮਹਤਵਪੂਰਨ ਘਟਨਾ ਜਾਂ ਸਥਿਤੀ ਨੂੰ ਅੰਕਿਤ ਕਰਨ ਲਈ ਜਦੋਂ ਓਸ ਪੱਖ ਦਾ ਸੰਪੂਰਨ ਵੇਰਵਾ ਤਿਆਰ ਕੀਤਾ ਜਾਵੇ ਤਾਂ ਰੇਖਾ ਚਿਤਰ ਕਹਿਲਾਓਂਦਾ ਹੈ।

ਰੇਖਾ ਚਿੱਤਰ ਦੋ ਸ਼ਬਦਾਂ ਰੇਖਾ+ਚਿੱਤਰ ਦੇ ਜੋੜ ਨਾਲ ਬਣਿਆ ਹੈ ਜਿਸ ਦਾ ਸ਼ਬਦੀ ਅਰਥ ਰੇਖਾਵਾਂ ਦੁਆਰਾ ਬਣਾਇਆ ਗਿਆ ਚਿੱਤਰ ਹੈ। ਅੰਗ੍ਰੇਜ਼ੀ ਵਿਚ ਰੇਖਾ ਚਿੱਤਰ ਲਈ ਸਕੈੱਚ(Sketch) ਸ਼ਬਦ ਵਰਤਿਆ ਜਾਂਦਾ ਹੈ।

ਰੇਖਾ ਚਿੱਤਰ ਵਾਰਤਕ ਰੂਪ ਦੇ ਨਾਮਕਰਣ ਬਾਰੇ ਚਰਚਾ ਕਰਦੇ ਹੋਏ ਹਰਿੰਦਰ ਕੌਰ ਲਿਖਦੇ ਹਨ: ਰੇਖਾ-ਚਿੱਤਰ ਸਾਹਿਤ ਰੂਪ ਦੀ ਵਿਸਤ੍ਰਿਤ ਚਰਚਾ ਦੇ ਬਾਵਜੂਦ ਵੀ ਇਸ ਦੇ ਨਾਮਕਰਣ ਬਾਰੇ ਅੱਜ ਤਕ ਮਤਭੇਦ ਚੱਲਿਆ ਆ ਰਿਹਾ ਹੈ, ਜਿਸ ਕਰਕੇ ਇਸ ਸਾਹਿਤ ਰੂਪ ਲਈ ਰੇਖਾ-ਚਿੱਤਰ, ਸ਼ਬਦ-ਚਿੱਤਰ, ਕਲਮ੍ਹੀ-ਚਿੱਤਰ, ਸੁਭਾ-ਚਿੱਤਰ,ਵਿਅਕਤੀ-ਚਿੱਤਰ,ਸ਼ਖ਼ਸੀਅਤ ਨਿਗਾਰੀ, ਨਕਸ਼:ਨਿਗਾਰੀ ਅਤੇ ਖਾਕਾ ਨਿਗਾਰੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

### ਪਰਿਭਾਸ਼ਾ:

### ਦੀ ਨਿਊ ਇਨਸਾਈਕਲੋਪੀਡੀਆ ਬ੍ਰਿਟੈਨੀਕਾ ਅਨੁਸਾਰ:

> "ਰੇਖਾ ਚਿੱਤਰ ਵਾਰਤਕ ਦਾ ਅਜਿਹਾ ਸੰਖੇਪ ਬਿਰਤਾਂਤ ਹੈ,ਜਿਸ ਵਿੱਚ ਕਿਸੇ ਅਸਲੀ ਜਾਂ ਕਲਪਿਤ ਵਿਅਕਤੀ ਦਾ ਚਰਿਤਰ ਚਿਤਰਣ ਹੀ ਪ੍ਰਧਾਨ ਹੁੰਦਾ ਹੈ।"

### ਡਾ.ਕੁਲਬੀਰ ਸਿੰਘ ਕਾਂਗ ਅਨੁਸਾਰ:

> "ਰੇਖਾ ਚਿਤਰ ਵਿੱਚ ਤਰੈ-ਮੁਖੀ ਚੇਤਨਾ ਹੈ।ਇੱਕ ਰੇਖਾਕਰ ਇੱਕੋ ਸਮੇਂ ਸਾਹਿਤ ਦੇ ਤਿੰਨ ਅੰਗਾਂ ਦਾ ਸੰਤੁਲਿਤ ਮਿਸ਼ਰਣ ਕਰਦਾ ਹੀ।ਉਹ ਤਿੰਨ ਅੰਗ ਹਨ -ਕਹਾਣੀ ਕਲਾ, ਆਲੋਚਨਾ ਅਤੇ ਜੀਵਨੀ।"

### ਡਾ. ਧਰਮਪਾਲ ਸਿੰਗਲ ਅਨੁਸਾਰ

> "ਰੇਖਾ ਚਿਤਰ ਜੀਵਨੀ ਅਤੇ ਸੰਸਮਰਣ ਵਿਚਾਲੇ ਦੀ ਚੀਜ਼ ਹੈ।ਇਸ ਵਿੱਚ ਸੰਸਮਰਣ ਵਾਂਗ ਵਿਅਕਤੀ ਦੇ ਕੇਵਲ ਇਕ ਪੱਖ ਉਤੇ ਹੀ ਪ੍ਰਕਾਸ਼ ਪਾਇਆ ਜਾਂਦਾ ਹੈ, ਯਾਦਾਂ ਦੇ ਸਹਾਰੇ ਉਸਦੀ ਕਲਮੀ ਤਸਵੀਰ ਉਸਾਰੀ ਜਾਂਦੀ ਹੈ, ਪੋਰਟਰੇਟ ਖੜਾ ਕੀਤਾ ਜਾਂਦਾ ਹੈ।

- **ਰੇਖਾ ਚਿੱਤਰ ਦੇ ਤੱਤ:**
  - **ਯਥਾਰਥ**
  - **ਨਿਰਪੱਖਤਾ**

- **ਪ੍ਰਯੋਜਨ**
- **ਸੰਜਮਤਾ**
- **ਵਰਣਨਾਤਮਕਤਾ**
- **ਚਿੱਤਰਾਤਮਕਤਾ**
- **ਵਾਰਤਾਲਾਪ**
- **ਭਾਸ਼ਾ**

## ਪੰਜਾਬੀ ਦੇ ਪ੍ਰਮੁੱਖ ਰੇਖਾ ਚਿੱਤਰ :

| | |
|---|---|
| ਬਲਵੰਤ ਗਾਰਗੀ | ਨਿੰਮ ਦੇ ਪੱਤੇ, ਸੁਰਮੇ ਵਾਲੀ ਅੱਖ, ਕੋਡੀਆਂ ਵਾਲਾ ਸੱਪ |
| ਅਜੀਤ ਕੌਰ | ਤਕੀਏ ਵਾਲਾ ਪੀਰ |
| ਕੁਲਬੀਰ ਸਿੰਘ ਕਾਂਗ | ਪੱਕੀਆਂ ਇੱਟਾ, ਬੱਦਲਾਂ ਦੇ ਰੰਗ, ਸਿਰਨਾਂਵੇ ਮਿੱਤਰਾਂ ਦੇ |

## ਕੋਡੀਆ ਵਾਲਾ ਸੱਪ` ਦੇ ਪਾਤਰ

ਅਜੀਤ ਕੌਰ (ਕਾੜ੍ਹਨੀ)
ਸੰਤ ਸਿੰਘ ਸੇਖੋਂ (ਕਾਲਜ ਦਾ ਵਾਈਸ ਚਾਂਸਲਰ)
ਅੰਮ੍ਰਿਤਾ ਪ੍ਰੀਤਮ (ਅੰਮ੍ਰਿਤਾ ਪ੍ਰੀਤਮ)
ਪ੍ਰੋਫੈਸਰ ਮੋਹਨ ਸਿੰਘ (ਪ੍ਰੋਫੈਸਰ ਮੋਹਨ ਸਿੰਘ)
ਕਰਤਾਰ ਸਿੰਘ ਦੁੱਗਲ (ਕਰਤਾਰ ਸਿੰਘ ਦੁੱਗਲ)
ਸ਼ਿਵ ਕੁਮਾਰ ਬਟਾਲਵੀ (ਕੋਡੀਆਂ ਵਾਲਾ ਸੱਪ)
ਹੁਸੀਨ ਚਿਹਰੇ ਦੇ ਪਾਤਰ
ਸਆਦਤ ਹਸਨ ਮੰਟੋ (ਸਆਦਤ ਹਸਨ ਮੰਟੋ)
ਖ਼ੁਸ਼ਵੰਤ ਸਿੰਘ (ਖ਼ੁਸ਼ਵੰਤ ਸਿੰਘ)
ਰੇਸ਼ਮਾ (ਰੇਸ਼ਮਾ)
ਦੇਵਿੰਦਰ ਸਤਿਆਰਥੀ (ਭ੍ਰਿਗੂ ਰਿਸ਼ੀ)
ਸਾਹਿਰ ਲੁਧਿਆਣਵੀ (ਜਵਾਨੀ ਦਾ ਸ਼ਾਇਰ)
ਫ਼ਿਕਰ ਤੌਂਸਵੀ (ਫ਼ਿਕਰ ਤੌਂਸਵੀ)
ਸ਼ਿਵ ਕੁਮਾਰ ਬਟਾਲਵੀ (ਸ਼ਿਵ ਬਟਾਲਵੀ)
ਐਮ.ਐਸ. ਰੰਧਾਵਾ (ਐਮ.ਐਸ. ਰੰਧਾਵਾ)
ਰਾਜਿੰਦਰ ਸਿੰਘ ਬੇਦੀ (ਰਾਜਿੰਦਰ ਸਿੰਘ ਬੇਦੀ)
ਯਾਮਿਨੀ ਕ੍ਰਿਸ਼ਨਾਮੂਰਤੀ (ਯਾਮਿਨੀ ਕ੍ਰਿਸ਼ਨਾਮੂਰਤੀ)
ਭਾਪਾ ਪ੍ਰੀਤਮ ਸਿੰਘ (ਭਾਪਾ ਪ੍ਰੀਤਮ ਸਿੰਘ)

ਰਚਨਾਕਾਰ ਆਪਸੀ ਪਿਆਰ ਭਾਵ, ਮੁਲਾਕਾਤਾਂ, ਨਿੱਜੀ ਮਿਲਣੀਆਂ ਅਤੇ ਸਾਹਿਤਕਾਰਾਂ ਨਾਲ ਆਪਣੇ ਵਰਤੋਂ ਵਿਹਾਰ ਨੂੰ ਆਪਣੀ ਰਚਨਾ ਦਾ ਆਧਾਰ ਬਣਾਉਂਦਾ ਹੈ। ਉਸਦੇ ਰੇਖਾ-ਚਿੱਤਰ ਸਿਰਜਨਾ ਅਤੇ ਆਲੋਚਨਾ ਦਾ ਸੁਮੇਲ ਹਨ। ਉਸਨੇ ਪਾਤਰਾਂ ਦੇ ਅਗਿਆਤ ਪੱਖਾਂ ਨੂੰ ਚਿਤਰਨ ਲਈ ਆਲੋਚਨਾਤਮਕ ਅਤੇ ਪਾਰਖੂ ਦ੍ਰਿਸ਼ਟੀਕੋਣ ਅਪਣਾਇਆ ਹੈ। ਇਹਨਾਂ ਅਣਛੋਹੇ ਪੱਖਾਂ ਨੂੰ ਪ੍ਰਤੱਖ ਕਰਵਾਉਣ ਲਈ ਉਹ ਸ਼ਖ਼ਸੀਅਤ ਨਾਲ ਕੀਤੀ ਸਾਧਾਰਨ ਬਾਤ-ਚੀਤ ਅਤੇ ਵਿਚਾਰ-ਚਰਚਾ ਨੂੰ ਆਧਾਰ ਬਣਾਉਂਦਾ ਹੈ। ਉਹ ਚਰਿੱਤਰ ਚਿਤਰਨ ਲਈ ਓਹਲਾ, ਸ਼ਰਮ ਜਾਂ ਪਰਦਾ ਰੱਖਣ ਤੋਂ ਗੁਰੇਜ ਕਰਦਾ ਹੋਇਆ ਯਥਾਰਥ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਵਿੱਚ ਹੈ :-

*ਮੈਂ ਆਖਿਆ, ''ਤੇਰੇ ਉਤੇ ਫ਼ਿਲਮ ਬਣ ਰਹੀ ਹੈ ਜੋ ਸਾਰੇ ਦੇਸ਼ ਵਿੱਚ ਵਿਖਾਈ ਜਾਵੇਗੀ ... ਗੌਰਮਿੰਟ ਲੱਖਾਂ ਰੁਪਏ ਖਰਚ ਕੇ ਤੇਰਾ ਇਮੇਜ ਉੱਚਾ ਕਰ ਰਹੀ ਹੈ।*

*ਤੇਰੀ ਸ਼ੁਹਰਤ .......*`ਗਾਰਗੀ ਦੇ ਰਚੇ ਰੇਖਾ-ਚਿੱਤਰ ਪੰਜਾਬੀ ਦੇ ਵਰਤਮਾਨ ਸਾਹਿਤ ਦਾ ਇਤਿਹਾਸ ਹਨ। ਕਵੀਆਂ, ਲੇਖਕਾਂ ਤੇ ਕਲਾਕਾਰਾਂ ਵਿਚ ਟੂਣੇਹਾਰੀ ਖਿੱਚ ਹੁੰਦੀ ਹੈ। ਉਨ੍ਹਾਂ ਦੀ ਹਰ ਚੀਜ਼ ਵਿਚ ਪਾਠਕਾਂ ਤੇ ਸਰੋਤਿਆਂ ਨੂੰ ਦਿਲਚਸਪੀ ਹੁੰਦੀ ਹੈ। ਉਹ ਕਿਸ ਤਰ੍ਹਾਂ ਰਚਨਾ ਕਰਦੇ ਹਨ, ਕੀ ਪਹਿਨਦੇ ਹਨ, ਕਿਸ ਕੈਫ਼ੇ ਵਿਚ ਬੈਠ ਕੇ ਬਹਿਰੇ ਨੂੰ ਕੀ ਆਰਡਰ ਦਿੰਦੇ ਹਨ, ਕਿਸ ਤਰ੍ਹਾਂ ਝਗੜਾ ਤੇ ਪਿਆਰ ਕਰਦੇ ਹਨ, ਇਹ ਸਾਰੀਆਂ ਗੱਲਾਂ ਇਤਿਹਾਸ ਬਣ ਜਾਂਦੀਆਂ ਹਨ। ਗਾਰਗੀ ਲਿਖਦਾ ਹੈ, "ਮੈਂ ਪ੍ਰੰਪਰਾਗਤ ਸਮਾਜ ਦਾ ਆਲੋਚਕ ਹਾਂ, ਰਵਾਇਤੀ ਕਦਰਾਂ ਤੇ ਰਵਾਇਤੀ ਇਖ਼ਲਾਕ ਦਾ ਵਿਰੋਧੀ। ਆਪਣਾ ਸੱਚ ਬੰਦਾ ਖ਼ੁਦ ਢੂੰਡਦਾ ਹੈ। ਕਈ ਵਾਰ ਖ਼ੁਦ ਨੂੰ ਵੀ ਆਪਣੇ ਸੱਚ ਦਾ ਪਤਾ ਨਹੀਂ ਹੁੰਦਾ ਜੋ ਕਈ ਵਾਰ ਰਚਨ ਸਮੇਂ ਹੀ ਉੱਘੜਦਾ ਹੈ। ਸਾਹਿਤਕ ਈਮਾਨਦਾਰੀ ਦਾ ਪ੍ਰਮਾਣ ਉਚੇ ਭਾਸ਼ਨ ਵਿਚ ਨਹੀਂ। ਜਿਨ੍ਹਾਂ ਬਾਰੇ ਲਿਖਿਆ ਹੈ ਉਹਨਾਂ ਦੀ ਗਵਾਹੀ ਵਿਚ ਵੀ ਨਹੀਂ, ਸਗੋਂ ਰਚਨਾ ਅੰਦਰ ਖ਼ੁਦ ਹੀ ਸੱਚ ਦੀ ਲੋਅ ਹੁੰਦੀ ਹੈ।" ਉਸ ਦੀ ਮੁੱਖ ਪਛਾਣ ਭਾਵੇਂ ਨਾਟਕਕਾਰ ਵਜੋਂ ਬਣੀ, ਪਰ ਕਹਾਣੀ, ਵਾਰਤਕ ਆਦਿ ਲਿਖਣ ਵਿਚ ਵੀ ਉਹ ਚੋਟੀ ਦੇ ਲੇਖਕਾਂ ਦੇ ਬਰਾਬਰ ਤੁਲਦਾ ਸੀ। ਮੰਨਿਆ ਜਾਂਦਾ ਹੈ ਕਿ ਪੰਜਾਬੀ ਵਿਚ ਉਸ ਵਰਗਾ ਕੋਈ ਹੋਰ ਨਾਟਕਕਾਰ ਨਹੀਂ। ਪੰਜਾਬੀ ਵਿਚ ਰੇਖਾ ਚਿੱਤਰ ਉਸ ਦੀ ਬਦੌਲਤ ਹੀ ਪ੍ਰਵਾਨ ਚੜ੍ਹੇ।ਇਨ੍ਹਾਂ ਰਚਨਾਵਾਂ ਲਈ ਭਾਵੇਂ ਉਸ ਨੇ ਮਹਾਨ ਉਰਦੂ ਲਿਖਾਰੀ ਸਆਦਤ ਹਸਨ ਮੰਟੋ ਤੋਂ ਪ੍ਰੇਰਣਾ ਲਈ, ਪਰ ਉਸ ਦੇ ਲਿਖੇ ਰੇਖਾ ਚਿੱਤਰਾਂ ਵਿਚ ਬਹੁਤ ਕੁਝ ਉਸ ਦਾ ਆਪਣਾ ਸੀ ਜਿਸ ਕਾਰਨ ਤੁਰੰਤ ਉਸ ਦੀ ਪੈਂਠ ਬਣ ਗਈ। ਇਹ ਵੱਖਰੀ ਗੱਲ ਹੈ ਕਿ ਉਸ ਦੇ ਰੇਖਾ ਚਿੱਤਰਾਂ ਨੇ ਵਿਵਾਦ ਵੀ ਬਥੇਰੇ ਪੈਦਾ ਕੀਤੇ। ਜਿਵੇਂ ਉਸ ਨੇ ਬਹੁਤ ਸਾਰੀਆਂ ਸ਼ਖਸੀਅਤਾਂ ਦੇ ਰੇਖਾ ਚਿਤਰ ਲਿਖੇ, ਇਵੇਂ ਹੋਰ ਲਿਖਾਰੀਆਂ ਨੇ ਵੀ ਉਸ ਦੀ ਸ਼ਖਸੀਅਤ ਦੇ ਵੱਖ-ਵੱਖ ਪੱਖਾਂ ਨੂੰ ਉਭਾਰਦੇ ਰੇਖਾ ਚਿੱਤਰ ਲਿਖੇ। ਗਾਰਗੀ ਦਾ 1962 ਵਿਚ ਸਾਹਿਤ ਅਕਾਦਮੀ ਪੁਰਸਕਾਰ ਅਤੇ 1972 ਵਿਚ ਪਦਮਸ੍ਰੀ ਅਵਾਰਡ ਨਾਲ ਸਨਮਾਨ ਕੀਤਾ ਗਿਆ।
ਡਾ. ਸਤਿੰਦਰ ਸਿੰਘ ਲਿਖਦੇ ਹਨ;

> ''ਲੇਖਕਾਂ ਨੂੰ ਜੇ ਇਤਰਾਜ ਹੋਇਆ ਹੈ ਤਾਂ ਉਹ ਉਸਦੇ ਤੱਥਾਂ ਉੱਪਰ ਨਹੀਂ, ਸਗੋ ਉਨ੍ਹਾਂ ਨਿੱਜੀ ਤੇ ਅਤਿ-ਨਿੱਜੀ ਪੱਖਾਂ ਦੇ ਪ੍ਰਗਟਾਉ ਕਰਕੇ ਹੋਇਆ ਹੈ, ਜੋ ਸ਼ਾਇਦ ਉਹ ਅਪ੍ਰਗਟ ਹੀ ਰਹਿਣ ਦੇਣਾ ਚਾਹੁੰਦੇ ਸਨ।``

ਰੇਖਾ-ਚਿੱਤਰਾਂ ਵਿਚਲੀ ਰੌਚਿਕਤਾ ਜਿੱਥੇ ਉਸਦੀ ਕੋਮਲ ਅਤੇ ਵਿਅੰਗਾਤਮਕ ਸ਼ੈਲੀ ਕਰਕੇ ਹੈ, ਉਥੇ ਜਿੰਦਗੀ ਦੇ ਕਈ ਗੁੱਝੇ ਰਹੱਸਾਂ ਨੂੰ ਜਾਣਨ ਵਿੱਚ ਵੀ ਹੈ। ਵਿਅੰਗਮਈ ਸ਼ੈਲੀ ਦੀ ਵਰਤੋਂ ਪਾਤਰਾਂ ਦੀ ਕਮਜ਼ੋਰੀਆਂ ਨੂੰ ਉਘਾੜਨ ਹਿੱਤ ਕਰਦਾ ਹੈ। ਉਹ ਕਲਾਤਮਕਤਾ ਰਾਹੀਂ ਆਪਣੇ ਪਾਤਰਾਂ ਉਤੇ ਚੋਟ ਵੀ ਕਰਦਾ ਹੈ ਅਤੇ ਨਾਲ ਹੀ ਉਹਨਾਂ ਬਾਰੇ ਗਹਿਰਾ ਪ੍ਰਭਾਵ ਵੀ ਪੈਦਾ ਕਰ ਜਾਂਦਾ ਹੈ। ਉਸ ਦੇ ਰੇਖਾ-ਚਿੱਤਰਾਂ ਵਿੱਚ ਸਿਰਜਨਾ ਅਤੇ ਆਲੋਚਨਾ, ਵਾਸਤਵਿਕਤਾ ਅਤੇ ਕਾਲਪਨਿਕਤਾ ਭਾਵ ਜੀਵਨ ਅਤੇ ਸਾਹਿਤ ਦਾ ਸੁੰਦਰ ਸੁਮੇਲ ਹੁੰਦਾ ਹੈ। ਇਸ ਵਿੱਚ ਵਿਅੰਗ ਹੁੰਦਾ ਹੈ, ਪਰ ਰਚਨਾਕਾਰ ਪੂਰੀ ਤਰ੍ਹਾਂ ਸੁਹਿਰਦ ਰਹਿਣ ਦੀ ਕੋਸ਼ਿਸ਼ ਕਰਦਾ ਹੈ। ਉਸਨੇ ਪਾਤਰਾਂ ਦੀ ਅੰਦਰੂਨੀ ਸੁੰਦਰਤਾ ਨੂੰ ਉਘਾੜਨ ਦਾ ਯਤਨ ਕੀਤਾ ਹੈ, ਜਿਸ ਤੋਂ ਪਾਠਕ ਨੂੰ ਸਾਹਿਤਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

## ਸਾਰ-ਅੰਸ਼:

ਮੱਧਕਾਲੀ ਵਾਰਤਕ ਤੋ ਵਿਕਸਤ ਹੋ ਕੇ ਆਧੁਨਿਕ ਵਾਰਤਕ ਕਈ ਵਾਰਤਕ ਰੂਪਾਂ ਦੀ ਸਿਰਜਣਾ ਰਾਹੀ ਪ੍ਰਪੱਕ ਹੁੰਦੀ ਨਜ਼ਰ ਆਉਦੀ ਹੈ। ਆਧੁਨਿਕ ਵਾਰਤਕ ਦੇ ਸਾਹਿਤਕ ਜੀਵਨੀ/ਸਵੈਜੀਵਨੀ/ਸਫਰਨਾਮਾ/ਡਾਇਰੀ/ਨਿਬੰਧ/ਲੇਖ/ਸੰਸਮਰਣ/ਰੇਖਾ-ਚਿਤੱਰ ਆਦਿ ਵਰਤਮਮਾਨ ਯੁੱਗ ਦੀ ਦਾਸਤਾਨ ਪੇਸ਼ ਕਰਦੇ ਹਨ।ਇਹਨਾਂ ਵਿਧਾਵਾਂ ਨੇ ਪੰਜਾਬੀ ਸਾਹਿਤ ਜਗਤ ਨੂੰ ਹੋਰ ਅਮੀਰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ।ਰਚਨਾਤਮਕ ਲੇਖਣ ਵਿਚ ਇਹ ਵਿਧਾਵਾਂ ਅੱਜ ਦੇ ਸਮੇ ਵਿਚ ਜਿੱਥੇ ਸਾਹਿਤਕ ਰੁਚੀਆਂ ਦੀ ਪੂਰਤੀ ਕਰਦੀਆਂ ਹਨ ਉਥੇ ਇਸ ਰਾਹੀ ਰੁਜਗਾਰ ਹਾਸਲ ਵੀ ਕੀਤਾ ਜਾਂ ਸਕਦਾ ਹੈ। ਵਰਤਮਾਨ ਯੁੱਗ ਵਿਚ ਵਾਰਤਕ ਅਜਿਹੀ ਰਚਨਾ ਅਧਾਰ ਹੈ ਜੋ ਨਿਰੰਤਰ,ਗਤੀਸ਼ੀਲ ਰੂਪ ਵਿਚ ਸਿਰਜਿਆ ਜਾ ਰਿਹਾ ਹੈ।

### ਮੁੱਖ/ਕੇਂਦਰੀ ਸ਼ਬਦ:

ਰਚਨਾਕਾਰ-ਰਚਨਾ ਲਿਖਣ ਵਾਲਾ

ਵਾਸਤਵਿਕਤਾ-ਸੱਚ

ਅਗਿਆਤ-ਜਿਸ ਬਾਰੇ ਜਾਣਕਾਰੀ ਨਾ ਹੋਵੇ

ਮੁਹਾਂਦਰਾ-ਸਰੂਪ

ਦ੍ਰਿਸ਼ਟੀਕੋਣ-ਨਜ਼ਰੀਆ

## ਸਵੈ-ਮੁਲਾਂਕਣ:

**ਪ੍ਰ 1. ਸਹੀ ਜੁੱਟ ਚੁਣੋ:**

ੳ.ਸਵੈ-ਜੀਵਨੀ----- ਕੋਡੀਆ ਵਾਲਾ ਸੱਪ

ਅ.ਰੇਖਾ ਚਿੱਤਰ------- ਵਹੀ ਖਾਤਾ

ੲ.ਅੰਮ੍ਰਿਤਾ ਪ੍ਰੀਤਮ------- ਰਸੀਦੀ ਟਿਕਟ

**ਪ੍ਰ 2. ਜੀਵਨੀ ਤੋ ਕੀ ਭਾਵ ਹੈ?**

ੳ.ਕਿਸੇ ਦੀ ਜਿੰਦਗੀ ਬਾਰੇ ਦੱਸੇ

ਅ.ਕਿਸੇ ਬਾਰੇ ਦੱਸੇ

ੲ.ਕਿਸੇ ਸਖਸੀਅਤ ਬਾਰੇ ਜਾਣਕਾਰੀ ਦਵੇ

**ਪ੍ਰ 3. ਸਵੈ-ਜੀਵਨੀ ਨੂੰ ਅੰਗਰੇਜੀ ਵਿਚ ਕੀ ਕਿਹਾ ਜਾਂਦਾ ਹੈ?**

ੳ.Biography

ਅ.Biblogrphy

ੲ. Autobiography

**ਪ੍ਰ 4. ਸਹੀ ਜੁੱਟ ਪਛਾਣੋ:**

ੳ.ਪੱਕੀਆਂ ਇੱਟਾ-ਕੁਲਬੀਰ ਸਿੰਘ ਕਾਂਗ

ਅ.ਨਿੰਮ ਦੇ ਪੱਤੇ-ਅਜੀਤ ਕੋਰ

**ਪ੍ਰ 5. ਰੇਖਾ ਚਿੱਤਰ ਦਾ ਸ਼ਬਦੀ ਅਰਥ ਦੱਸੋ।**

ੳ.ਵਿਅਕਤੀ ਦਾ ਲਿਖਤੀ ਚਿੱਤਰ

ਅ.ਸਖਸੀਅਤ ਦਾ ਲ਼ਿਖਤੀ ਚਿੱਤਰ

ੲ.ਦੋਵੇ ਪੂਰਨ ਸਹੀ

ਸ.ਦੋਵੇ ਪੂਰਨ ਗਲਤ

**ਪ੍ਰ 6. ਸਭ ਤੋ ਵੱਧ ਰੇਖਾ ਚਿੱਤਰ ਕਿਸਨੇ ਸਿਰਜੇ ਹਨ?**

ੳ.ਬਲਵੰਤ ਗਾਰਗੀ

ਅ.ਅਜੀਤ ਕੌਰ

ੲ.ਦਲੀਪ ਕੌਰ ਟੀਵਾਣਾ

ਸ.ਉਪਰੋਕਤ ਕੋਈ ਨਹੀ

**ਪ੍ਰ 7. ਕੀ ਜੀਵਨੀ ਤੇ ਸਵੈ ਜੀਵਨੀ ਵਿਚ ਅੰਤਰ ਪਾਇਆ ਜਾਂਦਾ ਹੈ?**

ੳ.ਹਾਂ

ਅ.ਨਹੀ

**ਪ੍ਰ 8. ਪਰਮ ਮਨੁੱਖ ਪੁਸਤਕ ਦਾ ਲੇਖਕ ਕੌਣ ਹੈ?**

ੳ.ਨਾਨਕ ਸਿੰਘ

ਅ.ਗੁਰਬਖਸ਼ ਸਿੰਘ ਪ੍ਰੀਤਲੜੀ

ੲ.ਸੰਤ ਸਿੰਘ ਸੇਖੋ

ਸ.ਉਪਰੋਕਤ ਕੋਈ ਨਹੀ

**ਪ੍ਰ 9. ਰੇਖਾ ਚਿੱਤਰ ਦੇ ਮੁੱਖ ਤੱਤ ਕਿਹੜੇ ਹਨ?**

ੳ.ਨਿਰਪੱਖਤਾ

ਅ.ਯਥਾਰਥ

ੲ.ਸੰਖੇਪਤਾ

**ਪ੍ਰ 10. ਅਜੀਤ ਕੋਰ ਦੇ ਰੇਖਾਂ ਚਿੱਤਰ ਦਾ ਨਾਮ ਦੱਸੋ।**

ੳ.ਤਕੀਏ ਵਾਲਾ ਪੀਰ

ਅ.ਅੰਨਦਾਤਾ

ੲ.ਅਫਲਾਤੂ

**ਪ੍ਰ 11. ਬਲਵੰਤ ਗਾਰਗੀ ਦੀ ਸ਼ੈਲੀ ਦੀ ਮੁੱਖ ਵਿੱਲਖਣਾ ਕੀ ਹੈ?**

ੳ.ਵਿਅੰਗਮਈ ਸ਼ੈਲੀ

ਅ.ਯਥਾਰਥ ਚਿਤਰਨ

ੲ.ਰੋਚਿਕਤਾ

ਸ.ਉਪਰੋਕਤ ਸਾਰੇ

**ਪ੍ਰ 12. ਇਕ ਵਧੀਆਂ ਸਵੈ-ਜੀਵਨੀ ਦੀ ਸਿਰਜਣਾ ਸਮੇ ਕਿਸ ਨੁਕਤੇ ਦਾ ਖਿਆਲ ਰੱਖਣਾ ਚਾਹੀਦਾ ਹੈ?**

ੳ.ਯਥਾਰਥ

ਅ.ਘਟਨਾਵਾਂ ਦੀ ਲੜੀਵਾਰਤਾ

ੲ.ਉਦੇਸ਼ਮਈ

ਸ.ਉਪਰੋਕਤ ਸਾਰੇ

**ਪ੍ਰ 13. ਜੀਵਨੀ ਨੂੰ ਲਿਖਣ ਸਮੇ ਕਿਹੜੇ ਤੱਤਾ ਨੂੰ ਦੇਖਣਾ ਚਾਹੀਦਾ ਹੈ?**

ੳ.ਤੱਥ

ਅ.ਘਟਨਾਵਾਂ

ੲ.ਯਥਾਰਥ

ਸ.ਉਪਰੋਕਤ ਸਾਰੇ

**ਪ੍ਰ 14. ਕਿਸ ਸਵੈਜੀਵਨੀ ਤੇ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਸੀ?**

ੳ.ਰਸੀਦੀ ਟਿਕਟ

ਅ.ਖਾਨਾਬਦੋਸ਼

ੲ.ਮੱਲੇ ਝਾੜੀਆਂ

ਸ.ਉਪਰੋਕਤ ਕੋਈ ਨਹੀ

**ਪ੍ਰ 15. ਸਹੀ ਜੁੱਟ ਪਛਾਣੋ:**

ੳ.ਸਵਰਨ ਚੰਦਨ-ਆਜ ਸੁਣ ਹੀ ਲੀਜੀਏ

ਅ.ਦੇਵਿੰਦਰ ਕੌਰ-ਵਹੀ ਖਾਤਾ

ੲ.ਦਲੀਪ ਕੌਰ ਟੀਵਾਣਾ-ਨੰਗੇ ਪੈਰਾ ਦਾ ਸਫਰ

ਸ. ਉਪਰੋਕਤ ਸਾਰੇ ਸਹੀ

**ਅਭਿਆਸ ਪ੍ਰਸ਼ਨ**

**ਪ੍ਰ 1. ਜੀਵਨੀ ਤੋਂ ਕੀ ਭਾਵ ਹੈ?**

**ਪ੍ਰ 2. ਸਵੈ-ਜੀਵਨੀ ਦੇ ਮੁੱਖ ਤੱਤ ਕਿਹੜੇ ਹਨ?**

**ਪ੍ਰ 3. ਰੇਖਾਂ ਚਿੱਤਰ ਲਈ ਅੰਗਰੇਜ਼ੀ ਭਾਸ਼ਾ ਵਿਚ ਕਿਹੜੇ ਸ਼ਬਦ ਦਾ ਪ੍ਰਯੋਗ ਹੁੰਦਾ ਹੈ?**

**ਪ੍ਰ 4. ਕਿਸੇ ਮਹਾਨ ਸਖਸੀਅਤ ਦੇ ਜੀਵਨ ਉਪਰ ਜੀਵਨੀ ਦੀ ਰਚਨਾ ਕਰੋ?**

**ਪ੍ਰ 5. ਪੰਜਾਬੀ ਸਫਰਨਾਮੇ ਦੀ ਸਿਰਜਣਾ ਲਈ ਕਿਹੜੇ ਤੱਤਾਂ ਦੀ ਵਰਤੋ ਕੀਤੀ ਜਾਦੀ ਹੈ?**

ਸੰਦਰਭ ਪੁਸਤਕਾਂ:

1. ਬਲਬੀਰ ਮਾਧੋਪੁਰੀ. ਪੰਜਾਬੀ ਸਵੈ-ਜੀਵਨੀ: ਸਾਹਿਤਕ ਮੁਲਾਂਕਣ. ਨਵਯੁਗ ਪਬਲਿਸ਼ਰਜ਼ ਨਵੀ ਦਿੱਲੀ.

2. ਰਤਨ ਸਿੰਘ ਜੱਗੀ(ਸੰਪ). ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ.

3. ਡਾ. ਅਬਨਾਸ ਕੌਰ.ਪੰਜਾਬੀ ਰੇਖਾ-ਚਿੱਤਰ ਤੇ ਸਰੂਪ.ਪਬਲੀਕੇਸ਼ਨ ਬਿਊਰੋ.1990
4. ਕਰਨਜੀਤ ਸਿੰਘ. ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸ. ਪੰਜਾਬੀ ਅਕਾਦਮੀ ਦਿੱਲੀ,2005.
5. ਸਤਿੰਦਰ ਸਿੰਘ(ਡਾ.). ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ. ਪੰਜਾਬੀ ਅਕਾਦਮੀ ਦਿੱਲੀ,2005.
6. ਕੁਲਵੰਤ ਸਿੰਘ. ਪੰਜਾਬੀ ਵਾਰਤਕ: ਸੰਚਾਰ ਅਤੇ ਵਿਉਹਾਰ. ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ,2006.
7. ਪ੍ਰੀਤਲੜੀ, ਗੁਰਬਖਸ਼ ਸਿੰਘ. ਜ਼ਿੰਦਗੀ ਦੀ ਰਾਸ. ਨਵਯੁਗ ਪ੍ਰਕਾਸ਼ਨ ਨਵੀ ਦਿੱਲੀ,2009.
8. ਕਿਰਪਾਲ ਸਿੰਘ(ਡਾ). ਜਨਮਸਾਖੀ ਪਰੰਪਰਾ. ਪਬਲੀਕੇਸ਼ਨ ਬਿਊਰੋ ਪਟਿਆਲਾ,2009.
9. ਸਾਹਨੀ, ਬਲਰਾਜ. ਗ਼ੈਰ ਜਜ਼ਬਾਤੀ ਡਾਇਰੀ. ਆਰਸੀ ਪਬਲਿਸ਼ਰਜ਼ ਨਵੀ ਦਿੱਲੀ,2010.


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%B5%E0%A8%BE%E0%A8%B0%E0%A8%A4%E0%A8%95

https://%E0%A8%86%E0%A8%A7%E0%A9%81%E0%A8%A8%E0%A8%BF%E0%A8%95_%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%B5%E0%A8%BE%E0%A8%B0%E0%A8%A4%E0%A8%95_%E0%A8%A6%E0%A8%BE_%E0%A8%87%E0%A8%A4%E0%A8%BF%E0%A8%B9%E0%A8%BE%E0%A8%B8

https://www.veerpunjab.com/page.php?id=308&t=m

http://www.ggssc.net/files/magazine/2014,-12-(December,-2014)/Sada-Virsa-Sada-Gourav.pdf

**ਉੱਤਰਮਾਲਾ:**

| | | | | |
|---|---|---|---|---|
| 1 ੲ | 2. ੲ | 3. ੲ | 4. ੳ | 5. ੲ |
| 6 ੳ | 7. ੳ | 8. ਅ | 9. ਅ | 10. ੳ |
| 11 ਸ | 12. ਸ | 13. ਸ | 14. ਅ | 15. ਸ |

# ਅਧਿਆਇ–13. ਪੱਤਰਕਾਰੀ ਲੇਖਣ ਅਤੇ ਅਨੁਵਾਦ ਲੇਖਣ

*Harjot Kaur, Lovely Professional University*

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪੱਤਰਕਾਰੀ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਅਨੁਵਾਦ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਅਨੁਵਾਦ ਤੇ ਪੱਤਰਕਾਰੀ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਅਨੁਵਾਦ ਕਰ ਸਕਣ ਦੇ ਯੋਗ ਹੋਣਗੇ।

**ਪ੍ਰਸਤਾਵਨਾ**: ਰਚਨਾਤਮਕ ਲੇਖਣ ਸਾਹਿਤ ਦੀ ਮਹੱਤਵਪੂਰਨ ਅਧਾਰਸ਼ਿਲਾ ਹੈ।ਇਸ ਨਾਲ ਸਾਹਿਤ ਤੇ ਸਾਹਿਤ ਦੇ ਵੱਖ ਵੱਖ ਰੂਪਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਪੱਤਰਕਾਰੀ ਕਰਨ ਦਾ ਢੰਗ, ਅਨੁਵਾਦ ਕਰਨ ਦੀ ਜਾਂਚ ਆਦਿ ਦੱਸੀ ਜਾਏਗੀ ਜਿਸ ਨਾਲ ਵਿਦਿਆਰਥੀ ਆਪਣੀ ਰਚਨਾਤਮਕ ਲੇਖਣ ਸ਼ਕਤੀ ਵਿਚ ਹੋਰ ਨਿਪੁੰਨ ਹੋ ਸਕਦੇ ਹਨ। ਵਰਤਮਾਨ ਯੁੱਗ ਵਿਚ ਇਸ ਰਾਹੀ ਕਰੀਅਰ ਬਣਾਉਣ ਤੇ ਸਾਹਿਤ ਰਚਨਾ ਪ੍ਰਤੀ ਰੁਚੀ ਨੂੰ ਹੋਰ ਉਜਾਗਰ ਕੀਤਾ ਜਾ ਸਕਦਾ ਹੈ।

## ਵਿਸ਼ਾ ਵਸਤੂ:

**ਅਨੁਵਾਦ:** ਅਨੁਵਾਦ ਸ਼ਬਦ ਦੀ ਉਤਪਤੀ ਜਾਂ ਸੰਬੰਧ ਵਦੁ ਧਾਤ ਤੋਂ ਹੈ ਜਿਸ ਦਾ ਅਰਥ ਹੈ ਬੋਲਣਾ ਜਾਂ ਕਹਿਣਾ। ਆਦਿ ਕਾਲ ਵਿੱਚ ਸਿੱਖਿਆ ਦੀ ਮੌਖਿਕ ਪ੍ਰੰਪਰਾ ਸੀ, ਗੁਰੂ ਲੋਕ ਆਖਦੇ ਸਨ ਸ਼ਿਸ਼ ਦੁਹਾਰਾਉਂਦੇ ਸਨ। 14ਵੀਂ ਪੰਦਰ੍ਹਵੀਂ ਸਦੀ ਤੋਂ ਪਹਿਲਾਂ ਹੀ ਜੋਤਿਸ਼ ਅਤੇ ਨੀਤੀ ਕਥਾਵਾਂ ਦੇ ਅਨੁਵਾਦ ਸੰਸਕ੍ਰਿਤ ਅਤੇ ਹੋਰਨਾਂ ਭਾਸ਼ਾਵਾਂ ਤੋਂ ਹੋਣ ਲੱਗ ਪਏ ਸਨ। ਜਿਸ ਨੂੰ 'ਭਾਸ਼ਾ ਟੀਕਾ' ਆਖਦੇ ਸਨ। ਅੱਗੇ ਚੱਲ ਕੇ ਫਾਰਸੀ ਦੇ ਪ੍ਰਚਾਰ ਅਤੇ ਪ੍ਰਸਾਰ ਕਰਕੇ ਤਰਜਮਾ ਸ਼ਬਦ ਚੱਲ ਪਿਆ। ਭਾਰਤੇਂਦੂ ਹਰੀਸ਼ਚੰਦਰ ਨੇ (1861) ਰਤਨਾਵਲੀ ਦੇ ਮੁੱਖ ਬੰਦ ਵਿੱਚ ਅਨੁਵਾਦ ਲਈ ਤਰਜਮਾ ਸ਼ਬਦ ਦੀ ਵਰਤੋਂ ਕੀਤੀ, ਇਨ੍ਹਾਂ ਸ਼ਬਦਾਂ ਦੇ ਨਾਲ-ਨਾਲ 'ਉਲੱਥਾ' ਸ਼ਬਦ ਵੀ ਚੱਲ ਪਿਆ ਸੀ। ਸਮੇਂ ਦੇ ਨਾਲ-ਨਾਲ ਛਾਇਆ, ਟੀਕਾ, ਭਾਸ਼ਾਨੁਵਾਦ, ਤਰਜਮਾ ਅਤੇ ਉਲੱਥਾ ਸ਼ਬਦ ਦੀ ਵਰਤੋਂ ਹੋ ਰਹੀ ਸੀ। 19ਵੀਂ ਸਦੀ ਵਿੱਚ 'ਅਨੁਵਾਦ' ਸ਼ਬਦ ਵਰਤੋਂ ਵਿੱਚ ਆ ਗਿਆ ਸੀ।

| | |
|---|---|
| ਮਾਰਟਿਨ ਲੂਥਰ | ਬਾਈਬਲ ਦੀ ਨਵੀਂ ਪੋਥੀ ਦਾ ਅਨੁਵਾਦ ਜਰਮਨ ਵਿੱਚ ਕੀਤਾ। ਭਾਵੇਂ ਉਸ ਤੋਂ ਪਹਿਲਾਂ ਅੰਗਰੇਜ਼ੀ, ਡੱਚ, ਜਰਮਨ, ਭਾਸ਼ਾਵਾਂ ਵਿੱਚ ਬਾਈਬਲ ਦੇ ਅਨੁਵਾਦ ਆ ਚੁੱਕੇ ਸਨ ਪਰ ਕਿਸੇ ਵੀ ਅਨੁਵਾਦ ਦਾ ਕਿਸੇ ਭਾਸ਼ਾ ਨੇ ਇੰਨਾ ਵੱਡਾ ਅਸਰ ਨਹੀਂ ਕਬੂਲਿਆ ਜਿੰਨਾ ਅਸਰ ਲੂਥਰ ਦੀ ਬਾਈਬਲ ਦਾ ਜਰਮਨ ਭਾਸ਼ਾ 'ਤੇ ਪਿਆ। |
| ਟਾਮਸ ਨਾਰਥ | ਰੋਮਨਾਂ ਅਤੇ ਯੂਨਾਨੀਆਂ ਦੀਆਂ ਜੀਵਨੀਆਂ ਦਾ ਅਨੁਵਾਦ ਪ੍ਰਕਾਸ਼ਿਤ ਕੀਤਾ। ਜਿਨ੍ਹਾਂ ਅਨੁਵਾਦਾਂ ਤੋਂ ਸ਼ੈਕਸ਼ਪੀਅਰ ਨੇ ਜੂਲੀਅਸ-ਸੀਜ਼ਰ ਅਤੇ ਆਪਣੇ ਕਈ ਨਾਟਕਾਂ ਦੇ ਕਥਾਨਕ ਲਏ। |
| ਮੈਥਿਊ ਆਰਨਾਲਡ | ਅੰਗਰੇਜ਼ੀ ਦੇ ਚੰਗੇ ਅਨੁਵਾਦਕ ਅਤੇ ਅਨੁਵਾਦ ਚਿੰਤਕ ਸਨ। ਉਨ੍ਹਾਂ ਹੋਮਰ ਦੇ ਕੁਝ ਭਾਗਾਂ ਦਾ ਅੰਗੇਰਜ਼ੀ ਵਿੱਚ ਅਨੁਵਾਦ ਕੀਤਾ। |
| ਮਸ਼ਹੂਰ ਕਵੀ ਅਤੇ ਆਲੋਚਕ ਫਿਟਜ਼ਜੇਰਾਲਡ | ਇੱਕ ਵੱਡੇ ਕਵੀ ਤਾਂ ਸਨ ਹੀ ਪਰ ਉਨ੍ਹਾਂ ਦੀ ਮਸ਼ਹੂਰੀ ਵਿਸ਼ਵ ਵਿੱਚ ਉਮਰ ਖ਼ਯਾਮ ਦੀਆਂ ਰੁਬਾਈਆਂ ਦੇ ਅਨੁਵਾਦ ਕਰਕੇ ਜਿਆਦਾ ਹੋਈ। ਉਨ੍ਹਾਂ ਉਮਰ ਖ਼ਯਾਮ ਦੀਆਂ ਰੁਬਾਈਆਂ ਦਾ ਭਾਵ-ਅਨੁਵਾਦ ਕੀਤਾ। |
| ਨੱਨਇਆ ਭੱਟ | ਮਹਾਂਭਾਰਤ ਦਾ ਅਨੁਵਾਦ ਸੰਸਕ੍ਰਿਤ ਤੋਂ ਤੇਲਗੂ ਭਾਸ਼ਾ ਵਿੱਚ ਕੀਤਾ। ਪੋਤਨਾ ਨੇ ਵੀ ਭਾਗਵਤ ਦਾ ਅਨੁਵਾਦ ਤੇਲਗੂ ਵਿੱਚ ਕੀਤਾ। |

### ਭਾਰਤੀ ਅਨੁਵਾਦਕ:

| | |
|---|---|
| **ਗੁਰੂ ਰਾਬਿੰਦਰਨਾਥ ਟੈਗੋਰ,** | **ਰਾਮ ਚੰਦਰ ਸ਼ੁਕਲ,** |
| **ਹਜ਼ਾਰੀ ਪ੍ਰਸ਼ਾਦ ਦਵੇਦੀ,** | **ਮੁਨਸ਼ੀ ਪ੍ਰੇਮ ਚੰਦ,** |
| **ਹਰਿਵੰਸ਼ਰਾਏ ਬੱਚਨ,** | **ਰਾਮਧਾਰੀ ਸਿੰਘ ਦਿਨਕਰ** |
| **ਧਰਮਵੀਰ ਭਾਰਤੀ,** | **ਤੇਜ਼ੀ ਗਰੋਵਰ,** |
| **ਅਸ਼ੋਕ ਵਾਜਪਾਈ,** | **ਗੁਲਜਾਰ,** |
| **ਸੁਰੇਸ਼ ਸਲੀਲ,** | **ਸੁਭਾਸ਼ ਨੀਰਵ,** |
| **ਡਾ. ਹਜ਼ਾਰੀ ਪ੍ਰਸਾਦ** | **ਐਸ.ਐਸ. ਅਮੋਲ,** |

| | |
|---|---|
| **ਪ੍ਰੋ. ਪ੍ਰੀਤਮ ਸਿੰਘ,** | **ਡਾ. ਮੋਹਨ ਸਿੰਘ ਦੀਵਾਨਾ,** |
| **ਗੁਰਬਖਸ਼ ਸਿੰਘ ਪ੍ਰੀਤਲੜੀ,** | **ਪਿਆਰਾ ਸਿੰਘ ਸਹਿਰਾਈ,** |
| **ਭਾਈ ਮੋਹਨ ਸਿੰਘ ਵੈਦ,** | **ਗੁਰਦੇਵ ਸਿੰਘ ਰੁਪਾਣਾ,** |
| **ਸੁਖਵੀਰ,** | **ਪ੍ਰੋ. ਮੋਹਨ ਸਿੰਘ,** |
| ਗੁਲਜ਼ਾਰ ਸਿੰਘ ਸੰਧੂ | ਡਾ. ਰਤਨ ਸਿੰਘ ਜੱਗੀ, |
| **ਗੁਰਬਚਨ ਸਿੰਘ ਭੁੱਲਰ,** | **ਗੁਰਦਿਆਲ ਸਿੰਘ,** |
| **ਸੁਰਜੀਤ ਹਾਂਸ,** | **ਹਰਪਾਲ ਪੰਨੂ,** |
| **ਡਾ. ਤਾਰਨ ਵਿੱਚ,** | **ਡਾ. ਕਰਨਜੀਤ,** |
| **ਦਰਸ਼ਨ ਸਿੰਘ,** | **ਆਰ.ਐਸ. ਸਰਕਾਰੀਆਂ,** |
| **ਨਰੈਣ ਸਿੰਘ ਗਿਆਨੀ,** | **ਪ੍ਰੀਤਮ ਸਿੰਘ ਮਨਚੰਦਾ,** |
| **ਪ੍ਰੋ. ਇੰਦੇ,** | **ਡਾ. ਪ੍ਰੇਮ ਪ੍ਰਕਾਸ਼,** |
| **ਨਰਿੰਦਰਪਾਲ ਸਿੰਘ,** | **ਗੁਰਬਖਸ਼ ਸਿੰਘ ਫਰੈਂਕ** |

ਅਨੁਵਾਦ ਇੱਕ ਅਨੋਖੀ ਤੇ ਇਕੱਲੀ ਕਲਾ ਹੈ ਜਿਸ ਨੂੰ ਸੰਪੂਰਨਤਾ ਦੀ ਸਿਖ਼ਰ 'ਤੇ ਪਹੁੰਚਾਉਣਾ ਅਸੰਭਵ ਹੈ। ਕਵਿਤਾ ਤੇ ਨਾਟਕ 'ਤੇ ਹੋਰ ਵੱਧ ਬਲ ਨਾਲ ਲਾਗੂ ਹੁੰਦੀ ਹੈ ਕਿਉਂਕਿ ਇਨ੍ਹਾਂ ਅੰਦਰ ਮਨੁੱਖ ਤੇ ਅੰਤਰੀਵ ਮਨੋਭਾਵਾਂ ਦਾ ਹੜ੍ਹ ਹੁੰਦਾ ਹੈ ਜੋ ਵਿਧਾ ਦੀਆਂ ਸੀਮਾਵਾਂ ਵਿੱਚ ਪੂਰੀ ਤਰ੍ਹਾਂ ਨਹੀਂ ਸਮਾਉਂਦਾ ਹੈ। ਆਮ ਅਨੁਵਾਦਕ ਸਾਹਿਤਿਕ ਅਨੁਵਾਦ ਪ੍ਰਤੀ ਵੀ ਓਹੋ ਹੀ ਦ੍ਰਿਸ਼ਟੀਕੋਨ ਕਾਇਮ ਰੱਖਣ ਦਾ ਯਤਨ ਕਰਦਾ ਹੈ ਜੋ ਉਹ ਦੂਜੇ ਦੁਨਿਆਵੀ ਜਾਂ ਜੀਵਨ ਦੀ ਆਮ ਸਮੱਗਰੀ ਵਾਲੇ ਪੰਨਿਆਂ ਨੂੰ ਉਲਥਾਉਣ ਬਾਰੇ ਰੱਖਦਾ ਹੈ। ਸਾਹਿਤ ਦੇ ਅਨੁਵਾਦ ਲਈ ਅਨੁਵਾਦਕ ਕੋਲ ਵਧੇਰੇ ਖੁੱਲ੍ਹ ਅਤੇ ਗੁੰਜਾਇਸ਼ ਹੁੰਦੀ ਹੈ।

**ਸਤੀਸ਼ ਕੁਮਾਰ ਵਰਮਾ ਦੀ ਧਾਰਣਾ ਅਨੁਸਾਰ** :

> "ਅਨੁਵਾਦ ਦੀ ਮਹੱਤਤਾ ਉਦੋਂ ਤੋਂ ਹੈ ਜਦੋਂ ਤੋਂ ਸਾਹਿਤ ਦੀ ਰਚਨਾ ਹੋਈ ਅਤੇ ਅਨੁਵਾਦ ਤੇ ਸਾਹਿਤ ਦਾ ਰਿਸ਼ਤਾ ਡੂੰਘਾ ਹੈ। ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਸਾਹਿਤ ਪਰਤਾਉਣ ਦੀ ਪ੍ਰਕਿਰਿਆ ਵਿੱਚ ਹੀ ਅਨੁਵਾਦ ਦਾ ਵਰਤਾਰਾ ਹੋਂਦਸ਼ੀਲ ਹੋਇਆ।"

**ਡਾ. ਫੂਲ ਚੰਦ ਮਾਨਵ ਦੇ ਅਨੁਸਾਰ**:

> "ਅਨੁਵਾਦ ਤੇ ਸਾਹਿਤ ਪਰਸਪਰ ਪੁਰਤਨਾਤਮਕ ਅੰਤਰਰਾਸ਼ਟਰੀ, ਰਾਸ਼ਟਰੀ, ਸੂਬਾਈ ਜਾਂ ਭਾਸ਼ਾਈ ਪੱਧਰ 'ਤੇ ਅਨੁਵਾਦ ਸਮਾਜ ਦੇ ਹਾਲਾਤ ਸਮਝੇ ਜਾ ਸਕਦੇ ਹਨ।"

**ਡਾ. ਰਾਜਿੰਦਰ ਸਿੰਘ ਦੇ ਅਨੁਸਾਰ**:

> "ਅਨੁਵਾਦ ਕਰਨ ਵੇਲੇ ਭਾਸ਼ਾ ਦੇ ਮੌਲਿਕ ਸ਼ਬਦਾਂ ਨੂੰ ਵਰਤਣਾ ਚਾਹੀਦਾ ਹੈ।"

**ਅਨੁਵਾਦ ਕਰਨ ਸਮੇਂ ਇਨ੍ਹਾਂ ਨੁਕਤਿਆਂ ਉਪਰ ਖਿਆਲ ਦੇਣਾ ਜ਼ਰੂਰੀ ਹੁੰਦਾ ਹੈ**:

- ਅਨੁਭਵ ਵਿੱਚ ਅਨੁਵਾਦ ਇਕ ਅਭਿਆਸ ਹੈ।
- ਅਨੁਵਾਦ ਕਰਨਾ ਦੋ ਭਾਸ਼ਾਵਾਂ ਨੂੰ ਹੰਢਾਉਣਾ ਤੇ ਜਿਉਣਾ ਹੈ। ਇਕ ਭਾਸ਼ਾ ਵਿਚ ਪਏ ਤੱਤਾਂ ਨੂੰ ਖੰਘਾਲਣਾ ਤੇ ਦੂਸਰੀ ਭਾਸ਼ਾ ਵਿੱਚ ਉਹਨਾਂ ਤੱਤਾਂ ਨੂੰ ਪੁਨਰ-ਸੁਰਜੀਤ ਕਰਨਾ ਹੁੰਦਾ ਹੈ।
- ਦੁਨੀਆਂ ਦੀਆਂ ਬਹੁਤ ਸਾਰੀਆਂ ਮਹਾਨ ਪੁਸਤਕਾਂ ਹਨ ਜੋ ਸਾਡੇ ਕੋਲ ਅਨੁਵਾਦ ਰਾਹੀਂ ਹੀ ਪਹੁੰਚਦੀਆਂ ਹਨ।
- ਅਨੁਵਾਦ ਸਾਡੇ ਕੋਲ ਪਹੁੰਚਣਾ ਵੱਖਰੀ ਗੱਲ ਹੈ ਪਰ ਕਿਤਾਬ ਦਾ ਮੂਲ ਪਹੁੰਚਣਾ ਬਹੁਤ ਜ਼ਰੂਰੀ ਹੈ।
- ਚੰਗਾ ਅਨੁਵਾਦ ਕਿਤਾਬ ਦੇ ਮੂਲ ਨੂੰ ਕਾਇਮ ਰੱਖਦਾ ਹੈ ਤੇ ਮਾੜਾ ਅਰਥਾਂ ਦਾ ਅਨਰਥ ਕਰ ਦਿੰਦਾ ਹੈ।

## ਪੰਜਾਬੀ ਵਿਚ ਅਨੁਵਾਦ ਕਰਨ ਸਮੇਂ ਦੀਆਂ ਮੁਸ਼ਕਿਲਾਂ:

- ਸਾਰੀਆਂ ਗੱਲਾਂ ਦਾ ਉਲੱਥਾ ਸੰਭਵ ਹੀ ਨਹੀਂ ਕਿਉਂਕਿ ਜਾਂ ਤਾਂ ਪੰਜਾਬੀ ਵਿੱਚ ਸਾਡੇ ਕੋਲ ਅੰਗਰੇਜ਼ੀ ਦੇ ਕਈ ਸ਼ਬਦਾਂ ਲਈ ਇੰਨ-ਬਿੰਨ ਅਰਥਾਂ ਵਾਲੇ ਸ਼ਬਦ ਹੀ ਨਹੀਂ ਹਨ
- ਉਹ ਸਮਾਜਿਕ, ਸਭਿਆਚਾਰਕ ਤੇ ਆਰਥਿਕ ਅਨੁਭਵ ਹੀ ਨਹੀਂ ਹੈ ਜਿਸ ਅਨੁਭਵ ਨਾਲ ਉਹ ਗੱਲ ਲਿਖੀ ਗਈ ਹੈ।
- ਸ਼ਬਦਾਂ ਦੀ ਗੱਲ ਕਰੀਏ ਤਾਂ ਕਿ ਕਈ ਸ਼ਬਦਾਂ/ਅਨੁਭਵਾਂ ਨੂੰ ਅਨੁਵਾਦ ਕਰਨ ਲੱਗਿਆਂ ਉਹਨਾਂ ਅਰਥਾਂ ਨੂੰ ਇੰਨ-ਬਿੰਨ ਪ੍ਰਗਟਾਉਣ ਲਈ ਢੁਕਵੇਂ ਪੰਜਾਬੀ ਸ਼ਬਦਾਂ ਦੀ ਕਮੀ ਰੜਕਦੀ ਰਹੀ ਹੈ।
- ਇਸ ਤਰ੍ਹਾਂ ਪੰਜਾਬੀ ਸ਼ਬਦਾਵਲੀ ਵਿੱਚ ਬਹੁਤ ਸਾਰੇ ਸ਼ਬਦਾਂ ਦੀ ਘਾਟ ਮਹਿਸੂਸ ਹੋਈ। ਸਾਡੇ ਕੋਸ਼ਕਾਰਾਂ ਨੂੰ ਚਾਹੀਦਾ ਹੈ ਕਿ ਇਹਨਾਂ ਚੁਣੌਤੀਆਂ ਨਾਲ ਨਜਿੱਠਣ ਲਈ ਉਹ ਸਾਨੂੰ ਨਵੇਂ ਸ਼ਬਦ ਉਪਲਬੱਧ ਕਰਵਾਉਣ।

### ਡਾ. ਰਾਜੇਸ਼ ਕੁਮਾਰ ਸ਼ਰਮਾ ਦੇ ਅਨੁਸਾਰ:

> "ਕਿਸੇ ਵਾਕ ਨਾਲ ਇੰਨ-ਬਿੰਨ ਬੱਝ ਕੇ ਅਨੁਵਾਦ ਨਹੀਂ ਕੀਤਾ ਜਾ ਸਕਦਾ। 'ਅਨੁਵਾਦ' ਸ਼ਬਦ ਦੀ ਵਿਆਖਿਆ ਕਰਦਿਆਂ ਉਹਨਾਂ ਨੇ ਦੱਸਿਆ ਕਿ ਇਸਦਾ ਮਤਲਬ ਹੁੰਦਾ ਹੈ 'ਬਾਅਦ ਵਾਲੇ ਬੋਲ' ।ਅਨੁਵਾਦ ਜਿਸ ਇਤਿਹਾਸ ਦੀ ਘੜੀ ਦੇ ਮੌਕੇ ਤੇ ਆਉਂਦਾ ਹੈ ਉਹ ਉਸ ਸਮੇਂ ਵਿੱਚ ਹੀ ਸੰਭਵ ਹੁੰਦਾ ਹੈ। "

ਇਸ ਤਰ੍ਹਾਂ ਅਨੁਵਾਦ ਅਨੁਵਾਦ ਨਾ ਹੋ ਕੇ ਇਕ ਨਵੀਂ ਵਿਧਾ ਵਜੋਂ ਉਭਰਦਾ ਹੈ। ਇਸ ਲਈ ਕਹਿ ਸਕਦੇ ਹਾਂ ਕਿ ਅਨੁਵਾਦ ਕੀਤਾ ਨਹੀਂ, ਲਿਖਿਆ ਜਾਂਦਾ ਹੈ। ਇਸ ਤਰ੍ਹਾਂ ਅਨੁਵਾਦ ਪਹਿਲੀ ਭਾਸ਼ਾ ਵਿੱਚ ਲਿਖੀ ਗਈ ਪੁਸਤਕ ਨੂੰ ਜਿਉਣਾ ਹੁੰਦਾ ਹੈ ਫੇਰ ਉਸੇ ਜ਼ਿੰਦਗੀ ਨੂੰ ਦੂਸਰੀ ਭਾਸ਼ਾ ਵਿਚ ਪੁਨਰ-ਸੁਰਜੀਤ ਕਰਨਾ ਹੁੰਦਾ ਹੈ। ਇਹ ਆਪਣੇ ਆਪ ਨੂੰ ਢਾਲਣ ਤੇ ਮੁੜ ਉਸਾਰਨ ਵਾਂਗ ਬੜਾ ਮਿਹਨਤੀ ਤੇ ਸੰਜਮੀ ਕੰਮ ਹੈ। ਤਜਰਬੇਕਾਰ ਅਨੁਵਾਦਕਾਂ ਮੁਤਾਬਕ ਅਨੁਵਾਦ ਇੱਕ ਕਿਸਮ ਦੀ ਕਲਾ ਹੈ।, ਅਨੁਵਾਦਕ ਕੀ ਕਰਦਾ ਹੈ, ਉਹ ਇੱਕ ਭਾਸ਼ਾ ਦੇ ਸ਼ਬਦਾਂ ਨੂੰ ਦੂਸਰੀ ਭਾਸ਼ਾ ਦੇ ਸ਼ਬਦਾਂ ਨਾਲ ਬਦਲਦਾ ਹੈ। ਇਸ ਪ੍ਰਕਿਰਿਆ ਵਿੱਚ ਰਚਨਾਤਮਿਕਤਾ ਅਤੇ ਕਲਪਨਾ ਦੀ ਲੋੜ ਹੁੰਦੀ ਹੈ।ਅਨੁਵਾਦਕ ਦਾ ਕੰਮ ਅਸਲ ਵਿੱਚ ਇੱਕ ਸੁਨੇਹੇ ਦੀ ਵਿਆਖਿਆ ਕਰਨਾ ਹੁੰਦਾ ਹੈ, ਤਾਂ ਜੋ ਅਨੁਵਾਦ ਕੀਤੀ ਭਾਸ਼ਾ ਨੂੰ ਪੜ੍ਹਨ ਵਾਲੇ ਲੋਕ ਅਨੁਵਾਦ ਹੋਈ ਲਿਖਤ ਦਾ ਭਾਵ ਸਮਝ ਸਕਣ। ਕਈ ਵਾਰ ਸ਼ਾਬਦਿਕ ਅਨੁਵਾਦ ਸੰਭਵ ਨਹੀਂ ਹੈ ਕਿਉਂਕਿ ਕਦੇ ਕਦਾਈਂ ਲਿਖਤ ਵਿੱਚ ਕੁਝ ਸ਼ਬਦ ਤਕਨਾਲੋਜੀ, ਵਿਗਿਆਨ, ਵਾਤਾਵਰਨ, ਸਿਹਤ ਆਦਿ ਸੰਬੰਧੀ ਹੁੰਦੇ ਹਨ। ਜਿਨ੍ਹਾਂ ਦਾ ਸ਼ਾਬਦਿਕ ਅਨੁਵਾਦ ਕਰਨਾ ਅਨੁਵਾਦਕ ਵਾਸਤੇ ਮੁਸ਼ਕਲ ਹੋ ਸਕਦਾ ਹੈ ਕਿਉਂਕਿ ਅਜਿਹੇ ਸ਼ਬਦ ਆਪਣੀ ਮੂਲ ਭਾਸ਼ਾ ਵਿੱਚ ਏਨੇ ਪ੍ਰਚਲਿਤ ਹੋ ਗਏ ਹਨ ਜਿਨ੍ਹਾਂ ਨੂੰ ਆਮ ਲੋਕ ਸੌਖੀ ਤਰ੍ਹਾਂ ਸਮਝਦੇ ਹਨ।ਅਨੁਵਾਦ ਨੂੰ ਇੱਕ ਕਲਾ ਇਸ ਕਰਕੇ ਵੀ ਮੰਨਦੇ ਹਾਂ ਕਿਉਂਕਿ ਅਨੁਵਾਦ ਆਮ ਜਿਹਾ ਰੂਪਾਂਤਰਨ ਜਾਂ ਸ਼ਬਦਾਂ ਦੀ ਅਨੁਕੂਲਤਾ ਹੀ ਨਹੀਂ ਸਗੋਂ ਅਜਿਹੀ ਪ੍ਰਕਿਰਿਆ ਹੈ ਜਿਸ ਰਾਹੀਂ ਦੂਜੇ ਸਭਿਆਚਾਰ ਦੇ ਢਾਂਚੇ ਅਤੇ ਕਦਰਾਂ-ਕੀਮਤਾਂ ਦਾ ਸੋਧਿਆ ਰੂਪ ਵੀ ਪੇਸ਼ ਹੋਵੇ। ਦਰਅਸਲ, ਅਨੁਵਾਦ ਦੋ ਭਾਸ਼ਾਵਾਂ ਦਾ ਹੀ ਨਹੀਂ, ਦੋ ਸੰਸਕ੍ਰਿਤੀਆਂ ਵਿੱਚ ਪੁਲ ਦਾ ਕੰਮ ਕਰਦਾ ਹੈ। ਅਜੋਕੇ ਸਮੇਂ ਵਿੱਚ ਸੰਸਾਰ ਭਰ ਦੀਆਂ ਸ਼ਬਦਾਵਲੀ ਵਾਲੀਆਂ ਲਿਖਤਾਂ ਦਾ ਅਨੁਵਾਦ ਕਰਨ ਵੇਲੇ ਇੱਕ ਅਨੁਵਾਦਕ ਕਈ ਸਮੱਸਿਆਵਾਂ ਨਾਲ ਜੂਝਦਾ ਹੈ। ਕਿਉਂਕਿ ਕਈ ਵਾਰ ਇਸ ਤਰ੍ਹਾਂ ਦਾ ਸਮਾਂ ਵੀ ਆਉਂਦਾ ਜਦੋਂ ਇੱਕ ਲਿਖਤ ਤੋਂ ਦੂਜੀ ਲਿਖਤ ਵਿੱਚ ਅਨੁਵਾਦ ਕਰਨ ਵੇਲੇ ਰਾਜਾਂ ਅਤੇ ਖੇਤਰਾਂ ਵਿੱਚ ਵੰਡੇ ਹੋਏ ਸੰਸਾਰ ਵਿੱਚ ਅਨੁਵਾਦ ਹੋਈ ਲਿਖਤ ਇੱਕ ਜਗ੍ਹਾ ਵਾਸਤੇ ਢੁਕਵੀਂ ਤੇ ਦੂਜੀ ਵਾਸਤੇ ਅਢੁਕਵੀਂ ਹੋ ਸਕਦੀ ਹੈ। ਇਸ ਕਰਕੇ ਅਨੁਵਾਦਕ ਨੂੰ ਇਸ ਤਰ੍ਹਾਂ ਦੀਆਂ ਲਿਖਤਾਂ ਦਾ ਅਨੁਵਾਦ ਕਰਨ ਬਹੁਤ ਹੀ ਰਚਨਾਤਮਿਕ ਢੰਗ ਨਾਲ ਕਰਨਾ ਚਾਹੀਦਾ ਹੈ ਤਾਂ ਕਿ ਅਨੁਵਾਦ ਕੀਤੀ ਲਿਖਤ ਕਿਸੇ ਵੀ ਕੌਮ, ਦੇਸ਼, ਰਾਜ ਜਾਂ ਖੇਤਰ ਵਾਸਤੇ ਅਢੁਕਵੀਂ ਨਾ ਹੋਵੇ।ਅਨੁਵਾਦ ਇਸ ਕਰਕੇ ਵੀ ਇੱਕ ਕਲਾ ਹੈ ਕਿਉਂਕਿ ਇਹ ਬਹੁਤ ਹੀ ਖ਼ਿਆਲੀ ਹੈ ਅਤੇ ਹਰੇਕ ਅਨੁਵਾਦਕ ਸੁਨੇਹੇ ਦਾ ਵੱਖੋ-ਵੱਖਰੇ ਢੰਗ ਨਾਲ ਅਨੁਵਾਦ ਕਰ ਸਕਦਾ ਹੈ। ਕਈ ਵਾਰ ਅਨੁਵਾਦ ਨੂੰ ਸਮਝਣਾ ਬਹੁਤ ਔਖਾ ਹੋ ਜਾਂਦਾ ਹੈ ਅਤੇ ਇਹ ਨਹੀਂ ਪਤਾ ਲੱਗਦਾ ਕਿ ਮੂਲ ਭਾਸ਼ਾ ਵਿੱਚ ਕੀ ਕਿਹਾ ਗਿਆ ਹੋਵੇਗਾ। ਇਸ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਅਨੁਵਾਦ ਵਾਕਈ ਇੱਕ ਕਲਾ ਹੈ ਜਿਸ ਵਿੱਚ ਸਮੇਂ ਅਤੇ ਰਚਨਾਤਮਿਕਤਾ ਦੀ ਲੋੜ ਹੁੰਦੀ ਹੈ ਅਤੇ ਅਨੁਵਾਦਕ ਲਈ ਦੋਵਾਂ ਭਾਸ਼ਾਵਾਂ ਦੀ ਮੁਕੰਮਲ ਜਾਣਕਾਰੀ ਹੋਣ ਦੇ ਨਾਲ ਨਾਲ ਦੋਵਾਂ ਭਾਸ਼ਾਵਾਂ ਦੇ ਸੱਭਿਆਚਾਰਕ ਮੂਲ ਸਰੋਤ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੁੰਦਾ ਹੈ। ਇੱਕ ਸਫਲ ਅਨੁਵਾਦਕ ਦੀਆਂ ਵਿਸ਼ੇਸ਼ਤਾਵਾਂ ਹਨ ਕਿ ਅਨੁਵਾਦ ਪਾਰਦਰਸ਼ੀ ਤੇ ਮੌਲਿਕ ਜਾਪੇ ਜਿਸ ਵਿੱਚ ਖੁੱਲ੍ਹ ਹੋਏ, ਪਰ ਮੂਲ ਸਪਸ਼ਟ ਹੋਵੇ। ਉਸ ਨੂੰ ਉਸ ਭਾਸ਼ਾ ਅਤੇ ਦੇਸ਼ ਦੇ ਰਾਜਨੀਤਕ, ਆਰਥਿਕ ਤੇ ਸਮਾਜਿਕ ਹਾਲਾਤ ਬਾਰੇ ਵੀ ਪੂਰਾ ਗਿਆਨ ਹੋਵੇ।

**ਜੇ.ਐਨ. ਕੌਸ਼ਲ ਅਨਸੁਾਰ,**

> "ਅਨੁਵਾਦ ਕਈ ਪ੍ਰਕਾਰ ਦੇ ਹੁੰਦੇ ਹਨ ਜਿਵੇਂ ਭਾਵਨੁਵਾਦ, ਸ਼ਬਦਾਨੁਵਾਦ, ਰੂਪਾਂਤਰ ਅਤੇ ਭਾਸ਼ਾਂਨਤਰ ਆਦਿ।"

ਅਨੁਵਾਦ ਪ੍ਰਕਿਰਿਆ ਦਾ ਇੱਕ ਹੋਰ ਵੱਖਰਾ ਰੂਪ ਹੈ ਅਨੁਕੂਲਣ। ਇਹ ਇੱਕੋ ਭਾਸ਼ਾ ਦੇ ਅੰਦਰ ਵੀ ਹੋ ਸਕਦਾ ਹੈ, ਹੋਰਨਾਂ ਭਾਸ਼ਾਵਾਂ ਵਿੱਚ ਵੀ, ਇਹ ਇੱਕ ਅਜਿਹਾ ਅਨੁਵਾਦ ਧਰਮੀ ਵਪਾਰ ਹੈ ਜੋ ਦੋ ਰੂਪਾਂ ਵਿੱਚ ਪ੍ਰਯੋਗ ਹੁੰਦਾ ਹੈ- ਵਿਧਾ ਪਰਵਰਤਨ ਅਤੇ ਅਨੁਕੂਲਨ। ਵਿਧਾ ਪ੍ਰਵਰਤਨ ਵਿੱਚ ਵਿਧਾ ਰੂਪ ਬਦਲਦੀ ਹੈ ਪਰੰਤੂ ਵਿਸ਼ਾ ਵਸਤੂ ਓਹੀ ਰਹਿੰਦਾ ਹੈ- ਕਹਾਣੀ ਨੂੰ ਨਾਟਕ ਬਣਾ ਕੇ ਪੇਸ਼ ਕਰਨਾ, ਸਮਾਚਾਰ ਪੱਤਰ ਵਿੱਚ

ਪ੍ਰਕਾਸ਼ਿਤ ਕਿਸੇ ਘਟਨਾ ਨੂੰ ਕਹਾਣੀ ਦਾ ਰੂਪ ਦੇ ਦੇਣਾ। ਅਨੁਵਾਦਿਤ ਰਚਨਾ ਵਿੱਚ ਲੇਖਕ ਆਪਣੀ ਹੀ ਰਚਨਾ ਪ੍ਰਸਤੁਤ ਕਰਦਾ ਹੈ।ਮੂਲਪਾਠ ਵਿੱਚ ਉਸਦੀ ਸਮਾਨਤਾ ਜ਼ਿਆਦਾਤਰ ਰਚਨਾ ਦੇ ਸਿਰਲੇਖ ਅਤੇ ਸ਼ੁਰੂਆਤੀ ਵਿਸ਼ੇ ਬਿੰਦੂ ਦੇ ਪੱਧਰ ਉੱਤੇ ਦਿਖਾਈ ਦਿੰਦੀ ਹੈ ਇਸ ਅੰਸ਼ ਵਿੱਚ ਉਹ ਅਨੁਵਾਦਿਤ ਰਚਨਾ ਕਹਾਉਂਦੀ ਹੈ।

ਕਿਸੇ ਰਚਨਾ ਨੂੰ ਦੂਸਰੀ ਵਿਧਾ ਵਿੱਚ ਰੂਪਾਂਤਰਿਤ ਕਰਦੇ ਸਮੇਂ ਸੰਵੇਦਨਾ ਨੂੰ ਪਰਵਰਤਿਤ ਕਰਨ ਦੀ ਖੁੱਲ੍ਹ ਰੂਪਾਂਤਰਕਾਰ ਨੂੰ ਹੈ ਜਾਂ ਨਹੀਂ ਇਹ ਨਿਸ਼ਚਿਤ ਹੀ ਇੱਕ ਉਲਝਿਆ ਹੋਇਆ ਸਵਾਲ ਹੈ। ਹਾਲੇ ਤੱਕ, ਜ਼ਿਆਦਾਤਰ ਨਾਵਲਾਂ ਅਤੇ ਕਹਾਣੀਆਂ ਨੂੰ ਹੀ ਨਾਟਕ ਵਿੱਚ ਰੂਪਾਂਤਰਿਤ ਕੀਤਾ ਗਿਆ ਹੈ, ਕਿਸੇ ਨਾਟਕ ਦਾ ਜਾਂ ਨਾਵਲ ਦਾ ਕਹਾਣੀ ਵਿੱਚ ਰੂਪਾਂਤਰਣ ਨਹੀਂ ਹੋਇਆ। ਇਸ ਲਈ ਇਸ ਸਵਾਲ ਨੂੰ ਇੱਕ ਪੱਖੀ ਮੰਨ ਕੇ ਹੀ ਚੱਲਿਆ ਜਾ ਸਕਦਾ ਹੈ

**ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ**

**ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦ**

**ਹਿੰਦੀ ਤੇ ਪੰਜਾਬੀ ਵਿਚ ਅਨੁਵਾਦ**

**ਪੰਜਾਬੀ ਤੋਂ ਹਿੰਦੀ ਵਿਚ ਅਨੁਵਾਦ**

1. **ਸਿੱਧਾਂਰਥ ਨਾਵਲ ਅੰਗਰੇਜੀ ਤੋਂ ਪੰਜਾਬੀ ਵਿਚ ਅਨੁਵਾਦ ਹੋਇਆਂ**
2. **ਰਸੀਦੀ ਟਿਕਟ ਸਵੈ ਜੀਵਨੀ ਪੰਜਾਬੀ ਤੋਂ ਹਿੰਦੀ ਵਿਚ ਅਨੁਵਾਦ ਹੋਈ**
3. **ਲਾਲ ਬੱਤੀ ਪੰਜਾਬੀ ਨਾਵਲ ਅੰਗਰੇਜ਼ੀ ਤੇ ਹਿੰਦੀ ਵਿਚ ਅਨੁਵਾਦ ਹੋਇਆ**
4. **ਏ ਰੂਮ ਔਫ ਵਨਣ ਅਉਨ( ਆਪਣਾ ਇਕ ਕਮਰਾ) ਅੰਗਰੇਜ਼ੀ ਤੇ ਪੰਜਾਬੀ ਵਿਚ ਅਨੁਵਾਦ ਹੋਇਆ**
5. **ਤਮਸ ਹਿੰਦੀ ਨਾਟਕ ਪੰਜਾਬੀ ਵਿਚ ਅਨੁਵਾਦ ਹੋਇਆਂ**

**ਪੱਤਰਕਾਰੀ ਲੇਖਣ:**ਪੰਜਾਬੀ ਵਿਚ ਪੱਤਰਕਾਰੀ ਦਾ ਆਰੰਭ ਆਧੁਨਿਕ ਪੰਜਾਬੀ ਵਾਰਤਕ ਦੇ ਆਰੰਭ ਨਾਲ ਹੋਇਆ। 19ਵੀਂ ਸਦੀ ਦੇ ਪਿਛਲੇ ਸਮੇਂ ਇਸਾਈ ਮਿਸ਼ਨਰੀਆਂ ਦੁਆਰਾ ਲੁਧਿਆਣਾ ਵਿਚ ਛਾਪਾਖਾਨਾਂ ਲਗਾਇਆਂ ਗਿਆ,ਜਿਸ ਤੋਂ ਗੁਰਮੁਖੀ ਅਖਬਾਰ 'ਚੁਪਤ੍ਰੀਆਂ' ਆਰੰਭ ਹੋਇਆਂ।

**ਪੱਤਰਕਾਰੀ ਦਾ ਅਰਥ:** ਖ਼ਬਰਾਂ ਨੂੰ ਇਕੱਠੇ ਕਰ ਕੇ, ਇੱਕ ਵਿਸ਼ੇਸ਼ ਰੂਪ ਦੇਕੇ, ਲੋਕਾਂ ਤੱਕ ਪਹੁੰਚਾਉਣ ਦੇ ਕੰਮ ਨੂੰ ਕਿਹਾ ਜਾਂਦਾ ਹੈ। ਇਹ ਸ਼ਬਦ ਖ਼ਬਰਾਂ ਇਕੱਠੇ ਕਰਨ ਅਤੇ ਸਾਹਿਤਕ ਅੰਦਾਜ਼ ਵਿੱਚ ਉਹਨਾਂ ਦੀ ਪੇਸ਼ਕਾਰੀ, ਦੋਨਾਂ ਲਈ ਵਰਤਿਆ ਜਾਂਦਾ ਹੈ।

## ਪੱਤਰਕਾਰੀ ਕਿਸਮਾਂ:

- **ਅਖ਼ਬਾਰ**
- **ਰਸਾਲੇ**
- **ਟੀ. ਵੀ**
- **ਰੇਡੀਓ**
- **ਖ਼ਬਰਾਂ ਦੀਆਂ ਵੈੱਬਸਾਈਟਾਂ**

ਆਧੁਨਿਕ ਸਮਾਜ ਵਿੱਚ ਖ਼ਬਰਾਂ ਰਾਹੀਂ ਹੀ ਆਮ ਲੋਕਾਂ ਨੂੰ ਦੁਨੀਆਂ ਵਿੱਚ ਵਾਪਰ ਰਹੇ ਵਰਤਾਰਿਆਂ ਬਾਰੇ ਪਤਾ ਲੱਗਦਾ ਹੈ। ਕੁਝ ਮੁਲਕਾਂ ਵਿੱਚ ਪੱਤਰਕਾਰੀ ਆਪਣੇ ਆਪ ਵਿੱਚ ਸੁਤੰਤਰ ਨਹੀਂ ਹੈ ਸਗੋਂ ਸਰਕਾਰ ਦੁਆਰਾ ਇਸ ਉੱਤੇ ਨਿਯੁੰਤਰਨ ਕੀਤਾ ਜਾਂਦਾ ਹੈ।ਪੱਤਰਕਾਰੀ ਅਤੇ ਜਨ ਸੰਚਾਰ ਇੱਕ ਅਜਿਹਾ ਵਿਸ਼ਾ ਹੈ ਜਿਸ ਨੂੰ ਪੜ੍ਹ ਕੇ ਵਿਦਿਆਰਥੀ ਆਪਣਾ ਭਵਿੱਖ ਉਜਵਲ ਬਣਾ ਸਕਦੇ ਹਨ। ਇਸ ਵਿਸ਼ੇ ਦੀ ਪੜ੍ਹਾਈ ਕਰਕੇ ਵਿਦਿਆਰਥੀ ਸਥਾਨਕ ਪੱਧਰ ਤੋਂ ਲੈ ਕੇ ਕੌਮਾਂਤਰੀ ਪੱਧਰ ਤਕ ਮੱਲਾਂ ਮਾਰ ਸਕਦੇ ਹਨ। ਸਕੂਲ ਪੱਧਰ ਉੱਤੇ ਇਹ ਵਿਸ਼ਾ ਹਾਲੇ ਤਕ ਸਾਡੀ ਸਿੱਖਿਆ ਪ੍ਰਣਾਲੀ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ। ਇਸ ਕਾਰਨ ਬਹੁਤ ਹੀ ਘੱਟ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਨੂੰ ਇਸ ਵਿਸ਼ੇ ਬਾਰੇ ਜਾਣਕਾਰੀ ਹੈ, ਪਰ ਹਰੇਕ ਵਿਅਕਤੀ ਇਸ ਵਿਸ਼ੇ ਨਾਲ ਜੁੜਿਆ ਹੋਇਆ ਹੈ। ਇਹ ਇੱਕ ਅਜਿਹਾ ਵਿਸ਼ਾ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਇੱਕ ਚੰਗਾ ਬੁਲਾਰਾ ਜਾਂ ਲਿਖਾਰੀ ਬਣਨ ਤੋਂ ਇਲਾਵਾ ਉਨ੍ਹਾਂ ਨੂੰ ਚੰਗੇ ਸ਼ਰੋਤਾ ਅਤੇ ਪਾਠਕ ਬਣਨਾ ਵੀ ਸਿਖਾਇਆ ਜਾਂਦਾ ਹੈ। ਪੰਜਾਬ ਵਿੱਚ ਇਹ ਵਿਸ਼ਾ ਕਈ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ ਜਾਂਦਾ ਹੈ। ਪੱਤਰਕਾਰੀ ਦੇ ਕੋਰਸ ਅਜਿਹੇ ਕੋਰਸ ਹਨ ਜੋ ਬਾਰ੍ਹਵੀਂ ਜਾਂ

ਗ੍ਰੈਜੁਏਸ਼ਨ ਕਿਸੇ ਵੀ ਵਿਸ਼ਿਆਂ ਵਿੱਚ ਕੀਤੇ ਵਿਦਿਆਰਥੀਆਂ ਨੂੰ ਆਪਣੇ ਵਿੱਚ ਸਮੋ ਸਕਦੇ ਹਨ, ਭਾਵ ਕੋਈ ਵੀ ਵਿਦਿਆਰਥੀ ਪੱਤਰਕਾਰੀ ਦੀ ਬੀਏ, ਐਮਏ ਜਾਂ ਐਡ ਆਨ ਕੋਰਸ ਕਰ ਸਕਦੇ ਹਨ। ਵਿਦਿਆਰਥੀਆਂ ਨੂੰ ਦਾਖ਼ਲਾ ਲੈਣ ਤੋਂ ਪਹਿਲਾਂ ਇਸ ਵਿਸ਼ੇ ਬਾਰੇ ਜਾਣਕਾਰੀ ਜ਼ਰੂਰ ਹਾਸਲ ਕਰਨੀ ਚਾਹੀਦੀ ਹੈ। ਅਜੋਕੇ ਸਮੇਂ ਵਿੱਚ ਸਾਡੇ ਦੇਸ਼ ਵਿੱਚ ਸਥਾਨਕ ਪੱਧਰ ਤੋਂ ਲੈ ਕੇ ਕੌਮਾਂਤਰੀ ਪੱਧਰ ਤਕ ਅਨੇਕ ਅਖ਼ਬਾਰ, ਰਸਾਲੇ, ਟੀਵੀ ਨਿਊਜ਼ ਚੈਨਲ ਅਤੇ ਰੇਡੀਓ ਸਟੇਸ਼ਨ ਚੱਲ ਰਹੇ ਹਨ। ਮੀਡੀਆ ਦੇ ਵੱਖ ਵੱਖ ਰੂਪ ਹਨ ਅਤੇ ਵਿਦਿਆਰਥੀ ਆਪਣੀ ਰੁਚੀ ਅਨੁਸਾਰ ਕਿਸੇ ਵੀ ਖੇਤਰ ਵਿੱਚ ਕਾਮਯਾਬੀ ਹਾਸਲ ਕਰ ਸਕਦੇ ਹਨ। ਪ੍ਰਿੰਟ ਮੀਡੀਆ ਵਿੱਚ ਬਤੌਰ ਰਿਪੋਰਟਰ, ਟ੍ਰਾਂਸਲੇਟਰ, ਉਪ ਸੰਪਾਦਕ, ਸੰਪਾਦਕ, ਡਿਜ਼ਾਈਨਰ, ਫੋਟੋ ਜ਼ਰਨਲਿਸਟ ਆਦਿ ਦੇ ਰੂਪ ਵਿੱਚ ਕੰਮ ਕੀਤਾ ਜਾ ਸਕਦਾ ਹੈ। ਇਲੈਕਟ੍ਰਾਨਿਕ ਮੀਡੀਆ ਵਿੱਚ ਰੇਡੀਓ ਅਤੇ ਟੈਲੀਵਿਜ਼ਨ ਵਿੱਚ ਸਕਰਿਪਟ ਰਾਈਟਰ, ਨਿਊਜ਼ ਰੀਡਰ, ਨਿਊਜ਼ ਐਂਕਰ, ਰੇਡੀਓ ਜਾਕੀ, ਐਡੀਟਰ, ਵੀਡੀਓ ਜ਼ਰਨਲਿਸਟ ਆਦਿ ਦੇ ਰੂਪ ਵਿੱਚ ਆਪਣੀ ਭੂਮਿਕਾ ਨਿਭਾ ਸਕਦੇ ਹਨ। ਇਸ਼ਤਿਹਾਰਬਾਜ਼ੀ ਦੇ ਖੇਤਰ ਵਿੱਚ ਵੀ ਇਸ ਦਾ ਭਵਿੱਖ ਕਾਫ਼ੀ ਵਧ ਰਿਹਾ ਹੈ। ਇਸ ਤੋਂ ਇਲਾਵਾ ਲੋਕ ਸੰਪਰਕ ਅਧਿਕਾਰੀ ਜੋ ਕਿ ਅਜੋਕੇ ਸਮੇਂ ਵਿੱਚ ਹਰੇਕ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਗਠਨ ਰੱਖਦੇ ਹਨ, ਦੇ ਰੂਪ ਵਿੱਚ ਵੀ ਕੰਮ ਕੀਤਾ ਜਾ ਸਕਦਾ ਹੈ। ਜੇ ਕੋਈ ਬਾਹਰ ਜਾ ਕੇ ਕੰਮ ਕਰਨਾ ਪਸੰਦ ਨਹੀਂ ਕਰਦਾ ਜਾਂ ਕਿਸੇ ਮਜਬੂਰੀ ਕਾਰਨ ਬਾਹਰ ਜਾ ਕੇ ਨੌਕਰੀ ਨਹੀਂ ਕਰ ਸਕਦਾ ਤਾਂ ਇਸ ਖੇਤਰ ਵਿੱਚ ਘਰ ਬੈਠ ਕੇ ਹੀ ਕੰਮ ਕਰਕੇ ਵਧੀਆ ਕਮਾਈ ਕੀਤੀ ਜਾ ਸਕਦੀ ਹੈ। ਇਸ ਖੇਤਰ ਵਿੱਚ ਆਉਣ ਤੋਂ ਪਹਿਲਾਂ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਆਲੇ-ਦੁਆਲੇ ਬਾਰੇ ਚੌਕੰਨੇ ਹੋ ਕੇ ਵਿਚਰਨ ਵਾਲੇ ਸੁਭਾਅ ਦੇ ਹੋਣੇ ਚਾਹੀਦੇ ਹੋ। ਇਸ ਖੇਤਰ ਦੀ ਕੋਈ ਸੀਮਾ ਨਹੀਂ ਹੈ, ਇਸ ਲਈ ਤੁਹਾਨੂੰ ਹਰ ਖੇਤਰ ਦਾ ਮੁੱਢਲਾ ਗਿਆਨ ਹੋਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਇਸ ਖੇਤਰ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਨੂੰ ਭਾਸ਼ਾ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਭਾਸ਼ਾ ਦੇ ਗਿਆਨ ਤੋਂ ਬਿਨਾਂ ਇਸ ਖੇਤਰ ਵਿੱਚ ਕੰਮ ਕਰਨਾ ਸੰਭਵ ਨਹੀਂ।ਵਰਤਮਾਨ ਯੁੱਗ ਵਿਚ ਪੱਤਰਕਾਰੀ ਦਾ ਮਹੱਤਵ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਵਧ ਗਿਆ ਹੈ। ਅੱਜ ਮੀਡੀਆ ਸਮਾਜ ਦਾ ਜ਼ਰੂਰੀ ਅਤੇ ਅਹਿਮ ਅੰਗ ਹੈ। ਇਸ ਨੂੰ ਲੋਕਤੰਤਰ ਦੇ ਚੌਥੇ ਥੰਮ੍ਹ ਨਾਲ ਵੀ ਨਿਵਾਜ਼ਿਆ ਗਿਆ ਹੈ, ਜਿਸ ਨਾਲ ਇਸ ਦੀ ਜ਼ਿੰਮੇਵਾਰੀ ਵੀ ਵਧੀ ਹੈ। ਜੇਕਰ ਨੈਤਿਕ ਦ੍ਰਿਸ਼ਟੀਕੋਣ ਤੋਂ ਵਾਚਿਆ ਜਾਵੇ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਪੱਤਰਕਾਰੀ ਕਲਾ ਹੈ, ਜਜ਼ਬਾ ਹੈ, ਸਚਾਈ ਪ੍ਰਤੀ ਵਚਨਬੱਧਤਾ ਹੈ ਅਤੇ ਸਮਾਜ ਲਈ ਕੁਝ ਕਰ ਸਕਣ ਦਾ ਜਨੂੰਨ ਹੈ। ਮੀਡੀਆ ਕਰਮੀਆਂ ਲਈ ਉਪਲਬਧ ਵੱਖ-ਵੱਖ ਵਿਕਲਪਾਂ ਵਿਚੋਂ ਸਹੀ ਦੀ ਚੋਣ ਕਰਨਾ ਅਤਿਅੰਤ ਲਾਜ਼ਮੀ ਹੈ ਤਾਂ ਜੋ ਉਹ ਨਿਰਪੱਖ ਸੋਚ ਦਾ ਧਾਰਨੀ ਬਣ ਸਕੇ। ਬੇਸ਼ਕ ਅੱਜ ਮੀਡੀਆ ਨੂੰ ਗਲੈਮਰ ਦਾ ਤੜਕਾ ਲੱਗ ਚੁੱਕਾ ਹੈ, ਪਰ ਇਸ ਦੇ ਬਾਵਜੂਦ ਜੇਕਰ ਗਹਿਰਾਈ ਨਾਲ ਚਿੰਤਨ ਕੀਤਾ ਜਾਵੇ ਤਾਂ ਇਕ ਆਦਰਸ਼ ਪੱਤਰਕਾਰ ਲਈ ਨੈਤਿਕ ਕਦਰਾਂ ਕੀਮਤਾਂ ਦਾ ਮੁਦੱਈ ਹੋਣਾ ਅਤਿਅੰਤ ਜ਼ਰੂਰੀ ਹੈ। ਨਿਰਪੱਖ ਮਾਅਨਿਆਂ ਵਿਚ ਪੱਤਰਕਾਰੀ ਸਮਾਜ ਦੀ ਨਿਸ਼ਕਾਮ ਸੇਵਾ ਹੈ, ਭਵਿੱਖ ਨੂੰ ਹੋਰ ਚੰਗੇਰਾ ਬਨਾਉਣ ਲਈ ਇਕ ਉਦਮ ਹੈ, ਝੂਠ ਤੇ ਸੱਚ ਦੇ ਫਰਕ ਨੂੰ ਉਜਾਗਰ ਕਰਨ ਦਾ ਸਾਧਨ ਹੈ, ਆਪਾ ਵਾਰ ਕੇ ਸਰਬੱਤ ਦਾ ਭਲਾ ਲੋਚਨਾ ਅਤੇ ਦੇਸ਼ ਕੌਮ ਦੀ ਖਾਤਰ ਮਰ ਮਿਟਣ ਦਾ ਸੰਕਲਪ ਹੈ। ਮੀਡੀਆ ਦੇ ਖੇਤਰ ਵਿਚ ਪਰਪੱਕ ਹੋਣ ਲਈ ਕਿਸੇ ਪੱਤਰਕਾਰ ਦਾ ਸਚਿਆਰਾ ਹੋਣਾ ਸਭ ਤੋਂ ਜ਼ਰੂਰੀ ਅਤੇ ਅਹਿਮ ਪੱਖ ਹੈ, ਤਾਂ ਹੀ ਉਹ ਸੂਚਨਾਵਾਂ ਤੇ ਸਹੀ ਸਥਿਤੀ ਦਾ ਨਿਰਪੱਖ ਦ੍ਰਿਸ਼ਟੀ ਨਾਲ ਜਾਇਜ਼ਾ ਲੈ ਸਕੇਗਾ। ਕਿਉਂਕਿ ਉਸ ਨੇ ਇਹ ਭਲੀ-ਭਾਂਤ ਦਰਸਾਉਣਾ ਹੈ ਕਿ ਸਮਾਜ ਨੂੰ ਕਿਵੇਂ ਅਗਾਂਹਵਧੂ ਸੋਚ ਅਤੇ ਵਿਕਸਤ ਵਿਚਾਰਧਾਰਾ ਦਾ ਹਾਣੀ ਬਣਾਇਆ ਜਾਵੇ।ਇਹ ਪੱਤਰਕਾਰੀ ਦਾ ਪਹਿਲਾ, ਮੁੱਢਲਾ ਅਤੇ ਨੈਤਿਕ ਪਹਿਲੂ ਹੈ। ਕਈ ਵਾਰ ਇਹ ਦੇਖਣ ਵਿਚ ਆਉਂਦਾ ਹੈ ਕਿ ਕਈ ਪੱਤਰਕਾਰ ਸਚਾਈ ਨੂੰ ਤੋੜ-ਮਰੋੜ ਕੇ ਅਧੂਰੀ ਅਤੇ ਇਕਪਾਸੜ ਤਸਵੀਰ ਪੇਸ਼ ਕਰਕੇ ਆਪਣੇ ਲੋਕਾਂ ਨੂੰ ਗੁੰਮਰਾਹ ਕਰਕੇ ਨਿੱਜੀ ਹਿੱਤਾਂ ਨੂੰ ਸਾਹਮਣੇ ਰੱਖਦੇ ਹਨ। ਪੱਤਰਕਾਰੀ ਦੇ ਮਨੋਰਥ ਨੂੰ ਘੋਖਣ ਲਈ ਇਹ ਜ਼ਰੂਰੀ ਹੈ ਕਿ ਇਸ ਵਿਚ ਮਿਲਾਵਟ ਦੀ ਬਿਲਕੁਲ ਗੁੰਜਾਇਸ਼ ਨਾ ਰੱਖੀ ਜਾਵੇ। ਪੱਤਰਕਾਰੀ ਤਾਂ ਆਪਾ ਵਾਰ ਕੇ ਦੂਸਰਿਆਂ ਲਈ ਕੁਝ ਕਰ ਸਕਣ ਦਾ ਸੰਕਲਪ ਹੈ ਕਿਉਂਕਿ ਮਕਸਦ ਤਾਂ ਕੇਵਲ ਸਮਾਜ ਨੂੰ ਸਹੀ, ਨਿਰੋਗ ਤੇ ਸੁਚੱਜੀ ਦਿਸ਼ਾ ਦੇਣੀ ਹੈ। ਇਹ ਤਾਂ ਇਕ ਪ੍ਰਕਾਰ ਆਪ ਕੰਡਿਆਂ 'ਤੇ ਚਲ ਕੇ ਦੂਸਰਿਆਂ ਦੇ ਜੀਵਨ ਵਿਚ ਮਹਿਕ ਖਿਲਾਰਨ ਦੇ ਬਰਾਬਰ ਹੈ।ਗਿਆਨ ਪ੍ਰਤੀ ਚੇਤੰਨ ਅਤੇ ਸੁਲਝਿਆ ਮਨੁੱਖ ਸੰਸਾਰ ਨੂੰ ਸਹੀ ਤੇ ਭਾਵਪੂਰਨ ਦਿਸ਼ਾ ਦੇ ਸਕਦਾ ਹੈ। ਇਹ ਜ਼ਰੂਰੀ ਹੈ ਕਿ ਜੋ ਗਿਆਨ ਉਸ ਨੇ ਆਪਣੇ ਲੋਕਾਂ ਤੱਕ ਪਹੁੰਚਾਉਣਾ ਹੈ, ਪਹਿਲਾਂ ਉਸ ਗਿਆਨ ਦੀ ਸੁਚੱਜੇ ਢੰਗ ਨਾਲ ਪ੍ਰਾਪਤੀ ਕਰ ਲਵੇ। ਵਿਅਕਤੀ ਜਿਵੇਂ ਵਿਚਰਦਾ ਹੈ, ਉਸੇ ਤਰ੍ਹਾਂ ਦੀ ਉਸ ਦੀ ਸ਼ਖ਼ਸੀਅਤ ਉਘੜਦੀ ਹੈ। ਮੀਡੀਆ ਕਰਮੀਆਂ ਨੂੰ ਆਪਣੇ ਆਪ ਪ੍ਰਤੀ ਅਤੇ ਆਪਣੇ ਕਿੱਤੇ ਪ੍ਰਤੀ ਹਮੇਸ਼ਾ ਸੁਚੇਤ ਤੇ ਚੁਕੰਨਾ ਰਹਿਣ ਦੀ ਲੋੜ ਹੈ। ਜ਼ਰੂਰੀ ਹੈ ਕਿ ਉਹ ਨਿਮਾਣਾ ਹੋ ਕੇ ਨੀਵੇਂ ਅਤੇ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਨੂੰ ਸਮਾਜ ਅਤੇ ਸਰਕਾਰਾਂ ਅੱਗੇ ਰੱਖੇ। ਜੋ ਪੱਤਰਕਾਰ ਅੱਜ ਚੋਟੀ 'ਤੇ ਪਹੁੰਚੇ ਹੋਏ ਹਨ, ਉਨ੍ਹਾਂ ਨੇ ਇਕ ਆਦਰਸ਼ ਨੂੰ ਸਾਹਮਣੇ ਰੱਖ ਕੇ ਆਪਣੇ ਆਪ ਨੂੰ ਪਰਪੱਕ ਕੀਤਾ ਹੈ। ਇੰਜ ਕਰਨ ਨਾਲ ਉਨ੍ਹਾਂ ਦਾ ਸਮਾਜ ਵਿਚ ਇਕ ਅਹਿਮ ਰੁਤਬਾ ਬਣਿਆ ਹੈ। ਪਰ ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇਕਰ ਉਹ ਸਚਾਈ, ਹਲੀਮੀ, ਸਾਦਗੀ ਅਤੇ ਸਦਾਚਾਰਕ ਕਦਰਾਂ ਕੀਮਤਾਂ ਵਿਚ ਰਹਿ ਕੇ ਲੋਭ ਰਹਿਤ, ਹਉਮੈ ਰਹਿਤ, ਦੇਸ਼ ਕੌਮ ਦੀ ਸੇਵਾ ਦੀ ਭਾਵਨਾ ਨੂੰ ਸਾਹਮਣੇ ਰੱਖ ਕੇ, ਦੂਸਰਿਆਂ ਦੇ ਜੀਵਨ ਨੂੰ ਹੋਰ ਚੰਗੇਰਾ ਅਤੇ ਬੇਹਤਰ ਬਨਾਉਣ ਦੀ ਤੜਪ ਨੂੰ ਆਪਣੇ ਸੀਨੇ ਵਿਚ ਰੱਖ ਕੇ ਅਗਾਂਹਵਧੂ ਸੋਚ ਦਾ ਮੁੱਦਈ ਬਣਿਆ ਜਾਵੇ। ਪੱਤਰਕਾਰੀ ਨੂੰ ਸਮਾਜ ਨੂੰ ਹੋਰ ਜ਼ਿਆਦਾ ਬੇਹਤਰ, ਚੰਗੇਰਾ, ਨਰੋਇਆ, ਖੁਸ਼ਹਾਲ ਤੇ ਵਿਕਸਤ ਕਰਨ ਦਾ ਇਕ ਸਾਧਨ ਸਮਝਣਾ ਚਾਹੀਦਾ ਹੈ। ਅੱਜ ਦੁਨੀਆਂ ਨੂੰ ਨਿਖੇਧੀਪੂਰਨ ਪੱਤਰਕਾਰੀ ਦੀ ਥਾਂ ਸਾਰਥਕ ਪੱਤਰਕਾਰੀ ਦੀ ਲੋੜ ਹੈ ਜੋ ਮਿਆਰੀ ਤੇ ਨੈਤਿਕ ਮਾਪ-ਦੰਡਾਂ ਦੀ ਕਸੱਵਟੀ 'ਤੇ ਖਰੀ ਉਤਰੇ। ਮੀਡੀਆ ਦੇ ਖੇਤਰ ਵਿਚ ਜੋ ਕੁਝ ਵਾਪਰ ਰਿਹਾ ਹੈ, ਉਸ ਨੂੰ ਵਾਚ ਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਸਭ ਠੀਕ ਹੈ। ਲੋੜ ਇਸ ਗੱਲ ਦੀ ਵੀ ਹੈ ਕਿ ਮੀਡੀਆ ਕਰਮੀ ਨਿਰਪੱਖ ਸੋਚ ਦੀ ਰਿਪੋਰਟਿੰਗ ਕਰੇ। ਉਸ ਨੂੰ ਸਿੱਕੇ ਦੇ ਦੋਹੇਂ ਪਾਸਿਉਂ ਦੇਖਣ ਦੀ ਜ਼ਰੂਰਤ ਹੈ। ਕਦੇ ਵੀ ਵਕੀਲ ਜਾਂ ਜੱਜ ਬਣ ਕੇ ਆਪਣਾ ਫੈਸਲਾ ਦੇਣ ਦੀ ਲੋੜ ਨਹੀਂ। ਜੋ ਸਹੀ ਸਥਿਤੀ ਹੈ, ਉਸ ਬਾਰੇ

ਤੱਥਾਂ ਸਹਿਤ ਰੋਸ਼ਨੀ ਪਾਈ ਜਾਵੇ। ਸੋ ਮੀਡੀਆ ਦੇ ਖੇਤਰ ਵਿਚ ਵਿਚਰਨ ਵਾਲਾ ਸ਼ਖ਼ਸ ਮੀਡੀਆ ਦੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਅਪਣਾਏ ਤਾਂ ਜੋ ਇਕ ਸੁਨਹਿਰੇ ਤੇ ਉਜਲੇ ਭਵਿੱਖ ਅਤੇ ਵਿਸ਼ਵ-ਭਾਈਚਾਰੇ ਦੇ ਸੰਕਲਪ ਦੀ ਕਲਪਨਾ ਕੀਤੀ ਜਾ ਸਕੇ।

**ਸੰਪਾਦਕੀ ਨੋਟ:** ਅਖਬਾਰ ਵਿਚ ਸੰਪਾਦਕੀ ਸਫੇ ਦੇ ਖੱਬੇ ਪਾਸੇ ਪੁਰਾਣੀ ਪਰੰਪਰਾ ਦੇ ਅਨੁਸਾਰ ਨੋਟ ਛਾਪਿਆ ਜਾਂਦਾ ਹੈ। ਸੰਪਾਦਕੀ ਨੋਟ ਕਿਸੇ ਵੀ ਵਿਸ਼ੇ/ਸਮੱਸਿਆਂ ਉਪਰ ਲਿਖਿਆ ਜਾ ਸਕਦਾ ਹੈ। ਸੰਪਾਦਕ ਪਾਠਕ ਦੇ ਅਨੁਸਾਰ ਹੀ ਲੇਖ ਲਿਖਦਾ ਹੈ। ਵਰਤਮਾਨਕ ਪ੍ਰਸਿਥਤੀਆਂ ਨੂੰ ਆਧਾਰ ਬਣਾ ਕੇ ਹੀ ਲੇਖ ਦੀ ਰਚਨਾ ਹੋਣੀ ਜ਼ਰੂਰੀ ਹੈ।ਸੰਪਾਦਕੀ ਨੋਟ ਨੂੰ 3 ਭਾਗਾਂ ਵਿਚ ਵੰਡਿਆ ਜਾਂਦਾ ਹੈ।

**ੳ) ਸਥਾਨਕ**

**ਅ) ਰਾਸ਼ਟਰੀ**

**ੲ) ਅੰਤਰ-ਰਾਸ਼ਟਰੀ**

ਵਿਦਵਾਨਾਂ ਦੇ ਅਨੁਸਾਰ,

> "ਇਕ ਪਰੰਪਰਾਗਤ ਸੰਪਾਦਕੀ ਨੋਟ ਨੂੰ ਕਿਸੇ ਮਹੱਤਵਪੂਰਨ ਅਤੇ ਜਿਆਦਾਤਰ ਸਮਕਾਲੀਨ ਘਟਨਾਵਾਂ ਦੀ ਆਲੋਚਨਾਤਮਕ ਵਿਆਖਿਆ ਕਿਹਾ ਜਾ ਸਕਦਾ ਹੈ, ਜਿਸ ਨੂੰ ਪੜ੍ਹ ਕੇ ਕਿਸੇ ਪ੍ਰਕਾਸ਼ਿਤ ਰਚਨਾ ਦੀ ਆਮ ਪਾਠਕਾਂ ਨੂੰ ਸੂਚਨਾ ਪ੍ਰਾਪਤ ਹੋ ਸਕਦੀ, ਉਹ ਉਸ ਤੋਂ ਪ੍ਰਭਾਵਿਤ ਹੋ ਸਕਦਾ ਜਾਂ ਉਸਦਾ ਮਨ-ਪ੍ਰਚਾਵਾਂ ਹੋ ਸਕਦਾ ਹੈ। "

**ਸੰਪਾਦਕ ਦੇ ਨਾਂ ਪੱਤਰ:** ਅਖਬਾਰਾਂ, ਰਸਾਲਿਆਂ ਵਿਚ ਛੱਪਦੀਆਂ ਖਬਰਾਂ/ਘਟਨਾਵਾਂ ਦੇ ਵੇਰਵਿਆਂ/ਲੇਖਾਂ ਸੰਬੰਧੀ ਲੋਕ ਆਪਣੀ ਰਾਇ/ਵਿਚਾਰ ਸੰਪਾਦਕ ਨੂੰ ਨੋਟ /ਪੱਤਰ ਲਿਖ ਕੇ ਦਿੰਦੇ ਹਨ।ਇਹਨਾਂ ਪੱਤਰਾਂ ਵਿਚ ਉਸ ਸੰਬੰਧੀ ਸਕਰਾਤਮਕ /ਨਕਰਾਮਤਕ ਦੋਵੇਂ ਪਹਿਲੂਆਂ ਉਪਰ ਚਰਚਾ ਕੀਤੀ ਗਈ ਹੁੰਦੀ ਹੈ। ਕੁਝ ਵਿਚ ਸੰਪਾਦਕ ਨੂੰ ਜਾਂ ਸੰਪਾਦਕ ਦੇ ਰਾਹੀ ਸਮਾਜ, ਜਨਤਾ, ਸਰਕਾਰ ਨੂੰ ਕਿਸੇ ਸਮੱਸਿਆਂ ਤੋਂ ਜਾਣੂ ਕਰਵਾਇਆ ਜਾਂਦਾ ਹੈ ਜਾਂ ਸੁਝਾਅ ਦਿੱਤੇ ਜਾਂਦੇ ਹਨ।ਇਹਨਾਂ ਨੂੰ ਸੰਪਾਦਕ ਛਾਪਦਾ ਹੈ।

## ਉਦਾਹਰਨ ਵਜੋਂ:

**ਪਿਆਰੇ ਬਲਜੀਤ ਸਿੰਘ ਬਰਾੜ ਜੀ,**

ਅੱਜ ਦੇ ਪੰਜਾਬ ਟਾਇਮਜ਼ ਦੇ ਪਰਚੇ ਵਿਚ ਤੁਹਾਡੇ ਵੱਲੋਂ ਲਿਖੀ ਸੰਪਾਦਕੀ ਮੁਲਾਜ਼ਮਾਂ ਦੀ ਹੱਕੀ ਮੰਗਾਂ ਦਾ ਸਮਰਥਨ ਕਰਦੀ ਹੈ। ਚੰਗੀ ਗੱਲ ਹੈ ਪਰ ਕੋਟ-ਪਸਾਰਾ ਕਿਸੇ ਸਮੱਸਿਆ ਦਾ ਹੱਲ ਨਹੀਂ। ਮਹਿੰਗਾਈ ਵਧਦੀ ਹੈ ਅਸੀਂ ਮੰਗ ਕਰਦੇ ਹਾਂ ਮਹਿੰਗਾਈ ਦਰ ਅਨੁਸਾਰ ਡੀ.ਏ. ਦੀ ਕਿਸ਼ਤ ਵਧਾਉ। ਇਹ ਸਮਾਂ ਟਪਾਉ ਹੱਲ ਹੈ ਪੱਕਾ ਹੱਲ ਤਾਂ ਚੋਰ ਬਾਜ਼ਾਰੀ, ਜਮਾਂਖੋਰੀ, ਐਫ.ਡੀ.ਆਈ ਆਦਿ ਨੂੰ ਖਤਮ ਕਰਨ ਵਿਚ ਹੈ। ਸਾਡੇ ਸਤਿਕਾਰਤ ਮੁਲਾਜ਼ਮ ਡੀ.ਏ. ਦੀ ਕਿਸ਼ਤ ਵਧਾਉ ਲਈ ਤਾਂ ਹੜਤਾਲ ਕਰਨਗੇ, ਧਰਨੇ ਦੇਣਗੇ, ਭੁੱਖ ਹੜਤਾਲ ਕਰਨਗੇ, ਨਾਹਰੇ ਜਲੂਸ ਕੱਢਣਗੇ ਪਰ ਅੱਜ ਤੱਕ ਮੈਂ ਨਹੀਂ ਦੇਖਿਆ ਕਿ ਕੋਈ ਰੋਲਾ ਜਾਂ ਹੜਤਾਲ ਏਸ ਲਈ ਕੀਤੀ ਹੋਵੇ ਕਿ ਮਹਿੰਗਾਈ ਘਟਾਓ, ਚੋਰ ਬਜ਼ਾਰੀ ਬੰਦ ਕਰੋ, ਜਮਾਂ ਖੋਰੀ ਬੰਦ ਕਰੋ, ਬਦੇਸ਼ੀ ਕੰਪਨੀਆਂ ਦੇਸ਼ ਵਿਚੋਂ ਬਾਹਰ ਕੱਢੋ ਕਿਉਂ?ਮੁਲਾਜ਼ਮਾਂ ਨੂੰ ਅੱਜ ਦੇ ਅਖਬਾਰ ਵਿੱਚ ਹੀ ਛਪੀ ਗੁਰਮੇਲ ਸੰਗਤਪੁਰਾ ਦੀ ਲਿਖੀ ਅਤੇ ਪਰਨੀਤ ਬਰਾੜ ਦੀ ਪੇਸ਼ ਕੀਤੀ ਹੋਈ 'ਵੋਟਾਂ ਮੰਗਾਂਗੇ ਲੋਕਾਂ ਤੋਂ' ਪੜਨੀ ਚਾਹੀਦੀ ਹੈ। ਚੋਣਾਂ ਜਿੱਤਣ ਲਈ ਭਾਈ ਮਿੰਦਾ ਅਤੇ ਭਾਈ ਸ਼ਿੰਦਾ ਜੋ ਸਾਜ਼ਸ਼ੀ ਕਾਨਾਫੂਸੀ ਕਰਦੇ ਹਨ ਨੂੰ ਵਿਚਾਰਨਾ ਬਹੁਤ ਜ਼ਰੂਰੀ ਹੈ। ਪਰ ਕੀ ਉਨ੍ਹਾਂ ਕੋਲ ਹਿਸਾਬ-ਕਿਤਾਬ ਲਾਉਣ ਤੋਂ ਬਿਨਾਂ, ਅਜਿਹਿਆਂ ਲੋਕ ਸੱਚ ਨੂੰ ਪਰਨਾਈਆਂ ਰਚਨਾਵਾਂ ਪੜਨ ਦੀ ਫੁਰਸਤ ਹੈ? ਮੇਰਾ ਯਕੀਨ ਹੈ, ਨਹੀਂ ਹੈ। ਇਹੀ ਸਾਡਾ ਦੁਖਾਂਤ ਹੈ।

-ਤੇਜਵੰਤ ਮਾਨ

ਸੰਗਰੂਰ

### ਪੱਤਰ ਲੇਖਣ:

ਅੱਜ ਦੇ ਸਮੇਂ ਵਿਚ ਪੱਤਰ ਲਿਖਣਾ ਬੜਾ ਮਹੱਤਵਪੂਰਨ ਪਹਿਲੂ ਹੈ। ਅੱਛੇ ਪੱਤਰ ਲਿਖਣ ਵੇਲੇ ਜਿਹੜੀਆਂ ਗੱਲਾਂ ਦਾ ਵਿਸ਼ੇਸ਼ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਉਹ ਹੇਠਾਂ ਲਿਖੇ ਹਨ:

- ❖ ਪੱਤਰ ਦੀ ਭਾਸ਼ਾ ਸ਼ੁਧ, ਸਪਸ਼ਟ ਤੇ ਸੌਖੀ ਹੋਣੀ ਚਾਹੀਦੀ ਹੈ।

- ❖ ਪੱਤਰ ਵਿਚ ਗੈਰ ਜਰੂਰੀ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।
- ❖ ਪੱਤਰ ਵਿਚ ਠੀਕ ਪ੍ਰਬੰਧ ਹੋਣਾ ਚਾਹੀਦਾ ਹੈ ਭਾਵ ਇਹ ਕਿ ਜਿਹੜੀਆਂ ਗੱਲਾਂ ਪਹਿਲਾਂ ਕਰਨੀਆਂ ਚਾਹੀਦੀਆਂ ਹਨ; ਉਹ ਪਹਿਲਾਂ ਹੋਣ ਅਤੇ ਜਿਹੜੀਆਂ ਗੱਲਾਂ ਮਗਰੋਂ ਹੋਈਆਂ ਚਾਹੀਦੀਆਂ ਹਨ ਉਹ ਬਾਅਦ ਵਿਚ ਹੀ ਲਿਖਣੀਆਂ ਚਾਹੀਦੀਆਂ ਹਨ।
- ❖ ਇਕ ਪੈਰੇ ਵਿਚ ਇਕ ਹੀ ਗੱਲ ਕਰਨੀ ਚਾਹੀਦੀ ਹੈ।
- ❖ ਪੱਤਰ ਦਾ ਆਰੰਭ ਅਤੇ ਅੰਤ ਪੱਤਰ ਦੇ ਅਨੁਰੂਪ ਹੋਣਾ ਚਾਹੀਦਾ ਹੈ।
- ❖ ਪੱਤਰ ਵਿਚ ਕੱਟ-ਵੱਢ ਨਹੀਂ ਹੋਣੀ ਚਾਹੀਦੀ। ਵਿਰਾਮ ਚਿੰਨ੍ਹਾਂ ਦੀ ਉਚਿਤ ਵਰਤੋਂ ਹੋਣੀ ਚਾਹੀਦੀ ਹੈ। ਚੰਗੇ ਅਤੇ ਸਾਫ ਕਾਗਜ਼ ਉਪਰ ਲਿਖੀ ਚਿੱਠੀ ਵਧੇਰੇ ਪ੍ਰਭਾਵ ਪਾਉਂਦੀ ਹੈ।

## ਆਮ ਤੌਰ ਤੇ ਪੱਤਰ ਦੋ ਤਰੀਕੇ ਦੇ ਹੁੰਦੇ ਹਨ: -

| ਉਪਚਾਰਿਕ ਜਾਂ ਸਮਾਜਿਕ ਪੱਤਰ | ਅਣਉਪਚਾਰਿਕ ਜਾਂ ਵਿਅਕਤੀਗਤ ਪੱਤਰ |
|---|---|
| ਉਪਚਾਰਿਕ ਪੱਤਰਾਂ ਦੇ ਅੰਤਰਗਤ ਵਪਾਰਕ ਚਿੱਠੀਆਂ, ਪ੍ਰਿੰਸੀਪਲ ਨੂੰ ਪੱਤਰ, ਖਾਲੀ ਅਸਾਮੀਆਂ ਲਈ ਨੌਕਰੀ ਪੱਤਰ ਅਤੇ ਸੰਪਾਦਕ ਨੂੰ ਲੋਕ-ਹਿੱਤ ਵਿਚ ਲਿਖੇ ਪੱਤਰ ਹੁੰਦੇ ਹਨ ਜਿਨ੍ਹਾਂ ਅਧੀਨ ਸ਼ਿਕਾਇਤੀ ਪੱਤਰ ਵੀ ਆ ਜਾਂਦੇ ਹਨ। | ਇਸ ਅਧੀਨ ਪਿਤਾ ਨੂੰ, ਮਾਤਾ ਨੂੰ, ਚਾਚੇ ਨੂੰ, ਭਰਾ ਨੂੰ, ਭੈਣ ਨੂੰ, ਪੁੱਤਰ-ਧੀ ਨੂੰ, ਭਤੀਜੇ-ਭਤੀਜੀ ਨੂੰ, ਸਾਰੇ ਰਿਸ਼ਤੇਦਾਰਾਂ ਨੂੰ, ਦੋਸਤਾਂ ਨੂੰ, ਪ੍ਰੇਮੀ-ਪ੍ਰਮਿਕਾਵਾਂ ਨੂੰ ਲਿਖੇ ਪੱਤਰ ਆਉਂਦੇ ਹਨ। |

## ਪੱਤਰ ਲਿਖਦਿਆਂ ਹੇਠਾਂ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ:

**1. ਭੇਜਣ ਵਾਲੇ ਦਾ ਪਤਾ**

**2. ਪੱਤਰ ਲਿਖਣ ਦੀ ਮਿਤੀ**

**3. ਸੰਬੋਧਨ-ਸੂਚਕ ਸ਼ਬਦ**

**4. ਪੱਤਰ ਲਿਖਣ ਦਾ ਵਿਸ਼ਾ**

**5. ਅੰਤ**

1. ਪੱਤਰ ਸਾਫ, ਸਰਲ, ਸਪਸ਼ਟ ਅਤੇ ਸਿੱਧੀ ਭਾਸ਼ਾ ਲਿੱਖੋ। ਵੱਡੇ-ਵੱਡੇ ਵਾਕ ਨਾ ਲਿਖੋ।

2. ਪੱਤਰ ਲਿਖਣ ਤੋਂ ਪਹਿਲਾਂ ਸੋਚ ਲੈਣਾ ਚਾਹੀਦਾ ਹੈ ਕਿ ਕੀ-ਕੀ ਲਿਖਣਾ ਹੈ। ਸਾਰੀਆਂ ਗੱਲਾਂ ਨੂੰ ਸਿਲਸਿਲੇਵਾਰ ਲਿਖਣਾ ਚਾਹੀਦਾ ਹੈ।

3. ਸ਼ਬਦ ਅਤੇ ਅੱਖਰ ਸਾਫ-ਸਾਫ ਲਿਖੇ ਜਾਣੇ ਚਾਹੀਦੇ ਹਨ।

ਕੱਟ-ਵੱਢ ਨਹੀਂ ਹੋਣੀ ਚਾਹੀਦੀ ਤਾਂ ਜੋ ਪੜ੍ਹਨ ਵਾਲੇ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਹੋਵੇ।

## ਪੱਤਰ ਲਿਖਣ ਨੂੰ ਅਸੀਂ ਮੁੱਖ ਤੌਰ ਤੇ ਤਿੰਨ ਹਿੱਸਿਆਂ ਵਿਚ ਵੰਡ ਸਕਦੇ ਹਾਂ

| ਵਿਅਕਤੀਗਤ ਪੱਤਰ | ਵਪਾਰਕ ਪੱਤਰ | ਦਫ਼ਤਰੀ ਪੱਤਰ |
|---|---|---|
| ਸਰਕਾਰੀ ਅਤੇ ਗੈਰ-ਸਰਕਾਰੀ ਕਰਮਚਾਰੀਆਂ ਨੂੰ ਕੰਮ-ਕਾਜ ਸੰਬੰਧੀ ਲਿਖੇ ਜਾਂਦੇ ਹਨ। ਇਹਨਾਂ ਤਿੰਨਾਂ ਕਿਸਮ ਦੇ ਪੱਤਰਾਂ ਲਈ ਹੇਠਾਂ ਲਿਖੀਆਂ ਮਹੱਤਵਪੂਰਨ ਗੱਲਾਂ ਦਾ ਧਿਆਨ ਰੱਖਿਆ ਜਾਣਾ ਜ਼ਰੂਰੀ ਹੁੰਦਾ ਹੈ:<br>1. ਲਿਖਣ ਵਾਲੇ ਦਾ ਪਤਾ ਅਤੇ ਮਿਤੀ।<br>2. ਜਿਸਨੂੰ ਪੱਤਰ ਲਿਖਿਆ ਜਾਵੇ | ਵਪਾਰੀਆਂ ਨੂੰ:<br>ਸ੍ਰੀਮਾਨ ਜੀ, ਸ੍ਰੀਮਤੀ ਜੀ<br>ਅਨਜਾਣ ਵਿਅਕਤੀ ਨੂੰ: ਸ੍ਰੀਮਾਨ ਜੀ, ਸ੍ਰੀਮਤੀ ਜੀ। | ਅਫ਼ਸਰਾਂ ਨੂੰ:<br>ਤੁਹਾਡਾ ਆਗਿਆਕਾਰੀ<br>ਤੁਹਾਡਾ ਸ਼ੁਭ ਚਿੰਤਕ<br>ਤੁਹਾਡਾ ਵਿਸ਼ਵਾਸ ਪਾਤਰ |

| | | |
|---|---|---|
| ਉਸਨੂੰ ਕਿਸ ਤਰ੍ਹਾਂ ਸੰਬੋਧਿਤ ਕਰਨਾ ਹੈ।<br>3. ਸੰਦੇਸ਼: ਪੱਤਰ ਦਾ ਪੂਰਾ ਮਕਸਦ<br>4. ਸਾਰਾਂਸ਼: ਪੱਤਰ ਦੇ ਅਖੀਰੀ ਸ਼ਬਦ<br>5. ਦਸਤਖ਼ਤ: ਲੇਖਕ ਦੇ ਦਸਤਖ਼ਤ<br>6. ਪਤਾ: ਪੱਤਰ ਪ੍ਰਾਪਤ ਕਰਨ ਵਾਲੇ ਦਾ ਪੂਰਾ ਪਤਾ | | |

## ਵਪਾਰਕ ਪੱਤਰਾਂ ਦੇ ਗੁਣ:

**ੳ)ਸਪੱਸ਼ਟਤਾ:** ਸਪਸ਼ਟਤਾ ਤੋਂ ਭਾਵ ਇਹ ਪੱਤਰ ਦੀ ਭਾਸ਼ਾ ਸਰਲ ਹੋਵੇ ਅਤੇ ਐਨੀ ਸੌਖੀ ਹੋਵੇ ਕਿ ਪੱਤਰ ਪੜ੍ਹਨ ਵਾਲੇ ਨੂੰ ਪੱਤਰ ਦੇ ਅਰਥ ਜਾਣਨ ਲਈ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਪੱਤਰ ਵਿਚ ਇਸ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਨਹੀਂ ਹੋਣੀ ਚਾਹੀਦੀ ਕਿ ਅਰਥ ਜਾਣਨ ਲਈ ਪੜ੍ਹਨ ਵਾਲੇ ਨੂੰ ਕਿਸੇ ਦੂਜੇ ਤੋਂ ਜਾਂ ਕੋਸ਼ ਤੋਂ ਮਦਦ ਲੈਣੀ ਪਵੇ ਕਿਉਂਕਿ ਵਪਾਰੀ ਘੱਟ ਤੋਂ ਘੱਟ ਸਮੇਂ ਵਿਚ ਵੱਧ ਤੋਂ ਵੱਧ ਕੰਮ ਕਰਨਾ ਚਾਹੁੰਦਾ ਹੈ।

**ਅ)ਸੰਪੂਰਨਤਾ:** ਵਪਾਰਕ ਪੱਤਰ ਪੂਰੀ ਤਰ੍ਹਾਂ ਸੰਪੂਰਨ ਹੋਣਾ ਚਾਹੀਦਾ ਹੈ। ਪੱਤਰ ਪੜ੍ਹਨ ਵਾਲੇ ਨੂੰ ਪੱਤਰ ਪੜ੍ਹਨ ਵਾਲੇ ਦੀਆਂ ਭਾਵਨਾਵਾਂ ਵੀ ਸਮਝ ਆ ਜਾਣੀਆਂ ਚਾਹੀਦੀਆਂ ਹਨ। ਜੇ ਤੁਸੀਂ ਪੱਤਰ ਰਾਹੀਂ ਮਾਲ ਮੰਗਵਾਉਣਾ ਹੈ ਤਾਂ ਤੁਹਾਨੂੰ ਆਪਣੇ ਪੱਤਰ ਵਿਚ ਮਾਲ ਦੀ ਕਿਸਮ, ਉਸਦੇ ਮੁੱਲ ਅਤੇ ਸਮਾਨ ਪਹੁੰਚਣ ਦੀ ਤਾਰੀਖ਼ ਜ਼ਰੂਰ ਲਿਖਣੀ ਚਾਹੀਦੀ ਹੈ।

**ੲ)ਦੋਸ਼ ਰਹਿਤ ਪੱਤਰ :**ਯਥਾਰਥਕ ਤੌਰ ਤੇ ਉਹ ਸਾਰੀਆਂ ਗੱਲਾਂ ਹੋਣੀਆਂ ਚਾਹੀਦੀਆਂ ਹਨ ਜਿਹਨਾਂ ਦੀ ਵਪਾਰਕ ਪੱਤਰ ਵਿਚ ਲੋੜ ਹੈ। ਵਪਾਰੀ ਨੂੰ ਦੋਸ਼ ਭਰੀ ਚਿੱਠੀ ਨਹੀਂ ਲਿਖਣੀ ਚਾਹੀਦੀ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਵਪਾਰੀ ਦਾ ਤੇ ਤੁਹਾਡਾ ਸਮਾਂ ਬਰਬਾਦ ਹੁੰਦਾ ਹੈ।

**ਸ)ਨਿਮਰਤਾ :** ਵਪਾਰਕ ਪੱਤਰ ਨਿਮਰਤਾ ਸਹਿਤ ਹੋਣਾ ਚਾਹੀਦਾ ਹੈ। ਵਪਾਰਕ ਪੱਤਰ ਵਿਚ ਕਦੀ ਵੀ ਸਖ਼ਤ ਸ਼ਬਦਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਗਾਹਕਾਂ ਦੀ ਗਲਤੀ ਨੂੰ ਵੀ ਨਰਮ ਸ਼ਬਦਾਂ ਵਿਚ ਹੀ ਜਾਹਿਰ ਕਰਨਾ ਚਾਹੀਦਾ ਹੈ। ਸਖ਼ਤ ਸ਼ਬਦ ਵਪਾਰ ਦੇ ਪਤਨ ਦਾ ਕਾਰਨ ਹੁੰਦੇ ਹਨ। ਉਸੇ ਤਰ੍ਹਾਂ ਨਰਮ ਸ਼ਬਦ ਵਪਾਰ ਦੀ ਉਨਤੀ ਨੂੰ ਵਧਾਉਂਦੇ ਹਨ।

**ਹ)ਸੰਖੇਪਤਾ :**ਵਪਾਰਕ ਪੱਤਰ ਲੰਬੇ ਚੌੜੇ ਨਹੀਂ ਹੋਣੇ ਚਾਹੀਦੇ ਕਿਉਂਕਿ ਸਮੇਂ ਦੀ ਘਾਟ ਕਾਰਨ ਵਪਾਰੀ ਲੰਬੇ ਪੱਤਰ ਪੜ੍ਹਨਾ ਪਸੰਦ ਨਹੀਂ ਕਰਦੇ। ਪੱਤਰ ਜਿੰਨਾ ਲੰਬਾ ਹੋਵੇਗਾ ਉਤਨੀ ਹੀ ਪੜ੍ਹਨ ਵਿਚ ਪਰੇਸ਼ਾਨੀ ਹੋਵੇਗੀ। ਨਿਕੰਮੀਆਂ ਗੱਲਾਂ ਤੋਂ ਪਰਹੇਜ਼ ਕਰਨਾ ਜ਼ਰੂਰੀ ਹੁੰਦਾ ਹੈ।

**ਕ)ਪ੍ਰਭਾਵਸ਼ਾਲੀ :**ਪੱਤਰ ਦੀ ਭਾਸ਼ਾ ਐਸੀ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ ਕਿ ਪੜ੍ਹਨ ਵਾਲਾ ਉਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ। ਉਸ ਲਈ ਜ਼ਰੂਰੀ ਹੈ ਕਿ ਪੱਤਰ ਦੇ ਸ਼ਬਦ ਸਹੀ ਤਰੀਕੇ ਨਾਲ ਚੁਣੇ ਹੋਏ ਅਤੇ ਉਚਿਤ ਹੋਣ।

**ਖ)ਵਪਾਰਕ ਪੱਤਰ ਦੇ ਹਿੱਸੇ:**ਪਤਾ, ਪੱਤਰ ਦੇ ਉਪਰ ਖੱਬੇ ਪਾਸੇ ਲਿਖਿਆ ਹੋਣਾ ਚਾਹੀਦਾ ਹੈ। ਇਸ ਨੂੰ ਹੇਠਾਂ ਲਿਖੇ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ :

**ਗ)ਦੁਕਾਨ ਜਾਂ ਸੰਸਥਾ ਦਾ ਨਾਮ:** ਦੁਕਾਨ ਜਾਂ ਸੰਸਥਾ ਦਾ ਨਾਮ ਪੱਤਰ ਉਪਰ ਖੱਬੇ ਪਾਸੇ ਲਿਖਿਆ ਹੁੰਦਾ ਹੈ।

**ਘ)ਸਥਾਨ ਅਤੇ ਮਿਤੀ:**ਸਥਾਨ ਜਾਂ ਮਿਤੀ ਵੀ ਪੱਤਰ ਦੇ ਖੱਬੇ ਪਾਸੇ ਲਿਖਿਆ ਹੁੰਦਾ ਹੈ।

**ਙ)ਆਦਰ ਸੂਚਕ ਸ਼ਬਦ**:ਇਸ ਵਿਚ ਸ੍ਰੀਮਾਨ, ਸ੍ਰੀਮਾਨ ਜੀ, ਸ੍ਰੀਮਤੀ, ਸ੍ਰੀਮਤੀ ਜੀ ਆਦਿ ਸ਼ਬਦ ਲਿਖੀਦੇ ਹਨ।

**ਚ)ਪੱਤਰ ਦਾ ਵਿਸ਼ਾ:**ਇਹ ਪੱਤਰ ਦਾ ਬੜਾ ਜ਼ਰੂਰੀ ਹਿੱਸਾ ਹੁੰਦਾ ਹੈ ਕਿਉਂਕਿ ਇਸ ਵਿਚ ਵਪਾਰੀ ਬਹੁਤੀਆਂ ਗੱਲਾਂ ਕਹਿੰਦਾ ਹੈ। ਇਸ ਲਈ ਹਰ ਪਹਿਰੇ ਵਿਚ ਇਕ-ਇਕ ਗੱਲ ਕਹਿਣੀ ਚਾਹੀਦੀ ਹੈ।

**ਛ)ਅਖ਼ੀਰਲੇ ਆਦਰ ਸੂਚਕ ਸ਼ਬਦ:**ਤੁਹਾਡਾ, ਤੁਹਾਡਾ ਸ਼ੁਭ ਚਿੰਤਕ, ਤੁਹਾਡਾ ਵਿਸ਼ਵਾਸ ਪਾਤਰ ਆਦਿ ਲਿਖਦੇ ਹਾਂ।

**ਉਦਾਹਰਨ:**

**1. ਗਲੀਆਂ/ਨਾਲੀਆਂ ਦੀ ਸਫਾਈ ਸੰਬੰਧੀ:**

ਸੇਵਾ ਵਿਖੇ
ਅਰੋਗਤਾ ਅਫ਼ਸਰ ਸਾਹਿਬ,
ਨਗਰ ਨਿਗਮ,
5 ਪਟਿਆਲਾ ।

ਸ੍ਰੀਮਾਨ ਜੀ,
ਬੇਨਤੀ ਹੈ ਕਿ ਮੈਂ ਮੁਹੱਲਾ ਗੁਰਦੇਵ ਨਗਰ ਦੀ ਵਾਸੀ ਹਾਂ । ਮੈਂ ਆਪ ਦਾ ਧਿਆਨ ਇਸ ਮੁਹੱਲੇ ਦੀ ਸਫ਼ਾਈ ਵੱਲ ਦਿਵਾਉਣਾ ਚਾਹੁੰਦੀ ਹਾਂ ।ਮੁਹੱਲੇ ਦੇ ਹਰ ਪਾਸੇ ਕੂੜੇ ਦੇ ਢੇਰ ਹਨ । ਨਾਲੀਆਂ ਨੂੰ ਹਰ ਰੋਜ਼ ਸਾਫ਼ ਨਹੀਂ ਕੀਤਾ ਜਾਂਦਾ, ਜਿਸ ਕਰਕੇ ਉਨ੍ਹਾਂ ਦਾ ਪਾਣੀ ਗਲੀਆਂ ਵਿਚ ਖੜ੍ਹਾ ਹੋ ਜਾਂਦਾ ਹੈ । ਇਸ ਖੜ੍ਹੇ ਪਾਣੀ ਵਿਚ ਮੱਛਰ ਪੈਦਾ ਹੋ ਰਿਹਾ ਹੈ।ਜਿਸ ਕਾਰਨ ਮਲੇਰੀਏ ਦੇ ਫੈਲਣ ਦਾ ਵੀ ਡਰ ਹੈ । ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਕਰਮਚਾਰੀ ਭੇਜ ਕੇ ਸਫ਼ਾਈ ਦਾ ਯੋਗ ਪ੍ਰਬੰਧ ਕਰਵਾ ਦਿਉ ।

ਧੰਨਵਾਦ ਸਹਿਤ।

ਆਪ ਦੀ ਸ਼ੁਭਚਿੰਤਕ,

**ਸਿਮਰਨ**

ਤਾਰੀਕ- 3 ਮਾਰਚ

ਮੁਹੱਲਾ ਦੇਵ ਨਗਰ,

ਜਲੰਧਰ ।

**2. ਆਚਰਣ ਸਰਟੀਫਿਕੇਟ ਲੈਣ ਸੰਬੰਧੀ:**

ਸੇਵਾ ਵਿਖੇ
ਪ੍ਰਿੰਸੀਪਲ ਸਾਹਿਬ,
ਰਾਜਕੀਯ ਸਕੂਲ,
**ਸ੍ਰੀਮਾਨ ਜੀ,**
ਬੇਨਤੀ ਹੈ ਕਿ ਮੈਂ ਆਪ ਜੀ ਦੇ ਸਕੂਲ ਵਿਚੋਂ ਫਸਟ ਡਵੀਜ਼ਨ ਲੈ ਕੇ ਮਿਡਲ ਦੀ ਪ੍ਰੀਖਿਆ ਪਾਸ ਕੀਤੀ ਹੈ । ਮੈਂ ਇਸ ਸਕੂਲ ਵਿਚ ਪਿਛਲੇ ਚਾਰ ਸਾਲਾ ਤੋਂ ਪੜ੍ਹ ਰਿਹਾ ਹਾਂ । ਪੜਾਈ ਵਿਚ ਖਾਸ ਰੁਚੀ ਹੋਣ ਕਰਕੇ ਮੈਂ ਮਿਡਲ ਦੀ ਪ੍ਰੀਖਿਆ ਵਿਚ ਸਾਰੇ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ ਤੇ ਆਇਆ ਸੀ । ਮੈਂ ਫੁੱਟਬਾਲ ਦੀ ਜੂਨੀਅਰ ਟੀਮ ਦਾ ਕਪਤਾਨ ਰਿਹਾ ਹਾਂ ਤੇ ਸਾਹਿਤਕ ਸਭਾ ਦਾ ਸਕੱਤਰ ਰਿਹਾ ਹਾਂ। ਮੈਂ ਪੰਜਵੀਂ ਜਮਾਤ ਤੋਂ ਅੱਠਵੀਂ ਜਮਾਤ ਤਕ ਜਮਾਤ ਦਾ ਮਾਨੀਟਰ ਵੀ ਰਿਹਾ ਹਾਂ ।ਤੁਹਾਡੇ ਅੱਗੇ ਬੇਨਤੀ ਹੈ ਕਿ ਮੇਰੀਆਂ ਪਿਛਲੀਆਂ ਸਾਰੀਆਂ ਸੇਵਾਵਾਂ ਨੂੰ ਮੁੱਖ ਰਖਕੇ ਆਚਰਣਸਰਟੀਫਿਕੇਟ ਦਿੱਤਾ ਜਾਵੇ । ਮੈਂ ਆਪ ਜੀ ਦਾ ਧੰਨਵਾਦੀ ਹੋਵਾਂਗਾ ।

ਤਾਰੀਕ :-10 ਫਰਵਰੀ

ਆਪ ਜੀ ਦਾ ਆਗਿਆਕਾਰੀ,

ਮਦਨ

ਜਮਾਤ ਛੇਵੀਂ।

-----------

**ਇਸ਼ਤਿਹਾਰ:**

**ਅਖਬਾਰ ਵਿਚ ਇਸ਼ਤਿਹਾਰ – ਵਿਆਹ ਲਈ :**

ਅਈਅਰ Atreya, 27/162 ਮੁੱਖ ਮੰਤਰੀ, BE, ਓਰੇਕਲ 'ਤੇ ਸਾਫਟਵੇਅਰ ਇੰਜੀਨੀਅਰ, ਚੇਨਈ ', 30 ਲੱਖ / ਸਾਲਾਨਾ. ਮੰਗ ਅਈਅਰ ਲੜਕੀ, 25-27 ਸਾਲ, ਉਪਰੋਕਤ 150 CMS, ਚੇਨਈ ਨੂੰ ਨੌਕਰੀ '. ਨਿਯਤ ਕਰੋ ਬਾਇਓਡਾਟਾ ਅਤੇ ਕੁੰਡਲੀ **s1876@gmail.com,**

**ਪ੍ਰੈਸਨੋਟ**: ਕਿਸੇ ਵੀ ਸਰਕਾਰੀ ਗੈਰ-ਸਰਕਾਰੀ ਅਦਾਰਾ,ਸਕੂਲ,ਕਾਲਜ,ਯੂਨੀਵਰਸਿਟੀ ਆਦਿ ਵਿਚ ਕਿਸੇ ਕਾਰਜ,ਗਤੀਵਿਧੀ ਜਾਂ ਕੋਈ ਜਾਣਕਾਰੀ ਦੇਣ ਸੰਬੰਧੀ ਅਖਬਾਰ ਵਿਚ ਇਕ ਨੋਟ ਦਿੱਤਾ ਜਾਂਦਾ ਹੈ।ਇਹ ਸੰਖੇਪ ਅਤੇ ਸਿੱਧੇ ਰੂਪ ਵਿਚ ਮੁੱਖ ਵਿਸ਼ੇ ਨੂੰ ਪੇਸ਼ ਕਰਦਾ ਹੈ:

**ਉਦਾਹਰਨ:**

**ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮਟਿਡ**

## ਲੋਕ ਸੰਪਰਕ ਵਿਭਾਗ

## ਪ੍ਰੈਸ ਨੋਟ , ਮੁਹਾਲੀ 1 ਮਈ-2018

ਬਿਜਲੀ ਮੰਤਰੀ ਪੰਜਾਬ ਸ੍ਰ: ਗੁਰਪ੍ਰੀਤ ਸਿੰਘ ਕਾਂਗੜ ਨੇ ਅੱਜ ਮੁਹਾਲੀ ਹਵਿਖੇ ਪੀ.ਐਸ.ਪੀ.ਸੀ.ਐਲ. ਦੇ ਸੀ.ਐਮ.ਡੀ. ਅਤੇ ਡਾਇਰੈਕਟਰਜ ਨਾਲ ਮੀਟਿੰਗ ਕੀਤੀ । ਉਹਨਾਂ ਨੇ ਪੀਐਸਪੀਸੀਐਲ ਅਤੇ ਪੀਐਸਟੀਸੀਐਲ ਦੋਨਾਂ ਦੇ ਕੰਮਾਂ ਦਾ ਜਾਇਜਾ ਲਿਆ । ਇਸ ਮੋਕੇ ਤੇ ਦੋਨੋ ਕਾਰਪੋਰੇਸਨਾਂ ਨੇ ਆਉਣ ਵਾਲੇ ਝੋਨੇ ਦੇ ਸੀਜਨ ਦੋਰਾਨ ਪੰਜਾਬ ਦੇ ਖਪਤਕਾਰਾਂ ਖਾਸ ਕਰਕੇ ਖੇਤੀਬਾੜੀ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਸਬੰਧੀ ਲਏ ਗਏ ਪਹਿਲ ਕਦਮਾਂ ਬਾਰੇ ਪੇਸਕਸ਼ਦਿੱਤੀ । ਇਸ ਪੇਸਕਸ਼ ਦੋਰਾਨ ਬਿਜਲੀ ਪੈਦਾਵਾਰ, ਸਪਲਾਈ ਅਤੇ ਬਿਜਲੀ ਦੀ ਵੰਡ ਵਿੱਚ ਸੁਧਾਰ ਲਿਆਉਣ ਲਈ ਲਏ ਗਏ ਮਹੱਤਵਪੂਰਨ ਕਦਮਾਂ ਤੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ।

ਮੀਟਿੰਗ ਵਿਚ ਪੀ ਐਸ ਪੀ ਸੀ ਐਲ ਵੱਲੋ ਲਾਗਤ ਘਟਾਉਣ ਅਤੇ ਕੁਸਲਤਾ ਵਿੱਚ ਸੁਧਾਰ ਲਿਆਉਣ ਸਬੰਧੀ ਲਏ ਗਏ ਵੱਖ-2 ਕਦਮਾਂ ਬਾਰੇ ਬਿਜਲੀ ਮੰਤਰੀ ਜੀ ਨੂੰ ਜਾਣੂ ਕਰਵਾਇਆ ਗਿਆ । ਬਿਜਲੀ ਮੰਤਰੀ ਵੱਲੋ ਦੋਨਾਂ ਕਾਰਪੋਰੇਸਨਾਂ ਦੇ ਅਫਸਰਾਂ ਨੂੰ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਅਤੇ ਪੰਜਾਬ ਦੇ ਵਾਧੇ ਅਤੇ ਵਿਕਾਸ ਲਈ ਸਹੀ ਯੋਗਦਾਨ ਪਾਉਣ ਲਈ ਕਿਹਾ ਗਿਆ

ਮਾਨਯੋਗ ਮੁੱਖ ਮੰਤਰੀ ਪੰਜਾਬ, ਕੈਪਟਨ ਅਮਰਿੰਦਰ ਸਿੰਘ ਵੱਲੋ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਅਨੁਸਾਰ ਨੋਜਵਾਨਾਂ ਨੂੰ ਰੋਜਗਾਰ ਦੇਣ ਸਬੰਧੀ ਜਾਣਕਾਰੀ ਦਿੰਦੇ ਹੋਏ ਉਹਨਾ ਨੇ ਕਿਹਾ ਕਿ ਗੁ:ਨ:ਦੇ:ਥ:ਪ:ਬਠਿੰਡਾ ਦੇ 635 ਨੰ: ਠੇਕੇ ਤੇ ਕੰਮ ਕਰਦੇ ਕਰਮਚਾਰੀ ਕਿ ਸਰਪਲਸ ਕੀਤੇ ਗਏ ਸਨ, ਉਹਨਾਂ ਨੂੰ ਪੈਸਕੋ ਏਜੰਸੀ ਰਾਹੀਂ ਨਿਯੁੱਕਤੀ ਪੱਤਰ ਜਾਰੀ ਕਰ ਦਿੱਤੇ ਗਏ ਹਨ । ਸ੍ਰ: ਗੁਰਪ੍ਰੀਤ ਸਿੰਘ ਕਾਂਗੜ ਨ 2800 ਸਹਾਇਕ ਲਾਇਨਮੈਨ, 300 ਜੇ.ਈਜ, 248 ਐਸ.ਐਸ.ਏ. ਅਤੇ 330 ਹੇ:ਸ੍ਰੇ:ਕ: ਭਰਤੀ ਪ੍ਰਕਿਰਿਆ ਨੂੰ ਜਲਦੀ ਤੋ ਜਲਦੀ ਪੂਰੀ ਕਰਨ ਲਈ ਪੀਐਸਪੀਸੀਐਲ ਨੂੰ ਨਿਰਦੇਸ ਜਾਰੀ ਕੀਤੇ ਹਨ ।ਗੁਰਪ੍ਰੀਤ ਸਿੰਘ ਕਾਂਗੜ ਨੇ ਬਿਜਲੀ ਦੀ ਖਰੀਦ ਸਬੰਧੀ ਮੈਟੀਰੀਅਲ, ਬਿਜਲੀ ਦੀ ਖਰੀਦ, ਬਿਜਲੀ ਸਿਸਟਮ ਦੇ ਸੁਧਾਰ ਲਿਆਉਣ ਲਈ ਜਰ ਦਿੰਦੇ ਹੋਏ ਕਿਹਾ ਕਿ ਬਕਾਇਆ ਰਕਮ ਦੀ 100# ਪ੍ਰਾਪਤੀ ਕਰਨ ਲਈ ਮੀਟਰਿੰਗ ਸਿਸਟਮ ਵਿੱਚ ਸੁਧਾਰ ਲਿਆਉਣ ਦੀ ਲੋੜ ਹੈ । ਬਿਜਲੀ ਦੀ ਬਚਤ ਨੂੰ ਵਧਾਉਣ ਸਬੰਧੀ ਕਿਸਾਨਾਂ ਨੂੰ 5 ਸਟਾਰ ਮੋਟਰਾਂ ਲਗਾਉਣ ਬਾਰੇ ਜਾਗਰਕ, ਫਿਊਲ ਦੀ ਬਚਤ ਨੂੰ ਵਧਾਉਣ ਲਈ ਸੂਰਜੀ ਉਰਜਾ ਦੀ ਵਰਤੋ ਕਰਨ ਬਾਰੇ ਵੀ ਉਹਨਾਂਵੱਲੋ ਪਾਵਰ ਮੈਨੇਜਮੈਂਟ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ।ਇਸ ਮੋਕੇ ਤੇ ਸੀ.ਐਮ.ਡੀ.ਪੀਐਸਪੀਸੀਐਲ ਸ੍ਰੀ ਵੇਨੂ ਪ੍ਰਸਾਦ, ਆਈ.ਏ. ਐਸ. ਨੇ ਪੰਜਾਬ ਦੇ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਦੀ ਸਪਲਾਈ ਕਰਨ ਬਾਰੇ ਯਕੀਨ ਦਿਵਾਇਆ ਗਿਆ । ਯਕੀਨਦਿਵਾਇਆਗਿਆ ਡਾਇਰੈਕਟਰ ਪ੍ਰਬੰਧਕੀ ਸ੍ਰੀ ਆਰ.ਪੀ.ਪਾਂਡਵ, ਡਾਇਰੈਕਟਰ ਵਣਜ ਸ੍ਰੀਓ.ਪੀ.ਗਰਗ, ਡਾਇਰੈਕਟਰ ਵੰਡ ਸ੍ਰੀਐਨ.ਕੇ.ਸ਼ਰਮਾ, ਡਾਇਰੈਕਟਰ ਵਿੱਤ ਸ੍ਰੀ ਜਤਿੰਦਰਗੋਇਲ ਅਤੇ ਡਾਇਰੈਕਟਰ ਤਕਨੀਕੀ ਪੀਐਸਟੀਸੀਐਲ ਸ੍ਰੀ ਅਜੈ ਕਪੂਰ ਵੀਇਸ ਮੋਕੇ ਤੇ ਮੋਜੂਦ ਸਨ ।

ਇਸ ਮੋਕੇ ਤੇ ਮੋਜੂਦ ਸਨ ।

ਜਾਰੀ ਕਰਤਾ ਪ੍ਰੈਸ ਨੋਟ ਨੰ.07 ਮਿਤੀ 01.05.2018

ਉਪ ਸਕੱਤਰ/ਪਬਲਿਕ ਰਿਲੇਸ਼ਨ, ਪੀਐਸਪੀਸੀਐਲ, ਪਟਿਆਲਾ।

**ਸਾਰ-ਅੰਸ਼:**

ਅਨੁਵਾਦ ਸ਼ਬਦ ਦਾ ਸਬੰਧ ਵਦੁ ਧਾਤ ਤੋਂ ਹੈ ਜਿਸ ਦਾ ਅਰਥ ਹੈ ਬੋਲਣਾ ਜਾਂ ਕਹਿਣਾ। ਆਦਿ ਕਾਲ ਵਿੱਚ ਸਿੱਖਿਆ ਦੀ ਮੌਖਿਕ ਪ੍ਰੰਪਰਾ ਸੀ, ਗੁਰੂ ਲੋਕ ਆਖਦੇ ਸਨ ਸ਼ਿਸ਼ ਦੁਹਾਰਾਉਂਦੇ ਸਨ। 14ਵੀਂ ਪੰਦਰ੍ਹਵੀਂ ਸਦੀ ਤੋਂ ਪਹਿਲਾਂ ਹੀ ਜੋਤਿਸ਼ ਅਤੇ ਨੀਤੀ ਕਥਾਵਾਂ ਦੇ ਅਨੁਵਾਦ ਸੰਸਕ੍ਰਿਤ ਅਤੇ ਹੋਰਨਾਂ ਭਾਸ਼ਾਵਾਂ ਤੋਂ ਹੋਣ ਲੱਗ ਪਏ ਸਨ। ਜਿਸ ਨੂੰ 'ਭਾਸ਼ਾ ਟੀਕਾ' ਆਖਦੇ ਸਨ। ਅੱਗੇ ਚੱਲ ਕੇ ਫਾਰਸੀ ਦੇ ਪ੍ਰਚਾਰ ਅਤੇ ਪ੍ਰਸਾਰ ਕਰਕੇ ਤਰਜਮਾ ਸ਼ਬਦ ਚੱਲ ਪਿਆ। ਭਾਰਤੇਂਦੂ ਹਰੀਸ਼ਚੰਦਰ ਨੇ (1861) ਰਤਨਾਵਲੀ ਦੇ ਮੁੱਖ ਬੰਦ ਵਿੱਚ ਅਨੁਵਾਦ ਲਈ ਤਰਜਮਾ ਸ਼ਬਦ ਦੀ ਵਰਤੋਂ ਕੀਤੀ, ਇਨ੍ਹਾਂ ਸ਼ਬਦਾਂ ਦੇ ਨਾਲ-ਨਾਲ 'ਉਲੱਥਾ' ਸ਼ਬਦ ਵੀ ਚੱਲ ਪਿਆ ਸੀ। ਸਮੇਂ ਦੇ ਨਾਲ-ਨਾਲ ਛਾਇਆ, ਟੀਕਾ, ਭਾਸ਼ਾਨੁਵਾਦ, ਤਰਜਮਾ ਅਤੇ ਉਲੱਥਾ ਸ਼ਬਦ ਦੀ ਵਰਤੋਂ ਹੋ ਰਹੀ ਸੀ। 19ਵੀਂ ਸਦੀ ਵਿੱਚ 'ਅਨੁਵਾਦ' ਸ਼ਬਦ ਵਰਤੋਂ ਵਿੱਚ ਆ ਗਿਆ ਸੀ। ਈਸਾ ਤੋਂ ਅੰਦਾਜ਼ਨ ਤਿੰਨ ਹਜ਼ਾਰ ਸਾਲ ਪਹਿਲਾਂ ਅਸੀਰੀਆਂ ਦੇ ਰਾਜਾ ਸੈਰਗੋਨ ਆਪਣੇ ਬਹੁ-ਭਾਸ਼ੀ ਰਾਜ ਵਿੱਚ ਆਪਣੀ ਬਹਾਦਰੀ ਦੇ ਕੰਮਾਂ ਦੀ ਮੁਨਿਆਦੀ ਵੱਖਰੀਆਂ-ਵੱਖਰੀਆਂ ਭਾਸ਼ਾਵਾਂ ਵਿੱਚ ਕਰਵਾਉਂਦਾ ਸੀ। ਇਸੇ ਤਰ੍ਹਾਂ ਈਸਾ ਤੋਂ ਅਮੂਮਨ 2100 ਸਾਲ ਪਹਿਲਾਂ ਹਮਰੂਬੀ ਦੇ ਰਾਜ ਵਿੱਚ ਬੇਬੀਲੋਨ ਇੱਕ ਬਹੁਭਾਸ਼ੀ ਨਗਰ ਸੀ, ਅਜਿਹਾ ਉਲੇਖ਼ ਮਿਲਦਾ ਹੈ, ਉਥੇ ਰਾਜ-ਆਦੇਸ਼ਾਂ ਦੇ ਅਨੁਵਾਦ ਜਨਤਾ ਲਈ ਦੂਜੀਆਂ ਭਾਸ਼ਾਵਾਂ ਵਿੱਚ ਕਰਵਾਏ ਜਾਂਦੇ ਸਨ। ਫੁਟਕਲ ਉਦਾਹਰਣਾਂ ਨੂੰ ਛੱਡ ਦੇਈਏ ਤਾਂ ਯੂਨਾਨ ਦਾ ਨਾਂ ਵਿਸ਼ਵ ਵਿੱਚ ਅਨੁਵਾਦ ਲਈ ਸਭ ਤੋਂ ਪਹਿਲਾਂ ਲਿਆ ਜਾ ਸਕਦਾ ਹੈ। ਬਾਈਬਲ ਦੀ ਪੁਰਾਣੀ ਪੋਥੀ ਹੀਬਰੂ ਵਿੱਚ ਸੀ। ਮਿਸਰ ਅਤੇ ਏਲਕਜ਼ੈਂਦਰਿਆ ਵਿੱਚ ਯਹੂਦੀ ਬਹੁਤ ਸਨ ਜੋ ਯੂਨਾਨੀ ਭਾਸ਼ਾ ਤਾਂ ਜਾਣਦੇ ਸਨ ਪਰ ਉਨ੍ਹਾਂ ਨੂੰ ਹੀਬਰੂ ਨਹੀਂ ਸੀ ਆਉਂਦੀ, ਇਸੇ ਲਈ ਯੂਨਾਨੀ ਵਿੱਚ ਪੁਰਾਣੀ ਪੋਥੀ ਦੇ ਅਨੁਵਾਦ ਦੀ ਲੋੜ ਪਈ। ਦੂਜੀ-ਤੀਜੀ ਈਸਵੀ ਪੂਰਬ ਬਾਈਬਲ ਦੇ ਕਈ ਅਨੁਵਾਦ ਯੂਨਾਨੀ ਵਿੱਚ ਹੋਏ। ਕਿਹਾ ਜਾਂਦਾ ਹੈ ਕਿ ਬਹੱਤਰ ਅਨੁਵਾਦਕਾਂ ਨੇ ਬਹੱਤਰ ਦਿਨਾਂ ਵਿੱਚ ਅਨੁਵਾਦ ਦਾ ਕੰਮ ਪੂਰਾ ਕੀਤਾ। ਅਨੁਵਾਦ ਦੀ ਪ੍ਰੰਪਰਾ ਵਿੱਚ ਯੂਨਾਨੀਆਂ ਤੋਂ ਮਗਰੋਂ ਰੋਮ ਦਾ ਨਾਂ ਆਉਂਦਾ ਹੈ। ਰੋਮਨਾਂ ਨੇ ਧਾਰਮਿਕ ਗ੍ਰੰਥਾਂ ਦੇ ਨਾਲ-ਨਾਲ ਕਾਵਿ, ਨਾਟਕ ਅਤੇ ਸਾਹਿਤਕ ਗ੍ਰੰਥਾਂ ਦਾ ਵੀ ਅਨੁਵਾਦ ਕੀਤਾ। ਹੋਮਰ ਦੀ 'ਆਦਿਸੀ' ਦਾ ਲੈਟਿਨ ਛੰਦਾਂ ਵਿੱਚ ਅਨੁਵਾਦ ਹੋਇਆ। ਪਹਿਲੀ ਸਦੀ (ਈ.ਪੂ.) ਦੇ ਅਨੁਵਾਦਕਾਂ ਵਿੱਚ ਸਿਸਰੋ ਦਾ ਨਾਂ ਮੁੱਖ ਤੌਰ 'ਤੇ ਸਾਹਮਣੇ ਆਉਂਦਾ ਹੈ। ਉਸ ਨੇ ਪਲੈਟੋ ਦੇ ਪਰੋਤਾਗੋਰਸ ਅਤੇ ਯੂਨਾਨੀ ਕਿਰਤਾ ਦਾ ਲੈਟਿਨ ਤੋਂ ਅਨੁਵਾਦ ਕੀਤਾ। ਅਰਬ ਵਿੱਚ ਅਨੁਵਾਦ ਪ੍ਰੰਪਰਾ ਆਦਿ ਕਾਲ ਤੋਂ ਹੀ ਰਹੀ ਹੈ। ਅਸਲ ਵਿੱਚ ਅਰਬ ਵਾਸੀਆਂ ਦੀ ਗਿਆਨ ਵਿਗਿਆਨ ਵਿੱਚ ਖਾਸੀ ਰੁਚੀ ਸੀ ਉਨ੍ਹਾਂ ਨੂੰ ਜੋ ਵੀ ਮੁੱਲਵਾਨ ਲੱਗਿਆ ਆਪਣੀ ਭਾਸ਼ਾ ਨੂੰ ਅਮੀਰ ਕਰਨ ਲਈ ਉਨ੍ਹਾਂ ਉਸ ਦਾ ਅਨੁਵਾਦ ਕਰ ਦਿੱਤਾ। ਸਭ ਤੋਂ ਵੱਧ ਅਨੁਵਾਦ ਉਨ੍ਹਾਂ ਭਾਰਤੀ ਅਤੇ ਯੂਨਾਨੀ ਰਚਨਾਵਾਂ ਦੇ ਕੀਤੇ। ਅਰਬ ਵਾਸੀਆਂ ਨੂੰ ਜਦੋਂ ਸੰਸਕ੍ਰਿਤ ਦੀ ਅਮੀਰੀ ਦਾ ਪਤਾ ਲੱਗਾ। ਉਨ੍ਹਾਂ ਸਿੰਧੀ ਬ੍ਰਾਹਮਣਾਂ ਦੀ ਮਦਦ ਨਾਲ ਅਨੁਵਾਦ ਕਰਵਾਉਣੇ ਸ਼ੁਰੂ ਕਰ ਦਿੱਤੇ। ਇਹ ਅਨੁਵਾਦ ਅੱਠਵੀਂ-ਨੌਵੀਂ ਸਦੀ ਵਿੱਚ ਹੋਏ। ਉਨ੍ਹਾਂ ਅੰਕ ਗਣਿਤ, ਰੇਖਾ ਗਣਿਤ, ਜੋਤਿਸ਼, ਸਿਹਤ-ਸ਼ਾਸਤਰ, ਸੰਗੀਤ, ਤਰਕ-ਸ਼ਾਸਤਰ, ਖਗੋਲ-ਵਿਗਿਆਨ ਦੇ ਨਾਲ-ਨਾਲ ਮਹਾਂਭਾਰਤ ਅਤੇ ਪੰਚਤੰਤਰ ਦਾ ਵੀ ਅਨੁਵਾਦ ਕਰਵਾਇਆ। ਖ਼ਲੀਫਾ ਅਲ-ਮਾਮੂਨ ਨੇ 830 ਈ. ਵਿੱਚ ਅਨੁਵਾਦ ਅਤੇ ਖੋਜ ਕਾਰਜਾਂ ਲਈ 'ਬੈਤੁਲ ਹਿਕਮਾ' (ਗਿਆਨ ਦਾ ਘਰ) ਨਾਮ ਦੀ ਸੰਸਥਾ ਸਥਾਪਤ ਕੀਤੀ। ਸੋਲਵੀਂ ਸਦੀ ਵਿੱਚ ਅਨੁਵਾਦ ਦੇ ਖੇਤਰ ਵਿੱਚ ਸਭ ਤੋਂ ਵੱਡਾ ਨਾ ਜਰਮਨੀ ਤੋਂ ਮਾਰਟਿਨ ਲੂਥਰ ਦਾ ਆਉਂਦਾ ਹੈ। ਲੂਥਰ ਨੇ ਬਾਈਬਲ ਦੀ ਨਵੀਂ ਪੋਥੀ ਦਾ ਅਨੁਵਾਦ ਜਰਮਨ ਵਿੱਚ ਕੀਤਾ। ਭਾਵੇਂ ਉਸ ਤੋਂ ਪਹਿਲਾਂ ਅੰਗਰੇਜ਼ੀ, ਡੱਚ, ਜਰਮਨ, ਭਾਸ਼ਾਵਾਂ ਵਿੱਚ ਬਾਈਬਲ ਦੇ ਅਨੁਵਾਦ ਆ ਚੁੱਕੇ ਸਨ ਪਰ ਕਿਸੇ ਵੀ ਅਨੁਵਾਦ ਦਾ ਕਿਸੇ ਭਾਸ਼ਾ ਨੇ ਇੰਨਾ ਵੱਡਾ ਅਸਰ ਨਹੀਂ ਕਬੂਲਿਆ ਜਿੰਨਾ ਅਸਰ ਲੂਥਰ ਦੀ ਬਾਈਬਲ ਦਾ ਜਰਮਨ ਭਾਸ਼ਾ 'ਤੇ ਪਿਆ। ਇੰਗਲੈਂਡ ਵਿੱਚ ਵੈਸੇ ਤਾਂ ਅਨੁਵਾਦ ਦੀ

ਪਰੰਪਰਾ ਨੌਵੀਂ ਸਦੀ ਤੋਂ ਸ਼ੁਰੂ ਹੋ ਗਈ ਸੀ। ਐਲਫ੍ਰੈਡ (849-901) ਰਾਜਾ ਵਿਦਵਾਨ ਹੋਣ ਦੇ ਨਾਲ-ਨਾਲ ਇੱਕ ਚੰਗਾ ਅਨੁਵਾਦਕ ਵੀ ਸੀ। ਉਸ ਤੋਂ ਮਗਰੋਂ ਹੀਬਰੂ, ਯੂਨਾਨੀ, ਅਤੇ ਲੈਟਿਨ ਭਾਸ਼ਾ ਦੇ ਅਨੁਵਾਦਾਂ ਦੇ ਆਧਾਰ 'ਤੇ ਅੰਗਰੇਜ਼ੀ ਵਿੱਚ ਬਾਈਬਲ ਦੇ ਕਈ ਅਨੁਵਾਦ ਆਏ। ਟਾਮਸ ਨਾਰਥ ਨੇ (1549) ਵਿੱਚ ਰੋਮਨਾਂ ਅਤੇ ਯੂਨਾਨੀਆਂ ਦੀਆਂ ਜੀਵਨੀਆਂ ਦਾ ਅਨੁਵਾਦ ਪ੍ਰਕਾਸ਼ਿਤ ਕੀਤਾ। ਜਿਨ੍ਹਾਂ ਅਨੁਵਾਦਾਂ ਤੋਂ ਸ਼ੈਕਸ਼ਪੀਅਰ ਨੇ ਜੂਲੀਅਸ-ਸੀਜ਼ਰ ਅਤੇ ਆਪਣੇ ਕਈ ਨਾਟਕਾਂ ਦੇ ਕਥਾਨਕ ਲਏ। ਮਸ਼ਹੂਰ ਕਵੀ ਅਤੇ ਆਲੋਚਕ ਮੈਥਿਊ ਆਰਨਾਲਡ ਵੀ ਅੰਗਰੇਜ਼ੀ ਦੇ ਚੰਗੇ ਅਨੁਵਾਦਕ ਅਤੇ ਅਨੁਵਾਦ ਚਿੰਤਕ ਸਨ। ਉਨ੍ਹਾਂ ਹੋਮਰ ਦੇ ਕੁਝ ਭਾਗਾਂ ਦਾ ਅੰਗੇਰਜ਼ੀ ਵਿੱਚ ਅਨੁਵਾਦ ਕੀਤਾ। ਫਿਟਜ਼ਜੇਰਾਲਡ ਇੱਕ ਵੱਡੇ ਕਵੀ ਤਾਂ ਸਨ ਹੀ ਪਰ ਉਨ੍ਹਾਂ ਦੀ ਮਸ਼ਹੂਰੀ ਵਿਸ਼ਵ ਵਿੱਚ ਉਮਰ ਖ਼ਯਾਮ ਦੀਆਂ ਰੂਬਾਈਆਂ ਦੇ ਅਨੁਵਾਦ ਕਰਕੇ ਜਿਆਦਾ ਹੋਈ। ਉਨ੍ਹਾਂ ਉਮਰ ਖ਼ਯਾਮ ਦੀਆਂ ਰੁਬਾਈਆਂ ਦਾ ਭਾਵ-ਅਨੁਵਾਦ ਕੀਤਾ। ਅਨੁਵਾਦ ਦੇ ਖੇਤਰ ਵਿੱਚ ਜੇ ਭਾਰਤ ਦੀ ਗੱਲ ਕਰੀਏ ਤਾਂ ਆਦਿ ਕਾਲ ਵਿੱਚ ਭਾਰਤੀ ਸਾਹਿਤ ਵਿੱਚ ਅਨੁਵਾਦ ਦੇ ਗ੍ਰੰਥ ਨਹੀਂ ਮਿਲਦੇ, ਇਸ ਦਾ ਅਰਥ ਇਹ ਨਹੀਂ ਕਿ ਭਾਰਤੀ ਵਿਦਵਾਨਾ ਵਿੱਚ ਵਿਦਵਤਾ ਪੱਖੋਂ ਕੋਈ ਘਾਟ ਸੀ ਬਲਕਿ ਉਸ ਵੇਲੇ ਭਾਰਤੀ ਸਾਹਿਤ ਅਤੇ ਗਿਆਨ ਵਿਗਿਆਨ ਦੇ ਪੱਖੋਂ ਸਭ ਤੋਂ ਅੱਗੇ ਸੀ। ਇਸੇ ਲਈ ਭਾਰਤੀ ਸਾਹਿਤ ਅਤੇ ਭਾਰਤੀ ਦਰਸ਼ਨ ਦੇ ਅਨੁਵਾਦ ਹੋਰਨਾਂ ਭਾਸ਼ਾਵਾਂ ਵਿੱਚ ਵੱਡੀ ਮਾਤਰਾ ਵਿੱਚ ਹੋਏ। ਪਰ ਭਾਰਤੀ ਵਿਦਵਾਨਾਂ ਨੂੰ ਜੋ ਕੁਝ ਵੀ ਬਾਹਰੋਂ ਮਿਲਿਆ ਉਨ੍ਹਾਂ ਉਸ ਨੂੰ ਆਤਮਸਾਤ ਕਰ ਉਸ ਨੂੰ ਆਪਣੇ ਢੰਗ ਨਾਲ ਦਰਸਾਇਆ। ਦ੍ਰਾਵਿੜ ਭਾਸ਼ਾਵਾਂ ਵਿੱਚ ਅਨੁਵਾਦ ਦੀ ਪ੍ਰੰਪਰਾ ਭਾਰਤ ਵਿੱਚ ਮੱਧਕਾਲ ਤੋਂ ਸ਼ੁਰੂ ਹੋ ਗਈ ਸੀ। ਤੇਲਗੂ ਦੇ ਪਹਿਲੇ ਕਵੀ ਨੰਨਇਆ ਭੱਟ ਨੇ ਮਹਾਂਭਾਰਤ ਦਾ ਅਨੁਵਾਦ ਸੰਸਕ੍ਰਿਤ ਤੋਂ ਤੇਲਗੂ ਭਾਸ਼ਾ ਵਿੱਚ ਕੀਤਾ। ਪੋਤਨਾ ਨੇ ਵੀ ਭਾਗਵਤ ਦਾ ਅਨੁਵਾਦ ਤੇਲਗੂ ਵਿੱਚ ਕੀਤਾ। ਗੁਰੂ ਰਾਬਿੰਦਰਨਾਥ ਟੈਗੋਰ, ਰਾਮ ਚੰਦਰ ਸ਼ੁਕਲ, ਹਜ਼ਾਰੀ ਪ੍ਰਸ਼ਾਦ ਦਵੇਦੀ, ਮੁਨਸ਼ੀ ਪ੍ਰੇਮ ਚੰਦ, ਹਰਿਵੰਸ਼ਰਾਏ ਬੱਚਨ, ਰਾਮਧਾਰੀ ਸਿੰਘ ਦਿਨਕਰ ਧਰਮਵੀਰ ਭਾਰਤੀ, ਤੇਜ਼ੀ ਗਰੋਵਰ, ਅਸ਼ੋਕ ਵਾਜਪਾਈ, ਗੁਲਜਾਰ, ਸੁਰੇਸ਼ ਸਲੀਲ, ਸੁਭਾਸ਼ ਨੀਰਵ, ਡਾ. ਹਜ਼ਾਰੀ ਪ੍ਰਸਾਦ ਸ਼ਾਸਤਰੀ, ਵਰਗੇ ਅਨੇਕਾਂ ਵੱਡੇ-ਵੱਡੇ ਲੇਖਕਾਂ ਨੇ ਆਪਣੀ ਸਿਰਜਣਾ ਨੇ ਨਾਲ-ਨਾਲ ਅਨੁਵਾਦ ਵਿੱਚ ਵੀ ਪੂਰਾ ਯੋਗਦਾਨ ਪਾਇਆ। ਪੰਜਾਬੀ ਵਿੱਚ ਐਸ.ਐਸ. ਅਮੋਲ, ਪ੍ਰੋ. ਪ੍ਰੀਤਮ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਗੁਰਬਖਸ਼ ਸਿੰਘ ਪ੍ਰੀਤਲੜੀ, ਪਿਆਰਾ ਸਿੰਘ ਸਹਿਰਾਈ, ਭਾਈ ਮੋਹਨ ਸਿੰਘ ਵੈਦ, ਗੁਰਦੇਵ ਸਿੰਘ ਰੁਪਾਣਾ, ਸੁਖਵੀਰ, ਪ੍ਰੋ. ਮੋਹਨ ਸਿੰਘ, ਗੁਲਜ਼ਾਰ ਸਿੰਘ ਸੰਧੂ ਡਾ. ਰਤਨ ਸਿੰਘ ਜੱਗੀ, ਗੁਰਬਚਨ ਸਿੰਘ ਭੁੱਲਰ, ਗੁਰਦਿਆਲ ਸਿੰਘ, ਸੁਰਜੀਤ ਹਾਂਸ, ਹਰਪਾਲ ਪੰਨੂ, ਡਾ. ਤਾਰਨ ਵਿੱਚ, ਡਾ. ਕਰਨਜੀਤ, ਦਰਸ਼ਨ ਸਿੰਘ, ਜਸਟਿਸ ਆਰ.ਐਸ. ਸਰਕਾਰੀਆਂ, ਪੰਡਿਤ ਨਰੈਣ ਸਿੰਘ ਗਿਆਨੀ, ਪ੍ਰੀਤਮ ਸਿੰਘ ਮਨਚੰਦਾ, ਪ੍ਰੋ. ਇੰਦੇ, ਡਾ. ਪ੍ਰੇਮ ਪ੍ਰਕਾਸ਼, ਨਰਿੰਦਰਪਾਲ ਸਿੰਘ, ਕਵੀ ਬਾਬਾ ਰਾਮਦਾਸ ਰਾਜਿੰਦਰ ਸਿੰਘ ਸ਼ਾਸਤਰੀ, ਗੁਰਬਖਸ਼ ਸਿੰਘ ਫਰੈਂਕ ਅਤੇ ਹੋਰ ਵੀ ਕਈ ਪੰਜਾਬੀ ਦੇ ਸਮਰੱਥ ਲੇਖਕਾਂ ਨੇ ਪੰਜਾਬੀ ਹਿੰਦੀ ਅੰਗਰੇਜ਼ੀ ਸੰਸਕ੍ਰਿਤ ਅਤੇ ਹੋਰ ਭਾਸ਼ਾਵਾਂ ਵਿੱਚੋਂ ਅਨੁਵਾਦ ਕਰਕੇ ਪੰਜਾਬੀ ਭਾਸ਼ਾ ਨੂੰ ਅਮੀਰੀ ਦਿੱਤੀ। ਮੈਕਸਿਕੋ ਦੇ ਕਵੀ ਆਕਤੋਵਿਐਪਾਜ਼ ਨੇ ਅਨੁਵਾਦਿਤ ਕਵਿਤਾ ਬਾਰੇ ਕਿਹਾ 'ਕਵਿਤਾ ਉਹ ਹੈ ਜੋ ਰੁਪਾਂਤਰ ਹੋ ਗਈ'। ਅਨੁਵਾਦ ਦੋ ਸੰਸਕ੍ਰਿਤੀਆਂ ਵਿਚਕਾਰ ਪੁਲ ਦਾ ਕੰਮ ਕਰਦਾ ਹੈ ਅਸੀਂ ਸੋਚੀਏ ਕਿੰਨ੍ਹਿਆਂ ਨੇ ਗੁਰੂ ਰਾਬਿੰਦਰਨਾਥ ਟੈਗੋਰ, ਮਹਾਂਸ਼ਵੇਤਾ ਦੇਵੀ, ਦਸਤਾਵੇਸਕੀ, ਨਾਜਿਮ ਹਿਕਮਤ, ਲੋਰਕਾ, ਪਾਬਲੋ ਨਰੂਦਾ, ਟੌਲਸਟੋਇ, ਮਾਇਐਵਸਕੀ, ਚੈਖ਼ਵ, ਅਮੀਖਾਈ, ਪੁਸ਼ਕਿਨ, ਬ੍ਰਟੋਲਟ ਬ੍ਰੇਸਟ ਮਾਯਾ ਅੰਜਲੂ, ਜੈ ਪਾਲ ਸਾਤ੍ਰ, ਗੋਰਕੀ ਵਰਗੇ ਵਿਸ਼ਵ ਦੇ ਹੋਰ ਮਹਾਨ ਲੇਖਕਾਂ ਨੂੰ ਉਨ੍ਹਾਂ ਦੀ ਮੂਲ ਭਾਸ਼ਾ ਵਿੱਚ ਪੜ੍ਹਿਆ ਹੈ। ਜੇ ਟੈਗੋਰ ਹੁਰਾਂ ਦੀਆਂ ਰਚਨਾਵਾਂ ਦਾ ਅਨੁਵਾਦ ਨਾ ਹੁੰਦਾ ਉਨ੍ਹਾਂ ਨੂੰ ਨੋਬਲ ਪੁਰਸਕਾਰ ਸ਼ਾਇਦ ਹੀ ਮਿਲਦਾ, ਪਾਸ਼ ਦੀ ਕਵਿਤਾ ਨੂੰ ਅੱਜ ਵਰਗਾ ਥਾਂ ਨਾ ਮਿਲਦਾ, ਗੁਰਦਿਆਲ ਸਿੰਘ, ਰਾਮ ਸਰੂਪ ਅਣਖ਼ੀ, ਅੰਮ੍ਰਿਤਾ ਪ੍ਰੀਤਮ ਨੂੰ ਸਾਡੀ ਭਾਸ਼ਾ ਤੋਂ ਬਾਹਰ ਕੌਣ ਜਾਣਦਾ। ਇਸ ਵਿੱਚ ਕੋਈ ਸ਼ੱਕ ਨਹੀਂ

ਕਿ ਹਰ ਅਨੁਵਾਦਕ ਦਾ ਅਨੁਵਾਦ ਕਰਨ ਦਾ ਆਪਣਾ ਢੰਗ ਹੁੰਦਾ ਹੈ ਆਪਣੀ ਤਿਆਰੀ ਹੁੰਦੀ ਹੈ, ਆਪਣੀ ਚੋਣ ਹੁੰਦੀ ਹੈ। ਅਨੁਵਾਦਕ ਰਚਨਾ ਦਾ ਸ਼ਬਦ-ਅਨੁਵਾਦ ਕਰਦਾ ਹੈ ਜਾਂ ਭਾਵਅਨੁਵਾਦ ਕਰਦਾ ਹੈ। ਉਸ ਨੇ ਰਚਨਾ ਨੂੰ ਕਿੰਨਾ ਕੁ ਆਤਮਸਾਤ ਕੀਤਾ ਹੈ ਉਸ ਦੀ ਲੈਅ ਨੂੰ ਕਿੰਨਾ ਕੁ ਫੜਿਆ ਹੈ। ਅਨੁਵਾਦ ਕਰਨ ਲਈ ਸਿਰਫ ਦੋ ਭਾਸ਼ਾਵਾਂ ਦੀ ਜਾਣਕਾਰੀ ਹੀਂ ਕਾਫੀ ਨਹੀਂ ਬਲਕਿ ਉਥੋਂ ਦੇ ਸਮਾਜਿਕ ਆਰਥਿਕ ਰਾਜਨਿਤਕ ਹਲਾਤਾਂ ਤੋਂ ਵੀ ਜਾਣੂ ਹੋਣਾ ਜ਼ਰੂਰੀ ਹੈ। ਅਨੁਵਾਦ ਦਾ ਮੂਲ ਮੰਤਰ ਹੈ 'ਨਾ ਜੋੜੋ ਨਾ ਛੋੜੋ'। ਅਨੁਵਾਦ ਕਰਨਾ ਇੱਕ ਤਪ ਹੈ, ਕਦੇ-ਕਦਾਈਂ ਇਹ ਜਪ ਵੀ ਬਣ ਜਾਂਦਾ ਹੈ। ਕਵਿਤਾ ਬਾਰੇ ਤਾਂ ਕਿਹਾ ਜਾਂਦਾ ਹੈ ਕਿ ਕਾਵਿ ਅਨੁਵਾਦ ਇੱਕ ਕਵੀ ਹਿਰਦੇ ਹੀ ਕਰ ਸਕਦਾ ਹੈ। ਅਨੁਵਾਦਕ ਜੇ ਆਪ ਸਿਰਜਕ ਹੈ ਤਾਂ ਕਈ ਵਾਰ ਉਸਦੀ ਆਪਣੀ ਸਿਰਜਣਾ ਜ਼ੋਰ ਮਾਰਨ ਲਗਦੀ ਹੈ ਪਰ ਆਪਣੇ 'ਅਨੁਵਾਦ ਧਰਮ' ਨੂੰ ਨਿਭਾਉਂਦਿਆਂ ਪਹਿਲਾਂ ਉਹ ਅਨੁਵਾਦ ਦਾ ਕੰਮ ਪੂਰਾ ਕਰਦਾ ਹੈ, ਇੱਕ ਸਫਲ ਅਨੁਵਾਦਕ ਦਾ ਧੜ ਆਪਣਾ ਹੁੰਦਾ ਹੈ ਪਰ ਸਿਰ ਮੂਲ ਰਚਨਾਕਾਰ ਦਾ ਲਗਾ ਕੇ ਹੀ ਉਹ ਰਚਨਾ ਨਾਲ ਪੂਰਾ ਨਿਆਂ ਕਰ ਸਕਦਾ ਹੈ। ਅਨੁਵਾਦ ਇੱਕ ਕਲਾ ਤੇ ਸਾਹਿਤਕ ਵਿਧਾ ਹੋਣ ਦੇ ਨਾਲ ਨਾਲ ਭਾਸ਼ਾ ਦੇ ਆਦਾਨ-ਪ੍ਰਦਾਨ ਦਾ ਸਾਧਨ ਵੀ ਹੈ। ਅਨੁਵਾਦ ਦਾ ਅਰਥ ਹੈ- ਜਾਰੀ ਰੱਖਣਾ, ਪੇਸ਼ ਕਰਨਾ ਤੇ ਅੱਗੇ ਲੈ ਜਾਣਾ ਆਦਿ। ਲਾਤੀਨੀ ਸ਼ਬਦ Translation ਦਾ ਭਾਵ ਹੈ ਤਬਦੀਲ ਕਰਨਾ ਜਦੋਂਕਿ ਯੂਨਾਨੀ ਸ਼ਬਦ Metaphrases ਤੋਂ ਭਾਵ ਹੈ ਦੂਜੇ ਪਾਸੇ ਬਾਰੇ ਗੱਲ ਕਰਨੀ ਜਾਂ ਕਹਿਣੀ। ਮੂਲ ਰੂਪ ਵਿੱਚ ਅਨੁਵਾਦ ਤੋਂ ਭਾਵ ਹੈ ਇੱਕ ਭਾਸ਼ਾ ਦੀ ਦੂਜੀ ਭਾਸ਼ਾ ਵਿੱਚ ਪੇਸ਼ਕਾਰੀ ਜਾਂ ਰੂਪਾਂਤਰਣ, ਪਿੱਛੇ ਚਲਣਾ, ਕਹਿਣਾ, ਪੁਨਰਕਥਨ, ਉਲਥਾ ਤੇ ਤਰਜਮਾ ਆਦਿ। ਮੁੱਢ ਵਿੱਚ ਧਾਰਮਿਕ ਗ੍ਰੰਥਾਂ ਜਾਂ ਪੁਸਤਕਾਂ ਦੇ ਅਨੁਵਾਦ ਜਾਂ ਭਾਵਅਰਥ ਨੂੰ ਟੀਕਾ ਕਿਹਾ ਜਾਂਦਾ ਸੀ। ਫਿਰ ਫ਼ਾਰਸੀ ਦੇ ਪ੍ਰਚੱਲਿਤ ਹੋਣ ਨਾਲ ਤਰਜਮਾ ਸ਼ਬਦ ਦੀ ਵਰਤੋਂ ਹੋਣ ਲੱਗੀ ਅਤੇ ਉਲਥਾ ਸ਼ਬਦ ਵੀ ਵਰਤਿਆ ਜਾਣ ਲੱਗਿਆ, ਪਰ ਬਾਅਦ ਵਿੱਚ ਅਨੁਵਾਦ ਸ਼ਬਦ ਹੀ ਪ੍ਰਚੱਲਿਤ ਹੋ ਗਿਆ। ਹੋਮੀ ਭਾਬਾ ਦਾ ਵਿਚਾਰ ਹੈ: 'ਸੱਭਿਆਚਾਰਕ ਅਨੁਵਾਦ ਆਮ ਜਿਹਾ ਰੂਪਾਂਤਰਣ ਜਾਂ ਸ਼ਬਦਾਂ ਦੀ ਅਨੁਕੂਲਤਾ ਹੀ ਨਹੀਂ ਸਗੋਂ ਅਜਿਹੀ ਪ੍ਰਕਿਰਿਆ ਹੈ ਜਿਸ ਰਾਹੀਂ ਦੂਜੇ ਸਭਿਆਚਾਰ ਦੇ ਢਾਂਚੇ ਤੇ ਕਦਰਾਂ-ਕੀਮਤਾਂ ਦਾ ਸੋਧਿਆ ਰੂਪ ਵੀ ਪੇਸ਼ ਹੋਵੇ।' ਦਰਅਸਲ, ਅਨੁਵਾਦ ਦੋ ਭਾਸ਼ਾਵਾਂ ਦਾ ਹੀ ਨਹੀਂ, ਦੋ ਸੰਸਕ੍ਰਿਤੀਆਂ ਵਿੱਚ ਪੁਲ ਦਾ ਕੰਮ ਕਰਦਾ ਹੈ। ਪ੍ਰਾਚੀਨ ਇਤਿਹਾਸ ਉੱਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਰਾਜੇ-ਮਹਾਰਾਜੇ ਤੇ ਬਾਦਸ਼ਾਹ ਦਰਬਾਰਾਂ ਵਿੱਚ ਤੇ ਹਮਲਿਆਂ ਦੌਰਾਨ ਪੜ੍ਹੇ-ਲਿਖੇ ਵਿਦਵਾਨ, ਕਵੀ ਤੇ ਸਾਹਿਤਕਾਰ ਆਪਣੇ ਨਾਲ ਰੱਖਦੇ ਸਨ ਜਿਨ੍ਹਾਂ ਨੂੰ ਇੱਕ ਤੋਂ ਵਧੇਰੇ ਭਾਸ਼ਾਵਾਂ ਦਾ ਗਿਆਨ ਹੁੰਦਾ ਸੀ ਤੇ ਉਹ ਢੁੱਕਵੇਂ ਸ਼ਬਦਾਂ ਦੀ ਵਰਤੋਂ ਕਰਕੇ ਇੱਕ ਰਾਜੇ ਦੀ ਗੱਲ ਦੂਜੇ ਤਕ ਪੁੱਜਦੀ ਕਰਦੇ ਸਨ। ਇਹ ਦੁਭਾਸ਼ੀਏ ਜਾਂ ਅਨੁਵਾਦਕ, ਜਿਸ ਦੇਸ਼ ਵਿੱਚ ਜਾਂਦੇ, ਉੱਥੋਂ ਦੀ ਸਾਹਿਤਕ ਪਾਂਡੂਲਿਪੀ ਨਾਲ ਲੈ ਜਾਂਦੇ ਤੇ ਉੱਥੋਂ ਦੇ ਸੱਭਿਆਚਾਰ ਤੇ ਸੰਸਕ੍ਰਿਤੀ ਬਾਰੇ ਗਿਆਨ ਹਾਸਲ ਕਰਦੇ ਸਨ। ਅਨੁਵਾਦ ਕਲਾ ਦੀ ਸ਼ੁਰੂਆਤ ਆਰਮੀਨੀਆ ਵਿੱਚ 431 ਤੋਂ 439 ਈਸਵੀ ਵਿੱਚ ਹੋਈ ਮੰਨੀ ਜਾਂਦੀ ਹੈ। ਇਸ ਦਾ ਮੋਢੀ Mesropmashots ਸੀ ਜਿਸ ਨੇ ਪਵਿੱਤਰ ਬਾਈਬਲ ਦਾ ਪਹਿਲਾ ਅਨੁਵਾਦ ਕੀਤਾ। ਆਰਮੀਨੀਆ ਵਿੱਚ ਹੋਏ ਅਨੁਵਾਦ ਦਾ ਸਿੱਟਾ ਇਹ ਨਿਕਲਿਆ ਕਿ ਹੋਰ ਅਨੇਕਾਂ ਭਾਸ਼ਾਵਾਂ- ਜਾਰਜੀਅਨ, ਫਾਰਸੀ, ਫਰਾਂਸੀਸੀ, ਤੁਰਕੀ, ਰੂਸੀ, ਇਤਾਲਵੀ ਅਤੇ ਅੰਗਰੇਜ਼ੀ ਤੋਂ ਵੀ ਅਨੁਵਾਦ ਹੋਣ ਲੱਗੇ ਜਿਸ ਦੇ ਕਲਾਵੇ ਵਿੱਚ ਸਾਰੇ ਵਿੱਦਿਅਕ ਵਿਸ਼ੇ ਆ ਗਏ। ਆਰਮੀਨੀਆ ਵਿੱਚ ਅਨੁਵਾਦ ਦਿਵਸ ਧਾਰਮਿਕ ਛੁੱਟੀ ਵਜੋਂ ਅਤੇ 30 ਸਤੰਬਰ ਨੂੰ ਕੌਮਾਂਤਰੀ ਅਨੁਵਾਦ ਦਿਵਸ ਵਜੋਂ ਮਨਾਇਆ ਜਾਂਦਾ ਹੈ ਜਿਸ ਵਿੱਚ ਦੁਨੀਆਂ ਭਰ ਦੀਆਂ ਸਮੁੱਚੀਆਂ ਸਾਹਿਤਕ ਸੰਸਥਾਵਾਂ ਦਾ ਵੱਡਾ ਯੋਗਦਾਨ ਹੁੰਦਾ ਹੈ।ਮੱਧਕਾਲੀਨ ਯੁੱਗ ਵਿੱਚ ਪੁਸਤਕ ਰਚਨਾ ਦੀ ਮੁੱਖ ਭਾਸ਼ਾ ਲਾਤੀਨੀ ਸੀ ਤੇ ਆਮ ਲੋਕਾਂ ਦੀ ਸਹੂਲਤ ਲਈ ਰਚਨਾਵਾਂ ਨੂੰ ਲਾਤੀਨੀ ਵਿੱਚ ਅਨੁਵਾਦ ਕੀਤਾ ਗਿਆ। 14ਵੀਂ ਸਦੀ ਵਿੱਚ ਜੈਫਰੀ ਚਾਸਰ ਦੀਆਂ ਰਚਨਾਵਾਂ ਦਾ ਅੰਗਰੇਜ਼ੀ ਤੋਂ ਅਨੁਵਾਦ ਕੀਤਾ ਗਿਆ। 1382 ਵਿੱਚ ਬਾਈਬਲ ਦਾ ਵਧੀਆ ਅਨੁਵਾਦ ਵਾਈਕਲਿਫ ਬਾਈਬਲ ਸੀ। 16ਵੀਂ ਸਦੀ ਵਿੱਚ ਜਰਮਨੀ ਦੇ ਮਾਰਟਿਨ ਲੂਥਰ ਨੇ ਬਾਈਬਲ ਦਾ ਅਨੁਵਾਦ ਜਰਮਨ ਭਾਸ਼ਾ ਵਿੱਚ ਕੀਤਾ। ਇਸ ਤੋਂ ਬਾਅਦ ਹੋਰ ਅਨੇਕਾਂ ਭਾਸ਼ਾਵਾਂ ਯੂਨਾਨੀ ਤੇ ਹਿਬਰੂ ਦੇ ਆਧਾਰ 'ਤੇ ਅੰਗਰੇਜ਼ੀ ਵਿੱਚ ਬਾਈਬਲ ਦੇ ਅਨੁਵਾਦ ਹੋਏ। ਕੁਝ ਸਮਾਂ ਅਨੁਵਾਦ ਦੀ ਸਥਿਤੀ ਮਾੜੀ

ਸੀ ਤੇ ਅੱਧਾ ਅਧੂਰਾ ਅਨੁਵਾਦ ਕੀਤਾ ਜਾਂਦਾ ਸੀ। ਪਰ 19ਵੀਂ ਸਦੀ ਵਿੱਚ ਅਨੁਵਾਦ ਹੋਈਆਂ ਪੁਸਤਕਾਂ ਵਿੱਚ ਸਪਸ਼ਟਤਾ, ਸ਼ੁੱਧਤਾ ਤੇ ਤਰਤੀਬਬੱਧਤਾ ਆਈ ਅਤੇ ਅੰਗਰੇਜ਼ੀ ਵਿੱਚ ਮੈਥਿਊ ਆਰਨਲਡ ਨੂੰ ਵਧੀਆ ਅਨੁਵਾਦਕ ਤੇ ਚਿੰਤਕ ਮੰਨਿਆ ਜਾਂਦਾ ਸੀ। ਪੱਛਮ ਵਿੱਚ ਅਨੁਵਾਦ ਦਾ ਇਤਿਹਾਸ ਰੋਮਨਾਂ ਤੋਂ ਸ਼ੁਰੂ ਹੋਇਆ ਤੇ ਅਨੁਵਾਦ ਕਲਾ ਉਨ੍ਹਾਂ ਦੀ ਕਾਢ ਹੈ। ਸਿਸਰੋ ਤੇ ਹੋਰੇਸ ਨੇ ਸ਼ਾਬਦਿਕ ਤੇ ਅਰਥ ਤੋਂ ਅਰਥ ਅਨੁਵਾਦ ਵਿੱਚ ਅੰਤਰ ਸਪਸ਼ਟ ਕੀਤਾ ਤੇ ਇਹ ਪ੍ਰਭਾਵ 20ਵੀਂ ਸਦੀ ਤਕ ਭਾਰੂ ਰਿਹਾ। 15ਵੀਂ ਸਦੀ ਵਿੱਚ ਪ੍ਰਿੰਟਿੰਗ ਤਕਨੀਕਾਂ ਦੀ ਕਾਢ ਸਦਕਾ ਅਨੁਵਾਦ ਦਾ ਖੇਤਰ ਵਿਕਸਿਤ ਹੋਇਆ ਤੇ 17ਵੀਂ ਸਦੀ ਵਿੱਚ ਇਹ ਦਾਇਰਾ ਹੋਰ ਮੋਕਲਾ ਹੋਇਆ। 18ਵੀਂ ਸਦੀ ਵਿੱਚ ਅਨੁਵਾਦਕਾਂ ਦਾ ਮੁਕਾਬਲਾ ਮੌਲਿਕ ਲੇਖਕਾਂ ਨਾਲ ਹੋਣ ਲੱਗਾ ਤੇ ਨਵੇਂ ਨਵੇਂ ਸਿਧਾਂਤ ਹੋਂਦ ਵਿੱਚ ਆਏ। 19ਵੀਂ ਸਦੀ ਵਿੱਚ ਅਨੁਵਾਦਕ ਨੂੰ ਚਿੰਤਕ ਵਰਗ ਤੇ ਅਨੁਵਾਦ ਨੂੰ ਮੌਲਿਕ ਪ੍ਰਤਿਭਾ ਵਜੋਂ ਜਾਣਿਆ ਜਾਣ ਲੱਗਾ। ਦਰਅਸਲ, ਅਨੁਵਾਦ ਦੋ ਭਾਸ਼ਾਵਾਂ ਤੇ ਦੋ ਸੱਭਿਆਚਾਰਾਂ ਦਾ ਆਦਾਨ-ਪ੍ਰਦਾਨ ਹੋਣ ਦੇ ਨਾਲ ਨਾਲ ਦੋ ਪੱਖੀ ਪ੍ਰਕਿਰਿਆ ਵੀ ਹੈ। ਇਸ ਲਈ ਦੋਵਾਂ ਭਾਸ਼ਾਵਾਂ ਦੀ ਮੁਕੰਮਲ ਜਾਣਕਾਰੀ ਹੋਣ ਦੇ ਨਾਲ ਨਾਲ ਦੋਵਾਂ ਭਾਸ਼ਾਵਾਂ ਦੇ ਸੱਭਿਆਚਾਰਕ ਮੂਲ ਸਰੋਤ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ। ਇੱਕ ਸਫਲ ਅਨੁਵਾਦਕ ਦੀਆਂ ਵਿਸ਼ੇਸ਼ਤਾਵਾਂ ਹਨ ਕਿ ਅਨੁਵਾਦ ਪਾਰਦਰਸ਼ੀ ਤੇ ਮੌਲਿਕ ਜਾਪੇ ਜਿਸ ਵਿੱਚ ਖੁੱਲ੍ਹ ਹੋਏ, ਪਰ ਮੂਲ ਉੱਤੇ ਪਰਦਾ ਨਾ ਪਿਆ ਹੋਵੇ। ਉਸ ਨੂੰ ਉਸ ਭਾਸ਼ਾ ਤੇ ਦੇਸ਼ ਦੇ ਰਾਜਨੀਤਕ, ਆਰਥਿਕ ਤੇ ਸਮਾਜਿਕ ਹਾਲਾਤ ਬਾਰੇ ਵੀ ਪੂਰਾ ਗਿਆਨ ਹੋਵੇ। ਭਾਰਤ ਵਿੱਚ ਅਨੁਵਾਦ ਦੇ ਮੁੱਢ ਬਾਰੇ ਕਹਿਣਾ ਮੁਸ਼ਕਲ ਹੈ ਕਿਉਂਕਿ ਭਾਰਤੀ ਸਾਹਿਤ ਦੇ ਘੇਰੇ ਵਿੱਚ ਭਿੰਨ ਭਿੰਨ ਖੇਤਰੀ ਭਾਸ਼ਾਵਾਂ ਦਾ ਬਹੁਪੱਖੀ ਸਾਹਿਤ ਆ ਜਾਂਦਾ ਹੈ। ਮੁੱਢਲੇ ਸਾਹਿਤ ਵਿੱਚ ਚਾਰ ਵੇਦ, ਰਾਮਾਇਣ, ਮਹਾਂਭਾਰਤ ਤੇ ਨਾਟ ਸ਼ਾਸਤਰ ਆਉਂਦੇ ਹਨ ਜੋ ਲਗਪਗ 1500 ਈਸਾ ਪੂਰਵ ਰਿਸ਼ੀ ਵਾਲਮੀਕ ਤੇ ਵੇਦ ਵਿਆਸ ਦੀਆਂ ਰਚਨਾਵਾਂ ਮੰਨੀਆਂ ਜਾਂਦੀਆਂ ਹਨ। ਵਿਸ਼ੇ ਪੱਖ ਤੋਂ ਕਈ ਭਾਰਤੀ ਤੇ ਪੱਛਮੀ ਗ੍ਰੰਥ ਬਹੁਤ ਨੇੜੇ-ਤੇੜੇ ਜਾਪਦੇ ਹਨ ਜਿਵੇਂ ਨਾਟ ਸ਼ਾਸਤਰ ਤੇ ਅਰਸਤੂ ਦੀ ਰਚਨਾ 'ਦਿ ਪੋਇਟਿਕਸ'। ਇਤਾਲਵੀ ਨਿਕੋਲੋ ਐਮ. ਦੀ ਰਚਨਾ 'ਦਿ ਪ੍ਰਿੰਸ' ਕੌਟਲਯਾ ਦੇ ਅਰਥ ਸ਼ਾਸਤਰ ਨਾਲ ਮਿਲਦੀ-ਜੁਲਦੀ ਹੈ। ਅਨੁਵਾਦ ਤੋਂ ਬਿਨਾਂ ਨਿਕੋਲੋ, ਕੌਟਲਿਆ ਨੂੰ ਨਹੀਂ ਸੀ ਸਮਝ ਸਕਦਾ। ਪਾਟਲੀਪੁੱਤਰ ਦੇ ਰਾਜਦੂਤ ਮੈਗਸਥਨੀਜ਼ ਨੇ ਭਾਰਤ ਬਾਰੇ ਗਿਆਨ ਹਾਸਲ ਕਰਕੇ 'ਇੰਡੀਕਾ' ਨਾ ਦੀ ਪੁਸਤਕ ਲਿਖੀ। ਮੁੱਢ ਵਿੱਚ ਸੰਸਕ੍ਰਿਤ ਵਿੱਚ ਹੀ ਗ੍ਰੰਥ ਰਚੇ ਗਏ ਜੋ ਵਿਦਵਾਨਾਂ ਤੇ ਪੰਡਿਤਾਂ ਦੀ ਭਾਸ਼ਾ ਕਰਕੇ ਜਾਣੀ ਜਾਂਦੀ ਸੀ। ਅਖੌਤੀ ਨੀਵੀਂ ਜਾਤ ਦੇ ਲੋਕਾਂ ਨੂੰ ਇਹ ਭਾਸ਼ਾ ਪੜ੍ਹਨ ਦਾ ਅਧਿਕਾਰ ਨਹੀਂ ਸੀ, ਪਰ ਸਾਹਿਤ ਨੂੰ ਆਮ ਲੋਕਾਂ ਤਕ ਪੁੱਜਦਾ ਕਰਨ ਲਈ ਭਾਰਤ ਵਿੱਚ ਭਗਤੀ ਲਹਿਰ ਨੇ ਵੱਡਾ ਯੋਗਦਾਨ ਪਾਇਆ। ਇਸ ਪਾੜੇ ਨੂੰ ਮਿਟਾਉਣ ਲਈ ਧਾਰਮਿਕ ਪ੍ਰਚਾਰਕਾਂ ਨੇ ਲੋਕਾਂ ਦੀ ਜ਼ੁਬਾਨ ਵਿੱਚ ਸਾਹਿਤ ਰਚਿਆ ਤੇ ਸਾਦੀ ਭਾਸ਼ਾ ਵਿੱਚ ਸੰਦੇਸ਼ ਲੋਕਾਂ ਤਕ ਪੁੱਜਦੇ ਕੀਤੇ। ਰਾਮਾਇਣ ਤੇ ਮਹਾਂਭਾਰਤ ਦੇ ਅਨੁਵਾਦ ਹਿੰਦੀ, ਤਾਮਿਲ, ਮਲਿਆਲਮ, ਬੰਗਾਲੀ ਤੇ ਦ੍ਰਾਵਿੜ ਭਾਸ਼ਾਵਾਂ ਵਿੱਚ ਕੀਤੇ ਗਏ। ਮੱਧਕਾਲ ਦੌਰਾਨ ਸੰਸਕ੍ਰਿਤ ਦਾ ਪ੍ਰਭਾਵ ਘਟਿਆ, ਫਾਰਸੀ ਸਰਕਾਰੀ-ਦਰਬਾਰੀ ਭਾਸ਼ਾ ਬਣੀ। ਮੁਗ਼ਲ ਬਾਦਸ਼ਾਹਾਂ ਦੇ ਦਰਬਾਰਾਂ ਵਿੱਚ ਅਨੁਵਾਦਕਾਂ ਨੇ ਵਧੀਆ ਅਨੁਵਾਦ ਕੀਤੇ ਜਿਵੇਂ ਸ੍ਵੈਜੀਵਨੀ 'ਬਾਬਰਨਾਮਾ' ਨੂੰ ਬੈਰਮ ਖ਼ਾਨ ਨੇ ਫਾਰਸੀ ਵਿੱਚ ਅਨੁਵਾਦ ਕੀਤਾ। ਅਕਬਰ ਨੇ ਮਹਾਂਭਾਰਤ ਤੇ ਹੋਰ ਰਚਨਾਵਾਂ ਫਾਰਸੀ ਵਿੱਚ ਅਨੁਵਾਦ ਕਰਵਾਈਆਂ। ਇਸ ਤਰ੍ਹਾਂ ਅਨੇਕਾਂ ਭਾਰਤੀ ਰਚਨਾਵਾਂ ਫਾਰਸੀ ਅਨੁਵਾਦ ਰਾਹੀਂ ਪੱਛਮ ਵਿੱਚ ਪੁੱਜੀਆਂ ਅਤੇ ਨਤੀਜਾ ਵੱਖ ਵੱਖ ਸੱਭਿਆਚਾਰਾਂ ਦੇ ਸੁਮੇਲ ਵਿੱਚ ਨਿਕਲਿਆ। ਇਸ ਬਹੁਪੱਖੀ ਸੱਭਿਆਚਾਰਕ ਸੁਮੇਲ ਨੇ ਭਾਰਤੀ ਵਿਦਵਾਨਾਂ ਤੇ ਕਲਾਕਾਰਾਂ ਨੂੰ ਪ੍ਰਭਾਵਿਤ ਕੀਤਾ। ਬ੍ਰਿਟਿਸ਼ ਰਾਜ ਦੀ ਆਮਦ ਨੇ ਭਾਰਤ ਨੂੰ ਬੌਧਿਕ ਤੇ ਰਾਜਸੀ ਪੱਖਾਂ ਤੋਂ ਚੇਤੰਨ ਤੇ ਪ੍ਰਭਾਵਿਤ ਕੀਤਾ। ਬ੍ਰਿਟਿਸ਼ਾਂ ਨੇ ਅੰਗਰੇਜ਼ੀ ਭਾਸ਼ਾ ਤੇ ਸਾਹਿਤ ਨੂੰ ਭਾਰਤ ਉੱਤੇ ਹਾਵੀ ਰੱਖਣ ਲਈ ਯੂਰੋਪੀਅਨ ਪੁਸਤਕਾਂ ਸਥਾਨਕ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਈਆਂ। ਇੱਕ ਤਰ੍ਹਾਂ ਨਾਲ ਭਾਰਤੀ ਸਾਹਿਤ ਦੇ ਅੰਗਰੇਜ਼ੀ ਵਿੱਚ ਅਨੁਵਾਦ ਦੀ ਵੀ

ਲਹਿਰ ਚਲਾ ਦਿੱਤੀ ਗਈ। ਪੜ੍ਹਿਆ-ਲਿਖਿਆ ਵਰਗ ਅੰਗਰੇਜ਼ੀ ਵੱਲ ਝੁਕ ਗਿਆ ਤੇ ਅੰਗਰੇਜ਼ੀ ਤੋਂ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਹੋਣ ਲੱਗਾ ਤਾਂ ਕਿ ਅੰਗਰੇਜ਼ੀ ਹੋਰ ਪ੍ਰਫੁੱਲਿਤ ਹੋ ਸਕੇ। ਈਸਾਈ ਮਤ ਦੇ ਪ੍ਰਚਾਰ ਲਈ ਬਾਈਬਲ ਦਾ ਸਾਰੀਆਂ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਇਆ ਗਿਆ। ਇਸ ਦੇ ਨਾਲ ਨਾਲ ਹੀ ਉਚਿਤ ਅਨੁਵਾਦ ਨੂੰ ਤਰਜੀਹ ਮਿਲੀ, ਅਖਾਣ, ਮੁਹਾਵਰੇ ਤੇ ਬਿੰਬ ਵੀ ਪ੍ਰਫੁੱਲਿਤ ਹੋਏ, ਵਿਆਕਰਨ ਤੇ ਕੋਸ਼ ਹੋਂਦ ਵਿੱਚ ਆਏ। ਭਾਰਤ ਵਿੱਚ ਅਨੁਵਾਦ ਕਾਰਜ ਵਿਕਸਿਤ ਹੋਣ ਪਿੱਛੇ ਦੇਸ਼ ਵਾਸੀਆਂ ਵਿੱਚ ਕੌਮੀ ਭਾਵਨਾ ਭਰਨੀ ਵੀ ਸੀ। 1859 ਵਿੱਚ ਦੀਨਬੰਧੂ ਮਿਤਰਾ ਦੀ ਰਚਨਾ 'ਨੀਲ ਦਰਪਨ' ਦਾ ਜੇਮਜ਼ ਲੌਂਗ ਨੇ ਅਨੁਵਾਦ ਕੀਤਾ ਜਿਸ ਵਿੱਚ ਬੰਗਾਲੀ ਕਾਮਿਆਂ ਦੀ ਲੁੱਟ-ਖਸੁੱਟ ਵਿਰੁੱਧ ਬਗਾਵਤ ਸੀ। ਇਸ 'ਤੇ ਪਾਬੰਦੀ ਲੱਗ ਗਈ। ਬਾਣਭੱਟ ਦੀ 'ਕਾਦੰਬਰੀ' ਤੇ ਬੰਕਮਚੰਦਰ ਚੈਟਰਜੀ ਦਾ 'ਆਨੰਦਮੱਠ' ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਹੋਈਆਂ। ਇਸ ਵਿੱਚ ਲਿਖਿਆ ਗੀਤ 'ਵੰਦੇ ਮਾਤਰਮ' ਦੇਸ਼ ਪ੍ਰੇਮ ਦੀ ਭਾਵਨਾ ਨਾਲ ਓਤਪੋਤ ਸੀ। 1954 ਵਿੱਚ ਸਾਹਿਤ ਅਕਾਡਮੀ ਦੀ ਸਥਾਪਨਾ ਪਿੱਛੋਂ ਖੇਤਰੀ ਭਾਸ਼ਾਵਾਂ ਤੋਂ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਏ ਗਏ। 1957 ਵਿੱਚ ਨੈਸ਼ਨਲ ਬੁੱਕ ਟਰੱਸਟ ਸਥਾਪਿਤ ਹੋਇਆ ਤੇ ਆਦਾਨ-ਪ੍ਰਦਾਨ ਲੜੀ ਤਹਿਤ ਦੂਜੀਆਂ ਭਾਸ਼ਾਵਾਂ ਦਾ ਆਪਸੀ ਅਨੁਵਾਦ ਕਰਵਾਇਆ ਜਾਣ ਲੱਗਾ। ਵੱਖ ਵੱਖ ਖੇਤਰਾਂ ਦੇ ਸਾਹਿਤ ਨੂੰ ਨੇੜੇ ਲਿਆਂਦਾ ਤੇ ਭਾਰਤੀ ਸਾਹਿਤ ਦੀ ਵਿਚਾਰਧਾਰਾ ਨੂੰ ਵਿਕਸਿਤ ਕੀਤਾ ਗਿਆ। ਲਗਪਗ 39 ਭਾਸ਼ਾਵਾਂ ਵਿੱਚ ਭਾਰਤੀ ਸਾਹਿਤ ਅਨੁਵਾਦ ਹੋਇਆ। ਪੰਜਾਬੀ ਸਾਹਿਤ ਵਿੱਚ ਅਨੁਵਾਦ ਦੀ ਪਰੰਪਰਾ ਦੇ ਵੱਖ ਵੱਖ ਪੜਾਅ ਹਨ ਜਿਸ ਦੀ ਸ਼ੁਰੂਆਤ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਤੋਂ ਹੁੰਦੀ ਹੈ। ਪ੍ਰੋ. ਪੂਰਨ ਸਿੰਘ, ਲਾਹੌਰੀ ਰਾਮ ਬਾਲੀ, ਸੰਤ ਸਿੰਘ ਸੇਖੋਂ, ਅੰਮ੍ਰਿਤਾ ਪ੍ਰੀਤਮ, ਸ.ਸ. ਅਮੋਲ, ਪ੍ਰੋ. ਪ੍ਰੀਤਮ ਸਿੰਘ, ਡਾ. ਮੋਹਨ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਸੋਹਣ ਸਿੰਘ ਸੀਤਲ, ਸੁਰਜੀਤ ਸਿੰਘ ਸੇਠੀ, ਸੁਰਿੰਦਰ ਸਿੰਘ ਨਰੂਲਾ, ਹਰਨਾਮ ਦਾਸ ਸਹਿਰਾਈ ਤਕ ਸਾਹਿਤ ਦੇ ਭਿੰਨ ਭਿੰਨ ਪੱਖਾਂ ਵਿੱਚ ਅਨੁਵਾਦ ਨੇ ਲੰਮਾ ਸਫ਼ਰ ਤੈਅ ਕੀਤਾ ਤੇ ਅਨੇਕਾਂ ਭਾਸ਼ਾਵਾਂ ਵਿੱਚ ਇਨ੍ਹਾਂ ਦੀਆਂ ਰਚਨਾਵਾਂ ਦੇ ਅਨੁਵਾਦ ਹੋਏ। ਹੋਰ ਪ੍ਰਮੁੱਖ ਸਾਹਿਤਕਾਰ ਕਰਤਾਰ ਸਿੰਘ ਦੁੱਗਲ, ਚੰਦਨ ਨੇਗੀ, ਜਸਵੰਤ ਸਿੰਘ ਕੰਵਲ, ਦੇਵਿੰਦਰ ਸਤਿਆਰਥੀ, ਨਰਿੰਦਰਪਾਲ ਸਿੰਘ, ਦਲੀਪ ਕੌਰ ਟਿਵਾਣਾ, ਡਾ. ਰਤਨ ਸਿੰਘ ਜੱਗੀ, ਸ਼ਿਵ ਕੁਮਾਰ ਬਟਾਲਵੀ, ਨਰਿੰਜਨ ਤਸਨੀਮ ਤੇ ਹੋਰ ਸਾਹਿਤਕਾਰਾਂ ਨੇ ਕਈ ਵੱਖ ਵੱਖ ਭਾਸ਼ਾਵਾਂ ਵਿੱਚ ਸਾਹਿਤ ਦਾ ਅਨੁਵਾਦ ਕਰਕੇ ਆਪਣੀ ਭਾਸ਼ਾ ਨੂੰ ਅਮੀਰ ਕੀਤਾ। ਪੰਜਾਬੀ ਦਾ ਵਿਰਸਾ ਬਹੁਤ ਅਮੀਰ ਹੈ ਤੇ ਵਿਸ਼ਵ ਕਲਾਸਕੀ ਸਾਹਿਤ ਦੇ ਅਨੁਵਾਦ ਸਦਕਾ ਹੋਰ ਅਮੀਰੀ ਪ੍ਰਦਾਨ ਹੋਈ ਹੈ। ਸਮੁੱਚੇ ਸੰਸਾਰ ਸਾਹਿਤ ਦੇ ਅਨੇਕਾਂ ਭਾਸ਼ਾਵਾਂ ਵਿੱਚ ਅਨੁਵਾਦ ਹੋਣ ਨਾਲ ਭਾਈਚਾਰਕ ਸਾਂਝ ਵਧੀ ਹੈ, ਉੱਚ ਵਿਚਾਰ ਤੇ ਆਦਰਸ਼ ਉੱਘੜ ਕੇ ਸਾਹਮਣੇ ਆਏ ਹਨ ਅਤੇ ਨੈਤਿਕ ਕਦਰਾਂ-ਕੀਮਤਾਂ ਤੇ ਜੀਵਨ ਮੁੱਲਾਂ ਨੇ ਰਚਨਾਵਾਂ ਨੂੰ ਅਮਰਤਾ ਪ੍ਰਦਾਨ ਕੀਤੀ ਹੈ। ਜੇ ਅਨੁਵਾਦ ਕਲਾ ਦਾ ਘੇਰਾ ਏਨਾ ਵਿਸ਼ਾਲ ਤੇ ਵਿਕਸਿਤ ਨਾ ਹੁੰਦਾ ਤਾਂ ਅੱਜ ਸਾਰਾ ਸੰਸਾਰ ਨਜ਼ਰ ਨਾ ਆਉਂਦਾ। ਭਾਵੇਂ ਮੁੱਢ ਵਿੱਚ ਅਨੁਵਾਦ ਬਾਰੇ ਕੁਝ ਵਿਰੋਧੀ ਵਿਚਾਰ ਵੀ ਉੱਭਰ ਕੇ ਸਾਹਮਣੇ ਆਏ ਕਿ ਅਨੁਵਾਦ ਹੋ ਹੀ ਨਹੀਂ ਸਕਦਾ, ਇਹ ਕੱਪੜੇ ਦਾ ਪੁੱਠਾ ਪਾਸਾ ਹੈ, ਮੂਲ ਭਾਸ਼ਾ ਨਾਲ ਜ਼ਬਰਦਸਤੀ ਦੀ ਕਿਰਿਆ ਹੈ। ਇਹ ਹਕੀਕਤ ਹੈ ਕਿ ਅਨੁਵਾਦ ਪ੍ਰਕਿਰਿਆ ਦਾ ਰੁਕ ਜਾਣਾ ਗਿਆਨ-ਵਿਗਿਆਨ ਦੇ ਪਹੀਏ ਦਾ ਰੁਕ ਜਾਣਾ ਹੈ। ਭਾਰਤ ਜਿਹੇ ਬਹੁ-ਭਾਸ਼ਾਈ ਦੇਸ਼ ਵਿੱਚ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਅਨੁਵਾਦ ਦੀ ਵਧੇਰੇ ਲੋੜ ਹੈ। ਅਨੁਵਾਦ ਕਰਨਾ ਦੋ ਭਾਸ਼ਾਵਾਂ ਨੂੰ ਹੰਢਾਉਣਾ ਤੇ ਜਿਉਣਾ ਹੈ। ਇਕ ਭਾਸ਼ਾ ਵਿਚ ਪਏ ਤੱਤਾਂ ਨੂੰ ਖੰਘਾਲਣਾ ਤੇ ਦੂਸਰੀ ਭਾਸ਼ਾ ਵਿੱਚ ਉਹਨਾਂ ਤੱਤਾਂ ਨੂੰ ਪੁਨਰ-ਸੁਰਜੀਤ ਕਰਨਾ ਹੁੰਦਾ ਹੈ। ਦੁਨੀਆਂ ਦੀਆਂ ਬਹੁਤ ਸਾਰੀਆਂ ਮਹਾਨ ਪੁਸਤਕਾਂ ਹਨ ਜੋ ਸਾਡੇ ਕੋਲ ਅਨੁਵਾਦ ਰਾਹੀਂ ਹੀ ਪਹੁੰਚਦੀਆਂ ਹਨ। ਅਨੁਵਾਦ ਸਾਡੇ ਕੋਲ ਪਹੁੰਚਣਾ ਵੱਖਰੀ ਗੱਲ ਹੈ ਪਰ ਕਿਤਾਬ ਦਾ ਮੂਲ ਪਹੁੰਚਣਾ ਬਹੁਤ ਜ਼ਰੂਰੀ ਹੈ। ਚੰਗਾ ਅਨੁਵਾਦ ਕਿਤਾਬ ਦੇ ਮੂਲ ਨੂੰ ਕਾਇਮ ਰੱਖਦਾ ਹੈ ਤੇ ਮਾੜਾ ਅਰਥਾਂ ਦਾ ਅਨਰਥ ਕਰ ਦਿੰਦਾ ਹੈ।

## ਮੁੱਖ/ਕੇਂਦਰੀ ਸ਼ਬਦ:

ਖੰਘਾਲਣਾ- ਡੂੰਘਾਈ ਨਾਲ ਅਧਿਐਨ ਕਰਨਾ

ਚੁਣੌਤੀਆਂ-ਮੁਸ਼ਕਿਲਾ

ਉਭਰਣਾ- ਵਿਕਸਤ ਹੋਣਾ

ਦਰਪੇਸ਼-ਸਾਹਮਣਾ ਕਰਨਾ

ਨਿਰਪੱਖ-ਕਿਸੇ ਵੀ ਧਿਰ ਵੱਲ ਨਾ ਹੋਣਾ

## ਸਵੈ-ਮੁਲਾਂਕਣ:

**ਪ੍1.ਅਨੁਵਾਦ ਸ਼ਬਦ ਦੀ ਵਰਤੋ ਕਿਹੜੀ ਸਦੀ ਵਿਚ ਹੋਣੀ ਸ਼ੁਰੂ ਹੋਈ ਸੀ?**

ੳ.18ਵੀ

ਅ.19ਵੀ

ੲ.15ਵੀ

ਸ.21ਵੀ

**ਪ੍ 2.ਅਨੁਵਾਦਕਾਰਾਂ ਦਾ ਸਹੀ ਜੁੱਟ ਪਛਾਣੋ।**

ੳ.ਗੁਲਜ਼ਾਰ ਸਿੰਘ ਸੰਧੂ

ਅ.ਡਾ. ਰਤਨ ਸਿੰਘ ਜੱਗੀ,

ੲ.ਗੁਰਦਿਆਲ ਸਿੰਘ

ਸ.ਉਪਰੋਕਤ ਸਾਰੇ

**ਪ੍ 3.ਪੱਤਰਕਾਰੀ ਦੀਆਂ ਕਿਸਮਾ ਦੱਸੋ।**

ੳ.ਅਖਬਾਰ

ਅ.ਟੀ.ਵੀ.

ੲ.ਰੇਡੀਓ.

ਸ.ਉਪਰੋਕਤ ਸਾਰੇ

**ਪ੍ 4. ਪੱਤਰ ਰਚਨਾ ਕਿੰਨੇ ਪ੍ਰਕਾਰ ਦੀ ਹੈ?**

ੳ.ਤਿੰਨ

ਅ.ਸੱਤ

ੲ.ਚਾਰ

ਸ.ਉਪਰੋਕਤ ਕੋਈ ਨਹੀ

**ਪ੍ਰ 5. ਅਨੁਵਾਦਕਾਰੀ ਸਮੇ ਕਿਹੜੇ ਨੁਕਤਿਆਂ ਨੂੰ ਖਿਆਲ ਵਿਚ ਰੱਖਣਾ ਚਾਹੀਦਾ ਹੈ?**

ੳ.ਸਪੱਸ਼ਟਤਾ

ਅ.ਨਿਰਪੱਖਤਾ

ੲ.ਸਰਲਤਾ

ਸ.ਉਪਰੋਕਤ ਸਾਰੇ

**ਪ੍ਰ 6. ਪੰਜਾਬੀ ਵਿਚ ਅਨੁਵਾਦ ਕਰਨ ਸਮੇ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ?**

ੳ.ਅੰਗਰੇਜ਼ੀ ਸ਼ਬਦ

ਅ.ਸ਼ਬਦਾਵਲੀ

ੲ.ਦੋਵੇ ਪੂਰਨ ਸਹੀ

ਸ.ਦੋਵੇ ਪੂਰਨ ਗਲਤ

**ਪ੍ਰ 7. ਪੱਤਰ ਲਿਖਦਿਆਂ ਕਿਹੜੀਆਂ   ਗੱਲਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ?**

ੳ.ਪਤਾ

ਅ.ਮਿਤੀ

ੲ.ਵਿਸ਼ਾ

ਸ.ਉਪਰੋਕਤ ਸਾਰੇ

**ਪ੍ਰ 8. ਪੱਤਰ ਦੀ ਭਾਸ਼ਾ ਕਿਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ?**

ੳ.ਸਾਫ

ਅ.ਸਪੱਸ਼ਟ

ੲ.ਸਰਲ

ਸ.ਉਪਰੋਕਤ ਸਾਰੇ

**ਪ੍ਰ 9. "ਅਨੁਵਾਦ ਕਰਨ ਵੇਲੇ ਭਾਸ਼ਾ ਦੇ ਮੌਲਿਕ ਸ਼ਬਦਾਂ ਨੂੰ ਵਰਤਣਾ ਚਾਹੀਦਾ ਹੈ।"  ਕਿਸਦੀ ਧਾਰਣਾ ਹੈ?**

ੳ.ਡਾ,ਰਜਿੰਦਰ ਸਿੰਘ

ਅ.ਸੰਤ ਸਿੰਘ ਸੇਖੋ

ੲ.ਗੁਰੁਬਖਸ਼ ਸਿੰਘ ਪ੍ਰੀਤਲੜੀ

ਸ.ਨਾਨਕ ਸਿੰਘ

**ਪ੍ਰ 10. ਵਪਾਰਕ ਪੱਤਰ ਦੇ ਗੁਣ ਪਛਾਣੋ?**

ੳ.ਸਪੱਸ਼ਟਤਾ

ਅ.ਨਿਰਪੱਖਤਾ

ੲ.ਸਰਲਤਾ

ਸ.ਉਪਰੋਕਤ ਸਾਰੇ

**ਪ੍ਰ11.ਪਹਿਲਾ ਗੁਰਮੁਖੀ ਅਖਬਾਰ ਕਿਹੜਾ ਸੀ?**

ੳ.ਚੁਪਤ੍ਰੀਆਂ

ਅ.ਚੁਪਤੀਆਂ

ੲ.ਚਿਪਤੀਆਂ

ਸ.ਉਪਰੋਕਤ ਕੋਈ ਨਹੀ

**ਪ੍ਰ12.ਸੰਪਾਦਕੀ ਨੋਟ ਕਿਸ ਪ੍ਰਕਾਰ ਲਿਖਿਆ ਜਾਂਦਾ ਹੈ?**

ੳ.ਸੰਪਾਦਕੀ ਸਫੇ ਤੇ ਖੱਬੇ ਪਾਸੇ

ਅ.ਸੰਪਾਦਕੀ ਸਫੇ ਤੇ ਸੱਜੇ ਪਾਸੇ

ੲ.ਸੰਪਾਦਕੀ ਸਫੇ ਤੇ ਵਿਚਕਾਰ

ਸ.ਉਪਰੋਕਤ ਕੋਈ ਨਹੀ

**ਪ੍ਰ13.ਅਨੁਵਾਦ ਨੂੰ ਅੰਗਰੇਜੀ ਭਾਸ਼ਾ ਵਿਚ ਕੀ ਕਿਹਾ ਜਾਂਦਾ ਹੈ?**

ੳ.Translation

ਅ.Translated

ੲ.Transfer

ਸ.Translar

**ਪ੍ਰ14.ਸੰਪਾਦਕੀ ਨੋਟ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾਂਦਾ ਹੈ?**

ੳ.ਚਾਰ

ਅ.ਤਿੰਨ

ੲ.ਸੱਤ

ਸ.ਦੋ

**ਪ੍ਰ 15.ਵਪਾਰਕ ਪੱਤਰ ਲ਼ਿਖਣ ਲਈ ਕਿਹੜੇ ਸੰਬੰਧੋਨੀ ਸ਼ਬਦਾ ਦੀ ਵਰਤੋ ਕੀਤੀ ਜਾਂਦੀ ਹੈ?**

ੳ.ਸ੍ਰੀਮਾਨ

ਅ.ਸ੍ਰੀਮਤੀ

ੲ.ਦੋਵੇ ਪੂਰਨ ਸਹੀ

ਸ. ਦੋਵੇ ਪੂਰਨ ਗਲਤ

**ਅਭਿਆਸ ਪ੍ਰਸ਼ਨ**

1. **ਅਨੁਵਾਦ ਤੋਂ ਕੀ ਭਾਵ ਹੈ?**
2. **ਪੱਤਰ ਲੇਖਣ ਕਿੰਨੀ ਪ੍ਰਕਾਰ ਦਾ ਹੁੰਦਾ ਹੈ?**
3. **ਸੰਪਾਦਕੀ ਨੋਟ ਦੀਆਂ ਵਿਸ਼ੇਸ਼ਤਾਵਾਂ ਦੱਸੋ।**
4. **ਅਖਬਾਰ ਵਿਚ ਕੋਈ ਵਸਤੂ ਵੇਚਣ ਸੰਬੰਧੀ ਇਸ਼ਤਿਹਾਰ ਕਿਵੇ ਲਿਖਿਆ ਜਾਵੇਗਾ?**

5. **ਵਰਤਮਾਨ ਸਮੇ ਵਿਚ ਸੰਪਾਦਕੀ ਦੀ ਕੀ ਮਹੱਤਤਾ ਹੈ?**

**ਸੰਦਰਭ ਪੁਸਤਕਾਂ:**


1. ਜੱਗੀ, ਰਤਨ ਸਿੰਘ, ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, ਪੰਜਾਬੀ ਯੂਨੀਵਰਸਿਟੀ, ਅੰਮ੍ਰਿਤਸਰ, 1989
2. ਜੱਗੀ, ਰਤਨ ਸਿੰਘ, ਪੰਜਾਬੀ ਸਾਹਿਤ ਸੰਦਰਭ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994
3. ਨਾਭਾ, ਕਾਨ੍ਹ ਸਿੰਘ (ਭਾਈ), ਗੁਰਸ਼ਬਦ ਰਤਨਕਾਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999
4. ਪਲੈਖਾਨੋਵ, ਜੀ.ਵੀ., ਕਲਾ ਤੇ ਸਮਾਜਕ ਜੀਵਨ (ਅਨੁ.) ਹਰਿਭਜਨ ਸਿੰਘ, ਨਵਯੁਗ ਪਬਲਿਸ਼ਰਜ਼, ਦਿੱਲੀ, 1979
5. ਤਾਤਲਾ, ਦਰਸ਼ਨ ਸਿੰਘ, (ਸੰਪ.), ਬਰਤਾਨੀਆ ਵਿਚ ਪੰਜਾਬੀ ਭਾਸ਼ਾ, ਪੰਜਾਬੀ ਯੂਨੀਵਰਸਿਟੀ ਅੰਮ੍ਰਿਤਸਰ, 1996 ਤਿਆਗੀ, ਮੋਹਨ (ਸੰਪ)
6. **ਕਿਸ਼ਨ ਸਿੰਘ.** ਸਾਹਿਤ ਦੇ ਸੋਮੇ, ਪੰਜਾਬੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1967


## ਮਹੱਤਵਪੂਰਨ ਲਿੰਕ

https://www.punjabitribuneonline.com/news/archive/editorials/%E0%A8%AA%E0%A9%B1%E0%A8%A4%E0%A8%B0%E0%A8%95%E0%A8%BE%E0%A8%B0%E0%A9%80-%E0%A8%A6%E0%A8%BE-%E0%A8%A8%E0%A9%88%E0%A8%A4%E0%A8%BF%E0%A8%95-%E0%A8%AA%E0%A8%B9%E0%A8%BF%E0%A8%B2%E0%A9%82-200796

https://%E0%A8%85%E0%A8%A8%E0%A9%81%E0%A8%B5%E0%A8%BE%E0%A8%A6

https://%E0%A8%AA%E0%A9%B1%E0%A8%A4%E0%A8%B0%E0%A8%95%E0%A8%BE%E0%A8%B0%E0%A9%80

**ਉੱਤਰਮਾਲਾ:**

| | | | | |
|---|---|---|---|---|
| 1 ੲ | 2. ਸ | 3. ਸ | 4. ੳ | 5. ਸ |
| 6 ੲ | 7. ਸ | 8. ਸ | 9. ੳ | 10. ਸ |
| 11 ੳ | 12. ੳ | 13. ੳ | 14. ਸ | 15. ੲ |

# ਅਧਿਆਇ–14. ਆਲੋਚਨਾ: ਅਸਾਇਨਮੈਂਟ, ਖੋਜ ਪੱਤਰ ਅਤੇ ਭਾਸ਼ਣ ਕਲਾ ਦੀਆਂ ਵਿਸ਼ੇਸ਼ਤਾਵਾਂ

*Harjot Kaur, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਖੋਜ ਦੇ ਸਿੱਧਾਂਤਕ ਪੱਖ ਬਾਰੇ ਜਾਣਕਾਰੀ ਮਿਲੇਗੀ
- ਖੋਜ ਪੱਤਰ ਲਿਖਣ ਦੇ ਕਾਬਲ ਹੋਣਗੇ
- ਭਾਸ਼ਣ ਕਲਾ ਤੋ ਜਾਣੂ ਹੋਣਗੇ
- ਅਸਾਇਨਮੈਂਟ ਲ਼ਿਖਣ ਦੇ ਨਿਯਮਾਂ ਤੋਂ ਜਾਣੂ ਹੋਣਗੇ

**ਪ੍ਰਸਤਾਵਨਾ**: ਵਿਸ਼ਵੀਕਰਨ ਦੇ ਯੁੱਗ ਵਿਚ ਮਨੁੱਖੀ ਰੁਚੀਆਂ ਵਿਚ ਬਹੁਤ ਬਦਲਾਵ ਆ ਰਿਹਾ ਹੈ।ਇਸ ਪਰਿਵਤਰਤਨ ਵਿਚ ਉਹਨਾਂ ਨੂੰ ਰਚਨਾਤਮਕ ਲੇਖਣ ਨਾਲ ਮੁੜ ਜੋੜਨ ਦੀ ਕੋਸ਼ਿਸ ਕਰਦੇ ਹੋਏ ਉਹਨਾਂ ਦੀ ਰਚਨਾ ਸ਼ਕਤੀ ਨੂੰ ਕਿਰਿਆਸ਼ੀਲ ਕਰਨਾ ਹੈ। ਇਸ ਵਿਚ ਖੋਜ ਪੱਤਰ ਲੇਖਣ, ਅਸਾਇਨਮੈਟ ਬਣਾਉਣ, ਭਾਸ਼ਣ ਕਲਾ ਦੀ ਵਿਸ਼ੇਸ਼ਤਾਵਾਂ ਦੱਸਦੇ ਹੋਏ ਵਿਦਿਆਰਥੀਆਂ ਨੂੰ ਖੋਜ ਦਾ ਨਾਲ ਜੋੜਨਾ ਹੈ।

## ਵਿਸ਼ਾ ਵਸਤੂ:

### ਅਸਾਇਨਮੈਂਟ:

ਕਿਸੇ ਵੀ ਵਿਸ਼ੇ ਉਪਰ ਨੋਟਸ ਤਿਆਰ ਕਰਨਾ, ਜਾਂ ਕਿਸੇ ਵਿਸ਼ੇ ਉਪਰ ਅਸਾਇਨਮੈਂਟ ਤਿਆਰ ਕਰਨਾ ਖੋਜ ਪੱਤਰ ਤਿਆਰ ਕਰਨ ਨਾਲ ਮਿਲਦਾ ਜੁਲਦਾ ਕਾਰਜ਼ ਹੈ।ਇਸ ਵਿਚ ਕਿਸੇ ਵੀ ਸਮੱਸਿਆ ਉਪਰ ਆਪਣੇ ਵਿਚਾਰ ਦੇਣ ਦੇ ਨਾਲ ਨਾਲ ਹੋਰ ਵਿਦਵਾਨਾਂ ਦੇ ਵਿਚਾਰਾ ਨੂੰ ਅਧਾਰ ਬਣਾਇਆਂ ਜਾਂਦਾ ਹੈ। ਇਸ ਵਿਚ ਖੋਜ ਉਦੇਸ਼, ਖੋਜ ਵਿਧੀ, ਆਦਿ ਦੀ ਵਰਤੋਂ ਨਹੀ ਕੀਤੀ ਜਾਂਦੀ ਹੈ।

ਇਸ ਵਿਚ ਮੁੱਖ ਸਮੱਸਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਉਸਦੇ ਨਿਕਾਸ ਵਿਕਾਸ/ਯੋਗਦਾਨ/ਵਰਤਮਾਨ ਸਥਿਤੀ ਬਾਰੇ ਦੱਸਿਆ ਜਾਂਦਾ ਹੈ।

ਉਦਾਹਰਨ ਦੇ ਰੂਪ ਵਿਚ:

### *ਗੈਰ ਜ਼ਜਬਾਤੀ ਡਾਇਰੀ: ਵਿਸ਼ਾਗਤ ਅਧਿਐਨ ਉਪਰ ਅਸਾਇਨਮੈਂਟ ਬਣਾਉਣੀ:*

ਸਭ ਤੋਂ ਪਹਿਲਾ ਵਿਸ਼ਾ ਸੰਬੰਧੀ ਸੰਖੇਪ ਜਾਣਕਾਰੀ ਦਿੱਤੀ ਜਾਵੇਗੀ।ਉਸ ਤੋਂ ਬਾਅਦ ਆਧਾਰ ਬਣਾਈ ਗਏ ਪੁਸਤਕ ਅਤੇ ਲੇਖਕ ਬਾਰੇ ਜਾਣਕਾਰੀ ਦੇਣੀ।ਇਸ ਉਪਰੰਤ ਵਿਸ਼ੇ ਦਾ ਅਧਿਐਨ ਕਰਨ ਲਈ ਕੁਝ ਸਿਰਲੇਖ ਦੇ ਕੇ ਵਿਸ਼ਲੇਸ਼ਣ ਕਰਨਾ:

- **ਸਮਕਾਲੀ ਸਮਾਜ ਦੀ ਪੇਸ਼ਕਾਰੀ**
- **ਭ੍ਰਿਸ਼ਟ ਰਾਜਨੀਤੀ ਦੀ ਪੇਸ਼ਕਾਰੀ**
- **ਰਿਸ਼ਤਿਆਂ ਦਾ ਮਹੱਤਵ**
- **ਅਵਾਸ ਤੇ ਪਰਵਾਸ ਦੀ ਪੇਸ਼ਕਾਰੀ**
- **ਫਿਲਮੀ ਦੁਨੀਆਂ ਦਾ ਯਥਾਰਥ**
- **ਧਰਮ ਤੇ ਰਾਜਨੀਤੀ**

ਇਹਨਾਂ ਨੁਕਤਿਆਂ ਦਾ ਵਿਸ਼ਲੇਸ਼ਣ ਕਰਦੇ ਹੋਏ ਪੁਸਤਕ ਅਤੇ ਕਿਸੇ ਹੋਰ ਵਿਦਵਾਨ ਦੀ ਉਦਾਹਰਨ ਦੇਣੀ ਅਤੇ ਨਿਸ਼ਕਰਸ਼ ਪੇਸ਼ ਕਰਨਾ।

## ਖੋਜ ਪੱਤਰ:

### ਵਿਸ਼ੇ ਦੀ ਚੋਣ:

ਇੱਕ ਖੋਜ ਪੇਪਰ ਲਿਖਣ ਲਈ, ਸਭ ਤੋਂ ਪਹਿਲਾ ਸਮੱਸਿਆ/ਵਿਸ਼ਾ ਚੁਣਿਆ ਜਾਂਦਾ ਹੈ। ਵਿਸ਼ੇ ਦੀ ਚੋਣ ਕਰਨ ਦੇ ਬਾਅਦ ਅਗਲਾ ਕਦਮ ਉਸ ਵਿਸ਼ੇ ਸੰਬੰਧੀ ਸਾਰੀ ਜਾਣਕਾਰੀ ਇਕੱਠੀ ਕਰਨਾ ਹੈ।

**ਸ੍ਰੋਤ ਇਕੱਠਾ ਕਰਨਾ:** ਜਿਸ ਵਿਸ਼ੇ ਉਪਰ ਖੋਜ ਪੱਤਰ ਲਿਖਿਆ ਜਾਣਾ ਹੈ ਉਸ ਸੰਬੰਧੀ ਜਾਣਕਾਰੀ ਇੱਕਤਰ ਕਰਨੀ ਬਹੁਤ ਜਰੂਰੀ ਹੈ। ਇਸ ਸਬੰਧੀ ਕਿਤਾਬ, ਮੈਗਜੀਨ, ਖੋਜ ਪ੍ਰਬੰਧ,ਖੋਜ ਨਿਬੰਧ, ਆਲੋਚਨਾਤਮਕ ਪੁਸਤਕਾਂ ਆਦਿ ਦੀ ਸਹਾਇਤਾ ਲਈ ਜਾਂਦੀ ਹੈ।

**ਖੋਜ ਵਿਧੀ:** ਖੋਜ ਪੱਤਰ ਲਿਖਣ ਲਈ ਜੋ ਵਿਸ਼ਾ ਚੁਣਿਆ ਗਿਆ ਹੈ ਉਸਦਾ ਅਧਿਐਨ ਵਿਸ਼ਲੇਸ਼ਣ ਕਰਨ ਲਈ ਕਿਸੇ ਨਾ ਕਿਸੇ ਖੋਜ ਵਿਧੀ ਨੂੰ ਆਧਾਰ ਬਣਾਇਆਂ ਜਾਂਦਾ ਹੈ।

ਇਹ ਵੀ ਜ਼ਰੂਰੀ ਹੈ ਕਿ ਚੁਣੀ ਗਈ ਵਿਧੀ ਵਿਸ਼ੇ ਦੇ ਅਨੁਸਾਰ ਹੋਵੇ।

**ਖੋਜ ਵਿਧੀਆਂ:ਇਤਿਹਾਸਕ ਵਿਧੀ /ਸਭਿਆਚਾਰਕ ਵਿਧੀ/ਲੋਕਧਰਾਈ ਵਿਧੀ/ਮਾਰਕਸਵਾਦੀ ਵਿਧੀ/ਅੰਤਰਅਨੁਸ਼ਾਸਨੀ ਵਿਧੀ ਆਦਿ**

**ਖੋਜ ਪੱਤਰ ਲਿਖਣ ਦਾ ਉਦੇਸ਼:** ਖੋਜ ਪੱਤਰ ਲਿਖਣ ਦਾ ਇਕ ਮਰਕਜ਼ ਹੁੰਦਾ ਹੈ ਉਸ ਨੂੰ ਆਧਾਰ ਬਣਾ ਕੇ ਉਦੇਸ਼ਾ ਦੀ ਪੂਰਤੀ ਕੀਤੀ ਜਾਂਦੀ ਹੈ।ਅਸਲ ਵਿਚ ਖੋਜ ਉਦੇਸ਼ ਉਹ ਪ੍ਰਸ਼ਨ ਹੁੰਦੇ ਹਨ,ਜਿਨ੍ਹਾਂ ਦੇ ਹੱਲ ਤਲਾਸ਼ਣ ਲਈ ਹੀ ਖੋਜ ਪੱਤਰ ਦੀ ਰਚਨਾ ਹੋਂਦ ਵਿਚ ਆਉਦੀ ਹੈ। ਇਸ ਲਈ ਖੋਜ ਪੱਤਰ ਦੇ ਆਰੰਭ ਵਿਚ ਖੋਜ ਉਦੇਸ਼ ਲ਼ਿਖਣੇ ਜਰੁਰੀ ਹੁੰਦੇ ਹਨ।

### ਪ੍ਰਾਪਤ ਸ੍ਰੋਤ ਦੇ ਵਿਸ਼ਲੇਸ਼ਣ :

ਖੋਜ ਪੱਤਰ ਵਿਚ ਪੇਸ਼ ਸਮੱਸਿਆਂ ਦੇ ਮੁਲ਼ਾਂਕਣ ਲਈ ਆਧਾਰ ਬਣਾਈ ਗਈ ਸਮੱਗਰੀ ਨੂੰ ਸਿੱਧਾਂਤਕ ਪੱਖ ਉਪਰ ਲਾਗੂ ਕਰਕੇ ਭਾਵਪੂਰਤ ਸਿੱਟਿਆਂ ਤਕ ਪਹੁੰਚਿਆ ਜਾਂਦਾ ਹੈ।

**ਹਵਾਲੇ ਦੇਣਾ:** ਆਪਣੇ ਵਿਚਾਰ ਦੀ ਪ੍ਰਮਾਣਿਕਤਾ ਸਿੱਧ ਕਰਨ,ਪੁਸ਼ਟੀ ਕਰਨ ਜਾਂ ਵਿਰੋਧ ਦਰਸਾਉਣ ਲਈ ਸਹੀ ਵਿਦਵਾਨਾਂ ਦੇ ਹਵਾਲੇ ਦਿੱਤੇ ਜਾ ਸਕਦੇ ਹਨ।

**ਖੋਜ ਪੱਤਰ ਦੀ ਬਣਤਰ:** ਖੋਜ ਪੱਤਰ ਦੀ ਬਣਤਰ ਮੁੱਖ ਰੂਪ ਵਿਚ ਉਸਦੀ ਬਣਾਵਟ ਨੂੰ ਪੇਸ਼ ਕਰਦੀ ਹੈ। ਖੋਜ ਪੱਤਰ ਐੱਮ.ਐੱਲ.ਏ. 8 ਐਡੀਸ਼ਨ ਦੇ ਅਨੁਸਾਰ ਹੋਣਾ ਚਾਹੀਦਾ ਹੈ। ਉਸ ਅਨੁਸਾਰ ਹਵਾਲੇ/ਟਿੱਪਣੀਆਂ ਦੇਣੀਆਂ ਚਾਹੀਦੀਆਂ ਹਨ।

**ਅਧਿਐਨ ਦੇ ਨਤੀਜੇ/ ਸਿੱਧਾਂਤਕ ਸੂਤਰ:** ਖੋਜ ਪੱਤਰ ਦੇ ਅੰਤ ਉਪਰ ਉਠਾਈ ਗਈ ਸਮੱਸਿਆ (ਜੋ ਪ੍ਰਸ਼ਨ ਉਠਾਏ ਗਏ ਸਨ ਉਨ੍ਹਾਂ ਦੇ ਹੱਲ) ਵਿਸ਼ੇ ਦਾ ਨਿਸ਼ਕਰਸ਼ ਸਿੱਧਾਂਤਕ ਸੂਤਰ ਦੇ ਰੂਪ ਵਿਚ ਦਿੱਤਾ ਜਾਂਦਾ ਹੈ।

**ਉਦਾਰਹਨ ਦੇ ਰੂਪ ਵਿਚ ਖੋਜ ਪੱਤਰ:**

## ਵਰਤਮਾਨ ਪੰਜਾਬ ਦੀ ਦਸ਼ਾ ਤੇ ਦਿਸ਼ਾ: 'ਪਾਤਸ਼ਾਹ' ਕਹਾਣੀ ਦੇ ਸੰਦਰਭ 'ਚ

ਮਨਪ੍ਰੀਤ
ਕੌਰ, ਖੋਜ ਵਿਦਿਆਰਥਣ (ਪੀ.ਐਚ.ਡੀ)

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ

**ਸਾਰ ਅੰਸ਼:-** ਇਸ ਖੋਜ ਮਜ਼ਮੂਨ ਦਾ ਆਧਾਰ ਬਣੀ ਕਹਾਣੀ 'ਪਾਤਸ਼ਾਹ' ਹੈ। ਜੋ ਕਿ ਸਮਕਾਲੀ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਨੂੰ ਸਾਡੇ ਸਾਹਮਣੇ੍ਹ ਹੂ-ਬ-ਹੂ ਪੇਸ਼ ਕਰਦੀ ਹੈ। ਇਹ ਕਹਾਣੀ ਸਮਕਾਲੀ ਪੰਜਾਬ ਵਿੱਚ ਅੱਜ ਡੇਰਾਵਾਦ ਦੇ ਵੱਧਦੇ ਪ੍ਰਭਾਵ ਦੀ, ਡੇਰਿਆ ਵਿੱਚ ਹੁੰਦੇ ਕਰਮਕਾਡ ਤੇ ਭੋਲੇ-ਭਾਲੇ ਲੋਕਾਂ ਦੀ ਹੁੰਦੀ ਲੁੱਟ-ਖਸੁੱਟ ਨੂੰ ਆਪਣੇ ਨਿਵੇਕਲੇ ਢੰਗ ਨਾਲ ਪੇਸ਼ ਕਰਦੀ ਹੈ। ਅੱਜ ਜੋ ਹਾਲਾਤ ਪੰਜਾਬ ਦੇ ਬਣੇ ਹੋਏ ਹਨ, ਉਹਨਾਂ ਨੂੰ ਸਹੀ ਸਮਾਜਿਕ ਸੰਦਰਭ ਵਿੱਚ ਇਹ ਕਹਾਣੀ ਪੇਸ਼ ਕਰਦੀ ਹੈ।

### ਖੋਜ-ਵਿਧੀ:-

1. ਵਿਸ਼ਲੇਸਣੀ ਵਿਧੀ
2. ਤਰਕਵਾਦੀ ਵਿਧੀ

### ਉਦੇਸ਼:-

- ਪੰਜਾਬ ਵਿੱਚ ਡੇਰਿਆ ਦੀ ਵਧਦੀ ਆਮਦ ਕਾਰਨ ਲੋਕਾਂ ਉਪਰ ਇਸ ਦੇ ਪ੍ਰਭਾਵ ਬਾਰੇ ਜਾਨਣਾ
- ਡੇਰਿਆ ਵੱਲੋ ਲੋਕਾਂ ਦੀ ਕੀਤੀ ਜਾਂਦੀ ਲੁੱਟ ਬਾਰੇ ਜਾਣਕਾਰੀ ਪ੍ਰਾਪਤ ਕਰਨਾ।
- ਸਾਹਿਤ ਰਾਹੀ ਪੰਜਾਬ ਦੇ ਹਰ ਵਰਗ ਉਪਰ ਡੇਰਿਆ ਦਾ ਪ੍ਰਭਾਵ ਨੂੰ ਪਛਾਨਣਾ ।

**ਕੀ-ਵਰਡ:-** ਕਰਮਕਾਂਡ, ਡੇਰਾਵਾਦ, ਲੁੱਟ-ਖਸੁੱਟ, ਸਮਾਜਿਕ ਸਿਸਟਮ।

ਸੁਖਜੀਤ (ਕਹਾਣੀਕਾਰ) ਪੰਜਾਬੀ ਦਾ ਬਹੁ-ਚਰਚਿਤ ਕਹਾਣੀਕਾਰ ਤੇ ਕਵੀ ਹੋਣ ਦੇ ਨਾਲ-ਨਾਲ ਹਿੰਦੀ, ਉਰਦੂ ਅਤੇ ਬੰਗਾਲੀ ਵਿੱਚ ਵੀ ਉਸ ਦੀਆਂ ਕਹਾਣੀਆ ਦਾ ਅਨੁਵਾਦ ਹੋਇਆ ਹੈ। ਉਸ ਦੇ ਪ੍ਰਸਿੱਧ ਕਹਣੀ ਸੰਗ੍ਰਹਿ ਹਨ, ਅੰਤਰਾ, ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ ਤੇ ਮੈਂ ਅਯਨਘੋਸ਼ ਨਹੀਂ। ਇਹ ਉਸ ਦੀਆਂ ਪ੍ਰਸਿੱਧ ਰਚਨਾਵਾਂ ਹਨ।

ਪੰਜਾਬ ਆਰੰਭ ਤੋ ਹੀ ਗੁਰੂਆਂ-ਪੀਰਾਂ ਦੀ ਧਰਤੀ ਰਿਹਾ ਹੈ। ਪੰਜਾਬ ਵਿੱਚ ਆਰੰਭ ਤੋ ਹੀ ਗੁਰੂਆਂ ਤੇ ਪੀਰਾਂ ਨੂੰ ਮੰਨਿਆ ਤੇ ਪੂਜਿਆ ਜਾਂਦਾ ਰਿਹਾ ਹੈ। ਪੰਜਾਬ ਵਿੱਚ ਜੇਕਰ ਵੇਖਿਆ ਜਾਵੇਂ ਤਾਂ ਡੇਰਿਆਂ ਦਾ ਆਰੰਭ ਤੇ ਇਤਿਹਾਸ ਬਹੁਤ ਪੁਰਾਤਨ ਤੇ ਸਥਾਈ ਹੈ। ਪੰਜਾਬ ਵਿੱਚ ਡੇਰਿਆ ਦਾ ਪ੍ਰਭਾਵ ਤੇ ਇਹਨਾਂ ਦੀ ਦਿੱਖ ਲਗਾਤਾਰ ਬਦਲਦੀ ਜਾ ਰਹੀ ਹੈ। ਪੰਜਾਬ ਦੇ ਲੋਕ ਅੱਜ ਡੇਰਾਵਾਦ ਵਿੱਚ ਇੰਨੇ ਜਿਆਦਾ ਗ੍ਰਸਤ ਹੋ ਚੁੱਕੇ ਹਨ ਕਿ ਉਹਨਾਂ ਲੋਕਾਂ ਨੂੰ ਇਸ ਦਲਦਲ ਵਿੱਚੋ ਬਾਹਰ ਕੱਢਣ ਦਾ ਵੀ ਕੋਈ ਸਥਾਈ ਹੱਲ੍ਹ ਅੱਜ ਤੱਕ ਨਹੀ ਮਿਲਿਆ। ਇਸ ਦੇ ਬਹੁਤ ਸਾਰੇ ਅਜਿਹੇ ਕਾਰਨ ਵੀ ਹਨ ਕਿ ਜਿੰਨ੍ਹਾਂ ਨੂੰ ਜੇਕਰ ਇਸ ਖੋਜ ਮਜ਼ਮੂਨ ਵਿੱਚ ਜਿਕਰ ਕੀਤਾ ਤਾਂ ਇਹ ਇਸ ਮਜ਼ਮੂਨ ਦੀ ਹੱਦ ਤੋ ਬਾਹਰ ਚਲਿਆ ਜਾਵੇਗਾ, ਜੋ ਕਿ ਅਸਲ ਵਿਸ਼ੇ ਤੋ ਭਟਕਣ ਹੋਵੇਗੀ।

ਕਹਾਣੀ 'ਪਾਤਸ਼ਾਹ' ਵੀ ਪੰਜਾਬ ਦੇ ਅਜਿਹੇ ਹੀ ਹਾਲਤਾਂ ਨੂੰ ਸਾਡੇ ਸਨਮੁੱਖ ਕਰਦੀ ਹੈ, ਕਿ ਅੱਜ ਪੰਜਾਬ ਦੇ ਲੋਕ ਡੇਰਾਵਾਦ ਵਿੱਚ ਇੰਨ੍ਹੇ ਜਿਆਦਾ ਗ੍ਰਸਤ ਹੋ ਚੁੱਕੇ ਹਨ, ਕਿ ਉਹ ਆਪਣੇ ਘਰ ਪਰਿਵਾਰ ਤੱਕ ਨੂੰ ਤਿਆਗ ਦਿੰਦੇ ਹਨ। ਕਹਾਣੀ ਦਾ ਪਾਤਰ ਅਮਰ ਸਿੰਘ ਵੀ ਅਜਿਹੀਆ ਹੀ ਮਾਨਸਿਕ ਉਲਝਣਾ ਤੇ ਗਲਤਫਹਿਮੀਆਂ ਦੇ ਕਾਰਨ ਆਪਣੇ ਘਰ ਪਰਿਵਾਰ ਨੂੰ ਛੱਡ ਕੇ ਇੱਕ ਡੇਰੇ ਵਿੱਚ ਸ਼ਰਨ ਲੈ ਲੈਂਦਾ ਹੈ, ਜਿਸ ਦੇ ਚਲਦੇ ਉਹ ਆਪਣੇ ਪਰਿਵਾਰ ਤੋ ਬਿਲਕੁਲ ਹੀ ਨਿਰਮੋਹਾ ਹੋ ਜਾਂਦਾ ਹੈ। ਆਪਣੀ ਪਤਨੀ ਦੀ ਮੋਤ ਤੋ ਬਾਅਦ ਤਾਂ ਉਹ ਬਿਲਕੁਲ ਹੀ ਘਰ ਪਰਿਵਾਰ ਤਿਆਗ ਕੇ ਆਪਣਾ ਪੱਕਾ ਟਿਕਾਣਾ ਹੀ ਡੇਰੇ ਵਿੱਚ

ਜਮਾ ਲੈਂਦਾ ਹੈ। ਡੇਰੇ ਵਾਲੇ ਵੀ ਉਸ ਨੂੰ ਉਥੇ ਰੱਖਦੇ ਹਨ, ਤੇ ਉਹ ਹੋਲੀ-ਹੋਲੀ ਆਪਣੇ ਘਰ ਵਾਲਿਆ ਤੋ ਦੂਰੀ ਬਣਾ ਲੈਂਦਾ ਹੈ, ਘਰ ਸਿਰਫ਼ ਛਿਮਾਹੀ ਬਾਅਦ ਆਪਣੇ ਹਿੱਸੇ ਦੇ ਪੈਸੇ ਲੈਣ ਹੀ ਆਉਦਾ ਹੈ, ਤੇ ਘਰ ਵਾਲਿਆ ਨੂੰ ਨਸੀਹਤਾ ਵੀ ਦਿੰਦਾ ਰਹਿੰਦਾ ਹੈ ਕਿ 'ਪਾਤਸ਼ਾਹ' ਦੇ ਲੜ ਲੱਗ ਕੇ ਸਾਰੇ ਦੁੱਖ ਦਰਦ ਖਤਮ ਹੋ ਸਕਦੇ ਹਨ। ਡੇਰੇ ਵਾਲੇ ਅਮਰ ਸਿੰਘ ਬਾਰੇ ਸਾਰਾ ਪਤਾ ਕਰ ਲੈਂਦੇ ਹਨ, ਕਿ ਉਸ ਕੋਲ ਅੱਠ ਕਿੱਲੇ ਜ਼ਮੀਨ ਵੀ ਹੈ। ਜਿਸ ਦਾ ਠੇਕਾ ਉਹ ਲਿਆ ਕੇ ਪਾਤਸ਼ਾਹ ਦੇ ਚਰਨਾ ਵਿੱਚ ਰੱਖ ਦਿੰਦਾ ਹੈ। ਕਹਾਣੀ ਵਿੱਚ ਇਸਦਾ ਜਿਕਰ ਵੀ ਮਿਲਦਾ ਹੈ,

"ਘਰ ਤਾਂ ਉਹ ਛੇ ਮਹੀਨੇ ਪਿੱਛੋ ਹੀ ਆਉਂਦਾ, ਸਿਰਫ਼ ਠੇਕਾ ਲੈਣ, ਆਪਣੀ ਜ਼ਮੀਨ ਦਾ ਆਪਣੇ

ਪੁੱਤ ਕੋਲੋ ਤੇ ਲਿਜਾ ਕੇ ਡੇਰੇ ਮੱਥਾ ਟੇਕ ਦਿੰਦਾ ਸੀ'।

ਤੇ ਨਾਲ ਹੀ ਆਖਦਾ, "ਮੈਂ ਥੋੜਾ ਭਲਾ ਹੀ ਕਰਦੈਂ ਭਾਈ, ਚਾਹੇ ਧੱਕੇ ਨਾਲ ਹੀ ਸਮਝ ਲੋ...।

ਦਾਨ ਦਿੱਤੇ ਤੋਂ ਧਨ ਘਟਦਾ ਨਹੀਂ..."।

(ਪਾਤਸ਼ਾਹ98-99.)

ਪੰਜਾਬ ਵਿੱਚ ਇਹ ਰੀਤ ਤਾਂ ਸਦੀਆ ਤੋ ਚਲੀ ਆ ਰਹੀ ਹੈ, ਕਿ ਆਪਣੀ ਨੇਕ ਕਮਾਈ ਵਿੱਚੋ ਦਸਵਾ ਹਿੱਸਾ ਗਰੀਬਾਂ ਲਈ ਦਾਨ ਦੇਣਾ ਚੰਗੀ ਗੱਲ ਹੈ। ਪਰ ਅੱਜ ਜੋ ਹਾਲਾਤ ਹਨ ਉਹ ਇਸ ਤਰ੍ਹਾਂ ਦੇ ਨਹੀਂ ਰਹੇ, ਅੱਜ ਪੰਜਾਬ ਦੇ ਡੇਰਿਆ ਵਿੱਚ ਜੋ ਕੁਝ ਹੋ ਰਿਹਾ ਹੈ ਉਹ ਕਿਸੇ ਤੋ ਵੀ ਛੁਪਿਆ ਨਹੀਂ ਹੈ। ਉਹ ਗੱਲ ਅਲੱਗ ਹੈ, ਕਿ ਸਾਡੇ ਪੰਜਾਬ ਦੇ ਅਨਪੜ੍ਹ ਤੇ ਭੋਲੇ-ਭਾਲੇ ਲੋਕ ਇਹਨਾਂ ਪਖੰਡੀਆਂ ਦੀਆਂ ਨੀਅਤ ਨਹੀਂ ਸਮਝ ਸਕਦੇ, ਜਿਸ ਦੇ ਕਾਰਨ ਉਹ ਕਈ ਵਾਰ ਆਪਣਾ ਸਭ ਕੁਝ ਇਹਨਾਂ ਪਖੰਡੀ ਲੋਕਾਂ ਮਗਰ ਲੱਗ ਕੇ ਖਤਮ ਕਰ ਲੈਂਦੇ ਹਨ, ਜਿਸ ਦੀ ਸਮਝ ਇਹਨਾਂ ਨੰੁ ਆਪਣਾ ਸਭ ਕੁਝ ਖੋ ਲੈਣ ਦੇ ਬਾਅਦ ਹੀ ਸਮਝ ਆਉਂਦਾ ਹੈ। ਕਹਾਣੀ ਪਾਤਸ਼ਾਹ ਦੇ ਪਾਤਰ ਅਮਰ ਸਿੰਘ ਨਾਲ ਵੀ ਅਜਿਹਾ ਹੀ ਵਾਪਰਦਾ ਹੈ। ਉਹ ਤਾਂ ਪਾਤਸ਼ਾਹ ਨੂੰ ਰੱਬ ਦਾ ਰੂਪ ਸਮਝ ਕੇ ਉਸ ਦੀ ਪੂਜਾ ਕਰਦਾ ਤੇ ਉਸ ਦੀ ਹਰ ਗੱਲ ਨੂੰ ਸਿਰ ਮੱਥੇ ਰੱਬ ਦਾ ਹੁਕਮ ਮੰਨ ਕੇ ਕਰਦਾ।

ਪਾਤਸ਼ਾਹ ਤੇ ਉਸ ਦੇ ਚੇਲੇ-ਚਪਟਿਆ ਨੇ ਮਿਲ ਕੇ ਅਮਰ ਸਿੰਘ ਨੂੰ ਅਜਿਹਾ ਗੁੰਮਰਾਹ ਕੀਤਾ ਕਿ ਉਹ ਆਪਣੇ ਪਰਿਵਾਰ ਨਾਲੋ ਰਿਸ਼ਤਾ ਹੀ ਤੋੜ ਲੈਂਦਾ ਹੈ। ਜਿਸ ਦੇ ਚਲਦੇ ਪਾਤਸ਼ਾਹ ਆਪ ਸੱਚਾ ਹੋਣ ਲਈ ਉਸ ਦੇ ਘਰ ਆਪਣੇ ਚੇਲੇ ਭੇਜਦਾ, ਪਰ ਉਹ ਉਸ ਦੇ ਘਰ ਬਿਨ੍ਹਾਂ ਗਏ ਹੀ ਉਸਦੇ ਸਾਹਮਣ੍ਹੇ ਅਜਿਹੀਆਂ ਗੱਲਾ ਕਹਿੰਦੇ ਜਿਸ ਨਾਲ ਉਸਦੀ ਆਪਣੇ ਪ੍ਰਤੀ ਨਫ਼ਰਤ ਲਗਾਤਾਰ ਵਧ ਰਹੀ ਸੀ, ਤੇ ਦੂਜੇ ਪਾਸੇ ਉਸਦੇ ਪਰਿਵਾਰ ਤੱਕ ਅਜਿਹੀਆਂ ਗੱਲਾਂ ਪਹੁੰਚਾਈਆਂ ਜਾਂਦੀਆਂ ਜਿਸ ਨਾਲ ਉਸ ਦੇ ਪਰਿਵਾਰ ਵਾਲੇ ਉਸ ਨੂੰ ਨਫ਼ਰਤ ਕਰਨ ਲੱਗਦੇ ਹਨ। ਜਿਸ ਨਾਲ ਪਾਤਸ਼ਾਹ ਦੀ ਆਪਣੀ ਚਾਲ ਕਾਮਯਾਬ ਹੋ ਜਾਂਦੀ ਹੈ, ਜਿਸ ਦੇ ਚਲਦੇ ਉਹ ਅਮਰ ਸਿੰਘ ਦੇ ਅੱਠ ਕਿੱਲੇ ਡੇਰੇ ਦੇ ਨਾਂ (ਆਪਣੇ) ਲਗਵਾਉਣ ਵਿੱਚ ਕਾਮਯਾਬ ਹੋ ਜਾਂਦਾ ਹੈ। ਜਿਸ ਦੀ ਜਾਣਕਾਰੀ ਕਹਾਣੀ ਵਿੱਚ ਪ੍ਰਾਪਤ ਹੁੰਦੀ ਹੈ,

"ਤੁਸੀ ਪੱਗ ਬੰਨ੍ਹ ਲਓ ਸਰ...ਤੇ ਘਰ ਜਾਓ...ਗੁਰਿੰਦਰ ਸਿੰਘ ਆ ਗਿਐ...।"

"ਗੁਰਿੰਦਰ ਸਿੰਘ ਕੌਣ...? ਅਜੈਬ ਸਿੰਘ ਨੇ ਮੋਢਿਆਂ ਤੋ ਪੱਗ ਚੁੱਕਦਿਆ ਪੁੱਛਿਆ ਸੀ।

"ਪਾਤਸ਼ਾਹ ਦਾ ਮੁਖਤਾਰੇ ਆਮ...ਬਾਪੂ ਜੀ ਦਾ ਮੁਖਤਿਆਰਨਾਮਾ ਵੀ ਇਹਦੇ ਨਾਂਅ ਸੀ।

ਰਜਿਸਟਰੀ ਹੋ ਗਈ ਸਰ..."।

(ਪਾਤਸ਼ਾਹ 112)

ਪੰਜਾਬ ਵਿੱਚ ਵੀ ਅਜਿਹੇ ਬਹੁਤ ਸਾਰੇ ਡੇਰੇ ਮੋਜੂਦ ਹਨ, ਜੋ ਕਿ ਲੋਕਾਂ ਦਾ ਰੱਜ ਕੇ ਸ਼ੋਸਣ ਕਰਦੇ ਹਨ। ਅਨਪੜ੍ਹ ਤੇ ਭੋਲੀ ਜਨਤਾ ਨੂੰ ਇਹਨਾਂ ਦੀ ਅਸਲੀਅਤ ਬਾਰੇ ਕੁਝ ਵੀ ਆਲਮ ਨਹੀਂ ਹੁੰਦਾ। ਅਜਿਹੇ ਪਾਖੰਡੀ ਲੋਕ ਲੋਕਾਂ ਨੂੰ ਬਹੁਤ ਹੀ ਆਸਾਨੀ ਨਾਲ ਆਪਣੇ ਕਲਾਵੇ ਤੇ ਜਾਲ ਵਿੱਚ ਕਸ ਲੈਂਦੇ ਹਨ, ਕਿ ਜੋ ਵਿਅਕਤੀ ਇੱਕ ਵਾਰ ਇਹਨਾਂ ਦੀ ਚਾਲ ਵਿੱਚ ਫਸ ਗਿਆ ਉਹ ਦੁਆਰਾ ਇਸ ਵਿੱਚੋ ਬਾਹਰ ਨਹੀਂ ਜਾ ਸਕਦੇ ਹਨ। ਪੰਜਾਬ ਵਿੱਚ ਡੇਰਿਆ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਜਿਸ ਦਾ ਅਸਰ ਅੱਜ ਦੀ ਨੋਜਵਾਨ ਪੀੜ੍ਹੀ ਉਪਰ ਵੀ ਪੈ ਰਿਹਾ ਹੈ। ਨੋਜਵਾਨ ਪੀੜ੍ਹੀ ਦੇ ਨਾਲ-ਨਾਲ ਇਹ ਆਪਣਾ ਪ੍ਰਭਾਵ ਸਮਾਜ ਦੇ ਹਰ ਵਰਗ ਉਪਰ ਛੱਡਦੇ ਹਨ। ਅਜਿਹੇ ਪਾਖੰਡੀ ਬਾਬੇ ਬਹੁਤ ਢੋਂਗ ਕਰਦੇ ਹਨ, ਜਿਸ ਦੇ ਕਾਰਨ ਲੋਕਾਂ ਨੂੰ ਆਪਣੇ ਵਸ ਵਿੱਚ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ। ਇਹ ਲੋਕਾਂ ਨੂੰ ਉਹਨਾਂ ਦੇ ਕਰਮ ਚੱਕਰਾਂ ਵਿੱਚ ਅਜਿਹਾਂ ਫਾਸ ਲੈਂਦੇ ਹਨ, ਕਿ ਪੜ੍ਹੇ ਲਿਖਿਆ ਵਰਗ ਵੀ ਇਹਨਾਂ ਤੋ ਅਣਭਿੱਜ ਨਹੀਂ ਰਹਿੰਦਾ। ਪੰਜਾਬ ਵਿੱਚ ਇੱਕ ਸਰਵੇ 2007 ਦੇ ਅਨਸਾਰ 9000 ਡੇਰੇ ਹਨ। ਜੋ ਕਿ ਲਗਾਤਾਰ ਵਧਦੇ ਜਾ ਰਹੇ ਹਨ। ਜਿੰਨਾਂ੍ਹ ਦਾ ਅਸਲ ਕੰਮ ਜਨਤਾ ਨੂੰ ਗੁੰਮਰਾਹ ਕਰਨਾ ਹੀ ਹੈ। ਡੇਰਿਆ ਵਿੱਚ ਲੋਕਾਂ ਦੇ ਮਨ ਵਿੱਚ ਅਜਿਹੇ ਵਹਿਮ ਪੈਦਾ ਕੀਤੇ ਜਾਂਦੇ ਹਨ, ਕਿ ਉਹ ਆਪਣੀ ਅਸਲ ਤੇ ਵਰਤਮਾਨ ਜਿੰਦਗੀ ਨੰੁ ਜਿਉਣਾ ਛੱਡ ਕੇ ਆਉਣ ਵਾਲੇ ਕੱਲ੍ਹ ਲਈ ਕਰਮ ਕਰਨੇ ਆਰੰਭ ਕਰ ਦਿੰਦੇ ਹਨ, ਜਿਸ ਕੱਲ੍ਹ ਬਾਰੇ ਉਹਨਾਂ ਨੂੰ ਤਾਂ ਕੀ ਉਹਨਾਂ ਦੇ ਬਾਬੇ ਨੂੰ ਵੀ ਪਤਾ ਨਹੀਂ ਹੁੰਦਾ ਕਿ ਕੱਲ੍ਹ ਆਵੇਗੀ ਕਿ ਨਹੀਂ। ਉਹ ਅਜਿਹੇ ਕਰਦੇ ਹੋਏ ਹੀ ਲੋਕਾਂ ਦੀ ਅੰਨ੍ਹੀ ਲੁੱਟ-ਖਸੁੱਟ ਕਰਦੇ ਹਨ।

ਪਾਤਸ਼ਾਹ ਕਹਾਣੀ ਵਿੱਚ ਇਸ ਤਰ੍ਹਾਂ ਹੀ ਇੱਕ ਪਾਤਸ਼ਾਹ ਬਣਿਆਂ ਡੇਰੇ ਦਾ ਮਾਲਕ ਲੋਕਾਂ ਨੂੰ ਲੁੱਟਦਾ ਹੈ। ਇਸ ਦਾ ਪਤਾ ਅਮਰ ਸਿੰਘ ਦੇ ਪੁੱਤਰ ਅਜੈਬ ਸਿੰਘ ਨੂੰ ਡੇਰੇ ਵਿੱਚ ਕੰਮ ਕਰਦੇ ਇੱਕ ਲੜਕੇ ਕੋਲੋ ਪਤਾ ਲਗਦਾ ਹੈ। ਕਿਉਕਿ ਡੇਰੇ ਦਾ ਮਾਲਕ ਬਹੁਤ ਹੀ ਖਤਰਨਾਕ ਹੈ, ਜਿਸ ਦੇ ਸੰਬੰਧ ਰਾਜਨੀਤਿਕ ਵਿਅਕਤੀਆਂ ਨਾਲ ਵੀ ਹਨ, ਜਿਸ ਦੇ ਕਾਰਨ ਉਸ ਉਪਰ ਕੋਈ ਕਾਨੂੰਨੀ ਕਾਰਵਾਈ ਵੀ ਨਹੀਂ ਹੁੰਦੀ। ਜਦੋਂ ਅਜੈਬ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਦਾ ਹੈ, ਤਾਂ ਉਹ ਆਖਦਾ ਹੈ,

"ਜ਼ਮੀਨ ਮੇਰੀ ਇਹ ਲੈ ਗਏ ਸਾਰੀ ਦੀ ਸੀ ਕੁੱਟਮਾਰ ਤੇ ਬੇਇੱਜ਼ਤੀ ਇਨ੍ਹਾਂ ਮੇਰੀ ਕਰ ਲਈ

ਹੱਦੋਂ ਵੱਧ, ਹੁਣ ਹੋਰ ਕੀ ਮੇਰਾ..."।

(ਪਾਤਸ਼ਾਹ 113)

ਕਹਾਣੀ ਵਿੱਚ ਵੀ ਇਹਨਾਂ ਡੇਰਿਆਂ ਦੇ ਕਾਲੇ ਸੱਚ ਨੂੰ ਬਾਹਰ ਲੈ ਕੇ ਆਉਣ ਦੀ ਕੋਸਿਸ਼ ਕੀਤੀ ਗਈ ਹੈ। ਇਸ ਕਹਾਣੀ ਦਾ ਪਾਤਰ ਅਜੈਬ ਸਿੰਘ ਬਾਬੇ ਦਾ ਵਿਰੋਧ ਕਰਦਾ ਹੈ, ਕਿ ਉਹ ਆਪਣੀ ਜ਼ਮੀਨ ਨੂੰ ਇਸ ਤਰਾਂ੍ਹ ਕਿਸੇ ਨੂੰ ਨਹੀਂ ਹੜੱਪਣ ਦੇਵੇਗਾ। ਜਿਸ ਕਾਰਨ ਉਹ ਬਾਬੇ ਦੇ ਮੂੰਹ ਤੇ ਚਪੇੜ ਤੱਕ ਮਾਰਨ ਲਈ ਆਪਣਾ ਹੱਥ ਉਤਾਹ ਚੁੱਕਦਾ ਹੈ, ਤੇ ਉਸ ਨੂੰ ਲਲਕਾਰਦਾ ਹੈ, ਕਿ ਉਹ ਆਪਣੇ ਖੇਤ ਵਿੱਚ ਉਹਨਾਂ ਨੂੰ ਵੜ੍ਹਨ ਨਹੀਂ ਦੇਵੇਗਾ। ਉਹ ਡੇਰੇ ਦੇ ਨੁਮਿੰਦੇ ਦਾ ਵਿਰੋਧ ਕਰਦਾ ਹੈ। ਉਹ ਆਪਣਾ ਹੱਥ ਉਲਾਰ ਕੇ ਸੰਬੋਧਤ ਹੁੰਦਾ ਕਹਿੰਦਾ ਹੈ, ਕਿ ਪਾਤਸ਼ਾਹ ਉਹ ਹੁੰਦਾ ਹੈ, ਜੋ ਆਪਣੇ ਹਿੱਸੇ ਦਾ ਹੱਕ ਤੇ ਕਮਾਈ ਕਿਸੇ ਨੂੰ ਦੇਵੇ। ਉਹ ਪਾਤਸ਼ਾਹ ਨਹੀਂ ਹੋ ਸਕਦਾ ਜੋ ਲੋਕਾਂ ਤੋ ਉਹਨਾਂ ਦੇ ਮੂੰਹ ਦਾ ਨਿਵਾਲਾ ਵੀ ਖੋਹ ਕੇ ਆਪਣੇ ਮੂੰਹ ਵਿੱਚ ਪਾਉਣ ਦੀ ਕੋਸਿਸ਼ ਕਰੇ। ਉਸ ਦੇ ਇਹ ਸ਼ਬਦ ਬਿਆਨ ਕਰਦੇ ਹਨ ਕਿ,

"ਪਰ ਅਜੈਬ ਸਿੰਘ ਦੀ ਸੱਜੀ ਬਾਂਹ ਉੱਠ ਗਈ ਸੀ। ਉਸਨੇ ਬਾਬਾ ਦਿਆ ਸਿੰਘ ਦੇ ਮੂੰਹ 'ਤੇ

ਬਰਾਬਰ ਲਿਜਾਅ ਪੰਜਾ ਫੈਲਾਅ ਦਿੱਤਾ ਸੀ ਅਤੇ ਪੂਰੇ ਜ਼ੋਰ ਨਾਲ ਦਹਾੜਿਆ ਸੀ,

"ਬਅਸ...ਬਅਸ...ਦਿਆ ਸਿੰਘ ਬਅਸ...ਕੋਣ ਪਾਤਸ਼ਾਹ ਉਏ...ਉਹ...?"

"ਅਜੈਬ ਸਿੰਘ ਨੇ ਮੁੱਠੀ ਮੀਟ ਕੇ ਪਹਿਲੀ ਉਗੰਲੀ ਕੁਟੀਆਂ ਵੱਲ ਸੇਧੀ ਸੀ, "ਨਹੀਂ...ਉਹ

ਨਹੀਂ...ਮੈਂ..."। ਉਸਨੇ ਅਗੂੰਠੇ ਨਾਲ ਹਿੱਕ ਠਕੋਰੀ ਸੀ, "ਪਾਤਸ਼ਾਹ ਮੈਂ...ਜੀਹਨੇ ਆਪਣਾ

ਸਭ ਕੁਝ ਦੇ ਦਿੱਤੈ ਉਹਨੂੰ..."।

(ਪਾਤਸ਼ਾਹ 113.)

**ਨਿਸ਼ਕਰਸ਼:** ਇਸ ਤਰ੍ਹਾਂ ਅਸੀ ਵੇਖਦੇ ਹਾਂ ਕਿ 'ਪਾਤਸ਼ਾਹ' ਕਹਾਣੀ ਵਿੱਚ ਕਹਾਣੀਕਾਰ ਸੁਖਜੀਤ ਨੇ ਪੰਜਾਬ ਦੇ ਅਜਿਹੇ ਹਾਲਤਾਂ ਨੂੰ ਬਿਆਨ ਕੀਤਾ ਹੈ, ਜੋ ਅੱਜ ਪਮਜਾਬ ਦੀ ਧਰਤੀ ਉਪਰ ਵਾਪਰ ਰਹੇ ਹਨ। ਇਸ ਕਹਾਣੀ ਵਿੱਚ ਪੰਜਾਬ ਦੇ ਲੋਕਾਂ ਨਾਲ ਹੁੰਦੀ ਠੱਗੀ ਅਤੇ ਉਹਨਾਂ ਦੀ ਲੁੱਟ ਦਾ ਜਿਕਰ ਕੀਤਾ ਹੈ, ਜੋ ਅੱਜ ਪੰਜਾਬ ਦੇ ਵੱਖ-ਵੱਖ ਡੇਰਿਆ ਵਿੱਚ ਬੈਠੇ ਡੇਰਿਆ ਦੇ ਮਾਲਕ ਕਰ ਰਹੇ ਹਨ, ਤੇ ਇਸ ਨੂੰ ਉਹਨਾਂ ਦਾ ਅਗਲਾ ਜਨਮ ਸੰਵਾਰਨ ਦਾ ਇੱਕ ਅਜਿਹਾ ਮਿੱਠਾ ਲਾਲਚ ਦਿੰਦੇ ਹਨ, ਕਿ ਵਿਅਕਤੀ ਕੋਲ ਅੱਗੇ ਬੋਲਣ ਲਈ ਕੁਝ ਨਹੀਂ ਰਹਿੰਦਾ। ਇਸ ਤੋ ਬਿਨ੍ਹਾਂ ਵੀ ਲੋਕਾਂ ਨੂੰ ਹੋਰ ਬਹੁਤ ਸਾਰੇ ਵਹਿਮਾਂ-ਭਰਮਾਂ ਵਿੱਚ ਪਾ ਕੇ ਉਹਨਾਂ ਦੀ ਲੋੱਟ ਕੀਤੀ ਜਾਂਦੀ ਹੈ, ਜਿਸ ਦਾ ਸ਼ਾਇਦ ਕਿਸੇ ਕੋਲ ਕੋਈ ਰਿਕਾਰਡ ਵੀ ਨਹੀਂ ਹੈ, ਕਿ ਐਨਾਂ ਪੈਸਾ ਆਖਰ ਜਾ ਕਿਧਰ ਰਿਹਾ ਹੈ।

*****************************************************************

**ਭਾਸ਼ਣ ਕਲਾ:** ਭਾਸ਼ਨ ਦੇਣ ਲਈ ਹਰ ਮਨੁੱਖ ਤਿਆਰ ਰਹਿੰਦਾ ਹੈ ਪਰ ਚੰਗਾ ਭਾਸ਼ਨ ਦੇਣਾ ਹਰ ਇੱਕ ਲਈ ਸੌਖਾ ਨਹੀਂ ਹੁੰਦਾ। ਚੰਗਾ ਭਾਸ਼ਨ ਦੇਣਾ ਵੀ ਇੱਕ ਕਲਾ ਹੈ। ਅਜੋਕੀ ਜ਼ਿੰਦਗੀ ਵਿੱਚ ਭਾਸ਼ਨ ਕਲਾ ਦਾ ਮਹੱਤਵਪੂਰਨ ਸਥਾਨ ਹੈ। ਚੋਣਾਂ ਦੇ ਦਿਨਾਂ ਵਿੱਚ ਅਕਸਰ ਨੇਤਾ ਭਾਸ਼ਨ ਰਾਹੀਂ ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਹਨ। ਤੇ ਲੋਕਾਂ ਨੂੰ ਮੋਹ ਲੈਂਦੇ ਹਨ, ਭਾਵੇਂ ਉਹਨਾਂ ਨੇ ਕਰਨਾ ਕੁੱਝ ਨਹੀਂ ਹੁੰਦਾ। ਭਾਸ਼ਨ ਕਲਾ ਨੇਤਾ ਨੂੰ ਨੇਤਾਗਿਰੀ ਦੀ ਕਤਾਰ ਵਿੱਚ ਖੜ੍ਹਾ ਕਰਨ ਲਈ ਇੱਕ ਵੱਡਾ ਸਾਧਨ ਸਿੱਧ ਹੁੰਦੀ ਹੈ। ਆਮ ਮਨੁੱਖ ਲਈ ਵੀ ਭਾਸ਼ਨ ਕਲਾ ਵਿੱਚ ਨਿਪੁੰਨ ਹੋਣਾ ਬਹੁਤ ਜ਼ਰੂਰੀ ਹੈ। ਅੱਜ ਦੇ ਜ਼ਮਾਨੇ ਵਿੱਚ ਤਾਂ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਭਾਸ਼ਨ ਜ਼ਰੂਰੀ ਅੰਗ ਬਣ ਗਿਆ ਹੈ।ਕਿਸੇ ਕੋਰਸ ਵਿੱਚ ਦਾਖਲਾ ਲੈਣਾ ਹੋਵੇ, ਨੋਕਰੀ ਲਈ ਇੰਟਰਵਿਊ ਦੇਣੀ ਹੋਵੇ ਜਾਂ ਕਿਸੇ ਨੂੰ ਪਹਿਲੀ ਵਾਰ ਮਿਲਣਾ ਹੋਵੇ, ਭਾਸ਼ਨ ਕਲਾ ਵਿੱਚ ਨਿਪੁੰਨਤਾ ਦਾ ਗੁਣ ਬਹੁਤ ਜ਼ਰੂਰੀ ਹੈ। ਜੋ ਮਨੁੱਖ ਪ੍ਰਭਾਵਸ਼ਾਲੀ ਤਰੀਕੇ ਨਾਲ ਵਿਚਾਰ ਪ੍ਰਗਟ ਕਰਦਾ ਹੈ, ਉਹ ਘਰ ਬਹੁਤ ਸਭ ਥਾਂ ਤੇ ਖਾਸ ਸਥਾਨ ਰੱਖਦਾ ਹੈ। ਜਦੋਂ ਸਰੋਤਿਆਂ ਸਾਹਮਣੇ ਖੜੇ ਹੋ ਕੇ ਵਿਚਾਰ ਪ੍ਰਗਟ ਕੀਤੇ ਜਾਂਦੇ ਹਨ ਉਹ ਭਾਸ਼ਨ ਅਖਵਾਉਂਦਾ ਹੈ।ਭਾਸ਼ਨ ਕਲਾ ਕੋਈ ਦੈਵੀਗੁਣ ਨਹੀਂ, ਇਸ ਲਈ ਅਭਿਆਸ, ਗਿਆਨ, ਸਮਝ ਤੇ ਵਿਸ਼ਵਾਸ ਦੀ ਲੋੜ ਹੁੰਦੀ ਹੈ। ਦੋ ਜਾਂ ਚਾਰ ਮਨੁੱਖਾਂ ਦੇ ਵਿਚਕਾਰ ਤਾਂ ਹਰ ਕੋਈ ਬੋਲ ਲੈਂਦਾ ਹੈ ਪਰ ਸਟੇਜ ਤੇ ਖੜ੍ਹੇ ਹੋਣਾ ਤੇ ਚੰਗਾ ਭਾਸ਼ਨ ਦੇਣਾ ਹਰ ਇੱਕ ਦੇ ਵਸ ਦਾ ਰੋਗ ਨਹੀਂ ਹੈ। ਹਰ ਇੱਕ ਵਿਅਕਤੀ ਨੂੰ ਭਾਸ਼ਨ ਕਲਾ ਦੇ ਵਿਕਾਸ ਦਾ ਮੌਕਾ ਨਹੀਂ ਮਿਲਦਾ। ਕਈ ਵਿਦਿਆਰਥੀ ਸਕੂਲਾਂ ਵਿੱਚ ਹੀ ਇਸ ਕਲਾ ਵਿੱਚ ਨਿਪੁੰਨਤਾ ਹਾਸਲ ਕਰ ਲੈਂਦੇ ਹਨ।ਜੇ ਵਿਦਿਆਰਥੀਆਂ ਨੂੰ ਅਧਿਆਪਕਾਂ ਵੱਲੋਂ ਅਗਵਾਈ ਦਿੱਤੀ ਜਾਵੇ ਤੇ ਉਤਸ਼ਾਹਿਤ ਕੀਤਾ ਜਾਵੇ ਤਾਂ ਉਹਨਾਂ ਦਾ ਝਾਕਾ ਖੋਲਿਆ ਜਾ ਸਕਦਾ ਹੈ। ਭਾਸ਼ਨ ਦੇਣ ਵਾਲੇ ਨੂੰ ਪੂਰਾ ਗਿਆਨ ਹੋਣਾ ਚਾਹੀਦਾ ਹੈ। ਉਸ ਦੀ ਗੱਲ ਵਿਉਂਤਮਈ ਹੋਣੀ ਚਾਹੀਦੀ ਹੈ ਤਾਂ ਜੋ ਉਹ ਸਰੋਤਿਆਂ ਨੂੰ ਆਪਣੀ ਗੱਲ ਸਮਝਾ ਸਕੇ। ਇਹੋ ਹੀ ਭਾਸ਼ਨ-ਕਲਾ ਵਿੱਚ ਨਿਪੁੰਨਤਾ ਪ੍ਰਾਪਤ ਕਰਨ ਦਾ ਅਧਾਰ ਹੈ।

## ਭਾਸ਼ਣ ਦੇਣ ਸਮੇਂ ਇਹਨਾਂ ਨੁਕਤਿਆਂ ਦਾ ਖਿਆਲ ਰੱਖਣਾ ਚਾਹੀਦਾ ਹੈ:

- ਭਾਸ਼ਣ ਨੂੰ ਹਮੇਸ਼ਾ ਦਿਲਚਸਪ ਬਣਾਓ। ਦਿਲਚਸਪ ਬਨਾਉਣ ਦੇ ਅਨੇਕਾਂ ਢੰਗ- ਤਰੀਕੇ ਹਨ। ਦਿਲਚਸਪ ਉਦਾਹਰਣਾਂ, ਆਪਣੇ ਨੁਕਤਿਆਂ ਨੂੰ ਸਪੱਸ਼ਟ ਕਰਨ ਲਈ ਦਿਲਚਸਪ ਕਹਾਣੀਆਂ, ਟੋਟਕੇ ਆਦਿ ਭਾਸ਼ਣ ਨੂੰ ਦਿਲਚਸਪ ਬਣਾਉਂਦੇ ਹਨ।
- ਹਾਸ ਰੱਸ ਪੈਦਾ ਕਰਨ ਲਈ ਵਿਅੰਗ, ਚੁਟਕਲੇ, ਆਦਿ ਸੁਣਾਏ ਜਾ ਸਕਦੇ ਹਨ।

- ❖ ਆਪਣੇ ਨੁਕਤਿਆਂ ਨੂੰ ਸਪੱਸ਼ਟ ਕਰਨ ਲਈ ਸ਼ੇਅਰ ਅਤੇ ਕਵਿਤਾਵਾਂ ਆਦਿ ਵੀ ਭਾਸ਼ਣ ਨੂੰ ਦਿਲਚਸਪ, ਪ੍ਰਭਾਵਸ਼ਾਲੀ ਅਤੇ ਯਾਦਗਾਰੀ ਬਨਾਉਣ ਵਿੱਚ ਮੱਦਦ ਕਰਦੇ ਹਨ।
- ❖ ਸਮਗਰੀ ਦੀ ਸਹੀ ਚੋਣ ਦੇ ਨਾਲ-ਨਾਲ ਬੋਲਣ ਦਾ ਢੰਗ ਵੀ ਪ੍ਰਭਾਵਸ਼ਾਲੀ ਹੋਣਾ ਚਾਹੀਦਾ ਹੈ। ਬੋਲਣ ਦੇ ਢੰਗ ਵਿੱਚ ਸਭ ਤੋਂ ਮਹੱਤਵਪੂਰਨ ਆਵਾਜ਼ ਦਾ ਉਤਰਾਅ-ਚੜ੍ਹਾਅ ਹੁੰਦਾ ਹੈ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਗਿਆਨੀ ਜ਼ੈਲ ਸਿੰਘ ਵਾਂਗ ਨੁਕਤਿਆਂ ਨੂੰ ਸਪੱਸ਼ਟ ਕਰਨ ਲਈ ਅਵਾਜ਼ ਵਿੱਚ ਸੁਭਾਵਿਕ ਉਤਰਾਅ-ਚੜ੍ਹਾਅ ਲਿਆਉਣਾ ਭਾਸ਼ਣ ਨੂੰ ਦਿਲਚਸਪ ਅਤੇ ਪ੍ਰਭਾਵਸ਼ਾਲੀ ਬਨਾਉਣਾ ਹੁੰਦਾ ਹੈ।
- ❖ ਬੁਲਾਰੇ ਨੂੰ ਸਰੀਰਕ ਸੰਚਾਰ ਦਾ ਗਿਆਨ ਹੋਣਾ ਵੀ ਬਹੁਤ ਜ਼ਰੂਰੀ ਹੁੰਦਾ ਹੈ। ਭਾਸ਼ਣ ਕਰਦੇ ਸਮੇਂ ਸਿਰਫ ਜ਼ੁਬਾਨ ਹੀ ਸੰਚਾਰ ਨਹੀਂ ਕਰਦੀ ਸਗੋਂ ਤੁਹਾਡੀਆਂ ਅੱਖਾਂ, ਹੱਥ ਅਤੇ ਸਰੀਰ ਦੇ ਹੋਰ ਅੰਗ ਵੀ ਸੰਚਾਰ ਵਿੱਚ ਪੂਰੀ ਤਰ੍ਹਾਂ ਸ਼ਾਮਿਲ ਹੁੰਦੇ ਹਨ।
- ❖ ਕਈ ਵਾਰ ਬੁਲਾਰਾ ਸਾਹਮਣੇ ਬੈਠੇ ਸਰੋਤਿਆਂ ਨਾਲ ਅੱਖਾਂ ਮਿਲਾ ਕੇ ਭਾਸ਼ਣ ਨਹੀਂ ਕਰਦਾ। ਕਈ ਐਸੇ ਬੁਲਾਰੇ ਵੀ ਹਨ ਜੋ ਆਪਣੇ ਹੱਥਾਂ ਅਤੇ ਸਿਰ ਨੂੰ ਇੱਕ ਦਮ ਸਿੱਧਾ ਰੱਖ ਕੇ ਭਾਸ਼ਣ ਕਰਦੇ ਹਨ। ਜੋ ਬੁਲਾਰੇ ਅੱਖਾਂ ਮਿਲਾਕੇ, ਆਵਾਜ਼ ਵਿੱਚ ਉਤਰਾਅ-ਚੜ੍ਹਾਅ ਲਿਆ ਕੇ ਅਤੇ ਸਹੀ ਸਮੇਂ ਹੱਥਾਂ ਦਾ ਇਸਤੇਮਾਲ ਕਰਦੇ ਹਨ ਉਹ ਪ੍ਰਭਾਵਸ਼ਾਲੀ ਭਾਸ਼ਣ ਦੇਣ ਵਿੱਚ ਕਾਮਯਾਬ ਰਹਿੰਦੇ ਹਨ।
- ❖ ਭਾਸ਼ਣ ਕਲਾ ਵਿੱਚ ਮਾਹਿਰ ਹੋਣ ਲਈ ਸਹੀ ਸਮੱਗਰੀ ਦੀ ਚੋਣ, ਸਹੀ ਸਰੀਰਕ ਸੰਚਾਰ ਅਤੇ ਕਹਾਣੀਆਂ, ਵਿਅੰਗਾਂ, ਸ਼ੇਅਰਾਂ ਅਤੇ ਗੁਰਬਾਣੀ ਵਿੱਚੋਂ ਹਵਾਲਿਆਂ ਦਾ ਸਹੀ ਇਸਤੇਮਾਲ ਕਰਨ ਵਿੱਚ ਮਾਹਿਰ ਹੋਣਾ ਜ਼ਰੂਰੀ ਹੈ।

ਕਾਵਿਮਈ ਸ਼ੈਲੀ ਨਾਲ ਭਾਸ਼ਣ ਕਰਨ ਦੀ ਕਲਾ ਕਮਾਲ ਦੀ ਕਲਾ ਹੈ। ਜਦੋਂ ਇਸ ਸ਼ੈਲੀ ਦੀ ਵਰਤੋਂ ਨਾਲ ਆਵਾਜ਼ ਦੇ ਉਤਰਾਅ ਚੜ੍ਹਾਅ ਅਤੇ ਵਿਰਾਮ ਦਾ ਉਪਯੋਗ ਕੀਤਾ ਜਾਂਦਾ ਹੈ ਤਾਂ ਇਸ ਨੂੰ ਚਾਰ ਚੰਨ ਲੱਗ ਜਾਂਦੇ ਹਨ। ਅਜਿਹੇ ਭਾਸ਼ਣ ਸਰੋਤਿਆਂ ਦੇ ਮਨਾਂ ਤੇ ਚਿਰ ਸਥਾਈ ਤੇ ਉਕਰਨ ਦੀ ਸਮਰੱਥਾ ਰੱਖਦੇ ਹਨ।ਭਾਸ਼ਣ ਕਰਦੇ ਕਰਦੇ ਕਿਸੇ ਸ਼ਬਦ ਉਤੇ ਦੇ ਕੇ ਜ਼ੋਰ ਦਿਓ। ਜਦੋਂ ਅਚਾਨਕ ਕਿਸੇ ਖਾਸ ਨੁਕਤੇ ਨੂੰ ਸਪਸ਼ਟ ਕਰਨ ਲਈ ਕਿਸੇ ਸ਼ਬਦ ਤੇ ਦਬਾਅ ਪਾਇਆ ਜਾਂਦਾ ਹੈ ਜਾਂ ਕਿਸੇ ਸ਼ਬਦ ਨੂੰ ਹੌਲੀ ਬੋਲਿਆ ਜਾਂਦਾ ਹੈ ਤਾਂ ਭਾਸ਼ਣ ਨੀਰਸ ਨਹੀਂ ਰਹਿੰਦਾ।

1. ਕਿਸੇ ਖਾਸ ਸ਼ਬਦ ਤੇ ਜ਼ੋਰ ਦੇਣ ਤੋਂ ਪਹਿਲਾਂ ਥੋੜ੍ਹਾ ਰੁਕੋ, ਥੋੜ੍ਹਾ ਠਹਿਰੋ, ਥੋੜ੍ਹਾ ਵਿਰਾਮ ਦਿਓ।
2. ਦੂਜੇ ਨੰਬਰ ਤੇ ਉਸ ਸ਼ਬਦ ਤੇ ਦਬਾਅ ਬਣਾਓ।
3. ਆਪਣੇ ਚਿਹਰੇ ਦੇ ਹਾਵ ਭਾਵ ਦੀ ਮਦਦ ਨਾਲ ਆਪਣੇ ਵਿੱਚਾਰਾਂ ਨੂੰ ਸਰੋਤਿਆਂ ਨੂੰ ਦਿਓ। ਉਹਨਾਂ ਨੂੰ ਪ੍ਰੇਰਿਤ ਕਰੋ ਕਿ ਉਹ ਵਿੱਚਾਰਾਂ ਨੂੰ ਗ੍ਰਹਿਣ ਕਰ ਲੈਣ।
4.ਭਾਸ਼ਣ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਵਿਰਾਮ ਦਾ ਸਹੀ ਇਯਤੇਮਾਲ ਕਰਨਾ ਆਉਣਾ ਚਾਹੀਦਾ ਹੈ।
5.ਤਕਰੀਰ ਦਾ ਆਰੰਭ ਅਤੇ ਅੰਤ।ਭਾਸ਼ਣ ਦਾ ਸਭ ਤੋਂ ਮਹੱਤਵਪੂਰਨ ਭਾਗ ਹੁੰਦੇ ਹਨ ਤਕਰੀਰ ਦਾ ਅਰੰਭ ਅਤੇ ਅੰਤ। ਭਾਸ਼ਣ ਦੀ ਸ਼ੁਰੂਆਤ ਜਿੰਨੀ ਅਹਿਮ ਉਸ ਤੋਂ ਵੱਧ ਮਹੱਤਵਪੂਰਨ ਹੈ ਉਸਦਾ ਅੰਤ।

**ਸਾਰ-ਅੰਸ਼:** ਹਰੇਕ ਵਿਅਕਤੀ ਚਾਹੁੰਦਾ ਹੈ ਕਿ ਜਦੋਂ ਉਹ ਬੋਲੇ ਤਾਂ ਲੋਕ ਉਸਨੂੰ ਉਤਸੁਕਤਾ ਨਾਲ ਸੁਣਨ।ਹਰੇਕ ਵਿਅਕਤੀ ਸਟੇਜ਼ 'ਤੇ ਜਾ ਕੇ ਮਾਈਕ ਵਿਚ ਬੋਲਣਾ ਚਾਹੁੰਦਾ ਹੈ।ਪਰ ਉਸਦੇ ਅੰਦਰ ਬੈਠਾ ਡਰ ਉਸਨੂੰ ਗੂੰਗਾ ਬਣਾਈ ਰੱਖਦਾ ਹੈ।ਭਾਸ਼ਣ ਦੇਣਾ ਇਕ ਕਲਾ ਹੈ।ਅਭਿਆਸ ਕਰਕੇ ਇਸ ਕਲਾ ਵਿੱਚ ਨਿਪੁੰਨ ਹੋਇਆ ਜਾ ਸਕਦਾ ਹੈ।ਭਾਸ਼ਣ ਦੇਣਾ ਸਿੱਖਣ ਲਈ ਕਿਸੇ ਅਕਾਦਮਿਕ ਡਿਗਰੀ ਦੀ ਲੋੜ ਨਹੀਂ ਹੁੰਦੀ।ਸਾਡੇ ਸਾਹਮਣੇ ਅਨੇਕਾਂ ਪ੍ਰਸਿੱਧ ਵਿਅਕਤੀਆਂ ਦੀਆਂ ਮਿਸਾਲਾਂ ਹਨ ਜੋ ਘੱਟ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਇਕ ਚੰਗਾ ਬੁਲਾਰਾ ਬਣੇ ਤੇ ਆਪਣੇ ਖੇਤਰ ਵਿਚ ਪ੍ਰਸਿੱਧੀ ਹਾਸਿਲ ਕੀਤੀ।ਹਰਕ੍ਰਿਸ਼ਨ ਸੁਰਜੀਤ ਵੀ ਅਜਿਹੇ ਵਿਅਕਤੀਆਂ ਵਿੱਚੋਂ ਇਕ ਸਨ, ਜੋ ਘੱਟ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਆਪਣੀ ਭਾਸ਼ਣ ਕਲਾ ਦੇ ਦਮ ਤੇ ਰਾਜਨੀਤਿਕ ਖ਼ੇਤਰ ਵਿਚ ਇੱਕ ਅਹਿਮ ਸਥਾਨ ਬਣਾਉਣ ਵਿਚ ਸਫ਼ਲ ਰਹੇ।ਰਾਜਨੀਤੀ ਦੇ ਖ਼ੇਤਰ ਵਿਚ ਉਹ ਨੇਤਾ ਜਲਦੀ ਸਫ਼ਲ ਹੋ ਜਾਂਦੇ ਹਨ ਜੋ ਚੰਗਾ ਭਾਸ਼ਣ ਕਰਨਾ ਜਾਣਦੇ ਹਨ। ਜਿਵੇਂ ਬਲਵੰਤ ਸਿੰਘ ਰਾਮੂਵਾਲੀਆ ਅਤੇ ਨਰਿੰਦਰ ਮੋਦੀ ਜੀ, ਜਦੋਂ ਬੋਲਦੇ ਹਨ ਤਾਂ ਸੁਣਨ ਵਾਲੇ ਨੂੰ ਆਨੰਦ ਆ ਜਾਂਦਾ ਹੈ। ਅਜਿਹੇ ਬੁਲਾਰੇ ਆਪਣੀ ਭਾਸ਼ਣ ਕਲਾ ਦੇ ਦਮ 'ਤੇ ਲੋਕਾਂ ਦੇ ਵੱਡੇ ਇਕੱਠਾਂ ਨੂੰ ਵੀ ਕੀਲ ਲੈਂਦੇ ਹਨ। ਭਾਸ਼ਣ ਦੇਣ ਦੀ ਕਲਾ ਵਿੱਚ ਨਿਖ਼ਾਰ ਲਿਆਉਣ ਲਈ ਪ੍ਰੈਕਟਿਸ ਦੀ ਲੋੜ ਹੁੰਦੀ ਹੈ।ਜ਼ਰੂਰੀ ਨਹੀਂ ਕਿ ਹਰੇਕ ਵਿਅਕਤੀ ਇੱਕ ਚੰਗਾ ਬੁਲਾਰਾ ਹੋਵੇ।ਭੀੜ ਨੂੰ ਦੇਖ਼ਕੇ ਕਈ ਵਾਰ ਚੰਗੇ ਚੰਗਿਆਂ ਦੇ ਹੋਸ਼ ਉਡ ਜਾਂਦੇ ਹਨ।ਇੰਗਲੈਂਡ ਵਿੱਚ ਇਕ ਵਾਰ ਕੋਬਡੇਨ ਨਾਂ ਦੇ ਵਿਅਕਤੀ ਨੇ ਲੋਕਾਂ ਦੇ ਠਾਠਾਂ ਮਾਰਦੇ ਇੱਕਠ ਨੂੰ ਸੰਬੋਧਿਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਇੱਕ ਸ਼ਬਦ ਵੀ ਨਾ

ਬੋਲ ਸਕਿਆ।ਉਸਦੀ ਜੀਭ ਨੂੰ ਜਿਵੇਂ ਤਾਲਾ ਹੀ ਲੱਗ ਗਿਆ ਹੋਵੇ।ਕਿਸੇ ਦਾ ਮਖੌਲ ਉਡਾਉਣਾ ਤਾਂ ਮਨੁੱਖ ਦੀ ਜਮਾਂਦਰੂ ਪ੍ਰਵਿਰਤੀ ਹੈ।ਇਸ ਲਈ ਲੋਕਾਂ ਉਸਨੂੰ ਟਿੱਚਰਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਲੋਕ ਉਨੀ ਦੇਰ ਤੱਕ ਉਸਦਾ ਮਜ਼ਾਕ ਉਡਾਉਂਦੇ ਰਹੇ ਜਦੋਂ ਤੱਕ ਉਹ ਮੰਚ ਤੋਂ ਉਤਰ ਕੇ ਦੂਰ ਨਹੀਂ ਗਿਆ। ਇਸ ਘਟਨਾ ਪਿੱਛੋ ਕੋਬਡੇਨ ਘਰ ਗਿਆ।ਉਹ ਸਾਰੀ ਰਾਤ ਬੇਚੈਨ ਰਿਹਾ ਤੇ ਇੱਕ ਪਲ ਵੀ ਨਾ ਸੌਂ ਸਕਿਆ।ਸਵੇਰ ਹੋਣ 'ਤੇ ਉਸਨੇ ਸ਼ੀਸ਼ੇ ਮੂਹਰੇ ਖੜ੍ਹ ਕੇ ਉੱਚੀ-ਉੱਚੀ ਬੋਲਣ ਦਾ ਅਭਿਆਸ ਸ਼ੁਰੂ ਕਰ ਦਿੱਤਾ।ਉਹ ਹਰ ਰੋਜ਼ ਸ਼ੀਸ਼ੇ ਅੱਗੇ ਖੜ੍ਹ ਕੇ ਬੋਲਦਾ ਰਿਹਾ।ਥੋੜੇ ਦਿਨਾਂ ਮਗਰੋਂ ਹੀ ਉਹ ਆਪਣੇ ਦੋਸਤਾਂ ਦੀਆਂ ਮੀਟਿੰਗਾ ਵਿੱਚ ਆਪਣੇ ਵਿਚਾਰ ਪੇਸ਼ ਕਰਨ ਲੱਗ ਗਿਆ।ਜਲਦੀ ਹੀ ਉਸਦੇ ਦਿਮਾਗ ਵਿੱਚੋਂ ਭੀੜ ਅਤੇ ਸਟੇਜ਼ ਦਾ ਡਰ ਖ਼ਤਮ ਹੋ ਗਿਆ।ਅਭਿਆਸ ਕਰਦੇ ਕਰਦੇ ਉਸਦੇ ਅਨੇਕਾਂ ਤੁਕਾਂ, ਸ਼ੇਅਰ, ਘਟਨਾਵਾਂ, ਤੱਥ ਯਾਦ ਹੋ ਗਏ।ਆਪਣੇ ਆਤਮ ਵਿਸ਼ਵਾਸ਼ ਅਤੇ ਅਭਿਆਸ ਸਦਕਾ ਕੋਬਡੇਨ ਇਕ ਦਿਨ ਇੰਗਲੈਂਡ ਦਾ ਮਹਾਨ ਬੁਲਾਰਾ ਬਣਿਆ।

ਜਿਹੜਾ ਵਿਆਕਤੀ ਕਿਤਾਬਾਂ ਜਾਂ ਰਸਾਲੇ ਪੜ ਕੇ ਭਾਸ਼ਣ ਕਰਨਾ ਸਿੱਖਣਾ ਚਾਹੁੰਦਾ ਹੈ, ਉਸ ਦੀ ਸਥਿਤੀ ਉਸ ਭਲਵਾਨ ਵਾਂਗ ਹੈ ਜੋ ਦੰਗਲ ਦੇ ਬਾਹਰ ਖੜ੍ਹਾ ਡੰਡ-ਬੈਠਕਾਂ ਤਾਂ ਮਾਰੀ ਜਾਂਦਾ ਹੈ ਪਰ ਅਖ਼ਾੜੇ ਵਿੱਚ ਨਹੀਂ ਕੁੱਦ ਰਿਹਾ।ਅਭਿਆਸ ਤੋਂ ਬਿਨ੍ਹਾਂ ਕੁੱਝ ਨਹੀਂ ਹੋਣ ਲੱਗਿਆ।ਜੇਕਰ ਤੁਸੀਂ ਵੀ ਇੱਕ ਵਧੀਆ ਬੁਲਰਾ ਬਣਨਾ ਚਾਹੁੰਦੇ ਹੋ ਤਾਂ ਅੱਜ ਹੀ ਹੇਠ ਦਿੱਤੇ ਸੁਝਾਵਾਂ 'ਤੇ ਅਮਲ ਕਰਦੇ ਹੋਏ ਅਭਿਆਸ ਸ਼ੁਰੂ ਕਰ ਦਿਉ। ਭਾਸ਼ਣ ਦਾ ਸ਼ੁਰੂਆਤੀ ਭਾਗ ਰੋਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੀ ਨਿੱਜ਼ੀ ਜ਼ਿੰਦਗੀ ਵਿੱਚੋਂ ਵਿਸ਼ੇ ਨਾਲ ਸਬੰਧਤ ਕੋਈ ਘਟਨਾ, ਕੋਈ ਸ਼ੇਅਰ, ਤੁਕਾਂ, ਅਖਾਣ, ਕੋਈ ਸਨਸ਼ਨੀਖੇਜ਼ ਤੱਥ, ਜਾਂ ਗੁਰਬਾਣੀ ਦੇ ਕਿਸੇ ਸ਼ਬਦ ਦੀ ਵਰਤੋਂ ਕਰੋ ਕਿਉਂਕਿ ਪਹਿਲੀਆਂ ਦਸ ਕੁ ਲਾਈਨਾਂ ਸੁਣ ਕੇ ਲੋਕ ਅੰਦਾਜ਼ਾ ਲਗਾਉਣ ਲੱਗਦੇ ਹਨ ਕਿ ਬਾਕੀ ਦਾ ਭਾਸ਼ਣ ਕਿਸ ਤਰ੍ਹਾਂ ਦਾ ਹੋਵੇਗਾ। ਸਰੋਤਿਆਂ ਨੂੰ ਸੰਬੋਧਿਤ ਕਰਨ ਤੋਂ ਪਹਿਲਾਂ ਆਪਣੇ ਵਿਚਾਰਾਂ ਨੂੰ ਕ੍ਰਮਬੱਧ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ।ਕਈ ਵਾਰ ਵਿਚਾਰ ਬਹੁਤ ਦਮਦਾਰ ਹੁੰਦੇ ਹਨ ਪਰ ਬੇਤਰਤੀਬੇ ਢੰਗ ਨਾਲ ਪੇਸ਼ ਕਰਨ ਕਾਰਨ ਸਰੋਤਿਆਂ 'ਤੇ ਕੋਈ ਖਾਸ ਪ੍ਰਭਾਵ ਨਹੀਂ ਪੈਂਦਾ।ਕਈ ਵਾਰ ਤੁਸੀ ਸੱਚੀ ਭਾਵਨਾ ਨਾਲ ਦੂਜਿਆ ਦਾ ਭਲਾ ਕਰਨ ਦੀ ਗੱਲ ਕਰਦੇ ਹੋ ਪਰ ਆਤਮ ਵਿਸ਼ਵਾਸ਼ ਦੀ ਘਾਟ ਹੋਣ ਕਾਰਨ ਲੋਕ ਤੁਹਾਡੀਆਂ ਗੱਲਾਂ ਦਾ ਮਤਲਬ ਉਲਟ ਹੀ ਸਮਝਦੇ ਹਨ।ਅਜਿਹੇ ਬੁਲਾਰਿਆਂ ਨੂੰ ਉਨਾ ਸਤਿਕਾਰ ਨਹੀਂ ਮਿਲਦਾ ਜਿੰਨੇ ਦੇ ਉਹ ਹੱਕਦਾਰ ਹੁੰਦੇ ਹਨ।ਇਕ ਗੱਲ ਤਾਂ ਸਪੱਸ਼ਟ ਹੈ ਕਿ ਉਸ ਸਮੇਂ ਹੀ ਬੁਲਾਰੇ ਦੀ ਗੱਲ ਜਾਂ ਵਿਚਾਰ ਲੋਕਾਂ ਦੇ ਦਿਲ ਨੂੰ ਛੂੰਹਦੇ ਹਨ ਜਦੋਂ ਉਹ ਵਿਚਾਰ ਪੂਰੇ ਆਤਮ ਵਿਸ਼ਵਾਸ਼ ਨਾਲ ਪ੍ਰਗਟ ਕੀਤੇ ਜਾਣ। ਜੇਕਰ ਸੋਚ ਅਤੇ ਵਿਚਾਰਾਂ ਨੂੰ ਆਵਾਜ਼ ਦੇਣ ਸਮੇਂ ਘਬਰਾਹਟ ਮਹਿਸੂਸ ਹੁੰਦੀ ਹੈ ਤਾਂ ਲੰਮੇ ਸਾਹ ਲੈ ਕੇ ਘਬਰਾਹਟ 'ਤੇ ਕਾਬੂ ਪਾਇਆ ਜਾ ਸਕਦਾ ਹੈ। ਜੋ ਗੱਲ ਦ੍ਰਿੜ ਇਰਾਦੇ ਨਾਲ ਕਹੀ ਜਾਵੇ ਉਸ ਦਾ ਅਸਰ ਚਿਰ ਸਥਾਈ ਹੁੰਦਾ ਹੈ।ਭਾਸ਼ਣ ਕਰਦੇ ਸਮੇਂ ਇਕ ਗ਼ੱਲ ਦਾ ਖ਼ਾਸ ਖ਼ਿਆਲ ਰੱਖੋ ਕਿ ਤੁਹਾਡੇ ਵੱਲੋਂ ਬੋਲੇ ਹਰੇਕ ਸ਼ਬਦ ਦਾ ਉਚਾਰਣ ਸਹੀ ਅਤੇ ਸਾਫ਼ ਹੋਵੇ।ਹੜਬੜੀ ਜਾਂ ਕਾਹਲ ਨਾ ਦਿਖਾਉ ਸਗੋਂ ਹੌਲੀ-ਹੌਲੀ ਆਤਮ ਵਿਸਵਾਸ਼ ਨਾਲ ਉਦਾਹਰਣਾਂ ਅਤੇ ਤੱਥਾਂ ਦਾ ਹਵਾਲਾ ਦਿੰਦੇ ਬੋਲਦੇ ਜਾਉ।ਇੱਕ ਵਾਰ ਹਿਟਲਰ ਨੂੰ ਸੱਦਾ ਪੱਤਰ ਦਿੰਦਿਆਂ ਸਮਾਗਮ ਦੇ ਪ੍ਰਬੰਧਕਾਂ ਨੇ ਬੇਨਤੀ ਕੀਤੀ,

''ਤੁਸੀਂ ਸਮਾਗਮ 'ਚ ਦੋ ਮਿੰਟ ਜ਼ਰੂਰ ਆਪਣੇ ਵਿਚਾਰ ਸਾਂਝੇ ਕਰਨਾ।'' ਹਿਟਲਰ ਨੇ ਹੈਰਾਨ ਹੁੰਦਿਆਂ ਕਿਹਾ, ''ਜੇ ਦੋ ਮਿੰਟ ਲਈ ਬੋਲਣਾ ਹੈ ਤਾਂ ਘੱਟੋ ਘੱਟ ਇੱਕ ਮਹੀਨੇ ਪਹਿਲਾਂ ਦੱਸਣਾ ਸੀ।ਮੈਂ ਤਿਆਰੀ ਤਾਂ ਕਰ ਲੈਂਦਾ, ਹਾਂ ਜੇ ਸਾਰਾ ਦਿਨ ਬੋਲਣਾ ਹੈ ਤਾਂ ਹੁਣੇ ਹੀ ਚੱਲਦੇ ਹਾਂ !''

ਭਾਵ ਜੇ ਦੋ ਮਿੰਟ ਲਈ ਬੋਲਣਾ ਹੈ ਤਾਂ ਹਰ ਇੱਕ ਸ਼ਬਦ ਅਰਥ ਭਰਪੂਰ ਹੋਣਾ ਚਾਹੀਦਾ ਹੈ।ਜੇ ਅਵਾ-ਤਵਾ ਹੀ ਬੋਲਣਾ ਹੈ ਤਾਂ ਚਾਹੇ ਸਾਰਾ ਦਿਨ ਮਗਜ਼ ਮਾਰੀ ਜਾਉ ਉਸਦਾ ਕੋਈ ਫ਼ਾਇਦਾ ਨਹੀਂ।ਕਿਸੇ ਵੀ ਵਿਸ਼ੇ 'ਤੇ ਭਾਸ਼ਣ ਕਰਦੇ ਸਮੇਂ ਸ਼ਬਦਾਂ ਦੀ ਚੋਣ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ।ਸ਼ਬਦ ਸੁੱਤੀਆਂ ਸ਼ਕਤੀਆਂ ਨੂੰ ਜਗਾਉਣ ਦੀ ਸਮਰੱਥਾ ਰੱਖਦੇ ਹਨ। 'ਬੋਲੇ ਸੋ ਨਿਹਾਲ' ਦੇ ਜੈਕਾਰੇ ਨੇ ਸਵਾ ਲੱਖ ਨਾਲ ਇੱਕ ਲੜਾਉਣ ਵਾਲੇ ਕਥਨ ਨੂੰ ਸੱਚ ਕਰ ਦਿਖਾਇਆ।ਜੰਗ ਦੇ ਮੈਦਾਨ ਵਿੱਚ ਉੱਚੀ-ਉੱਚੀ ਬੋਲ ਕੇ ਲਾਏ ਨਾਹਰੇ ਜਵਾਨਾਂ ਵਿੱਚ ਅੰਤਾਂ

ਦਾ ਜੋਸ਼ ਭਰ ਦਿੰਦੇ ਹਨ।ਇਸੇ ਤਰ੍ਹਾਂ ਇੱਕ ਸਫ਼ਲ ਬੁਲਾਰਾ ਆਪਣੇ ਵਿਚਾਰਾਂ ਨਾਲ ਸਰੋਤਿਆਂ ਵਿੱਚ ਨਵੀਂ ਰੂਹ ਫੂਕ ਕੇ ਉਤਸ਼ਾਹ ਨਾਲ ਉਨ੍ਹਾਂ ਦੇ ਖ਼ੂਨ ਦਾ ਦੌਰਾ ਤੇਜ਼ ਕਰਨ ਦੇ ਸਮਰੱਥ ਹੁੰਦਾ ਹੈ।ਬੋਲਣਾ ਹੈ ਇਸ ਕਰਕੇ ਹੀ ਨਾ ਬੋਲੋ।ਇਸ ਦਾ ਬਹੁਤ ਮਾੜਾ ਪ੍ਰਭਾਵ ਪੈ ਸਕਦਾ।ਸਟੇਜ ਤੋਂ ਜੋ ਵੀ ਬੋਲਣਾ ਹੈ ਉਤਸ਼ਾਹ ਨਾਲ ਬੋਲੋ।ਜੇ ਤੁਸੀਂ ਥੱਕੇ-ਥੱਕੇ ਤੇ ਸੁਸਤ ਜਿਹੇ ਲੱਗ ਰਹੇ ਹੋ ਤਾਂ ਕੁੱਝ ਵੀ ਚੰਗਾ ਨਹੀਂ ਹੋਣ ਲੱਗਿਆ ਕਿਉਂਕਿ ਬੁਝਿਆ ਦੀਵਾਂ ਹੋਰ ਦੀਵੇ ਨਹੀਂ ਜਲਾ ਸਕਦਾ। ਕਿਸੇ ਵੀ ਮੰਚ ਤੋਂ ਸੰਬੋਧਨ ਕਰਦੇ ਸਮੇਂ ਜ਼ਰੂਰੀ ਹੈ ਕਿ ਤੁਹਾਡੇ ਚਿਹਰੇ ਦੇ ਹਾਵ-ਭਾਵ ਤੁਹਾਡੇ ਵੱਲੋਂ ਪ੍ਰਗਟ ਕੀਤੇ ਜਾ ਰਹੇ ਵਿਚਾਰ ਨਾਲ ਮੇਲ ਖਾਂਦੇ ਹੋਣੇ ਚਾਹੀਦੇ ਹਨ।ਸਟੇਜ਼ ਦੇ ਕਲਾਕਾਰ ਵਾਂਗ ਕਲਾਤਮਕ ਤਰੀਕੇ ਨਾਲ ਆਵਾਜ਼ ਵਿੱਚ ਉਤਰਾਅ-ਚੜ੍ਹਾਅ ਲਿਆ ਕੇ ਸਰੋਤਿਆਂ ਦਾ ਧਿਆਨ ਖਿੱਚਿਆ ਜਾ ਸਕਦਾ ਹੈ।

ਇਮਾਨਦਾਰੀ ਨਾਲ ਸਰੋਤਿਆਂ ਦੀ ਥੋੜ੍ਹੀ ਜਿਹੀ ਪ੍ਰਸੰਸ਼ਾ ਕਰਕੇ ਉਨ੍ਹਾਂ ਦੇ ਹਿੱਤ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਹ ਪੂਰੀ ਰੁਚੀ ਨਾਲ ਸੁਣਦੇ ਹਨ।ਅੱਜ ਤੋਂ ਪੰਦਰਾਂ ਕੁ ਸਾਲ ਪਹਿਲਾਂ ਮੈਨੂੰ ਇੱਕ ਨੈੱਟਵਰਕ ਕੰਪਨੀ ਦੀਆਂ ਮੀਟਿੰਗਾਂ ਵਿੱਚ ਭਾਗ ਲੈਣ ਦਾ ਮੌਕਾ ਮਿਲਿਆ।ਮੈਂ ਦੇਖਿਆ ਕਿ ਲੈਕਚਰ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਮੁੱਖ ਵਕਤਾ ਕੋਲ ਇੱਕ ਚਿਟ ਪਹੁੰਚ ਜਾਂਦੀ ਸੀ, ਜਿਸ ਉਪਰ ਮੀਟਿੰਗ ਵਿੱਚ ਸ਼ਾਮਲ ਮੁਲਾਜ਼ਮਾਂ, ਕਿਸਾਨਾਂ ਜਾਂ ਵਪਾਰੀਆਂ ਦੀ ਗਿਣਤੀ ਬਾਰੇ ਲਿਖਿਆ ਹੁੰਦਾ ਸੀ।ਮੁੱਖ ਵਕਤਾ ਉਸ ਸਲਿਪ ਨੂੰ ਅਧਾਰ ਬਣਾ ਕੇ ਮੁਲਾਜ਼ਮਾਂ, ਕਿਸਾਨਾਂ ਅਤੇ ਵਪਾਰੀਆਂ ਦੀਆਂ ਔਕੜਾਂ ਦਾ ਵਰਣਨ ਕਰਦੇ ਹੋਏ ਉਨ੍ਹਾਂ ਦੇ ਹਿੱਤ ਦੀਆਂ ਗੱਲਾਂ ਕਰਕੇ ਉਨ੍ਹਾਂ ਨੂੰ ਆਪਣੀ ਕੰਪਨੀ ਵਿੱਚ ਕੰਮ ਕਰਨ ਲਈ ਪ੍ਰੇਰਦਾ! ਅੱਜ ਅਨੇਕਾਂ ਅੰਤਰਰਾਸ਼ਟਰੀ ਨੈੱਟਵਰਕਿੰਗ ਕੰਪਨੀਆਂ ਸਿਰਫ ਚੰਗੇ ਬੁਲਾਰਿਆਂ ਦੀ ਬਦੌਲਤ ਕਰੋੜਾਂ ਰੁਪਏ ਦਾ ਵਪਾਰ ਕਰ ਰਹੀਆਂ ਹਨ।

ਜੇ ਤੁਸੀਂ ਕਿਸੇ ਵੱਡੇ ਹਾਲ ਵਿੱਚ ਭਾਸ਼ਣ ਦੇ ਰਹੇ ਹੋ ਤਾਂ ਆਪਣੀ ਨਿਗਾਹ ਕਦੇ ਆਖ਼ਰੀ ਕਤਾਰ ਵਿੱਚ ਬੈਠੇ ਲੋਕਾਂ 'ਤੇ ਕਦੇ ਵਿਚਕਾਰ ਤੇ ਕਦੇ ਮੂਹਰਲੀ ਕਤਾਰ ਵਿੱਚ ਬੈਠੇ ਲੋਕਾਂ 'ਤੇ ਘੁਮਾਓ।ਕਿਸੇ ਇੱਕ ਵਿਅਕਤੀ ਦੀਆਂ ਅੱਖਾਂ ਵਿੱਚ ਅੱਖਾਂ ਪਾਉਣ 'ਤੇ ਤੁਹਾਡਾ ਧਿਆਨ ਭੰਗ ਹੋ ਸਕਦਾ ਹੈ।ਇਸ ਤੋਂ ਉਲਟ ਜੇ ਤੁਸੀਂ ਸਿਰਫ ਕੰਧਾਂ ਵੱਲ ਨਿਗਾਹ੍ਹਾਂ ਮਾਰ ਕੇ ਹੀ ਬੋਲੀ ਜਾ ਰਹੇ ਹੋ ਤਾਂ ਲੋਕ ਤੁਹਾਡੀਆਂ ਗੱਲਾਂ ਤੋਂ ਜਲਦੀ ਹੀ ਬੋਰ ਹੋ ਜਾਣਗੇ। ਸਰੋਤਿਆਂ ਦੇ ਪੱਧਰ ਦੀ ਸ਼ਬਦਾਵਲੀ ਵਰਤੋ ਤਾਂ ਕਿ ਉਹ ਤੁਹਾਡੀ ਗੱਲ ਸੌਖਿਆ ਹੀ ਸਮਝ ਜਾਣ।ਜਦੋਂ ਕੋਈ ਗੁਣਵਾਨ ਬੁਲਾਰਾ ਸਰੋਤਿਆਂ ਦੇ ਬੌਧਿਕ ਪੱਧਰ ਤੋਂ ਉੱਚੀ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ ਤਾਂ ਉਹ ਮੱਝਾਂ ਮੂਹਰੇ ਬੀਨ ਹੀ ਬਜਾ ਰਿਹਾ ਹੁੰਦਾ ਹੈ।ਜਿਵੇਂ ਬਾਸੇ ਸਮੋਸੇ ਕਿਸੇ ਨੂੰ ਵੀ ਪਸੰਦ ਨਹੀਂ ਹੁੰਦੇ ਉਸੇ ਤਰਾਂ ਬਾਸੀ ਜਾਣਕਾਰੀ ਤੇ ਵਿਚਾਰ ਵੀ ਲੋਕਾਂ ਨੂੰ ਪਸੰਦ ਨਹੀਂ ਆਉਂਦੇ।ਇਸ ਲਈ ਚੰਗੇ ਬੁਲਾਰੇ ਲਈ ਆਪਣੀ ਜਾਣਕਾਰੀ ਨੂੰ ਤਰੋਤਾਜ਼ਾ ਰੱਖਣ ਲਈ ਅਖ਼ਬਾਰ, ਰਸਾਲੇ, ਕਿਤਾਬਾ, ਆਦਿ ਪੜ੍ਹਨਾ ਬਹੁਤ ਜ਼ਰੂਰੀ ਹੈ।ਜੇਕਰ ਕੋਈ ਸਰੋਤਾ ਵਿਸ਼ੇ ਨਾਲ ਸਬੰਧਿਤ ਸਵਾਲ ਪੁੱਛਦਾ ਹੈ ਤਾਂ ਠਰੰਮੇ ਨਾਲ ਬੋਲਦੇ ਹੋਏ ਤਰਕ ਨਾਲ ਸੰਤੁਸ਼ਟੀਜਨਕ ਜਵਾਬ ਦੇਣਾ ਚਾਹੀਦਾ ਹੈ। ਆਪਣੇ ਅਤੇ ਦੂਜਿਆਂ ਦੇ ਸਮੇਂ ਦਾ ਧਿਆਨ ਰੱਖਦੇ ਹੋਏ ਆਪਣਾ ਭਾਸ਼ਣ ਮੁੱਖ ਵਿਸ਼ੇ 'ਤੇ ਕੇਂਦਰਿਤ ਰੱਖੋ।ਭਾਸ਼ਣ ਜ਼ਿਆਦਾ ਲੰਮਾ ਨਹੀਂ ਹੋਣਾ ਚਾਹੀਦਾ ਕਿਉਂਕਿ ਇੱਕ ਘੰਟੇ ਮਗਰੋਂ ਮਨੁੱਖ ਦੇ ਦਿਮਾਗ਼ ਵਿੱਚੋਂ ਕੁੱਝ ਰਸਾਇਣ ਨਿਕਲਣ ਕਾਰਨ ਧਿਆਨ ਖੰਡਿਤ ਹੋਣ ਲੱਗਦਾ ਹੈ।ਇਸ ਲਈ ਕਾਲਜ਼ ਅਤੇ ਯੂਨੀਵਰਸਿਟੀਆਂ ਵਿੱਚ ਪੀਰੀਅਡ ਦਾ ਸਮਾਂ ਘੰਟੇ ਤੋਂ ਜ਼ਿਆਦਾ ਨਹੀਂ ਹੁੰਦਾ।

ਭਾਸ਼ਣ ਦੇ ਅੰਤਲੇ ਭਾਗ ਵਿੱਚ ਪਹਿਲਾਂ ਬੋਲੀਆਂ ਮੁੱਖ ਗੱਲਾਂ ਨੂੰ ਕੁੱਝ ਮਿੰਟਾ ਵਿੱਚ ਦੁਹਰਾਉ ਤੇ ਕੋਈ ਸ਼ੇਅਰ ਸੁਣਾ ਕੇ ਸਰੋਤਿਆਂ 'ਤੇ ਚੰਗਾ ਪ੍ਰਭਾਵ ਛੱਡਿਆ ਜਾ ਸਕਦਾ ਹੈ।ਸਰੋਤਿਆਂ 'ਤੇ ਭਾਸ਼ਣ ਦੇ ਅੰਤਲੇ ਭਾਗ ਵਿੱਚ ਪ੍ਰਗਟ ਕੀਤੇ ਵਿਚਾਰਾਂ ਦਾ ਗਹਿਰਾ ਪ੍ਰਭਾਵ ਪੈਂਦਾ ਹੈ।ਭਾਸ਼ਣ ਦੀ ਸ਼ੁਰੂਆਤ ਭਾਵੇਂ ਬਹੁਤ ਪ੍ਰਭਾਵਸ਼ਾਲੀ ਹੋਵੇ ਪਰ ਜੇ ਅੰਤ ਵਿੱਚ ਬੁਲਾਰਾ ਇੱਕਦਮ ਆਪਣੀ ਗੱਲ ਖ਼ਤਮ ਕਰਕੇ ਮੰਚ ਤੋਂ ਪਰੇ ਹੋ ਜਾਂਦਾ ਹੈ ਤਾਂ ਸਰੋਤਿਆਂ ਨੂੰ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਉਹ ਕੋਈ ਰੋਚਿਕ ਫ਼ਿਲਮ ਦੇਖ ਰਹੇ ਹੋਣ ਤੇ ਅਚਾਨਕ ਬਿਜਲੀ ਚਲੀ ਜਾਵੇ।ਇਸ ਲਈ ਭਾਸ਼ਣ

ਦੇ ਅੰਤਲੇ ਭਾਗ 'ਤੇ ਵੀ ਖ਼ਾਸ ਧਿਆਨ ਦੇਣਾ ਚਾਹੀਦਾ ਹੈ।ਜੇਕਰ ਭਾਸ਼ਣ ਦਾ ਅੰਤ ਤਾੜੀਆਂ ਦੀ ਗੂੰਜ ਵਿੱਚ ਹੋਵੇ ਤਾਂ ਸਮਝੋ ਸਰੋਤਿਆਂ ਉਪਰ ਬੁਲਾਰੇ ਦਾ ਜਾਦੂ ਚੱਲ ਚੁਕਿਆ ਹੈ।

ਮੁੱਖ/ਕੇਂਦਰੀ ਸ਼ਬਦ:

ਨਸੀਹਤ- ਹਦਾਇਤ

ਛਿਮਾਹੀ- ਛੇ ਮਹੀਨੇ ਦਾ ਵਕਫਾ

ਮਰਕਜ਼-ਉਦੇਸ਼/ਮਕਸਦ

ਤਲਾਸ਼-ਖੋਜ, ਭਾਲ

ਨਿਸ਼ਕਰਸ਼-ਸਿੱਟਾ

**ਸਵੈ-ਮੁਲਾਂਕਣ:**

**ਪ੍ਰ 1.ਆਲੋਚਨਾ ਦਾ ਅਰਥ ਕੀ ਹੈ?**

ੳ.ਪਰਖ ਪੜਚੋਲ ਕਰਨਾ

ਅ.ਗੁਣ ਅਗੁਣ ਦੇਖਣਾ

ੲ.ਦੋਵੇ ਪੂਰਨ ਸਹੀ

ਸ.ਦੋਵੇ ਅੰਸ਼ਕ ਗਲਤ

**ਪ੍ਰ 2. ਆਲੋਚਨਾ ਨੂੰ ਉਰਦੂ ਵਿਚ ਕੀ ਕਿਹਾ ਜਾਂਦਾ ਹੈ?**

ੳ.ਤਨਕੀਦ

ਅ.ਤਹਰੀਰ

ੲ.ਤਕਰੀਰ

ਸ.ਉਪਰੋਕਤ ਕੋਈ ਨਹੀ

**ਪ੍ਰ 3.ਖੋਜ ਪੱਤਰ ਲਿਖਣ ਲਈ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?**

ੳ.ਤੱਥ

ਅ.ਵਿਸ਼ਲੇਸ਼ਣ

ੲ.ਦੋਵੇ ਪੂਰਨ ਸਹੀ

ਸ.ਦੋਵੇ ਅੰਸ਼ਕ ਗਲਤ

**ਪ੍ਰ 4. ਭਾਸ਼ਣ ਕੀ ਹੈ?**

ੳ.ਵਿਚਾਰ ਪੇਸ਼ ਕਰਨਾ

ਅ.ਸਰੋਤਿਆ ਸਾਹਮਣੇ ਵਿਚਾਰ ਪੇਸ਼ ਕਰਨਾ

ੲ.ਉਪਰੋਕਤ ਦੋਵੇ

**ਪ੍ਰ 5. ਭਾਸ਼ਣ ਦੇਣ ਸਮੇ ਕਿਹੜੀਆ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?**

ੳ.ਸਮੱਗਰੀ ਦੀ ਸਹੀ ਚੋਣ

ਅ.ਉਦਾਹਰਨ/ਦਲੀਲ

ੲ.ਸਰੀਰਕ ਮੁੰਦਰਾ

ਸ.ਉਪਰੋਕਤ ਸਾਰੇ

**ਪ੍ਰ 6. ਖੋਜ ਪੱਤਰ ਵਿਚ ਖੋਜ ਉਦੇਸ਼ ਦਾ ਕੀ ਮਹੱਤਵ ਹੈ?**

ੳ.ਮੁੱਖ ਕਾਰਜ ਸਪੱਸ਼ਟ ਹੋਣਾ

ਅ.ਮੁੱਖ ਪ੍ਰਸ਼ਨ ਉਠਾਉਣੇ

ੲ.ਕੇਦਰੀ ਨੁਕਤੇ ਉਜਾਗਰ ਕਰਨੇ

ਸ.ਉਪਰੋਕਤ ਸਾਰੇ

**ਪ੍ਰ 7.ਆਲੋਚਨਾ ਦੀਆਂ ਕਿਹੜੀਆਂ ਪੱਧਤੀਆਂ ਹਨ?**

ੳ.ਉਪਾਧੀ ਸਾਪੇਖ

ਅ.ਉਪਾਧੀ ਨਿਰਪੇਖ

ੲ.ਦੋਵੇ ਪੂਰਨ ਸਹੀ

ਸ.ਦੋਵੇ ਪੂਰਨ ਗਲਤ

**ਪ੍ਰ 8.ਖੋਜ ਪੱਤਰ ਵਿਚ ਸਾਰ-ਅੰਸ਼ ਤੋ ਕੀ ਭਾਵ ਹੈ?**

ੳ.ਮੁੱਖ ਕਾਰਜ ਬਾਰੇ ਜਾਣਕਾਰੀ ਦੇਣੀ

ਅ.ਚੁਣੇ ਹੋਏ ਵਿਸ਼ੇ ਬਾਰੇ ਜਾਣਕਾਰੀ ਦੇਣੀ

**ਪ੍ਰ 9. ਖੋਜ ਨਾਲ ਸੰਬੰਧਿਤ ਆਲੋਚਕਾ ਦਾ ਸਹੀ ਜੁੱਟ ਪਛਾਣੋ।**

ੳ.ਡਾ. ਹਰਿਭਜਨ ਸਿੰਘ ਭਾਟੀਆ

ਅ.ਸੁਹਿੰਦਰ ਸਿੰਘ ਵਣਜਾਰਾ ਬੇਦੀ

ੲ.ਡਾ.ਆਤਮਜੀਤ

ਸ.ਉਪਰੋਕਤ ਸਾਰੇ

**ਪ੍ਰ 10.ਆਲੋਚਨਾ ਨਾਲ ਸੰਬੰਧਿਤ ਸਹੀ ਜੁੱਟ ਪਛਾਣੋ।**

ੳ.ਸੰਤ ਸਿੰਘ ਸੇਖੋ

ਅ.ਹਰਿਭਜਨ ਸਿੰਘ

ੲ.ਤੇਜਵੰਤ ਗਿੱਲ

ਸ.ਉਪਰੋਕਤ ਸਾਰੇ

**ਪ੍ਰ 11. ਐੱਮ. ਐੱਲ. ਏ ਦਾ ਪੂਰਾ ਨਾਮ ਕੀ ਹੈ?**

ੳ.ਆਧੁਨਿਕ ਭਾਸ਼ਾ ਐਸੋਸੀਏਸ਼ਨ

ਅ.ਮੌਡਰਨ ਭਾਸ਼ਾ ਐਸੋਸੀਏਸ਼ਨ

ੲ.ਦੋਵੇ ਪੂਰਨ ਸਹੀ

ਸ.ਦੋਵੇ ਪੂਰਨ ਗਲਤ

**ਪ੍ਰ 12.ਵਿਸ਼ੇ ਦੀ ਚੋਣ ਕਿਸ ਆਧਾਰ ਉਪਰ ਕੀਤੀ ਜਾਂਦੀ ਹੈ?**

ੳ.ਸਮਾਜਿਕ ਵਿਸ਼ੇ

ਅ.ਆਰਥਿਕ ਵਿਸ਼ੇ

ੲ.ਸਭਿਆਚਾਰਕ ਵਿਸ਼ੇ

ਸ.ਉਪਰੋਕਤ ਸਾਰੇ

**ਪ੍ਰ 13. ਸਰੋਤ ਪ੍ਰਾਪਤ ਕਰਨ ਦੇ ਕਿਹੜੇ ਆਧਾਰ ਹਨ?**

ੳ.ਫੀਲਡ ਵਰਕ

ਅ.ਮੁਲਾਕਾਤ

ੲ.ਦੋਵੇ ਪੂਰਨ ਸਹੀ

**ਪ੍ਰ 14. ਅਸਾਇਨਮੈਟ ਕੀ ਹੈ?**

ੳ.ਕਿਸੇ ਵਿਸ਼ੇ ਤੇ ਨੋਟਸ ਲਿਖਣਾ

ਅ.ਕਿਸੇ ਸਮੱਸਿਆ ਤੇ ਨੋਟਸ ਲ਼ਿਖਣਾ

ੲ.ਦੋਵੇ ਪੂਰਨ ਸਹੀ

**ਪ੍ਰ 15. ਕੀ ਅਸਾਇਨਮੈਟ ਤੇ ਖੋਜ ਪੱਤਰ ਵਿਚ ਕੀ ਅੰਤਰ ਹੈ?**

ੳ.ਹਾਂ

ਅ.ਨਹੀਂ

ੲ.ਦੋਵੇ ਪੂਰਨ ਸਹੀ

ਸ. ਦੋਵੇ ਅੰਸ਼ਕ ਗਲਤ

**ਅਭਿਆਸ ਪ੍ਰਸ਼ਨ**

1. **ਅਸਾਇਨਮੈਟ ਤਿਆਰ ਕਰਨ ਸਮੇਂ ਕਿਹੜੇ ਨੁਕਤੇ ਧਿਆਨ ਵਿਚ ਰੱਖਣੇ ਚਾਹੀਦੇ ਹਨ?**
2. **ਖੋਜ ਪੱਤਰ ਲਿਖਣ ਲਈ ਵਿਧੀ ਕਿਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ?**
3. **ਭਾਸ਼ਣ ਕਲਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ।**
4. **ਆਲੋਚਨਾ ਦੀ ਪਰਿਭਾਸ਼ਾ ਦਵੋ।**
5. **ਖੋਜ ਤੇ ਖੋਜ ਪੱਤਰ ਵਿਚ ਅੰਤਰ ਸਪੱਸ਼ਟ ਕਰੋ।**

ਸੰਦਰਭ ਪੁਸਤਕਾਂ:

1. ਸਰਬਜੀਤ ਸਿੰਘ, ਪੰਜਾਬੀ ਆਲੋਚਨਾ: ਵਿਚਾਰਧਾਰਕ ਪਰਿਪੇਖ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 1957
2. ਸੰਧੂ, ਸਤਿਨਾਮ ਸਿੰਘ(ਸੰਪ.), ਪੰਜਾਬੀ ਆਲੋਚਨਾ: ਸਰੂਪ ਤੇ ਸੰਭਾਵਨਾਵਾਂ, ਮਦਾਨ ਪਬਲਿਸ਼ਰਜ਼, ਪਟਿਆਲਾ, 1996
3. ਕੇਸਰ, ਕੇਸਰ ਸਿੰਘ, ਸਾਹਿਤ ਖੋਜ ਅਤੇ ਸਾਹਿਤ ਆਲੋਚਨਾ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984
4. ਗੁਰਇਕਬਾਲ ਸਿੰਘ(ਸੰਪ.), ਪੰਜਾਬੀ ਆਲੋਚਨਾ ਅਤੇ ਚਿੰਤਨ ਪ੍ਰਣਾਲੀਆਂ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2003

5.ਧਰਮ ਸਿੰਘ, ਪੰਜਾਬੀ ਖੋਜ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2004

## ਮਹੱਤਵਪੂਰਨ ਲਿੰਕ

http://panjabialochana.com/

https://pa.wikisource.org/wiki/%E0%A8%AA%E0%A9%B0%E0%A8%A8%E0%A8%BE:Alochana_Magazine_October,_November_and_December_1979.pdf/39

http://panjabialochana.com/%E0%A8%86%E0%A8%A7%E0%A9%81%E0%A8%A8%E0%A8%BF%E0%A8%95_%E0%A8%B8%E0%A8%BE%E0%A8%B9%E0%A8%BF%E0%A8%A4/%E0%A8%B9%E0%A9%8B%E0%A8%B0_%E0%A8%B8%E0%A8%BE%E0%A8%B9%E0%A8%BF%E0%A8%A4%E0%A8%95_%E0%A8%B0%E0%A9%82%E0%A8%AA

**ਉੱਤਰਮਾਲਾ:**

| | | | | |
|---|---|---|---|---|
| 1 ੲ | 2. ੳ | 3. ੲ | 4. ੲ | 5. ਸ |
| 6 ਸ | 7. ੲ | 8. ੳ | 9. ੳ | 10. ਸ |
| 11. ਅ | 12. ਸ | 13. ੲ | 14. ੲ | 15. ੳ |

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-521360
Fax.: +91-1824-506111
Email: odl@lpu.co.in